੧ਓ ਸਤਿਗੁਰ ਪ੍ਰਸਾਦਿ ॥

"ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥"

ਬਿੱਪ੍ਰਨ ਕੀ ਰੀਤ ਤੋਂ ਸਚੁ ਦਾ ਮਾਰਗ

ਨੌਵਾਂ ਭਾਗ

ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ

Bipran Ki Reet Tau Sach Da Marg
(Vol. 9)

By
Gurbaksh Singh Kala Afghana
50, Histon Crecent Brampton Ontario
L6V3R1 Canada
Tel. No. 001-905-450-3954

ਪਹਿਲੀ ਵਾਰ : ਦਸੰਬਰ 2011

ਮੁਲ : ਭਾਰਤ ਵਿੱਚ : 300 ਰੁਪਏ, ਡੀਲਕਸ ਐਡੀਸ਼ਨ
250 ਰੁਪਏ , ਸਾਧਾਰਨ ਐਡੀਸ਼ਨ
ਵਿਦੇਸ਼ਾਂ ਵਿਚ : 17 ਅਮਰੀਕੀ ਡਾਲਰ, ਡੀਲਕਸ ਐਡੀਸ਼ਨ
12 ਅਮਰੀਕੀ ਡਾਲਰ, ਸਾਧਾਰਨ ਐਡੀਸ਼ਨ

ਪ੍ਰਕਾਸ਼ਨ :
ਪੰਜ ਪਾਣੀ ਪ੍ਰਕਾਸ਼ਨ
#3037, ਸੈਕਟਰ 19-ਡੀ, ਚੰਡੀਗੜ੍ਹ
ਫੋਨ : 0172-2542033

ਕੰਪੋਜ਼ਿੰਗ ਤੇ ਟਾਈਪ ਸੈਟਿੰਗ
ਵਿਨੋਦ ਅੰਗਾਰੀਆ
(ਮੋ. 98723 10173)

ਛਾਪਕ :
ਜਗਜੀਤ ਪਬਲਿਸ਼ਿੰਗ ਕੰਪਨੀ ਲਿਮ:
ਡੀ-12, ਫੇਜ਼-1, ਇੰਡਸਟਰੀਅਲ ਏਰੀਆ, ਮੁਹਾਲੀ (ਪੰਜਾਬ)
ਫੋਨ : 0172-3047671-73

ਤਤਕਰਾ

ਕ੍ਰ.ਸੰ. ਵਿਸ਼ਾ ਪੰਨਾ ਨੰ.

1. ਆਰੰਭਕ ਬੇਨਤੀ 1

ਪਹਿਲਾ ਕਾਂਡ

1. "ਸਤਿਗੁਰ ਨਾਨਕ ਪ੍ਰਗਟਿਆ" - ਸਤਿਗੁਰੂ ਨਾਨਕ ਜੀ ਦੀ ਨਿਆਰੀ ਵਿਸ਼ੇਸ਼ਤਾ 13
2. ਕੀ, ਗੁਰੂ ਨਾਨਕ ਜੀ ਸਾਖ਼ਸ਼ਾਤ ਰੱਬ ਜੀ ਹੀ ਸਨ? 30
3. ਦਸਾਂ ਗੁਰਾਂ ਦੀ ਜੋਤਿ? 48

ਦੂਜਾ ਕਾਂਡ

1. ਮੂਲ ਮੰਤਰ ਕਿ ਜਾਂ ਪਹਿਲਾ ਅਨੂਪਮ ਗੁਰੂ ਉਪਦੇਸ਼? 52
2. ਪ੍ਰਥਮ ਅਨਮੋਲ ਸ਼ਬਦ ਰਤਨ "੧-ਏਕਾ" 54
3. ਉਸ ਇਕੁ ਦੇ ਰੰਗ ਅਨੇਕ 56
4. ਓਸੇ 'ਇਕ' ਦਾ ਹੀ ਸਿਮਰਨ 61
5. ਹਰਿ ਥਾਂ ਉਹ '੧' ਆਪੇ ਹੀ ਆਪ ਹੈ 66
6. ਕਰਣ ਕਾਰਣ ਸਮਰੱਥ ਉਹ '੧' ਹੀ ਹੈ 72
7. ਏਕਸੁ ਤੇ ਦੂਜਾ ਨਾਹੀਂ ਕੋਇ 78
8. ਵਿਗਿਆਨਕ ਨੂੰ ਸੋਧਾਂ ਦੇ ਰਿਹਾ (ਇਸ ੧ ਦਾ) ਸਦੀਵੀ ਸੱਚ 79

ਤੀਜਾ ਕਾਂਡ

1. ਓ, ਓਅੰ ਅਥਵਾ ਓਅੰਕਾਰ, ਏਕੰਕਾਰ 81
2. ਓਅੰ 84
3. ਏਕੰਕਾਰ 86
4. "ਸਤਿ" 90
5. ਸਤਿ ਦਾ ਇਹ ਰੂਪ? ਬੋਲ ਚਾਲ ਵਿਚ ਸਚੁ 93
6. ਸਚੁ ਵਿਚ ਸਮਾਈ? 95

7. ਸਚੁ 95
8. ਸੱਚਾ ਧਨ ਅਸਲੀ ਧੰਨਵੰਤ 126
9. ਬਿਨੁ ਸਚੇ ਸਭ ਕੂੜੁ ਹੈ...॥ 128
10. ਕੂੜ - ਝੂਠ, ਕੂੜਾ-ਝੂਠਾ? 130

ਚੌਥਾ ਕਾਂਡ

1. ਨਾਮੁ 133
2. ਰੱਬ ਦੇ ਨਾਮੁ 135
3. ਗੁਰੂ ਨਾਨਕ ਸਾਹਿਬ ਜੀ ਦਾ ਨਾਮ ਧਰਮ 142
4. ਕਰਤਾ 147
5. ਧਰਮਸ਼ਾਲ 150
6. ਸਿੱਖ ਦੇ ਨਿਆਰੇ ਆਚਰਨ ਦੀ ਘਾੜਤ 154
7. ਖ਼ਾਲਸੇ ਦਾ ਤੇਜ ਪ੍ਰਤਾਪ ਅਤੇ ਪੇਸ਼ਾਵਰ ਧਾਰਮਿਕ ਆਗੂ 163

ਪੰਜਵਾਂ ਕਾਂਡ

1. ਗੁਰੂ ਕਾ ਲੰਗਰ 166
2. ਸੰਗਤਿ ਕੁਸੰਗਤ 185
3. ਸੰਗਤ ਦਾ ਅਸਰ 186
4. ਧਾਰਮਿਕ ਆਗੂ 187
5. ਧਰਮੀ ਮਹਾਂ ਪੁਰਖ ਅਤੇ ਧਾਰਮਿਕ ਆਗੂ 189
6. ਧਾਰਮਿਕ ਆਗੂ ਅਤੇ ਸਿਆਸਤਦਾਨ 194
7. ਧਰਮੀ ਮਹਾਂਪੁਰਖ, ਧਾਰਮਿਕ ਆਗੂ ਅਤੇ ਰਾਜਸੀ ਆਗੂ 212
8. ਜੂਠ 218
9. ਰਾਗ ਕੀਰਤਨ ਅਤੇ ਗੁਰਬਾਣੀ 219
10. ਰਾਗ 225
11. ਮਨਮੁਖ 226

ਦੋ ਸ਼ਬਦ

ਭਾਵੇਂ ਇਹ ਵੀ ਸੱਚ ਹੈ ਕਿ ਸਿਖ ਧਰਮ, ਦੁਨੀਆ ਦਾ ਸੱਭ ਤੋਂ ਨਵੀਨ ਅਤੇ ਆਧੁਨਿਕ ਧਰਮ ਹੈ ਪਰ ਇਹ ਵੀ ਸੱਚ ਹੈ ਕਿ ਕਾਰਨ ਭਾਵੇਂ ਕੁੱਝ ਵੀ ਰਹੇ ਹੋਣ, ਇਹ ਫੈਲਿਆ ਨਹੀਂ ਤੇ ਸਗੋਂ ਹਰ ਪੰਜਾਹ ਸੌ ਸਾਲ ਮਗਰੋਂ ਇਸ ਦੇ 'ਖ਼ਾਤਮੇ' ਦੀ ਗੱਲ ਸ਼ੁਰੂ ਹੋ ਜਾਂਦੀ ਹੈ। ਮੁਸ਼ਕਲ ਹਾਲਾਤ ਦਾ ਮੁਕਾਬਲਾ, ਜ਼ੋਰਦਾਰ ਪ੍ਰਚਾਰ ਨਾਲ ਕੀਤਾ ਜਾਂਦਾ ਹੈ ਜੋ ਸਿੱਖਾਂ ਨੂੰ ਫਿਰ ਤੋਂ ਕੁੱਝ ਸਮੇਂ ਲਈ ਮਜ਼ਬੂਤ ਬਣਾ ਦੇਂਦਾ ਹੈ ਪਰ ਦੂਜੇ ਧਰਮਾਂ ਦੇ ਮੁਕਾਬਲੇ, ਇਸ ਦੀ ਗਿਣਤੀ ਸਦਾ ਨਿਗੂਣੀ ਜਹੀ ਹੀ ਰਹਿੰਦੀ ਹੈ। ਇਥੋਂ ਤਕ ਕਿ ਹੁਣ ਤਾਂ ਹਾਲਤ ਇਹ ਹੋ ਗਈ ਹੈ ਕਿ ਇਸ ਵਿਚੋਂ ਬਗ਼ਾਵਤ ਕਰ ਕੇ, ਬਾਹਰ ਨਿਕਲਣ ਵਾਲੀਆਂ ਕਈ ਸੰਪਰਦਾਵਾਂ ਦੀ ਗਿਣਤੀ ਵੀ ਸਿੱਖਾਂ ਦੀ ਕੁਲ ਗਿਣਤੀ ਨਾਲੋਂ ਜ਼ਿਆਦਾ ਹੋ ਗਈ ਹੈ।

ਦੂਰ ਦੀ ਸੋਚਣ ਵਾਲਿਆਂ ਲਈ, ਇਹ ਸਥਿਤੀ ਡਾਢੀ ਪ੍ਰੇਸ਼ਾਨ ਕਰਨ ਵਾਲੀ ਹੈ। ਉਹ ਇਸ ਪ੍ਰਸ਼ਨ ਨਾਲ ਤਾਂ ਕਈ ਵਾਰ ਦੋਚਾਰ ਹੋਏ ਹੋਣਗੇ ਕਿ ਕੇਵਲ ਸਿੱਖਾਂ ਦੇ ਮਾਮਲੇ ਵਿਚ ਹੀ ਅਜਿਹਾ ਕਿਉਂ ਹੁੰਦਾ ਹੈ -- ਪਰ ਇਸ ਪ੍ਰਸ਼ਨ ਨਾਲ ਵਿਗਿਆਨਕ ਢੰਗ ਨਾਲ ਨਜਿੱਠਣ ਦੀ ਕੋਸ਼ਿਸ਼ ਕਿਸੇ ਵੀ ਸਿੱਖ ਵਿਦਵਾਨ ਨੇ ਨਾ ਕੀਤੀ। ਉਹ ਇਹੀ ਕਹਿੰਦੇ ਰਹੇ ਕਿ ਪ੍ਰਚਾਰ ਦੀ ਕਮੀ ਸਦਕਾ ਅਜਿਹਾ ਹੁੰਦਾ ਆ ਰਿਹਾ ਹੈ ਤੇ ਇਸ ਉਪ੍ਰੰਤ ਉਨ੍ਹਾਂ ਦੀ, ਕੁੱਝ ਨਵਾਂ 'ਪ੍ਰਚਾਰ ਸਾਹਿਤ' ਲਿਖ ਕੇ ਹੀ ਤਸੱਲੀ ਹੋ ਜਾਂਦੀ ਰਹੀ। 1984 ਦੇ ਘਲੂਘਾਰੇ ਮਗਰੋਂ ਸਿੱਖ ਜਿਸ ਤਰ੍ਹਾਂ ਹੇਠਾਂ ਵਲ ਜਾਣ ਲੱਗ ਪਏ (ਹੁਣ ਤਾਂ ਸਬੂਤ ਦੇਣ ਦੀ ਵੀ ਕੋਈ ਲੋੜ ਨਹੀਂ ਰਹੀ) ਉਸ ਵਲ ਵੇਖ ਕੇ ਤਾਂ ਵਿਦਵਾਨਾਂ ਨੂੰ ਨਿਠ ਕੇ, ਇਸ ਪ੍ਰਸ਼ਨ ਦਾ ਉੱਤਰ ਲੱਭਣ ਦੇ ਕੰਮ ਵਿਚ ਜੁਟ ਜਾਣਾ ਚਾਹੀਦਾ ਸੀ ਪਰ ਬਦਕਿਸਮਤੀ ਨਾਲ, ਹਰਫ਼ਾਂ ਦਾ ਜਾਲ ਉਣਨ ਤੋਂ ਵੱਧ ਕੁੱਝ ਨਾ ਕੀਤਾ ਗਿਆ।

1984 ਵਿਚ, ਸ. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ, ਇਕ ਸਾਧਾਰਣ ਜਿਹਾ ਸਰਕਾਰੀ ਨੌਕਰੀ ਕਰਦਾ ਸਿੱਖ ਸੀ ਜਿਸ ਦਾ ਧਿਆਨ ਵੀ ਉਪ੍ਰੋਕਤ ਪ੍ਰਸ਼ਨ ਨੇ ਅਪਣੇ ਵਲ ਖਿਚਿਆ। ਉਸ ਨੇ ਫ਼ੈਸਲਾ ਕੀਤਾ ਕਿ ਉਹ ਸਿੱਖ ਇਤਿਹਾਸ ਅਤੇ ਗੁਰਬਾਣੀ 'ਚੋਂ ਇਸ ਪ੍ਰਸ਼ਨ ਦਾ ਉੱਤਰ ਲੱਭਣ ਦੀ ਕੋਸ਼ਿਸ਼ ਕਰੇਗਾ। ਸ. ਕਾਲਾ ਅਫ਼ਗਾਨਾ ਦੀਆਂ ਕੋਸ਼ਿਸ਼ਾਂ ਸਫ਼ਲ ਹੋਈਆਂ ਤੇ ਉਨ੍ਹਾਂ ਨੇ ਇਕ ਦਿਨ ਐਲਾਨ ਕੀਤਾ ਕਿ ਸਿੱਖਾਂ ਨੇ ਗੁਰੂ ਗੋਬਿੰਦ ਸਿੰਘ ਦੇ ਉਸ ਹੁਕਮ ਦੀ ਕਿਉਂਕਿ ਉਲੰਘਣਾ ਕੀਤੀ ਸੀ ਜਿਸ ਵਿਚ ਸਿੱਖਾਂ ਨੂੰ ਖ਼ਾਸ ਤੌਰ ਤੇ ਚੇਤਾਵਨੀ ਦਿਤੀ ਗਈ ਸੀ ਕਿ, "ਜਬ ਲਗ ਖ਼ਾਲਸਾ ਰਹੇ ਨਿਆਰਾ, ਤਬ ਲਗ ਤੇਜ ਦੇਊਂ ਮੈਂ ਸਾਰਾ। ਜਬ ਇਹ ਗਹੇ ਬਿਪ੍ਰਨ ਕੀ ਰੀਤ, ਮੈਂ ਨਾਹਿ ਕਰਉ ਤਿਸ ਕੀ ਪ੍ਰਤੀਤ" -- ਇਸ ਲਈ ਖ਼ਾਲਸੇ, ਗੁਰੂ ਦੀ ਪ੍ਰਤੀਤ ਗਵਾ ਕੇ ਖਵਾਰ ਹੋ ਰਹੇ ਹਨ।

ਗੱਲ ਉਨ੍ਹਾਂ ਨੇ ਉਥੇ ਹੀ ਨਾ ਛੱਡ ਦਿਤੀ ਸਗੋਂ ਉਨ੍ਹਾਂ ਸਾਰੀਆਂ 'ਰੀਤਾਂ' ਦੀ ਸੂਚੀ ਤਿਆਰ ਕਰਨੀ ਸ਼ੁਰੂ ਕਰ ਦਿਤੀ ਜਿਹੜੀਆਂ ਅਜੋਕੇ ਸਿੱਖ ਸਮਾਜ ਵਿਚ ਪ੍ਰਚਲਤ ਹੋ ਚੁਕੀਆਂ ਸਨ ਪਰ ਜਿਨ੍ਹਾਂ ਨੂੰ ਲੇਖਕ 'ਬ੍ਰਿਪਨ ਕੀਆਂ ਰੀਤਾਂ' ਦਸਦਾ ਹੈ। ਫਿਰ ਉਸ ਨੇ ਗੁਰੂ ਗ੍ਰੰਥ ਸਾਹਿਬ ਨੂੰ ਸਾਹਮਣੇ ਰੱਖ ਕੇ, ਉਹਨਾਂ ਸਾਰੀਆਂ ਰੀਤਾਂ ਬਾਰੇ ਗੁਰਬਾਣੀ ਦੇ ਨਿਰਣੇ, ਗੁਰੂ ਗ੍ਰੰਥ ਸਾਹਿਬ ਦੇ ਅੰਦਰੋਂ ਲੱਭੇ। ਇਕ ਨਵੀਂ ਗੱਲ ਜੋ ਸ. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਨੇ ਕੀਤੀ, ਉਹ ਇਹ ਸੀ ਕਿ ਅਪਣੀ ਹਰ ਦਲੀਲ ਦੇ ਹੱਕ ਵਿਚ ਉਨ੍ਹਾਂ ਗੁਰਬਾਣੀ ਦੇ ਪੰਜ-ਪੰਜ ਹਵਾਲੇ ਲੱਭੇ ਅਤੇ ਪੁਸਤਕ ਰੂਪ ਵਿਚ ਪੇਸ਼ ਕਰ ਦਿਤੇ।

ਸਿੱਖ ਇਤਿਹਾਸ ਵਿਚ, ਅਪਣੀ ਕਿਸਮ ਦੀ ਇਸ ਪਹਿਲੀ ਖੋਜ ਬਦਲੇ ਸ. ਕਾਲਾ ਅਫ਼ਗਾਨਾ ਦਾ ਉਚੇਚਾ ਸਨਮਾਨ ਕਰਨਾ ਬਣਦਾ ਸੀ ਪਰ ਸੱਚ ਬਿਆਨ ਕਰਨ ਵੇਲੇ ਉਨ੍ਹਾਂ ਕੋਲੋਂ ਇਕ 'ਗ਼ਲਤੀ' ਇਹ ਹੋ ਗਈ ਕਿ ਉਨ੍ਹਾਂ ਨੇ 'ਬ੍ਰਿਪਨ ਕੀਆਂ ਰੀਤਾਂ' ਪੰਥ ਵਿਚ ਲਾਗੂ ਕਰਨ ਵਾਲਿਆਂ ਵਿਚ ਅੱਜ ਦੇ ਕਈ ਪੰਥਕ ਚੌਧਰੀਆਂ ਦੇ ਨਾਂ ਵੀ ਲੈ ਦਿਤੇ। ਝੂਠ ਕੁੱਝ ਨਹੀਂ ਸੀ ਪਰ ਜਿਵੇਂ ਸ਼ਰਾਬੀ ਚਾਹੁੰਦਾ ਹੈ ਕਿ ਸ਼ਰਾਬ ਵਿਰੁਧ ਜੋ ਬੱਕ ਬੱਕ ਕਰਨੀ ਹੈ, ਕਰੀ ਜਾਉ ਪਰ ਉਸ ਸ਼ਰਾਬੀ ਨੂੰ ਸ਼ਰਾਬੀ ਕਹਿਣ ਦੀ ਹਿੰਮਤ ਕੋਈ ਨਾ ਕਰੇ ਨਹੀਂ ਤਾਂ ਉਹ ਕਿਸੇ ਨੂੰ ਨਹੀਂ ਛੱਡੇਗਾ ਤੇ ਭ੍ਰਿਸ਼ਟ ਨੇਤਾ ਵੀ ਇਹੀ ਕਹਿੰਦਾ ਹੈ ਕਿ ਭ੍ਰਿਸ਼ਟਾਚਾਰ ਵਿਰੁਧ ਜੋ ਮਰਜ਼ੀ ਬੋਲਦੇ ਰਹੋ ਪਰ ਜੇ ਉਸ ਨੇਤਾ ਦੇ ਭ੍ਰਿਸ਼ਟਾਚਾਰ ਬਾਰੇ ਕੋਈ ਗੱਲ ਕੀਤੀ ਤਾਂ ਉਹ ਕਿਸੇ ਦੀ ਇੱਜ਼ਤ ਨੂੰ ਹੱਥ ਪਾਉਣੋਂ ਨਹੀਂ ਰੁਕੇਗਾ, ਇਸੇ ਤਰ੍ਹਾਂ ਚੌਧਰੀਆਂ ਸਬੰਧੀ ਸੱਚ ਬੋਲਣ ਦੀ 'ਗ਼ਲਤੀ' ਕਰਨ ਬਦਲੇ, ਸ. ਕਾਲਾ ਅਫ਼ਗਾਨਾ

ਨੂੰ ਕਿਹਾ ਗਿਆ ਕਿ ਉਹ ਪੁਜਾਰੀਆਂ ਸਾਹਮਣੇ ਪੇਸ਼ ਹੋ ਕੇ ਮਾਫ਼ੀ ਮੰਗਣ। ਕਿਸ ਗੱਲ ਦੀ ਮਾਫ਼ੀ? ਇਸ ਗੱਲ ਦੀ ਕਿ ਉਸ ਨੇ ਗੁਰਬਾਣੀ ਦਾ ਆਸਰਾ ਲੈ ਕੇ ਸੱਚ ਲਿਖਿਆ ਸੀ ਤੇ ਇਸ ਸੱਚ ਨੂੰ ਪੁਸਤਕ ਰੂਪ ਦੇਣ ਤੋਂ ਪਹਿਲਾਂ, ਪੁਸਤਕਾਂ ਦੇ ਖਰੜੇ 'ਜਥੇਦਾਰਾਂ' ਸਮੇਤ, ਸਾਰੀਆਂ ਸਬੰਧਤ ਧਿਰਾਂ ਨੂੰ ਭੇਜ ਕੇ ਮੰਗ ਕੀਤੀ ਸੀ ਕਿ ਜੇ ਕਿਸੇ ਨੂੰ, ਖਰੜਿਆਂ ਵਿਚ ਕੋਈ ਗੱਲ ਗ਼ਲਤ ਲੱਗੇ ਤਾਂ ਲੇਖਕ ਨੂੰ ਦਸ ਦਿਤਾ ਜਾਵੇ ਤਾਕਿ ਉਹ ਸੋਧ ਕਰ ਲਵੇ? ਜਦ ਕਿਸੇ ਨੇ ਕੋਈ 'ਗ਼ਲਤੀ' ਨਾ ਦੱਸੀ ਤਾਂ ਸ. ਕਾਲਾ ਅਫ਼ਗ਼ਾਨਾ ਨੇ 'ਬ੍ਰਿਪਨ ਕੀ ਰੀਤ ਤੋਂ ਸੱਚੁ ਦਾ ਮਾਰਗ' ਪੁਸਤਕ ਲੜੀ ਪ੍ਰਕਾਸ਼ਤ ਕਰ ਦਿਤੀ। ਸੂਝਵਾਨ ਸਿੱਖਾਂ ਵਲੋਂ ਲੇਖਕ ਨੂੰ ਭਰਪੂਰ ਹੁੰਗਾਰਾ ਮਿਲਣ ਤੇ, 'ਚੌਧਰੀਆਂ' ਨੇ 'ਰੋਸ ਨਾ ਕੀਜੈ ਉਤਰ ਦੀਜੈ' ਦੇ ਗੁਰਮੁਖ ਸਿਧਾਂਤ ਦਾ ਪੱਲਾ ਫੜਨ ਦੀ ਬਜਾਏ, ਸ. ਕਾਲਾ ਅਫ਼ਗ਼ਾਨਾ ਨੂੰ ਪੁਜਾਰੀਵਾਦ ਅੱਗੇ ਪੇਸ਼ ਹੋ ਕੇ ਮਾਫ਼ੀ ਮੰਗਣ ਲਈ ਮਜਬੂਰ ਕਰਨ ਅਤੇ ਧਮਕੀਆਂ ਦੇਣ ਦਾ ਰਾਹ ਚੁਣਿਆ ਤੇ ਅਖ਼ੀਰ, ਪੁਜਾਰੀਆਂ ਹੱਥੋਂ 'ਛੇਕਵਾ' ਕੇ ਰਹੇ। ਗਿ. ਦਿਤ ਸਿੰਘ ਅਤੇ ਪ੍ਰੋ. ਗੁਰਮੁਖ ਸਿੰਘ ਤੋਂ ਸ਼ੁਰੂ ਹੋਈ ਇਹ 'ਛੇਕਣ' ਦੀ ਗੁਰਮਤਿ-ਵਿਰੋਧੀ ਕੁ-ਪ੍ਰਥਾ, ਹਮੇਸ਼ਾ ਗੁਰਮੁਖਾਂ ਨੂੰ ਹੀ ਅਪਨਾ ਸ਼ਿਕਾਰ ਬਣਾਉਂਦੀ ਰਹੀ ਹੈ -- ਅਰਥਾਤ ਉਨ੍ਹਾਂ ਸਿੱਖਾਂ ਨੂੰ ਜੋ ਗੁਰਮਤਿ ਦੇ ਖੋਜੀ ਬਣ ਕੇ, ਇਸ ਨੂੰ ਮਾਂਜਣ, ਲਿਸ਼ਕਾਉਣ ਤੇ ਪ੍ਰਚਾਰਨ ਦੇ ਕੰਮ ਵਿਚ ਲੱਗੇ ਹੁੰਦੇ ਹਨ।

ਪੁਜਾਰੀਆਂ ਤੇ ਚੌਧਰੀਆਂ ਦਾ ਗੁੱਸਾ ਇਕ ਪਾਸੇ ਪਰ ਇਸ ਅਮਲ ਵਿਚ, ਸ. ਗੁਰਬਖ਼ਸ਼ ਸਿੰਘ ਕਾਲਾ ਅਫ਼ਗ਼ਾਨਾ ਨੇ ਇਕ ਨਵਾਂ ਇਤਿਹਾਸ ਜ਼ਰੂਰ ਸਿਰਜ ਦਿਤਾ। ਸਿੱਖੀ ਦੇ ਭਵਿੱਖ ਬਾਰੇ ਜਦੋਂ ਵੀ ਕੋਈ ਖੋਜੀ, ਗੱਲ ਸ਼ੁਰੂ ਕਰੇਗਾ ਤਾਂ ਉਸ ਨੂੰ ਗੱਲ ਸ. ਕਾਲਾ ਅਫ਼ਗ਼ਾਨਾ ਦੀਆਂ ਲਿਖਤਾਂ ਤੋਂ ਹੀ ਸ਼ੁਰੂ ਕਰਨੀ ਪਵੇਗੀ। ਜ਼ਰੂਰੀ ਨਹੀਂ ਕਿ ਸ. ਕਾਲਾ ਅਫ਼ਗਾਨਾ ਦਾ ਹਰ ਜਵਾਬ ਤੁਹਾਡੀ ਤਸੱਲੀ ਕਰਵਾ ਸਕੇ। ਕਈ ਮਾਮਲਿਆਂ ਵਿਚ, ਮੇਰੀ ਵੀ ਤਸੱਲੀ ਨਹੀਂ ਹੋ ਸਕੀ। ਪਰ ਜੇ ੳ ਅ ੲ, ਤੁਹਾਡੀ ਤਸੱਲੀ ਨਹੀਂ ਕਰਵਾ ਸਕਦੇ ਤਾਂ ਇਸ ਦਾ ਮਤਲਬ ਇਹ ਤਾਂ ਨਹੀਂ ਕਿ ਤੁਸੀ ਪੈਂਤੀ ਅਖਰੀ ਦਾ ਪਾਠ ਸੱਸੇ ਹਾਹੇ ਤੋਂ ਸ਼ੁਰੂ ਕਰ ਦਿਉ। ਉਹ ਤਾਂ ਤੁਹਾਨੂੰ ੳ ਅ ੲ ਤੋਂ ਹੀ ਸ਼ੁਰੂ ਕਰਨਾ ਪਵੇਗਾ। ਸ. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਦੀ ਖੋਜ ਵੀ ਉਹ ਮੁਢਲੀ ਖੋਜ ਹੈ ਜਿਸ ਨੂੰ ਵਾਚੇ ਬਿਨਾਂ ਸਿੱਖੀ ਅੰਦਰ ਵਾਰ ਵਾਰ ਆਉਂਦੀ ਢਹਿੰਦੀ ਕਲਾ ਦੇ 'ਕੁਵੇਲੇ ਦੇ ਅਮਲਾਂ' ਨੂੰ ਸਮਝਣਾ ਔਖਾ ਹੋ ਜਾਏਗਾ ਤੇ ਠੀਕ ਨਤੀਜਿਆਂ ਤੇ ਪੁਜਣਾ ਹੋਰ ਵੀ ਜਟਿਲ।

ਸ. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਨੇ 'ਬਿਪਰਨ ਕੀ ਰੀਤ ਤੋਂ ਸਚ ਦਾ ਮਾਰਗ' ਦੇ ਹੁਣ ਤਕ 10 ਭਾਗ, ਪਾਠਕਾਂ ਨੂੰ ਦੇ ਦਿਤੇ ਹਨ। ਅਠਵੇਂ ਭਾਗ ਤੇ ਪਹੁੰਚ ਕੇ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਹੁਣ 'ਬਿਪਰਨ ਕੀਆਂ ਰੀਤਾਂ' ਤੋਂ ਇਲਾਵਾ, ਸਿੱਖੀ ਦੇ ਕੁੱਝ ਹੋਰ ਸੰਕਲਪਾਂ ਬਾਰੇ ਵੀ ਗੱਲ ਸਪੱਸ਼ਟ ਕਰ ਦੇਣੀ ਚਾਹੀਦੀ ਹੈ ਵਰਨਾ ਰੀਤਾਂ ਤੇ ਆ ਕੇ ਹੀ, ਗੱਲ ਅਟਕ ਜਾਏਗੀ। 10ਵਾਂ ਭਾਗ (ੳ, ਅ, ੲ) ਪਹਿਲਾਂ ਛੱਪ ਗਏ ਤੇ 9ਵਾਂ ਭਾਗ ਹੁਣ ਪੇਸ਼ ਕੀਤਾ ਜਾ ਰਿਹਾ ਹੈ ਕਿਉਂਕਿ ਮੁਢਲੇ ਸਿੱਖ ਸੰਕਲਪਾਂ ਬਾਰੇ ਜ਼ਰਾ ਜ਼ਿਆਦਾ ਬਰੀਕੀ ਵਿਚ ਜਾ ਕੇ ਅਧਿਐਨ ਕਰਨ ਦੀ ਲੋੜ ਸੀ। ਇਨ੍ਹਾਂ ਸੰਕਲਪਾਂ ਵਿਚ, ਸੰਸਾਰ ਦੇ ਹੁਣ ਤਕ ਹੋਏ ਸਾਰੇ ਮਹਾਂਪੁਰਸ਼ਾਂ ਵਿਚ ਬਾਬਾ ਨਾਨਕ ਜੀ ਦੀ ਸਰਬ-ਸ਼੍ਰੇਟਤਾ ਕਿਉਂ ਤੇ ਕਿਵੇਂ, ਮੂਲ ਮੰਤਰ ਦੇ ਠੀਕ ਤੇ ਗ਼ਲਤ ਅਰਥ, ਸੱਚ, ਝੂਠ, ਇਕ ਤੇ ਓਂਕਾਰ, ਕੀ ਬਾਬੇ ਨਾਨਕ ਨੇ ਕੋਈ ਨਵਾਂ ਧਰਮ ਸਾਜਿਆ ਸੀ?, ਲੰਗਰ, ਸੰਗਤ, ਧਾਰਮਕ ਆਗੂ, ਜੂਠ, ਰਾਗ ਅਤੇ ਕੀਰਤਨ ਸਮੇਤ ਕਈ ਪ੍ਰਸ਼ਨਾਂ ਉਤੇ ਨਵੇਂ ਸਿਰਿਉਂ ਤੇ ਨਵੀਂ ਸੋਚ ਵਾਲੀ ਰੋਸ਼ਨੀ ਪਾਈ ਗਈ ਹੈ।

ਯਕੀਨਨ, ਇਹ ਪੁਸਤਕ ਵੀ ਗੁਰਮਤਿ ਖੋਜ ਦੀ ਪ੍ਰੰਪਰਾ ਨੂੰ ਇਕ ਵੱਡੀ ਤੇ ਬਹੁਮੁੱਲੀ ਭੇਟਾ ਹੈ ਤੇ ਮੈਂ ਚਾਹਾਂਗਾ ਕਿ ਗੁਰਮਤਿ ਵਿਚ ਦਿਲਚਸਪੀ ਰੱਖਣ ਵਾਲਾ ਹਰ ਖੋਜੀ, ਇਸ ਨੂੰ ਜ਼ਰੂਰ ਪੜ੍ਹੇ। ਨਿਰਣਿਆਂ ਨਾਲ ਸਹਿਮਤੀ ਜ਼ਰੂਰੀ ਨਹੀਂ ਪਰ ਵਿਚਾਰਾਂ ਦਾ ਆਦਾਨ ਪ੍ਰਦਾਨ ਤੇ 'ਰੋਸ ਨ ਕੀਜੈ ਉਤਰ ਦੀਜੈ' ਦੇ ਵਿਧਾਨ ਪ੍ਰਤੀ ਸਹਿਮਤੀ ਜ਼ਰੂਰੀ ਹੈ।

-ਜੋਗਿੰਦਰ ਸਿੰਘ
ਮੁੱਖ ਸੰਪਾਦਕ
ਰੋਜ਼ਾਨਾ ਸਪੋਕਸਮੈਨ

ਚੰਡੀਗੜ੍ਹ
ਮਿਤੀ: 12.9.2011

ੴ ਸਤਿਗੁਰ ਪ੍ਰਸਾਦਿ ॥

ਨੌਵਾਂ ਭਾਗ

ਆਰੰਭਕ ਬੇਨਤੀ

ਸਿਰੀਰਾਗੁ ਮਹਲਾ ੧ ਘਰੁ ੪ ॥

ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ॥ ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ ॥੧॥ ਨ ਜਾਣਾ ਮੇਉ ਨ ਜਾਣਾ ਜਾਲੀ ॥ ਜਾ ਦੁਖੁ ਲਾਗੈ ਤਾ ਤੁਝੈ ਸਮਾਲੀ ॥੧॥ ਰਹਾਉ ॥ ਤੂ ਭਰਪੂਰਿ ਜਾਨਿਆ ਮੈ ਦੂਰਿ ॥ ਜੋ ਕਛੁ ਕਰੀ ਸੁ ਤੇਰੈ ਹਦੂਰਿ ॥ ਤੂ ਦੇਖਹਿ ਹਉ ਮੁਕਰਿ ਪਾਉ ॥ ਤੇਰੈ ਕੰਮਿ ਨ ਤੇਰੈ ਨਾਇ ॥੨॥ ਜੇਤਾ ਦੇਹਿ ਤੇਤਾ ਹਉ ਖਾਉ ॥ ਬਿਆ ਦਰੁ ਨਾਹੀ ਕੈ ਦਰਿ ਜਾਉ ॥ ਨਾਨਕੁ ਏਕ ਕਹੈ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥੩॥ ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਝਿ ਮਿਆਨੁੋ ॥ ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੁੋ ॥ ਜੋ ਤਿਸੁ ਭਾਵੈ ਨਾਨਕਾ ਹੁਕਮੁ ਸੋਈ ਪਰਵਾਨੁੋ ॥੪॥੩੧॥ (੨੫)

ਪਦ ਅਰਥ:- ਦਾਨਾ—ਜਾਣਨ ਵਾਲਾ। ਬੀਨਾ—ਵੇਖਣ ਵਾਲਾ (ਬੀਨਾਈ—ਨਜ਼ਰ)। ਮੈ ਕੈਸੇ ਲਹਾ—(ਲਹਾਂ) ਮੈਂ ਕਿਵੇਂ ਲੱਭਾਂ? ਮੈਂ ਨਹੀਂ ਲੱਭ ਸਕਦੀ। ਜਹ ਜਹ—ਜਿਧਰ-ਜਿਧਰ। ਦੇਖਾ—ਦੇਖਾਂ, ਮੈਂ ਵੇਖਦੀ ਹਾਂ। ਤੇ—ਤੋਂ। ਨਿਕਸੀ—ਨਿਕਲੀ ਹੋਈ, ਵਿੱਛੁੜੀ ਹੋਈ। ਫੂਟਿ ਮਰਾ—(ਮਰਾਂ) ਮੈਂ ਫੁੱਟ ਕੇ ਮਰ ਜਾਂਦੀ ਹਾਂ।੧। ਮੇਉ—ਮਲਾਹ, ਮਾਛੀ (**ਨੋਟ :**—ਦਰਿਆਵਾਂ ਦੇ ਕੰਢੇ ਮਲਾਹ ਆਮ ਤੌਰ ਤੇ ਮੱਛੀਆਂ ਫੜਨ ਦਾ ਕੰਮ ਭੀ ਕਰਦੇ ਹਨ)। ਸਮਾਲੀ—ਸਮਾਲੀਂ, ਮੈਂ ਯਾਦ ਕਰਦੀ ਹਾਂ।੧।ਰਹਾਉ। ਭਰਪੂਰਿ—ਨਕਾ ਨਕ, ਹਰ ਥਾਂ ਮੌਜੂਦ। ਕਰੀ—ਕਰੀਂ, ਮੈਂ ਕਰਦਾ ਹਾਂ। ਤੇਰੈ ਹਦੂਰਿ—ਤੇਰੀ ਹਾਜ਼ਰੀ ਵਿਚ, ਤੂੰ ਵੇਖ ਲੈਂਦਾ ਹੈਂ। ਮੁਕਰਿ ਪਾਉ—ਮੈਂ ਮੁੱਕਰ ਜਾਂਦਾ ਹਾਂ। ਤੇਰੈ ਕੰਮਿ—ਤੇਰੇ ਕੰਮ ਵਿਚ । ਤੇਰੈ ਨਾਇ—ਤੇਰੇ ਨਾਮ ਵਿਚ।੨।

ਜੇਤਾ—ਜਿਤਨਾ ਕੁਝ। ਦੇਹਿ—ਤੂੰ ਦੇਂਦਾ ਹੈਂ। ਹਉ—ਮੈਂ। ਬਿਆ—ਦੂਜਾ। ਦਰੁ—ਦਰਵਾਜ਼ਾ, ਘਰ। ਕੈ ਦਰਿ—ਕਿਸ ਦੇ ਦਰ ਤੇ? ਜਾਉ—ਜਾਉਂ, ਮੈਂ ਜਾਵਾਂ। ਤੇਰੈ ਪਾਸਿ—ਤੇਰੇ ਕੋਲ, ਤੇਰੇ ਹਵਾਲੇ ਹਨ, ਤੇਰੇ ਹੀ ਆਸਰੇ ਹਨ।੩। ਮਝਿ—ਵਿਚਕਾਰ। ਮਿਆਨੁੋ, ਜਹਾਨੁੋ, ਪਰਵਾਨੁੋ— (**ਨੋਟ :**—ਅਸਲ ਲਫ਼ਜ਼ ਹਨ—ਮਿਆਨੁ, ਜਹਾਨੁ, ਪਰਵਾਨੁ। ਛੰਦ

ਦੀ ਚਾਲ ਪੂਰੀ ਰੱਖਣ ਲਈ ਇਕ ਮਾਤ੍ਰਾ ਵਧਾਈ ਗਈ ਹੈ, ਇਹ ਪੜ੍ਹਨੇ ਹਨ—ਮਿਆਨੋ, ਜਹਾਨੋ, ਪਰਵਾਨੋ)। ਮਿਆਨੁ—ਦਰਮਿਆਨ, ਵਿਚਕਾਰਲਾ ਹਿੱਸਾ। ਤਿਸੁ ਭਾਵੈ—ਉਸ ਪ੍ਰਭੂ ਨੂੰ ਚੰਗਾ ਲੱਗੇ। ਕੁਦਰਤਿ—ਸ਼ੱਤਿਆ, ਤਾਕਤ।੪।

"ਬਿੱਪ੍ਰਨ ਕੀ ਰੀਤ ਤੋਂ ਸਚੁ ਦਾ ਮਾਰਗ" — ਪੁਸਤਕ-ਮਾਲਾ ਦੇ ਸਤਵੇਂ ਅਠਵੇਂ ਭਾਗ ਵਾਂਗ ਹੀ **ਇਸ ਨੌਵੇਂ ਭਾਗ ਵਿਚ** ਵੀ ਬ੍ਰਾਹਮਣੀ ਰੀਤਾਂ ਦੀ ਗੱਲ ਨਾਲੋਂ ਗੁਰਮਤਿ ਵਿਚਾਰਾਂ ਦੀ ਪ੍ਰਧਾਨਗੀ ਬਣਾਈ ਰੱਖਣ ਦਾ ਹੀ ਯਤਨ ਕੀਤਾ ਜਾ ਰਿਹਾ ਹੈ। ਇਸ ਨੌਵੀਂ ਪੁਸਤਕ ਦਾ ਅਸਲ ਵਿਸ਼ਾ ਲਿਖਣਾ ਆਰੰਭ ਕਰਨ ਤੋਂ ਪਹਿਲਾਂ ਸੁਜਾਨ ਪਾਠਕਾਂ ਨਾਲ ਵਿਸ਼ੇਸ਼ ਗੁਰਮਤਿ ਵਿਚਾਰਾਂ ਸਾਂਝੀਆਂ ਕਰਨੀਆਂ ਚਾਹੁੰਦਾ ਹੈ- ਕਿ ਦਾਸ ਦਾ ਹਿਰਦਾ ਇਹ ਯਕੀਨ, ਕਿਸ ਕਾਰਨ ਦ੍ਰਿੜਤਾ ਨਾਲ ਕਬੂਲ ਕਰ ਬੈਠਾ ਹੈ ਕਿ ਸਤਿਗੁਰੂ ਨਾਨਕ ਸਾਹਿਬ ਜੀ ਵਲ ਸਾਡੀ ਪਿੱਠ ਹੋ ਜਾਣੀ ਹੀ ਸਾਡੀ ਬਦ ਕਿਸਮਤੀ ਦਾ ਸਭ ਤੋਂ ਦੁਖਦਾਈ ਕਾਰਨ ਹੈ।

"ਬਿੱਪ੍ਰਨ ਕੀ ਰੀਤ ਤੋਂ ਸਚੁ ਦਾ ਮਾਰਗ" — ਪੁਸਤਕ-ਮਾਲਾ ਦੇ ੧ ਤੋਂ ੬ਵੇਂ ਭਾਗ ਤੱਕ ਲੁੱਟ ਨੀਤੀ ਦੀ ਉਪਜ, ਪ੍ਰੋਹਿਤਵਾਦੀ ਰੀਤਾਂ (-ਬਿੱਪ੍ਰਨ ਕੀ ਰੀਤ) ਦੀ ਅਸਲੀਅਤ ਦਾ ਪੂਰਾ ਵੇਰਵਾ ਹੈ। ਸ੍ਰਿਸ਼ਟੀ ਸਿਰਜਣਾ ਸਿਰਲੇਖ ਹੇਠ ਸਤਵੇਂ ਅਤੇ ਅਠਵੇਂ ਭਾਗ ਵਿਚ ਅਨੂਪਮ ਗੁਰੂ ਬਾਣੀ ਦੇ ਅਨੂਠੇ ਪੱਖ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਹੋਇਆ ਹੈ। ਦਸਮ ਗ੍ਰੰਥ ਨਾਮੀ ਵਿਸ਼ਾਲ ਲੇਖ-ਸੰਗ੍ਰਹਿ ਦੇ (੧-ਬਚਿਤ੍ਰ ਨਾਟਕ,-੨-ਚ੍ਰਿਤਰੋ ਪਾਖਯਾਨ ਅਥਵਾ-੩- ਤ੍ਰਿਯਾ ਚਰਿਤ੍ਰ, ਤਿੰਨ ਵੇਸਾਂ ਵਿਚ ਲਿਖਿਆ ਇਕੋ ਉਸੇ ਹੀ ਦੁਰਗਾ, ਭਵਾਨੀ, ਉਮਾ, ਪਾਰਵਤੀ, ਸ਼ਿਵਾ, ਗਿਰਜਾ ਆਦਿ ਕਈ ਨਾਵਾਂ ਵਾਲੀ ਚੰਡੀ (ਚੰਡਿਕਾ) ਦੇ ਚਰਿਤ੍ਰ- (੧੦ ੳ ਅ ਅਤੇ ੧੦ ੲ) ਦੋ ਪੁਸਤਕਾਂ ਵਿਚ, ਫਿਰ-**'ਮਾਸੁ ਮਾਸੁ ਕਰਿ ਮੂਰਖ ਝਗੜੇ'** ਅਤੇ **'ਗੁਰੁ-ਬਾਣੀ ਦੀ ਕਸਵੱਟੀ ਤੇ ਗੁਰਬਿਲਾਸ ਪਾਤਸ਼ਾਹੀ ੬'** (ਭਾਗ- ੧ ਤੇ ੨)। ਸੋ ਕਰੀਬ ਦੋ ਸਾਲ ਹੋ ਚੁੱਕੇ ਹਨ ਕਿ ਕੁੱਲ ੧੩ ਪੁਸਤਕਾਂ ਪ੍ਰਕਾਸ਼ਤ ਹੋ ਕੇ ਪਾਠਕਾਂ ਦੇ ਹੱਥਾਂ ਵਿਚ ਪੁੱਜ ਚੁੱਕੀਆਂ ਹੋਣ ਦਾ ਮਾਣ ਪ੍ਰਾਪਤ ਹੈ। ਲਿਖਾਈ ਦਾ ਸਾਰਾ ਕਾਰਜ ਬਹੁਤ ਪਹਿਲਾਂ ਹੀ ਸਮਾਪਤ ਹੋ ਜਾਣਾ ਸੀ, ਪਰ ਗੁਰੂ ਗ੍ਰੰਥ ਸਾਹਿਬ ਜੀ ਦੇ ਥਾਂ, ਸਿੱਧਾ ਆਪ ਹੀ "ਸ਼੍ਰੀ ਅਕਾਲ-ਤਖ਼ਤ ਸਾਹਿਬ" ਬਣ ਬੈਠੇ, ਗਿਆਨੀ ਜੋਗਿੰਦਰ ਸਿੰਘ ਜੀ 'ਵੇਦਾਂਤੀ' ਨੇ 'ਬਦਲਾ ਲਊ' ਵੈਰ-ਭਾਵਨਾ ਅਧੀਨ ਦਾਸਰੇ ਨੂੰ ਗੁਰਮਤਿ ਵਿਰੋਧੀ ਬੇਲੋੜੀ ਕਥਿਤ ਪੰਥਕ ਕਾਰਵਾਈ ਵਿਚ ਉਲਝਾਈ ਰੱਖ ਕੇ ੪ ਸਾਲ (ਬੜਾ ਕੀਮਤੀ ਸਮਾਂ) ਨਸ਼ਟ ਕਰ ਦਿੱਤਾ ਨਹੀਂ ਤਾਂ ਅੱਜ ਤੱਕ ਪੁਸਤਕ ਮਾਲਾ ਦੇ ਇਸ "ਨੌਵੇਂ ਭਾਗ" ਨੇ ਵੀ ਗੁਰਮੁਖ ਪਾਠਕਾਂ ਤਕ ਪੁੱਜ ਚੁੱਕਾ ਹੋਣਾ ਸੀ। ਦਾਸਰੇ ਵਲੋਂ ਲਿਖੇ ਇਤਰਾਜ਼ਾਂ ਨਾਲ ਆਮ ਪਾਠਕਾਂ ਵਲੋਂ ਦਰਸਾਈ ਭਰਪੂਰ ਸਹਿਮਤੀ ਦੇ ਕਾਰਨ ਆਪਣੀ ਲਿਖੀ ਗੁਰਬਿਲਾਸ ਪਾਤਸ਼ਾਹੀ ੬ ਪੁਸਤਕ 'ਤੇ ਆਪ ਹੀ ਪਾਬੰਦੀ ਲਾ ਕੇ ਖ਼ਾਲਸਾ ਜੀ ਦਾ ਦੋਸ਼ੀ ਸਿਧ ਹੋ ਚੁੱਕੇ ਵੇਦਾਂਤੀਏ ਕੁਫ਼ਰ ਨੇ ਉਲਟਾ

ਦਾਸ ਦਾ ਪੱਖ ਸੁਣੇ ਬਿਨਾਂ, ਬੇਅੰਤ ਗੁਰੂ ਸ਼ਬਦਾਂ ਦੀ ਛਾਂ ਹੇਠ ਲਿਖੀਆਂ ਦਾਸ ਦੀਆਂ ਸਾਰੀਆਂ ਲਿਖਤਾਂ ਨੂੰ ਨਿਰਆਧਾਰ ਅਥਵਾ ਗੁਰੂਬਾਣੀ ਦੀ ਕਿਸੇ ਛੋਟੀ ਤੋਂ ਛੋਟੀ ਪੰਗਤੀ ਦਾ ਸਹਾਰਾ ਲੈਣ ਤੋਂ ਬਿਨਾਂ ਹੀ ਮਿਤੀ ੨੬ ਹਾੜ, **ਸੰਮਤ ਨਾਨਕਸ਼ਾਹੀ ੫੩੫ (ਮਿਤੀ ੧੦-ਜੁਲਾਈ ਸੰਨ ੨੦੦੩ ਨੂੰ ਦਾਸਰੇ ਪ੍ਰਤੀ ਜਾਰੀ ਕੀਤੇ (ਗੁਰਮਤਿ ਵਿਰੋਧੀ) ਸ਼ਾਹੀ** ਹੁਕਮਨਾਮੇ (ਨੰ:ਅ:੩/੦੩/੩੩੦੦) ਇਸ ਪ੍ਰਕਾਰ ਹੈ—**"ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦੀਰਘ ਵਿਚਾਰ-ਵਟਾਂਦਰੇ ਮਗਰੋਂ ਸ੍ਰ: ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਨੂੰ ਉਪਰੋਕਤ (ਨਿਰਮੂਲ) ਦੋਸ਼ਾਂ ਵਜੋਂ ਪੰਥ ਵਿਚੋਂ ਛੇਕਿਆ ਜਾਂਦਾ ਹੈ। ਦੇਸ਼ ਵਿਦੇਸ਼ ਦੀਆਂ ਸਮੂਹ ਸਿੱਖ ਸੰਗਤਾਂ ਵਲੋਂ ਸ. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਅਤੇ ਉਸ ਦੇ ਹਿਮਾਇਤੀ ਕਿਸੇ ਵੀ ਵਿਅਕਤੀ ਨੂੰ ਕਿਸੇ ਸਿੱਖ-ਸਟੇਜ ਉੱਤੇ ਨਾ ਬੋਲਣ ਦੀ ਅਗਿਆ ਦਿੱਤੀ ਜਾਵੇ ਅਤੇ ਨਾ ਹੀ ਕਿਸੇ ਕਿਸਮ ਦਾ ਕੋਈ ਨਿੱਜੀ ਸਹਿਯੋਗ ਦਿੱਤਾ ਜਾਵੇ।"** ਇਸ ਤਰ੍ਹਾਂ ਅਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਆਪਣੇ ਚਾਰ ਝੋਲੀ ਚੱਕ ਸਾਥੀਆਂ ਸਮੇਤ ਪੰਜ ਹਸਤ ਅੱਖਰਾਂ ਵਾਲਾ ਇਨ੍ਹਾਂ ਗੁਰੂ ਫ਼ੁਰਮਾਨਾਂ ਦੇ ਆਧਾਰ 'ਤੇ ਗੁਰਮਤਿ ਵਿਰੋਧੀ ਹੁਕਮਨਾਮਾ -

ੳ- **ਵੇਸ ਕਰੇ ਕੁਰੂਪਿ ਕੁਲਖਣੀ ਮਨਿ ਖੋਟੈ ਕੂੜਿਆਰਿ ॥**
ਪਿਰ ਕੈ ਭਾਣੈ ਨਾ ਚਲੈ ਹੁਕਮੁ ਕਰੇ ਗਾਵਾਰਿ ॥ (ਪੰਨਾ ੮੯)

ਅ- **ਹੁਕਮੁ ਕਰਹਿ ਮੂਰਖ ਗਾਵਾਰ ॥** (ਪੰਨਾ ੧੧੬੯)

ਹੁਕਮਨਾਮਾ ਜਾਰੀ ਕਰ ਦਿੱਤਾ ਤੇ (ਅੰਧ ਵਿਸ਼ਵਾਸੀ) ਟੋਲੇ ਨੇ ਜਿਵੇਂ ਪਹਿਲਾਂ ਵੀ ਸੁਹਿਰਦ ਪੰਥ ਦਰਦੀ ਸਚੇ ਸੇਵਕ ਲਿਖਾਰੀਆਂ (ਗਿ: ਭਾਗ ਸਿੰਘ ਅੰਬਾਲਵੀ) ਨੂੰ ਰੋਲ ਮਾਰਿਆ, ਦਾਸਰੇ 'ਤੇ ਵੀ ਉਹੀ ਕਹਿਰ ਟੁਟ ਪਿਆ, ਭਾਵ ਦਾਸਰੇ ਗਿਰਦੇ ਵੀ ਉਹੀ ਦੁਖਦਾਈ ਤਾਂਡਵ ਨਾਚ ਆਰੰਭ ਹੋ ਗਿਆ।

ਇਸ ਤਰ੍ਹਾਂ ਗੁਰਮਤਿ ਵਿਰੋਧੀ ਕਥਿਤ ਕਾਰਵਾਈ ਵਿਚ ਉਲਝੇ ਰਹਿਣ ਕਾਰਨ ਦਾਸ ਦਾ ੪ ਸਾਲ ਦਾ ਬੜਾ ਕੀਮਤੀ ਸਮਾਂ ਨਸ਼ਟ ਹੋ ਗਿਆ ਤੇ ਆਪਣੇ ਨਾਲ ਹੀ ਲੈ ਮੁੱਕਣ ਵਾਲੇ "ਬੁਢੇਪਾ-ਰੋਗ" ਨੇ ਆ ਦਬਾਇਆ। ਜਿਸ ਤੋਂ ਵਰਤ ਰਹੀਆਂ ਬਹੁਪ੍ਰਕਾਰੀ ਕਮਜ਼ੋਰੀਆਂ ਦੇ ਕਾਰਨ ਲਿਖਣ ਦੀ ਯੋਗਤਾ ਮੁੱਕਦੀ ਗਈ। ਕੁਰਸੀ 'ਤੇ ਬੈਠਣ ਨਾਲ ਪੈਰ ਸੁੱਜਣ ਦਾ ਰੋਗ ਵੱਧ ਗਿਆ। ਸੱਜੀ ਅੱਖ ਦਾ ਦੋ ਵਾਰ ਉਪਰੇਸ਼ਨ ਕਰਵਾਉਣ 'ਤੇ ਵੀ ਸੁਧਾਰ ਨਾ ਹੋਇਆ। ੯੮ ਸਾਲਾ ਇਹ ਦਾਸਰਾ ਨੌਵੀਂ ਪੁਸਤਕ ਪੂਰੀ ਕਰਨ ਲਈ ਮੁੜ-ਮੁੜ ਯਤਨਸ਼ੀਲ ਹੋ ਬੈਠਦਾ ਸੀ ਪਰ ਕੁੱਝ ਮਿੰਟਾਂ ਤੋਂ ਵੱਧ ਲਿਖਣਾ ਅਸੰਭਵ ਬਣਦਾ ਗਿਆ। ਦੋਵੇਂ ਪੁਸਤਕਾਂ (ਨੌਵੀਂ ਅਤੇ ਗੁਰਬਾਣੀ ਦੀ ਕਸਵੱਟੀ ਤੇ ਗੁਰਬਿਲਾਸ ਪਾਤਸ਼ਾਹੀ ੬ ਦਾ

ਦੂਜਾ ਭਾਗ) ਲਿਖਣੋ ਰਹਿੰਦੀਆਂ ਜਾਣ ਤੋਂ ਹਿਰਦਾ ਪ੍ਰੇਸ਼ਾਨ ਰਹਿਣ ਲੱਗਾ ।

ਜਦੋਂ ਵੀ ਕਦੇ ਰਹਿੰਦੇ ਕੰਮ ਵਾਰੇ ਮਨ ਚਿੰਤਾ ਗ੍ਰਸਤ ਹੋਇਆ, ਅੰਦਰੋਂ ਏਹੀ ਆਵਾਜ਼-"**ਰਹਿੰਦੇ ਕੰਮਾਂ ਦੀ ਚਿੰਤਾ ਤੈਨੂੰ ਕਿਉਂ ਹੋਵੇ ? ਦਾਤਾਰ ਜੀ ਨੂੰ ਜੇ ਭਾਇਆ ਤਾਂ ਸਭਨਾਂ ਦੇ ਉਸ ਸਾਈਂ ਨੇ ਆਪਣਾ ਕਾਰਜ ਆਪ ਹੀ ਨੇਪਰੇ ਚੜ੍ਹਾ ਲੈਣਾ ਹੈ, ਤੇ -**

ਹੋਇ ਨਿਚਿੰਦ ਨਿਸਲੁ ਹੋਇ ਰਹੀਐ (ਪੰਨਾ-੫੯੪)

ਗੁਰੂ ਬਚਨ ਥੰਮੀ ਆ ਬਣੇ। ਦਾਸਰੇ ਨੇ ਆਪਣੇ ਸ਼ੁੱਭ ਚਿੰਤਕ ਪ੍ਰੋ: ਮੱਖਣ ਸਿੰਘ ਜੀ ਸੈਕਰਾਮੈਂਟੋ (ਅਮਰੀਕਾ) ਨੂੰ ਕਿਤਾਬ ਲਿੱਖਣ ਦੀ ਸੇਵਾ ਲਈ ਕੋਈ ਸਹਾਇਕ ਲੱਭ ਭੇਜਣ ਲਈ ਬੇਨਤੀ ਕੀਤੀ। ਪਰ ਉਹ ਲੋੜ ਅਨੁਸਾਰ, ਮਾਇਆ ਤਾਂ ਖੁਲ੍ਹੇ ਦਿਲ ਦੇਣ ਲਈ ਤਿਆਰ ਸਨ ਪਰ ਯੋਗ ਸਹਾਇਕ ਲੱਭਣਾ ਉਨ੍ਹਾਂ ਨੂੰ ਵੱਸੋਂ ਬਾਹਰਾ ਹੋ ਦਿਸਿਆ। ਫਿਰ ਦਾਸਰੇ ਨੇ ਗੁਰਮੁਖ ਪਿਆਰੇ ਪ੍ਰਭਜੀਤ ਸਿੰਘ ਜੀ (ਡੁਬਈ) ਪਾਸ ਬੇਨਤੀ ਦਹੁਰਾਈ। ਅਗਲੇ ਹੀ ਦਿਨ ਖ਼ੁਸ਼ੀਆਂ ਨਾਲ ਉਛਾਲੇ ਮਾਰਦਿਆਂ ਉਨ੍ਹਾਂ ਨੇ ਫ਼ੋਨ ਤੇ ਦੱਸਿਆ-"ਡੁਬਈ ਵਿਖੇ ਗੁਰਮਤਿ ਦੀਆਂ ਕਲਾਸਾਂ ਲਗਾਉਣ ਵਾਲਾ ਇੱਕ ਗੁਰਮੁਖ ਪਿਆਰਾ ਨੌਜਵਾਨ ਇਸ ਸੇਵਾ ਲਈ ਤੁਹਾਡੇ ਕੋਲ ਛੇਤੀ ਪੁੱਜ ਰਿਹਾ ਹੈ " -ਅਕਾਲ ਪੁਰਖ ਜੀ ਦਾ ਕੋਟਾਨ ਕੋਟ ਧੰਨਵਾਦ ਕੀਤਾ ਅਤੇ ਮਨ ਵਿਚ ਇੱਕ ਨਵੀਂ ਉਮੰਗ ਲੈ ਕੇ ਉਸ ਪਿਆਰੇ ਦੀ ਉਡੀਕ ਲਾ ਬੈਠਾ। ਕੁੱਝ ਦਿਨਾਂ ਉਪਰੰਤ ਮਿਤੀ ੧੮ ਜੁਲਾਈ ੨੦੦੮ ਨੂੰ ਅਪਣੀ ਵਿਦਵਾਨ ਪਤਨੀ ਹਰਲੀਨ ਕੌਰ ਜੀ ਸਮੇਤ ਗੁਰਮੁਖ ਪਿਆਰਾ ਹਰਮਨਦੀਪ ਸਿੰਘ ਦਾਸ ਦੇ ਕੋਲ ਬਰੈਂਪਟਨ ਕੈਨੇਡਾ ਵਿਖੇ ਆ ਮਿਲਿਆ। ਦਾਤਾਰ ਜੀ ਦੇ ਕੋਟਾਨ ਕੋਟ ਧੰਨਵਾਦ ਸਹਿਤ ਪੁਸਤਕ ਲਿਖਣ ਦਾ ਕੰਮ ਤੁਰਦਾ ਵੇਖ ਰਿਹਾ ਸਾਂ।

ਪਰ ਦੋਵੇਂ ਪੁਸਤਕਾਂ ਲਿਖਣ ਦਾ ਕੰਮ ਨੇਪਰੇ ਨਾ ਚੜ੍ਹ ਸਕਿਆ। ਜਦੋਂ ਵੀ ਅਧੂਰੀਆਂ ਰਹੀਆਂ ਦੋ ਪੁਸਤਕਾਂ (ਗੁਰਬਿਲਾਸ ਪਾਤਸ਼ਾਹੀ-੬ ਭਾਗ-੨ ਅਤੇ ਬਿੱਪ੍ਰਨ ਕੀ ਰੀਤ ਤੋਂ ਸਚ ਦਾ ਮਾਰਗ ਭਾਗ ੯) ਦੀ ਘਬਰਾਹਟ ਬਾਰੇ ਗੁਰਮੁਖ ਸਜਣ ਸ. ਪ੍ਰਭਜੀਤ ਸਿੰਘ ਨਾਲ ਜ਼ਿਕਰ ਕਰਨਾ ਤਾਂ ਉਨ੍ਹਾਂ ਬੜੇ ਜ਼ੋਰਦਾਰ ਸ਼ਬਦਾਂ ਰਾਹੀਂ ਦਾਸਰੇ ਦੀ ਹੌਸਲਾ ਅਫ਼ਜ਼ਾਈ ਕਰਦੇ ਅਤੇ ਹਰ ਵਾਰ ਦੁਹਰਾਉਂਦੇ ਕਿ ਜਦੋਂ ਵੀ ਉਨ੍ਹਾਂ ਨੂੰ ਘਰੇਗੀ ਕੰਮਾਂ ਤੋਂ ਵਿਹਲ ਮਿਲੀ ਤੇ ਉਹ ਸਭ ਕੁਝ ਛੱਡ ਕੇ ਆਪ ਜੀ ਦੇ ਕੋਲ ਪੁੱਜ ਜਾਵੇਗਾ। ੧ ਜੂਨ ੨੦੧੦ ਨੂੰ ਗੁਰਮੁਖ ਪਿਆਰੇ ਨੇ ਆਪਣੀ ਸਿੰਘਣੀ ਹਰਜੀਤ ਕੌਰ ਨਾਲ ਕਾਰਜ ਆਣ ਸਾਂਭਿਆ ਅਤੇ ਕਿਤਾਬਾਂ ਲਿਖਣ ਦਾ ਕੰਮ ਤੁਰ ਪਿਆ। (ਧਿਆਨ ਦੇਣ ਯੋਗ ਜ਼ਰੂਰੀ ਗੱਲ ਕਿ ਰਮਨਦੀਪ ਅਤੇ ਹੁਣ ਪ੍ਰਭਜੀਤ ਸਿੰਘ ਆਪਣੀ ਸਿੰਘਣੀ ਨੂੰ ਨਾਲ ਇਸ ਕਰਕੇ ਲਿਆਂਦੇ ਰਹੇ ਹਨ ਕਿ ਮੇਰੀ ਬਿਰਧ ਅਤੇ ਕਮਜ਼ੋਰ ਪਤਨੀ ਪ੍ਰਕਾਸ਼ ਕੌਰ ਨੂੰ ਰਸੋਈ ਪਾਣੀ ਦੀ ਖੇਚਲਾਂ ਤੋਂ ਮੁਕਤ ਕਰੀ ਰਖਣ)।

ਸਿਹਤ ਦਿਨੋ-ਦਿਨ ਵਿਗੜਦੀ ਗਈ :

ਸਿਹਤ ਦਿਨੋ-ਦਿਨ ਵਿਗੜਦੀ ਗਈ। ਕੁਰਸੀ 'ਤੇ ਬੈਠਣ ਨਾਲ ਪੈਰ ਸੁੱਜਣ ਦਾ ਰੋਗ ਵੱਧ ਗਿਆ। ਸੱਜੀ ਅੱਖ ਅਜਿਹੀ ਖ਼ਰਾਬ ਹੋਈ ਕਿ ਦੋ ਵਾਰ ਆਪ੍ਰੇਸ਼ਨ ਕਰਵਾਉਣ 'ਤੇ ਵੀ ਸੁਧਾਰ ਨਾ ਹੋਇਆ। ਨੌਵੀਂ ਅਤੇ ਗੁਰਬਿਲਾਸ ਪਾ: ੬ ਦਾ ਦੂਜਾ ਭਾਗ ਲਿਖਣੋ ਰਹਿੰਦਾ ਜਾਣ ਪ੍ਰੇਸ਼ਾਨ ਸਾਂ ਕਿ ਭਾਈ ਸਾਹਿਬ ਜੋਗਿੰਦਰ ਸਿੰਘ ਜੀ ਸਪੋਕਸਮੈਨ ਵਲੋਂ ਸਹਾਇਤਾ ਦਰਸਾਉਣ 'ਤੇ ਕਲਮ ਫੜ ਬੈਠਣ ਦਾ ਉੱਦਮ ਧਾਰ ਬੈਠਾ ਹਾਂ। ਇਸ ਰਹਿੰਦੇ ਕਾਰਜ ਨੂੰ ਨੇਪਰੇ ਚਾੜ੍ਹਨ ਦੀ ਯੋਗਤਾ ਕਿਥੋਂ ਬਹੁੜੇ?

ਨੇਤਰਾਂ ਦੀ ਜੋਤਿ ਲਗ-ਪਗ ਬੁਝਣ 'ਤੇ ਪੁੱਜ ਗਈ ਸੀ। ਹਰ ਪਾਸਿਉਂ ਮਾਯੂਸੀਆਂ ਦਾ ਘੇਰਾ ਤੰਗ ਹੁੰਦਾ ਜਾਪਿਆ। ਕਈ ਗੁਰਮੁਖਾਂ ਵਲੋਂ ਪੁਰਜ਼ੋਰ ਮੰਗ ਨਿਰੰਤਰ ਕੀਤੀ ਜਾ ਰਹੀ ਹੈ ਕਿ ਆਮ ਲੋਕਾਂ ਤੱਕ ਗੁਰਮਤਿ ਵਿਚਾਰਾਂ ਪਹੁੰਚਾਉਣ ਦੀ ਸਹੂਲਤ ਲਈ ਆਪਣੀਆਂ ਸਾਰੀਆਂ ਲਿਖਤਾਂ ਦਾ ਸੰਖੇਪ-ਰੂਪ ਇਕੋ ਪੁਸਤਕ ਵਿਚ ਜ਼ਰੂਰ ਲਿਖ ਦਿਆਂ ।

ਹੈਰਾਨ ਸਾਂ ਕਿ ਹਿਰਦੇ ਦੀ ਦ੍ਰਿੜਤਾ ਢਿੱਲੀ ਪੈਣੋ ਕਿਸ ਆਸਰੇ ਨਾਂਹ ਕਰੀ ਜਾ ਰਹੀ ਹੈ। ਅੰਦਰੋਂ ਮੁੜ-ਮੁੜ ਆਵਾਜ਼ ਆਵੇ - "ਰਹਿੰਦੇ ਕੰਮਾਂ ਦੀ ਚਿੰਤਾ ਤੈਨੂ ਕਿਉਂ ਹੋਵੇ? ਦਾਤਾਰ ਜੀ ਨੂੰ ਜੇ ਭਾਇਆ ਤਾਂ ਆਪਣਾ ਕਾਰਜ ਆਪ ਹੀ ਨੇਪਰੇ ਚੜ੍ਹਾ ਲੈਣਗੇ। ਇਕ ਉਸੇ ਦੇ ਹੀ ਆਸਰੇ-

ਹੋਇ ਨਿਚਿੰਦ ਨਿਸਲੁ ਹੋਇ ਰਹੀਐ । (ਪੰਨਾ-੫੯੪)

(ਸੰਨ ੧੯੯੨ ਵਿਚ ਐਡਮਿੰਟਨ ਵਿਖੇ ਰਹਿੰਦਿਆਂ ਇਕ ਸਮੇਂ ਪੁਸਤਕਾਂ ਲਿਖਣੀਆਂ ਅਸੰਭਵ ਮੰਨ ਕੇ ਲਿਖਣਾ ਬੰਦ ਕਰ ਬੈਠਾ ਤੇ ਗੁਰਦੇਵ ਜੀ ਦੇ ਝਲਕਾਰਾਂ ਰੂਪ ਦਰਸ਼ਨਾਂ ਨੂੰ ਮੰਨ ਨੇ **Hallucination** ਮੰਨ ਲਿਆ) ਪਰ ਕੀ ਕਿਤੇ ਉਸੇ ਚਮਤਕਾਰ ਤੋਂ ਦਾਸਰੇ ਨੂੰ ਉੱਚੇਚੀ ਯੋਗਤਾ ਦੀ ਬਖ਼ਸ਼ਸ਼ ਨਾ ਸੀ ਹੋਈ ਕਿ ਇੱਕ ਜਾਂ ਦੋ ਪੁਸਤਕਾਂ ਕੀ ਹੁਣ ੧੩ ਪੁਸਤਕਾਂ 'ਤੇ ਵੀ ਬਸ ਨਹੀਂ ਹੋ ਰਹੀ। ਬੁਢੇਪੇ ਤੋਂ ਵਰਤ ਰਹੀ ਕਮਜ਼ੋਰੀ ਤੋਂ ਅਰੋਗਤਾ ਸਾਥ ਛੱਡ ਰਹੀ ਹੈ ਪਰ ਹਰੇਕ ਸੁਆਸ ਉਸੇ ਦਾਤਾਰ ਜੀ ਦੀ ਯਾਦ ਵਿਚ ਟਿਕਿਆ ਗੁਰਮਿਤ ਦੀ ਖੋਜ ਨਿਰੰਤਰ ਰੱਖਦਿਆ ਸੰਸਾਰੀ ਝਮੇਲਿਆਂ ਤੋਂ ਏਕਾਂਤੀ ਹੋ ਬੈਠਾ ਤੇ

ਲਹਿਓ ਸਹਸਾ ਬੰਧਨ ਗੁਰਿ ਤੋਰੇ ਤਾਂ ਸਦਾ ਸਹਜ ਸੁਖੁ ਪਾਇਓ ॥
ਹੋਣਾ ਸਾ ਸੋਈ ਫੁਨਿ ਹੋਸੀ ਸੁਖੁ ਦੁਖੁ ਕਹਾ ਦਿਖਾਇਓ ॥ (ਪੰਨਾ-੨੦੫)

'ਤੇ ਬਣੇ ਅਟੱਲ ਭਰੋਸੇ ਨੂੰ ਅਥਵਾ ਏਥੇ ਬਰੰਪਟਨ ਵਿਖੇ ੯੯ਵੇਂ ਸਾਲ ਦੇ ਕਮਜ਼ੋਰ ਬੁਢੜੇ ਤੋਂ ਜਿਵੇਂ ਲਿਖਣ ਦਾ ਕਾਰਜ ਆਰੰਭ ਕਰਵਾ ਲਿਆ ਹੈ ਇਸ ਦੈਵੀ ਮਿਹਰ ਨੂੰ

*ਹੈਲੂਸੀਨੇਸ਼ਨ (**Hallucination**) ਕਿਵੇਂ ਮੰਨ ਲਿਆ ਜਾਵੇ?

ਦਿੱਲੀ ਦੇ ਹਵਾਈ ਅੱਡੇ ਤੋਂ ਸੁਪਤਨੀ ਪ੍ਰਕਾਸ਼ ਕੌਰ ਤੇ ਬੇਟੀ ਬਲਵਿੰਦਰ ਨਾਲ ਜਹਾਜ਼ੇ ਚੜ੍ਹ ਕੇ ੨ ਜਨਵਰੀ ੧੯੮੪ ਸਵੇਰ ਦੇ ੮ ਵਜੇ ਐਡਮਿੰਟਨ ਹਵਾਈ ਅੱਡੇ 'ਤੇ ਆ ਉੱਤਰੇ। ਅਗੋਂ ਵੱਡੀ ਬੇਟੀ ਸੁਰਿੰਦਰ ਕੌਰ ਤੇ ਉਸ ਦਾ ਸੁਜਾਨ ਪਤੀ ਡਾ. ਦੇਵਿੰਦਰ ਸਿੰਘ ਸਾਨੂੰ ਆਪਣੀ ਕਾਰ ਵਿਚ "ਅਲਬਰਟਾ" ਰਾਜ ਦੇ ਗਰੈਂਡਪ੍ਰੈਰੀ ਨਗਰ ਵਿਚ ਅਪਣੇ ਘਰ ਲੈ ਆਏ। ਕਾਰ 'ਤੇ ਕੀਤੇ ੮ ਗੰਟੇ ਦੇ ਇਸ ਸਫ਼ਰ ਵਿਚ ਸਾਰੀ ਧਰਤੀ ਅਤੇ ਕੋਠੇ ਬਰਫ਼ ਦੀ ਮੋਟੀ ਚਾਦਰ ਵਿਚ ਲਪੇਟੇ ਪਹਿਲੀ ਵਾਰ ਵੇਖ-ਵੇਖ ਹੈਰਾਨ ਹੋ ਰਹੇ ਸਾਂ।

੬ ਜੂਨ ਸੰਨ ੧੯੮੪ ਨੂੰ ਖ਼ਬਰਾਂ ਆਈਆਂ ਕਿ ਇੰਦਰਾ ਸਰਕਾਰ ਨੇ ਹਰਿਮੰਦਰ ਸਾਹਿਬ ਦੇ ਵਿਹੜੇ ਵਿਚ ਟੈਂਕਾਂ ਸਮੇਤ ਫ਼ੌਜ ਲਿਆ ਵਾੜੀ ਹੈ। ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਪੁਰਬ 'ਤੇ ਜੁੜੀਆਂ ਸੰਗਤਾਂ ਦਾ ਕੇਵਲ ਇਥੇ ਹੀ ਨਹੀਂ ਸਗੋਂ ੩੨ ਹੋਰ ਗੁਰਦੁਆਰਿਆਂ ਵਿਚ ਪੁੱਜੀਆਂ ਸਿੱਖ ਸੰਗਤਾਂ ਦਾ ਕਤਲੇਆਮ? ਹਜ਼ਾਰਾਂ ਇਸਤਰੀਆਂ ਮਰਦ ਬੱਚੇ ਬਿਰਧ ਗੋਲੀਆਂ ਨਾਲ ਮਾਰ ਮੁਕਾਏ ਅਥਵਾ ਸਹਿਕਦੇ ਜ਼ਖ਼ਮੀਆਂ ਨੂੰ ਭਾਵ ਜੀਊਂਦੇ ਸਿੱਖ ਪਰਵਾਰਾਂ ਨੂੰ ਬੇਰਹਿਮੀ ਨਾਲ ਸਾੜ ਮੁਕਾਇਆ? ਹਰਿਮੰਦਰ ਸਾਹਿਬ ਦਰਸ਼ਨਾਂ ਨੂੰ ਜਾਂਦੀ ਸੰਗਤਿ ਦੀ ਤਲਾਸ਼ੀ ਲੈਣੀ ਸਰਕਾਰੀ ਹੁਕਮ ਹੋ ਗਿਆ। ਨਿੱਤ ਨਵੇਂ ਜ਼ੁਲਮਾਂ ਭਰੀਆਂ ਖ਼ਬਰਾਂ ਤੋਂ ਦੁਖੀ ਹੋਇਆ ਹਿਰਦਾ ਇਸ ਸੋਚ ਵਿਚ ਡੁੱਬ ਗਿਆ ਕਿ ਦੱਸ ਸਰੂਪੀ ਅਨੂਪਮ ਸਤਿਗੁਰੂ ਨਾਨਕ ਸਾਹਿਬ ਜੀ ਦੇ ਨਿਆਰੇ ਖ਼ਾਲਸਾ ਜੀ ਦੀ ਏਡੀ ਦੁਰਦਸ਼ਾ ਕਿਸ ਦੋਸ਼ ਕਾਰਨ? ਕਰੀਬ ੨੦੦ ਸਾਲਾਂ ਤੋਂ ਲਗਪਗ ਸਾਰੇ ਸਿੱਖ ਵਿਦਵਾਨਾਂ ਦੁਆਰਾ ਵਰਤੇ ਜਾ ਰਹੇ ਇਨ੍ਹਾਂ ਬਚਨਾਂ-

ਜਬ ਲਗ ਖ਼ਾਲਸਾ ਰਹੇ ਨਿਆਰਾ। ਤਬ ਲਗ ਤੇਜ ਦੀਆ ਮੈਂ ਸਾਰਾ।
ਜਬ ਇਹ ਗਹੇ ਬਿਪ੍ਰਨ ਕੀ ਰੀਤ। ਮੈਂ ਨਾ ਕਰੂੰ ਇਨਕੀ ਪਰਤੀਤ॥

ਸਪੱਸ਼ਟ ਹੈ ਕਿ ਤੇਜ਼ ਪ੍ਰਤਾਪ ਕੇਵਲ ਖ਼ਾਲਸਾ ਜੀ ਦੇ ਨਿਆਰੇ ਰਹਿਣ ਨਾਲ ਹੀ ਜੁੜਿਆ ਹੋਇਆ ਹੈ, ਤੇ ਨਿਆਰੇ ਪਦ ਦਾ ਅਰਥ ਬਿੱਪ੍ਰੀ ਰੀਤਾਂ ਤੋਂ ਬਚਿਆ ਹੋਇਆ ਹੈ। ਕੀ ਸਾਰਾ ਹੀ ਸਿੱਖ ਜਗਤ ਬ੍ਰਾਹਮਣੀ ਰੀਤਾਂ ਵਿਚ ਖੁਭ ਚੁੱਕਾ ਹੈ ਜੋ ਸਮੁਚੇ ਸਿੱਖ ਪੰਥ ਦੀ ਦੁਰਦਸ਼ਾ ਹੋਣ ਲਗ ਪਈ? ਕਿਥੇ ਮਿਲੇ ਤਸੱਲੀਬਖ਼ਸ਼ ਉੱਤਰ? ਸੁਝ ਆਈ ਕਿ ਠੀਕ ਉੱਤਰ ਤਾਂ ਕੇਵਲ ਤੇ ਕੇਵਲ ਸਤਿਗੁਰੂ ਗ੍ਰੰਥ ਸਾਹਿਬ ਜੀ ਤੋਂ ਹੀ ਪ੍ਰਾਪਤ ਹੋ ਸਕਣਾ ਹੈ।

੧੯੮੪ ਦੇ ਅੰਤਲੇ ਦਿਨਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਦੀਆਂ ਪੋਥੀਆਂ ਤੋਂ ਅਰਥਾਂ ਸਹਿਤ ਗੁਰੂ ਬਾਣੀ ਸਮਝਣੀ ਅਤੇ ਦ੍ਰਿੜ ਕਰੀ ਜਾਣੀ ਸੁਆਸਾਂ-(ਜੀਵਨ) ਦਾ ਮੰਤਵ ਬਣਾ ਲਿਆ। ਸਵੇਰੇ ੩ ਵਜੇ ਤੋਂ ਰਾਤ ਦੇ ੧੧ ਵਜੇ ਤਾਈਂ ਵਿਸ਼ੇਸ਼ ਕੰਮ ਕੇਵਲ ਅਤੇ

*Footnote :- ਵਿਦੇਸ਼ੀਂ ਆਉਣ ਦੇ ਪਿਛੋਕੜ ਦੀ ਯਾਦ

ਕੇਵਲ ਗੁਰੂ ਸ਼ਬਦ ਵਿਚਾਰ ਹੀ ਬਣ ਗਿਆ-

ਅਵਰਿ ਕਾਜ ਤੇਰੈ ਕਿਤੈ ਨ ਕਾਮ॥ (ਪੰਨਾ-੧੨)

ਗੁਰੂ ਫ਼ੁਰਮਾਨ ਦੇ ਠੀਕ-ਠੀਕ ਅੰਤਰੀਵ ਭਾਵ ਸਮਝ ਲੈਣ ਦੀ ਉਤਸੁਕਤਾ ਢਿੱਲੀ ਨਾ ਪਈ। ਪੰਜਾਬੀ ਅਨੁਵਾਦ ਵਾਲੇ ਸਾਰੇ "ਪੁਰਾਣ" ਅਥਵਾ ਹਿੰਦੂ ਧਰਮ ਦੇ ਗ੍ਰੰਥ ਮੰਗਵਾ ਕੇ ਘੋਖਣੇ ਆਰੰਭ ਕਰ ਦਿੱਤੇ।'

ਅਕਤੂਬਰ ੨੦੦੩ ਵਿਚ ਨੀਊਯਾਰਕ ਸ਼ਹਿਰ (ਅਮਰੀਕਾ) ਦੀ "ਅਕਾਲ ਫੈਡਰੇਸ਼ਨ" ਵਲੋਂ ਵੇਦਾਂਤੀ ਜੀ ਨੂੰ ਸੋਨੇ ਦੇ ਮੈਡਲ ਨਾਲ ਸਨਮਾਨਤ ਕਰਨ ਦੀਆਂ ਖ਼ਬਰਾਂ ਨਸ਼ਰ ਹੋਈਆਂ। ਉਸ ਸਭਾ ਦੇ ਦੋ ਵਿਦਵਾਨ ਮੈਂਬਰਾਂ ਨੇ ਸੰਮਤ ੨੦੦੩ ਦੇ ਮਹੀਨਾ ਮਈ ਤੋਂ ਪੰਥ ਵਿਚੋਂ ਛੇਕੇ ਹੋਏ ਦਾਸਰੇ ਨੂੰ ਕਈ ਤਰ੍ਹਾਂ ਦੇ ਸਬਜ਼ਬਾਗ਼ ਵਿਖਾਉਂਦਿਆਂ ਚੋਰ ਦਰਵਾਜ਼ੇ ਰਾਹੀਂ ਵੇਦਾਂਤੀ ਜੀ ਦੀ ਹਜ਼ੂਰੀ ਵਿਚ ਲੈ ਜਾਣ ਦਾ ਬੜਾ ਯਤਨ ਕੀਤਾ, ਪਰ ਦਾਤਾਰ ਜੀ ਨੇ ਝੂਠੇ ਪੁਜਾਰੀਵਾਦ ਦੀ ਕਥਿਤ ਹਜ਼ੂਰੀ ਵਿਚ ਦੋਸ਼ੀ ਵਜੋਂ ਹਾਜ਼ਰ ਹੋਣ ਤੋਂ ਬਚਾਈ ਰਖਿਆ। ਮੁਸੀਬਤ ਵਿਚ ਫਸਿਆ ਜਾਣ ਕੇ ਕਈ ਸੱਜਣ ਵੀ ਸਾਥ ਛੱਡ ਗਏ। ਪਰ ਇਸ ਨਿਮਾਣੇ ਦੇ ਸਿਰ 'ਤੇ ਸਤਿਗੁਰੂ ਜੀ ਦੇ ਮਿਹਰਾਂ ਭਰੇ ਹੱਥ ਨੇ ਦਿਤੇ ਜਾ ਰਹੇ ਕਈ ਪ੍ਰਕਾਰ ਦੇ ਲਾਲਚਾਂ ਤੋਂ ਹਿਰਦਾ ਅਡੋਲ ਰਖਿਆ:-

ਭੁਜ ਬਲ ਬੀਰ ਬ੍ਰਹਮ ਸੁਖ ਸਾਗਰ ਗਰਤ ਪਰਤ ਗਹਿ ਲੇਹੁ ਅੰਗੁਰੀਆ॥੧॥ ਰਹਾਉ॥ ਸ੍ਰਵਨਿ ਨ ਸੁਰਤਿ ਨੈਨ ਸੁੰਦਰ ਨਹੀ ਆਰਤ ਦੁਆਰਿ ਰਟਤ ਪਿੰਗੁਰੀਆ॥੧॥ ਦੀਨਾ ਨਾਥ ਅਨਾਥ ਕਰੁਣਾ ਮੈ ਸਾਜਨ ਮੀਤ ਪਿਤਾ ਮਹਤਰੀਆ॥ ਚਰਨ ਕਵਲ ਹਿਰਦੈ ਗਹਿ ਨਾਨਕ ਭੈ ਸਾਗਰ ਸੰਤ ਪਾਰਿ ਉਤਰੀਆ॥੨॥੨॥੧੧੫॥ (ਪੰਨਾ-੨੦੩)

ਅਰਥ:- ਹੇ ਬਲੀ ਬਾਹਾਂ ਵਾਲੇ ਸੂਰਮੇ ਪ੍ਰਭੂ! ਹੇ ਸੁੱਖਾਂ ਦੇ ਸਮੁੰਦਰ ਪਾਰਬ੍ਰਹਮ! (ਸੰਸਾਰ-ਸਮੁੰਦਰ ਦੇ ਵਿਕਾਰਾਂ ਦੇ) ਟੋਏ ਵਿਚ ਡਿੱਗਦੇ ਦੀ (ਮੇਰੀ) ਉਂਗਲੀ ਫੜ ਲੈ।੧। ਰਹਾਉ। (ਹੇ ਪ੍ਰਭੂ ! ਮੇਰੇ) ਕੰਨ ਵਿਚ (ਤੇਰੀ ਸਿਫ਼ਤਿ-ਸਾਲਾਹ) ਸੁਣਨ (ਦੀ ਸੂਝ) ਨਹੀਂ, ਮੇਰੀਆਂ ਅੱਖਾਂ (ਅਜਿਹੀਆਂ) ਸੋਹਣੀਆਂ ਨਹੀਂ (ਕਿ ਹਰ ਥਾਂ ਤੇਰਾ ਦੀਦਾਰ ਕਰ ਸਕਣ), ਮੈਂ ਤੇਰੀ ਸਾਧ ਸੰਗਤ ਵਿਚ ਜਾਣ ਜੋਗਾ ਨਹੀਂ ਹਾਂ, ਮੈਂ ਪਿੰਗਲਾ ਹੋ ਚੁੱਕਾ ਹਾਂ ਤੇ ਦੁੱਖੀ ਹੋ ਕੇ ਤੇਰੇ ਦਰ 'ਤੇ ਪੁਕਾਰ ਕਰਦਾ ਹਾਂ (ਮੈਨੂੰ ਵਿਕਾਰਾਂ ਦੇ ਟੋਏ ਵਿਚ ਡਿੱਗਣੋਂ ਬਚਾ ਲੈ) ।੧। ਹੇ ਨਾਨਕ! (ਆਖ)—ਹੇ ਗਰੀਬਾਂ ਦੇ ਖ਼ਸਮ! ਹੇ ਯਤੀਮਾਂ ਉਤੇ ਤਰਸ ਕਰਨ ਵਾਲੇ ! ਹੇ ਸੱਜਣ! ਹੇ ਮਿੱਤਰ ਪ੍ਰਭੂ! ਹੇ ਮੇਰੇ ਪਿਤਾ! ਹੇ ਮੇਰੀ ਮਾਂ ਪ੍ਰਭੂ ! ਤੇਰੇ ਸੰਤ ਤੇਰੇ ਸੋਹਣੇ ਚਰਨ ਅਪਣੇ ਹਿਰਦੇ ਵਿਚ ਰੱਖ ਕੇ ਸੰਸਾਰ-ਸਮੁੰਦਰ ਤੋਂ ਪਾਰ ਲੰਘਦੇ ਹਨ, (ਮਿਹਰ ਕਰ, ਮੈਨੂੰ ਭੀ ਅਪਣੇ

ਚਰਨਾਂ ਦਾ ਪਿਆਰ ਬਖ਼ਸ਼ ਤੇ ਮੈਨੂੰ ਵੀ ਪਾਰ ਲੰਘਾ ਲੈ)।੨।੨।੧੧੫। ਇਉਂ ਜੋਦੜੀਆਂ ਕਰਦਾ ਗੁਰੂ ਚਰਨਾਂ ਵਿਚ ਟਿਕਿਆ ਸਾਂ ਕਿ ਸੱਚ-ਮੁੱਚ ਹੀ ਚਮਤਕਾਰੀ ਮਿਹਰ ਹੋ ਗਈ। ਉਸੇ ਦੈਵੀ ਸ਼ਕਤੀ ਨੇ ਕਲਮ ਫੜ ਬੈਠਣ ਜੋਗਾ ਬਣਾ ਦਿੱਤਾ। ਗੁਰਮਤਿ ਗਾਡੀ ਰਾਹ 'ਤੇ ਚੱਲਦਿਆਂ ਗੁਰਮਤਿ ਵਿਚਾਰਾਂ ਲਿਖਣ ਦਾ ਸਹੀ ਰਸਤਾ ਵਿਖਾਉਣ ਲਈ ਗੁਰਦੇਵ ਪਿਤਾ ਜੀ ਨੇ ਅਪਣੀ ਦੈਵੀ "ਉਂਗਰੀਆ" ਆਣ ਫੜਾਈ। ਨੌਵੀਂ ਪੁਸਤਕ ਵਿਚ ਪਾਠਕਾਂ ਦੀ ਉਪਰੋਕਤ ਮੰਗ ਪੂਰੀ ਕਰਨ ਕਰ ਦਾ ਯਤਨ ਆਰੰਭ ਕਰ ਲਿਆ ਤਾਂ-

ਸਗਲ ਬਿਧੀ ਜੁਰਿ ਆਹਰੁ ਕਰਿਆ ਤਜਿਓ ਸਗਲ ਅੰਦੇਸ਼ਾ ॥
ਕਾਰਜੁ ਸਗਲ ਅਰੰਭਿਓ ਘਰ ਕਾ ਠਾਕੁਰ ਕਾ ਭਾਰੋਸਾ ॥੧ ॥ (ਪੰਨਾ-੧੨੬੬)

ਪ੍ਰਕਾਸ਼ਤ ਹੋ ਚੁਕੀਆਂ ਪੁਸਤਕਾਂ ਦਾ ਸੰਖੇਪ ਲਿਖਣਾ ਆਰੰਭ ਕਰਨ ਤੋਂ ਪਹਿਲਾਂ ਜਨਮਤ ਸਤਿਗੁਰੂ ਨਾਨਕ ਸਾਹਿਬ ਜੀ ਦੀ ਹਜ਼ੂਰੀ ਵਿਚ ਸ਼ਰਧਾਂਜਲੀ:-

ਸਲੋਕ ਦੋਹਾ ਮ: ੫ ॥ ਏਕੁ ਜਿ ਸਾਜਨੁ ਮੈ ਕੀਆ ਸਰਬ ਕਲਾ ਸਮਰਥੁ ॥
ਜੀਉ ਹਮਾਰਾ ਖੰਨੀਐ ਹਰਿ ਮਨ ਤਨ ਸੰਦੜੀ ਵਥੁ ॥ ੧ ॥ (ਪੰਨਾ-੩੨੨)

ਜ਼ਿਲ੍ਹਾ ਗੁਰਦਾਸਪੁਰ ਦੇ ਦੀਨਾਨਗਰ ਠਾਣੇ ਵਿਚ ਦਰਿਆ ਰਾਵੀ ਨੇੜੇ ਛੋਟੇ ਜਿਹੇ (ਨਾਨਕੇ) ਪਿੰਡ 'ਫ਼ਰੀਦਪੁਰ' ਵਿਖੇ ੧੭ ਅਕਤੂਬਰ ਸੰਨ ੧੯੨੨ ਦੇ ਜਨਮੇ ਦਾਸਰੇ ਦੇ ਜੀਵਨ ਦਾ ਇਹ ੮੮ਵਾਂ ਸਾਲ ਹੈ। ਉਸੇ ਹੀ ਦਇਆਲੂ ਗੁਰਦੇਵ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਆਪ ਹੀ ਸਹਾਈ ਹੋ ਕੇ ਕਮਜ਼ੋਰ ਸਿਹਤ ਬ੍ਰਿਧ ਦਾਸਰੇ ਕੋਲੋਂ ਇਹ ਜ਼ਰੂਰੀ ਕਾਰਜ ਆਪ ਸਹਾਈ ਹੋ ਕਰਵਾ ਲੈਣ। ਮੁੜ-ਮੁੜ ਭੁੱਲਾਂ ਕਰ ਰਹੇ ਦਾਸਰੇ ਦੇ ਮਨ 'ਤੇ ਗੁਰਦੇਵ ਜੀ ਦੇ ਇਹ ਪਾਵਨ ਬਚਨ- (**"ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ ॥"**) ਸਾਹਮਣੇ ਆ ਖਲੋਤਾ। ਪਰਮਾਣ- ਨਿੱਘਰੇ ਹੋਏ ਮਨੁੱਖਾਂ ਦੇ ਸਮੂਹ ਵਿਚੋਂ ਸੱਚੇ ਸੰਤ ਤੇ ਅਦੁੱਤੀ ਮਰਜੀਵੜੇ ਸੂਰਮੇ ਬਣਾਉਣ ਆਏ, ਸਤਿਗੁਰੂ ਨਾਨਕ ਸਾਹਿਬ ਜੀ ਨੂੰ ਭਾਵੇਂ ਦਸ ਜਾਮੇ ਧਾਰਨੇ ਪਏ, ਪਰ ਉਸ ਅਨੂਪਮ ਸਤਿਗੁਰੂ ਜੀ ਨੇ, ਅਕਾਲਪੁਰਖ ਦੇ ਗੁਣਾਂ ਦਾ ਸਾਂਝੀਵਾਲ ਅਜਿਹਾ ਨਿਆਰਾ **"ਮਨੁੱਖ"** (ਸਤਿਗੁਰੂ ਨਾਨਕ ਸਾਹਿਬ) ਸੰਸਾਰ ਦੇ ਇਤਿਹਾਸ ਨੂੰ ਦੇ ਦਿੱਤਾ। ਸਤਿਗੁਰੂ ਨਾਨਕ ਜੀ ਦੇ ਸਭ ਗੁਣਾਂ ਦੇ ਸੋਹਿਲੇ (ਧੰਙਾਣੇ ਬਣ ਬੈਠੇ) ਵੈਰੀਆਂ ਨੇ ਵੀ ਅੱਡੀਆਂ ਚੁੱਕ-ਚੁੱਕ ਕੇ ਗਾਏ ਦੀ ਗਵਾਹੀ ਇਤਿਹਾਸ ਭਰ ਰਿਹਾ ਹੈ। ਪਰ ਵੱਡੀ ਹੈਰਾਨੀ ਹੈ ਕਿ, ਉੱਚੇਚੇ ਤੇਜ ਪ੍ਰਤਾਪ ਦਾ ਮਾਲਕ ਬਣ ਕੇ ਰੱਬੀ ਗੁਣਾਂ ਦੀ ਰੌਸ਼ਨੀ ਨਾਲ ਗਗਨ ਮੰਡਲਾਂ ਵਿਚ ਜਗਮਗਾਉਂਦਾ, ਨਿਆਸਰਿਆਂ ਦਾ ਆਸਰਾ, ਦੀਨ ਦੁਖਆਰਿਆਂ ਦੀ ਰੱਖਿਆ ਕਰਦਿਆਂ ਹੱਸਦੇ-ਹੱਸਦੇ ਪੁਰਜ਼ਾ-ਪੁਰਜ਼ਾ ਕਰਵਾ ਲੈਣ ਵਾਲਾ, (ਸੱਜਣ ਤੇ ਵੈਰੀ ਸਮੇਤ) ਸਰਬੱਤ ਦੇ ਭਲੇ ਦੀਆਂ ਅਰਦਾਸਾਂ ਕਰਨ ਵਾਲਾ ਬ੍ਰਹਮਾ, ਲੰਕਾ

ਸਮੇਤ ਸਾਰੇ ਭਾਰਤ ਨੂੰ ਜਿੱਤਦੇ ਆ ਰਹੇ ਅੰਗ੍ਰੇਜ਼ਾਂ ਲਈ ਦਰਿਆ ਸਤਿਲੁਜ ਨੂੰ ਅਪਣੇ ਰਾਜ ਪਸਾਰੇ ਦੀ ਹੱਦ ਮੰਨ ਲੈਣ 'ਤੇ ਮਜ਼ਬੂਰ ਕਰ ਦੇਣ ਵਾਲਾ ਹਰਮਨ ਪਿਆਰਾ "**ਬੀਰ ਖ਼ਾਲਸਾ**" ਕਿਸ ਕਾਰਨ ਅਲੋਪ ਹੁੰਦਾ ਹੀ ਤੁਰਿਆ ਜਾ ਰਿਹਾ ਹੈ? ਇਸ ਕਰੁਣਾਮਈ ਵਿਥਿਆ ਦਾ ਵੇਰਵਾ, ਪੁਸਤਕ (**ਬਿੱਪ੍ਰਨ ਕੀ ਰੀਤ ਤੋਂ ਸਚੁ ਦਾ ਮਾਰਗ**) ਦੇ ਪਹਿਲੇ ਭਾਗ ਤੋਂ ਹੀ ਲਿਖਣਾ ਆਰੰਭ ਕੀਤਾ ਹਇਆ ਹੈ।

ਦੇਸ਼ ਦੇ ਹਾਲਾਤ ਤੋਂ ਸੁਚੇਤ ਸਤਿਗੁਰੂ ਜੀ ਨੇ ਭਾਂਪ ਲਿਆ ਸੀ, ਕਿ, ਝੂਠ ਦੇ ਸਹਾਰੇ ਠੱਗੀਆਂ ਦੇ ਜਾਲ ਵਿਛਾਈ ਬੈਠੇ (ਦੇਸ਼-ਵਿਦੇਸ਼ ਦੇ) ਧਰਮ ਆਗੂਆਂ ਨੇ, ਉਨ੍ਹਾਂ ਦੇ ਸਿਰਜੇ ਇਸ ਨਿਆਰੇ "ਮਨੁੱਖ ਰੂਪ ਸਚੁ" ਦੀ ਝਾਲ, ਕਦੇ ਨਹੀਂ ਝੱਲਣੀ ਅਤੇ ਇਸ ਨੂੰ ਮੁੜ ਉਸੇ ਹੀ ਗੁਮਨਾਮੀ ਦੀ ਹਨੇਰੀ ਖੱਡ ਵਿਚ ਧੱਕ ਦੇਣ ਲਈ ਕਈ ਸ਼ਕਤੀਆਂ ਨੇ ਸਿਰ-ਜੋੜ ਖਲੋਣਾ ਹੈ। ਤੌਖ਼ਲਾ ਸੀ ਕਿ, ਸ਼ਾਇਦ ਇਹ ਨਵ ਜਨਮਿਆਂ ਨਿਆਰਾ ਮਨੁੱਖ, ਬਹੁਪੱਖੀ ਵੈਰੀ-ਮਾਰ ਤੋਂ ਚਕਰੀ ਖਾ ਕੇ ਕਿਤੇ, ਮੁੜ ਭੇਡਾਂ ਦੇ ਉਸੇ ਹੀ ਵੱਗ ਵੱਲ ਨੂੰ ਮੁਹਾਣਾ ਨਾ ਮੋੜ ਤੁਰੇ ਜਿੱਥੋਂ ਇਸ ਨੂੰ ਬੜੀ ਕਰੜੀਆਂ ਘਾਲਣਾਂ ਘਾਲਣ ਅਤੇ ਕੁਰਬਾਨੀਆਂ ਦੇਣ ਪਿਛੋਂ ਕੱਢਿਆ ਸੀ? ਵੱਡੇ ਤੋਂ ਵੱਡੇ ਬੜੇ ਭਿਆਨਕ ਘੱਲੂਘਾਰਿਆਂ ਵਿਚੋਂ ਸਹੀ ਸਲਾਮਤ ਬਚ ਨਿਕਲ ਕੇ, ਮੁੜ ਪੈਰਾਂ 'ਤੇ ਖੜ੍ਹੇ ਹੋ ਜਾਣ ਜੋਗਾ ਬਣ ਖਲੋਣ ਲਈ, ਸੁਜਾਨ ਸਤਿਗੁਰੂ ਜੀ, ਸਾਨੂੰ ਅਜਿਹੇ ਨਿਆਰੇ ਅੰਮ੍ਰਿਤਮਈ ਗਿਆਨ-ਨਿਧਿ- {ਸ੍ਰੀ ਗੁਰੂ ਗ੍ਰੰਥ ਸਾਹਿਬ-(ਰੂਪ ਸਤਿਗੁਰੂ ਨਾਨਕ ਸਾਹਿਬ ਜੀ)} ਦੇ ਲੜ, ਆਪਣੀ ਹੱਥੀਂ ਲਾ ਗਏ, ਜੋ ਹਰ ਪੱਖੋਂ ਸੰਪੂਰਨ ਤੇ ਅਨੂਪਮ ਹਨ। ਸੈਂਕੜੇ ਸ਼ਬਦਾਂ ਦੁਆਰਾ ਤਾਕੀਦਾਂ ਲਿਖ ਗਏ ਕਿ, ਗਿਆਨ ਦੇ ਇਸ ਮਹਾਨ ਸਾਗਰ ਦੀਆਂ ਕੇਵਲ ਪਰਿਕ੍ਰਮਾ ਕਰਕੇ ਮੱਥੇ ਹੀ ਨਾ ਰਗੜਦੇ ਰਹਿਉ, (**ਨੋਟ:-ਧਿਆਨ ਰਹੇ ਕਿ ਸਤਿਗੁਰੂ ਜੀ ਨੇ 'ਪਰਿਕ੍ਰਮਾ' ਜਾਂ 'ਪਰਕਰਮਾ' ਲਫ਼ਜ਼ ਗੁਰੂ ਬਾਣੀ ਵਿਚ ਕਿਤੇ ਨਹੀਂ ਲਿਖਿਆ। ਸਰੀਰ ਦੇ ਤਲ 'ਤੇ ਕੀਤੇ ਅਜਿਹੇ ਕਰਮ-ਕਾਂਡ ਕਰਨ ਵਾਲਿਆਂ ਨੂੰ ਸਤਿਗੁਰ ਜੀ ਨੇ ਮਨਮੁਖ ਫ਼ੁਰਮਾਨ ਕੀਤਾ ਹੈ। ਪਰਕਰਮਾ ਕਰਨੀਆਂ ਬ੍ਰਾਹਮਣ ਦੀ ਦੇਣ ਹੈ ਜੋ ਅਸੀਂ ਘੁੱਟ ਕੇ ਗਲ ਨਾਲ ਲਾ ਲਈਆਂ ਅਤੇ ਅਪਣੇ ਸਤਿਗੁਰੂ ਜੀ ਦੀ ਇਕ ਵੀ ਸਿਖਿਆ ਨਾ ਮੰਨੀ ?**) ਇਸ ਅਨੂਪਮ ਗਿਆਨ ਨੂੰ ਸਮਝ ਕੇ ਇਸ ਅਨੁਸਾਰ ਅਪਣਾ ਜੀਵਨ ਢਾਲ ਲੈਣਾ ਹੀ ਸਰਬ ਰੋਗ ਦਾ ਦਾਰੂ ਹੈ। ਪਰ ਤਜਰਬੇ ਕਾਰ ਵੈਰੀ ਨੇ ਅਜਿਹੀ ਚਕਰੀ ਭੁਆਈ ਕਿ, ਸੰਸਾਰ ਲਈ ਭਲੇ ਦੀ ਕਾਮਨਾ ਵਾਲੀਆਂ ਅਰਦਾਸਾਂ ਕਰਨ ਵਾਲੇ ਅਸੀਂ, (ਖ਼ਾਲਸਾ ਪੰਥੀਏ?) ਅਪਣੇ ਹੀ ਗੁਰ ਭਾਈਆਂ ਦੇ ਵੈਰੀ ਬਣਦੇ ਰਹਿਣ ਨੂੰ, ਗੁਰ-ਮਰਯਾਦਾ ਥਾਪ ਬੈਠੇ? (ਤੂੰ ਨਿਗੁਰਾ ਹੈਂ, ਤੂੰ ਪਤਿਤ ਹੈਂ, ਮੈਂ ਹੀ ਅਸਲੀ ਖ਼ਾਲਸਾ ਹਾਂ" ਅਹੰਕਾਰ ਗ੍ਰਸੀ ਬੋਲੀ ਪ੍ਰਚਲਤ ਹੋ ਗਈ ਅਤੇ- "ਨਾਨਕ ਮੂਰਖੁ ਏਕੁ ਤੂ ਅਵਰ ਭਲਾ ਸੈਸਾਰੁ॥"--"ਹਮ ਨਹੀਂ ਚੰਗੇ ਬੁਰਾ ਨਹੀ ਕੋਇ॥" ਆਦਿ, ਆਦਿ, ਨਿਮਰਤਾ ਗੁਣ ਦੇ ਸੋਮੇ, ਅਨਮੋਲ ਬਚਨਾਂ ਤੋਂ ਅਣਜਾਣ ਬਣ ਗਏ?)

ਦਾਸ ਨੂੰ ਪਰਤੱਖ ਨਜ਼ਰੀਂ ਆ ਰਿਹਾ ਹੈ ਕਿ, ਅਜੇ ਕੇਵਲ ਬੇਰ ਹੀ ਡੁੱਲ੍ਹੇ ਹਨ। ਜੇ ਸਾਡੇ ਦਿਲਾਂ ਵਿਚ ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਕਦਰ-ਮਾਣ ਬਣਿਆ ਰਹੇ, ਅਥਵਾ ਜੇ ਇਸ ਅਨੂਪਮ ਸਤਿਗੁਰੂ ਜੀ ਦਾ ਬਰਕਤਾਂ ਵਾਲਾ ਹੱਥ ਸਾਡੇ ਸਿਰ 'ਤੇ ਟਿਕਿਆ ਰਹੇ, ਤਾਂ ਡੁਲਿਆਂ ਬੇਰਾਂ ਦਾ ਵੀ ਕਦੇ ਕੁਝ ਵਿਗੜਿਆ ਹੈ? ਸਾਨੂੰ ਗੁਰਮਤਿ ਸਮਝਣ ਦੀ ਚੇਟਕ ਲੱਗਣ ਦੀ ਢਿੱਲ ਹੈ, ਜਦੋਂ ਹੀ ਸਤਿਗੁਰੂ ਜੀ ਤੋਂ ਅਪਣੇ ਅੰਦਰ ਰੱਬੀ ਗੁਣ ਪੈਦਾ ਕਰਨ ਦਾ ਵੱਲ ਸਿਖ ਲਿਆ, ਅਸੀ ਅਪਣੇ ਅਸਲੇ ਵੱਲ ਪਰਤ ਆਉਣ ਵਿਚ ਜ਼ਰਾ ਢਿੱਲ ਨਹੀਂ ਲਾਉਣੀ :--

ਵੱਡੀ ਹੈਰਾਨੀ ਇਹ ਹੋ ਰਹੀ ਹੈ ਕਿ ਅਸੀਂ ਅਜ ਤਾਈਂ ਇਹ ਫ਼ੈਸਲਾ ਨਹੀਂ ਕਰ ਸਕੇ ਕਿ :-

(ੳ)- ਗੁਰੂ ਨਾਨਕ ਸਾਹਿਬ ਜੀ ਸੰਸਾਰ ਵਿਚ ਆਏ ਪਹਿਲੇ ਤੇ (ਸ਼ਾਇਦ) ਆਖ਼ਰੀ ਰਹਿਬਰ ਹਨ ਜਿਨ੍ਹਾਂ ਨੇ ਅਪਣਾ ਗੁਰਮਤਿ ਗਿਆਨ ਅਪਣੀ ਕਲਮ ਨਾਲ ਨਾਲੋ ਨਾਲ ਲਿਖਦੇ ਰਹਿ ਕੇ ਇਕ ਕਿਤਾਬ ਦੇ ਰੂਪ ਵਿਚ ਸੰਭਾਲ ਲਿਆ ਹੋਇਆ ਸੀ।

(ਅ) **"ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥"** (ਪੰਨਾ-੯੬੬)-ਗੁਰੂ ਵਾਕ ਤੋਂ ਸਿੱਧ ਹੈ ਕਿ ਬਾਕੀ ੯ ਗੁਰੂ ਸਾਹਿਬਾਨ ਦੀ ਕੇਵਲ ਕਾਇਆ ਹੀ ਅਡੋ ਅੱਡਰੀ ਸੀ ਪਰ ਉਹ ਸਾਰੇ **ਸਤਿਗੁਰੂ ਨਾਨਕ ਸਾਹਿਬ ਜੀ ਦੇ ਲਿਖਤੀ "ਗਿਆਨ-ਜੋਤਿ" ਦੇ ਅਨੁਸਾਰੀ** ਅਤੇ ਉਸੇ ਹੀ ਜੀਵਨ ਜੁਗਤਿ ਦੇ ਹੀ ਧਾਰਨੀ ਅਤੇ ਪਰਚਾਰਕ ਰਹੇ ਸਨ।

(ੲ) ਸਤਿਗੁਰ ਨਾਨਕ ਜੀ ਨੇ ਭਾਰਤ ਵਿਚ ਪਰਚਲਤ ਇਸਲਾਮ ਅਤੇ ਹਿੰਦੂ ਮੁਖੀ ਧਰਮਾਂ ਵਰਗਾ ਕਰਮ ਬੰਦਸ਼ਾਂ ਵਾਲਾ ਅਥਵਾ ਧਾਰਮਕ ਬੰਧਨਾਂ ਵਾਲਾ ਕੋਈ ਨਵਾਂ ਧਰਮ (**ਮਜ਼ਹਬ Religion**) ਨਹੀਂ ਸੀ ਚਲਾਇਆ।

(ਸ)-ਲੁਟੇਰੇ ਧਾਰਮਕ ਆਗੂਆਂ ਦੇ ਲੁੱਟ-ਜਾਲ ਵਿਚ ਫਸੇ ਅਪਣੀ ਕਰੜੀ ਮਿਹਨਤ ਦੀ ਕਮਾਈ ਲੁਟਾ ਰਹੇ ਮਨੁੱਖਾਂ ਦਾ ਸਹੀ ਮਾਰਗਦਰਸ਼ਨ ਕਰਨ ਵਾਲੇ।

(ਹ)-ਇਕ ਸੱਚੇ ਰੱਬ ਦੀ ਥਾਂ ਬੇਅੰਤ ਫੋਕਟ ਭਗਵਾਨਾਂ ਦੇ ਪੁਜਾਰੀ ਬਣ ਚੁੱਕੇ, ਪ੍ਰਾਣੀਆਂ ਨੂੰ ਇਕ ਅਕਾਲ ਪੁਰਖੁ ਦੇ ਭਗਤ ਬਣਨਾ।

(ਕ)-"ਪਰਮੇਸਰ ਤੇ ਭੁਲਿਆ ਵਿਆਪਨਿ ਸਭੇ ਰੋਗ" ॥ (ਪੰਨਾ-੧੩੫)

ਵਿਕਾਰੀ ਹੋਏ ਦੁਖਿਆਰੇ ਮਨੁੱਖ ਮਾਤਰ ਨੂੰ ਇਕ ਅਕਾਲ ਦੀ ਸੋਝੀ ਕਰਾ ਕੇ ਸੰਤ

ਸੂਰਮਾ ਬਣਾਉਣ ਲਈ ਨਿਆਰੀ ਜੀਵਨ ਜੁਗਤ ਦੀ ਬਖ਼ਸ਼ਸ਼ ਕੀਤੀ। ਅਨੂਪਮ ਸਤਿਗੁਰੂ ਨਾਨਕ ਸਾਹਿਬ ਜੀ ਦੀ ਨਿਰਾਲੀ ਗਿਆਨ ਜੋਤਿ ਦੀ ਲਾਸਾਨੀ ਵਿਸ਼ੇਸ਼ਤਾ ਨੂੰ ਭੁਲਾ ਬਹਿਣਾ ਸਾਡੀ ਸਭ ਤੋਂ ਵੱਡੀ ਬਦ- ਕਿਸਮਤੀ ਬਣ ਰਹੀ ਹੈ। ਸੰਨ ੧੯੮੪ ਦੇ ਅੰਤਲੇ ਦਿਨਾਂ ਤੋਂ ਗੁਰੂ ਬਾਣੀ ਅਥਵਾ ਗੁਰਮਤਿ ਦੀ ਖੋਜ ਵਿਚ ਜੁੱਟੇ ਦਾਸਰੇ ਦੀ ਅਲਪ ਬੁੱਧੀ ਅਨੁਸਾਰ ਉਪਰੋਕਤ ਖ਼ੁਨਾਮੀਆਂ ਵਾਪਰਨ ਦੇ ਕਾਰਨ ਕੀ ਹੈ? ਸਤਿਗੁਰੂ ਨਾਨਕ ਜੀ ਅਜੇ ੧੧ ਸਾਲ ਉਮਰ ਦੇ ਹੀ ਸਨ ਕਿ (ਹਜ਼ਾਰਾਂ ਸਾਲਾਂ ਤੋਂ ਹਿੰਦੂ ਜਗਤ ਦੇ ਧਰਮ-ਗੁਰੂ ਮੰਨੇ ਗਏ) ਬ੍ਰਾਹਮਣਾਂ ਦੇ ਪਵਿੱਤਰ ਜਨੇਊ ਨੂੰ ਧਾਰਨ ਕਰਨ ਤੋਂ ਨਾਂਹ ਕਰ ਦੇਣੀ, ਗੁਰੂ ਨਾਨਕ ਸਾਹਿਬ ਜੀ ਦਾ ਅਨੂਪਮ ਬਹਾਦਰੀ ਵਾਲਾ ਕ੍ਰਾਂਤੀਕਾਰੀ ਕਾਰਨਾਮਾ ਸੀ। ਮੈਲਾ ਹੋ ਗਲ ਸੜ ਜਾਣ ਵਾਲੇ ਧਾਗੇ ਦੇ ਜਨੇਊ ਦੀ ਥਾਂ ਸਦਾ ਨਾਲ ਨਿਭਣ ਵਾਲੇ ਜਨੇਊ

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ .....॥ (ਪੰਨਾ-੪੭੧)

ਦੀ ਮੰਗ ਹੁੰਦੀ ਸੁਣੀ ਤਾਂ ਵੇਦਕ ਧਰਮ ਦੇ ਵਿਦਵਾਨਾਂ ਦੀ ਪ੍ਰੇਸ਼ਾਨੀ ਦੀ ਹੱਦ ਨਾ ਰਹੀ। ਕੱਲ੍ਹ ਦੇ ਛੋਕਰੇ ਦੀ ਜ਼ਬਾਨੋ ਅਜਿਹਾ **ਕਲਿਆਣ ਕਾਰੀ ਸਚੁ**? ਹਿੰਦੂ ਪਰਵਾਰ ਵਿਚ ਪ੍ਰਗਟ ਹੋਇਆ ਇਹ ਮੁੰਡਾ ਪ੍ਰੋਹਿਤਵਾਦੀ ਮਾਇਆਜਾਲ ਲਈ ਗੌਤਮ ਬੁੱਧ ਨਾਲੋਂ ਹਜ਼ਾਰਾਂ ਗੁਣਾ ਵੱਧ ਖ਼ਤਰਨਾਕ ਸਿੱਧ ਹੋ ਸਕਦਾ ਹੈ? ਬਿੱਪ੍ਰ ਗੁਰੂ ਨੂੰ ਅਪਣੀ ਪਦਵੀ ਡੋਲਦੀ ਅਨੁਭਵ ਹੋਣ ਦੇ ਨਾਲ ਸਦੀਵੀ ਆਮਦਨ ਵਾਲਾ ਵਿਸ਼ਾਲ ਕਰਮਕਾਂਡੀ ਭਰਮ-ਜਾਲ ਵੀ ਤਾਰ-ਤਾਰ ਹੁੰਦਾ ਪ੍ਰਤੱਖ ਨਜ਼ਰੀਂ ਆਇਆ। ਦੂਰ ਦ੍ਰਿਸ਼ਟ ਵਿਦਵਾਨ ਬ੍ਰਾਹਮਣ ਨੇ ਝੱਟ ਤਾੜ ਲਿਆ ਕਿ* **"ਨਾਨਕ ਜੀ" 'ਜਨਮਤ'=(ਜਨਮ ਤੋਂ ਹੀ, ਪੈਦਾਇਸ਼ੀ)** ਜਗਤ ਗੁਰੂ ਹਨ। ਗੌਤਮ ਬੁੱਧ ਗਿਆਨ ਦਾਤਾ ਦੇ ਰੂਪ ਵਿਚ ਪ੍ਰਗਟ ਹੋਣ ਤੋਂ ਪਹਿਲਾਂ ਅਪਣੀ ਉਮਰ ਦੇ ੮੦ ਸਾਲਾਂ ਤਕ ਬੁੱਧਗਯਾ ਦੇ ਨੇੜ੍ਹੇ ਇਕ ਪਿੱਪਲ ਦੇ ਹੇਠਾਂ ਜਪ-ਤਪ ਕਰਦਾ ਰਿਹਾ ਸੀ, ਪਰ (ਗੁਰੂ) 'ਨਾਨਕ' ਬਾਲ ਉਮਰੇ ਹੀ ਬ੍ਰਾਹਮਣ-ਗੁਰੂ ਨੂੰ ਕਲਿਆਣਕਾਰੀ ਸਦੀਵੀਂ ਜਨੇਊ ਦੀ ਵਿਆਖਿਆ ਸਮਝਾ ਰਿਹਾ ਹੈ?" ਜਿਸ ਵਿਦਵਾਨ ਬ੍ਰਾਹਮਣ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੋਰ ਕਈ ਕੁਝ ਦੇ ਨਾਲ ਇਉਂ ਵੀ ਲਿਖਿਆ ਹੈ-

ਕਬੀਰ ਬਾਮਨੁ ਗੁਰੂ ਹੈ ਜਗਤ ਕਾ..... ॥੨੩੭॥ (ਪੰਨਾ-੧੩੭੭)

ਉਹ ਸਾਰਾ ਬ੍ਰਾਹਮਣ ਵਰਗ ਗੁਰੂ ਨਾਨਕ ਜੀ ਬਾਰੇ ਪੂਰੀ ਤਰ੍ਹਾਂ ਸੁਚੇਤ ਹੋ ਬੈਠਾ।

{Footnote :-੨੦ ਵੈਸਾਖ ਸੰਮਤ ੧੫੨੬- "੧੫ ਅਪ੍ਰੈਲ ਸੰਨ ੧੪੬੯" ਨੂੰ ਮਹਿਤਾ ਕਲਿਆਣ ਚੰਦ ਬੇਦੀ ਦੇ ਘਰ ਮਾਤਾ ਤ੍ਰਿਪਤਾ ਜੀ ਦੇ ਉਦਰ ਤੋਂ, ਜ਼ਿਲ੍ਹਾ ਸ਼ੇਖ਼ੂਪੁਰਾ (ਪਾਕਿਸਤਾਨ) ਦੇ ਨਗਰ 'ਰਾਇ ਭੁਇ ਦੀ ਤਲਵੰਡੀ ' (ਨਾਨਕਾਣਾ ਸਾਹਿਬ) ਵਿਖੇ ਜਨਮੇ- ਮਹਾਨ ਕੋਸ਼ ਸਫ਼ਾ -੬੯੨ ਜਿਲਦ ਛੇਵੀਂ-ਸੰਨ ੧੯੯੯)। ਵਿਦਤ ਰਹੇ ਕਿ, ਗੁਰੂ ਨਾਨਕ ਸਾਹਿਬ ਜੀ ਦੇ ਪਿਤਾ ਰਾਏ ਬੁਲਾਰ ਨਾਮੀ ਰਜਵਾੜੇ ਦੇ ਮਾਲ ਮੰਤਰੀ ਹੋਣ ਕਰਕੇ ਹੀ ਉਹ 'ਮਹਿਤਾ' ਅਖਵਾਉਂਦੇ ਸਨ। ਸਤਿਗੁਰੂ ਜੀ ਦੇ ਵਿਰੋਧੀਆਂ ਨੇ ਜਨਮ ਸਾਖੀਆਂ ਵਿਚ ਉਨ੍ਹਾਂ ਨੂੰ ਮਹਿਤਾ ਕਲਿਆਣ ਚੰਦ ਦੇ ਥਾਂ 'ਕਾਲੂ ਪਟਵਾਰੀ' ਲਿਖ ਦਿਤਾ। ਮਹਿਤਾ ਉਨ੍ਹਾਂ ਦੀ ਗੋਤ ਸਮਝਣਾ ਭੁੱਲ ਹੈ। ਉਨ੍ਹਾਂ ਦੀ ਗੋਤ 'ਬੇਦੀ' ਸੀ। ਗੁਰੂ ਫ਼ੁਰਮਾਨ-"ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥" (ਪੰਨਾ ੪੬੮) ਸਿੱਧ ਕਰਦਾ ਹੈ ਕਿ ਮਹਤਾ ਪਦ ਦਾ ਅਰਥ ਵਜ਼ੀਰ ਹੈ'

ਬੜੀ ਕਰੜੀ ਸਮੱਸਿਆ ਕੀ ਬੱਲ੍ਹੇ ਸ਼ਾਹ ਦੇ ਇਹ ਬਚਨ-**"ਹਿਕੋ ਅਲਫ਼ ਤੇਰੇ ਦਰਕਾਰ। ਅਲਫ਼ੋਂ ਬੱਸ ਕਰੀਂ ਉਇ ਯਾਰ"**-ਕਿਉਂਕਿ ਉਰਦੂ ਜ਼ਬਾਨ ਦੇ ਪਹਿਲੇ ਹੀ ਅੱਖਰ "ਅਲਫ਼" ਤੋਂ "ਅੱਲਾ" ਬਣਾ ਜਾਂਦਾ ਸੀ ਸੋ ਬੁੱਲ੍ਹੇ ਸ਼ਾਹ ਲਈ ਇਕ ਅਲਫ਼ ਹੀ ਕਾਫ਼ੀ ਬਣ ਗਿਆ ਪਰ ਜਨਮਤ ਸਤਿਗੁਰੂ ਨਾਨਕ ਸਾਹਿਬ ਜੀ ਦੇ ਇਹ ਪਾਵਨ ਬਚਨ:-

ਜੇ ਤੂੰ ਪੜਿਆ ਪੰਡਿਤੁ ਬੀਨਾ ਦੁਇ ਅਖਰ ਦੁਇ ਨਾਵਾ॥ ਪ੍ਰਣਵਤਿ ਨਾਨਕੁ ਏਕੁ ਲੰਘਾਏ ਜੇ ਕਰਿ ਸਚਿ ਸਮਾਵਾਂ॥੩॥੨॥੧੦॥ (ਪੰਨਾ-੧੧੭੧)

ਗੁਰਦੇਵ ਜੀ ਪੈਂਤੀ ਦੇ ਕਿਸੇ ਅੱਖਰ 'ਤੇ ਹੀ ਨਾ ਅੜ ਬੈਠੇ (ਕਿਉਂ ਅਲਫ਼ ਤੋਂ ਅੰਬ, ਉੱਲੂ, ਊਠ ਆਦਿ ਕਈ ਕੁਝ ਅੱਖੀਆਂ ਸਾਹਮਣੇ ਆ ਸਕਦਾ ਹੈ) ਸੋ ਜਨਮਤ ਗੁਰਦੇਵ ਜੀ ਦੋ ਅਖਰਾਂ ਦੇ ਜੋੜ ਤੋਂ ਬਣੇ "ਰਾਮ" ਅਥਵਾ "ਹਰਿ" ਨਾਲ ਜਾ ਜੁੜੇ।

੧- ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ॥ ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ॥੧॥ ਅਲਹ ਰਾਮ ਜੀਵਉ ਤੇਰੇ ਨਾਈ॥ ਤੂ ਕਰਿ ਮਿਹਰਾਮਤਿ ਸਾਈ ॥੧॥ ਰਹਾਉ॥ ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ॥ ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ॥੨॥ ਬ੍ਰਹਮਨ ਗਿਆਸ ਕਰਹਿ ਚਉਬੀਸਾ ਕਾਜੀ ਮਹ ਰਮਜਾਨਾ॥ ਗਿਆਰਹ ਮਾਸ ਪਾਸ ਕੈ ਰਾਖੇ ਏਕੈ ਮਾਹਿ ਨਿਧਾਨਾ॥੩॥ ਕਹਾ ਉਡੀਸੇ ਮਜਨੁ ਕੀਆ ਕਿਆ ਮਸੀਤਿ ਸਿਰੁ ਨਾਂਏਂ॥ ਦਿਲ ਮਹਿ ਕਪਟੁ ਨਿਵਾਜ ਗੁਜਾਰੈ ਕਿਆ ਹਜ ਕਾਬੈ ਜਾਂਏਂ॥੪॥ ਏਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤੁਮ੍ਹਾਰੇ॥ ਕਬੀਰੁ ਪੂੰਗਰਾ ਰਾਮ ਅਲਹ ਕਾ ਸਭ ਗੁਰ ਪੀਰ ਹਮਾਰੇ॥੫॥ ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ॥ ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ॥੬॥੨॥

--✵✵--

ਪਹਿਲਾ ਕਾਂਡ

੧.

"ਸਤਿਗੁਰ ਨਾਨਕ ਪ੍ਰਗਟਿਆ"
ਸਤਿਗੁਰੂ ਨਾਨਕ ਜੀ ਦੀ ਨਿਆਰੀ ਵਿਸ਼ੇਸ਼ਤਾ

ਨਿਆਰੀ ਵਿਸ਼ੇਸ਼ਤਾ:-

ਗੁਰੂ ਨਾਨਕ ਸਾਹਿਬ ਜੀ ਦਾ ਮਾਤਾ ਤ੍ਰਿਪਤਾ ਜੀ ਦੇ ਉਦਰ ਤੋਂ ਜਨਮ ਲੈਣ ਨੂੰ ਅਥਵਾ ਉਨ੍ਹਾਂ ਦੇ ਸੰਸਾਰ 'ਤੇ ਆਉਣ ਨੂੰ ਭਾਈ ਗੁਰਦਾਸ ਜੀ ਨੇ ਇਨ੍ਹਾਂ ਸ਼ਬਦਾਂ ਵਿਚ ਲਿਖਿਆ-

"ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰੂ ਨਾਨਕ ਜਗ ਮਾਹਿ ਪਠਾਇਆ।"

(ਵਾਰ ੧ ਪਉੜੀ-੨੩)

"ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰੂ ਨਾਨਕ ਜਗ ਮਾਹਿ ਪਠਾਇਆ।" (ਵਾਰ ੧ ਪਉੜੀ-੨੩) ਵਾਰ ਵਿਚਲੇ ਇਨ੍ਹਾਂ ਬਚਨਾਂ ਨੂੰ- **"ਸੁਣੀ ਪੁਕਾਰ ਦਾਤਾਰ ਪ੍ਰਭੁ"**- ਬਹੁਤੇ ਪ੍ਰਚਾਰਕ ਧਰਤੀ ਮਾਤਾ ਦੀ ਉਸੇ ਕਥਿਤ ਹਾਲ ਦੁਹਾਈ ਨਾਲ ਜੋੜ ਰਹੇ ਹੁੰਦੇ ਹਨ ਜੋ ਰਾਮਾਇਣ ਅਤੇ ਮਹਾਂਭਾਰਤ ਗਾਥਾਵਾਂ* ਤੋਂ ਸਾਰੇ ਭਾਰਤ ਵਿਚ ਪ੍ਰਚਲਤ ਹੋ ਚੁੱਕੀ ਸੀ

੨. ਸ੍ਰੀ ਗੁਰੂ ਨਾਨਕ ਦੇਵ ਦੇ ਨੌਂ ਰੂਪ-ਦੂਜੇ ਸਤਿਗੁਰੂ ਤੋਂ ਦਸਮ ਤੀਕ ਜਿਨ੍ਹਾਂ ਦੀ **"ਨਾਨਕ" ਸੰਗਯਾ** ਹੈ। ੩. ਵਿ -ਨਾਨਾ ਨਾਲ ਹੈ ਜਿਸ ਦਾ ਸੰਬੰਧ. ਨਾਨੇ ਦਾ । ੪. ਸੰਗਯਾ- ਨਾਨੇ ਦਾ ਵੰਸ਼ **"ਨਾਨਕ ਦਾਦਕ ਨਾਉਂ ਨ ਕੋਈ"** (ਭਾ:ਗੁ) ਸਾਰੇ ਦੁੱਖਾਂ ਕਲੇਸ਼ਾਂ ਤੋਂ ਰਹਿਤ ਸਤਿਗੁਰੂ ਨਾਨਕ ਸਾਹਿਬ ਜੀ **'ਨਾਨਕ'** ਨਾਮ ਨਾਲ ਹੀ ਨੌਂ ਹੋਰ ਰੂਪਾਂ ਵਿਚ ਜਾਣੇ ਗਏ। ਭਾਵ ਗੁਰੂ ਨਾਨਕ ਜੀ ਦਾ ਪੂਰਨ ਸਰੂਪ ਤਦ ਹੀ ਹੈ ਜੇ ਬਾਕੀ ਨੌਂ ਸਰੂਪ ਉਸ ਇਕ ਦੇ ਵਿਚ ਸਮਾਏ ਹੋਏ ਹੀ ਵੇਖੀਏ। (ਉਪਰੋਕਤ ਪੰਗਤੀ ਵਾਲੇ ਗੁਰੂ ਸ਼ਬਦ ਦਾ

[*{Footnote:- "ਬਿਪ੍ਰਨ ਕੀ ਰੀਤ ਤੋਂ ਸਚੁ ਦਾ ਮਾਰਗ" ਦੇ ਪਹਿਲੇ ਭਾਗ ਦੇ ਪਹਿਲੇ ਹੀ ਲੇਖ-"ਧਰਤੀ ਮਾਤਾ ਦੀ ਪੁਕਾਰ" ਵਿਚ ਹਿੰਦੂਆਂ ਦੇ ਧਰਮ ਗ੍ਰੰਥ 'ਗੀਤਾ' ਜੀ ਦੇ ਉਸ ਸਲੋਕ ਦਾ ਵਿਸਥਾਰ ਪੂਰਬਕ ਹਵਾਲਾ ਹੈ ਜੋ ਕਥਿਤ ਤੌਰ ਤੇ ਮਹਾਂਭਾਰਤ ਦਾ ਜੰਗ ਆਰੰਭ ਹੋਣ ਸਮੇ ਜੰਗ ਦੇ ਮੈਦਾਨ ਵਿਚ ਕ੍ਰਿਸ਼ਨ ਜੀ ਨੇ ਅਰਜਨ ਨੂੰ ਜੰਗ ਲਈ ਤਿਆਰ ਕਰਦੇ ਸਮੇ ਉਚਾਰਿਆ ਸੀ। ਉਸ ਸਲੋਕ ਦੇ ਅਰਥ ਇਸ ਪ੍ਰਕਾਰ ਹਨ-'ਹੇ ਅਰਜੁਨ! ਜਦੋਂ ਜਦੋਂ ਧਰਮ ਦਾ ਗਿਰਾਉ ਹੁੰਦਾ ਹੈ ਤੇ ਅਧਰਮ ਸਿਰ ਉਠਾਉਂਦਾ ਹੈ ਤਾਂ ਯੁਗਾਂ ਯੁਗਾਂ ਵਿਚ ਤਦੋਂ-ਤਦੋਂ ਧਰਤੀ ਦੀ ਪੁਕਾਰ ਤੇ ਦੁਸ਼ਟਾਂ ਦਾ ਦਮਨ ਅਤੇ ਧਰਮ ਦੀ ਰਖਿਆ ਲਈ ਮੈਂ ਆਪ ਨੂੰ ਕਿਸੇ ਵੀ ਰੂਪ ਵਿਚ ਪ੍ਰਗਟਾਉਂਦਾ ਹਾਂ"-ਫਿਰ ਇਸ ਕਥਨ ਵਿਚਲੀਆਂ ਦੁਖਦਾਈ ਕਮਜ਼ੋਰੀਆਂ ਦੀ ਅਸਲ਼ੀਅਤ ਬਾਰੇ ਬੜੀਆਂ ਵਿਸਥਾਰ ਪੂਰਬਕ ਗੁਰਮਤਿ ਵਿਚਾਰਾਂ ਲਿਖੀਆਂ ਹੋਈਆਂ ਹਨ। ਜਿਸ ਤੋਂ ਸੁਜਾਨ ਪਾਠਕ ਪ੍ਰੋਹਤਵਾਦੀ ਹੇਰਾ ਫੇਰੀਆਂ ਤੋਂ ਸੁਚੇਤ ਹੋ ਚੁਕੇ ਹਨ।]

ਠੀਕ ਅਤਾ ਪਤਾ ਦੇ ਸੰਖੇਪ ਹਵਾਲੇ ਵਾਲੀ ਪੂਰੀ ਤੁਕ:-

੧- ਧਨਾਸਰੀ ਮਹਲਾ ੪॥...ਕਿਆ ਹਮ ਕਿਰਮ ਨਾਨ ਨਿਕ ਕੀਰੇ ਤੁਮ ਵਡ ਪੁਰਖ ਵਡਾਗੀ॥ ਤੁਮ੍ਰਰੀ ਗਤਿ ਮਿਤਿ ਕਹਿ ਨ ਸਕਹ ਪ੍ਰਭ ਹਮ ਕਿਉ ਕਰਿ ਮਿਲਹ ਅਭਾਗੀ ॥੩॥...੪॥੨॥ (ਪੰਨਾ-੬੬੭)

ਭਾਵ, ਭਾਈ ਸੰਤੋਖ ਸਿੰਘ ਜੀ ਨੇ ਗੁਰੂ ਨਾਨਕ ਸਾਹਿਬ ਜੀ ਨੂੰ ਯਕਤਾ, ਲਾਸਾਨੀ ਤੇ ਅਪਣੇ ਵਰਗੇ ਕੇਵਲ "ਆਪ ਹੀ ਆਪ" ਫ਼ੁਰਮਾਨ ਕੀਤਾ ਹੈ। **ਗਿਆਨ ਜੋਤਿ ਉਹੀ ਹੋਣ ਦੇ ਕਾਰਨ ਨੌ ਗੁਰੂ ਸਾਹਿਬਾਨ ਭਾਵੇਂ ਗੁਰੂ ਨਾਨਕ ਜੀ ਹੀ ਸਨ ਪਰ ਫਿਰ ਵੀ ਸ਼ਕਲ ਸੂਰਤ ਅਤੇ ਹੋਰ ਕਈ ਪੱਖੋਂ** ਅਥਵਾ ਇਨ੍ਹਾਂ ਗੁਰੂ ਬਚਨਾਂ ਅਨੁਸਾਰ:- **"ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ॥ ਕੋਇ ਨ ਕਿਸ ਹੀ ਜੇਹਾ ਉਪਾਇਆ॥"** (੧੦੫੬) ਸਤਿਗੁਰੂ ਨਾਨਕ ਜੀ ਲਾਸਾਨੀ ਹੀ ਸਨ।

ਸੁਜਾਨ ਪਾਠਕਾਂ ਦੇ ਸਹਿਯੋਗ ਨਾਲ ਅਸਾਂ ਸਤਿਗੁਰੂ ਨਾਨਕ ਸਾਹਿਬ ਜੀ ਦੀ ਉਸੇ ਉਚੇਚੀ ਵਿਸ਼ੇਸ਼ਤਾ ਨੂੰ ਗੁਰਬਾਣੀ ਦੁਆਰਾ ਸਮਝਣ ਲਈ (**"ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥"**) ਬਿਬੇਕਤਾ ਸਹਿਤ ਆਪਣੀਆਂ ਕਰਮ-ਕਰਤੂਤਾਂ ਵਲ ਝਾਤੀ ਮਾਰਦਿਆਂ ਹੋਇਆ ਜਾਂ ਹੋ ਰਹੀਆਂ ਭੁੱਲਾਂ ਤੋਂ ਤੌਬਾ ਕਰਕੇ ਅਪਣੇ ਅਸਲੇ ਦੀ ਪਛਾਣ ਕਰਕੇ ਗੁਰਮਤਿ ਅਨੁਸਾਰ ਜੀਵਨ ਬਣਾਉਣ ਲਈ ਕਮਰ ਕੱਸੇ ਕਰਨੇ ਹਨ।

੨- ਸਲੋਕ ਮ: ੧ ॥ ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥ ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥ ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥ ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥ ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥ ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥ ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ ॥ ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥ ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥ ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥੧॥ (ਪੰਨਾ-੧੨੯੧)

ਅਰਥ:— ਉਹ ਹੈ ਸਿਆਣਾ ਸਤਿਗੁਰੂ ਪੁਰਖ ਜੋ ਹਿਰਦੇ-ਘਰ ਵਿਚ ਪਰਮਾਤਮਾ ਦੇ ਰਹਿਣ ਦਾ ਥਾਂ ਵਿਖਾ ਦੇਂਦਾ ਹੈ; (ਜਦੋਂ ਮਨੁੱਖ) ਉਸ ਘਰ ਵਿਚ (ਅੱਪੜਦਾ ਹੈ) ਤਦੋਂ ਗੁਰੂ ਦਾ ਸ਼ਬਦ-ਰੂਪ ਨਗਾਰਾ ਵੱਜਦਾ ਹੈ (ਭਾਵ, ਗੁਰ-ਸ਼ਬਦ ਦਾ ਪ੍ਰਭਾਵ ਇਤਨਾ ਪ੍ਰਬਲ ਹੁੰਦਾ ਹੈ

ਕਿ ਕੋਈ ਹੋਰ ਖਿੱਚ ਪੋਹ ਨਹੀਂ ਸਕਦੀ, ਤਦੋਂ ਮਾਨੋ) ਪੰਜ ਕਿਸਮ ਦੇ ਸਾਜ਼ਾਂ ਦੀ ਇਕ-ਰਸ ਸੰਗੀਤਕ ਆਵਾਜ਼ ਉੱਠਦੀ ਹੈ (ਜੋ ਮਸਤੀ ਪੈਦਾ ਕਰਦੀ ਹੈ) ਇਸ ਅਵਸਥਾ ਵਿਚ (ਅੱਪੜ ਕੇ) ਮਨੁੱਖ (ਬੇਅੰਤ ਕੁਦਰਤਿ ਦੇ ਕੌਤਕ) ਦੀਪਾਂ, ਲੋਕਾਂ, ਪਾਤਾਲਾਂ, ਖੰਡਾਂ ਤੇ ਮੰਡਲਾਂ ਨੂੰ ਵੇਖ ਕੇ ਹੈਰਾਨ ਹੁੰਦਾ ਹੈ; (ਇਸ ਸਾਰੀ ਕੁਦਰਤਿ ਦਾ) ਪਾਤਸ਼ਾਹ ਸੱਚੇ ਤਖ਼ਤ ਉਤੇ ਬੈਠਾ ਦਿਸਦਾ ਹੈ, ਉਸ ਹਾਲਤ ਵਿਚ ਅੱਪੜਿਆਂ; ਮਾਨੋ, ਵਾਜਿਆਂ ਦੀ ਉੱਚੀ ਸੁਰ ਦੀ ਘਨਘੋਰ ਲੱਗੀ ਪਈ ਹੁੰਦੀ ਹੈ, ਇਸ ਰੱਬੀ ਮਿਲਾਪ ਵਿਚ ਬੈਠਾ ਮਨੁੱਖ (ਮਾਨੋ) ਰਾਗ ਸੁਣ-ਸੁਣ ਕੇ ਅਫੁਰ ਅਵਸਥਾ ਵਿਚ ਸੁਰਤ ਜੋੜੀ ਰੱਖਦਾ ਹੈ (ਭਾਵ, ਰੱਬੀ ਮਿਲਾਪ ਦੀ ਮੌਜ ਵਿਚ ਇਤਨਾ ਮਸਤ ਹੁੰਦਾ ਹੈ ਕਿ ਜਗਤ ਵਾਲਾ ਕੋਈ ਫੁਰਨਾ ਉਸ ਦੇ ਮਨ ਵਿਚ ਨਹੀਂ ਉੱਠਦਾ)। ਇਥੇ ਬੇਅੰਤ ਪ੍ਰਭੂ ਦੇ ਗੁਣ ਜਿਉਂ-ਜਿਉਂ ਵਿਚਾਰੀਦੇ ਹਨ ਤਿਉਂ-ਤਿਉਂ ਮਨ ਦਾ ਫੁਰਨਾ ਮਨ ਵਿਚ ਹੀ ਗ਼ਰਕ ਹੁੰਦਾ ਜਾਂਦਾ ਹੈ; ਇਹ ਮਨ ਕਿਸੇ ਹੋਰ ਪਾਸੇ ਨਹੀਂ ਜਾਂਦਾ ਕਿਉਂਕਿ ਹਿਰਦਾ-ਰੂਪ ਕਉਲ ਫੁੱਲ (ਮਾਇਆ ਵਲੋਂ) ਪਰਤ ਕੇ ਨਾਮ-ਅੰਮ੍ਰਿਤ ਨਾਲ ਭਰ ਜਾਂਦਾ ਹੈ; ਉਸ ਪ੍ਰਭੂ ਵਿਚ, ਜੋ ਸਭ ਦਾ ਮੁੱਢ ਹੈ ਤੇ ਸੰਸਾਰ ਦੇ ਬਣਨ ਤੋਂ ਵੀ ਪਹਿਲਾਂ ਦਾ ਹੈ, ਮਨ ਇਉਂ ਲੀਨ ਹੁੰਦਾ ਹੈ ਕਿ ਪ੍ਰਭੂ ਦੀ ਯਾਦ (ਕਿਸੇ ਵੇਲੇ) ਨਹੀਂ ਭੁੱਲਦੀ, **ਜੀਭ ਹਿਲਾਉਣ ਤੋਂ ਬਿਨਾਂ ਹੀ ਸਿਮਰਨ ਹੁੰਦਾ ਰਹਿੰਦਾ ਹੈ।** (ਇਸ ਤਰ੍ਹਾਂ) ਗੁਰੂ ਦੇ ਸਨਮੁਖ ਹੋਇਆ ਮਨੁੱਖ ਨਿਰੋਲ ਅਪਣੇ ਘਰ ਵਿਚ ਟਿਕ ਜਾਂਦਾ ਹੈ (ਜਿਵੇਂ ਕੋਈ ਇਸ ਨੂੰ ਬੇ-ਦਖ਼ਲ ਨਹੀਂ ਕਰ ਸਕਦਾ, ਇਸ ਦੇ) ਸਾਰੇ ਗਿਆਨ ਇੰਦ੍ਰੀਆਂ ਤੇ ਪੰਜੇ (ਦੈਵੀ ਗੁਣ ਭਾਵ ਸਤ, ਸੰਤੋਖ, ਦਇਆ, ਧਰਮ, ਧੀਰਜ) ਸੰਗੀ ਬਣ ਜਾਂਦੇ ਹਨ। ਸਤਿਗੁਰੂ ਦੇ ਸ਼ਬਦ ਨੂੰ ਸਮਝ ਕੇ ਜੋ ਮਨੁੱਖ ਇਸ (ਨਿਰੋਲ ਅਪਣੇ) ਘਰ ਨੂੰ ਲੱਭ ਲੈਂਦਾ ਹੈ, ਨਾਨਕ ਉਸ ਦਾ ਸੇਵਕ ਹੈ।੧।

੧੯੯੨ ਤੋਂ ਲਿਖਣਾ ਸ਼ੁਰੂ ਕਰ ਬੈਠਾ ਦਾਸਰਾ ਭਲੀ ਭਾਂਤੀ ਸੁਚੇਤ ਹੈ ਕਿ ਵਾਰ-ਵਾਰ ਦਹੁਰਾਈ ਜਾਂਦੀ ਗੱਲ ਤੋਂ ਪਾਠਕਾਂ ਦੇ ਮਨ ਵਿਚ ਅਕੇਵਾਂ ਆਉਂਦਾ ਹੈ, ਪਰ ਸਤਿਗੁਰੂ ਨਾਨਕ ਸਾਹਿਬ ਜੀ ਦੀਆਂ ਨਿਆਰੀਆਂ ਵਡਿਆਈਆਂ ਤੋਂ ਦਾਸ ਦਾ ਮਨ ਇਤਨਾ ਪ੍ਰਭਾਵਤ ਹੋ ਚੁੱਕਾ ਹੈ ਕਿ ਮੁੜ-ਮੁੜ ਉਨ੍ਹਾਂ ਦੀ ਹੀ ਗੱਲ ਲੈ ਬੈਠਣ ਤੋਂ ਅਪਣੇ ਆਪ ਨੂੰ ਰੋਕ ਨਹੀਂ ਸਕਦਾ। ਸੋ ਨਾਜ਼ੁਕ-ਮਿਜ਼ਾਜ ਪਾਠਕਾਂ ਤੋਂ ਖਿਮਾ ਦਾ ਜਾਚਕ ਹਾਂ।

ਦਾਸਰੇ ਨੇ ਪਹਿਲਾਂ ਵੀ ਲਿਖਿਆ ਹੈ ਕਿ "ਪ੍ਰਗਟਿਆ" ਲਫ਼ਜ਼ ਦਾ ਅਰਥ ਜਨਮਿਆ ਦਰਸਾਉਣਾ ਭਿਆਨਕ ਭੁੱਲ ਹੈ ਸਮਝ ਲੈਣਾ ਠੀਕ ਨਹੀਂ ਹੈ। ਭਾਈ ਗੁਰਦਾਸ ਜੀ ਨੇ ਸਤਿਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਦਿਵਸ (ਜਨਮ ਦਿਨ) ਬਾਰੇ ਅਪਣੀ ਪਹਿਲੀ ਵਾਰ ਦੀ ੨੩ਵੀਂ ਪਉੜੀ ਵਿਚ ਇਸ ਪਰਕਾਰ ਲਿਖਿਆ ਹੈ-

ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿ ਪਠਾਇਆ॥ (੧-੨੩-੧)

ਭਾਵ ਜ਼ੁਲਮ ਦੀ ਚੱਕੀ ਵਿਚ ਪੀਸੀ ਜਾ ਰਹੀ ਲੋਕਾਈ ਦੀ ਫ਼ਰਿਆਦ ਸੁਣ ਕੇ ਦਾਤਾਰ ਪ੍ਰਭੂ ਜੀ ਨੇ ਗੁਰੂ ਨਾਨਕ ਜੀ ਨੂੰ ਜਗਤ ਵਿਚ ਭੇਜਿਆ। ਪਰ ਜਦੋਂ ਨਾਨਕ ਨਿਰੰਕਾਰੀ ਜੀ ਦੇ ਗੁਰਮਤਿ ਗਿਆਨ ਦੇ ਸੂਰਜ-ਚਾਨਣੇ ਨੇ ਦੁਖਾਂ-ਕਲੇਸ਼ਾਂ ਦੀ ਜਨਮ ਦਾਤੀ 'ਅਗਿਆਨਤਾ' ਦੇ ਹਨੇਰੇ ਨੂੰ ਦੂਰ ਕਰਨਾ ਆਰੰਭਿਆ ਤਾਂ ਫਿਰ ੨੭ਵੀਂ ਪਉੜੀ ਵਿਚ ਭਾਈ ਗੁਰਦਾਸ ਜੀ ਦਾ ਹੋਕਾ ਇਸ ਪ੍ਰਕਾਰ ਸੀ-

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ । (੧-੨੭-੧)

ਰਾਤ ਦਾ ਹਨੇਰਾ ਤਾਂ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਡੇਰਾ ਪੁੱਟ ਤੁਰਦਾ ਹੈ ਪਰ ਜੇ ਧੁੰਦ ਪੈ ਗਈ ਹੋਵੇ ਤਾਂ ਕਈ ਵਾਰੀ ਦੁਪਹਿਰ ਸਮੇਂ ਤਕ ਵੀ ਸੜਕਾਂ 'ਤੇ ਭਿਆਨਕ ਦੁਰਘਟਨਾਂ ਦਾ ਸਬੱਬ ਹੀ ਬਣਿਆ ਰਹਿੰਦਾ ਹੈ। ਅਗਿਆਨਤਾ ਦੇ ਹਨੇਰੇ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ਤਵਾ-

੩- **ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥** (ਪੰਨਾ-੪੬੩)

ਗੁਰੂ ਨਾਨਕ ਸਾਹਿਬ ਜੀ ਦੇ ਗਿਆਨ ਤੋਂ ਬਿਨਾਂ ਸੈਂਕੜੇ ਚੰਦਰਮੇਂ ਤੇ ਹਜ਼ਾਰਾਂ ਸੂਰਜ ਵੀ ਕੁਝ ਨਹੀਂ ਸਨ ਸਵਾਰ ਸਕੇ। ਇਨ੍ਹਾਂ ਪਾਵਨ ਗੁਰੂ ਬਚਨਾਂ ਦੀ ਸੱਚਾਈ ਸਾਰੇ ਸੰਸਾਰ ਨੇ ਪ੍ਰਤੱਖ ਦੇਖ ਲਈ ਸੀ :-

੪- **ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ॥ ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥** (ਪੰਨਾ-੧੦੬੯)

ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਦੀ ਸੱਤਵੀਂ ਪੋਥੀ ਦੇ ੭੬੪ ਸਫ਼ੇ ਅਨੁਸਾਰ ਇਸ ਪਾਵਨ ਹੁਕਮਾਂ ਦੇ ਅਰਥ :- ਹੇ ਭਾਈ ! (ਜਿਵੇਂ ਜਦੋਂ) ਸੂਰਜ ਚੜ੍ਹਦਾ ਹੈ (ਤਦੋਂ) ਰਾਤ ਦਾ ਹਨੇਰਾ ਮਿਟ ਜਾਂਦਾ ਹੈ, (ਇਸੇ ਤਰ੍ਹਾਂ) ਗੁਰੂ ਦੇ ਬੇਅੰਤ ਕੀਮਤੀ ਗਿਆਨ-ਰਤਨ ਨਾਲ ਅਗਿਆਨ-ਹਨੇਰਾ ਦੂਰ ਹੋ ਜਾਂਦਾ ਹੈ। ਹੇ ਭਾਈ ! ਗੁਰੂ ਦਾ (ਦਿੱਤਾ ਹੋਇਆ) 'ਗਿਆਨ ਰਤਨ' ਬਹੁਤ ਹੀ ਕੀਮਤੀ ਹੈ। ਪਰਮਾਤਮਾ ਦੀ ਮਿਹਰ ਨਾਲ ਜਿਸ ਨੂੰ ਇਹ ਮਿਲਦਾ ਹੈ, ਉਹ ਆਤਮਕ ਆਨੰਦ ਮਾਣਦਾ ਹੈ।੧੦। ਏਸੇ ਗੁਰਮਤਿ ਗਿਆਨ ਦੇ ਚਰਾਗ ਤੋਂ ਪ੍ਰਗਟ ਹੋਇਆ ਸੀ ਜਨਮਤ ਸਤਿਗੁਰੂ ਨਾਨਕ ਸਾਹਿਬ ਜੀ ਦਾ "ਨਾਮ ਧਰਮ" ਅਥਵਾ ਨਿਰਮਲ ਪੰਥ ਨਾ ਕਿ ਹਿੰਦੂਆਂ ਜਿਹਾ ਕੋਈ ਮਜ਼ਹਬ:-

**੫- ਬਲਿਓ ਚਰਾਗੁ ਅੰਧ੍ਹਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ ॥
ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ ॥** (ਪੰਨਾ-੧੩੮੭)

ਮਹਾਨ ਕੋਸ਼ ਸਫਾ ੬੯੨ ਅਨੁਸਾਰ ਆਗਮਨ ਭਾਵ ਜਨਮ ਅਤੇ ਪ੍ਰਗਟ ਕਰਨ ਵਾਲੀ ਵਿਦਿਆ-ਗੁਰਮਤਿ ਦਾ ਚਮਤਕਾਰੀ ਇਤਿਹਾਸ:- ੧ ਵੈਸਾਖ ਸੰਮਤ ੧੫੨੬ ਮੁਤਾਬਿਕ ੧੫ ਅਪ੍ਰੈਲ ਸਨ ੧੪੬੯ ਵਿਚ ਮਹਿਤਾ ਕਾਲੂ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੇ ਉਦਰ ਤੋਂ ਜਨਮੇ ਨਾਨਕ ਸਾਹਿਬ ਜੀ ਸੰਮਤ ੧੫੩੨ ਵਿਚ ਗੋਪਾਲ ਪੰਡਿਤ ਕੋਲ ਹਿੰਦੀ ਪੜ੍ਹਨ ਬੈਠੇ, ਸੰਮਤ ੧੫੩੫ ਵਿਚ ਬ੍ਰਿਜ ਲਾਲ ਪੰਡਿਤ ਕੋਲ ਸੰਸਕ੍ਰਿਤ ਤੇ ਸੰਮਤ ੧੫੩੯ ਵਿਚ ਮੌਲਵੀ ਕੁਤਬੁਦੀਨ ਪਾਸ ਫ਼ਾਰਸੀ ਪੜ੍ਹਨ ਬੈਠਾਏ ਗਏ ਸਨ। ਪਰ ਇਨ੍ਹਾਂ ਤਿੰਨਾਂ ਹੀ ਉਸਤਾਦਾਂ ਨੂੰ ਅਪਣੇ ਆਤਮਕ ਬੱਲ ਨਾਲ ਸ਼ਾਗਿਰਦ ਬਣਾ ਕੇ ਸਮਝਾਇਆ ਕਿ ਵਿਦਿਆ ਦੇ ਤੱਤ ਜਾਣੇ ਬਿਨਾਂ ਪੜ੍ਹਿਆ ਹੋਇਆ ਆਦਮੀ ਵੀ ਮੂਰਖ ਹੈ। ਭਾਵ, ਗੁਰਦੇਵ ਜੀ ਦੀ ਇਹ ਵਿਸ਼ੇਸ਼ਤਾ ਵੀ ਭੁੱਲਣ ਜੋਗ ਨਹੀਂ ਹੈ ਕਿ ੭ ਸਾਲਾਂ ਵਿਚ ਜਨਮਤ ਗੁਰਦੇਵ ਜੀ ਕੇਵਲ ੪ ਬੋਲੀਆਂ (ਪੰਜਾਬੀ, ਹਿੰਦੀ, ਉਰਦੂ/ਫ਼ਾਰਸੀ) ਦੇ ਮਾਹਰ।

੬- ਹਉ ਹੋਆ ਮਾਹਰੁ ਪਿੰਡ ਦਾ ਬੰਨਿ ਆਦੇ ਪੰਜਿ ਸਰੀਕ ਜੀਉ ॥ (ਪੰਨਾ-੭੩)

ਹੀ ਨਾ ਸਨ ਬਣ ਗਏ ਸਗੋਂ ਉਹ ਆਪਣੇ ਉਸਤਾਦਾਂ ਦੇ ਵੀ ਗੁਰੂ ਦੇ ਤੌਰ 'ਤੇ ਪ੍ਰਗਟ ਹੋ ਚੁੱਕੇ ਸਨ।

ੳ-ਜਨਮਤ ਸਤਿਗੁਰੂ ਨਾਨਕ ਜੀ ਦਾ 'ਜਨੇਊ':-

ਪਿਤਾ ਮਹਿਤਾ ਕਾਲੂ ਜੀ ਨੇ, ਹਿੰਦੂ ਰੀਤੀ ਅਨੁਸਾਰ ਆਪਣੇ ੧੧ ਸਾਲਾ ਸਪੁੱਤਰ 'ਨਾਨਕ' (ਜੀ) ਨੂੰ ਜਨੇਊ ਧਾਰਨ ਕਰਵਾਉਣ ਲਈ ਇੱਕ ਬੜਾ ਤਕੜਾ ਸਮਾਗਮ ਰਚਿਆ। ਇਕੱਤਰ ਹੋਈ ਬਰਾਦਰੀ ਲਈ ਬਕਰਾ ਵੀ ਝਟਕਾਇਆ ਗਿਆ -ਯਥਾ-

੭- ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ ॥ (ਵਾਰ ਆਸਾ ਪੰਨਾ-੪੭੧)

ਸ੍ਰੀ ਗੁਰੂ ਗ੍ਰੰਥ ਦਰਪਨ ਅਨੁਸਾਰ **ਅਰਥ**- ਕੁਹਿ—ਵੱਢ ਕੇ। ਰਿੰਨ੍ਹਿ—ਰਿੰਨ੍ਹ ਕੇ। ਕੁਹਿ ਬਕਰਾ ਰਿੰਨ੍ਹ—ਇਨ੍ਹਾਂ ਸ਼ਬਦਾਂ ਦਾ ਪਦ-ਛੇਦ ਕਿਸੇ ਹੋਰ ਤਰ੍ਹਾਂ ਨਹੀਂ ਹੋ ਸਕਦਾ। ਜੋ ਸੱਜਣ ਅਜਿਹਾ ਕਰਦੇ ਹਨ, ਉਹ ਗੁਰਬਾਣੀ ਦੇ ਵਿਆਕਰਣ ਤੋਂ ਅਪਣੀ ਨਾਵਾਕਫ਼ੀਅਤ ਪਰਗਟ ਕਰ ਰਹੇ ਹੁੰਦੇ ਹਨ। 'ਕੁਹਿਬ ਕਰਾਰਿ ਨ' ਆਖਣ ਵਾਲੇ ਸੱਜਣ ਇਹ ਚੇਤਾ ਨਹੀਂ ਰੱਖਦੇ ਕਿ 'ਰਿ' ਦੀ (ਂ) 'ਨ' ਦੀ (ਿ) ਅਤੇ (੍ਹ) ਨਾਲ ਨਹੀਂ ਰਹੇ। ਖੋਜੀ ਸੱਜਣ ਜਿਉਂ ਜਿਉਂ ਗੁਰਬਾਣੀ ਦੇ ਵਿਆਕਰਣ ਵੱਲ ਧਿਆਨ ਮਾਰਨਗੇ, ਉਨ੍ਹਾਂ ਨੂੰ ਪਤਾ ਲਗੇਗਾ ਕਿ ਬਾਣੀ

ਦੀ ਇੱਕ ਵੀ ਲਗ ਮਾਤਰ ਅਗਾਂਹ ਪਿਛਾਂਹ ਕਰਨ ਨਾਲ ਅਰਥ ਦਾ ਅਨਰਥ ਹੋ ਜਾਂਦਾ ਹੈ)। ਹਰਦਿਆਲ ਪੰਡਿਤ ਜਦ ਗੁਰੂ ਨਾਨਕ ਸਾਹਿਬ ਦੇ ਪਾਵਨ ਗਲ ਵਿਚ ਜਨੇਊ ਪਾਉਣ ਲੱਗਾ ਤਾਂ ਜਨਮਤ ਗੁਰੂ ਜੀ ਨੇ ਬਰਾਦਰੀ ਦੇ ਉਸ ਭਰੇ ਇਕੱਠ ਵਿਚ ਬ੍ਰਾਹਮਣ ਗੁਰੂ ਦਾ ਹੱਥ ਰੋਕ ਲਿਆ ਤੇ ਕੱਚੇ ਸੂਤੀ ਧਾਗੇ ਦੇ ਟੁੱਟ-ਸੜ ਜਾਣ ਵਾਲੇ ਜਨੇਊ ਦੀ ਥਾਂ ਉਸ ਕੋਲੋਂ ਸਦਾ ਨਾਲ ਨਿਭਣ ਵਾਲਾ ਸਦੀਵੀ ਜਨੇਊ ਮੰਗ ਲਿਆ। ਹਜ਼ਾਰਾਂ ਸਾਲਾਂ ਤੋਂ ਬ੍ਰਾਹਮਣ ਗੁਰੂ ਜੀ ਦੇ ਅਗੋਂ ਕਦੇ ਉੱਚੀ ਸਾਹ ਵੀ ਨਾ ਲੈ ਸਕਣ ਜੋਗ ਹਿੰਦੂ ਚੇਲਿਆਂ ਦੇ ਇਕੱਠ ਵਿਚੋਂ ਅਚਨਚੇਤ ਇੱਕ ਬਾਲਕ ਤੋਂ ਹੋਈ ਇਸ ਮੰਗ? ਨਿਰੁੱਤਰ ਹੋ ਖਿਝਿਆ ਹੋਇਆ ਪ੍ਰੋਹਿਤ ਬੋਲਿਆ- "ਨਾ ਟੁੱਟਣ ਵਾਲਾ ਸਦੀਵੀਂ ਜਨੇਊ ਤੇ ਅਜੇ ਬਣ ਹੀ ਨਹੀਂ ਸਕਿਆ, ਮੈਂ ਤੇਰੇ ਗਲ ਕਿੱਥੋਂ ਲਿਆ ਪਾਵਾਂ? ਮਿੱਠ ਬੋਲੜੇ ਸੱਜਣ ਸਾਈਂ ਜੀ ਦਾ ਬਚਨ- "ਸਤਿਕਾਰਯੋਗ ਪ੍ਰੋਹਿਤ ਜੀਓ! ਇਹੋ ਜਿਹਾ ਸੱਚੇ ਜਨੇਊ ਬਾਰੇ ਤੁਸਾਂ ਕਦੇ ਜਾਣਨਾ ਹੀ ਨਹੀਂ ਚਾਹਿਆ? ਤੇ ਨਾਲ ਹੀ ਹੋਇਆ ਇਲਾਹੀ ਮੁਖਾਰਬਿੰਦ ਵਿਚੋਂ ਫ਼ੁਰਮਾਨ- **ੴ- ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥ ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥ ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ॥ ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ॥੧॥** (ਪੰਨਾ-੪੭੧)

ਬਾਲਕ ਗੁਰੂ ਨਾਨਕ ਦੇਵ ਜੀ ਬ੍ਰਾਹਮਣੀ ਜਨੇਊ ਪਾਉਣ ਤੋਂ ਕੇਵਲ ਇਨਕਾਰੀ ਹੀ ਨਹੀਂ ਸੀ ਹੋਏ ਸਗੋਂ ਜਨਮਤ ਸਤਿਗੁਰੂ ਜੀ ਨੇ ਤਾਂ ਸਦੀਵੀਂ ਜਨੇਊ ਦੀ ਵਿਆਖਿਆ ਦੇ ਨਾਲ ਕਹਿ ਸੁਣਾਈ। ਲੁੱਟ ਨੀਤੀ ਦੀ ਉਪਜ ਬ੍ਰਾਹਮਣੀ ਮਰਯਾਦਾ ਦੀ ਅਸਲੀਅਤ ਵੀ ਭਰੇ ਇਕੱਠ ਵਿੱਚ ਨਸ਼ਰ ਹੋ ਚੁੱਕੀ ਸੀ। ਬਾਲਕ (ਸਤਿਗੁਰੂ) ਨਾਨਕ (ਸਾਹਿਬ ਜੀ) ਦਾ ਇਹ ਪਹਿਲਾ ਲਾਸਾਨੀ ਕ੍ਰਾਂਤੀਕਾਰੀ ਸਾਕਾ ਬ੍ਰਾਹਮਣ ਤੋਂ ਝੱਲਿਆ ਨਾ ਗਿਆ। ਦੈਵੀ ਬਾਲਕ ਜਨਮ ਤੋਂ ਹੀ ਗੁਰੂ ਹੋ ਦਿੱਸਿਆ? ਬ੍ਰਾਹਮਣ ਵਰਗ ਲਈ **"ਨਾਨਕ"** ਨਾਮ ਹਊਆ ਬਣ ਗਿਆ। ਵਿਦਵਾਨ ਬ੍ਰਾਹਮਣ ਦੀ ਅਰਬਾਂ-ਖ਼ਰਬਾਂ ਦੀ ਆਮਦਨ ਵਾਲਾ ਕਰਮਕਾਂਡੀ ਮਾਇਆ ਜਾਲ ਸਖ਼ਤ ਖ਼ਤਰੇ ਵਿਚ ਪਿਆ ਜਾਣ ਲਿਆ ਤੇ ਸਾਰਾ ਬ੍ਰਾਹਮਣ ਵਰਗ ਨਾਨਕ ਜੀ ਦਾ ਵੈਰੀ ਬਣ ਗਿਆ। ਕੇਂਦਰੀ ਅਸਥਾਨ 'ਕਾਂਸ਼ੀ' ਵਿਖੇ ਉਚੇਚੇ ਤੌਰ 'ਤੇ ਜੁੜ ਬੈਠੇ ਬ੍ਰਾਹਮਣੀ ਇਕੱਠ ਨੇ **"ਨਾਨਕ"** (ਰੂਪ ਸੁੱਚੁ) ਦਾ, ਸੰਸਾਰ ਤੋਂ ਖੁਰਾ ਖੋਜ ਮੁਕਾ ਦੇਣ ਦਾ ਟੀਚਾ ਮਿੱਥ ਲਿਆ। ਪਰ ਰਾਜਾ ਰਾਇ ਬੁਲਾਰ ਦੇ ਮਾਲ-ਮੰਤਰੀ 'ਮਹਿਤਾ' ਕਾਲੂ ਜੀ ਦੇ ਬੇਟੇ 'ਤੇ ਜਾਨ ਲੇਵਾ ਵਾਰ ਕਰਨਾ ਬ੍ਰਾਹਮਣਾਂ ਲਈ ਸੌਖਾ ਨਹੀਂ ਸੀ। ਤਜਰਬੇਕਾਰ ਦੂਰਦ੍ਰਿਸ਼ਟ ਪੰਡਤ ਜੀ ਨੇ ਜਾਣ ਲਿਆ ਕਿ ਜਿਸ ਬਾਲਕ ਨੇ ਜਨੇਊ ਪਾਉਣ ਤੋਂ ਨਾਂਹ ਕਰ ਦਿੱਤੀ ਹੈ, ਉਹ ਵਿਆਹ ਸਮੇਂ ਉਸ ਦੇ ਬੈਠਿਆਂ ਅੱਗ ਦੇ ਦੁਆਲੇ ਫੇਰੇ ਕਦੇ ਨਹੀਂ ਲੈਣ ਲੱਗਾ। ਉਸ ਸਮੇਂ

ਇਸ ਆਪਹੁਦਰੇ ਨੀਂਗਰ ਨੂੰ ਸਦਾ ਲਈ ਗਲ੍ਹੋਂ ਲਾਹ ਦੇਣਾ ਬਹੁਤਾ ਔਖਾ ਨਹੀਂ ਹੋਣ ਲੱਗਾ? ਵਿਆਹ ਦੀ ਉਡੀਕ ਵਿਚ ਬ੍ਰਾਹਮਣ ਦੜ੍ਹ ਵੱਟ ਬੈਠਾ।

ਅ- ਸੁਲਤਾਨਪੁਰ ਵਿਖੇ ਪ੍ਰਚਾਰ :-

ਪਸ਼ੂ ਚਾਰਨੇ, ਵਾਹੀ-ਖੇਤੀ, ਵਿਉਪਾਰ ਜਾਂ ਦੁਕਾਨਦਾਰੀ ਗੁਰੂ ਨਾਨਕ ਸਾਹਿਬ ਦੀ ਦੈਵੀ ਅਜ਼ਮਤ ਤੋਂ ਬਾਹਰੇ ਕਰਮ ਵਿਹਾਰ ਹੋਣ ਦੇ ਕਾਰਨ ਨਾਨਕ ਨਿਰੰਕਾਰੀ ਜੀ ਸਦਾ ਉਪਰਾਮ ਰਹਿੰਦੇ ਸਨ। ਪਿਤਾ ਕਾਲੂ ਜੀ ਅਪਣੇ ਇਕਲੌਤੇ ਬੇਟੇ 'ਨਾਨਕ' ਜੀ ਤੋਂ ਸਦਾ ਖ਼ਫ਼ਾ ਅਥਵਾ ਦੁਖੀ ਰਹਿੰਦੇ ਵੇਖੇ ਤਾਂ ਗੁਰਦੇਵ ਜੀ ਦੀ ਸੁਜਾਨ ਭੈਣ ਜੀ, ਬੇਬੇ ਨਾਨਕੀ ਜੀ ਜੋ ਅਪਣੇ ਦੈਵੀ ਵੀਰਨ ਜੀ ਦੀ ਅੰਤਰੀਵ ਸ਼ਖ਼ਸੀਅਤ ਨੂੰ ਸਮਝ ਚੁੱਕੇ ਸਨ ਨੇ, ਜਦ ਹੋਰ ਕੋਈ ਚਾਰਾ ਕਾਰਗਰ ਹੁੰਦਾ ਨਾ ਵੇਖਿਆ ਤਾਂ ਅਪਣੇ ਪਿਆਰੇ ਦੈਵੀ ਵੀਰਨ ਜੀ ਨੂੰ (ਬੇਬੇ ਨਾਨਕੀ) ਜੀ ਅਪਣੇ ਘਰ ਸੁਲਤਾਨਪੁਰ ਲੋਧੀ ਵਿਖੇ ਲੈ ਆਏ। ਉੱਥੇ ਭਾਈਆ 'ਜੈਰਾਮ' ਜੀ ਨੇ ਅਪਣੇ ਪਰਮ ਸੁਜਾਨ ਸਾਲਾ 'ਨਾਨਕ' ਜੀ ਨੂੰ ਨਵਾਬ **'ਦੌਲਤ ਖ਼ਾਨ'** ਦੇ ਮੋਦੀਖ਼ਾਨੇ ਵਿਚ ਮੋਦੀ ਲੁਆ ਲਿਆ।

ਮਨੁੱਖ ਮਾਤਰ ਦੀ ਜਿਹੜੀ ਸੇਵਾ ਧੁਰੋਂ ਲੈ ਕੇ ਆਏ ਸਨ, ਸੱਚੇ ਰੱਬ ਜੀ ਦੀ ਸੱਚੀ ਪਛਾਣ ਕਰਾਉਣ ਦੀ ਸੱਚੀ ਸੇਵਾ ਵੀ ਨਾਨਕ ਨਿਰੰਕਾਰੀ ਜੀ ਨੇ ਆਰੰਭ ਕਰ ਲਈ। ਨਿਯਤ ਸਮੇਂ ਜੁੜਨੀ ਸ਼ੁਰੂ ਹੋ ਚੁੱਕੀ ਸਤਿ ਸੰਗਤ ਦੀ ਖ਼ੁਸ਼ਬੂ ਖਿੱਲਰੀ ਤਾਂ ਮਿੱਠ ਬੋਲੜੇ ਨਾਨਕ ਜੀ ਦੇ ਬਚਨ ਸਰਵਨ ਕਰਨ ਲਈ ਪ੍ਰੇਮੀ ਦੂਰ ਦੁਰਾਡੇ ਤੋਂ ਵੀ ਗੁਰੂ ਸੰਗਤ ਵਿਚ ਆ ਬੈਠਦੇ ਸਨ। ਫਿਰ ਲੋੜ ਅਨੁਸਾਰ ਦੂਰੋਂ ਆਇਆਂ ਨੂੰ ਲੰਗਰ ਵੀ ਗੁਰੂ ਜੀ ਛਕਾਇਆ ਕਰਦੇ ਸਨ। ਜਿਹੜੇ ਵਿਰੋਧੀਆਂ ਨੇ ਕਦੀ ਅਪਣੇ ਘਰੋਂ ਕਿਸੇ ਨੂੰ ਸੁੱਕੀ ਰੋਟੀ ਵੀ ਨਹੀਂ ਸੀ ਖੁਆਈ, ਉਨ੍ਹਾਂ ਨੇ ਨਵਾਬ ਨੂੰ ਸ਼ਿਕਾਇਤ ਜਾ ਕੀਤੀ ਕਿ ਨਾਨਕ ਨੇ ਤੁਹਾਡਾ ਮੋਦੀਖਾਨਾ ਲੁਟਾ ਦਿੱਤਾ ਹੈ। ਨਵਾਬ ਨੇ ਗੁਰੂ ਨਾਨਕ ਸਾਹਿਬ ਜੀ ਨੂੰ ਤੁਰੰਤ ਗ੍ਰਿਫ਼ਤਾਰ ਕਰ ਲਿਆ ਅਤੇ ਮੋਦੀਖਾਨੇ ਦੀ ਜਦ ਪੜਤਾਲ ਕਰਵਾਈ ਤਾਂ ਜ਼ਰਾ ਜਿਹਾ ਵੀ ਕੋਈ ਫ਼ਰਕ ਨਾ ਲੱਭਾ। ਚੁਗਲਾਂ ਨੂੰ ਡੰਨ ਤੇ ਮੇਰੇ ਸਤਿਗੁਰੂ ਜੀ ਦਾ ਮਾਨ ਸਤਿਕਾਰ ਦੂਣਾ ਹੋ ਗਿਆ।

ੲ-ਜਨਮਤ ਸਤਿਗੁਰੂ ਨਾਨਕ ਜੀ ਦਾ ਵਿਆਹ

ਭਾਈਆ ਜੈਰਾਮ ਜੀ ਦੀ ਵਿਚੋਲਗੀ ਨਾਲ ਨਾਨਕ ਜੀ ਦਾ ਵਿਆਹ ਮੂਲ ਚੰਦ ਜੀ ਦੀ ਸਪੁੱਤਰੀ ਬੀਬੀ ਸੁਲੱਖਣੀ ਜੀ ਨਾਲ ੨੪ ਜੇਠ ਸੰ: ੧੫੪੯ ਨੂੰ ਨਿਯਤ ਹੋ ਚੁੱਕਾ ਸੀ।। ਵਿਆਹ ਦੀ ਰਸਮ ਵਾਸਤੇ ਬਟਾਲੇ ਵਿਖੇ ਦੋਵੇਂ ਪਰਵਾਰਾਂ ਦੇ ਪੰਡਤ ਇਕੱਠੇ ਹੋਏ। ਪਰ ਉਸ ਸਮੇਂ ਗੁਰੂ ਸਾਹਿਬ ਜੀ ਨੇ ਅੱਗ ਦੁਆਲੇ ਪਰਕਰਮਾ ਲੈਣ ਤੋਂ ਇਨਕਾਰ ਕਰ ਦਿੱਤਾ। ਮੌਕੇ ਦੀ ਉਡੀਕ ਕਰ ਰਹੇ ਬ੍ਰਾਹਮਣ ਨੇ ਅਪਣੀ ਮਿਥੀ ਸਕੀਮ ਅਨੁਸਾਰ ਗੁਰੂ ਸਾਹਿਬ ਨੂੰ ਕੰਧ ਥੱਲੇ

ਦੇ ਕੇ ਖ਼ਤਮ ਕਰਨ ਦਾ ਯਤਨ ਕੀਤਾ, ਪਰ ਉੱਥੇ ਵੀ ਉਸ ਨੂੰ ਸ਼ਰਮਿੰਦਗੀ ਹੀ ਝੱਲਣੀ ਪਈ, ਕਿਉਂਕਿ ਬਰਕਤਾਂ ਦੇ ਮਾਲਕ ਸਤਿਗੁਰੂ ਨਾਨਕ ਸਾਹਿਬ ਜੀ ਦੇ ਸਹਾਈ ਆਪ ਅਕਾਲ ਪੁਰਖ ਹੋਏ। ਬਟਾਲੇ ਵਿਖੇ ਕੰਧ ਸਾਹਿਬ ਗੁਰਦੁਆਰਾ ਉਸ ਜਾਨ ਲੇਵਾ ਹਮਲੇ ਦਾ ਪ੍ਰਤੱਖ ਸਬੂਤ ਹੈ। (ਰੋਸ)-ਪਰ ਉਸ ਅਕੱਟ ਗਵਾਹੀ ਨੂੰ **ਸਾਡੇ ਅਪਣੇ ਪੁਜਾਰੀਵਾਦ ਅਥਵਾ ਜਥੇਦਾਰੀ ਨੇ ਸ਼ਰਮਾਨਾਕ ਹੱਦ ਤੱਕ ਹਾਸੋ ਹੀਣਾ* ਬਣਾ ਦਿੱਤਾ ਹੋਇਆ ਹੈ।**

ਹੁਣ ਸਵਾਲ ਇਹ ਆਉਂਦਾ ਹੈ ਕਿ ਗੁਰੂ ਸਾਹਿਬ ਜੀ ਦੀ ਸ਼ਾਦੀ ਹੋ ਤਾਂ ਗਈ ਸੀ, ਪਰ ਹੋਈ ਕਿਸ ਤਰ੍ਹਾਂ ਸੀ? ਇਸ ਬਾਰੇ ਸਾਰਿਆਂ ਦੀ ਆਪੋ ਅਪਣੀਆਂ ਵਿਚਾਰਧਾਰਾਵਾਂ ਹਨ- ਜਿਵੇਂ ਭਿੰਡਰਾਂ ਵਾਲਿਆਂ ਨੇ ਕਿਹਾ ਗੁਰੂ ਸਾਹਿਬ ਨੇ ਇੱਕ ਪੀੜੀ 'ਤੇ ਮੂਲਮੰਤਰ ਲਿਖ ਕੇ ਉਸ ਦੀ ਪਰਕਰਮਾ ਕੀਤੀ (ਨੋਟ :-**ਧਿਆਨ ਰਹੇ ਕਿ ਸਤਿਗੁਰੂ ਜੀ ਨੇ 'ਪਰਿਕ੍ਰਮਾ' ਜਾਂ 'ਪਰਕਰਮਾ' ਲਫ਼ਜ਼ ਗੁਰੂ ਬਾਣੀ ਵਿਚ ਕਿਤੇ ਨਹੀਂ ਲਿਖਿਆ। ਸਰੀਰ ਦੇ ਤਲ 'ਤੇ ਕੀਤੇ ਅਜਿਹੇ ਕਰਮ-ਕਾਂਡ ਕਰਨ ਵਾਲਿਆਂ ਨੂੰ ਸਤਿਗੁਰੂ ਜੀ ਨੇ ਮਨਮੁਖ ਫ਼ੁਰਮਾਨ ਕੀਤਾ ਹੈ। ਪਰਕਰਮਾ ਕਰਨੀਆਂ ਬ੍ਰਾਹਮਣ ਦੀ ਦੇਣ ਹੈ ਜੋ ਅਸੀ ਘੁੱਟ ਕੇ ਗਲ ਨਾਲ ਲਾ ਲਈਆਂ ਅਤੇ ਅਪਣੇ ਸਤਿਗੁਰੂ ਜੀ ਦੀ ਇਕ ਵੀ ਸਿੱਖਿਆ ਨਾ ਮੰਨੀ ?**) ਲਗਪਗ ਇਹੋ ਜਿਹਾ ਵਿਚਾਰ ਹੋਰਨਾਂ ਨੇ ਵੀ ਬਣਾਇਆ ਹੋਇਆ ਹੈ ਕਿਉਂਕਿ ਇਸ ਗੱਲ ਦਾ ਠੀਕ ਇਤਿਹਾਸ ਕਿਤੋਂ ਵੀ ਨਹੀਂ ਲੱਭਦਾ। ਦਾਸ ਕਿਉਂਕਿ ੧੯੮੪ ਤੋਂ ਹੀ ਅਪਣੇ ਸਾਰੇ ਸ਼ੰਕਿਆਂ ਦੇ ਹੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਕਰਦਾ ਆਇਆ ਹੈ, ਇਸ ਕਰਕੇ ਦਾਸ ਦੀ ਲਿਖੀ ਹੱਥਲੀ ਪੁਸਤਕ ਦਾ ਛੇਵਾਂ ਭਾਗ, ਜੋ ਕਿ ਮਈ ੨੦੦੦ ਤੋਂ ਛੱਪ ਕੇ ਪਾਠਕਾਂ ਤੱਕ ਪੁੱਜ ਚੁੱਕਾ ਹੈ, ਉਸੇ ਪੁਸਤਕ ਦੇ ੭੦ ਸਫ਼ੇ ਤੋਂ ੧੨੭ ਸਫ਼ੇ ਤੱਕ ਸੰਸਕਾਰਾਂ ਬਾਰੇ ਹਰ ਪੱਖੋਂ ਬੜੇ ਵਿਸਥਾਰ ਨਾਲ ਗੁਰਮਤਿ ਵਿਚਾਰਾਂ ਲਿਖੀਆਂ ਹਨ। ਪਰ ੭੭ ਸਫ਼ੇ ਤੇ 'ਮਨ ਮੰਨੇ ਦਾ ਮੇਲਾ" ਸਿਰਲੇਖ ਹੇਠ ਸਿੱਧ ਕੀਤਾ ਹੈ ਕਿ ਕਿਸੇ ਵੀ ਮਰਿਆਦਾ ਦੇ ਅਨੁਸਾਰ ਸ਼ਾਦੀ ਕੀਤੀ ਦੀ ਕੋਈ ਕੀਮਤ ਨਹੀਂ ਰਹਿ ਜਾਂਦੀ ਜੇ ਬੱਚੇ-ਬੱਚੀ ਦਾ ਮਨ ਆਪਸ ਵਿਚ ਨਾ ਮਿਲਦਾ ਹੋਵੇ। ਉਸ ਲੇਖ ਵਿਚ ਦਾਸ ਨੇ ਇੱਕ ਤਾਜ਼ੀ ਵਾਪਰੀ ਘਟਨਾ ਦਾ ਜ਼ਿਕਰ ਕੀਤਾ ਹੈ ਜਿੱਥੇ ਇੰਗਲੈਂਡ ਵਿਚ ਇੱਕ ਵਕੀਲ ਬੀਬੀ ਦਾ ਵਕੀਲ ਹੀ ਨੀਂਗਰ ਨਾਲ ਬੜੀਆਂ ਰਸਮਾਂ ਨਾਲ ਵਿਆਹ ਹੋਇਆ, ਉੱਚੇਚੇ ਸ਼ਗਨ ਕੀਤੇ ਗਏ, ਗੁਰਮਤਿ ਅਨੁਸਾਰ ਫੇਰੇ ਵੀ ਲਏ ਗਏ, ਗ੍ਰੰਥੀ ਨੇ ਅਰਦਾਸ ਕਰਕੇ ਮਾਪਿਆਂ ਵੱਲੋਂ ਦਿੱਤੀ ਨਵੀਂ ਕਾਰ ਵਿਚ ਬੀਬੀ ਨੂੰ ਵਿਦਾ ਵੀ ਕੀਤਾ, ਪਰ ਕੁੱਝ ਹੀ ਘੰਟਿਆਂ ਪਿੱਛੋਂ ਸਹੁਰੇ ਘਰੋਂ ਫੋਨ ਆ ਗਿਆ ਕਿ ਕੁੜੀ ਦਾ ਕੁਝ ਅਤਾ-ਪਤਾ ਨਹੀਂ। ਦੋਵੇਂ ਹੀ ਧਿਰਾਂ ਕਈ ਮਹੀਨੇ ਪ੍ਰੇਸ਼ਾਨ ਰਹੀਆਂ। ਆਖ਼ਰ ਬੀਬੀ ਜੀ ਦਾ ਇਹ ਪੱਤਰ ਮਾਪਿਆਂ ਕੋਲ ਆ ਗਿਆ, ਕਿ ਤੁਸੀ ਅਪਣੀ ਇਕਲੌਤੀ ਧੀ ਦਾ ਵਿਆਹ ਆਪਣੀ ਮਰਜ਼ੀ ਅਨੁਸਾਰ ਕਰ ਕੇ

(*Footnote:- ਜਿਸ ਕੰਧ ਦੇ ਹੇਠਾਂ ਦੇ ਕੇ ਨੀਂਗਰ (ਜਨਮਤ ਸਤਿਗੁਰੂ ਸਾਹਿਬ ਜੀ) ਨੂੰ ਮਾਰ ਦੇਣ ਦਾ ਕੋਝਾ ਯਤਨ ਕੀਤਾ ਸੀ ਉਸ ਕਥਿਤ ਕੰਧ ਸਾਹਿਬ ਦੇ ਦਰਸ਼ਨ ਕੀਤਿਆਂ ਦਾਸਰੇ ਦੇ ਉਪਰੋਕਤ ਰੋਸ ਦੀ ਅਸਲੀਅਤ ਸਮਝ ਆ ਜਾਵੇਗੀ)

ਆਨੰਦ ਮਾਣ ਲਿਆ, ਮੈ ਅਪਣੇ 'ਮਨਮੀਤ' ਨਾਲ ਮਿਲਾਪ ਦਾ ਆਨੰਦ ਮਾਣ ਰਹੀ ਹਾਂ। ਤੁਸੀ ਅਪਣੇ ਥਾਂ ਸੁੱਖੀ ਰਹੋ, ਮੈਂ ਪੂਰੀ ਸੰਤੁਸ਼ਟ ਹਾਂ।

ਇਸ ਘਟਨਾ ਦੀ ਮਿਸਾਲ ਦੀ ਸਿੱਖਿਆ ਵਜੋਂ "ਬਿੱਪ੍ਰਨ ਕੀ ਰੀਤ ਤੋਂ ਸਚੁ ਦਾ ਮਾਰਗ" ਦੇ ਸੱਤਵੇਂ ਭਾਗ ਦੇ ੨੫੪ ਸਫ਼ੇ ਤੋਂ ਆਰੰਭ ਸਤਵੇਂ ਕਾਂਡ ਵਿਚ ਸਿਰਲੇਖ "ਜੀਵ ਇਸਤਰੀ" -ਪਹਿਲੇ ਲੇਖ ਤੋਂ ਅਰੰਭ ਹੋ ਕੇ ੧੯ਵੇਂ ਲੇਖ ਤਕ - ਗਹੁ ਨਾਲ ਪੜ੍ਹਿਆ ਅਪਣੇ ਆਪ ਹੀ ਮਨ ਯਕੀਨ ਕਰ ਜਾਂਦਾ ਹੈ ਕਿ ਸਤਿਗੁਰ ਨਾਨਕ ਸਾਹਿਬ ਜੀ ਨੇ ਹੀ ਵਿਆਹ ਸਮੇਂ ਬਟਾਲੇ ਵਿਖੇ ਫੇਰੇ ਨਾ ਲੈ ਕੇ, "ਮਨ ਮੰਨੇ ਦਾ ਮੇਲਾ" ਦੀ ਧਾਰਨਾ ਅਨੁਸਾਰ, ਉਸ ਸਮੇਂ ਦੀਆਂ ਵਿਖਾਵੇ ਦੀਆਂ ਰਸਮਾਂ ਤੇ ਸੰਸਕਾਰਾਂ ਦੀਆਂ ਬੰਦਿਸ਼ਾਂ ਤੋਂ ਨਿਰਲੇਪ ਰਹਿੰਦਿਆਂ ਸ਼ਾਦੀ ਕਰਨ ਦੇ ਪੂਰਨੇ ਪਾਏ। (ਇਹ ਸ਼ਾਇਦ ਇਕ ਤਰ੍ਹਾਂ ਦਾ "ਗੰਧਰਬ ਵਿਆਹ" ਸੀ ਜਿਥੇ ਬੱਚਾ-ਬੱਚੀ ਇੱਕ ਦੂਜੇ ਨਾਲ ਪਤੀ-ਪਤਨੀ ਦੀ ਤਰ੍ਹਾਂ ਆਜੀਵਨ ਸਾਥ ਨਿਭਾਉਣ ਦਾ ਦਿਲੋਂ "ਪ੍ਰਣ" ਕਰ ਲੈਂਦੇ ਹਨ)

ਗੁਰਮਤਿ ਦੇ ਇਸ ਸਿਧਾਂਤ ਦੀ ਸੋਝੀ ਪਾ ਚੁੱਕੇ ਇਕ ਗੁਰਮੁਖ ਪਿਆਰੇ ਡਾ. ਗੁਰਸ਼ਰਨਜੀਤ ਸਿੰਘ ਜੀ ਨੇ 'ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ ਭਾਗ ੬' ਦੇ ਮੁਖਬੰਦ ਵਿੱਚ ਸੰਸਕਾਰਾਂ ਬਾਰੇ ਜੋ ਬਚਨ ਲਿਖੇ, ਸੁਜਾਨ ਪਾਠਕ ਇਸ ਕੜੀ ਨਾਲ ਜੋੜਕੇ ਉਹ ਦੁਬਾਰਾ ਪੜ੍ਹ ਸਕਦੇ ਹਨ।

ਸ- ਗਿਆਨ ਕਾ ਬਧਾ ਮਨੁ ਰਹੈ

ਪਹਿਲਾਂ ਵੀ ਦਾਸ ਲਿੱਖ ਚੁੱਕਾ ਹੈ ਕਿ ਦਾਸ ਨੇ ਆਪਣੀ ਸਿੰਘਣੀ ਸਮੇਤ B.C. Vancouver ਕੈਨੇਡਾ ਦੇ ਗੁਰਦੁਆਰੇ ਵਿਖੇ ਅੰਮ੍ਰਿਤ ਪਾਨ ਕੀਤਾ ਸੀ। ਪੰਜ ਬਾਣੀਆਂ ਦਾ ਪਾਠ ਕਰਨ ਸਮੇਂ ਅਪਣਾ ਮਨ ਟਿਕਾਉਣ ਵਾਸਤੇ ਝੂਜਦਾ ਰਿਹਾ ਪਰ ੧-੨ ਸਕਿੰਟ ਤੋਂ ਵੱਧ ਮਨ ਕਦੇ ਸਥਿਰ ਨਾ ਰੱਖ ਸਕਿਆ। ਵੱਡੇ-ਵੱਡੇ ਪਾਠੀਆਂ ਤੋਂ ਵੀ ਇਹ ਅੱਜ ਤੱਕ ਨਹੀਂ ਸੁਣਿਆ ਕਿ ਪਾਠ ਕਰਦਿਆਂ ਉਨ੍ਹਾਂ ਦਾ ਮਨ ੧-੨ ਸਕਿੰਟ ਵਾਸਤੇ ਵੀ ਬਾਹਰ ਨਹੀਂ ਜਾਂਦਾ। ਬਹੁਤ ਪਰੇਸ਼ਾਨ ਹੋਇਆ ਤੇ ਗੁਰਬਾਣੀ ਵਿਚੋਂ ਮਨ ਦੀ ਸਥਿਰਤਾ ਦਾ ਇਲਾਜ ਲੱਭਣਾ ਚਹਿਆ ਅਥਵਾ ਅਪਣੇ ਗੁਰਦੇਵ ਜੀ ਤੋਂ ਹੀ ਇਸ ਰੋਗ ਦਾ ਦਾਰੂ ਪੁੱਛਿਆ ਤਾਂ

੯-ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥ ੫ ॥

(ਪੰਨਾ-੪੬੯)

ਪੰਕਤੀ ਮਿਲ ਗਈ। ਹੈਰਾਨ ਸਾਂ ਕਿ B.A. ਤੱਕ ਪੜ੍ਹਿਆ ਹਾਂ, ਗੁਰਬਾਣੀ ਗਿਆਨ ਦੀ ਬਖਸ਼ਸ਼ ਵੀ ਹੋਈ ਹੈ, ਫਿਰ ਵੀ ਪਾਠ ਕਰਦਿਆਂ ਮਨ ਇੱਧਰ-ਉੱਧਰ ਦੌੜ ਜਾਂਦਾ ਹੈ?

ਮਨ ਦੀ ਇਕਾਗਰਤਾ ਦੀ ਗੱਲ ਕਰਨ ਵਾਲੇ ਸੰਤਾਂ, ਮਹਾਪੁਰਖਾਂ, ਵਿਦਵਾਨਾਂ ਨਾਲ ਗੱਲਬਾਤ ਕੀਤੀ ਪਰ ਫੋਕੀਆਂ ਭਰਮਊ ਗੱਲਾਂ ਤੋਂ ਛੁੱਟ ਸਾਰਿਆਂ ਦੇ ਪੱਲੇ ਖ਼ਾਲੀ ਹੀ ਨਜ਼ਰ ਆਏ। ਪਰੇਸ਼ਾਨ ਰਹਿੰਦਾ ਮੁੜ-ਮੁੜ ਸੋਚਦਾ ਸਾਂ ਕਿ ਗੁਰਦੇਵ ਜੀ ਦੇ ਬਚਨ ਨਿਰਾਰਥਕ ਨਹੀਂ ਹੋ ਸਕਦੇ। ਸ਼ਾਇਦ ਦਾਸਰਾ ਹੀ ਔਝੜੇ ਪਿਆ ਠੀਕ ਅਰਥ ਨਹੀਂ ਸਮਝ ਰਿਹਾ? ਆਖ਼ਰ ਮਿਹਰਾਂ ਹੋਈਆਂ ਤੇ ਸਮਝ ਆ ਗਈ ਕਿ ਰੋਜ਼ ਉਸੇ ਹੀ ਬਾਣੀ ਦਾ ਪਾਠ ਕਰਦੇ ਸਮੇਂ (ਅਥਵਾ ਕੰਠ ਕੀਤੀ ਹੋਈ) ਬਾਣੀ ਦੇ ਪਾਠ ਵਿਚ ਮਨ ਕਦੇ ਸਥਿਰ ਨਹੀਂ ਰਹਿ ਸਕਦਾ ਪਰ ਜਦੋਂ ਅਰਥ ਸਮਝਣ ਦੀ ਇਛਿਆ ਨਾਲ ਬਾਣੀ ਪੜ੍ਹੀਏ ਤਾਂ ਮਨ ਅਰਥ ਸਮਝ ਲੈਣ ਵਿਚ ਖੁੱਭਿਆ ਰਹਿੰਦਾ ਹੈ। ਸੋ ਗੁਰੂ ਸਾਹਿਬ ਦੇ ਪਾਵਨ ਬਚਨਾਂ ਦਾ ਭਾਵ- ਨਿੱਤ ਨਵੀਂ ਬਾਣੀ ਪੜ੍ਹੀਏ ਭਾਵ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਲਗਾਤਾਰ ਜਾਰੀ ਰੱਖਿਆ ਮਨ ਹਰ ਰੋਜ਼ ਨਵੀਂ ਬਾਣੀ ਨੂੰ ਸਮਝਣ ਵਿਚ ਟਿਕਿਆ ਰਹਿੰਦਾ ਹੈ। ਪੂਰੀ ਬਾਣੀ ਦਾ ਪਾਠ ਸੰਪੂਰਨ ਹੋਣ ਮਗਰੋਂ ਦੁਬਾਰਾ ਨਵੇਂ ਸਿਰਿਉਂ ਪਾਠ ਆਰੰਭ ਕਰਨ ਨਾਲ ਉਹ ਬਾਣੀ ਮਨ ਲਈ ਫਿਰ ਨਵੀਂ ਹੀ ਪ੍ਰਤੀਤ ਹੁੰਦੀ ਹੈ। ਪਰ ਅੰਮ੍ਰਿਤਧਾਰੀ ਤੇ ਪੰਜਾਂ ਬਾਣੀਆਂ ਦਾ ਪਾਠੀ ਹੋਣ ਨਾਲ ਹਰ ਸਿੱਖ ਆਪਣੇ ਆਪ ਨੂੰ ਪੂਰਨ ਗੁਰਸਿੱਖ ਸਮਝਣ ਲੱਗ ਪਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਸਮਝ ਲੈਣ ਦੀ ਲੋੜ ਮੁਕਾ ਬੈਠਾ ਹੈ।

ਤੇ ਹੁਣ ਹੱਡ ਬੀਤੀ:-

ਅਪ੍ਰੈਲ ੨੦੦੪ ਵਿਚ ਜਦ ਦਾਸ ਪੰਜਾਬ ਦੇ ਕਈ ਪਿੰਡਾਂ ਵਿਚ ਗੁਰਮਤਿ ਵਿਚਾਰਾਂ ਕਰਦੇ ਹੋਏ ਦੋ ਦਿਨ ਡੁਬਈ ਰਹਿ ਕੇ ਫਿਰ ਇੰਗਲੈਂਡ ਪੁਜਾ ਤੇ ਭਾਈ ਸਾਹਿਬ ਸੇਵਾ ਸਿੰਘ ਜੀ ਦੇ ਘਰ ਚਾਹ ਪੀਣ ਲੱਗੇ ਸੀ ਕਿ ਭਾਈ ਜਸਬੀਰ ਸਿੰਘ ਜੀ (ਪੰਜਾਬ ਰੇਡੀਓ) ਵਾਲਿਆਂ ਦਾ ਫ਼ੋਨ ਆਉਣ 'ਤੇ ਭਾਈ ਸੇਵਾ ਸਿੰਘ ਜੀ ਦਾਸ ਨੂੰ ਝੱਟ ਰੇਡੀਓ ਸਟੇਸ਼ਨ 'ਤੇ ਲੈ ਪੁੱਜੇ॥ ਰੇਡੀਓ ਦੇ ਮਾਲਕ ਭਾਈ ਜਸਬੀਰ ਸਿੰਘ ਜੀ ਨੇ ਦਾਸ ਨੂੰ ਫ਼ਤਹਿ ਬੁਲਾਉਂਦਿਆਂ ਬੜੇ ਆਦਰ ਨਾਲ ਕਮਰੇ ਵਿਚ ਬਿਠਾ ਕੇ ਦਾਸਰੇ ਤੋਂ ਪਹਿਲਾਂ ਇਹ ਪੁੱਛਿਆ- "ਸੁਣਿਆ ਹੈ ਤੁਸੀਂ ਪੰਥ ਵੱਲੋਂ ਬਣੀ ਸਿੱਖ ਰਹਿਤ ਮਰਯਾਦਾ ਦੇ ਵਿਰੋਧੀ ਹੋ?" ਦਾਸਰੇ ਦਾ ਉੱਤਰ ਸੀ- "ਨਹੀਂ ਜੀ, ਇਹ ਕੋਰਾ ਝੂਠ ਹੈ। ਮੈਂ ਮਰਯਾਦਾ ਦੇ ਵਿਰੁੱਧ ਨਹੀਂ ਹਾਂ ਪਰ ਮਰਯਾਦਾ ਵਿਚ ਜੋ ਹਾਨੀਕਾਰਕ ਗੱਲਾਂ ਹਨ, ਪੁਨਰ ਵਿਚਾਰਾਂ ਕਰਕੇ ਲੋੜੀਂਦੀ ਸੁਧਾਈ ਕਰਨ ਦੀ ਜੋਦੜੀ ਸਹਿਤ ਕੇਵਲ ਓਹੋ ਹੀ ਲਿੱਖ ਭੇਜਦਾ ਹਾਂ ਜੀ। ਜਸਬੀਰ ਸਿੰਘ ਜੀ ਦਾ ਅਗਲਾ ਸਵਾਲ ਸੀ ਕਿ ਸਿੱਖ ਰਹਿਤ ਮਰਯਾਦਾ ਦੀ ਕਿਹੜੀ ਗੱਲ ਤੁਸੀਂ ਪੰਥ ਵਾਸਤੇ ਹਾਨੀਕਾਰਕ ਸਮਝਦੇ ਹੋ? ਤਾਂ ਦਾਸਰੇ ਨੇ ਕਿਹਾ ਮੇਰੀ ਭਾਵਨਾ ਦੀ ਅਸਲੀਅਤ ਸਮਝਣ ਵਾਸਤੇ ਤੁਹਾਨੂੰ ਸਤਿਗੁਰੂ ਨਾਨਕ ਜੀ ਦੀ ਸੁਲਤਾਨਪੁਰ ਲੋਧੀ ਵਿਖੇ ਵੇਈਂ ਨਦੀ ਵਿਚ ਅਲੋਪ ਹੋਣ ਵਾਲੀ ਸਾਖੀ ਚੇਤੇ ਕਰਨੀ ਪਏਗੀ। ਅਸੀ ਸਾਰਿਆਂ ਨੇ ਇਹ ਪ੍ਰਸੰਗ ਕਈਆਂ ਪਾਸੋਂ ਸੁਣਿਆਂ

ਹੋਵੇਗਾ ਕਿ ਵੇਈਂ ਨਦੀ ਵਿਚ ਇਸ਼ਨਾਨ ਕਰਨ ਗਏ ਸਤਿਗੁਰੂ ਨਾਨਕ ਸਾਹਿਬ ਜੀ ਤਿੰਨ ਦਿਨ ਲੋਕਾਂ ਨੂੰ ਨਹੀਂ ਲੱਭੇ? ਨਵਾਬ ਦੌਲਤ ਖਾਂ ਨੇ ਵੀ ਅਪਣੇ ਪਿਆਰੇ ਮੋਦੀ ਨਾਨਕ ਜੀ ਦੀ ਭਾਲ ਅਪਣੀ ਫ਼ੌਜ ਕੋਲੋਂ ਵੀ ਕਰਵਾਈ ਪਰ ਸਫ਼ਲਤਾ ਨਹੀ ਮਿਲੀ। ਇੱਕ ਦਿਨ ਅਚਨਚੇਤ ਹੀ ਗੁਰੂ ਸਾਹਿਬ ਨੂੰ ਕਬਰਾਂ ਵਿਚ ਬੈਠਿਆਂ ਬਾਰੇ ਸੁਣਿਆ ਤਾਂ ਹੁਮ-ਹੁਮਾ ਪੁੱਜੇ ਲੋਕਾਂ ਦੇ ਨਾਲ ਝੱਟ ਨਵਾਬ ਵੀ ਅਪਣੇ ਅਹਿਲਕਾਰਾਂ ਸਮੇਤ ਜਾ ਪੁੱਜਾ। ਸਤਿਗੁਰਾਂ ਨੂੰ ਉਦਾਸੀ ਭੇਸ ਵਿਚ ਦੇਖ ਕੇ ਹੈਰਾਨ ਹੋਏ ਨਵਾਬ ਨੇ ਸਮਝ ਲਿਆ ਕਿ ਹੁਣ ਉਸ ਦੇ ਮੋਦੀ ਨਾਨਕ ਨੇ ਮੋਦੀਖਾਨੇ ਨਹੀਂ ਬੈਠਣਾ ਤੇ ਪੁੱਛਿਆ ਨਾਨਕ ਹੁਣ ਤੂੰ ਕਿਹੜੇ ਧਰਮ ਦਾ ਪ੍ਰਚਾਰ ਕਰੇਂਗਾ? ਗੁਰਮਤਿ ਦੇ ਜਨਮਦਾਤਾ, ਨਿਆਰੇ ਸੁਧਾਰਕ ਸਤਿਗੁਰੂ ਜੀ ਨੇ ਆਖਿਆ- "ਨਵਾਬ ਜੀ, ਮੈਨੂੰ ਕਿਸੇ ਮਜ਼ਹਬ ਧਰਮ ਨਾਲ ਕੀ? ਮੈਂ ਮਨੁੱਖਾਂ ਦਾ ਨਹੀਂ ਸਗੋਂ ਮਨੁੱਖਤਾ ਦਾ ਸੇਵਕ ਹਾਂ" ਤਾਂ ਕਥਿਤ ਤੌਰ 'ਤੇ ਨਵਾਬ ਨਾਲ ਆਏ ਇਕ ਮੌਲਵੀ ਨੇ ਆਖਿਆ ਕਿ ਤੈਨੂੰ ਕੋਈ ਧਰਮ ਵੀ ਬੇਗਾਨਾ ਨਹੀਂ ਤਾਂ ਕੀ ਤੂੰ ਅੱਜ ਸਾਡੇ ਨਾਲ ਮਸੀਤ ਵਿਚ ਜਾ ਕੇ ਨਮਾਜ਼ ਪੜ੍ਹਨ ਨੂੰ ਤਿਆਰ ਹੈਂ? ਸਤਿਗੁਰੂ ਜੀ ਖ਼ੁਸ਼ੀ ਨਾਲ ਮਸੀਤੇ ਜਾਣ ਲਈ ਤਿਆਰ ਹੋ ਗਏ। ਨਮਾਜ਼ ਪੜ੍ਹਨ ਗਏ ਸਤਿਗੁਰੂ ਜੀ ਨਮਾਜ਼ੀਆਂ ਦੀ ਸਫ਼ ਵਿਚ ਜਾ ਖਲੋਤੇ ਪਰ ਨਮਾਜ਼ੀਆਂ ਵਾਂਗ ਸਜਦਾ ਨਾ ਕੀਤਾ। ਨਮਾਜ਼ ਪੜਨ੍ਹ ਉਪਰੰਤ ਨਵਾਬ ਨੇ ਸਤਿਗੁਰੂ ਜੀ ਨੂੰ ਪੁੱਛਿਆ-"ਹੇ ਨਾਨਕ, ਤੂੰ ਬਚਨ ਕਰਕੇ ਵੀ ਸਾਡੇ ਨਾਲ ਨਮਾਜ਼ ਕਿਉਂ ਨਹੀਂ ਪੜ੍ਹੀ?" ਗੁਰਦੇਵ ਜੀ ਨੇ ਆਖਿਆ ਕਿ ਨਮਾਜ਼ ਸਮੇਂ ਤੁਸੀਂ ਸਾਰੇ ਮਨ ਕਰਕੇ ਹਾਜ਼ਰ ਨਹੀਂ ਸੀ, ਇਸ ਲਈ ਮੈਂ ਤੁਹਾਡਾ ਸਾਥ ਨਾ ਦੇ ਸਕਿਆ? ਲੇਖਕਾਂ/ਪ੍ਰਚਾਰਕਾਂ ਨੇ ਤਾਂ ਕਈ ਕੁੱਝ ਆਖਿਆ ਹੈ ਕਿ ਮਨ ਕਰਕੇ ਨਵਾਬ ਫਲਾਣੀ ਥਾਂ ਸੀ ਤੇ ਮੌਲਵੀ ਫਲਾਣੀ ਥਾਂ, ਪਰ ਦਾਸਰੇ ਲਈ ਤਾਂ ਸਿੱਖਿਆ ਦੀ ਗੱਲ ਇਹੋ ਹੀ ਹੈ ਕਿ ਕੇਵਲ ਸਰੀਰ ਦੀ ਹਾਜ਼ਰੀ ਨੂੰ ਸਤਿਗੁਰੂ ਜੀ ਨੇ ਹਾਜ਼ਰੀ ਨਹੀਂ ਮੰਨਿਆ :-

ਨਾਨਕ ਸਤਿਗੁਰੁ ਤਾਂ ਮਿਲੈ ਜਾ ਮਨੁ ਰਹੈ ਹਦੂਰਿ ॥੨॥ (ਪੰਨਾ-੮੪)

ਦਾਸ ਵਾਸਤੇ ਇਸ ਤੋਂ ਸਤਿਗੁਰੂ ਜੀ ਦੀ ਸਿੱਖਿਆ ਇਹ ਸੀ ਕਿ ਜੇ ਮਨ ਬਾਹਰ ਦੌੜਿਆ ਫਿਰੇ ਤਾਂ ਫਿਰ ਨਾਮ ਸਿਮਰਨ ਦਾ ਜਾਂ ਪਾਠ ਕਰਨ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਜੇ ਕਿਤੇ ਪੰਥ ਦੀ ਮਰਿਆਦਾ ਰੋਜ਼ ਨਵੀਂ ਤੋਂ ਨਵੀਂ ਬਾਣੀ ਪੜ੍ਹਨ ਦੀ ਬਣ ਜਾਂਦੀ, ਤਾਂ ਸਾਰਾ ਸਿੱਖ ਜਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੁਕੰਮਲ ਬਾਣੀ ਦਾ ਗਿਆਨਵਾਨ ਹੋ ਜਾਂਦਾ।

ਹ- ਮੱਕੇ ਦੀ ਯਾਤਰਾ

ਫਰੀਦਾ ਬੇ ਨਿਵਾਜ਼ਾ ਕੁਤਿਆ ਏਹ ਨ ਭਲੀ ਰੀਤਿ ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥੭੦॥

੧-ਬਾਬਾ ਫਿਰ ਮੱਕੇ ਗਯਾ ਨੀਲ ਬਸਤ੍ਰ ਧਾਰੇ ਬਨਵਾਰੀ।

੨-ਆਸਾ ਹੱਥ **ਕਿਤਾਬ ਕੱਛ** ਕੂਜਾ ਬਾਂਗ ਮੁਸੱਲਾ ਧਾਰੀ।

੩-ਬੈਠਾ ਜਾਇ ਮਸੀਤ ਵਿਚਿ ਜਿਥੈ ਹਾਜੀ ਹਜਿ ਗੁਜ਼ਾਰੀ।

੪-ਜਾ ਬਾਬਾ ਸੁਤਾ ਰਾਤਿ ਨੋ ਵਲਿ ਮਹਿਰਾਬੇ ਪਾਇ ਪਸਾਰੀ ।

੫-ਜੀਵਣਿ ਮਾਰੀ ਲਤਿ ਦੀ ਕਿਹੜਾ ਸੁਤਾ ਕੁਫਰ ਕੁਫਾਰੀ।

੬-ਲਤਾਂ ਵਲਿ ਖੁਦਾਇ ਦੇ ਕਿਉ ਕਰਿ ਪਇਆ ਹੋਇ ਬਜਿਗਾਰੀ।

੭-ਟੰਗੋ ਪਕੜਿ ਘਸੀਟਿਆ ਫਿਰਿਆ ਮਕਾ ਕਲਾ ਦਿਖਾਰੀ ।

੮-ਹੋਇ ਹੈਰਾਨੁ ਕਰੇਨਿ ਜੁਹਾਰੀ ॥੩੨॥(ਵਾਰ ੧)

ਪਦ ਅਰਥ - ੧. ਬਨਵਾਰੀ=**ਬਸੰਤੁ ਹਿੰਡੋਲੁ ਮਹਲਾ ੧॥** ..."ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ 'ਬਨਵਾਰੀ'॥੩੮॥੧॥੮॥(੧੧੯੧) **੨-ਕਿਤਾਬ**=ਰਾਮਕਲੀ ਮਹਲਾ ੧ ..॥...**ਕਲਿ ਪਰਵਾਣੁ 'ਕਤੇਬ' ਕੁਰਾਣੁ**॥.. ੮॥੧॥(੧੧੯੩) **੩-ਗੁਰੂ ਨਾਨਕ ਸਾਹਿਬ ਜੀ ਦੀ ਆਪਣੀ ਲਿਖੀ ਗੁਰੂ ਬਾਣੀ ਦੀ 'ਕਿਤਾਬ'**। **੪-ਮਹਿਰਾਬਾ**=ਗੋਲਾਈਦਾਰ ਡਾਟ. ਪੂਰਬੀ ਦੇਸ਼ਾਂ ਵਿਚ ਬਣੀਆਂ ਮਸੀਤਾਂ ਦੀ ਲਹਿੰਦੇ ਵਲ ਦੀ (Western) ਕੰਧ ਵਿਚ ਬਣੀ ਗੋਲਾਈਦਾਰ ਡਾਟ. ਡੂੰਘਾ ਜਿਹਾ ਥਾਂ ਜੋ ਪਿੱਛੇ ਕੰਧੋਂ ਬਾਹਰ ਨੂੰ ਕੁਬ ਦੀ ਸ਼ਕਲ ਵਿਚ ਨਿਕਲਿਆ ਹੁੰਦਾ ਹੈ, ਮੁਸਲਮਾਨਾਂ ਵਿਚ ਬਣੇ ਵਿਸ਼ਵਾਸ ਅਨੁਸਾਰ ਇਹ ਥਾਂ 'ਖ਼ੁਦਾ' (ਅੱਲਾ, God) ਦੇ ਬੈਠਣ ਲਈ ਬਣਿਆ ਸਮਝਿਆ ਜਾਂਦਾ ਹੈ। ਮੁਸਲਮਾਨ ਕਹਿੰਦੇ ਹਨ ਕਿ ਉਸ ਥਾਂ 'ਤੇ ਬੈਠਿਆ ਖ਼ੁਦਾਇਆ-ਰੱਬ ਜੀ ਨੇ ਕਿਆਮਤ ਵਾਲੇ ਦਿਨ ਮਰ ਚੁੱਕੇ ਮੁਸਲਮਾਨਾਂ ਨੂੰ ਕਬਰਾਂ ਵਿਚੋਂ ਸੁਰਜੀਤ ਕਰਕੇ, ਉਨ੍ਹਾਂ ਦੇ ਅਮਲਾ ਦਾ ਹਿਸਾਬ ਲੈਣਾ ਹੈ ਅਤੇ ਕੋਲ ਖਲੋਤੇ ਹਜ਼ਰਤ ਮੁਹੰਮਦ ਸਾਹਿਬ ਜੀ ਦੀ ਸਿਫ਼ਾਰਿਸ਼ 'ਤੇ ਉਨ੍ਹਾਂ ਨੂੰ ਬਹਿਸ਼ਤ (Paradise) ਵਿਚ ਭੇਜਣਾ ਹੈ। ਹੇਠਾਂ ਛੇਵੀਂ ਪੰਗਤੀ ਵਿਚ ਉਸੇ ਖ਼ੁਦਾ ਦਾ ਜ਼ਿਕਰ ਹੈ)।

੪-ਜਾ ਬਾਬਾ ਸੁਤਾ ਰਾਤਿ ਨੋ ਵਲਿ ਮਹਿਰਾਬੇ ਪਾਇ ਪਸਾਰੀ॥

੫-ਜੀਵਣ ਮਾਰੀ ਲਤ ਦੀ=

ਕੱਸ ਕੇ ਲਤ ਦੀ (ਠੋਕਰ) ਮਾਰੀ । **ਜੀਵਣ**= ਝਟਕੇ ਨਾਲ ਮਾਰੀ ਠੋਕਰ, ਠੁੱਡਾ।

੬-ਲਤਾਂ ਵਲਿ ਖੁਦਾਇ ਦੇ=

ਲੱਤਾਂ ਰੱਬ ਵੱਲ? {ਮਹਿਰਾਬੇ ਵਲ ਪੈਰ ਕਰਨੇ ਮੁਸਲਮਾਨਾਂ ਦੇ ਅਕੀਦੇ (ਵਿਸ਼ਵਾਸ) ਅਨੁਸਾਰ, ਕਥਿਤ ਤੌਰ 'ਤੇ ਉਸ ਮਹਿਰਾਬੇ ਵਿਚ ਬੈਠੇ ਰੱਬ ਜੀ ਦੀ ਘੋਰ ਬੇਅਦਬੀ?।}

੭-ਫਿਰਿਆ ਮੱਕਾ 'ਕਲਾ' ਦਿਖਾਰੀ=

ਇਸ ਪੰਗਤੀ ਤੋਂ ਸਾਡੇ ਡੇਰੇਦਾਰਾਂ/ਜੱਥੇਦਾਰਾਂ/ਪ੍ਰਚਾਰਕਾਂ ਨੇ ਇਹ ਬਣਾ ਲਿਆ ਕਿ, ਸਤਿਗਰੂ ਜੀ ਨੇ ਐਸੀ ਕਰਾਮਾਤ ਵਿਖਾਈ ਕਿ ਕਥਿਤ 'ਜੀਵਨ ਨਾਮੀ ਮੁਲਾ' ਜਿਸ ਪਾਸੇ ਗੁਰਦੇਵ ਜੀ ਦੇ ਚਰਨ ਕਰਦਾ ਸੀ ਅਖੇ 'ਮੱਕਾ' ਉਸੇ ਪਾਸੇ ਘੁੰਮ ਜਾਂਦਾ ਸੀ।} ਨੋਟਃ- **ਮਹਾਨ ਕੋਸ਼ ਅਨੁਸਾਰ "ਮੱਕਾ-'ਅਰਬ'** ਦੇਸ਼ ਦਾ ਪ੍ਰਸਿੱਧ ਨਗਰ ਜੋ ਮੁਹੰਮਦ ਸਾਹਿਬ ਦਾ ਜਨਮ ਅਸਥਾਨ ਹੈ ਤੇ ਜਿਸ ਵਿੱਚ ਇਸਲਾਮ ਦਾ ਸਭ ਤੋਂ ਉੱਤਮ ਧਰਮਮੰਦਰ **'ਕਾਬਾ'** ਹੈ "। ਸੋ, ਮੱਕਾ ਫਿਰਨ ਦਾ ਅਰਥ ਸ਼ਹਿਰ ਦੀਆਂ ਸਾਰੀਆਂ ਇਮਾਰਤਾਂ Building ਅਥਵਾ ਸ਼ਹਿਰ ਦੀ ਹੱਦ ਦੇ ਅੰਦਰ ਦਾ ਸਭ ਕੁਝ, ਮਹਿਲ ਮਾੜੀਆਂ ਸਮੇਤ ਮੱਕੇ ਸ਼ਹਿਰ ਦੀ Suburban ਥਾਂ) ਵਿਚਲਾ ਧਰਮ ਮੰਦਰ ਕਾਬਾ ਤੇ ਨੇੜੇ ਦੀ ਉਹ 'ਮਸੀਤ' ਜਿੱਥੇ-("੩-ਬੈਠਾ ਜਾਇ ਮਸੀਤ ਵਿਚ ਜਿਥੈ ਹਾਜ਼ੀ ਹਜ ਗੁਜ਼ਾਰੀ")-ਹਾਜ਼ੀ ਲੋਕ ਹੱਜ਼ ਗੁਜ਼ਾਰਦੇ ਸਨ (ਭਾਵ ਨਮਾਜ਼ ਪੜ੍ਹਦੇ ਸਨ), ਅਤੇ ਜਿਸ ਮਸੀਤ ਵਿੱਚ ਬਣੇ **'ਮਹਿਰਾਬੇ'** ਵੱਲ ਗੁਰਦੇਵ ਜੀ ਅਪਣੇ ਮੁਬਾਰਕ ਚਰਨ ਪਸਾਰ ਸੁੱਤੇ ਸਨ, ਯਥਾ-

ਏਡੇ ਪਸਾਰੇ ਵਾਲੇ ਮੱਕੇ ਸ਼ਹਿਰ ਦਾ ਫਿਰਨਾ ਕੇਵਲ ਅਸੰਭਵ ਹੀ ਨਹੀਂ ਸਗੋਂ ਗੁਰਮਤਿ ਵਿਰੋਧੀ ਝੂਠ ਰੂਪ-'ਘੋਰ ਪਾਪ' ਹੈ-ਯਥਾ

ਜਹਾ ਝੂਠੁ ਤਹ ਪਾਪੁ..(ਪੰਨਾ੧੩੭੨)

ਦੂਜਾ ਪੱਖ-ਲਿਖਤ ਅਨੁਸਾਰ ਗੁਰੂ ਬਾਬਾ ਜੀ ਦੇ ਚਰਨ ਮਸੀਤ ਦੇ ਅੰਦਰ ਕੰਧ ਵਿਚ ਬਣੇ ਮਹਿਰਾਬੇ ਵੱਲ ਸਨ। ਗੁਰਦੇਵ ਜੀ ਦੇ ਚਰਨਾਂ ਦੇ ਮਗਰ ਮੱਕੇ ਨੇ ਨਹੀਂ ਸਗੋਂ ਮਹਿਰਾਬੇ ਨੇ ਫਿਰਨਾ ਸੀ। ਮਹਿਰਾਬੇ ਵਾਲੀ ਕੰਧ ਹਿੱਲਣ ਦਾ ਅਰਥ ਮਸੀਤ ਦੀ ਛੱਤ ਡਿਗ ਪੈਣ ਦੇ ਨਾਲ ਮਸੀਤ ਦੇ ਅੰਦਰਲਿਆਂ ਲਈ ਜਾਨੀ ਖ਼ਤਰਾ? **ਮਸੀਤੋਂ ਬਾਹਰ ਮੱਕਾ ਸ਼ਹਿਰ ਫਿਰਨ ਦੀ ਅਨਹੋਣੀ ਤੇ ਝੂਠੀ ਗੱਲ ਗੁਰਮਤਿ ਦੇ ਗਿਆਤਾ ਭਾਈ ਗੁਰਦਾਸ ਜੀ ਦੇ ਮਨ ਵਿਚ ਆ ਵੀ ਨਹੀਂ ਸੀ ਸਕਦੀ।** ਇਸ ਕਥਨ ਦੇ ਅੰਤ੍ਰੀਵ ਭਾਵ ਨੂੰ ਸਪੱਸ਼ਟਤਾ ਨਾਲ ਸਮਝਣ ਲਈ ਵਿਚਾਰ ਗੋਚਰੀ ਇਸ ਸੱਚਾਈ ਨੂੰ ਵੀ ਨਹੀਂ ਭੁੱਲਣਾ ਚਾਹੀਦਾ ਕਿ ਬਟਾਲੇ ਨੇੜੇ 'ਅੱਚਲ' ਵਿਖੇ ਜੋਗੀਆਂ ਨਾਲ ਹੋਈ ਚਰਚਾ ਦਾ ਇਤਿਹਾਸ ਲਿਖਦਿਆਂ ਭਾਈ ਸਾਹਿਬ ਜੀ ਨੇ ਗੁਰੂ ਨਾਨਕ ਜੀ ਦੇ ਬਚਨਾਂ ਵਿਚ-

ਬਾਜਹੁ ਸਚੇ ਨਾਮ ਦੇ ਹੋਰ 'ਕਰਾਮਾਤ' ਅਸਾਥੇ ਨਾਹੀ॥ ੧-੪੩-੨

'ਕਰਾਮਾਤ' ਪਦ ਵਰਤਿਆ ਹੈ। ਪਰ ਏਥੇ ਭਾਈ ਸਾਹਿਬ ਨੇ ਕਰਾਮਾਤ ਨਹੀਂ ਸਗੋਂ-**"ਕਲਾ ਦਿਖਾਰੀ"** ਲਿਖਿਆ ਹੈ ? ਭਾਵੇਂ ਕਿਸੇ ਵਿਦਵਾਨ ਨੇ ਇੱਧਰ ਧਿਆਨ ਦੇਣਾ ਠੀਕ ਨਹੀਂ ਸਮਝਿਆ ਪਰ ਆਉ ਇਨ੍ਹਾਂ ਦੋਹਾਂ-**'ਕਰਾਮਤਿ'**- ਤੇ -**'ਕਲਾ'**-ਪਦਾਂ ਦਾ ਅਰਥ ਭੇਦ ਸਮਝ ਲਈਏ:-**ਮਹਾਨ ਕੋਸ਼ ਦੇ ੩੦੫ ਸ.ਫ਼ੇ ਅਨੁਸਾਰ-ਕਰਾਮਾਤਿ:- ਕਰਾਮਾਤ ਦਾ ਬਹੁ ਵਚਨ ਕਰਾਮਾਤਿ।** ਸਿੱਧੀਆਂ, ਉਹ ਅਲੌਕਿਕ ਸ਼ਕਤੀਆਂ ਜਿਨ੍ਹਾਂ ਦੁਆਰਾ ਅਣਹੋਣੀ ਬਾਤ ਹੋ ਸਕੇ।

ਨੋਟ : ਇਥੇ ਦਾਸ ਪਾਠਕਾਂ ਦੇ ਗਿਆਨ ਲਈ ਦਸਣਾ ਚਾਹੁੰਦਾ ਹੈ ਕਿ ਗੁਰਮਤਿ ਅਨੁਸਾਰ ਕਾਦਰ ਦੀ ਕੁਦਰਤ ਵਿਚ ਕੋਈ ਅਣਹੋਣੀ ਬਾਤ ਨਹੀ ਹੋ ਰਹੀ। ਸਭ ਕੁਛ ਕਾਦਰ ਦੇ ਬਣਾਏ ਨਿਯਮਾਂ ਵਿਚ ਹੋ ਰਹਿਆ ਹੈ। ਕੁਦਰਤ ਦੇ ਨਿਯਮ (**Universal laws of nature**) ਹੀ ਕਾਦਰ ਦੇ ਹੁਕਮ ਹਨ। ਗੁਰਬਾਣੀ ਵਿਚ ਬਾਰ ਬਾਰ ਹੁਕਮ ਨੂੰ ਬੁਝਣ ਦੀ ਤਾਕੀਦ ਕੀਤੀ ਹੈ । ਜੋ ਹੁਕਮ ਨੂੰ ਬੁਝ ਲੈਂਦਾ ਹੈ, ਓਸ ਲਈ ਇਹ ਖੇਡ ਹੈ ਅਤੇ ਜਿਸ ਦੀ ਮਤਿ ਓਸ ਹੁਕਮ ਨੂੰ ਬੁਝਣ ਵਿਚ ਅਸਮਰਥ ਹੁੰਦੀ ਹੈ, ਓਹ ਇਸ ਨੂੰ ਕਰਾਮਾਤ ਕਹਿ ਦੇਂਦਾ ਹੈ। ਧਿਆਨ ਦੇਣ ਵਾਲੀ ਗਲ ਹੈ ਕਿ, ਕਿਸੀ ਵੀ ਚੀਜ਼ ਦੀ ਬਦਲਾਹਟ ਕਾਦਰ ਦੇ ਨਾ ਟੁਟਣ ਵਾਲੇ ਹੁਕਮ/ਨਿਯਮ ਅੰਦਰ ਹੁੰਦੀ ਹੈ। ਅਣਹੋਣੀ ਬਾਤ ਨਹੀ ਹੋਂਦੀ । ਜੇ ਕੋਈ ਅਲੌਕਿਕ **ਸ਼ਕਤੀਆਂ** ਦੁਆਰਾ ਅਣਹੋਣੀ ਬਾਤ ਕਰ ਸਕਦਾ ਅਤੇ ਲੋਹੇ ਨੂੰ ਆਪਣੀ ਸ਼ਕਤੀ ਦੁਆਰਾ ਪਾਣੀ ਕਰ ਸਕਦਾ ਹੁੰਦਾ, ਤਾਂ ਅਜ ਇਸ ਆਧੁਨਿਕ ਯੁਗ ਵਿਚ ਕਿਸੇ ਵੀ ਮਸ਼ੀਨ ਦੀ ਕਾਢ ਕਰਨੀ ਅਸੰਭਵ ਹੁੰਦੀ ।

ਗੁਰੂ ਗ੍ਰੰਥ ਸਾਹਿਬ ਵਿਚ ਕਰਾਮਾਤ ਲਫ਼ਜ਼ ਹੈ ਹੀ ਨਹੀਂ, ਅਤੇ ਕਰਾਮਾਤਿ ਲਫ਼ਜ਼ ਦੋ ਵਾਰੀ ਆਇਆ ਹੈ ਅਤੇ ਓਹ ਵੀ ਅਸਚਰਜਤਾ ਦੇ ਅਰਥਾਂ ਵਿਚ।

..**ਮਹਾਨ ਕੋਸ਼** ਦੇ ਹੀ ੩੦੯ ਸਫ਼ੇ ਤੇ 'ਕਲਾ'-ਸੰਗਯਾ-੩ ੬. ਸ਼ਕਤਿ, "ਧਰਣਿ ਅਕਾਸੁ ਜਾ ਕੀ ਕਲਾ ਮਾਹਿ॥ (ਬਸੰ ਮ: ੫) ੭. ਬਾਜ਼ੀ ਖੇਡ "ਐਸੀ ਕਲਾ ਨ ਖੇਡੀਐ ਜਿਤੁ ਦਰਗਹਿ ਗਇਆਂ ਹਾਰੀਐ" (ਵਾਰ ਆਸਾ) ੮. ਆਧਾਰ "ਬਾਝੁ ਕਲਾ ਧਰ ਗਗਨੁ ਧਰੀਆ."(ਬਸੰ; ਅ: ਮ: ੧)।.. ੧੦. ਵਿਦਯਾ ॥ ੧੧. ਹੁਨਰ. "ਸਰਬ ਕਲਾ ਸਮਰਥ." (ਬਾਵਨ) ਭਾਵ- ਕੁਸ਼ਲਤਾ- ਕਿਉਂਕਿ ਮੱਕਾ ਫਿਰਨਾ 'ਅਣਹੋਣੀ' ਗੱਲ ਹੋਣ ਕਾਰਨ ਗੁਰਮਤਿ ਵਿਰੋਧੀ ਅਥਵਾ ਰੱਬੀ ਨੇਮਾਂ ਦੇ ਉਲਟ ਸੀ ਸੋ ਹੁਕਮੋ ਬਾਹਰੀ ਅਥਵਾ ਇਹ **'ਕਰਾਮਾਤ'** ਸੀ। ਸੋ ਨਿਰਸੰਦੇਹ ਏਥੇ ਭਾਈ ਸਾਹਿਬ ਜੀ ਦਾ ਭਾਵ ਮੱਕਾ ਸ਼ਹਿਰ ਫਿਰਨ ਵਰਗੀ ਅਣਹੋਣੀ ਗੱਲ ਨਹੀਂ ਹੈ । ਤਦੇ ਹੀ ਉਨ੍ਹਾਂ ਨੇ ਕਰਾਮਾਤ ਨਹੀਂ ਸਗੋਂ ਕਲਾ' ਪਦ ਵਰਤਿਆ- **"ਫਿਰਿਆ ਮੱਕਾ 'ਕਲਾ ਦਿਖਾਰੀ।** ਪਰ ਇਹ ਹੀ ਝੂਠ ਨਹੀਂ ਹੈ ਕਿ ਭਾਈ ਸਾਹਿਬ ਵਲੋਂ ਵਰਤੇ ਬਚਨਾਂ ਦਾ ਪ੍ਰਤੱਖ ਭਾਵ ਸਮੁੱਚਾ ਮੱਕਾ ਸ਼ਹਿਰ ਫਿਰਨ ਦਾ ਸ਼ੰਕਾ ਖੜ੍ਹਾ

ਕਰ ਰਿਹਾ ਹੈ। ਫਿਰ ਸੁਜਾਨ ਭਾਈ ਸਾਹਿਬ ਜੀ ਨੇ "ਫਿਰਿਆ ਮੱਕਾ" ਪੰਗਤੀ ਕਿਸ ਆਧਾਰ 'ਤੇ ਲਿਖੀ? ਨਿਰਸੰਦੇਹ (ਭਾਈ ਗੁਰਦਾਸ ਜੀ ਨੇ ਪੰਜਾਬੀਆਂ ਵਿਚ ਪ੍ਰਚੱਲਤ ਮੁਹਾਵਰੇ ਦੁਆਰਾ ਗੁਰਦੇਵ ਜੀ ਦਾ ਮੱਕੇ ਜਾ ਕੇ ਮਹਿਰਾਬੇ ਵੱਲ ਚਰਨ ਕਰ ਲੇਟਣ ਦਾ ਮੰਤਵ ਸਹਿਲ ਹੀ ਸਮਝਾ ਦਿੱਤਾ ਸੀ-ਪਰ ਕਿਵੇਂ? :-

ਹੱਡ ਬੀਤੀਆਂ-(੧)-ਜ਼ਿਲ੍ਹਾ ਮਿੰਟਗੁਮਰੀ ਦੇ ਕੱਸੋਵਾਲ ਠਾਣੇ ਵਿਚ ਸਾਡੇ ਪਿੰਡ ਚਕ ਨੰਬਰ ੩੯-੧੪ ਐਲ ਦੇ ਬੜੇ ਵਿਸ਼ਾਲ ਗੁਰਦੁਆਰੇ ਵਿੱਚ ਗੁਰੂ ਨਾਨਕ ਸਾਹਿਬ ਜੀ ਦਾ ਆਗਮਨ ਪੁਰਬ ਬੜੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਸੀ ਤੇ ਪੰਜਾ ਸਾਹਿਬ ਦੇ ਪ੍ਰਸਿੱਧ ਕੀਰਤਨੀਏ ਜੋ ਸਨ ੧੯੪੭/੪੮ ਵਿਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੁੱਖ ਕੀਰਤਨਏ ਰਹੇ ਸਨ "ਭਾਈ ਮਹਿਤਾਬ ਸਿੰਘ ਜੀ" ਜਥੇ ਸਮੇਤ ਆਏ ਹੋਏ ਸਨ। ਆਖੰਡ ਪਾਠ ਸਾਹਿਬ ਦੇ ਵੀ ਭੋਗ ਪੈਣੇ ਸਨ। ਸਮੁੱਚੇ ਪਰਵਾਰ ਸਹਿਤ ਸਾਰੇ ਗੁਰਸਿੱਖ ਤੇ ਕੰਨ ਰਸੀਏ ਕੰਮੀ ਕਮੀਣ ਵੀ ਗੁਰੂਦੁਆਰੇ ਗਏ ਹੋਏ ਸਨ। ਮਗਰੋਂ ਚੋਰਾਂ ਨੇ ਤਸੱਲੀ ਨਾਲ ਤਿੰਨਾਂ ਘਰਾਂ ਦਾ ਕੀਮਤੀ ਸਮਾਨ ਚੋਰੀ ਕਰ ਲਿਆ। ਚੋਰੀ ਦੀ ਤਫ਼ਤੀਸ਼ ਕਰਨ ਆਇਆ ਮੁਸਲਮਾਨ ਠਾਣੇਦਾਰ ਪਿੰਡ ਵਾਸੀਆਂ ਨੂੰ ਦਬਾਕੜੇ ਮਾਰਦਾ ਵਾਰ-ਵਾਰ ਕਹਿ ਰਿਹਾ ਸੀ, 'ਜਦ ਸਾਰਾ ਪਿੰਡ ਗੁਰਦੁਆਰੇ ਜਾ ਵੜਿਆ ਚੋਰੀਆਂ ਤਾਂ ਹੋਣੀਆਂ ਹੀ ਸਨ? ਸਜ਼ਾ ਵਜੋਂ ਪਿੰਡ ਵਿਚ ਠੀਕਰੀ ਪਹਿਰਾ ਲਾਗੂ ਕਰ ਦਿੱਤਾ ਗਿਆ। ਚੋਰੀਆਂ ਪਈਆਂ ਖੂਹ-ਖਾਤੇ। (੨)- ਸੰਨ ੧੯੬੯ ਵਿਚ ਅੰਮ੍ਰਿਤਸਰ ਸ਼ਹਿਰ ਦੇ ਕੰਪਨੀ ਬਾਗ਼ ਵਿਚ (ਸ਼ਾਇਦ) ਪਾਕਿਸਤਾਨ ਨਾਲ ਕ੍ਰਿਕਟ ਦਾ ਮੈਚ ਹੋ ਰਿਹਾ ਸੀ। ਵੇਖਣ ਲਈ ਆ ਜੁੜੀ ਅਥਾਹ ਭੀੜ ਸੰਭਾਲੀ ਨਹੀਂ ਸੀ ਜਾ ਰਹੀ। ਪ੍ਰਬੰਧਕ ਕਹਿ ਰਹੇ ਸਨ 'ਸਾਰਾ ਸ਼ਹਿਰ ਹੀ ਚੜ੍ਹਾਈ ਕਰ ਆਇਆ ਹੈ-ਸਾਂਭਿਆ ਕਿਵੇਂ ਜਾਵੇ?" ਉਪ੍ਰੋਕਤ ਦੋਹੀਂ ਥਾਈਂ ਕੇਵਲ ਵਸਨੀਕ ਹੀ ਗੁਰਦੁਆਰੇ ਅਥਵਾ ਖੇਡ ਵੇਖਣ ਕੰਪਨੀ ਬਾਗ਼ ਗਏ ਸਨ। ਪਰ ਕਿਹਾ ਜਾ ਰਿਹਾ ਸੀ-"ਸਾਰਾ ਪਿੰਡ" ਤੇ "ਸਾਰਾ ਸ਼ਹਿਰ" ਆ ਗਿਆ? ਹੱਜ਼ ਦਾ ਦਿਨ ਸੀ ਮੱਕੇ ਸ਼ਹਿਰ ਦੇ ਸਾਰੇ ਮਰਦ ਮਸੀਤੇ ਆ ਜੁੜਨੇ ਧਾਰਮਕ ਸ਼ਰਧਾ ਸੀ। ਉਪਰੋਕਤ ਵਰਣਨ ਅਖਾਣ (ਮੁਹਾਵਰੇ) ਅਨੁਸਾਰ ਸਾਰਾ ਹੀ ਮੱਕਾ 'ਕਾਬੇ' ਦੇ ਨੇੜ੍ਹੇ ਵਾਲੀ ਮਸੀਤੇ ਪੁੱਜਿਆ ਹੋਇਆ ਸੀ। ਹਿੰਦੀ ਪੀਰ ਜੀ ਦੇ ਲੱਤ ਮਾਰਨ ਵਾਲੀ ਚਰਚਾ ਸਾਰੇ ਮੱਕੇ ਵਿਚ ਫੈਲ ਜਾਣੀ ਕੁਦਰਤੀ ਸੀ।

ਕਲਾ-ਹੁਨਰ, ਸਿਆਣਪ Dexterity-skill :-"ਟੰਗੋਂ ਫੜ ਘਸੀਟਿਆ ਫਿਰਿਆ ਮੱਕਾ '**ਕਲਾ**' ਦਿਖਾਰੀ?" ਗੁਰਦੇਵ ਜੀ ਤਾਂ ਸੁੱਤੇ ਪਏ ਸਨ? ਉਨ੍ਹਾਂ ਨੇ ਸੁੱਤਿਆਂ ਹੀ ਮੱਕਾ ਘੁੰਮਾ ਦੇਣ ਵਾਲੀ ਅਣਹੋਣੀ '**ਕਲਾ**' ਕਿਵੇਂ ਤੇ ਕਿਹੋ ਜਿਹੀ ਦਿਖਾਈ?

੧੧-ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ ॥ (ਪੰਨਾ੧੧੧੬)

ਹਰਿਦੁਆਰ ਵਿਖੇ ਗੰਗਾ ਨਦੀ ਦਾ ਪਾਣੀ ਚੜ੍ਹਦੇ ਥਾਂ ਲਹਿੰਦੇ ਵੱਲ ਨੂੰ ਚੱਲਣਾ ਆਰੰਭ ਕਰਨ ਵਾਲੀ ਨਾਟਕੀ 'ਸਿਆਣਪ ਅਥਵਾ Skill ਨਾਲ ਸੂਰਜ ਦੀ ਪੂਜਾ ਦਾ ਅਥਵਾ ਪਿੱਤਰਾਂ ਦੀ ਭਗਤੀ ਦਾ ਭਰਮ ਦੂਰ ਕੀਤਾ। ਸੂਰਜ ਗ੍ਰਹਿਣ ਦੇ ਮੇਲੇ ਸਮੇਂ ਕੁਰੂਕਸ਼ੇਤਰ ਵਿਖੇ ਜਿੱਥੇ ਅੱਗ ਬਾਲਣ ਦੀ ਕਰੜੀ ਮਨਾਹੀ ਸੀ, ਉੱਥੇ ਸਗੋਂ ਮਾਸ ਰਿੱਝਣਾ ਧਰ ਕੇ ਕੁੰਭ ਦੇ ਪੁਰਬ 'ਤੇ ਜੁੜੀ ਬੇਅੰਤ ਭੀੜ ਲਈ ਚਰਚਾ ਦਾ ਕਾਰਨ ਬਣ ਗਏ। ਅੱਗ ਬਲਦੀ ਦੇ ਨਾਲ ਜਦ ਮਾਸ ਰਿੱਝਣ ਦੀ 'ਗੰਧ' ਆਈ ਤਾਂ ਮਾਰਨ ਦੌੜ ਆਏ ਜੋਗੀਆਂ, ਪਾਂਡਿਆਂ ਦੀ ਭੀੜ ਦੇ ਮਨਾਂ ਅੰਦਰ ਬਣੇ ਮਾਸ ਭੋਜਨ ਵਿਰੋਧੀ ਭਰਮ ਦੂਰ ਕਰਕੇ ਮਾਸ ਖਾਣ ਵਾਲਿਆਂ ਵਿਰੁੱਧ ਬਣੀ ਘਿਰਣਾ ਮਿਟਾ ਦਿੱਤੀ। ਧੰਙਾਣੇ ਹੀ ਝਗੜੇ ਖੜ੍ਹੇ ਕਰ ਰਹੇ ਜੋਗੀਆਂ ਤੇ ਪਾਂਡਿਆਂ ਦਾ ਭਰਮ ਦੂਰ ਕਰਕੇ ਉਨ੍ਹਾਂ ਦੇ ਹਿਰਦਿਆਂ ਅੰਦਰਲਾ ਭਰਾਤਰੀ ਸਨੇਹ ਜਗਾ ਦਿੱਤਾ। ਉਸ ਸਮੇਂ ਜਗਤ ਲਈ ਜਿਹੜਾ ਬਹੁਪੱਖੀ ਗਿਆਨ ਬਖ਼ਸ਼ਸ਼ ਕੀਤਾ ਉਹ-

੧੨-ਮਲਾਰ ਕੀ ਵਾਰ.. ਸਲੋਕ ਮ: ੧ ॥ ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ॥... ਬਚਨਿ ਬਿਣਾਸੁ ॥੧ ॥ (ਪੰਨਾ-੧੨੮੯)

- ਅਤੇ -

੧੩-ਮ: ੧ ॥ ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥... ਨਾਨਕੁ ਕਹੈ ਵਿਚਾਰਾ ॥੨ ॥ (ਪੰਨਾ-੧੨੮੯-੯੦)

ਦੋ ਪਾਵਨ ਸਲੋਕਾਂ ਵਿਚ ਸਦਾ ਲਈ ਸੁਰੱਖਿਅਤ ਹੈ।

ਸਾਰੀ ਧਰਤੀ ਨੂੰ ਧਰਮਸ਼ਾਲ ਬਣਾ ਰਹੇ ਦੈਵੀ ਨਾਟਕ-ਕਾਰ ਸਤਿਗੁਰੂ ਜੀ ਨੇ ਪਹਿਲਾਂ ਹੀ ਵਿਚਾਰ ਲਿਆ ਹੋਇਆ ਸੀ ਕਿ ਜੇ ਹੱਜ ਵਾਲੇ ਦਿਨ ਮੱਕੇ ਸ਼ਹਿਰ ਵਿਚਲੀ ਕੇਂਦਰੀ ਮਸੀਤ ਦੇ **'ਮਹਿਰਾਬੇ'** ਵੱਲ ਨੂੰ ਪੈਰ ਪਸਾਰ ਕੇ ਲੇਟਿਆ ਜਾਵੇ ਤਾਂ ਮੱਕੇ ਦੇ ਮੌਲਾਣੇ ਨੇ ਵਧੀਕੀ ਜ਼ਰੂਰ ਕਰਨੀ ਹੈ। ਜਿਸ ਤੋਂ ਜਗਤ ਦੇ ਕਈ ਦੇਸ਼ਾਂ ਤੋਂ ਪੁੱਜੇ ਹੋਏ ਸਾਰੇ ਹਾਜੀਆਂ ਦੀ ਰੁਚੀ ਸਾਡੇ ਵੱਲ ਖਿੱਚੀ ਜਾਣੀ ਹੈ। ਸੋ ਉਵੇਂ ਹੀ ਹੋਇਆ। ਰੱਬ ਵੱਲ ਪੈਰ ਕਰਕੇ ਸੁੱਤੇ ਸਤਿਗੁਰੂ ਜੀ ਨੂੰ ਵੇਖਿਆ ਤਾਂ ਗੁਸੇ ਨਾਲ ਪਾਗਲ ਹੋਏ ਮੌਲਾਣੇ ਨੇ ਝੱਟ ਠੁਡਾ ਕੱਢ ਮਾਰਿਆ। ਫਿਰ ਹਾਜੀਆਂ ਦੀ ਜੁੜੀ ਭੀੜ ਦੇ ਵੇਖਦਿਆਂ ਮੌਲਾਣੇ ਨੇ ਨਿਰਸੰਦੇਹ, ਗੁਰੂ ਨਾਨਕ ਜੀ ਨੂੰ ਲੱਤੋਂ ਫੜ ਕੇ ਉਨ੍ਹਾਂ ਦੇ ਚਰਨ ਦੂਜੇ ਪਾਸੇ ਵਗਾਹ ਮਾਰੇ। ਮਿੱਠ ਬੋਲੜੇ ਸੱਜਣ ਜੀ ਮਨਮੋਹਣੀ ਮੁਸਕਾਨ ਨਾਲ ਬੋਲੇ - "ਹੇ ਮੌਲਾਣਾ ਜੀਓ! ਕੀ ਇਹ ਪਾਸਾ ਰੱਬੀ ਪਹੁੰਚ ਤੋਂ ਬਾਹਰਾ ਹੈ? ਕੀ ਇੱਧਰ ਖ਼ੁਦਾ ਮੌਜੂਦ ਨਹੀਂ ਹੈ?" ਕਈਆਂ ਸਿਆਣਿਆਂ ਨੇ ਝੱਟ ਰੌਲਾ ਪਾ ਦਿੱਤਾ- **"ਕੁਰਾਣ ਸ਼ਰੀਫ਼ ਦੀ ਕਲਾਮੇ ਪਾਕ ਅਨੁਸਾਰ ਅੱਲਾਹ ਕਾਇਨਾਤ ਦੇ ਜ਼ੱਰੇ ਜ਼ੱਰੇ**

ਵਿਚ ਮੌਜੂਦ ਹੈ। ਪੀਰ ਜੀ ਨੇ ਸਾਡੀਆਂ ਅੱਖੀਆਂ ਖੋਲ੍ਹ ਦਿੱਤੀਆਂ ਹਨ"। ਮੂਰਖ ਮੌਲਾਣੇ ਵਲੋਂ ਕੀਤੀ ਬੇਅਦਬੀ ਲਈ ਸਾਰੇ ਪ੍ਰਬੰਧਕਾਂ ਸਮੇਤ-

"ਹੋਇ ਹੈਰਾਨੁ ਕਰੇਨਿ ਜੁਹਾਰੀ॥"

ਹੈਰਾਨ ਹੋਏ ਮੁਖੀ ਹਾਜੀਆਂ ਨੇ-ਨਮਸਕਾਰਾਂ ਸਹਿਤ ਗੁਰੂ ਜੀ ਤੋਂ ਖਿਮਾਂ ਮੰਗੀ। ਗੁਰਦੇਵ ਜੀ ਦੇ ਇਸ ਦਲੇਰਾਨਾ ਨਾਟਕ ਨੇ ਮੱਕੇ ਦੇ ਸਾਰੇ ਵਾਸੀਆਂ ਦੀ ਸੋਚ ਫੇਰ ਦਿੱਤੀ-ਭਾਵ ਸਾਰਾ ਮੱਕਾ ਆਪਣੀ ਪਹਿਲੀ ਸੋਚ ਤੋਂ ਫਿਰ ਗਿਆ। ਪਰ ਅਸਾ ਮਹਾਂ ਮੂਰਖਾਂ ਨੇ ਕੰਧਾਂ ਕੋਠਿਆਂ ਸਮੇਤ ਮੱਕਾਂ ਸ਼ਹਿਰ ਘੁੰਮਦਾ ਬਣਾ ਲਿਆ? (ਨੋਟ:-ਅਰਬ ਦੇਸ਼ ਦੇ ਵਾਸੀ ਮੁਸਲਮਾਨ ਸੱਜਣਾ ਤੋਂ ਪਤਾ ਲੱਗਾ ਹੈ ਕਿ ਮੱਕੇ ਵਿਚ ਅੱਜ ਵੀ ਕਈ ਪਰਵਾਰ ਨਾਨਕ ਪੀਰ ਦੇ ਸ਼ਰਧਾਲੂ ਉਨ੍ਹਾਂ ਦਾ ਕਲਾਮ ਪੜ੍ਹਦੇ ਹਨ।)

ਉਸ ਪਰਮ ਸ਼ਕਤੀ ਸਿਰਜਣਹਾਰ ਨੂੰ ਹਰ ਸਮੇਂ ਅੰਗ-ਸੰਗ ਅਨੁਭਵ ਕਰਦਿਆਂ ਸਦਾ ਉਸ ਦੇ ਨਿਰਮਲ ਭੈ ਵਿਚ ਰਹਿਣਾ ਹੈ। ਅਜਿਹਾ ਵਿਸ਼ਵਾਸ ਦ੍ਰਿੜ ਹੋ ਜਾਣ ਨਾਲ-

੧੪-"ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਾਹਿਬੁ ਏਕੁ॥" (ਪੰਨਾ-੧੨੩੯)

ਕਿਸੇ ਪ੍ਰਾਣੀ ਨਾਲ ਵਿਤਕਰਾ, ਜ਼ੁਲਮ ਜਾਂ ਬੇਇਨਸਾਫ਼ੀ ਵਾਲਾ ਵਿਵਹਾਰ ਸਿੱਧਾ ਅੱਲਾਹ ਨਾਲ ਹੀ ਹੋ ਰਿਹਾ ਸਮਝਣਾ ਚਾਹੀਦਾ ਹੈ। ਹਰ ਸਮੇਂ ਹਰ ਥਾਂ ਅੱਲਾਹ ਦੀ ਹਜ਼ੂਰੀ ਅਨੁਭਵ ਹੋਣ ਲੱਗ ਪਈ ਤਾਂ-

੧੫- "ਨਿਕਟਿ ਬੁਝੈ ਸੋ ਬੁਰਾ ਕਿਉ ਕਰੈ॥ ਬਿਖੁ ਸੰਚੈ ਨਿਤ ਡਰਤਾ ਫਿਰੈ॥"
(ਪੰਨਾ-੧੧੩੯)

ਬੁਰਿਆਈ ਕਰਨੀ ਤਾਂ ਦੂਰ ਰਹੀ ਬਦੀ ਚਿਤਵਣੀ ਵੀ ਅਸੰਭਵ ਬਣ ਜਾਂਦੀ ਹੈ। ਫਿਰ-

੧੬- "ਪਰ ਕਾ ਬੁਰਾ ਨ ਰਾਖਹੁ ਚੀਤ॥ ਤੁਮ ਕਉ ਦੁਖੁ ਨਹੀ ਭਾਈ ਮੀਤ॥"
(ਪੰਨਾ-੩੮੬)

ਸਾਰਾ ਸੰਸਾਰ ਸੁੱਖਾਂ ਦੀ ਖਾਣ ਹੋ ਦਿੱਸਦਾ ਹੈ। ਹਰ ਸਮੇਂ ਹਿਰਦਾ ਅਨੰਦ ਹੀ ਅਨੰਦ ਨਾਲ ਭਰਪੂਰ ਰਹਿੰਦਾ ਹੈ। ਇਹ ਸੀ ਮੇਰੇ ਜਨਮਤ ਸਤਿਗੁਰੂ ਨਾਨਕ ਸਾਹਿਬ ਜੀ ਦੀ ਇੱਕ ਹੋਰ ਅਨੂਪਮ ਵਿਸ਼ੇਸ਼ਤਾ।

੨

ਕੀ, ਗੁਰੂ ਨਾਨਕ ਜੀ ਸਾਖ਼ਸ਼ਾਤ ਰੱਬ ਜੀ ਹੀ ਸਨ ?

ਗੁਰਮਤਿ ਦੇ ਮੂਲ ਤਤ੍ਵ ਭਾਵ, ੧ੴ..ਤੋਂ.. ਪ੍ਰਸਾਦਿ ਤੱਕ ਦੇ ਮੂਲ ਉਪਦੇਸ਼ ਵਿਚ ਅਕਾਲ ਪੁਰਖ ਜੀ ਨੂੰ "ਅਜੂਨੀ" ਲਿਖਿਆ ਤੇ ਸੋਰਠਿ ਰਾਗ ਵਿਚ ਰੱਬ ਜੀ ਬਾਰੇ ਗੁਰੂ ਨਾਨਕ ਸਾਹਿਬ ਜੀ ਦਾ ਇਹ ਫ਼ਤਵਾ-

੧੭-ਸੋਰਠਿ ਮਹਲਾ ੧ ॥ ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ ॥ ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ ॥੧॥ ਸਾਚੇ ਸਚਿਆਰ ਵਿਟਹੁ ਕੁਰਬਾਣੁ ॥ ਨਾ ਤਿਸੁ ਰੂਪ ਵਰਨੁ ਨਹੀਂ ਰੇਖਿਆ ਸਾਚੈ ਸ਼ਬਦ ਨੀਸਾਣੁ ॥ ਰਹਾਉ ॥ (ਪੰਨਾ-੫੯੭)

ਸਪੱਸ਼ਟ ਕਰਦਾ ਹੈ ਕਿ ਮਾਤਾ ਤ੍ਰਿਪਤਾ ਜੀ ਦੇ ਗਰਭ ਤੋਂ ਜਨਮੇ ਰੰਗ, ਰੂਪ ਵਰਨ ਰੇਖ ਆਦਿ ਪੰਜਭੂਤਕ ਸਰੀਰ ਵਿਚ ਵਿਚਰਦੇ ਰਹਿਣ ਵਾਲੇ ਗੁਰੂ ਨਾਨਕ ਜੀ ਸਾਖ਼ਸ਼ਾਤ ਰੱਬ ਨਹੀਂ ਸਨ। ਪਰ ਸਤਿਗੁਰੂ ਨਾਨਕ ਸਾਹਿਬ-ਰੂਪ ਰੱਬੀ ਜੋਤਿ ਦੀ, (ਸ਼ੰਕੇ ਰਹਿਤ) ਅਸਲੀਅਤ ਸਮਝਣ ਲਈ ਇਕਾਗਰਤਾ ਸਹਿਤ ਤੇ ਬਿਬੇਕਤਾ ਸਹਿਤ ਗੁਰਮਤਿ ਵਿਚਾਰਾਂ ਕਰਨੀਆਂ ਜ਼ਰੂਰੀ ਹਨ। ਇਸ ਲਈ ਵਿਸਥਾਰ ਸਹਿਤ ਗੁਰਮਤਿ ਵਿਚਾਰਾਂ ਲਈ ਆਉ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਜੁੜ ਬੈਠੀਏ :-

੧੮-ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥ ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ ॥੧॥ ਰਹਾਉ ॥ (ਪੰਨਾ-੩੯੪)

ਸਤਿਗੁਰੂ ਨਾਨਕ ਸਾਹਿਬ ਜੀ ਉਪਰੰਤ ਬਾਣੀ ਦੇ ਰਚੇਤਾ ਅਥਵਾ ਸਾਰੇ ਹੀ ਗੁਰੂ ਸਾਹਿਬਾਨ ਨੂੰ ਨਿਰਸੰਦੇਹ ਸਭ ਕੁਝ ਗੁਰੂ ਨਾਨਕ ਸਾਹਿਬ ਜੀ ਹੀ ਨਜ਼ਰੀਂ ਆ ਰਹੇ ਹਨ। ਇਉਂ ਲੱਗਦਾ ਹੈ ਜਿਵੇਂ ਪੰਚਮ ਪਾਤਸ਼ਾਹ ਜੀ ਨੇ ਗੁਰੂ ਨਾਨਕ ਸਾਹਿਬ ਜੀ ਨੂੰ ਪਾਰਬ੍ਰਹਮ ਪਰਮੇਸ਼ਰ ਹੀ ਮੰਨ ਲਿਆ ਹੋਇਆ ਸੀ। ਧਿਆਨ ਨਾਲ ਪੜ੍ਹੀਏ ਪੰਚਮ ਗੁਰਦੇਵ ਜੀ ਦੇ ਇਹ ਪਾਵਨ ਬਚਨ:-

੧੯-ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥ ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ ॥ ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥ ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥ ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥ ਗੁਰਦੇਵ

ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ॥ ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ॥ ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ॥ ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ॥੧॥(ਪੰਨਾ-੨੫੦)

ਪਦ ਅਰਥ:- ਸਖਾ=ਮਿੱਤਰ। ਅਗਿਆਨ ਭੰਜਨੁ=ਅਗਿਆਨ ਦਾ ਨਾਸ ਕਰਨ ਵਾਲਾ। ਬੰਧਿਪ=ਸੰਬੰਧੀ। ਸਹੋਦਰਾ= (ਸਹ-ਉਦਰ—ਇਕੋ ਮਾਂ ਦੇ ਪੇਟ ਵਿਚੋਂ ਜੰਮੇ ਹੋਏ) ਭਰਾ। ਨਿਰੋਧਰਾ=ਜਿਸ ਨੂੰ ਰੋਕਿਆ ਨਾ ਜਾ ਸਕੇ, ਜਿਸ ਦਾ ਅਸਰ ਗਵਾਇਆ ਨ ਜਾ ਸਕੇ। ਮੰਤੁ=ਉਪਦੇਸ਼। ਸਤਿ=ਸੱਚ, ਸਦਾ-ਥਿਰ। ਬੁਧਿ=ਅਕਲ। ਮੂਰਤਿ=ਸਰੂਪ। ਪਰਸ=ਛੋਹ। ਅੰਮ੍ਰਿਤ ਸਰੋਵਰੁ=ਅੰਮ੍ਰਿਤ ਦਾ ਸਰੋਵਰ। ਮਜਨੁ=ਚੁੱਭੀ, ਇਸ਼ਨਾਨ। ਅਪਰੰਪਰਾ=ਪਰੇ ਤੋਂ ਪਰੇ। ਸਭਿ=ਸਾਰੇ। ਹਰਤਾ=ਦੂਰ ਕਰਨ ਵਾਲਾ। ਪਤਿਤ=(ਵਿਕਾਰਾਂ ਵਿਚ) ਡਿੱਗੇ ਹੋਏ, ਵਿਕਾਰੀ। ਪਵਿੱਤ ਕਰਾ=ਪਵਿਤਰ ਕਰਨ ਵਾਲਾ। ਜੁਗੁ ਜੁਗੁ=ਹਰੇਕ ਜੁਗ ਵਿਚ। ਜਪਿ=ਜਪ ਕੇ। ਉਧਰਾ=(ਸੰਸਾਰ-ਸਮੁੰਦਰ ਦੀਆਂ ਵਿਕਾਰਾਂ ਦੀਆਂ ਲਹਿਰਾਂ ਤੋਂ) ਬਚ ਜਾਈਦਾ ਹੈ । ਪ੍ਰਭ=ਹੇ ਪ੍ਰਭੂ! ਜਿਤੁ=ਜਿਸ ਦੀ ਰਾਹੀਂ। ਜਿਤੁ ਲਗਿ=ਜਿਸ ਵਿਚ ਲੱਗ ਕੇ।! ।੧।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹੀ ਭੱਟ ਮਹਾਂਪੁਰਖਾਂ ਦੀ ਬਾਣੀ ਤੋਂ ਪਹਿਲਾਂ ਸਵਯੇ ਸ੍ਰੀ ਮੁਖਬਾਕ ਮਹਲਾ ੫॥ ਨੌਂ ਹੀ ਸਵਯਾਂ ਵਿਚ ਪਹਿਲਾਂ ਅਕਾਲਪੁਰਖ ਦੇ ਗੁਣ ਦਰਸਾ ਕੇ ਫਿਰ ਅੰਤਲੀ ਤੁਕ ਵਿਚ ਜਿਵੇਂ ਅਤੇ ਜਿਨ੍ਹਾਂ ਸ਼ਬਦਾਂ ਵਿਚ ਗੁਰੂ ਨਾਨਕ ਜੀ ਦੀ ਤੁਲਨਾ ਸਿਰਜਣਹਾਰ ਦਾਤਾਰ ਨਾਲ ਕੀਤੀ ਹੋਈ ਹੈ ਉਸ ਤੋਂ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਉਨ੍ਹਾਂ ਨੇ ਸਤਿਗੁਰੂ ਨਾਨਕ ਸਾਹਿਬ ਜੀ ਨੂੰ ਹੀ ਅਕਾਲਪੁਰਖ ਪਾਰਬ੍ਰਹਮ ਕਰਤਾਰ ਮੰਨ ਲਿਆ ਹੋਵੇ? :-

੨੦- ਸਵਯੇ ਸ੍ਰੀ ਮੁਖਬਾਕ੍ਯ ਮਹਲਾ ੫॥ ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ॥ ਸਰਬ ਰਹਿਓ ਭਰਪੂਰਿ ਸਗਲ ਘਟ ਰਹਿਓ ਬਿਆਪੇ॥ ਬ੍ਯਾਪਤੁ ਦੇਖੀਐ ਜਗਤਿ ਜਾਨੈ ਕਉਨੁ ਤੇਰੀ ਗਤਿ ਸਰਬ ਕੀ ਰਖ੍ਯਾ ਕਰੈ ਆਪੇ ਹਰਿ ਪਤਿ॥ ਅਬਿਨਾਸੀ ਅਬਿਗਤ ਆਪੇ ਆਪਿ ਉਤਪਤਿ॥ ਏਕੈ ਤੂਹੀ ਏਕੈ ਅਨ ਨਾਹੀ ਤੁਮ ਭਤਿ॥ ਹਰਿ ਅੰਤੁ ਨਾਹੀ ਪਾਰਾਵਾਰੁ ਕਉਨੁ ਹੈ ਕਰੈ ਬੀਚਾਰੁ ਜਗਤ ਪਿਤਾ ਹੈ ਸ੍ਰਬ ਪ੍ਰਾਨ ਕੋ ਅਧਾਰੁ॥ ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ॥ ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ॥੧॥ (ਪੰਨਾ-੧੩੮੫)

ਅਰਥ:- ਹੇ ਆਦਿ ਪੁਰਖ! ਹੇ ਕਰਤਾਰ! ਤੂੰ ਆਪ ਹੀ ਸਾਰੀ ਸ੍ਰਿਸ਼ਟੀ ਦਾ ਮੂਲ ਹੈਂ। ਤੂੰ ਸਭ ਥਾਈਂ ਭਰਪੂਰ ਹੈਂ; (ਭਾਵ, ਕੋਈ ਥਾਂ ਐਸਾ ਨਹੀਂ, ਜਿੱਥੇ ਤੂੰ ਨਾਂ ਹੋਵੇਂ)। ਤੂੰ ਸਭ

ਸਰੀਰਾਂ ਵਿਚ ਮੌਜੂਦ ਹੈਂ। ਹੇ (ਸਭ ਦੇ) ਮਾਲਕ ਅਕਾਲ ਪੁਰਖ! ਤੂੰ ਸਾਰੇ ਜਗਤ ਵਿਚ ਪਸਰਿਆ ਹੋਇਆ ਦਿਖ ਰਿਹਾ ਹੈਂ। ਕੌਣ ਜਾਣਦਾ ਹੈ ਤੂੰ ਕਿਹੋ ਜਿਹਾ ਹੈਂ? ਤੂੰ ਆਪ ਹੀ ਸਭ (ਜੀਆਂ) ਦੀ ਰੱਖਿਆ ਕਰਦਾ ਹੈਂ। (ਹੇ ਆਦਿ ਪੁਰਖ!) ਤੂੰ ਕਦੇ ਨਾਸ਼ ਹੋਣ ਵਾਲਾ ਨਹੀਂ ਹੈਂ, ਤੂੰ ਇਨ੍ਹਾਂ ਅੱਖਾਂ ਨਾਲ ਨਹੀਂ ਦਿੱਸਦਾ, ਤੇਰੀ ਉਤਪਤੀ ਤੇਰੇ ਅਪਣੇ ਆਪ ਤੋਂ ਹੀ ਹੈ। ਤੂੰ ਕੇਵਲ ਇੱਕੋ ਹੀ ਇਕ ਹੈਂ, ਤੇਰੇ ਵਰਗਾ ਹੋਰ ਕੋਈ ਨਹੀਂ ਹੈ। **(ਹਰੀ ਦਾ) ਭਗਤ ਸੇਵਕ (ਗੁਰੂ) ਨਾਨਕ (ਹਰੀ ਦੇ) ਦਰ 'ਤੇ ਪਰਵਾਨ (ਹੋਇਆ ਹੈ) ਤੇ ਹਰੀ ਵਰਗਾ ਬ੍ਰਹਮ ਹੀ ਹੈ। (ਮੇਰੀ) ਇਕ ਜੀਭ (ਉਸ ਗੁਰੂ ਨਾਨਕ ਦੇ) ਕੀ (ਗੁਣ) ਕਥਨ ਕਰ ਸਕਦੀ ਹੈ? (ਗੁਰੂ ਨਾਨਕ ਤੋਂ) ਸਦਕੇ ਹਾਂ, ਸਦਕੇ ਹਾਂ, ਸਦਾ ਸਦਕੇ ਹਾਂ।੧।**

ਅੱਗੇ ਕੇਵਲ ਉਦਾਹਰਣ ਵਜੋਂ ਪਾਠਕਾਂ ਦੇ ਗਿਆਤ ਵਾਸਤੇ ਦੂਜੇ ਸਵਯੇ ਤੋਂ ਕਰਮਵਾਰ ਸਾਰਿਆਂ ੮ ਸਵਯਾਂ ਦੀਆਂ ਕੇਵਲ ਅੰਤਲੀਆਂ ਤੁਕਾਂ ਦੇ ਹੀ ਦਰਸ਼ਨ:-

੨੧- ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ॥ ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ" ॥੨॥ (ਪੰਨਾ-੧੩੯੬)

੨੨- ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ॥ ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ॥੩॥ (ਪੰਨਾ-੧੩੯੬)

੨੩- ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ॥ ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ॥੪॥ (ਪੰਨਾ-੧੩੯੬)

੨੪- ਧੰਨਿ ਧੰਨਿ ਤੇ ਧੰਨਿ ਜਨ ਜਿਹ ਕ੍ਰਿਪਾਲੁ ਹਰਿ ਹਰਿ ਭਯਉ॥ ਹਰਿ ਗੁਰੁ ਨਾਨਕੁ ਜਿਨ ਪਰਸਿਅਉ ਸਿ ਜਨਮ ਮਰਣ ਦੁਹ ਥੇ ਰਹਿਓ॥੫॥ (ਪੰਨਾ-੧੩੯੬)

ਅਰਥ:— ਭਾਗਾਂ ਵਾਲੇ ਹਨ ਉਹ ਮਨੁੱਖ, ਜਿਨ੍ਹਾਂ ਉੱਤੇ ਹਰੀ ਦਇਆਵਾਨ ਹੋਇਆ ਹੈ। ਜਿਨ੍ਹਾਂ ਮਨੁੱਖਾਂ ਨੇ (ਉਪ੍ਰੋਕਤ ਗੁਣਾਂ ਵਾਲੇ) ਹਰੀ ਦੇ ਰੂਪ ਗੁਰੂ ਨਾਨਕ ਨੂੰ ਪਰਸਿਆ ਹੈ, ਉਹ ਜਨਮ ਮਰਨ ਦੋਹਾਂ ਤੋਂ ਬਚ ਰਹੇ ਹਨ।੫।

੨੫- ਜਿਹ ਠਾਕੁਰੁ ਸੁਪ੍ਰਸੰਨੁ ਭਯੋ ਸਤਸੰਗਤਿ ਤਿਹ ਪਿਆਰੁ॥ ਹਰਿ ਗੁਰੁ ਨਾਨਕੁ ਜਿਨ ਪਰਸਿਓ ਤਿਨ ਸਭ ਕੁਲ ਕੀਓ ਉਧਾਰੁ ॥੬॥ (ਪੰਨਾ-੧੩੯੬)

੨੬- ਜਿਹ ਕ੍ਰਿਪਾਲੁ ਹੋਯਉ ਗੋਬਿੰਦੁ ਸਰਬ ਸੁਖ ਤਿਨਹੂ ਪਾਏ॥ ਹਰਿ ਗੁਰੁ ਨਾਨਕੁ ਜਿਨ ਪਰਸਿਓ ਤੇ ਬਹੁੜਿ ਫਿਰਿ ਜੋਨਿ ਨ ਆਏ॥੭॥ (ਪੰਨਾ-੧੩੯੬)

੨੭- ਜਿਹ ਕਾਟੀ ਸਿਲਕ ਦਯਾਲ ਪ੍ਰਭਿ ਸੇਇ ਜਨ ਲਗੇ ਭਗਤੇ॥ ਹਰਿ ਗੁਰੁ ਨਾਨਕੁ ਜਿਨ ਪਰਸਿਓ ਤੇ ਇਤ ਉਤ ਸਦਾ ਮੁਕਤੇ॥੮॥ (ਪੰਨਾ-੧੩੯੬)

ਅਰਥ:-ਦਇਆਲ ਪ੍ਰਭੂ ਨੇ ਜਿਨ੍ਹਾਂ ਮਨੁੱਖਾਂ ਦੀ (ਮਾਇਆ ਦੇ ਮੋਹ ਦੀ) ਫਾਹੀ ਕੱਟ ਦਿੱਤੀ ਹੈ, ਉਹ ਮਨੁੱਖ ਉਸ ਦੀ ਭਗਤੀ ਵਿਚ ਜੁੜ ਗਏ ਹਨ। (ਇਹੋ ਜਿਹੇ ਉਪ੍ਰੋਕਤ ਗੁਣਾਂ ਵਾਲੇ) ਹਰੀ ਦੇ ਰੂਪ ਗੁਰੂ ਨਾਨਕ ਦੇ ਚਰਨਾਂ ਨੂੰ ਜਿਨ੍ਹਾਂ ਨੇ ਪਰਸਿਆ ਹੈ, ਉਹ ਜੀਵ ਲੋਕ ਪਰਲੋਕ ਵਿਚ ਮਾਇਆ ਦੇ ਬੰਧਨਾਂ ਤੋਂ ਬਚੇ ਹੋਏ ਹਨ।੮।

ਅੰਤ ਵਿਚ ਅਰਥਾਂ ਸਮੇਤ ਨੌਵਾਂ ਪੂਰਾ ਪਾਵਨ ਸਵਯਾ:-

੨੮- ਪ੍ਰਭ ਦਾਤਉ ਦਾਤਾਰ ਪਰਿਉ ਜਾਚਕੁ ਇਕੁ ਸਰਨਾ॥ ਮਿਲੈ ਦਾਨੁ ਸੰਤ ਰੇਨ ਜੇਹ ਲਗਿ ਭਉਜਲੁ ਤਰਨਾ॥ਬਿਨਤਿ ਕਰਉ ਅਰਦਾਸਿ ਸੁਨਹੁ ਜੇ ਠਾਕੁਰ ਭਾਵੈ॥ ਦੇਹੁ ਦਰਸੁ ਮਨਿ ਚਾਉ ਭਗਤਿ ਇਹੁ ਮਨੁ ਠਹਰਾਵੈ॥ ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ॥ ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ ॥੯॥ (ਪੰਨਾ-੧੩੮੭)

ਅਰਥ:- ਹੇ ਪ੍ਰਭੂ! ਹੇ ਦਾਤੇ! ਹੇ ਦਾਤਾਰ! ਮੈਂ ਇਕ ਮੰਗਤਾ ਤੇਰੀ ਸ਼ਰਨ ਆਇਆ ਹਾਂ, (ਮੈਨੂੰ ਮੰਗਤੇ ਨੂੰ) ਸਤਸੰਗੀਆਂ ਦੇ ਚਰਨਾਂ ਦੀ ਧੂੜ ਦਾ ਖ਼ੈਰ ਮਿਲ ਜਾਏ, ਤਾਂ ਕਿ ਇਸ ਧੂੜ ਦੀ ਓਟ ਲੈ ਕੇ ਮੈਂ (ਸੰਸਾਰ ਦੇ) ਘੁੰਮਣ-ਘੇਰ ਤੋਂ ਪਾਰ ਲੰਘ ਸਕਾਂ। ਹੇ ਠਾਕੁਰ! ਜੇ ਤੈਨੂੰ ਚੰਗੀ ਲੱਗੇ ਤਾਂ (ਮਿਹਰ ਕਰ ਕੇ ਮੇਰੀ) ਅਰਜ਼ੋਈ ਸੁਣ, ਮੈਂ ਇਕ ਬੇਨਤੀ ਕਰਦਾ ਹਾਂ, (ਮੈਨੂੰ) ਦੀਦਾਰ ਦੇਹ, ਮੇਰੇ ਮਨ ਵਿਚ ਇਹ ਤਾਂਘ ਹੈ, (ਮਿਹਰ ਕਰ) ਮੇਰਾ ਇਹ ਮਨ ਤੇਰੀ ਭਗਤੀ ਵਿਚ ਟਿਕ ਜਾਏ। ਹੇ ਭਾਈ! ਤੇਰਾ ਸੇਵਕ, ਹੇ ਪਾਰਬ੍ਰਹਮ! ਤੇਰਾ ਰੂਪ ਗੁਰੂ ਨਾਨਕ ਸਾਰੇ ਜਗਤ ਵਿਚ ਪ੍ਰਗਟ ਹੋਇਆ ਹੈ। (ਗੁਰੂ ਨਾਨਕ) ਹਨੇਰੇ ਵਿਚ ਦੀਵਾ ਜਗ ਪਿਆ ਹੈ, (ਉਸ ਦੇ ਦੱਸੇ ਹੋਏ) ਨਾਮ ਦੀ ਬਰਕਤ ਨਾਲ ਸਾਰੀ ਸ੍ਰਿਸ਼ਟੀ ਪਾਰ ਲੰਘ ਰਹੀ ਹੈ।੯।

ਉਪਰ ਵੀ ਅਸੀ ਵੇਖ ਲਿਆ ਹੈ ਪੰਚਮ ਪਾਤਸ਼ਾਹ ਗੁਰੂ ਅਰਜਨ ਸਾਹਿਬ ਜੀ ਨੇ ਗੁਰੂ ਨਾਨਕ ਸਾਹਿਬ ਜੀ ਨੂੰ ਰੱਬ, ਖ਼ੁਦਾ, ਈਸ਼ਵਰ ਹੀ ਫ਼ੁਰਮਾਨ ਕੀਤਾ ਹੈ, ਹੇਠਾਂ ਉਚੇਚੇ ਤੌਰ 'ਤੇ ਉਨ੍ਹਾਂ ਗੁਰੂ ਸ਼ਬਦਾਂ ਦਾ ਹਵਾਲਾ ਮਾਤਰ ਹੈ ਜਿਨ੍ਹਾਂ ਵਿਚ ਹੋਰਨਾਂ ਗੁਰੂ ਸਾਹਿਬਾਨ ਨੇ ਵੀ ਗੁਰੂ ਨਾਨਕ ਜੀ ਦੀ ਬਰਾਬਰੀ ਅਕਾਲ ਪੁਰਖ ਨਾਲ ਹੀ ਕੀਤੀ ਨਜ਼ਰ ਆਉਂਦੀ ਹੈ:-

੨੯- ਸਲੋਕੁ ਮ: ੨॥ ਦੀਖਿਆ ਆਖਿ ਬੁਝਾਇਆ ਸਿਫਤਿ ਸਚਿ ਸਮੇਉ॥
ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥੨॥ (ਪੰਨਾ ੧੫੦)

ਪਦ ਅਰਥ:-**ਦੀਖਿਆ**=ਸਿੱਖਿਆ। **ਆਖਿ**=ਆਖ ਕੇ, ਸੁਣਾ ਕੇ। **ਬੁਝਾਇਆ**=ਗਿਆਨ ਦਿੱਤਾ ਹੈ, ਆਤਮਕ ਜੀਵਨ ਦੀ ਸੂਝ ਦਿੱਤੀ ਹੈ। **ਸਿਫਤੀ**=ਸਿਫ਼ਤਿ-ਸਾਲਾਹ ਦੀ ਰਾਹੀਂ। **ਸਚਿ**=ਸੱਚ ਵਿਚ। **ਸਮੇਉ**=ਸਮਾਈ ਦਿੱਤੀ ਹੈ, ਜੋੜਿਆ ਹੈ। **ਕਿਆ**=ਹੋਰ ਕੀਹ?

ਅਰਥ: ਹੇ ਨਾਨਕ! ਜਿਨ੍ਹਾਂ ਦਾ ਗੁਰੂ ਨਾਨਕ ਦੇਵ ਜੀ ਹੈ, ਜਿਨ੍ਹਾਂ ਨੂੰ (ਗੁਰੂ ਨਾਨਕ ਸਾਹਿਬ ਜੀ ਦੀ ਗਿਆਨ ਜੋਤਿ ਦੀ ਬਰਕਤ ਨਾਲ ਹੀ ਰੁਸ਼ਨਾਏ ਗੁਰੂ ਜੀ ਨੇ) ਸਿੱਖਿਆ ਦੇ ਕੇ ਗਿਆਨ ਦਿੱਤਾ ਹੈ ਤੇ ਸਿਫ਼ਤਿ-ਸਾਲਾਹ ਦੀ ਰਾਹੀ ਸੱਚ ਵਿਚ ਜੋੜਿਆ ਹੈ, ਉਨ੍ਹਾਂ ਨੂੰ ਕਿਸੇ ਹੋਰ ਉਪਦੇਸ਼ ਦੀ ਲੋੜ ਨਹੀਂ ਰਹਿੰਦੀ।੧।(੧੫੦)

੩੦- ਗਉੜੀ ਪੂਰਬੀ ਮਹਲਾ ੪ ॥ ਤੁਮ ਦਇਆਲ ਸਰਬ ਦੁਖ ਭੰਜਨ ਇਕ ਬਿਨਉ ਸੁਨਹੁ ਦੇ ਕਾਨੇ ॥ ਜਿਸ ਤੇ ਤੁਮ ਹਰਿ ਜਾਨੇ ਸੁਆਮੀ ਸੋ ਸਤਿਗੁਰੁ ਮੇਲਿ ਮੇਰਾ ਪ੍ਰਾਨੇ ॥੧॥ ਰਾਮ ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ ॥ ਹਮ ਮੂੜ ਮੁਗਧ ਅਸੁਧ ਮਤਿ ਹੋਤੇ ਗੁਰ ਸਤਿਗੁਰ ਕੈ ਬਚਨਿ ਹਰਿ ਹਮ ਜਾਨੇ ॥੧॥ ਰਹਾਉ ॥...੪ ॥ ੪ ॥੧੯ ॥੫੬ ॥ (ਪੰਨਾ-੧੬੯-੭੦)

ਅਰਥ: ਹੇ (ਜੀਵਾਂ ਦੇ) ਸਾਰੇ ਦੁੱਖ ਨਾਸ਼ ਕਰਨ ਵਾਲੇ ਸੁਆਮੀ! ਤੂੰ ਦਇਆ ਦਾ ਘਰ ਹੈਂ, ਮੇਰੀ ਇਕ ਅਰਜ਼ੋਈ ਧਿਆਨ ਨਾਲ ਸੁਣ। ਮੈਨੂੰ ਉਹ ਸਤਿਗੁਰੂ ਮਿਲਾ ਜੋ ਮੇਰੀ ਜਿੰਦ (ਦਾ ਸਹਾਰਾ) ਹੈ, ਜਿਸ ਦੀ ਕ੍ਰਿਪਾ ਤੋਂ ਤੇਰੇ ਨਾਲ ਡੂੰਘੀ ਸਾਂਝ ਪੈਂਦੀ ਹੈ।੧। (ਹੇ ਭਾਈ!) ਮੈਂ (ਸਤਿਗੁਰੂ ਨਾਨਕ ਜੀ) ਨੂੰ (ਆਤਮਕ ਜੀਵਨ ਵਿਚ) ਪਾਰਬ੍ਰਹਮ (ਦੇ ਬਰਾਬਰ ਦਾ) ਮੰਨਿਆ ਹੈ। ਮੈਂ ਮੂਰਖ ਸਾਂ, ਮਹਾਂ ਮੂਰਖ ਸਾਂ, ਮੈਲੀ ਮਤਿ ਵਾਲਾ ਸਾਂ, ਗੁਰੂ ਸਤਿਗੁਰੂ ਦੇ ਉਪਦੇਸ਼ (ਦੀ ਬਰਕਤ) ਨਾਲ ਮੈਂ ਪਰਮਾਤਮਾ ਨੂੰ ਜਾਣ ਲਿਆ ਹੈ (ਭਾਵ ਉਸ ਨਾਲ ਜਾਣ-ਪਛਾਣ ਪਾ ਲਈ ਹੈ)।੧। ਰਹਾਉ।

੩੧- ਮਲਾਰ ਮਹਲਾ ੪ ॥ ਜਿਨ੍ ਕੈ ਹੀਅਰੈ ਬਸਿਓ ਮੇਰਾ ਸਤਿਗੁਰੁ ਤੇ ਸੰਤ ਭਲੇ ਭਲ ਭਾਂਤਿ ॥ ਤਿਨ੍ ਦੇਖੇ ਮੇਰਾ ਮਨੁ ਬਿਗਸੈ ਹਉ ਤਿਨ ਕੈ ਸਦ ਬਲਿ ਜਾਂਤ ॥੧॥..... ਹਰਿ ਕਾ ਚਿਹਨੁ ਸੋਈ ਹਰਿ ਜਨ ਕਾ ਹਰਿ ਆਪੇ ਜਨ ਮਹਿ ਆਪੁ ਰਖਾਂਤਿ ॥ ਧਨੁ ਧੰਨੁ ਗੁਰੂ ਨਾਨਕੁ ਸਮਦਰਸੀ ਜਿਨਿ ਨਿੰਦਾ ਉਸਤਤਿ ਤਰੀ ਤਰਾਂਤਿ ॥੪ ॥੫ ॥
(ਪੰਨਾ-੧੨੬੪)

ਅਰਥ: ਹੇ ਗਿਆਨਵਾਨ ਮਨੁੱਖ! ਦਿਨ ਰਾਤ (ਹਰ ਵੇਲੇ) ਪਰਮਾਤਮਾ ਦਾ ਨਾਮ ਜਪਿਆ ਕਰ। ਜਿਹੜੇ ਮਨੁੱਖ ਗੁਰੂ ਦੀ ਮਤਿ ਲੈ ਕੇ ਪਰਮਾਤਮਾ ਦਾ ਨਾਮ-ਰਸ ਖਾਂਦੇ ਹਨ, ਉਨ੍ਹਾਂ ਦੀ (ਮਾਇਆ ਵਾਲੀ) ਸਾਰੀ ਤ੍ਰਿਸ਼ਨਾ ਸਾਰੀ ਭੁੱਖ (ਸਾਰੀ ਭੁੱਖ) ਦੂਰ ਹੋ ਜਾਂਦੀ ਹੈ।੧। ਰਹਾਉ। ਹੇ ਭਾਈ! ਜਿਨ੍ਹਾਂ ਦੇ ਹਿਰਦੇ ਵਿਚ ਪਿਆਰਾ ਗੁਰੂ ਵਸਿਆ ਰਹਿੰਦਾ ਹੈ, ਉਹ ਮਨੁੱਖ ਪੂਰਨ ਤੌਰ 'ਤੇ ਭਲੇ ਸੰਤ ਬਣ ਜਾਂਦੇ ਹਨ। ਹੇ ਭਾਈ! ਉਨ੍ਹਾਂ ਦਾ ਦਰਸ਼ਨ ਕਰ ਕੇ ਮੇਰਾ ਮਨ ਖਿੜ ਪੈਂਦਾ ਹੈ, ਮੈਂ ਤਾਂ ਉਨ੍ਹਾਂ ਤੋਂ ਸਦਾ ਸਦਕੇ ਜਾਂਦਾ ਹਾਂ ।੧।

ਹੇ ਭਾਈ! (ਉੱਚੇ ਆਤਮਕ ਜੀਵਨ ਦਾ ਜਿਹੜਾ) ਲੱਛਣ ਪਰਮਾਤਮਾ ਦਾ ਹੁੰਦਾ ਹੈ

(ਸਿਮਰਨ ਦੀ ਬਰਕਤ ਨਾਲ) ਉਹੀ ਲੱਛਣ ਪਰਮਾਤਮਾ ਦੇ ਭਗਤ ਦਾ ਹੋ ਜਾਂਦਾ ਹੈ । ਪ੍ਰਭੂ ਆਪ ਹੀ ਅਪਣੇ ਆਪ ਨੂੰ ਅਪਣੇ ਸੇਵਕ ਵਿਚ ਟਿਕਾਈ ਰੱਖਦਾ ਹੈ। ਹੇ ਭਾਈ! ਸਭ ਜੀਵਾਂ ਵਿਚ ਇਕੋ ਹਰੀ ਦੀ ਜੋਤਿ ਵੇਖਣ ਵਾਲਾ ਗੁਰੂ ਨਾਨਕ (ਹਰ ਵੇਲੇ) ਸਲਾਹੁਣ-ਜੋਗ ਹੈ, ਜਿਸ ਨੇ ਆਪ ਨਿੰਦਾ ਤੇ ਖ਼ੁਸ਼ਾਮਦ (ਦੀ ਨਦੀ) ਪਾਰ ਕਰ ਲਈ ਹੈ ਤੇ ਹੋਰਨਾਂ ਨੂੰ ਇਸ ਵਿਚੋਂ ਪਾਰ ਲੰਘਾ ਦਿੰਦਾ ਹੈ ।੪।੫।

੩੨- ਬਸੰਤੁ ਮਹਲਾ ੪ ॥...ਭਗਤ ਜਨਾ ਕਉ ਹਰਿ ਕਿਰਪਾ ਧਾਰੀ ॥ ਗੁਰੁ ਨਾਨਕੁ ਤੁਠਾ ਮਿਲਿਆ ਬਨਵਾਰੀ ॥੪॥੨॥ (ਪੰਨਾ ੧੧੭੭)

ਅਰਥ:-...ਹੇ ਭਾਈ! ਅਪਣੇ ਭਗਤਾਂ ਉਤੇ ਪਰਮਾਤਮਾ ਆਪ ਮਿਹਰ ਕਰਦਾ ਹੈ (ਉਨ੍ਹਾਂ ਨੂੰ ਗੁਰੂ ਮਿਲਾਉਦਾ ਹੈ)। ਹੇ ਭਾਈ! ਜਿਸ ਮਨੁੱਖ ਉੱਤੇ ਗੁਰੂ ਨਾਨਕ ਦਇਆਵਾਨ ਹੋਇਆ, ਉਸ ਨੂੰ ਪਰਮਾਤਮਾ ਮਿਲ ਪਿਆ।੪।੨।

੩੩- ਸੋਰਠਿ ਮਹਲਾ ੫ ॥ ...ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥ ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥੪॥੨॥੧੩॥ (ਪੰਨਾ ੬੧੨)

ਅਰਥ:- ਹੇ ਭਾਈ! ਮੈਨੂੰ ਮੂਰਖ ਨੂੰ ਪਾਰ ਲੰਘਾਣਾ (ਗੁਰੂ ਵਾਸਤੇ) ਕੋਈ ਵੱਡੀ ਗੱਲ ਨਹੀਂ (ਉਸ ਦੇ ਦਰ 'ਤੇ ਆ ਕੇ ਤਾਂ) ਕਰੋੜਾਂ ਪਾਪੀ (ਸੰਸਾਰ-ਸਮੁੰਦਰ ਤੋਂ) ਪਾਰ ਲੰਘ ਰਹੇ ਹਨ। ਹੇ ਭਾਈ! ਜਿਨ੍ਹਾਂ ਮਨੁੱਖਾਂ ਨੇ ਗੁਰੂ ਨਾਨਕ (ਦੇ ਉਪਦੇਸ਼) ਨੂੰ ਸੁਣਿਆ ਹੈ ਗੁਰੂ ਨਾਨਕ ਦਾ ਦਰਸ਼ਨ ਕੀਤਾ ਹੈ, ਉਹ ਮੁੜ ਕਦੇ ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦੇ। ੪।੨।੧੩।

੩੪- ਗੋਂਡ ਮਹਲਾ ੫ ॥ ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ ॥ ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ ॥ ਗੁਰੁ ਮੇਰਾ ਦੇਉ ਅਲਖ ਅਭੇਉ ॥ ਸਰਬ ਪੂਜ ਚਰਨ ਗੁਰ ਸੇਉ ॥੧॥ ਗੁਰ ਬਿਨੁ ਅਵਰੁ ਨਾਹੀ ਮੈ ਥਾਉ ॥ ਅਨਦਿਨੁ ਜਪਉ ਗੁਰੂ ਗੁਰ ਨਾਉ ॥੧॥ ਰਹਾਉ ॥ ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ ॥ ਗੁਰੁ ਗੋਪਾਲੁ ਪੁਰਖੁ ਭਗਵਾਨੁ ॥ ਗੁਰ ਕੀ ਸਰਣਿ ਰਹਉ ਕਰ ਜੋਰਿ ॥ ਗੁਰੂ ਬਿਨਾ ਮੈ ਨਾਹੀ ਹੋਰੁ ॥੨॥ ਗੁਰੁ ਬੋਹਿਥੁ ਤਾਰੇ ਭਵ ਪਾਰਿ ॥ ਗੁਰ ਸੇਵਾ ਜਮ ਤੇ ਛੁਟਕਾਰਿ ॥ ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ ॥ ਗੁਰ ਕੈ ਸੰਗਿ ਸਗਲ ਨਿਸਤਾਰਾ ॥੩॥ ਗੁਰੁ ਪੂਰਾ ਪਾਈਐ ਵਡਭਾਗੀ ॥ ਗੁਰ ਕੀ ਸੇਵਾ ਦੂਖੁ ਨ ਲਾਗੀ ॥ ਗੁਰ ਕਾ ਸਬਦੁ ਨ ਮੇਟੈ ਕੋਇ ॥ ਗੁਰੁ ਨਾਨਕੁ ਨਾਨਕੁ ਹਰਿ ਸੋਇ ॥੪॥੭॥੯॥ (ਪੰਨਾ-੮੬੪)

ਅਰਥ: ਹੇ ਭਾਈ! (ਮਾਇਆ ਦੇ ਮੋਹ ਦੇ ਘੁੱਪ ਹਨੇਰੇ ਵਿਚੋਂ ਬਚਣ ਲਈ) ਗੁਰੂ ਤੋਂ

ਬਿਨਾਂ ਮੈਨੂੰ ਕੋਈ ਹੋਰ ਥਾਂ ਨਹੀਂ ਸੁੱਝਦਾ (ਜਿਸ ਦਾ ਆਸਰਾ ਲੈ ਸਕਾਂ)। ਸੋ ਮੈਂ ਹਰ ਵੇਲੇ ਗੁਰੂ ਦਾ ਨਾਮ ਹੀ ਜਪਦਾ ਹਾਂ (ਗੁਰੂ ਦੀ ਓਟ ਤੱਕੀ ਬੈਠਾ ਹਾਂ)।੧। ਰਹਾਉ। ਹੇ ਭਾਈ! (ਮੇਰਾ) ਗੁਰੂ (ਗੁਰੂ ਦੀ ਸਰਨ ਹੀ) ਮੇਰੇ ਵਾਸਤੇ (ਦੇਵ-) ਪੂਜਾ ਹੈ, (ਮੇਰਾ) ਗੁਰੂ ਗੋਬਿੰਦ (ਦਾ ਰੂਪ) ਹੈ। ਮੇਰਾ ਗੁਰੂ ਪਰਮਾਤਮਾ (ਦਾ ਰੂਪ) ਹੈ, ਗੁਰੂ ਬੜੀ ਸਮਰਥਾ ਦਾ ਮਾਲਕ ਹੈ। ਮੇਰਾ ਗੁਰੂ ਉਸ ਪ੍ਰਕਾਸ਼-ਰੂਪ ਪ੍ਰਭੂ ਦਾ ਰੂਪ ਹੈ ਜਿਸ ਦਾ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ ਅਤੇ ਜਿਸ ਦਾ ਭੇਤ ਨਹੀਂ ਪਾਇਆ ਜਾ ਸਕਦਾ। ਮੈਂ ਤਾਂ ਉਨ੍ਹਾਂ ਗੁਰ-ਚਰਨਾਂ ਦੀ ਸ਼ਰਨ ਪਿਆ ਰਹਿੰਦਾ ਹਾਂ ਜਿਨ੍ਹਾਂ ਨੂੰ ਸਾਰੀ ਸ੍ਰਿਸ਼ਟੀ ਪੂਜਦੀ ਹੈ। ੧। ਹੇ ਭਾਈ! ਗੁਰੂ ਹੀ ਮੇਰੇ ਵਾਸਤੇ ਧਾਰਮਕ ਚਰਚਾ ਹੈ, ਗੁਰੂ (ਸਦਾ ਮੇਰੇ) ਹਿਰਦੇ ਵਿਚ ਟਿਕਿਆ ਹੋਇਆ ਹੈ, ਇਹੀ ਮੇਰੀ ਸਮਾਧੀ ਹੈ। ਗੁਰੂ ਉਸ ਭਗਵਾਨ ਦਾ ਰੂਪ ਹੈ ਜੋ ਸਰਬ-ਵਿਆਪਕ ਹੈ ਤੇ ਸ੍ਰਿਸ਼ਟੀ ਦਾ ਪਾਲਣਹਾਰ ਹੈ। ਮੈਂ (ਅਪਣੇ) ਦੋਵੇਂ ਹੱਥ ਜੋੜ ਕੇ (ਸਦਾ) ਗੁਰੂ ਦੀ ਸ਼ਰਨ ਪਿਆ ਰਹਿੰਦਾ ਹਾਂ। ਗੁਰੂ ਤੋਂ ਬਿਨਾਂ ਮੈਨੂੰ ਕੋਈ ਹੋਰ ਆਸਰਾ ਨਹੀਂ ਸੁੱਝਦਾ। ੨। ਹੇ ਭਾਈ ! ਗੁਰੂ ਜਹਾਜ਼ ਹੈ ਜੋ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦਿੰਦਾ। ਗੁਰੂ ਦੀ ਸ਼ਰਨ ਪਿਆ ਜਮਾਂ (ਦੇ ਡਰ) ਤੋਂ ਖ਼ਲਾਸੀ ਮਿਲ ਜਾਂਦੀ ਹੈ। (ਮਾਇਆ ਦੇ ਮੋਹ ਦੇ) ਘੁੱਪ ਹਨੇਰੇ ਵਿਚ ਗੁਰੂ ਦਾ ਉਪਦੇਸ਼ ਹੀ (ਆਤਮਕ ਜੀਵਨ ਦਾ) ਚਾਨਣ ਦਿੰਦਾ ਹੈ। ਗੁਰੂ ਦੀ ਸੰਗਤ ਵਿਚ ਰਹਿਕੇ ਸਾਰੇ ਜੀਵਾਂ ਦਾ ਪਾਰ-ਉਤਾਰਾ ਹੋ ਜਾਂਦਾ ਹੈ।੩।

ਹੇ ਭਾਈ! ਵੱਡੀ ਕਿਸਮਤ ਨਾਲ ਪੂਰਾ ਗੁਰੂ ਮਿਲ ਮਿਲਦਾ ਹੈ। ਗੁਰੂ ਦੀ ਸ਼ਰਨ ਪਿਆ ਕੋਈ (ਮਾਨਸਕ) ਦੁੱਖ ਪੋਹ ਨਹੀਂ ਸਕਦਾ। (ਜਿਸ ਮਨੁੱਖ ਦੇ ਹਿਰਦੇ ਵਿਚ) ਗੁਰੂ ਦਾ ਸ਼ਬਦ-ਗਿਆਨ (ਵਸ ਪਏ ਉਸ ਅੰਦਰੋਂ) ਕੋਈ ਮਨੁੱਖ (ਆਤਮਕ ਜੀਵਨ ਦੇ ਉਜਾਰੇ ਨੂੰ) ਮਿਟਾ ਨਹੀਂ ਸਕਦਾ। (ਹੇ ਭਾਈ! ਮੈਂ ਨਾਨਕ ਆਖਦਾ ਹਾਂ ਕਿ) ਸਤਿ ਗੁਰੂ ਨਾਨਕ ਉਸੇ ਪਰਮਾਤਮਾ ਦਾ ਹੀ ਰੂਪ ਹੈ= ਗੁਰੁ ਨਾਨਕੁ ਨਾਨਕੁ ਹਰਿ ਸੋਇ) ।੪।੭।੯।

੩੫- ਸੋਰਠਿ ਮਹਲਾ ੫ ॥ ...ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ ॥ ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥੪॥੧੧॥ (ਪੰਨਾ ੬੧੧)

੩੬- ਭੈਰਉ ਮਹਲਾ ੫ ॥... ਅਚਿੰਤ ਹਮਾਰੈ ਮਨੁ ਪਤੀਆਨਾ ॥ ਨਿਹਚਲ ਧਨੀ ਅਚਿੰਤੁ ਪਛਾਨਾ ॥ ਅਚਿੰਤੋ ਉਪਜਿਓ ਸਗਲ ਬਿਬੇਕਾ ॥ ਅਚਿੰਤ ਚਰੀ ਹਥਿ ਹਰਿ ਹਰਿ ਟੇਕਾ ॥੭॥ ਅਚਿੰਤ ਪ੍ਰਭੂ ਧੁਰਿ ਲਿਖਿਆ ਲੇਖੁ ॥ ਅਚਿੰਤ ਮਿਲਿਓ ਪ੍ਰਭੁ ਠਾਕੁਰੁ ਏਕੁ ॥ ਚਿੰਤ ਅਚਿੰਤਾ ਸਗਲੀ ਗਈ ॥ ਪ੍ਰਭ ਨਾਨਕ ਨਾਨਕ ਨਾਨਕ ਮਈ ॥੮॥੩॥੬॥ (ਪੰਨਾ ੧੧੫੭)

ਅਰਥ: ਹੇ ਭਾਈ! ਚਿੰਤਾ ਦੂਰ ਕਰਨ ਵਾਲੇ ਹਰਿ-ਨਾਮ ਦੀ ਬਰਕਤ ਨਾਲ ਮੇਰਾ ਮਨ ਭਟਕਣੋਂ ਹਟ ਗਿਆ ਹੈ, ਅਚਿੰਤ ਹਰਿ-ਨਾਮ ਜਪ ਕੇ ਮੈਂ ਸਦਾ ਕਾਇਮ ਰਹਿਣ ਵਾਲੇ ਮਾਲਕ-ਪ੍ਰਭੂ ਨਾਲ ਸਾਂਝ ਪਾ ਲਈ ਹੈ। ਚਿੰਤਾ ਦੂਰ ਕਰਨ ਵਾਲਾ ਹਰਿ-ਨਾਮ ਜਪ ਕੇ ਹੀ ਮੇਰੇ ਅੰਦਰ ਚੰਗੇ ਮਾੜੇ ਕੰਮ ਦੀ ਸਾਰੀ ਪਛਾਣ ਪੈਦਾ ਹੋ ਗਈ ਹੈ। ਇਸ ਅਚਿੰਤ ਹਰਿ-ਨਾਮ ਦੀ ਮੈਨੂੰ ਸਦਾ ਲਈ ਟੇਕ ਮਿਲ ਗਈ ਹੈ। ੭। ਹੇ ਭਾਈ! ਜਿਸ ਮਨੁੱਖ ਦੇ ਮੱਥੇ ਉਤੇ ਪ੍ਰਭੂ ਨੇ ਚਿੰਤਾ ਦੂਰ ਕਰਨ ਵਾਲੇ ਹਰਿ-ਨਾਮ ਦੀ ਪ੍ਰਾਪਤੀ ਦਾ ਲੇਖ ਧੁਰ ਦਰਗਾਹ ਤੋਂ ਲਿਖ ਦਿੱਤਾ ਹੈ, ਉਸ ਨੂੰ ਉਹ ਸਭ ਦਾ ਮਾਲਕ ਪ੍ਰਭੂ ਮਿਲ ਜਾਂਦਾ ਹੈ। ਹੇ ਭਾਈ! ਚਿੰਤਾ ਦੂਰ ਕਰਨ ਵਾਲਾ ਹਰਿ-ਨਾਮ ਜਪ ਕੇ ਮੇਰੀ ਸਾਰੀ ਚਿੰਤਾ ਦੂਰ ਹੋ ਗਈ ਹੈ, (ਉਪਦੇਸ਼ ਦਾਤਾ) ਗੁਰੂ ਨਾਨਕ ਜੋ ਪ੍ਰਭੂ ਦਾ ਵਿਚ ਲੀਨ ਹੋਣ ਕਰਕੇ ਮੇਰੇ ਨਾਨਕ ਕਈ ਉਹ ਪ੍ਰਭੂ ਦਾ ਹੀ ਰੂਪ ਹੈ।੮।੩।੬।

੩੭- ਭਗਤ ਜਨਾ ਕਉ ਹਰਿ ਕਿਰਪਾ ਧਾਰੀ ॥ ਗੁਰੁ ਨਾਨਕੁ ਤੁਠਾ ਮਿਲਿਆ ਬਨਵਾਰੀ ॥੪॥੨॥ (ਪੰਨਾ ੧੧੭੮)

ਅਰਥ: ਹੇ ਭਾਈ! ਅਪਣੇ ਭਗਤਾਂ ਉਤੇ ਪਰਮਾਤਮਾ ਆਪ ਮਿਹਰ ਕਰਦਾ ਹੈ (ਉਨ੍ਹਾਂ ਨੂੰ ਗੁਰੂ ਮਿਲਾਉਂਦਾ ਹੈ)। ਹੇ ਭਾਈ ! ਜਿਸ ਮਨੁੱਖ ਉੱਤੇ ਗੁਰੂ ਨਾਨਕ ਦਇਆਵਾਨ ਹੋਇਆ, ਉਸ ਨੂੰ ਪਰਮਾਤਮਾ ਮਿਲ ਪਿਆ।੪।੨।(ਸ੍ਰੀਗੁ:ਗ੍ਰੰ:ਸਾ ਦਰ: ਪੋਥੀ ੮ ਸਫ਼ਾ ੫੬੦)

੩੮- ਸੋਰਠਿ ਮਹਲਾ ੫ ॥ ...ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ ਕਿਆ ਜਾਨਾ ਹੋਇ ਕੈਸੋ ਰੇ ॥ ਕਰਉ ਬੇਨਤੀ ਸਤਿਗੁਰ ਅਪੁਨੇ ਮੈ ਮੂਰਖ ਦੇਹੁ ਉਪਦੇਸੋ ਰੇ ॥੩॥ ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥ ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥੪॥੨॥੧੩॥ (ਪੰਨਾ-੬੧੨)

ਅਰਥ: ਹੇ ਭਾਈ! ਪਰਮਾਤਮਾ ਦੇ ਗੁਣਾਂ ਦਾ ਅੰਤ ਨਹੀਂ ਪੈ ਸਕਦਾ, ਪਰ ਮੈਂ ਉਸ ਦੇ ਗੁਣਾਂ ਨੂੰ ਹੱਦ-ਬੰਦੀ ਵਿਚ ਲਿਆ ਕੇ ਬਿਆਨ ਕਰਦਾ ਹਾਂ। ਮੈਂ ਕੀ ਜਾਣ ਸਕਦਾ ਹਾਂ ਕਿ ਉਹ ਪਰਮਾਤਮਾ ਕਿਹੋ ਜਿਹਾ ਹੈ? ਹੇ ਭਾਈ! ਮੈਂ ਆਪਣੇ ਗੁਰੂ ਦੇ ਪਾਸ ਬੇਨਤੀ ਕਰਦਾ ਹਾਂ ਕਿ ਮੈਨੂੰ ਮੂਰਖ ਨੂੰ ਸਿੱਖਿਆ ਦੇਵੇ।੩। ਹੇ ਭਾਈ! ਮੈਨੂੰ ਮੂਰਖ ਨੂੰ ਪਾਰ ਲੰਘਾਉਣਾ (ਗੁਰੂ ਵਾਸਤੇ) ਕੋਈ ਵੱਡੀ ਗੱਲ ਨਹੀਂ (ਉਸ ਦੇ ਦਰ 'ਤੇ ਆ ਕੇ ਤਾਂ) ਕਰੋੜਾਂ ਪਾਪੀ (ਸੰਸਾਰ-ਸਮੁੰਦਰ ਤੋਂ) ਪਾਰ ਲੰਘ ਰਹੇ ਹਨ। ਹੇ ਭਾਈ! ਜਿਨ੍ਹਾਂ ਮਨੁੱਖਾਂ ਨੇ ਗੁਰੂ ਨਾਨਕ (ਸਾਹਿਬ ਜੀ ਦੇ ਉਪਦੇਸ਼) ਨੂੰ ਸੁਣਿਆ ਹੈ ਗੁਰੂ ਨਾਨਕ ਦਾ ਦਰਸ਼ਨ ਕੀਤਾ ਹੈ, ਉਹ ਮੁੜ ਕਦੇ ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦੇ ।੪।੨।੧੩।

੩੯- ਆਸਾ ਮਹਲਾ ੫ ॥ ਸਤਿਗੁਰ ਸਾਚੈ ਦੀਆ ਭੇਜਿ ॥ ਚਿਰੁ ਜੀਵਨੁ ਉਪਜਿਆ ਸੰਜੋਗਿ ॥ ਉਦਰੈ ਮਾਹਿ ਆਇ ਕੀਆ ਨਿਵਾਸੁ ॥ ਮਾਤਾ ਕੈ ਮਨਿ ਬਹੁਤੁ ਬਿਗਾਸੁ ॥੧॥ ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥ ਰਹਾਉ ॥ ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥ ਮਿਟਿਆ ਸੋਗੁ ਮਹਾ ਅਨੰਦੁ ਥੀਆ ॥ ਗੁਰਬਾਣੀ ਸਖੀ ਅਨੰਦੁ ਗਾਵੈ ॥ ਸਾਚੇ ਸਾਹਿਬ ਕੈ ਮਨਿ ਭਾਵੈ ॥੨॥ ਵਧੀ ਵੇਲਿ ਬਹੁ ਪੀੜੀ ਚਾਲੀ ॥ ਧਰਮ ਕਲਾ ਹਰਿ ਬੰਧਿ ਬਹਾਲੀ ॥ ਮਨ ਚਿੰਦਿਆ ਸਤਿਗੁਰੂ ਦਿਵਾਇਆ ॥ ਭਏ ਅਚਿੰਤ ਏਕ ਲਿਵ ਲਾਇਆ ॥੩॥ ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ ॥ ਬੁਲਾਇਆ ਬੋਲੈ ਗੁਰ ਕੈ ਭਾਣਿ ॥ ਗੁਝੀ ਛੰਨੀ ਨਾਹੀ ਬਾਤ ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥੭॥੧੦੧॥ (ਪੰਨਾ ੩੯੬)

ਅਰਥ:-(ਹੇ ਭਾਈ! ਗੁਰੂ ਨਾਨਕ) ਪਰਮਾਤਮਾ ਦਾ ਭਗਤ ਜੰਮਿਆ (ਪਰਮਾਤਮਾ ਦਾ) ਪੁੱਤਰ ਜੰਮਿਆ (ਉਸ ਦੀ ਬਰਕਤ ਨਾਲ ਉਸ ਦੀ ਸ਼ਰਨ ਆਉਣ ਵਾਲੇ) ਸਾਰੇ ਜੀਵਾਂ ਦੇ ਅੰਦਰ ਧੁਰ-ਦਰਗਾਹ ਦਾ (ਸੇਵਾ-ਭਗਤੀ ਦਾ) ਲੇਖ ਉੱਘੜ ਰਿਹਾ ਹੈ। ਰਹਾਉ। (ਹੇ ਭਾਈ!) ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਨੇ ਗੁਰੂ (ਨਾਨਕ) ਨੂੰ (ਜਗਤ ਵਿਚ) ਘੱਲਿਆ ਹੈ ਉਸ ਦੀ ਸੰਗਤ (ਦੀ ਬਰਕਤ) ਨਾਲ (ਸਿੱਖਾਂ ਦੇ ਹਿਰਦੇ ਵਿਚ) ਅਟੱਲ ਆਤਮਕ ਜੀਵਨ ਪੈਦਾ ਹੋ ਰਿਹਾ ਹੈ। (ਹੇ ਭਾਈ! ਜਿਵੇਂ ਜਦੋਂ ਮਾਂ ਦੇ) ਪੇਟ ਵਿਚ (ਬੱਚਾ) ਆ ਨਿਵਾਸ ਕਰਦਾ ਹੈ ਤਾਂ ਮਾਂ ਦੇ ਮਨ ਵਿਚ ਬਹੁਤ ਖ਼ੁਸ਼ੀ ਪੈਦਾ ਹੁੰਦੀ ਹੈ (ਤਿਵੇਂ ਸਿੱਖ ਦੇ ਅੰਦਰ ਅਟੱਲ ਆਤਮਕ ਜੀਵਨ ਅਨੰਦ ਪੈਦਾ ਕਰਦਾ ਹੈ)।੧। (ਹੇ ਭਾਈ ! ਜਿਵੇਂ ਜਿਸ ਘਰ ਵਿਚ) ਪਰਮਾਤਮਾ ਦੇ ਹੁਕਮ ਅਨੁਸਾਰ ਦਸੀਂ ਮਹੀਨੀਂ ਪੁੱਤਰ ਜੰਮਦਾ ਹੈ (ਤਾਂ ਉਸ ਘਰ ਵਿਚੋਂ) ਗ਼ਮ ਮਿਟ ਜਾਂਦਾ ਹੈ ਤੇ ਬੜਾ ਉਤਸ਼ਾਹ ਹੁੰਦਾ ਹੈ (ਤਿਵੇਂ ਜਿਹੜੀ ਸਤ-ਸੰਗਣ) ਸਹੇਲੀ ਗੁਰੂ ਦੀ ਸਿਫ਼ਤਿ-ਸਾਲਾਹ ਦੀ ਬਾਣੀ ਗਾਉਂਦੀ ਹੈ ਉਹ ਆਤਮਕ ਅਨੰਦ ਮਾਣਦੀ ਹੈ ਤੇ ਉਹ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੇ ਮਨ ਵਿਚ ਪਿਆਰੀ ਲੱਗਦੀ ਹੈ।੨। (ਹੇ ਭਾਈ! ਜਿਹੜੇ ਵਡਭਾਗੀ ਮਨੁੱਖ ਗੁਰੂ ਦੀ ਸੰਗਤ ਦੀ ਬਰਕਤ ਨਾਲ) ਇਕ ਪਰਮਾਤਮਾ ਵਿਚ ਸੁਰਤ ਜੋੜਦੇ ਹਨ ਉਹ ਚਿੰਤਾ ਤੋਂ ਰਹਿਤ ਹੋ ਜਾਂਦੇ ਹਨ ਸਤਿਗੁਰੂ ਉਨ੍ਹਾਂ ਨੂੰ ਮਨ-ਇੱਛਤ ਫਲ ਦਿੰਦਾ ਹੈ, ਗੁਰੂ ਉਨ੍ਹਾਂ ਗੁਰਸਿੱਖਾਂ ਵਿਚ ਪਰਮਾਤਮਾ ਦੀ ਧਰਮ-ਸੱਤਿਆ ਪੱਕੀ ਕਰ ਕੇ ਟਿਕਾ ਦਿੰਦਾ ਹੈ, ਇਹ ਗੁਰਸਿੱਖ ਹੀ (ਗੁਰੂ ਦੀ ਪਰਮਾਤਮਾ ਦੀ) ਵੱਧ-ਰਹੀ ਵੇਲ ਹਨ ਚੱਲ-ਰਹੀ ਪੀੜ੍ਹੀ ਹਨ।੩। (ਹੇ ਭਾਈ !) ਹੁਣ ਇਹ ਕੋਈ ਲੁਕੀ-ਛਿਪੀ ਗੱਲ ਨਹੀਂ ਹੈ (ਹਰ ਕੋਈ ਜਾਣਦਾ ਹੈ ਕਿ ਜਿਸ ਮਨੁੱਖ ਉੱਤੇ) ਗੁਰੂ ਨਾਨਕ ਦਇਆਵਾਨ ਹੁੰਦਾ ਹੈ (ਜਿਸ ਨੂੰ ਨਾਮ ਦੀ) ਦਾਤ ਦਿੰਦਾ ਹੈ ਉਹ ਜੋ ਕੁਝ ਬੋਲਦਾ ਹੈ ਗੁਰੂ ਦਾ ਪ੍ਰੇਰਿਆ ਹੋਇਆ ਗੁਰੂ ਦੀ ਰਜ਼ਾ ਵਿਚ ਹੀ ਬੋਲਦਾ ਹੈ (ਉਹ ਅਪਣੇ ਗੁਰੂ ਉੱਤੇ ਇਉਂ ਫ਼ਖ਼ਰ ਕਰਦਾ ਹੈ) ਜਿਵੇਂ ਕੋਈ

ਪੁੱਤਰ ਆਪਣੇ ਪਿਉ ਉੱਤੇ ਮਾਣ ਕਰਦਾ ਹੈ (ਉਹ ਸਿੱਖ ਗੁਰੂ ਪਾਸੋਂ ਸਹਾਇਤਾ ਦੀ ਉਵੇਂ ਆਸ ਰੱਖਦਾ ਹੈ ਜਿਵੇਂ ਪੁੱਤਰ ਪਿਉ ਪਾਸੋਂ) ।੪।੭।੧੦੧।

੪੦- ਸਲੋਕ ਮ: ੫॥ ਤੈਡੀ ਬੰਦਸਿ ਮੈ ਕੋਇ ਨ ਡਿਠਾ ਤੂ ਨਾਨਕ ਮਨਿ ਭਾਣਾ॥ ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ॥੧॥(ਪੰਨਾ-੯੬੪)

ਉਤਲੇ ਸਲੋਕ ਦੇ-ਪਦ ਅਰਥ:-ਤੈਡੀ=ਤੇਰੀ। **ਬੰਦਸਿ**=(ਵਿਖਾਵੇ ਵਾਲੇ ਧਰਮ-ਕਰਮਾਂ ਦੇ, ਅਥਵਾ ਕਰਮ ਕਾਂਡੀ) ਬੰਨ੍ਹਣ। ਤੂੰ=ਤੈਨੂੰ। ਮਨਿ ਭਾਣਾ=ਮਨ ਵਿਚ ਪਿਆਰਾ ਲੱਗਣ ਵਾਲਾ। ਵਿਚੋਲਾ=ਵਕੀਲ, ਵਿੱਚ ਪੈ ਕੇ ਮਿਲਾਉਣ ਵਾਲਾ। ਜੈ ਮਿਲਿ=ਜਿਸ ਨੂੰ ਮਿਲ ਕੇ। ਕੰਤੁ=ਖਸਮ (ਪ੍ਰਭੂ)।

ਅਰਥ:- ਮਨਾਂ ਨੂੰ ਪਿਆਰੇ ਲੱਗ ਰਹੇ, ਹੇ (ਸਤਿਗੁਰੂ) ਨਾਨਕ ਸਾਹਿਬ ਜੀਓ ! ਸਦਕੇ ਜਾਵਾਂ ਤੇਰੇ ਵਰਗੇ (ਅਨੂਪਮ) ਵਿਚੋਲੇ ਤੋਂ, ਜਿਸ ਦੀ (ਧਰਮ ਕਰਮਾਂ ਆਦਿ ਦੀ ਕਰਮਕਾਂਡੀ) ਬੰਦਿਸ਼ ਵੀ ਕੋਈ ਨਹੀਂ ਤੇ ਖ਼ਸਮ (ਰੱਬ ਜੀ) ਨਾਲ (ਪੂਰੀ ਜਾਣ) ਪਛਾਣ ਵੀ ਕਰਾ ਦਿੱਤੀ ।

ਮਹਾਨ ਕੋਸ਼ ਦੇ ਸਫ਼ਾ ੮੯੪ ਅਨੁਸਾਰ ਬੰਦਿਸ ਪਦ ਦੇ ਅਰਥ ਪੜ੍ਹੇ ਤਾਂ ਪਹਿਲਾਂ ਇਸ ਹਦਾਇਤ ਦੀ ਪਾਲਣਾ ਕਰਨੀ ਪਈ "ਦੇਖੋ ਬੰਦਸਿ"। ਭਾਵ ਦੱਦੇ ਦੇ ਥਾਂ ਸੱਸੇ ਨੂੰ ਸਿਹਾਰੀ 'ਿ' ਵਾਲਾ ਬੰਦਸਿ ਪਦ। ਗੁਰਬਾਣੀ ਵਿਚ ਇਸੇ ਬੰਦਸਿ ਪਦ ਦੀ ਵਰਤੋਂ ਹੀ ਪਰਵਾਨ ਹੈ। ਮਹਾਨ ਕੋਸ਼ ਦੇ ਉਸੇ ੮੯੪ ਸਫ਼ੇ ਦੇ ਪਹਿਲੇ ਕਾਲਮ ਦੇ ਪੰਜਵੇਂ ਥਾਂ ਇਉਂ ਅੰਕਿਤ ਹੈ-"ਬੰਦਸਿ-ਫ਼ਾ: (ਉਰਦੂ ਲਫ਼ਜ਼-ਬੰਦਸ਼ ਤੇ ਫਿਰ ਪੰਜਾਬੀ ਲਿਪੀ ਵਿਚ ਬੰਦਸਿ. ਲਿਖ ਕੇ ਅੱਗੇ ਸੰਗਯਾ-**ਵਯੋਂਤ. ਤਦਬੀਰ।" ੨. ਬੰਨਣ ਦੀ ਕਿਰਿਯਾ**। ੩. ਬਣਾਵਟ ਰਚਨਾ "**ਤੇਡੀ ਬੰਦਸਿ ਮੈ ਕੋਇ ਨਾ ਡਿੱਠ**" (ਮ:੫. ਵਾਰ ਰਾਮ: ੨) ਤੇਰੇ ਜਿਹੀ ਸ਼ਕਲ ਦਾ ਮੈਂ ਕੋਈ ਨਾ ਡਿੱਠਾ।" ਲਿਖੇ ਹਨ।

ਪਰ ਗੁਰਮੁਖਿ ਪਿਆਰੇ ਭਾਈ ਸਾਹਿਬ ਨੇ 'ਗੁਰੂ ਗ੍ਰੰਥ ਸਾਹਿਬ ਦਰਪਣ' ਦੀ ਸੱਤਵੀਂ ਪੋਥੀ ਦੇ ੧੬੯ ਸਫ਼ੇ 'ਤੇ ਬੰਦਸਿ ਪਦ ਦੇ ਅਰਥ ਇਸ ਪ੍ਰਕਾਰ ਲਿਖੇ ਹਨ। **ਬੰਦਸਿ**-ਮਨ ਦੀ ਖੁੱਲ੍ਹ ਦੇ ਰਾਹ ਵਿਚ ਰੁਕਾਵਟ **ਬਣਨ**। ਗੁਰੂ ਗ੍ਰੰਥ ਸਾਹਿਬ ਜੀ ਦੇ ਕਈ ਪਾਵਨ ਗੁਰੂ ਸ਼ਬਦਾਂ ਅਨੁਸਾਰ ਲੋਕ ਵਿਖਾਵਿਆਂ ਸਤਿ ਧਰਮੀ ਹੋਣ ਦੀ ਪ੍ਰਦਰਸ਼ਨੀ ਵਾਲੇ ਕਿਸੇ ਵੀ ਧਰਮ-ਕਰਮ ਨੂੰ ਸਤਿਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ ਵਿਚ ਕੋਈ ਥਾਂ ਨਹੀਂ ਹੈ। ਅਜਿਹੇ ਧਰਮ-ਕਰਮਾਂ ਨੂੰ ਗੁਰਦੇਵ ਜੀ ਨੇ ਅਹੰਕਾਰ ਦੇ ਮੂਲ ਕਹਿ ਕੇ ਰੱਦ ਕੀਤਾ ਹੈ। ਲੋਕ ਵਿਖਾਵੇ ਵਾਲੀ ਬਾਹਰੀ ਸੁੱਚਮ ਭਿਟ ਆਦਿ ਵਾਲੇ ਕਥਿਤ ਧਰਮ-ਕਰਮਾਂ ਨੂੰ ਗੁਰੂ ਨਾਨਕ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬਾਣੀ 'ਜਪੁ' ਜੀ ਦੀ ਪਹਿਲੀ ਪਉੜੀ ਦੀ ਪਹਿਲੀ ਹੀ

ਪੰਗਤੀ-"ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥" ਵਿਚ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੋਇਆ ਹੈ। ਅਗਲੇਰੇ ਕਾਂਡ ਵਿਚ ਪੂਰੀ ਪਉੜੀ ਦੀ ਵਿਆਖਿਆ ਬੜੀ ਵਿਸਥਾਰ ਨਾਲ ਲਿਖੀ ਜਾ ਰਹੀ ਹੈ। ਇਸੇ ਤਰ੍ਹਾਂ ਤੀਰਥ ਇਸ਼ਨਾਨ ਤੇ ਉੱਚੇ ਸੁੱਚਮ 'ਤੇ ਇਹ ਬੜੀ ਮੋਟੀ ਲਕੀਰ ਹੈ ਫਿਰ ਵੀ ਖੋਜੀ ਤੇ ਗੁਰਮਤਿ ਦੇ ਹਰ ਪੱਖ ਨੂੰ ਸਮਝ ਦੀ ਲਾਲਸਾ ਵਾਲੇ ਗੁਰਮੁੱਖ ਪਾਠਕ ਸੱਜਣਾਂ ਦੀ ਜਾਣਕਾਰੀ ਲਈ ਧਰਮ-ਕਰਮ ਰੂਪੀ (Rituals) ਫੋਕਟ ਭਰਮ-ਬੰਧਨਾਂ ਦਾ ਨਾਸ਼ ਕਰ ਰਹੇ ਕੁਝ ਗੁਰੂ ਫ਼ੁਰਮਾਨ :-

੪੧- ਬਸੰਤੁ ਮਹਲਾ ੧ ॥ ਸੁਇਨੇ ਕਾ ਚਉਕਾ ਕੰਚਨ ਕੁਆਰ ॥ ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ ॥ ਗੰਗਾ ਕਾ ਉਦਕੁ ਕਰੰਤੇ ਕੀ ਆਗਿ ॥ ਗਰੁੜਾ ਖਾਣਾ ਦੁਧ ਸਿਉ ਗਾਡਿ ॥੧॥ ਰੇ ਮਨ ਲੇਖੈ ਕਬਹੂ ਨ ਪਾਇ ॥ ਜਾਮਿ ਨ ਭੀਜੈ ਸਾਚ ਨਾਇ ॥੧॥ ਰਹਾਉ ॥ ਦਸ ਅਠ ਲੀਖੇ ਹੋਵਹਿ ਪਾਸਿ ॥ ਚਾਰੇ ਬੇਦ ਮੁਖਾਗਰ ਪਾਠਿ ॥ ਪੁਰਬੀ ਨਾਵੈ ਵਰਨਾਂ ਕੀ ਦਾਤਿ ॥ ਵਰਤ ਨੇਮ ਕਰੇ ਦਿਨ ਰਾਤਿ ॥੨॥ ਕਾਜੀ ਮੁਲਾਂ ਹੋਵਹਿ ਸੇਖ ॥ ਜੋਗੀ ਜੰਗਮ ਭਗਵੇ ਭੇਖ ॥ ਕੋ ਗਿਰਹੀ ਕਰਮਾ ਕੀ ਸੰਧਿ ॥ ਬਿਨੁ ਬੂਝੇ ਸਭ ਖੜੀਅਸਿ ਬੰਧਿ ॥੩॥ ਜੇਤੇ ਜੀਅ ਲਿਖੀ ਸਿਰਿ ਕਾਰ ॥ ਕਰਣੀ ਉਪਰਿ ਹੋਵਗਿ ਸਾਰ ॥ ਹੁਕਮੁ ਕਰਹਿ ਮੂਰਖ ਗਾਵਾਰ ॥ ਨਾਨਕ ਸਾਚੇ ਕੇ ਸਿਫਤਿ ਭੰਡਾਰ ॥੪॥੩॥ (ਪੰਨਾ ੧੧੬੮-੧੧੬੯)

ਪਦ ਅਰਥ:-ਚਉਕਾ= ਰਸੋਈ ਤੋਂ ਬਾਹਰ ਖੁੱਲ੍ਹੇ ਥਾਂ ਰੋਟੀ ਪਕਾਉਣ ਵਾਸਤੇ ਵਣਿਆ ਹੋਇਆ ਥਾਂ। ਕੰਚਨ=ਸੋਨਾ। ਕੁਆਰ=ਕਰਵੇ, ਗਾਗਰਾਂ। ਰੁਪਾ=ਚਾਂਦੀ। ਕਾਰਾ=ਕਾਰਾਂ, ਲਕੀਰਾਂ, ਚੌਕੇ ਦੇ ਦੁਆਲੇ ਹੱਦ-ਬੰਦੀ ਦੀਆਂ ਲਕੀਰਾਂ। ਬਿਸਥਾਰੁ=ਸੁੱਚ ਰੱਖਣ ਵਾਸਤੇ ਅਜਿਹੇ ਹੋਰ ਉੱਦਮਾਂ ਦਾ ਵਿਸਥਾਰ। ਉਦਕ=ਪਾਣੀ। ਕਰੰਤੇ ਕੀ ਆਗਿ - ਜੱਗ ਦੀ ਅੱਗ। ਇਕ ਖ਼ਾਸ ਰੁੱਖ (ਅਰਣੀ) ਦੇ ਦੋ ਡੰਡੇ ਬਣਾ ਕੇ ਇਕ ਡੰਡੇ ਵਿਚ ਛੇਕ ਕਰ ਲੈਂਦੇ ਹਨ, ਉਸ ਵਿਚ ਦੂਜਾ ਡੰਡਾ ਫਸਾ ਕੇ ਉਸ ਨੂੰ ਮਧਾਣੀ ਵਾਂਗ ਰੱਸੀ ਦੇ ਲਪੇਟੇ ਦੇ ਕੇ ਬੜੀ ਤੇਜ਼ੀ ਨਾਲ ਘੁਮਾਉਂਦੇ ਹਨ। ਇਸ ਤਰ੍ਹਾਂ ਦੋਹਾਂ ਡੰਡਿਆਂ ਦੀ ਰਗੜ ਨਾਲ ਅੱਗ ਪੈਦਾ ਹੁੰਦੀ ਹੈ। ਇਹ ਅੱਗ ਸੁੱਚੀ ਮੰਨੀ ਗਈ ਹੈ। ਯੱਗਾਂ ਵਿਚ ਇਸ ਅੱਗ ਨੂੰ ਵਰਤਣਾ ਚੰਗਾ ਦੱਸਿਆ ਗਿਆ ਹੈ। ਗਰੁੜਾ=ਰਿੱਝੇ ਹੋਏ ਚਾਵਲ। ਗਾਡਿ=ਮਿਲਾ ਕੇ।੧। ਲੇਖੈ ਨ ਪਾਇ=ਕਬੂਲ ਨਹੀਂ ਹੋ ਸਕਦਾ। ਜਾਮਿ=ਜਦ ਤਕ। ਨਾਇ=ਨਾਮ ਵਿਚ।੧। ਰਹਾਉ। ਦਸ ਅਠ=ਅਠਾਰਾਂ ਪੁਰਾਣ। ਮੁਖਾਗਰ=ਮੂੰਹ-ਜ਼ਬਾਨੀ, ਮੂੰਹ ਅੱਗੇ (ਮੁਖ-ਅੱਗ੍ਰ)। ਪਾਠਿ=ਪਾਠ ਵਿਚ। ਪੁਰਬੀ=ਪੁਰਬਾਂ ਦੇ ਮੌਕੇ ਪਵਿੱਤਰ ਦਿਹਾੜਿਆਂ 'ਤੇ। ਵਰਨਾਂ ਕੀ ਦਾਤਿ ਵਖ-ਵਖ ਵਰਨਾਂ ਲਈ ਜੋ ਦਾਨ ਕਰਨਾ ਲਿਖਿਆ ਹੈ ਉਸ ਅਨੁਸਾਰ ਦਾਨ।੨। ਜੰਗਮ=ਟੱਲੀਆਂ ਬਜਾਉਣ ਵਾਲੇ ਸ਼ਿਵ-ਉਪਾਸਕ। ਸੰਧਿ=ਮਿਲੌਣੀ। ਕਰਮਾਂ ਕੀ ਸੰਧਿ=ਧਰਮ ਸ਼ਾਸਤਰਾਂ ਅਨੁਸਾਰ ਦੱਸੇ ਕਰਮ-ਕਾਂਡ

ਨੂੰ ਕਰਨ ਵਾਲੇ, ਕਰਮ-ਕਾਂਡੀ। ਖੜੀਅਸਿ=ਖੜੀ ਜਾਂਦੀ ਹੈ। ਬੰਧਿ=ਬੰਨ੍ਹ ਕੇ।੩। ਸਿਰਿ=ਸਿਰ ਉਤੇ। ਕਰਣੀ ਉਪਰਿ=ਹਰੇਕ ਦੀ ਕਰਣੀ ਅਨੁਸਾਰ, ਹਰੇਕ ਜੀਵ ਦੇ ਕੀਤੇ ਕਰਮਾਂ ਅਨੁਸਾਰ। ਹੋਵਗਿ=ਹੋਵੇਗੀ। ਸਾਰ=ਸੰਭਾਲ, ਫ਼ੈਸਲਾ। ਹੁਕਮੁ ਕਰਹਿ=ਜੋ ਮਨੁੱਖ ਹੁਕਮ ਕਰਦੇ ਹਨ, ਹਉਮੈ ਕਰਨ ਵਾਲੇ ਬੰਦੇ। ਭੰਡਾਰ=ਖ਼ਜ਼ਾਨੇ।੪।

ਗੁਰੂ ਨਾਨਕ ਸਾਹਿਬ ਜੀ ਦੇ ਅਨਿਨ ਸੇਵਕ ਬਾਬਾ ਬੁੱਢਾ ਜੀ ਦੇ ਸਮਕਾਲੀ ਤੇ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਲੈ ਕੇ ਛੇਵੀਂ ਸਤਿਗੁਰੂ ਹਰਿਗੋਬਿੰਦ ਜੀ ਦੇ ਸਮੇਂ ਤੱਕ ਗੁਰੂ ਘਰ ਦੇ ਵਿਸ਼ਵਾਸ ਪਾਤਰ ਸੱਚੇ ਸਿਦਕੀ ਸੇਵਕ ਰਹਿਣ ਵਾਲੇ ਭਾਈ ਗੁਰਦਾਸ ਜੀ ਦਾ ਗੁਰੂ ਨਾਨਕ ਸਾਹਿਬ ਜੀ ਦੀ ਪਾਤਸ਼ਾਹੀ ਬਾਰੇ ਅਰਥ ਭਰਪੂਰ ਸਪੱਸ਼ਟੀਕਰਨ:-

ਵਾਰਾਂ ਭਾਈ ਗੁਰਦਾਸ ਜੀ (ਵਾਰ ੨੬)

ਦੁਨੀਆਵੀਂ ਪਾਤਿਸਾਹੁ ਹੋਇ ਦੇਇ ਮਰੈ ਪੁਤੈ ਪਾਤਿਸਾਹੀ ।
ਦੋਹੀ ਫੇਰੈ ਅਪਣੀ ਹੁਕਮੀ ਬੰਦੇ ਸਭ ਸਿਪਾਹੀ ।
ਕੁਤਬਾ ਜਾਇ ਪੜਾਇਦਾ ਕਾਜੀ ਮੁੱਲਾਂ ਕਰੈ ਉਗਾਹੀ ।
ਟਕਸਾਲੈ ਸਿੱਕਾ ਪਵੈ ਹੁਕਮੈ ਵਿਚਿ ਸਪੇਦੀ ਸਿਆਹੀ ।
ਮਾਲੁ ਮੁਲਕੁ ਅਪਣਾਇਦਾ ਤਖ਼ਤ ਬਖ਼ਤਿ ਚੜਿ ਬੇਪਰਵਾਹੀ ।
ਬਾਬਾਣੈ ਘਰਿ ਚਾਲੇ, ਗੁਰਮੁਖਿ ਗਾਡੀ ਰਾਹੁ ਨਿਬਾਹੀ ।
ਇਕ ਦੇਹੀ ਟਕਸਾਲ ਇਕ, ਕੁਤਬਾ ਤਖ਼ਤੁ ਸਚਾ ਦਰਗਾਹੀ ।
ਗੁਰਮੁਖਿ ਸੁਖ ਫਲੁ ਦਾਦਿ ਇਲਾਹੀ ।।੩੧।।

ਪਦ ਅਰਥ:-ਬੰਦੇ=ਨੌਕਰ। ਕੁਤਬਾ=ਖ਼ੁਤਬਾ, ਜੋ ਮੁੱਲਾ ਵਕਤ ਦੇ ਪਾਤਸ਼ਾਹ ਦਾ ਪੜ੍ਹਦੇ ਹਨ। ਅਪਣਾਇਦਾ=ਆਪਣਾ ਕਰਦਾ ਹੈ। ਤਖ਼ਤ ਬਖ਼ਤਿ=ਤਖ਼ਤ ਜੋ ਬਖ਼ਤ (ਭਾਗਾਂ) ਕਰਕੇ ਮਿਲਦਾ ਹੈ। ਦੋਹੀ=ਅਕਾਲ ਪੁਰਖ ਦੀ ਦੁਹਾਈ। ਟਕਸਾਲ=ਭਾਵ ਸਾਧ ਸੰਗਤ। ਦਰਗਾਹੀ=ਸਭਾ। ਦਾਦ= ਨਿਆਂ।

ਅਰਥ: ਦੁਨੀਆਂ ਦਾ ਬਾਦਸ਼ਾਹ ਅਪਣੇ ਪੁੱਤਰ ਨੂੰ ਬਾਦਸ਼ਾਹੀ ਦੇ ਕੇ ਮਰ ਜਾਂਦਾ ਹੈ। (ਪੁੱਤਰ) ਅਪਣੇ ਆਪਦੀ ਦੁਹਾਈ ਫੇਰਦਾ ਹੈ, ਸਾਰੇ ਸਿਪਾਹੀਆਂ ਨੂੰ ਅਪਣੇ ਹੁਕਮ ਦੇ ਤਾਬੇ ਕਰਦਾ ਹੈ। (ਮਸੀਤ ਵਿਚ) ਜਾ ਕੇ (ਅਪਣੇ ਨਾਮ ਦਾ) ਖ਼ੁਤਬਾ ਪੜ੍ਹਾਉਂਦਾ ਹੈ, ਕਾਜ਼ੀ ਮੁੱਲਾ ਸਾਰੇ ਉਸ ਪਰ ਉਗਾਹੀ ਭਰਦੇ ਹਨ। ਟਕਸਾਲ ਵਿਖੇ ਉਸ ਦਾ ਸਿੱਕਾ ਚੱਲਦਾ ਹੈ, ਸਪੇਦੀ ਸਯਾਹੀ (ਭਾਵ, ਭਲਾ ਬੁਰਾ ਕੰਮ ਉਸ ਦੇ) ਹੁਕਮ ਵਿਚ ਹੁੰਦਾ ਹੈ। ਮਾਲ ਮੁਲਕ ਸਾਰਾ ਅਪਣੇ ਵਸ ਵਿਚ ਕਰਦਾ ਹੈ ਭਾਗਾਂ ਤੋਂ ਪ੍ਰਾਪਤ ਹੋਏ ਤਖ਼ਤ ਪੁਰ ਚੜ੍ਹ ਕੇ ਬੇਪਰਵਾਹੀ ਕਰਦਾ ਹੈ।

ਪ੍ਰੰਤੂ 'ਬਾਬਾਣੇ' (ਗੁਰੂ ਨਾਨਕ ਜੀ ਦੇ) ਘਰ ਦੀ ਇਹ ਰੀਤ ਹੈ ਕਿ, ਗੁਰਮੁੱਖ ਹੋ ਕੇ 'ਗਾਡੀ ਰਾਹ' ਨਿਬਾਹੇ (ਭਾਵ, ਜੋ ਰਸਤਾ ਸਤਿਗੁਰੁ ਨਾਨਕ ਜੀ ਨੇ ਚਲਾਇਆ ਹੈ ਸੋਈ ਚੱਲੇ, ਵਾਹਿਗੁਰੂ ਦਾ ਗਿਆਨ ਉਵੇਂ ਦਾ ਉਵੇਂ ਨਿਰੋਲ ਦਿੱਤਾ ਜਾਵੇ)। (ਯਥਾ) ਇਕੋ (ਅਕਾਲ ਪੁਰਖ ਸੇ ਨਾਮ ਦੀ) ਦੋਹੀ, ਇਕੋ ਟਕਸਾਲ (ਸਾਧ ਸੰਗਤ), ਕੁਤਬਾ (ਗੁਰੂ ਦੀ ਬਾਣੀ ਹੇਠਾਂ) ਇਕੋ (ਨਾਮ ਨਾਨਕ), (ਇਕੋ) ਤਖ਼ਤ (ਗੁਰਿਆਈ ਦੀ ਗੱਦੀ) ਸੱਚੀ ਦਰਗਾਹ ਸੱਚੀ ਨਿਯਾ ਗਇ ਸਭਾ ਹੈ, ਹੋਰ ਝੂਠੀਆਂ ਪਾਤਸ਼ਾਹੀਆਂ ਵਿਖੇ ਨਾਨਾ ਝਗੜੇ ਤੇ ਸੰਸੇ ਰਹਿੰਦੇ ਹਨ, ਸਾਧ ਸੰਗਤ ਦੀ ਪਾਤਸ਼ਾਹੀ ਅਟੱਲ, ਸੁਲੱਭ ਸਾਰੇ ਦੇਸਾਂ ਤੇ ਸਾਰੇ ਦਿਨਾਂ ਵਿਖੇ ਇਕ ਰਸ ਰਹਿਣ ਹਾਰੀ ਹੈ, ਯਥਾ:-"ਕਾਇਮੁ ਦਾਇਮੁ ਸਦਾ ਪਾਤਸ਼ਾਹੀ। ਦੋਮ ਨ ਸੋਮ ਏਕ ਸੋ ਆਹੀ"। ਇਲਾਹੀ ਦਾਦ (ਦੈਵੀ ਨਿਆਉਂ ਇਹ ਹੈ ਕਿ) ਗੁਰਮੁਖਾਂ ਨੂੰ (ਇਸ ਦਰਗਾਹੋਂ) ਸੁੱਖ ਫਲ ਮਿਲਦਾ ਹੈ। (ਗਿਆਨੀ ਹਜ਼ਾਰਾ ਸਿੰਘ ਜੀ ਪੰਡਿਤ)

ਪੁਰਾਤਨ ਗੁਰਸਿਖ ਵਿਦਵਾਨਾਂ ਨੇ ਵੀ ਸਤਿਗੁਰੂ ਨਾਨਕ ਸਾਹਿਬ ਜੀ ਨੂੰ ਹਰ ਪੱਖੋਂ ਲਾਸਾਨੀ ਲਿਖਿਆ ਹੈ ।

੧- **ਪ੍ਰਸਿਧ ਪੁਰਾਤਨ ਵਿਦਵਾਨਾਂ ਵਲੋਂ ਲਿਖੇ 'ਨਾਨਕ' ਪਦ ਦੇ ਅਰਥ:** ਮਹਾਨ ਕੋਸ਼ ਦੇ ੬੯੨ ਸਫ਼ੇ ਅਨੁਸਾਰ 'ਨਾਨ' ਪਦ ਦੇ ਅਰਥ: ਨਾਨ: ਸੰਗਯਾ- ਗ਼ੁਸਲ. ਇਸ਼ਨਾਨ. "ਤੀਰਥ ਨਾਨ ਦਯਾ ਦਮ ਦਾਨ." (ਅਕਾਲ)। ੨. **ਨਯੂਨ**, ਘਟੀਆ, ਅਦਨਾ. "ਕਿਆ ਹਮ ਕਿਰਮ ਨਾਨ ਨਿਕ ਕੀਰੇ". (ਧਨਾ ਮ: ੪). ੩ ਦੇਖੋ ਨਨ੍ਹਾ। ੪-ਫ਼ਾ ਨਾਨ ਰੋਟੀ । **ਨਾਨਕ**- ਸ੍ਰੀ ਗੁਰੂ ਨਾਨਕ ਸ੍ਵਾਮੀ ਦਾ ਨਾਮ ਜਿਸ ਦੀ ਵਿਯਾਖਿਯਾ ਵਿਦ੍ਵਾਨਾ ਨੇ ਇਉਂ ਵੀ ਕੀਤੀ ਹੈ - "ਨਹੀਂ ਹੈ, ਅਨੇਕਤ੍ਵ ਜਿਸ ਵਿੱਚ (ਅਦ੍ਵੈਤ ਰੂਪ) ਭਾਵ ਲਾਸਾਨੀ, ਅਨੂਪਮ, ਜਿਸ ਦਾ ਕੋਈ ਸਾਨੀ ਨਾ ਹੋਵੇ ਯਕਤਾ, ਵਾਹਦ (ਪੈਦਾਇਸ਼ੀ ਅਥਵਾ ਜਨਮ ਤੋਂ ਹੀ ਜੋ ਗੁਣ ਗੁਰੂ ਨਾਨਕ ਜੀ ਵਿਚ ਸਨ ਉਹ ਹੋਰ ਕਿਸੇ ਵੀ ਦੂਜੇ ਵਿਚ ਨਹੀਂ ਸਨ), ੨- ਜਿਸ ਦੀ ਸੋਚਣੀ ਵਿਚ ਦੂਈ ਦਵੈਤ ਹੈ ਹੀ ਨਹੀਂ, ਜਿਸ ਨੂੰ ਹਰ ਪਾਸੇ ਬ੍ਰਹਮ ਹੀ ਬ੍ਰਹਮ ਨਜ਼ਰ ਆ ਰਿਹਾ ਸੀ). ਭਾਈ ਸੰਤੋਖ ਸਿੰਘ ਜੀ ਨੇ ਗੁਰੂ ਨਾਨਕ ਪ੍ਰਕਾਸ਼ ਵਿਚ ਨਾਨਕ ਨਾਮ ਦਾ ਅਰਥ ਇਉਂ ਕੀਤਾ ਹੈ:-

ਪ੍ਰਾਕ $_1$ ਜੋ ਨਕਾਰ $_2$ ਨ ਪ੍ਰਮਾਨ $_3$ ਅਭਿਧਾਨ $_4$ ਜਨ ਤਾਹੂੰ ਤੇ ਅਕਾਰ $_5$
ਲੇ ਅਨਕ ਪੁੰਨ ਤੀਨ ਹੈ।
ਦੂਸਰੇ ਨਕਾਰ $_6$ ਤੇ ਨਿਕਾਰਕੈ ਅਕਾਰ ਇੱਕ ਭਯੋ "ਅਨ ਅਕ"
ਚਾਰ ਵਰਣ ਸੁ ਕੀਨ ਹੈ।

ਅੱਕ ਨਾਮ ਦੁੱਖ ਕੋ ਵਿਦਿਤ ਹੈ ਜਗਤ ਪਧਪ ਜਾਹਿਂ ਨਰ ਨਹੀਂ ਦੁੱਖ ਸਦਾ ਸੁੱਖ ਲੀਨ ਹੈ।
ਐਸੇ ਇਹ ਨਾਨਕ ਕੇ ਨਾਮ ਕੋ ਅਰਥ ਚੀਨ ਸੋਚਿਦ ਅਨੰਦ ਨਿਤ ਭਗਤ ਅਧੀਨ ਹੈ॥

(੧=ਪਹਿਲਾ, ਪੂਰਵ, ਪਹਿਲਾਂ। ੨=ਆਪਣੇ ਟਕਾਣੇ ਪੁਰ ਹ ਰਹਿਣਾ। ੩=ਤੋਲ, ਵਜ਼ਨ, ਮਾਪ, ਮਿਣਤੀ, ਕਾਰਨ, ਸਬੱਬ, ਮਰਯਾਦਾ, ਤਰਾਜ਼ੂ, ਬ੍ਰਹਮ, ਕਰਤਾਰ। ੪=ਕਥਨ, ਵਖਿਆਨ, ਕੋਸ਼, ਸ਼ਬਦਾਂ ਦਾ ਖ਼ਜ਼ਾਨਾ। ੫=ਆੜਾ, ਐੜਾ 'ਅ'। ਆਕਾਰ, ਸ਼ਕਲ, ਸੂਰਤਿ। ੬=ਨੰਨਾ ਅੱਖਰ, ਇਨਕਾਰ, ਨਾਂਹ)

੨- **ਬਾਬਾ ਸਾਧੂ ਸਿੰਘ ਜੀ**, ਪੁਰਾਤਨ ਸਿਖ ਵਿਦਵਾਨਾਂ ਵਿਚ **ਸੰਤ ਬਾਬਾ ਸਾਧੂ ਸਿੰਘ** ਜੀ ਖੋਜੀ ਮਹਾਂਪੁਰਖ ਹੋਏ ਹਨ। ਇਨ੍ਹਾਂ ਦਾ ਜਨਮ ਅੰਮ੍ਰਿਤਸਰ ਦੇ ਪਿੰਡ ਸਰਲੀ ਨਿਵਾਸੀ ਭਾਈ ਸੋਭਾ ਸਿੰਘ ਦੇ ਘਰ ਮਾਤਾ ਦੇਵੀ ਜੀ ਦੀ ਕੁਖੋਂ ਸੰਮਤ ੧੭੯੮ (ਸੰਨ ੧੭੪੧) ਨੂੰ ਹੋਇਆ। ਇਹ ਸੰਸਿਕ੍ਰਤ ਅਤੇ ਹਿੰਦੀ ਦੇ ਪੰਡਿਤ ਅਰ ਗੁਰਬਾਣੀ ਦੇ ਖੋਜੀ ਸਨ। ਸਾਧੂ ਸਿੰਘ ਜੀ ਨੇ **"ਗੁਰਸਿਖਿਯਾ ਪ੍ਰਭਾਕਰ"** ਤੇ **"ਸ੍ਰੀ ਮੁਖਵਾਕਯ"** ਆਦਿ ਕਈ ਗ੍ਰੰਥ ਲਿਖੇ ਹਨ। **ਗੁਰੂ ਨਾਨਕ ਪਾਤਸ਼ਾਹ ਜੀ ਦੇ ਅਨੂਪਮ ਰੱਬੀ ਗੁਣਾਂ ਬਾਰੇ ਲਿਖੀਆਂ** ਇਨ੍ਹਾਂ ਦੀਆਂ ਕਵਿਤਾਵਾਂ ਵਿਚੋਂ ਨਮੂਨਾ ਮਾਤ੍ਰ:-

ਆਦਿ ਅਨਾਦਿ ਅਗਾਧ ਅਬਾਧ, ਅਲੇਖ ਅਭੇਖ ਅਰੇਖ ਅਨਾਮੇ।
ਜੋ ਸਭ ਰੂਪ ਪਰੇ ਸਭ ਸੇ ਸਭ ਮੈਂ ਸਮਰੂਪ ਨਹੀਂ ਕਛੁ ਵਾ ਮੈਂ।
ਸੋ ਗੁਰ ਨਾਨਕ ਲੋ ਦਸ ਰੂਪ ਸੁਧਾਰਿ ਉਧਾਰਿ ਕਰੀ ਵਸੁਧਾ ਮੈਂ।
ਤਾ ਪਦ ਮੰਜੁਲ ਮੈ ਕਰਿ ਅੰਜਲਿ ਦੰਡ ਸਮਾਨ ਕਰੂੰ ਪਰਨਾਮੇ।

ਪਦ ਅਰਥ:-ਅਨਾਦਿ=ਆਦਿ ਰਹਿਤ, ਜਿਸ ਦਾ ਕੋਈ ਆਦਿ ਨਾ ਹੋਵੇ. **"ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ਵੀ॥੨੯॥"** (ਜਪੁ-੭) ਅੰਨ ਆਦਿ, ਖਾਣ ਪੀਣ ਦੇ ਪਦਾਰਥ। **ਅਗਾਧ**=ਜਿਸ ਦਾ ਗਾਧ (ਥਾਂ) ਨਾ ਪਾਇਆ ਜਾਵੇ ਅਤਯੰਤ ਗੰਭੀਰ। **ਅਬਾਧ**=ਬਿਨਾਂ ਬਾਧਾ, ਬਿਨਾਂ ਰੁਕਾਵਟ। ੨-ਨਿਰਵਿਘਨ। **ਅਬਾਧਪ**=ਜੋ ਰੋਕਿਆ ਨਾ ਜਾ ਸਕੇ, ਬਾਧਯ ਹੋਣ ਤੋਂ ਬਿਨਾਂ। ਮਹਾਨ ਕੋਸ਼ ਸਫ਼ਾ-੧੯੩)

ਭਾਈ ਸਾਧੂ ਸਿੰਘ ਜੀ ਨੇ ਵੀ ਗੁਰੂ ਨਾਨਕ ਜੀ ਨੂੰ ਪਰਮਾਤਮਾ ਦੇ ਗੁਣਾਂ ਨਾਲ ਭਰਪੂਰ ਤੇ ਰੱਬ ਜੀ ਦੇ ਤੁੱਲ ਅਨੂਪਮ ਹੀ ਲਿਖਿਆ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਸ ਵੇਰਵੇ ਨਾਲ ਗੁਰੁ ਸ਼ਬਦ ਆਇਆ ਹੈ-ਗੁਰ-

੩੧੭੨, ਗੁਰਿ-੫੮੦,ਗੁਰੁ-੭੨੪, ਗੁਰੂ-੩੦੧, ਗੁਰਾ-੩ ਸਤਗੁਰ-੩੧, ਸਤਗੁਰਿ-੧੨ ਸਤਗੁਰੁ-੩੭, ਸਤਿਗੁਰ-੧੪੮੧, ਸਤਿਗੁਰਾ-੬, ਸਤਿਗੁਰਿ-੨੩੪, ਸਤਿਗੁਰੁ-੭੫੭, ਸਤਿਗੁਰੂ-੧੪੫-ਗੁਰਦੇਵ-੭੫ ਗੁਰਦੇਵਾ-੩, ਗੁਰਦੇਵਿ-੨ ਗੁਰਦੇਉ-੪੧

ਇਨ੍ਹਾਂ ਪਦਾਂ ਦੇ ਮਹਾਨਕੋਸ਼ ਅਨੁਸਾਰ ਅਰਥ:-**ਵਿਸ਼ੇਸ਼ ਤੌਰ 'ਤੇ ਧਿਆਨ ਵਿਚ ਰੱਖਣ ਵਾਲੀ ਸੱਚਾਈ ਇਹ ਹੈ ਕਿ ਮਹਾਨ ਕੋਸ਼ ਦੇ ਅਰਥਾਂ ਵਿਚ 'ਸਤਿਗੁਰੂ' ਦਾ ਅਰਥ ਗੁਰੂ ਨਾਨਕ ਸਾਹਿਬ ਲਿਖਿਆ ਮਿਲਦਾ ਹੈ:-**

੪੧੯ ਸ.ਫੇ ਅਨੁਸਾਰ ਗੁਰਿਆਈ= ਸੰਗਯਾ-ਗੁਰਤਾ, ਗੁਰ ਪਦਵੀ, **"ਪ੍ਰਾਪਤ ਭੀ ਗੁਰਿਆਈ".** (ਗੁਪ੍ਰਤਾਪ ਸੂ)

(ੳ) ਗੁਰ=ਸੰਗਯਾ-ਗੁੜ, ਸਿਆਹਕੰਦ...। ੨. ਧਾ-ਯਤਨ ਕਰਨਾ ਉੱਦਮ ਕਰਨਾ, ਮਾਰਨਾ, ਨੁਕਸਾਨ ਕਰਨਾ, ਉਭਾਰਨਾ, ਉੱਚਾ ਕਰਨਾ। ੩.ਸੰਗਯਾ- ਗੁਰੂ, ਇਹ ਸ਼ਬਦ ਗ੍ਰੀ ਧਾਤ ਤੋ ਬਣਿਆ ਹੈ. ਇਸ ਦੇ ਅਰਥ ਹਨ ਨਿਗਲਨਾ ਅਤੇ ਸਮਝਾਉਣਾ, ਜੋ ਅਗਿਆਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤੱਤਗਯਾਨ ਸਮਝਾਉਂਦਾ ਹੈ, ਉਹ ਗੁਰੂ ਹੈ, ਗੁਰਬਾਣੀ 'ਚ ਗੁਰ, ਗੁਰੁ ਤੇ ਗੁਰੂ ਇਕ ਹੀ ਅਰਥ ਵਿਚ ਆਏ ਹਨ. ਯਥਾ-"ਗੁਰ ਅਪਣੇ ਬਲਿਹਾਰੀ." (ਸੋਰ.ਮ: ੫), "ਸੁਖਸਾਗਰੁ ਗੁਰੁ ਪਾਇਆ".(ਸੋਰ ਮ: ੫), "ਅਪਣਾ ਗੁਰੂ ਧਿਆਇ." (ਸੋਰ ਮ:੫). ੪. ਧਰਮ ਉਪਦੇਸ਼ਕ, ਧਾਰਮਿਕ ਸਿਖਿਆ ਦੇਣ ਵਾਲਾ ਆਚਾਰਯ। ੫. ਕਿਸੇ ਮਤ ਦੇ ਚਲਾਉਣ ਵਾਲਾ- "ਛਿਅ ਘਰ ਛਿਅ ਗੁਰ ਛੁਅ ਉਪਦੇਸ" (ਸੋਹਿਲਾ)-ਛੇਅ ਉਪਦੇਸ਼=? ੬. ਪਤਿ, ਭਰਤਾ, "ਸੋਭਾਵੰਤੀ ਸੁਹਾਗਨੀ ਜਿਨਿ ਗੁਰ ਕਾ ਹੇਤ ਅਪਾਰੁ"(ਸ੍ਰੀ ਮ:ਲ਼ ੩) ੭. ਵ੍ਰਿਹਸਪਤਿ, ਦੇਵਗੁਰੁ. "ਕਹੁ ਗੁਰ ਗਜ ਸਿਵ ਸਭ ਕੋ ਜਾਨੈ ".(ਗਉ: ਕਬੀਰ) ੮. ਅੰਤਹਕਰਣ, ਮਨ."ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ॥ ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥"(ਵਾਰ ਆਸਾ ਮ:੧) ੯. ਵਿ: ਪੂਜਯ,"ਨਾਨਕ ਗੁਰ ਤੇ ਗੁਰ ਹੋਇਆ", (ਗੂਜ ਮ:ਲ਼ ੩) ੧੦. ਵਡਾ ਮਹਾਨ-' ਕਉਨੁ ਨਾਮੁ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ ਤਰਈ' (ਸੋਰ:ਮ:: ੯).। ੧੧-ਦੇਖੋ ਗੁਰੁ।

੪੨- ਸੇਇ ਮੁਕਤ ਜਿ ਮਨੁ ਜਿਣਹਿ ਫਿਰਿ ਧਾਤੁ ਨ ਲਾਗੈ ਆਇ॥ ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ॥੩॥ ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ॥ ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ॥੪॥ ੩॥ ੫॥ (ਪੰਨਾ- ੪੯੦)

(**ਅਰਥ:** ਜਿਹੜੇ ਮਨੁੱਖ ਅਪਣਾ ਮਨ ਜਿੱਤ ਲੈਂਦੇ ਹਨ, ਉਹ ਮਾਇਆ ਦੇ ਬੰਧਨਾਂ ਤੋਂ ਆਜ਼ਾਦ ਹੋ ਜਾਂਦੇ ਹਨ, ਉਨ੍ਹਾਂ ਉੱਤੇ ਮੁੜ ਮਾਇਆ ਅਪਣਾ ਜ਼ੋਰ ਨਹੀਂ ਪਾ ਸਕਦੀ।

ਜਿਹੜਾ ਵੀ ਮਨੁੱਖ (ਇੰਦ੍ਰਿਆਂ ਦੀ ਪਹੁੰਚ ਤੋਂ ਉਤਾਂਹ) ਚਿੱਤ-ਆਕਾਸ਼ ਵਿਚ (ਉੱਚੇ ਆਤਮਕ ਮੰਡਲ ਵਿਚ) ਅਪਨੀ ਰਿਹਾਇਸ਼ ਬਣਾ ਲੈਂਦਾ ਹੈ, ਉਸ ਨੂੰ ਤਿੰਨ ਭਵਨਾਂ ਵਿਚ ਵਿਆਪਕ ਪ੍ਰਭੂ ਦੀ ਸਮਝ ਪੈ ਜਾਂਦੀ ਹੈ।੩।

(ਅ)-ਮਹਾਨ ਕੋਸ਼ ਦੇ ੪੧੯ ਸਫ਼ੇ ਅਨੁਸਾਰ-ਗੁਰਿਆਈ-ਸੰਗਯਾ- ਗੁਰਤਾ, ਗੁਰੂਪਦਵੀ ਹੀ ਹੈ-

(ੲ) 'ਗੁਰੁ'-ਦੇਖੋ ਗੁਰ ੩। ੨. ਸੰਗਯਾ- ਧਰਮਉਪਦੇਸਕ, ਧਰਮ ਦਾ ਆਚਾਰਯ-" ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ" (ਜਪੁ) "ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ." (ਵਾਰ ਮਾਝ ਮ: ੨) ੩. ਵ੍ਰਿਹਸਪਤਿ। ੪. ਉਸਤਾਦ ਵਿਦਯਾ ਦੇਣ ਵਾਲਾ। ੫. ਦੋ ਮਾਤ੍ਰਾ ਵਾਲਾ ਅੱਖਰ ੩੩. । ੬. ਪਿਤਾ। ੭. ਰਾਜਾ। ੮. ਗੁਰ ਨਾਨਕ ਦੇਵ ਜੀ। ੯. ਪਰਮਾਤਮਾ ਕਰਤਾਰ। ੧੦. ਵਜ਼ਨਦਾਰ ਭਾਰੀ। ੧੧. ਲੰਮਾ ਚੌੜਾ। ੧੨.ਕਿਸੇ ਅਰਥ ਅਥਵਾ ਸਿਧਾਂਤ ਦੀ ਭਾਲਿਕਾ, ਕੁੰਜੀ (ਵੀ ਗੁਰ ਹੀ ਹੈ-ਚੰਗਾ ਗੁਰੂ ਦੱਸਿਆ ਹੈ ਉਸ ਉਸਤਾਦ ਨੇ?).

(ਸ)- "ਗੁਰੂ"-ਵੇਖੋ ਗੁਰ ਅਤੇ ਗੁਰੁ।੨. ਪੂਜਯ. "ਇਸੁ ਪਦ ਜੋ ਅਰਥਾਇ ਲੇਇ ਸੋ ਗੁਰੂ ਹਮਾਰਾ"॥ (ਗਉ:ਅ:ਮ:੧)

(ਹ) ਸਤਗੁਰ-ਸੰਗਯਾ-ਸ੍ਰੀ ਗੁਰੂ ਨਾਨਕ ਦੇਵ। ੨. ਉੱਤਮ ਉਪਦੇਸ਼ ਦੇਣ ਵਾਲਾ ਆਚਾਰਯ। ਸਤਗੁਰੁ-ਦੇਖੋ ਸਤਗੁਰ।

(ਕ) ਸਤਿਗੁਰ-ਦੇਖੋ ਸਤਗੁਰ। ੨. ਸੰਗਯਾ-ਸ੍ਰੀ ਗੁਰੂ ਨਾਨਕ ਦੇਵ ਜੀ. "ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥੧੩॥" (ਆਸਾ ਪਟੀ ਮ: ੩)

(ਖ) ਸਤਿਗੁਰਿ-ਸਤਗੁਰ ਨੇ, "ਸਤਿਗੁਰਿ ਸਚੁ ਦ੍ਰਿੜਾਇਆ ਇਸੁ ਧਨ ਕੀ ਕੀਮਤਿ ਕਹੀ ਨ ਜਾਇ ॥"(ਵਾਰ ਸ੍ਰੀ ਮ: ੩)

(ਗ) ਸਤਿਗੁਰੁ-ਦੇਖੋ ਸਤਗੁਰ, "ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ॥" (ਗਉ: ਮ:੪), "ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ॥" (ਸ੍ਰੀ. : ੧ ਜੋਗੀ ਅੰਦਰਿ)

(ਘ) ਸਤਿਗੁਰ ਸੰਤ-ਸੰਗਯਾ-ਸ਼ਾਂਤਾਤਮਾ ਸਤਿਗੁਰੁ, ਸ੍ਰੀ ਗੁਰੂ ਨਾਨਕ ਦੇਵ ਜੀ। ੨. ਸਤਿਗੁਰੂ ਨਾਨਕ ਦੇਵ ਜੀ ਦਾ ਸੱਚਾ ਸਿੱਖ. "ਸਤਿਗੁਰੁਸੰਤ ਮਿਲੇ ਸਾਂਤਿ ਪਾਈਐ."(ਸਾਰੰ ਮ: ੪)

ਸਤਿਗੁਰੁ ਪੁਰਖੁ- ਸ੍ਰੀ ਗੁਰੂ ਨਾਨਕ ਦੇਵ. "ਸਤਿਗੁਰੁ ਪੁਰਖੁ ਪਾਇਆ ਵਡਭਾਗੁ" (ਆਸਾ ਮ: ੪)

(ਙ)- ਗੁਰਦੇਉ, ਗੁਰਦੇਵ:-ਦੇਵ ਰੂਪ ਸਤਿਗੁਰੂ, "ਗੁਰਦੇਵ ਗੁਰਦੇਵ ਮਾਤਾ ਗੁਰਦੇਵ ਪਿਤਾ"(ਬਾਵਨ) ੨-ਇਸ਼ਟ ਦੇਵ, ਪੂਜਯ ਦੇਵ।੩- **ਗੁਰੂ ਨਾਨਕ ਸਵਾਮੀ**, "ਕਵਣ ਮੂਲੁ ਕਵਣ ਮਤਿ ਵੇਲਾ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥ ਕਵਣ ਕਥਾ ਲੇ ਰਹਹੁ ਨਿਰਾਲੇ॥ ਬੋਲੈ ਨਾਨਕੁ ਸੁਣਹੁ ਤੁਮ ਬਾਲੇ ॥ ਏਸੁ ਕਥਾ ਕਾ ਦੇਇ ਬੀਚਾਰੁ ॥ ਭਵਜਲੁ ਸਬਦਿ ਲੰਘਾਵਣਹਾਰੁ॥੪੩॥ (੯੪੩)

ਅਰਥ:-(ਪ੍ਰਸ਼ਨ):-(ਜੀਵਨ ਦਾ) ਕੀ ਮੂਲ ਹੈ? ਕਿਹੜੀ ਸਿੱਖਿਆ ਲੈਣ ਦਾ (ਇਹ ਮਨੁੱਖਾ ਜਨਮ ਦਾ) ਸਮਾਂ ਹੈ? ਤੂੰ ਕਿਸ ਗੁਰੂ ਦਾ ਚੇਲਾ ਹੈ? ਕਿਹੜੀ ਗੱਲ ਨਾਲ ਤੂੰ ਨਿਰਲੇਪ ਰਹਿੰਦਾ ਹੈਂ? ਨਾਨਕ ਕਹਿੰਦਾ ਹੈ (ਜੋਗੀਆਂ ਨੇ ਕਿਹਾ—) ਹੇ ਬਾਲਕ (ਨਾਨਕ!) ਸੁਣ, (ਅਸਾਨੂੰ) ਇਸ ਗੱਲ ਦੀ ਭੀ ਵਿਚਾਰ ਦੱਸ (ਅਸਾਨੂੰ ਇਹ ਗੱਲ ਵੀ ਸਮਝਾ ਕਿ ਕਿਵੇਂ) ਸ਼ਬਦ ਦੀ ਰਾਹੀਂ (ਗੁਰੂ ਜੀਵ ਨੂੰ) ਸੰਸਾਰ-ਸਮੁੰਦਰ ਤੋਂ ਪਾਰ ਕਰਨ ਦੇ ਸਮਰੱਥ ਹੈ ।੪੩।

੪੩- **ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ ਅਕਥ ਕਥਾ ਲੇ ਰਹਉ ਨਿਰਾਲਾ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ॥ ਏਕੁ ਸਬਦੁ ਜਿਤੁ ਕਥਾ ਵੀਚਾਰੀ॥ ਗੁਰਮੁਖਿ ਹਉਮੈ ਅਗਨਿ ਨਿਵਾਰੀ॥੪੪॥** (ਪੰਨਾ-੯੪੩)

ਪਦ ਅਰਥ:-ਪਵਨ=ਪ੍ਰਾਣ ।ਸੁਰਤਿ ਧੁਨਿ=ਸੁਰਤਿ ਦੀ ਧੁਨਿ, ਲਗਨ, ਟਿਕਾਉ ।ਅਕਥ=ਉਹ ਪ੍ਰਭੂ ਜਿਸ ਦਾ ਸਹੀ ਸਰੂਪ ਬਿਆਨ ਨਹੀਂ ਹੋ ਸਕਦਾ । ਰਹਉ=ਮੈਂ ਰਹਿੰਦਾ ਹਾਂ। (ਨੋਟ:- ਉਪਰਲੀ ਪਉੜੀ ਦੇ ਲਫ਼ਜ਼ 'ਰਹਹੁ' ਦੇ ਜੋੜ ਦਾ ਇਸ ਲਫ਼ਜ਼ ਨਾਲੋਂ ਫ਼ਰਕ ਧਿਆਨ-ਜੋਗ ਹੈ, ਉਸ ਦਾ ਅਰਥ ਹੈ "ਤੁਸੀ ਰਹਿੰਦੇ ਹੋ")। ਜੁਗ—ਜੁਗ ਵਿਚ । ਜੁਗਿ ਜੁਗਿ—ਹਰੇਕ ਜੁਗ ਵਿਚ। ਗੋਪਾਲ=ਧਰਤੀ ਨੂੰ ਪਾਲਣ ਵਾਲਾ । ਏਕੁ ਸਬਦੁ=ਕੇਵਲ ਸ਼ਬਦ ਹੀ । ਜਿਤੁ=ਜਿਸ ਦੀ ਰਾਹੀਂ। ਨਿਵਾਰੀ=ਦੂਰ ਕੀਤੀ।

ਅਰਥ:-(ਉੱਤਰ) ਪ੍ਰਾਣ ਹੀ ਹਸਤੀ ਦਾ ਮੁੱਢ ਹਨ । (ਇਹ ਮਨੁੱਖਾ ਜਨਮ ਦਾ) ਸਮਾਂ ਸਤਿਗੁਰੂ ਦੀ ਸਿੱਖਿਆ ਲੈਣ ਦਾ ਹੈ । ਸ਼ਬਦ (ਮੇਰਾ) ਗੁਰੂ ਹੈ, ਮੇਰੀ ਸੁਰਤਿ ਦਾ ਟਿਕਾਉ (ਉਸ ਗੁਰੂ ਦਾ) ਸਿੱਖ ਹੈ (ਜੇ ਮਨ ਪੂਰਨ ਟਿਕਾਉ ਵਿਚ ਨਾ ਹੋਵੇ ਤਾਂ ਗਿਆਨ ਨਹੀਂ ਸਿੱਖ ਸਕਦਾ ਤੇ ਜੇ ਸਿਖਿਆ ਨਹੀਂ ਤਾਂ 'ਸਿੱਖ' ਕਿਵੇ ਹੋਇਆ। ਜੁੜੀ 'ਸੁਰਤਿ' ਹੀ ਅਸਲੀ ਸਿੱਖ ਹੈ ।(ਖਿੰਡੀ ਹੋਈ ਸੁਰਤਿ-ਧੋਬੀ ਦਾ ਕੁੱਤਾ ?) ਮੈਂ ਅਕੱਥ ਪ੍ਰਭੂ ਦੀਆਂ ਗੱਲਾਂ ਕਰ ਕੇ (ਭਾਵ, ਗੁਣ ਗਾ ਕੇ) ਮਾਇਆ ਤੋਂ ਨਿਰਲੇਪ ਰਹਿੰਦਾ ਹਾਂ । ਤੇ, ਹੇ ਨਾਨਕ ! ਉਹ ਗੁਰ-ਗੋਪਾਲ ਹਰੇਕ ਜੁਗ ਵਿਚ ਮੌਜੂਦ ਹੈ। "ਗੁਰ ਸ਼ਬਦ" ਹੀ ਕੇਵਲ ਗੁਰੂ ਹੈ ਜਿਸ ਦੀ ਰਾਹੀਂ ਪ੍ਰਭੂ ਦੇ

ਗੁਣ ਵਿਚਾਰੇ ਜਾ ਸਕਦੇ ਹਨ, (ਇਸ ਸ਼ਬਦ ਰਾਹੀਂ ਹੀ) ਗੁਰਮੁਖ ਮਨੁੱਖ ਨੇ ਹਉਮੈ (ਖ਼ੁਦਗ਼ਰਜ਼ੀ ਦੀ) ਦੀ ਅੱਗ (ਆਪਣੇ ਅੰਦਰੋਂ) ਦੂਰ ਕੀਤੀ ਹੈ।੪੪।

ਗੁਰਦੇਉ- ਇਹ ਲਫ਼ਜ਼ ਮਹਾਨ ਕੋਸ਼ ਵਿਚੋਂ ਨਹੀਂ ਮਿਲਿਆ ਪਰ ਗੁਰਬਾਣੀ ਦੇ ਕੇਵਲ ਇਕੋ ਗੁਰੂਸ਼ਬਦ ਵਿਚ ੪੧ ਵਾਰ ਆਏ ਗੁਰਦੇਉ ਸ਼ਬਦ ਦੀ ਮਹਿਮਾ ਗੁਰਦੇਵ ਜੀ ਨੇ ਇਉਂ ਗਾਈ ਹੈ:-

੪੪-ਘਰੁ ੨॥ ਜਉ ਗੁਰਦੇਉ ਤ ਮਿਲੈ ਮੁਰਾਰਿ॥ ਜਉ ਗੁਰਦੇਉ ਤ ਉਤਰੈ ਪਾਰਿ॥ ਜਉ ਗੁਰਦੇਉ ਤ ਬੈਕੁੰਠ ਤਰੈ॥ ਜਉ ਗੁਰਦੇਉ ਤ ਜੀਵਤ ਮਰੈ॥੧॥ ਸਤਿ ਸਤਿ ਸਤਿ ਸਤਿ ਸਤਿ ਗੁਰਦੇਵ॥ ਝੂਠੁ ਝੂਠੁ ਝੂਠੁ ਝੂਠੁ ਆਨ ਸਭ ਸੇਵ॥੧॥ ਰਹਾਉ॥ ਜਉ ਗੁਰਦੇਉ ਤ ਨਾਮੁ ਦ੍ਰਿੜਾਵੈ॥ ਜਉ ਗੁਰਦੇਉ ਨ ਦਹ ਦਿਸ ਧਾਵੈ॥ ਜਉ ਗੁਰਦੇਉ ਪੰਚ ਤੇ ਦੂਰਿ॥ ਜਉ ਗੁਰਦੇਉ ਨ ਮਰਿਬੋ ਝੂਰਿ॥੨॥ ਜਉ ਗੁਰਦੇਉ ਤ ਅੰਮ੍ਰਿਤ ਬਾਨੀ॥ ਜਉ ਗੁਰਦੇਉ ਤ ਅਕਥ ਕਹਾਨੀ॥ ਜਉ ਗੁਰਦੇਉ ਤ ਅੰਮ੍ਰਿਤ ਦੇਹ॥ ਜਉ ਗੁਰਦੇਉ ਨਾਮੁ ਜਪਿ ਲੇਹਿ॥੩॥ ਜਉ ਗੁਰਦੇਉ ਭਵਨ ਤ੍ਰੈ ਸੂਝੈ॥ ਜਉ ਗੁਰਦੇਉ ਊਚ ਪਦ ਬੂਝੈ॥ **ਜਉ ਗੁਰਦੇਉ ਤ ਸੀਸੁ ਅਕਾਸਿ॥** ਜਉ ਗੁਰਦੇਉ ਸਦਾ ਸਾਬਾਸਿ॥੪॥ ਜਉ ਗੁਰਦੇਉ ਸਦਾ ਬੈਰਾਗੀ॥ ਜਉ ਗੁਰਦੇਉ ਪਰ ਨਿੰਦਾ ਤਿਆਗੀ॥ ਜਉ ਗੁਰਦੇਉ ਬੁਰਾ ਭਲਾ ਏਕ॥ ਜਉ ਗੁਰਦੇਉ ਲਿਲਾਟਹਿ ਲੇਖ॥੫॥ ਜਉ ਗੁਰਦੇਉ ਕੰਧੁ ਨਹੀ ਹਿਰੈ॥ ਜਉ ਗੁਰਦੇਉ ਦੇਹੁਰਾ ਫਿਰੈ॥ ਜਉ ਗੁਰਦੇਉ ਤ ਛਾਪਰਿ ਛਾਈ॥ ਜਉ ਗੁਰਦੇਉ ਸਿਹਜ ਨਿਕਸਾਈ॥੬॥ ਜਉ ਗੁਰਦੇਉ ਤ ਅਠਸਠਿ ਨਾਇਆ॥ ਜਉ ਗੁਰਦੇਉ ਤਨਿ ਚਕ੍ਰ ਲਗਾਇਆ॥ ਜਉ ਗੁਰਦੇਉ ਤ ਦੁਆਦਸ ਸੇਵਾ॥ ਜਉ ਗੁਰਦੇਉ ਸਭੈ ਬਿਖੁ ਮੇਵਾ॥੭॥ ਜਉ ਗੁਰਦੇਉ ਤ ਸੰਸਾ ਟੂਟੈ॥ ਜਉ ਗੁਰਦੇਉ ਤ ਜਮ ਤੇ ਛੂਟੈ॥ ਜਉ ਗੁਰਦੇਉ ਤ ਭਉਜਲ ਤਰੈ॥ ਜਉ ਗੁਰਦੇਉ ਤ ਜਨਮਿ ਨ ਮਰੈ॥੮॥ ਜਉ ਗੁਰਦੇਉ ਅਠਦਸ ਬਿਉਹਾਰ॥ ਜਉ ਗੁਰਦੇਉ ਅਠਾਰਹ ਭਾਰ॥ ਬਿਨੁ ਗੁਰਦੇਉ ਅਵਰ ਨਹੀ ਜਾਈ॥ ਨਾਮਦੇਉ ਗੁਰ ਕੀ ਸਰਣਾਈ॥੯॥੧॥੨॥੧੧॥ (ਪੰਨਾ ੧੧੬੬)

ਮਹਾਨ ਕੋਸ਼ ਦੇ ੧੫੬ ਸਫ਼ੇ 4 ਤੇ- **ਸ਼ਬਦ**. ਸੰ. ਸ਼ਬਦ. ਸਗਯਾ-ਧੁਨਿ, ਅਵਾਜ਼, ਸੁਰ।੨-ਪਦ, ਲਫ਼ਜ਼।੩. ਗੁਫ਼ਤਗੂ, ਗਲ ਬਾਤ. "ਸਬਦੌ ਹੀ ਭਗਤ ਜਾਪਦੇ ਜਿਨ੍ ਕੀ ਬਾਨੀ ਸਚੀ ਹੋਇ"॥ (ਆਸਾ:ਅ:ਮ: ੩)। ੪. ਗੁਰਉਪਦੇਸ਼. "ਭਵਜਲੁ ਬਿਨੁ ਸਬਦੈ ਕਿਉ ਤਰੀਐ॥"(ਭੈ:ਮ: ੧)। ੫. ਬ੍ਰਹਮ, ਕਰਤਾਰ. "ਸਬਦੁ ਗੁਰੂ ਸੁਰਤਿ ਧੁਨਿ ਚੇਲਾ"॥ (ਸਿਧਗੋਸਟਿ)। ੬. ਧਰਮ, ਮਜ਼ਹਬ. "ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ" (ਵਾਰ ਆਸਾ)। ੭. ਪੈਗ਼ਾਮ, ਸੁਨੇਹਾ. "ਧਨ ਵਾਂਢੀ ਪਿਰੁ ਦੇਸ ਨਿਵਾਸੀ" (ਮਲਾ:ਅ:ਮ: ੧) ੮. ੩. ੯. ਦੇਖੋ ਸ਼ਬਦੁ। ੧੦. ਸੰਗਯਾ. ਸ਼ਾਬ੍ਦ, ਵਿ. ਸ਼ਬਦ ਦਾ ਵਾਚਪ ਅਰਥ. ਸ਼ਬਦ ਦਾ ਮਕਸਦ "ਨ ਸਬਦੁ ਬੂਝੈ ਨ ਜਾਣੈ ਬਾਣੀ". (ਧਨਾ:ਮ: ੩) ੧੧. ਦੇਖੋ ਪ੍ਰਮਾਣ

ਗੁਰੂ ਸਾਹਿਬਾਨ ਨੇ **ਸਤਿਗੁਰੂ** ਪਦ ਗੁਰੂ ਨਾਨਕ ਸਾਹਿਬ ਜੀ ਲਈ ਵਰਤਿਆ ਸਿੱਧ ਹੈ।

੩

ਦਸਾਂ ਗੁਰਾਂ ਦੀ ਜੋਤਿ ?

ਮਾਇਆ ਦੇ ਨਸ਼ੇ ਦੀ ਮਸਤੀ ਭਰੀ ਨੀਂਦ ਵਿਚ ਗ਼ਲਤਾਨ ਰਹਿੰਦਿਆਂ ਅਸੀ ਸਤਿਗੁਰੂ ਨਾਨਕ ਸਾਹਿਬ ਜੀ ਦੇ ਕੇਵਲ ਇਕੋ ਇਕ ਦਸ-ਸਰੂਪੀ ਵਜੂਦ ਨੂੰ ਅੱਡ-ਅੱਡ ਦਸਾਂ ਸਰੂਪਾਂ ਵਿਚ ਨਿਖੇੜਵੀਆਂ ਪੂਜਨੀਕ ਹਸਤੀਆਂ ਮੰਨ ਲਿਆ। ਭਾਵ ਇੱਕ ਗੁਰੂ ਇਸ਼ਟ ਦੇ ਥਾਂ ਅਸੀਂ ਆਪਣੇ ਦਸ ਗੁਰੂ ਮੰਨ ਬੈਠੇ। ਜਿਸ ਦਾ ਹੀ ਸਿੱਟਾ ਹੈ ਕਿ ਅਸੀਂ ਅਛੋਪਲੇ ਹੀ ਬ੍ਰਾਹਮਣੀ ਮਾਇਆ ਜਾਲ-ਰੂਪ ਅਨੇਕਤਾ (੩੩ ਕ੍ਰੋੜ ਦੇਵੀ ਦੇਵਤੇ ਭਗਵਾਨ ਆਦਿ) ਦੀ ਪੂਜਾ ਵਾਲੇ ਸੰਕਲਪ ਨੂੰ ਅਜਿਹੀ ਸਫ਼ਾਈ ਨਾਲ ਕਬੂਲਦੇ ਗਏ ਕਿ ਕੇਵਲ ਇੱਕ ਦੇ ਪੁਜਾਰੀ ਹੋਣ ਵਾਲੇ ਨਿਆਰੇ ਗੁਰਮਤਿ ਸਿਧਾਂਤ ਤੋਂ ਉੱਖੜ ਚੁੱਕੇ ਵੀ ਅਸੀਂ ਅਪਣੇ ਆਪ ਨੂੰ ਏਕਤਾ ਦੇ ਪੁਜਾਰੀ ਹੀ ਸਮਝੀ ਤੁਰੇ ਜਾ ਰਹੇ ਹਾਂ। ਉਸੇ ਇਕ ਦੇ ਸਿੱਖ ਹੋਣ ਦੇ ਅਟੱਲ ਵਿਸ਼ਵਾਸ ਦੇ ਥਾਂ ਅਸੀਂ ਸਰਬਤ ਦੇ ਭਲੇ ਹਿੱਤ ਕੀਤੀ ਜਾ ਰਹੀ ਅਰਦਾਸ ਵਿਚ ਵੀ ਅੱਡ ਅੱਡ ਦਸਾਂ ਹੀ ਗੁਰੂ ਸਾਹਿਬਾਨ ਦਾ ਸਿਮਰਨ ਕਰ ਰਹੇ ਹੁੰਦੇ ਹਾਂ। ਏਥੇ ਹੀ ਬੱਸ ਨਹੀਂ, ਫਿਰ ਜਿਵੇਂ ਹਿੰਦੂ ਵੀਰਾਂ ਦੇ ਮੰਦਰਾਂ ਵਿਚ ਕਲਪਨਾ ਦੀ ਉਪਜ ਦੇਵੀ ਦੇਵਤਿਆਂ ਦੀਆਂ ਕਲਪਤ ਸ਼ਕਲਾਂ ਸੂਰਤਾਂ ਵਾਲੀਆਂ ਮੂਰਤੀਆਂ ਹਨ, ਉਵੇਂ ਹੀ ਅਸੀਂ (ਜੇ ਮੂਰਤੀਆਂ ਰਾਹੀਂ ਨਹੀਂ ਤਾਂ) ਤਸਵੀਰਾਂ ਦੁਆਰਾ ਹੀ ਸਹੀ, ਪਰ ਦਸਾਂ ਨੂੰ ਵੱਖਰੇ-ਵੱਖਰੇ ਖਲੋਤੇ ਦਰਸਾਉਂਦੇ ਹੋਏ, ਅਨੇਕਤਾ ਦੀ ਹੀ ਪੂਜਾ ਕਰ ਰਹੇ ਹੁੰਦੇ ਹਾਂ।

ਗੁਰੂ ਬਾਣੀ ਦੇ ਰਚੇਤਾ ਪੰਜਾਂ ਹੀ (ਦੂਜੀ ਪਾਤਸ਼ਾਹੀ ਤੋਂ ਪੰਜਵੀਂ ਤੇ ਫਿਰ ਨੌਵੀਂ ਪਾਤਸ਼ਾਹੀ) ਗੁਰੂ ਸਾਹਿਬਾਨ ਵਲੋਂ ਅਪਣੇ ਥਾਂ ਕੇਵਲ ਸਤਿਗੁਰੂ ਨਾਨਕ ਸਾਹਿਬ ਜੀ ਦਾ ਪਾਵਨ ਨਾਮਣਾ ਹੀ ਵਰਤਣਾ, ਕੀ ਸਾਡੇ ਲਈ ਇਹ ਸੰਕੇਤ ਨਹੀਂ ਹੈ ਕਿ ਗੁਰਮਤਿ ਗਿਆਨ ਦੇ ਦਾਤਾ ਕੇਵਲ ਗੁਰੂ ਨਾਨਕ ਸਾਹਿਬ ਜੀ ਹੀ ਹਨ? ਇਹ ਵਿਸੇਸ਼ਤਾ ਘੱਟ ਮਹਤੱਤਾ ਵਾਲੀ ਨਹੀਂ ਹੈ ਕਿ ਗੁਰਬਾਣੀ ਲਿਖਣ ਵਾਲੇ ਗੁਰੂ ਸਾਹਿਬਾਨ ਨੇ ਕਿਸੇ ਥਾਂ ਵੀ ਅਪਣਾ ਨਾਮ ਨਹੀਂ ਸਗੋਂ ਹਰ ਥਾਂ ਸਤਿਗੁਰੂ ਨਾਨਕ ਸਾਹਿਬ ਜੀ ਦਾ ਨਾਮਣਾ ਹੀ ਵਰਤਿਆ ਹੈ। ਇਸ ਤੋਂ ਹੀ ਸਮਝ ਲੈਣਾ ਚਾਹੀਦਾ ਸੀ ਕਿ ਸਾਰੇ ਗੁਰੂ ਸਾਹਿਬਾਨ ਜੀ ਨੇ ਸਪੱਸ਼ਟ ਸ਼ਬਦਾਂ ਵਿਚ ਸਾਨੂੰ ਸਮਝਾ ਦਿਤਾ ਹੈ (ਅਥਵਾ ਗੁਰੂ ਗ੍ਰੰਥ ਸਾਹਿਬ ਰੂਪ ਵਿਚ ਸਾਨੂੰ ਨਿਰੰਤਰ ਸਮਝਾ ਰਹੇ ਹਨ) ਕਿ ਗਿਆਨ ਦਾਤਾ ਜੀ ਕੇਵਲ ਗੁਰੂ ਨਾਨਕ ਜੀ ਹੀ ਹਨ।

"ਗੁਰੂ" ਉਹੀ ਹੁੰਦਾ ਹੈ ਜਿਸ ਦੇ ਗਿਆਨ ਤੋਂ ਅਗਿਆਨਤਾ ਦੇ ਘੁੱਪ ਹਨੇਰੇ ਦਾ ਨਾਸ਼ ਹੋਇਆ ਹੋਵੇ। ਦੂਜੇ ਗੁਰੂ ਸਾਹਿਬਾਨ ਨੇ ਸਦਾ ਉਨ੍ਹਾਂ ਦੇ ਹੀ ਉਪਦੇਸ਼ ਨੂੰ ਪਰਚਾਰਿਆ ਹੈ ਤੇ ਸਦਾ ਨਾਨਕ ਨਾਮ ਦਾ ਸਿੱਕਾ ਹੀ ਚੱਲਦਾ ਰਿਹਾ ਹੈ।

੪੫- ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥ (ਪੰਨਾ-੯੬੬)

ਹੁਕਮ ਦੇ ਅਧਾਰ 'ਤੇ ਅੱਜ ਉਹੀ ਗਿਆਨ ਜੋਤਿ (ਗੁਰੂ ਨਾਨਕ ਸਾਹਿਬ ਜੀ ਤੋਂ ਤੁਰੀ, ਬਾਬਾ ਲਹਿਣਾ ਜੀ ਦੇ ਉਪਰੰਤ ਅੱਠ ਗੁਰੂ ਸਾਹਿਬਾਨ ਦੇ ਮਗਰੋਂ) ਅੱਜ **'ਸਤਿ ਗੁਰੂ ਗ੍ਰੰਥ ਸਾਹਿਬ ਜੀ'** ਦੇ ਰੂਪ ਵਿਚ ਸਾਡੀ ਸਰਪ੍ਰਸਤ ਹੈ। ਜਦ ਗਿਆਨ ਦਾਤਾ ਸਤਿਗੁਰੂ ਨਾਨਕ ਸਾਹਿਬ ਜੀ ਨੂੰ ਅਸੀ ਦਸ ਹਿੱਸਿਆ ਵਿਚ ਵੰਡ ਦਿੱਤਾ ਤਾਂ ਇੱਕ ਦੇ ਥਾਂ ਅਸੀਂ ਦਸਾਂ ਦੇ ਸਿੱਖ ਸਮਝੇ ਜਾਣ ਲੱਗ ਪਏ। ਫਿਰ ਸਾਡੀ ਜੀਵਨ ਮਰਯਾਦਾ ਵੀ ਇੱਕ ਕਿਵੇਂ ਰਹਿ ਸਕਦੀ ਸੀ? ਸਾਡੇ ਵਿਚ ਭਰਾਤਰੀ ਏਕਤਾ ਅਤੇ ਸੁਹਿਦਰਤਾ ਵਾਲਾ ਇਤਫ਼ਾਕ ਕਿਵੇਂ ਰਹਿ ਸਕਦਾ ਸੀ? ਹਾਲਾਂਕਿ ਅਸੀਂ ਪਹਿਲਾਂ ਚੰਗੀ ਤਰ੍ਹਾਂ ਵੇਖ ਚੁੱਕੇ ਸਾਂ ਕਿ ਇੱਕ ਪਰਵਾਰ ਵਿਚ ਹੀ ਅੱਡੋ ਅੱਡਰੇ ਦੇਵੀ ਦੇਵਤਿਆਂ, ਭਗਵਾਨਾਂ ਆਦਿ ਦੇ ਪੁਜਾਰੀ ਹੋਣ ਦੇ ਕਾਰਨ ਲਗਪਗ ਸਾਰਾ ਭਾਰਤ ਪਾਟੋਧਾੜ ਰੂਪੀ ਭਿਆਨਕ ਰੋਗ ਦਾ ਰੋਗੀ ਹੋ ਜਾਣ ਕਾਰਨ ਅਜਿਹਾ ਕਮਜ਼ੋਰ ਹੋਇਆ ਕਿ ਸਦਾ ਦੂਜਿਆਂ ਦਾ ਗ਼ੁਲਾਮ ਹੀ ਰਿਹਾ। ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪ ਸਤਿਗੁਰੂ ਨਾਨਕ ਸਾਹਿਬ ਜੀ ਦੇ **"੧" ਏਕਤਾ** ਤੋਂ ਅਜਿਹੇ ਉੱਖੜੇ ਕਿ ਕੇਵਲ ਦਸਾਂ ਗੁਰਾਂ ਦੇ ਪੁਜਾਰੀ ਹੀ ਨਾ ਰਹੇ ਅਛੋਪਲੇ ਹੀ ਅਸੀ ਇਮਾਰਤਾਂ, Buildings–ਗੁਰੂ ਤੋਂ ਸੱਖਣੇ (ਗੁਰਦੁਆਰਿਆਂ, ਮੰਦਰਾਂ, ਤਖ਼ਤਾਂ, ਅਸਥਾਨਾਂ) ਦੇ ਫਿਰ, ਰੁੱਖਾਂ (ਦੁੱਖ ਭੰਜਨੀ ਬੇਰੀ, ਸੁਲਤਾਨਪੁਰ ਲੋਧੀ ਵਿਖੇ ਵੇਂਈ ਕਿਨਾਰੇ ਵਾਲੀ ਬੇਰ ਸਾਹਿਬ, ਰਾਮਸਰ ਵਿਖੇ ਜਿਥੇ ਕਥਿਤ ਤੌਰ 'ਤੇ ਸੁਖਮਨੀ ਸਾਹਿਬ ਉਚਾਰੀ ਗਈ ਬੇਰ ਸਾਹਿਬ, ਦਮਦਮਾ ਸਾਹਿਬ ਵਿਖੇ ਕਰੀਰ ਸਾਹਿਬ, ਰੀਠਾ ਸਾਹਿਬ, ਨਾਨਕ ਮਤੇ ਵਿਖੇ ਪਿੱਪਲ ਸਾਹਿਬ ਆਦਿ) ਕਬਰਾਂ ਦੀ, ਦੇਵੀ (ਵੈਸ਼ਨੋ ਦੇਵੀ, ਨੈਨਾ ਦੇਵੀ, ਲਾਟਾਂ ਵਾਲੀ ਦੁਰਗਾ, ਪਟਿਆਲੇ ਵਿਖੇ ਕਾਲੀ ਦੇਵੀ ਦੀ) ਸਰੋਵਰਾਂ, ਖੂਹਾਂ, ਬਾਉਲੀਆਂ ਆਦਿ ਦਿਸ਼੍ਟਮਾਨ, ਅਨੇਕਤਾ ਦੇ ਪੁਜਾਰੀ ਬਣ ਗਏ। ਅਸੀ ਧਰਮ ਅਸਥਾਨਾਂ ਨੂੰ ਲੜਾਈਆਂ ਝਗੜਿਆਂ ਦੇ ਅੱਡੇ ਬਣਾ ਲਿਆ। ਰਹਿੰਦੀ ਕਸਰ ਤਖ਼ਤਾਂ 'ਤੇ ਰੱਖੇ ਉਨ੍ਹਾਂ ਸ਼ਾਸਤਰਾਂ ਦੀ ਨਿੱਤ ਹੁੰਦੀ ਪੂਜਾ ਨੇ ਪੂਰੀ ਕਰ ਦਿੱਤੀ, ਜਿਨ੍ਹਾਂ ਕੋਲ ਵੱਡ ਟੁੱਕ ਤੋਂ ਬਿਨਾਂ ਹੋਰ ਹੈ ਹੀ ਕੁਝ ਨਹੀਂ। ਅਸੀਂ–

ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥ (ਪੰਨਾ-੨੬੮)

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥ (ਪੰਨਾ-੬੧੧)

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥ (ਪੰਨਾ-੧੨੯੯)

ਅਜਿਹੇ ਸਾਰੇ ਗੁਰੂ ਉਪਦੇਸ਼ ਦੇ ਉਲਟ ਅਸੀਂ ਅਪਣਿਆਂ ਦੇ ਵੀ ਵੈਰੀ ਬਣ ਖਲੋਤੇ। ਫੁੱਟ, ਨਾਇਤਫ਼ਾਕੀ-ਰੂਪ ਭਿਆਨਕ ਰੋਗ ਦੇ ਕਾਰਣ ਅਸੀਂ ਗ਼ੁਲਾਮਾਂ ਦੇ ਗ਼ੁਲਾਮ ਬਣੇ ਵੀ ਹਉਮੈ ਅਹੰਕਾਰ ਦੀ ਟੀਸੀ ਜਾ ਬਿਰਾਜੇ ਰਹੇ? ਜਿਥੇ ਹਉਮੈ ਹੈ ਉੱਥੇ ਪਰਮਾਤਮਾ ਦਾ ਭੈ ਕਿਥੋਂ? ਕਿਉਂਕਿ

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥ (ਪੰਨਾ-੫੬੦)

ਰੱਬ ਜੀ ਦੇ ਭੈ ਤੋਂ ਸੱਖਣਿਆਂ ਵਿਚ ਵਿਕਾਰਾਂ ਦਾ ਖੁੱਲ੍ਹਾ ਤਾਂਡਵ ਨਾਚ ਆਰੰਭ ਹੋ ਜਾਣਾ ਰੱਬੀ ਹੁਕਮ? ਆਚਰਨ ਹੀਨਤਾ ਤੋਂ ਵਿਕਾਰਾਂ ਦੀ ਸਦੀਵੀ ਗ਼ੁਲਾਮੀ। ਫਿਰ ਗ਼ੁਲਾਮਾਂ ਦਾ ਵੀ ਕਦੇ ਕੋਈ ਸੁਤੰਤਰ ਧਰਮ ਹੋਇਆ ਹੈ? ਸਾਰਿਆਂ ਧਰਮਾਂ ਤੋਂ ਉਲਟ ਕੇਵਲ ਸਾਡੇ ਲਈ ਹੀ "ਗੁਰਦੁਆਰਾ ਐਕਟ"? ਖ਼ਾਤਮੇ ਵੱਲ ਨੂੰ ਦੌੜੇ ਜਾਂਦੇ ਵੀ "ਰਾਜ ਕਰੇਗਾ ਖ਼ਾਲਸਾ" ਗਾਈ ਜਾਂਦੇ ਅਸੀਂ ਅਪਣੇ ਵੈਰੀਆਂ ਦੀ ਸੂਚੀ ਲੰਮੀ ਤੋਂ ਲੰਮੀ ਕਰੀ ਜਾ ਰਹੇ ਹਾਂ। ਕਿਉਂਕਿ-

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥ ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥ (ਪੰਨਾ-੧੩੫)

ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀਆਂ ਦੋ ਪੌੜੀਆਂ ਵਿਚ -(੧)-ਆਸਾ ਹਥਿ ਕਿਤਾਬ ਕਛਿ.....ਪਉੜੀ ੩੨॥ ਅਤੇ -(੨)--ਪੁਛਨਿ ਫੋਲਿ ਕਿਤਾਬ ਨੋ.....ਪਉੜੀ-੩੩॥) ਆਏ "ਕਿਤਾਬ" ਸ਼ਬਦ ਤੋਂ ਸਿੱਧ ਹੈ ਕਿ ਗੁਰੂ ਨਾਨਕ ਸਾਹਿਬ ਜੀ ਪਹਿਲੇ ਤੇ (ਸ਼ਾਇਦ) ਆਖ਼ਰੀ ਇਲਾਹੀ ਰਹਿਬਰ ਹਨ ਜਿਨ੍ਹਾਂ ਅਪਣਾ ਗਿਆਨ ਅਪਣੀ ਕਲਮ ਨਾਲ ਲਿਖਦੇ ਰਹਿ ਕੇ ਕਿਤਾਬ (ਪੁਸਤਕ) ਦੇ ਰੂਪ ਵਿਚ ਸੰਭਾਲ ਲਿਆ ਹੋਇਆ ਸੀ। ਤੇ-

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥ (ਪੰਨਾ-੯੬੬)

ਗੁਰਮਤਿ ਪਾਬੰਦੀ ਦਾ ਅਰਥ ? ਭਾਈ ਗੁਰਦਾਸ ਜੀ ਦੀਂ ੨੯ਵੀਂ ਵਾਰ ਦੀ ੩੧ਵੀਂ ਪਉੜੀ ਤੋਂ ਸਿੱਧ ਹੋ ਰਿਹਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਾਲੀ-"**ਜੋਤਿ ਓਹਾ**"-ਤੋਂ ਭਾਵ ਸਤਿਗੁਰੂ ਨਾਨਕ ਸਾਹਿਬ ਜੀ ਵਾਲੀ ਕਿਤਾਬ ਰੂਪ ਉਹੀ ਲਿਖਤੀ ਗਿਆਨ ਜੋਤਿ, ਤੇ ਉਨ੍ਹਾਂ ਵਲੋਂ ਚਲਾਈ ਗੁਰਮਤਿ ਮਰਯਾਦਾ ਰੂਪ **ਜੀਵਨ ਜੁਗਤਿ** ਹੀ ਸੀ ਜੋ ਅਗਾਂਹ ਤੋਂ ਅਗਾਂਹ ਤੁਰੀ ਆਉਂਦੀ ਅੱਜ ਸਤਿਗੁਰੂ ਗ੍ਰੰਥ ਸਾਹਿਬ ਜੀ ਰੂਪ ਹੋ ਸਾਡੀ ਅਨੂਪਮ ਰਹਿਬਰ ਹੈ। ਸੋ ਇਹ ਕਹਿਣਾ ਨਿਰਾਧਾਰ ਹੈ ਕਿ ਸਤਿਗੁਰੂ ਗ੍ਰੰਥ ਸਾਹਿਬ ਦਸਾਂ ਗੁਰਾਂ ਦੀ ਜੋਤ ਹਨ। ਭਗਤ ਮਹਾਂ ਪੁਰਖਾਂ ਦੀ ਰਚੀ ਗੁਰਬਾਣੀ ਦੇ ਹਰ ਸ਼ਬਦ ਵਿਚ ਉਨ੍ਹਾਂ ਦਾ ਅਪਣਾ ਨਾਮ ਲਿਖਿਆ ਹੈ ਫਿਰ ਗੁਰੂ ਸਾਹਿਬਾਨ ਨੇ ਅਪਣੇ ਨਹੀਂ ਸਗੋਂ **ਸਤਿਗੁਰੂ ਨਾਨਕ ਸਾਹਿਬ ਜੀ ਦੀ**

ਪਛਾਣ ਕੇਵਲ "ਨਾਨਕ" ਪਦ ਹੀ ਵਰਤਿਆ ਹੋਣਾ ਉਪ੍ਰੋਕਤ ਦਲੀਲ ਦੀ ਸੱਚਾਈ ਵਜੋਂ **ਪਾਤਿਸ਼ਾਹੀ ਮੋਹਰ ਹੈ।**

ਉਪ੍ਰੋਕਤ ਲਿਖਤ ਤੋਂ ਸਪੱਸ਼ਟ ਹੈ ਕਿ ਗੁਰੂ ਨਾਨਕ ਸਾਹਿਬ ਜੀ ਹੀ ਗੁਰਮਤਿ ਗਿਆਨ ਦੇ ਦਾਤਾ ਹਨ। ਬਾਕੀ ਨੌਂ ਗੁਰੂ ਸਾਹਿਬਾਨ ਜੀ ਦੀ ਅਨੂਪਮ ਮਹਾਨਤਾ ਇਹ ਹੈ ਕਿ ਉਨ੍ਹਾਂ ਨੇ ਸਤਿਗੁਰੂ ਨਾਨਕ ਜੀ ਨੂੰ ਪਰਮਾਤਮਾ ਦੇ ਤੁੱਲ ਜਾਣਿਆਂ ਸਤਿਕਾਰਿਆਂ ਤੇ ਉਨ੍ਹਾਂ ਦੀ ਅਨੂਪਮ ਦਾਤ, "**ਗੁਰਮਤਿ ਗਿਆਨ**" ਨੂੰ ਵੱਧ ਤੋਂ ਵੱਧ ਸਪੱਸ਼ਟਤਾ ਨਾਲ ਵਿਸਤਾਰਿਆ ਤੇ ਲਾਮਿਸਾਲ ਕੁਰਬਾਨੀਆਂ ਦੇ ਪੂਰਨੇ ਪਾਉਂਦਿਆਂ ਸਤਿਗੁਰੂ ਨਾਨਕ ਸਾਹਿਬ ਵਲੋਂ ਪ੍ਰਾਪਤ **ਗੁਰਮਤਿ ਗਿਆਨ ਰੂਪ ਗੁਰਿਆਈ** ਨੂੰ ਅੱਗੇ ਤੋਂ ਅਗੇ ਲੈ ਤੁਰੇ। ਗੁਰੂ ਸਾਹਿਬਾਨ ਦੀਆਂ ਅਨੂਪਮ ਕੁਰਬਾਨੀਆਂ ਦਾ ਸਦਕਾ ਅਤਿਅੰਤ ਬਿਖੜਿਆਂ ਸਮਿਆਂ ਵਿਚ ਵੀ ਗੁਰਮਤਿ ਗਿਆਨ ਜਿਉਂ ਦਾ ਤਿਉਂ ਬਚਿਆ ਰਿਹਾ ਜੋ ਅੱਜ ਸਰਬ-ਕਾਲੀ ਤੇ ਸਰਬ-ਥਾਨੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਾਡੀ ਅਗਵਾਈ ਲਈ ਸਦਾ ਤੱਤਪਰ ਮੌਜੂਦ ਹੈ। ਸਾਡੇ ਹਿਰਦੇ ਵਿਚ **ਇਹ ਵਿਸ਼ਵਾਸ ਪੱਕੀ ਤਰ੍ਹਾਂ ਦ੍ਰਿੜ੍ਹ ਹੋ ਜਾਣਾ ਚਾਹੀਦਾ** ਸੀ ਕਿ ਗੁਰੂ ਨਾਨਕ ਸਾਹਿਬ ਜੀ ਆਪ ਹੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਸਾਡੀ ਅਗਵਾਈ ਕਰ ਰਹੇ ਹਨ ਤੇ ਉਨ੍ਹਾਂ ਦੇ ਸੰਕੇਤ ਮਾਤਰ ਨੂੰ ਵੀ ਰੱਬੀ ਹੁਕਮ ਜਾਣਦਿਆਂ ਉਸ ਅਨੁਸਾਰ ਅਪਣੀ ਜੀਵਨ ਜੁਗਤਿ ਬਣਾਈ ਰੱਖਦੇ। ਪਰ ਇਹ ਲਿਖਦਿਆਂ ਸ਼ਰਮ ਨਾਲ ਸਿਰ ਨੀਵਾਂ ਹੋ ਰਿਹਾ ਹੈ ਸਾਡਾ ਅਜੋਕਾ ਜੀਵਨ ਗੁਰਮਤਿ ਦੇ ਅਨਕੂਲ ਨਹੀਂ ਹੈ।

--✡✡--

ਦੂਜਾ ਕਾਂਡ

੧

ਮੂਲ ਮੰਤਰ ਕਿ ਜਾਂ ਪਹਿਲਾ ਅਨੂਪਮ ਗੁਰੂ ਉਪਦੇਸ਼ ?

ਅੰਮ੍ਰਿਤਸਰ ਜ਼ਿਲ੍ਹੇ ਦੇ ਮਹਿਤਾ ਪਿੰਡ ਵਿਖੇ ਭਿੰਡਰਾਂ ਵਾਲੀ ਟਕਸਾਲ ਦੀ ਨਵੀਂ ਸ਼ਾਖ਼ ਚਾਲੂ ਕਰ ਲੈਣ ਵਿਚ ਸਫ਼ਲ ਹੋ ਚੁੱਕੇ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਦਾ ਸੰਪਰਕ ਦਾਸ ਨਾਲ ੧੯੭੨ ਦੇ ਉਨ੍ਹਾਂ ਦਿਨਾਂ ਵਿਚ ਹੋਇਆ ਜਦ ਦਾਸਰਾ ਸਿਰਹਾਲੀ ਠਾਣੇ ਦਾ ਮੁੱਖ ਅਫ਼ਸਰ ਨਿਯੁਕਤ ਸੀ ਤੇ ਬਾਬਾ ਜੀ ਉੱਥੇ ਕਈ ਦਿਨਾਂ ਲਈ ਠਹਿਰੇ ਹੋਏ ਰੋਜ਼ ਸ਼ਾਮ ਨੂੰ ਸੁਖਮਨੀ ਸਾਹਿਬ ਦੀ ਕਥਾ ਕਰਿਆ ਕਰਦੇ ਸਨ। ਦਾਸ ਵੀ ਸ਼ਾਮੀ ੫ ਤੋਂ ੬ ਰੋਜ਼ ਹੀ ਕਥਾ ਸੁਣਿਆ ਕਰਦਾ ਸੀ । ਸੋ ੧੯੭੨ ਤੋਂ ਹੀ ਦਾਸ ਸੱਚੇ ਹਿਰਦੇ ਤੋਂ ਉਨ੍ਹਾਂ ਦਾ ਸੇਵਕ ਬਣ ਚੁੱਕਾ ਸੀ। ਉਨ੍ਹਾਂ ਪ੍ਰਤੀ ਬਣੀ ਸ਼ਰਧਾ ਦੇ ਕਾਰਨ ਹੀ ਸੰਨ ੧੯੮੩ ਦੇ ਮਈ/ਜੂਨ ਮਹੀਨੇ ਤੋਂ ੩੦ ਦਸੰਬਰ ੧੯੮੩ ਤੱਕ ਬਾਬਾ ਜਰਨੈਲ ਸਿੰਘ ਖ਼ਾਲਸਾ ਭਿੰਡਰਾਂ ਵਾਲਿਆਂ ਦੀ ਸੇਵਾ ਵਿੱਚ ਉਨ੍ਹਾਂ ਕੋਲ ਗੁਰੂ ਨਾਨਕ ਨਿਵਾਸ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਟਿਕਿਆ ਰਿਹਾ ਸਾਂ ਅਤੇ ਬਾਬਾ ਜੀ ਦੇ ਹਰ ਹੁਕਮ ਦੀ ਪਾਲਣਾ ਕਰਨੀ ਅਪਣਾ ਧਰਮ ਬਣਾਈ ਰਖਿਆ ਸੀ। ਘਰੋਗੀ ਮਜਬੂਰੀਆਂ ਕਾਰਨ ਬਾਬਾ ਜੀ (ਜਰਨੈਲ ਸਿੰਘ ਜੀ ਭਿੰਡਰਾਂ ਵਾਲੇ) ਤੋਂ ਛੁੱਟੀ ਲੈ ਕੇ ਦਾਸ ਪਹਿਲੀ ਜਨਵਰੀ ੧੯੮੪ ਤੋਂ ਕੈਨੇਡਾ ਆ ਗਿਆ ਤੇ ਫਿਰ ਉੱਥੇ ਹੀ ਵੱਸ ਗਿਆ।

ਦਾਸ ਨੇ ਕਿਵੇਂ ਅਤੇ ਕਿਸ ਕਾਰਨ ਪੁਸਤਕਾਂ ਲਿਖਣੀਆਂ ਆਰੰਭ ਕੀਤੀਆਂ? ਇਸ ਬਾਰੇ ੧੯੯੫ ਵਿਚ ਛਪੀ ਇਸ ਪੁਸਤਕ ਮਾਲਾ ਦੇ ਪਹਿਲੇ ਭਾਗ ਦੀ ਭੂਮਿਕਾ ਵਿਚ ਪੂਰਾ ਵੇਰਵਾ ਲਿਖ ਦਿੱਤਾ ਹੋਇਆ ਹੈ। ਜਿਵੇਂ ਦਾਸ ਨੇ ਉਪਰ ਲਿਖਿਆ ਹੈ, ਭਿੰਡਰਾਂ ਵਾਲੇ ਸੰਤਾਂ ਪ੍ਰਤੀ ਦਾਸ ਦੇ ਮਨ ਵਿਚ ਬੜੀ ਉੱਚੇਚੀ ਸ਼ਰਧਾ ਬਣ ਚੁੱਕੀ ਸੀ, ਪਰ ਜਦ ਗੁਰਮਤਿ ਗਿਆਨ ਦੀ ਰੌਸ਼ਨੀ ਵਿੱਚ ਸਚੁ ਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲੇ ਮਹਾਂ ਪੁਰਖਾਂ ਦੀ ਪੁਸਤਕ "ਗੁਰਮਤਿ ਰਹਿਤ ਮਰਯਾਦਾ" ਪੜ੍ਹੀ ਤਾਂ ਹਿਰਦੇ ਨੂੰ ਜੋ ਧੱਕਾ ਲੱਗਾ, ਲਿਖਣ ਤੋਂ ਬਾਹਰ ਹੈ । ਇਹ ਕੀ ? ਹੈਰਾਨੀ ਦੀ ਹਦ ਨਾ ਰਹੀ । ਸ਼ੰਕਾ ਬਣ ਗਿਆ ਕਿ ਸਿੱਖਾਂ ਵਿਚ ਸਭ ਤੋਂ ਵੱਧ ਬ੍ਰਾਹਮਣੀ ਰੀਤਾਂ ਇਹੀ ਡੇਰਾ ਰਲਾਈ ਜਾ ਰਿਹਾ ਹੈ ?

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਰੰਭ ਦੀ ਮਹਾਨ ਬਾਣੀ-

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ (ਪੰਨਾ-੧)

ਸਤਿਗੁਰੂ ਨਾਨਕ ਸਾਹਿਬ ਜੀ ਦੀ, ਸੰਸਾਰ ਨੂੰ ਅਨੂਪਮ ਦੇਣ ਹੈ। ਭਿੰਡਰਾਂ ਵਾਲੇ ਮਹਾਂਪੁਰਖਾਂ ਦੀ ਪੁਸਤਕ **"ਗੁਰਮਤਿ ਰਹਿਤ ਮਰਯਾਦਾ" ਵਿਚ ਹੋਰ ਕਈ ਗੁਰਮਤਿ ਵਿਰੋਧੀ ਗੱਲਾਂ ਦੇ ਨਾਲ, ਇਸ ਮਹਾਨ ਗੁਰੂ-ਬਾਣੀ ਦਾ** (ੳ) ਨਾਮ ਮੂਲਮੰਤਰ ਰੱਖੇ ਜਾਣ ਦਾ ਸਮਾਂ ਤੇ ਕਾਰਨ ਪੜ੍ਹਿਆ ਮਿਲਦਾ ਹੈ। (ਅ) ਤੇ ਇਸ ਪਾਵਨ ਬਾਣੀ ਦਾ ਅਕਾਰ **"ਹੋਸੀ ਭੀ ਸਚੁ"** ਤੱਕ ਲਿਖਿਆ ਹੋਇਆ ਵੀ ਪੜ੍ਹਿਆ। ਦੋਵੇ ਗੱਲਾਂ ਗੁਰਮਤਿ ਦੇ ਵਿਰੁੱਧ? **ਫਿਰ ਮੂਲ** ਮੰਤਰ, ਮਹਾਂ ਮੰਤਰ ਤੇ ਮਾਲਾ ਮੰਤਰ? ਇਨ੍ਹਾਂ ਮੰਤਰਾਂ ਨਾਲ ਗੁਰਮਤਿ ਦਾ ਕੀ ਵਾਸਤਾ?

ਦਸੰਬਰ ੧੯੯੨ ਵਿਚ, ਦਾਸ ਨੇ ਉਸ ਪੁਸਤਕ ਵਿਚਲੀਆਂ ਬਹੁਤੀਆਂ ਗੰਭੀਰ ਬ੍ਰਾਹਮਣੀ ਗੱਲਾਂ ਬਾਰੇ ਅਤੇ ਇਸ ਪ੍ਰਥਮ ਮਹਾਨ ਗੁਰੂ-ਸਿਧਾਂਤ ਬਾਰੇ ਆਪਣੀ ਤੁੱਛ ਬੁੱਧੀ ਅਨੁਸਾਰ ਗੁਰਮਤਿ ਵਿਚਾਰਾਂ ਲਿਖ ਕੇ ਸੰਤ ਮੋਹਨ ਸਿੰਘ ਜੀ ਭਿੰਡਰਾਂ ਵਾਲਿਆਂ ਵੱਲ ਅਤੇ ਮਹਿਤਾ ਵਾਲੀ ਟਕਸਾਲ ਵੱਲ ਲੋੜੀਦੀਆਂ ਸੋਧਾਂ ਦੀ ਬਖ਼ਸ਼ਸ਼ ਕਰਨ ਹਿਤ ਜੋਦੜੀ ਪੱਤਰ ਲਿਖ ਭੇਜੇ । ਕਈ ਯਾਦ ਪੱਤਰ ਲਿਖੇ ਪਰ ਕਿਸੇ ਧਿਰੋਂ ਕੋਈ ਉੱਤਰ ਨਾ ਬਹੁੜਿਆ।

ਆਖ਼ਰ ਉਸ ਚਿੱਠੀ ਨੂੰ ਅਗਸਤ ੧੯੯੬ ਵਿਚ ਛਪੀ ਪੁਸਤਕ- **"ਮਾਸੁ ਮਾਸੁ ਕਰਿ ਮੂਰਖੁ ਝਗੜੇ"** ਦੇ ਅੰਤ ਵਿਚ (੨੫੨ ਸਫ਼ੇ ਤੋਂ ੩੩੬ ਸਫ਼ੇ ਤਕ) ਛਾਪ ਦਿੱਤਾ। ਲਗਪਗ ਸਾਰੇ ਡੇਰੇਦਾਰਾਂ ਸਮੇਤ ਦਮਦਮੀ ਟਕਸਾਲ ਤੇ ਸਿੱਖ ਜਗਤ ਦੇ ਕਈ ਸੁਲਝੇ ਹੋਏ ਵਿਦਵਾਨਾਂ ਨੇ ਉਹ ਪੁਸਤਕ ਪੜ੍ਹੀ ਹੈ, ਪਰ ਦਾਸ ਦੀ ਭਿੰਡਰਾਂ ਵਾਲਿਆਂ ਨੂੰ ਲਿਖੀ ਉਸ ਚਿੱਠੀ ਦੀ ਵਿਰੋਧਤਾ ਅੱਜ ਤੱਕ ਸਾਰੇ ਪੰਥ ਵਿਚੋਂ ਕਿਸੇ ਨੇ ਨਾ ਕੀਤੀ। ਉਸ ਚਿੱਠੀ ਵਿਚ ਸਪੱਸ਼ਟ ਤੌਰ 'ਤੇ ਲਿਖਿਆ ਸੀ ਕਿ ਗੁਰੂ ਬਾਣੀ ਵਿਚ ਕਿਸੇ ਬਾਣੀ ਨੂੰ **ਮੂਲਮੰਤਰ** ਨਹੀਂ ਲਿਖਿਆ ਸਗੋਂ

ਮੂਲ ਮੰਤਰ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ॥੫॥ (ਪੰਨਾ-੧੦੪੦)

ਅਨੁਸਾਰ ਕੇਵਲ (ੳ) ਪਰਮਾਤਮਾ ਦਾ ਨਾਮ ਹੀ **ਮੂਲ ਮੰਤਰ** ਮੰਨਿਆ ਹੈ ਤੇ (ਅ) ਇਸ ਮਹਾਨ ਬਾਣੀ ਦਾ ਅਕਾਰ "ਗੁਰ ਪ੍ਰਸਾਦਿ" ਤੱਕ ਹੀ ਹੈ, ਇਸ ਤੋਂ ਅੱਗੇ ਸਲੋਕ ਹੈ ਜਿਸ ਨੂੰ ਗੁਰੂ-"ਆਸ਼ੇ ਦੇ ਵਿਪਰੀਤ ਧੱਕੇ ਨਾਲ ਇਸ ਪਾਵਨ ਬਾਣੀ ਦਾ ਹਿੱਸਾ ਬਣਾਇਆ ਜਾ ਰਿਹਾ ਹੈ", ਯਥਾ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ (ਪੰਨਾ-੧)

ਗੁਰਬਾਣੀ ਵਿਚ ਆਏ ਉਪ੍ਰੋਕਤ ੧੩/੧੪ ਸ਼ਬਦਾਂ ਦੀ ਗਿਣਤੀ ਦਾ ਵੇਰਵਾ-

੧ੳ-੫੬੮, ਸਤਿ-੨੬੪, ਨਾਮੁ-੩੪੦੭, ਕਰਤਾ-੩੫੦, ਪੁਰਖੁ-੩੩੦, ਨਿਰਭਉ-੧੬੩, ਨਿਰਵੈਰੁ-੧੨, ਅਕਾਲ-੪੫, ਮੂਰਤਿ-੯੯, ਅਜੂਨੀ-੩੫, ਸੈਭੰ-੩੩, ਗੁਰ-੩੧੭੨, ਪ੍ਰਸਾਦਿ-੭੪੩ ॥

੨

ਪ੍ਰਥਮ ਅਨਮੋਲ ਸ਼ਬਦ ਰਤਨ "੧-ਏਕਾ"

ਪੁਸਤਕ ਦੇ ਪਿਛਲੇ ਅੱਠ ਭਾਗਾਂ ਵਿਚ ਅਥਵਾ ਮੈਗਜ਼ੀਨਾਂ ਵਿਚ ਕਈ ਥਾਈਂ ਛਪਦੇ ਰਹੇ ਲੇਖਾਂ ਵਿਚ ਨਿਰੰਤਰ ਲਿਖਿਆ ਜਾਂਦਾ ਰਿਹਾ ਹੈ ਕਿ ਬ੍ਰਾਹਮਣੀ ਕਰਮ ਕਾਂਡੀ ਮਰਯਾਦਾ ਦੀ ਜੋ ਖੰਡਨਾ **ੳ** ਤੋਂ ਪਹਿਲਾ **੧ ਭਾਵ, ਏਕਾ** ਅੱਖਰ ਕਰ ਰਿਹਾ ਹੈ, ਅਜਿਹੀ ਖੰਡਨਾ, ਗੁਰਬਾਣੀ ਦੀ ਕਿਸੇ ਪੂਰੀ ਤੁਕ ਨੇ ਵੀ ਨਹੀਂ ਕੀਤੀ। ਭਾਵ, ਬ੍ਰਾਹਮਣੀ ਮਤਿ ਅਨੁਸਾਰ ਸ੍ਰਿਸ਼ਟੀ ਸਿਰਜਣਾ ਦਾ ਕੰਮ 'ਬ੍ਰਹਮਾ', ਪਾਲਣਾ ਦੀ ਜ਼ਿੰਮੇਵਾਰੀ 'ਵਿਸ਼ਨੂੰ' ਤੇ ਖੈ ਜਾਂ ਪਰਲੈ 'ਸ਼ਿਵ', ਤਿੰਨ ਅੱਡੋ-ਅੱਡਰੀਆਂ ਸ਼ਕਤੀਆਂ ਕਰਦੀਆਂ ਹਨ। ਪਰ ਗੁਰੂ ਨਾਨਕ ਸਾਹਿਬ ਜੀ ਦਾ ਇਹ "ਏਕਾ" ਸੋਝੀ ਕਰਾ ਰਿਹਾ ਹੈ ਕਿ, ਤਿੰਨ ਨਹੀਂ ਕੇਵਲ ਇੱਕੋ ਅਕਾਲ ਪੁਰਖ "**ਭੰਨੈ ਘੜੇ ਸਵਾਰੇ ਸਾਜੇ**" (ਪੰਨਾ-੧੦੫੩) ਸਭ ਕੁਝ ਆਪੇ ਆਪ ਹੀ ਕਰ ਰਿਹਾ ਹੈ। ਉਸ ੧ ਪਰਮ-ਪਿਤਾ ਅਕਾਲ ਪੁਰਖ ਤੋਂ ਬਿਨਾਂ, ਕਿਸੇ ਵੀ ਹੋਰ ਦੇਵਤੇ ਆਦਿ ਸ਼ਕਤੀ ਜਾਂ ਵਿਅਕਤੀ ਦੀ ਉਪਾਸਨਾ ਝੂਠ ਦੀ ਪੂਜਾ ਹੈ।

ਆਓ ਇਸ ਆਰੰਭਕ ਬਾਣੀ ਦੀ ਵਿਆਖਿਆ ਪਾਵਨ ਗੁਰੂ ਬਾਣੀ ਦੇ ਸ਼ਬਦਾਂ ਦੁਆਰਾ ਸਮਝਣ ਲਈ ਜੁਗੋ-ਜੁਗ ਅਟੱਲ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਇਕਾਗਰ ਚਿੱਤ ਹੋ ਬੈਠੀਏ। ਪਹਿਲਾਂ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਥਮ ਅਨਮੋਲ ਰਤਨ, ਇਸ ੧ ਬਾਰੇ—"**ਸੰਤਹੁ ਸੁਨਹੁ ਸੁਨਹੁ ਜਨ ਭਾਈ ਗੁਰਿ ਕਾਢੀ ਬਾਹ ਕੁਕੀਜੈ ॥**" ਸਤਿਗੁਰੂ ਨਾਨਕ ਸਾਹਿਬ ਜੀ ਦੀ ਕੂਕ-ਪੁਕਾਰ ਅਥਵਾ ਉਨ੍ਹਾਂ ਦਾ ਗੁਰਮਤਿ ਉਪਦੇਸ਼ ਸ਼ਰਧਾ ਭਰਪੂਰ ਲਗਨ ਨਾਲ ਸੁਣ-ਸਮਝ ਕੇ ਅਪਣੇ ਜੀਵਨ ਦਾ ਹਿਸਾ ਬਣਾ ਲਈਏ:

ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥੧॥ ਰਹਾਉ ॥

(ਪੰਨਾ-੩੫੦)

ਏਕੈ ਰੇ ਹਰਿ ਏਕੈ ਜਾਨ ॥ ਏਕੈ ਰੇ ਗੁਰਮੁਖਿ ਜਾਨ ॥੧॥ ਰਹਾਉ ॥

(ਪੰਨਾ-੫੩੫)

੧- **ਘਟਿ ਘਟੇ ਸਭਨਾ ਵਿਚਿ ਏਕੋ ਏਕੋ ਰਾਮ ਭਤਾਰੋ ਰਾਮ ॥ ਇਕਨਾ ਪ੍ਰਭੁ ਦੂਰਿ ਵਸੈ**

ਇਕਨਾ ਮਨਿ ਆਧਾਰੋ ਰਾਮ ॥ ਇਕਨਾ ਮਨ ਆਧਾਰੋ ਸਿਰਜਣਹਾਰੋ ਵਡਭਾਗੀ ਗੁਰੁ ਪਾਇਆ ॥ ਘਟਿ ਘਟਿ ਹਰਿ ਪ੍ਰਭੁ ਏਕੋ ਸੁਆਮੀ ਗੁਰਮੁਖਿ ਅਲਖੁ ਲਖਾਇਆ ॥ ਸਹਜੇ ਅਨਦੁ ਹੋਆ ਮਨੁ ਮਾਨਿਆ ਨਾਨਕ ਬ੍ਰਹਮ ਬੀਚਾਰੋ ॥ ਘਟਿ ਘਟੇ ਸਭਨਾ ਵਿਚਿ ਏਕੋ ਏਕੋ ਰਾਮ ਭਤਾਰੋ ਰਾਮ ॥ ੩ ॥ (ਪੰਨਾ-੭੭੨)

੨- ਅੰਤਰਿ ਬਾਹਰਿ ਤੇਰੀ ਬਾਣੀ ॥ ਤੁਧੁ ਆਪਿ ਕਥੀ ਤੈ ਆਪਿ ਵਖਾਣੀ ॥ ਗੁਰਿ ਕਹਿਆ ਸਭੁ ਏਕੋ ਏਕੋ ਅਵਰੁ ਨ ਕੋਈ ਹੋਇਗਾ ਜੀਉ ॥ ੩ ॥ (ਪੰਨਾ-੯੯)

੩- ਏਕੋ ਏਕੁ ਆਪਿ ਇਕੁ ਏਕੈ ਏਕੈ ਹੈ ਸਗਲਾ ਪਾਸਾਰੇ ॥ ਜਪਿ ਜਪਿ ਹੋਏ ਸਗਲ ਸਾਧ ਜਨ ਏਕੁ ਨਾਮੁ ਧਿਆਇ ਬਹੁਤੁ ਉਧਾਰੇ ॥ ੩ ॥ (ਪੰਨਾ-੩੭੯)

੪- ਪਉੜੀ ॥ ਹਰਿ ਇਕੋ ਕਰਤਾ ਇਕੁ ਇਕੋ ਦੀਬਾਣੁ ਹਰਿ ॥ ਹਰਿ ਇਕਸੈ ਦਾ ਹੈ ਅਮਰੁ ਇਕੋ ਹਰਿ ਚਿਤਿ ਧਰਿ ॥ ਹਰਿ ਤਿਸੁ ਬਿਨੁ ਕੋਈ ਨਾਹਿ ਡਰੁ ਭ੍ਰਮੁ ਭਉ ਦੂਰਿ ਕਰਿ ॥ ਹਰਿ ਤਿਸੈ ਨੋ ਸਾਲਾਹਿ ਜਿ ਤੁਧੁ ਰਖੈ ਬਾਹਰਿ ਘਰਿ ॥ ਹਰਿ ਜਿਸ ਨੋ ਹੋਇ ਦਇਆਲੁ ਸੋ ਹਰਿ ਜਪਿ ਭਉ ਬਿਖਮੁ ਤਰਿ ॥ ੧ ॥ (ਪੰਨਾ ੮੩)

੫- ਏਕੋ ਪਵਣੁ ਮਾਟੀ ਸਭ ਏਕਾ ਸਭ ਏਕਾ ਜੋਤਿ ਸਬਾਈਆ ॥ ਸਭ ਇਕਾ ਜੋਤਿ ਵਰਤੈ ਭਿਨਿ ਭਿਨਿ ਨ ਰਲਈ ਕਿਸੈ ਦੀ ਰਲਾਈਆ ॥ ਗੁਰ ਪਰਸਾਦੀ ਇਕੁ ਨਦਰੀ ਆਇਆ ਹਉ ਸਤਿਗੁਰ ਵਿਟਹੁ ਵਤਾਇਆ ਜੀਉ ॥ ੩ ॥ (ਪੰਨਾ ੯੬)

੬- ਦ੍ਰਿਸਟੰਤ ਏਕੋ ਸੁਨੀਅੰਤ ਏਕੋ ਵਰਤੰਤ ਏਕੋ ਨਰਹਰਹ ॥ ਨਾਮ ਦਾਨੁ ਜਾਚੰਤਿ ਨਾਨਕ ਦਇਆਲ ਪੁਰਖ ਕ੍ਰਿਪਾ ਕਰਹ ॥੧ ॥ (ਪੰਨਾ-੭੧੦)

ਅਰਥ:—ਹੇ ਨਾਨਕ! ਜਿਨ੍ਹਾਂ 'ਤੇ ਦਿਆਲ ਪ੍ਰਭੂ ਮਿਹਰ ਕਰਦਾ ਹੈ ਉਹ ਉਸ ਪਾਸੋਂ ਬੰਦਗੀ ਦੀ ਖ਼ੈਰ ਮੰਗਦੇ ਹਨ। ਉਨ੍ਹਾਂ ਨੂੰ ਹਰ ਥਾਂ ਉਹ ਖ਼ਲਕਤ ਦਾ ਸਾਈਂ (ਉਹ ਇੱਕੋ ਹੀ) ਸੁਣੀਦਾ ਹੈ, ਇਕੋ ਦਿਸਦਾ ਹੈ ਇਕੋ ਵਿਆਪਕ ਜਾਪਦਾ ਹੈ।੧।

੭- ਤੂ ਥਾਨ ਥਨੰਤਰਿ ਹਰਿ ਏਕੁ ਹਰਿ ਏਕੋ ਏਕੁ ਰਵਿਆ ॥ ਵਣਿ ਤ੍ਰਿਣਿ ਤ੍ਰਿਭਵਣਿ ਸਭ ਸ੍ਰਿਸਟਿ ਮੁਖਿ ਹਰਿ ਹਰਿ ਨਾਮੁ ਚਵਿਆ ॥ ਸਭਿ ਚਵਹਿ ਹਰਿ ਹਰਿ ਨਾਮੁ ਕਰਤੇ ਅਸੰਖ ਅਗਣਤ ਹਰਿ ਧਿਆਵਏ ॥ ਸੋ ਧੰਨੁ ਧਨੁ ਹਰਿ ਸੰਤੁ ਸਾਧੂ ਜੋ ਹਰਿ ਪ੍ਰਭ ਕਰਤੇ ਭਾਵਏ ॥ ਸੋ ਸਫਲੁ ਦਰਸਨੁ ਦੇਹੁ ਕਰਤੇ ਜਿਸੁ ਹਰਿ ਹਿਰਦੈ ਨਾਮੁ ਸਦ ਚਵਿਆ ॥ ਤੂ ਥਾਨ ਥਨੰਤਰਿ ਹਰਿ ਏਕੁ ਹਰਿ ਏਕੋ ਏਕੁ ਰਵਿਆ ॥੩ ॥ (ਪੰਨਾ੧੧੧੫)

੮- ਤੂ ਦਾਨਾ ਤੂ ਅਬਿਚਲੁ ਤੂਹੀ ਤੂ ਜਾਤਿ ਮੇਰੀ ਪਾਤੀ ॥ ਤੂ ਅਡੋਲੁ ਕਦੇ ਡੋਲਹਿ ਨਾਹੀ ਤਾ ਹਮ ਕੈਸੀ ਤਾਤੀ ॥੧॥ ਏਕੈ ਏਕੈ ਏਕ ਤੂਹੀ ॥ ਏਕੈ ਏਕੈ ਤੂ ਰਾਇਆ ॥ ਤਉ ਕਿਰਪਾ ਤੇ ਸੁਖੁ ਪਾਇਆ ॥੧॥ ਰਹਾਉ ॥ ਤੂ ਸਾਗਰੁ ਹਮ ਹੰਸ ਤੁਮਾਰੇ ਤੁਮ ਮਹਿ ਮਾਣਕ ਲਾਲਾ ॥ ਤੁਮ ਦੇਵਹੁ ਤਿਲੁ ਸੰਕ ਨ ਮਾਨਹੁ ਹਮ ਭੁੰਚਹ ਸਦਾ ਨਿਹਾਲਾ ॥ ੨ ॥ ਹਮ ਬਾਰਿਕ ਤੁਮ ਪਿਤਾ ਹਮਾਰੇ ਤੁਮ ਮੁਖਿ ਦੇਵਹੁ ਖੀਰਾ ॥ ਹਮ ਖੇਲਹ ਸਭਿ ਲਾਡ ਲਡਾਵਹ ਤੁਮ ਸਦ ਗੁਣੀ ਗਹੀਰਾ ॥੩॥ ਤੁਮ ਪੂਰਨ ਪੂਰਿ ਰਹੇ ਸੰਪੂਰਨ ਹਮ ਭੀ ਸੰਗਿ ਅਘਾਏ ॥ ਮਿਲਤ ਮਿਲਤ ਮਿਲਤ ਮਿਲਿ ਰਹਿਆ ਨਾਨਕ ਕਹਣੁ ਨ ਜਾਏ ॥੪॥੬॥ (ਪੰਨਾ ੮੮੪)

੯- ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ ॥ ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ ॥੧॥ ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥ ੧ ॥ ਰਹਾਉ ॥ ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ ॥ ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ ॥ ੨ ॥ ਜੋ ਕਿਛੁ ਕਰਣਾ ਸੋ ਕਰਿ ਰਹਿਆ ਅਵਰੁਨ ਕਰਣਾ ਜਾਈ ॥ ਜੈਸਾ ਵਰਤੈ ਤੈਸੋ ਕਹੀਐ ਸਭ ਤੇਰੀ ਵਡਿਆਈ ॥੩॥ ਕਲਿ ਕਲਵਾਲੀ ਮਾਇਆ ਮਦੁ ਮੀਠਾ ਮਨੁ ਮਤਵਾਲਾ ਪੀਵਤੁ ਰਹੈ ॥ ਆਪੇ ਰੂਪ ਕਰੇ ਬਹੁ ਭਾਂਤੀਂ ਨਾਨਕੁ ਬਪੁੜਾ ਏਵ ਕਹੈ ॥੪॥੫॥ (ਪੰਨਾ ੩੫੦)

੧੦- ਏਕੈ ਰੇ ਹਰਿ ਏਕੈ ਜਾਨ ॥ ਏਕੈ ਰੇ ਗੁਰਮੁਖਿ ਜਾਨ ॥੧॥ ਰਹਾਉ ॥ ਕਾਹੇ ਭ੍ਰਮਤ ਹਉ ਤੁਮ ਭ੍ਰਮਹੁ ਨ ਭਾਈ ਰਵਿਆ ਰੇ ਰਵਿਆ ਸ੍ਰਬ ਥਾਨ ॥੧॥ ਜਿਉ ਬੈਸੰਤਰੁ ਕਾਸਟ ਮਝਾਰਿ ਬਿਨੁ ਸੰਜਮ ਨਹੀ ਕਾਰਜ ਸਾਰਿ ॥ ਬਿਨੁ ਗੁਰ ਨ ਪਾਵੈਗੋ ਹਰਿ ਜੀ ਕੋ ਦੁਆਰ ॥ ਮਿਲਿ ਸੰਗਤਿ ਤਜਿ ਅਭਿਮਾਨ ਕਹੁ ਨਾਨਕ ਪਾਏ ਹੈ ਪਰਮ ਨਿਧਾਨ ॥੨॥੧॥ ੩੪ ॥ (ਪੰਨਾ ੫੩੫)

੩

ਉਸ ਇਕੁ ਦੇ ਰੰਗ ਅਨੇਕ

੧੧- ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥ ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥੧॥ ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥ ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥ ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥ ਇਹੁ ਪਰਪੰਚੁ

ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥੨॥ ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ॥ ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥੩॥ ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ॥ ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥੪॥੧॥(ਪੰਨਾ-੪੮੫)

ਅਰਥ:- ਇੱਕ ਪਰਮਾਤਮਾ ਅਨੇਕ ਰੂਪ ਧਾਰ ਕੇ ਹਰ ਥਾਂ ਮੌਜੂਦ ਹੈ ਤੇ ਭਰਪੂਰ ਹੈ; ਮੈਂ ਜਿੱਧਰ ਤੱਕਦਾ ਹਾਂ, ਉਹ ਪਰਮਾਤਮਾ ਹੀ ਮੌਜੂਦ ਹੈ। ਪਰ (ਇਸ ਭੇਤ ਨੂੰ) ਕੋਈ ਵਿਰਲਾ ਬੰਦਾ ਸਮਝਦਾ ਹੈ, ਕਿਉਂਕਿ ਜੀਵ ਆਮ ਤੌਰ ਤੇ ਮਾਇਆ ਦੇ ਰੰਗਾ-ਰੰਗ ਦੇ ਰੂਪਾਂ ਵਿਚ ਚੰਗੀ ਤਰ੍ਹਾਂ ਮੋਹੇ ਪਏ ਹਨ।੧।

ਹਰ ਥਾਂ ਪਰਮਾਤਮਾ ਹੈ, ਹਰ ਥਾਂ ਪਰਮਾਤਮਾ ਹੈ, ਪਰਮਾਤਮਾ ਤੋਂ ਸੱਖਣੀ ਕੋਈ ਥਾਂ ਨਹੀਂ; ਜਿਵੇਂ ਇੱਕ ਧਾਗਾ ਹੋਵੇ ਤੇ (ਉਸ ਵਿਚ) ਸੈਂਕੜੇ ਹਜ਼ਾਰਾਂ ਮਣਕੇ (ਪ੍ਰੋਤੇ ਹੋਏ ਹੋਣ) (ਇਸੇ ਤਰ੍ਹਾਂ ਸਭ ਜੀਵਾਂ ਵਿਚ ਪਰਮਾਤਮਾ ਦੀ ਹੀ ਜੀਵਨ-ਸੱਤਾ ਮਿਲੀ ਹੋਈ ਹੈ, ਜਿਵੇਂ) ਤਾਣੇ-ਪੇਟੇ ਵਿਚ (ਧਾਗੇ ਮਿਲੇ ਹੋਏ ਹਨ, ਤਿਵੇਂ) ਉਹੀ ਪਰਮਾਤਮਾ (ਸਭ ਵਿਚ ਮਿਲਿਆ ਹੋਇਆ) ਹੈ।੧।ਰਹਾਉ।

ਪਾਣੀ ਦੀਆਂ ਠਿੱਲ੍ਹਾਂ, ਝੱਗ ਅਤੇ ਬੁਲਬੁਲੇ—ਇਹ ਸਾਰੇ ਪਾਣੀ ਤੋਂ ਵੱਖਰੇ ਨਹੀਂ ਹੁੰਦੇ, ਤਿਵੇਂ ਹੀ ਇਹ ਦਿੱਸਦਾ ਤਮਾਸ਼ਾ-ਰੂਪ ਜਗਤ ਪਰਮਾਤਮਾ ਦੀ ਰਚੀ ਹੋਈ ਖੇਡ ਹੈ, ਗਹੁ ਨਾਲ ਸੋਚਿਆਂ (ਇਹ ਸਮਝ ਆ ਜਾਂਦੀ ਹੈ ਕਿ ਇਹ ਉਸ ਤੋਂ) ਵੱਖਰਾ ਨਹੀਂ ਹੈ।੨।

(ਇਹ ਪਰਪੰਚ ਵੇਖ ਕੇ ਜੀਵਾਂ ਨੂੰ) ਗ਼ਲਤ ਖ਼ਿਆਲ ਬਣ ਗਿਆ ਹੈ (ਕਿ ਇਸ ਦਾ ਅਸਾਡਾ ਸਾਥ ਪੱਕਾ ਨਿਭਣ ਵਾਲਾ ਹੈ); ਇਹ ਪਦਾਰਥ ਇਉਂ ਹੀ ਹਨ ਜਿਵੇਂ ਸੁਪਨੇ ਵਿਚ ਵੇਖੇ ਹੋਏ ਪਦਾਰਥ; ਪਰ ਜੀਵਾਂ ਨੇ ਇਹਨਾਂ ਨੂੰ ਸਦਾ (ਆਪਣੇ ਨਾਲ) ਟਿਕੇ ਰਹਿਣ ਵਾਲੇ ਸਮਝ ਲਿਆ ਹੈ। ਜਿਸ ਮਨੁੱਖ ਨੂੰ ਸਤਿਗੁਰੂ ਭਲੀ ਸਮਝ ਬਖ਼ਸ਼ਦਾ ਹੈ ਉਹ ਇਸ ਵਹਿਮ ਵਿਚੋਂ ਜਾਗ ਪੈਂਦਾ ਹੈ ਤੇ ਉਸ ਦੇ ਮਨ ਨੂੰ ਤਸੱਲੀ ਆ ਜਾਂਦੀ ਹੈ (ਕਿ ਅਸਾਡਾ ਤੇ ਇਹਨਾਂ ਪਦਾਰਥਾਂ ਦਾ ਸਾਥ ਸਦਾ ਲਈ ਨਹੀਂ ਹੈ)।੩।

ਨਾਮਦੇਵ ਆਖਦਾ ਹੈ—(ਹੇ ਭਾਈ!) ਆਪਣੇ ਹਿਰਦੇ ਵਿਚ ਵਿਚਾਰ ਕੇ ਵੇਖ ਲਵੋ ਕਿ ਇਹ ਪਰਮਾਤਮਾ ਦੀ ਰਚੀ ਹੋਈ ਖੇਡ ਹੈ, ਇਸ ਵਿਚ ਹਰੇਕ ਘਟ ਅੰਦਰ ਹਰ ਥਾਂ ਸਿਰਫ਼ ਇੱਕ ਪਰਮਾਤਮਾ ਹੀ ਵੱਸਦਾ ਹੈ।੪।੧।

ਭਾਵ:- ਪਰਮਾਤਮਾ ਆਪਣੀ ਇਸ ਰਚੀ ਸ੍ਰਿਸ਼ਟੀ ਵਿਚ ਹਰ ਥਾਂ ਮੌਜੂਦ ਹੈ। ਗੁਰੂ ਦੀ ਕਿਰਪਾ ਨਾਲ ਮਨੁੱਖ ਨੂੰ ਇਹ ਸੂਝ ਪੈਂਦੀ ਹੈ ।

ਨੋਟ:- ਪਰ ਭਗਤ-ਬਾਣੀ ਦੇ ਵਿਰੋਧੀ ਸੱਜਣ ਨੂੰ ਇਸ ਵਿਚ 'ਵੇਦਾਂਤ ਮਤ ਦੀ ਲਿਸ਼ਕ' ਦਿੱਸ ਰਹੀ ਹੈ । ਹਰ ਹਾਲਤ ਵਿਚ ਵਿਰੋਧਤਾ ਜੁ ਕਰਨੀ ਹੋਈ ।

੧੨-ਕਰਨ ਕਰਾਵਨ ਕਰਨੈਹਾਰੁ ॥ ਇਸ ਕੈ ਹਾਥਿ ਕਹਾ ਬੀਚਾਰੁ ॥ ਜੈਸੀ ਦ੍ਰਿਸਟਿ ਕਰੇ ਤੈਸਾ ਹੋਇ ॥ ਆਪੇ ਆਪਿ ਆਪਿ ਪ੍ਰਭੁ ਸੋਇ ॥ ਜੋ ਕਿਛੁ ਕੀਨੋ ਸੁ ਅਪਨੈ ਰੰਗਿ ॥ ਸਭ ਤੇ ਦੂਰਿ ਸਭਹੂ ਕੈ ਸੰਗਿ ॥ ਬੂਝੈ ਦੇਖੈ ਕਰੈ ਬਿਬੇਕ ॥ ਆਪਹਿ ਏਕ ਆਪਹਿ ਅਨੇਕ ॥ ਮਰੈ ਨ ਬਿਨਸੈ ਆਵੈ ਨ ਜਾਇ ॥ ਨਾਨਕ ਸਦ ਹੀ ਰਹਿਆ ਸਮਾਇ ॥੬ ॥ (ਪੰਨਾ-੨੭੯)

ਪਦ ਅਰਥ:-ਕਹਾ—ਕਿਥੇ? ਕੀਹ ? ਬੀਚਾਰੁ—ਵਿਚਾਰ ਕਰ, ਵਿਚਾਰ ਕੇ ਵੇਖ। ਦ੍ਰਿਸਟਿ—ਨਜ਼ਰ। ਅਪਨੈ ਰੰਗਿ—ਅਪਣੀ ਮੌਜ ਵਿਚ। ਸਭਹੂ ਕੈ—ਸਾਰਿਆਂ ਦੇ ਹੀ। ਸੰਗਿ—ਨਾਲ। ਬਿਬੇਕ—ਪਛਾਣ, ਪਰਖ। ਆਪਹਿ—ਆਪ ਹੀ। ਆਵੈ ਨ ਜਾਇ—ਨਾ ਆਉਂਦਾ ਹੈ ਨਾ ਜਾਂਦਾ ਹੈ; ਨਾ ਜੰਮਦਾ ਹੈ ਨਾ ਮਰਦਾ ਹੈ। ਸਦ ਹੀ— ਸਦਾ ਹੀ। ਰਹਿਆ ਸਮਾਇ—ਸਮਾਇ ਰਹਿਆ, ਅਪਣੇ ਆਪ ਵਿਚ ਟਿਕਿਆ ਹੋਇਆ ਹੈ।

ਅਰਥ:-ਵਿਚਾਰ ਕੇ ਵੇਖ ਲੈ, ਇਸ ਜੀਵ ਦੇ ਹੱਥ ਕੁਝ ਭੀ ਨਹੀਂ ਹੈ; ਪ੍ਰਭੂ ਆਪ ਹੀ ਸਭ ਕੁਝ ਕਰਨ ਜੋਗਾ ਹੈ ਤੇ (ਜੀਵਾਂ ਪਾਸੋਂ) ਕਰਾਉਣ ਜੋਗਾ ਹੈ। ਪ੍ਰਭੂ ਜਿਹੋ ਜਿਹੀ ਨਜ਼ਰ (ਬੰਦੇ ਵਲ) ਕਰਦਾ ਹੈ (ਬੰਦਾ) ਉਹੋ ਜਿਹਾ ਬਣ ਜਾਂਦਾ ਹੈ, ਉਹ ਪ੍ਰਭੂ ਆਪ ਹੀ ਆਪ ਹੈ। ਜੋ ਕੁਝ ਉਸ ਬਣਾਇਆ ਹੈ ਅਪਣੀ ਮੌਜ ਵਿਚ ਬਣਾਇਆ ਹੈ; ਸਭ ਜੀਵਾਂ ਦੇ ਅੰਗ-ਸੰਗ ਭੀ ਹੈ ਤੇ ਸਭ ਤੋਂ ਵੱਖਰਾ ਭੀ ਹੈ। ਪ੍ਰਭੂ ਆਪ ਹੀ ਇੱਕ ਹੈ ਤੇ ਆਪ ਹੀ ਅਨੇਕ (ਰੂਪ) ਧਾਰ ਰਿਹਾ ਹੈ; ਸਭ ਕੁਝ ਸਮਝਦਾ ਹੈ, ਵੇਖਦਾ ਹੈ ਤੇ ਪਛਾਣਦਾ ਹੈ। ਉਹ ਨਾ ਕਦੇ ਮਰਦਾ ਹੈ ਨ ਬਿਨਸਦਾ ਹੈ; ਨਾ ਜੰਮਦਾ ਹੈ ਨ ਮਰਦਾ ਹੈ; ਹੇ ਨਾਨਕ! ਪ੍ਰਭੂ ਸਦਾ ਹੀ ਅਪਣੇ ਆਪ ਵਿਚ ਟਿਕਿਆ ਰਹਿੰਦਾ ਹੈ।੬।

੧੩- ਸਲੋਕੁ ॥ ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ ॥ ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ॥੧ ॥ ਪਉੜੀ ॥ ਓਅੰ ਗੁਰਮੁਖਿ ਕੀਓ ਅਕਾਰਾ ॥ ਏਕਹਿ ਸੂਤਿ ਪਰੋਵਨਹਾਰਾ ॥ ਭਿੰਨ ਭਿੰਨ ਤ੍ਰੈ ਗੁਣ ਬਿਸਥਾਰੰ ॥ ਨਿਰਗੁਨ ਤੇ ਸਰਗੁਨ ਦ੍ਰਿਸਟਾਰੰ ॥ ਸਗਲ ਭਾਤਿ ਕਰਿ ਕਰਹਿ ਉਪਾਇਓ ॥ ਜਨਮ ਮਰਨ ਮਨ ਮੋਹੁ ਬਢਾਇਓ ॥ ਦੂਹੂ ਭਾਤਿ ਤੇ ਆਪਿ ਨਿਰਾਰਾ ॥ ਨਾਨਕ ਅੰਤੁ ਨ ਪਾਰਾਵਾਰਾ ॥੨ ॥ (ਪੰਨਾ ੨੫੦)

ਪਦ ਅਰਥ:-ਆਕਾਰ—ਸਰੂਪ। ਨਿਰੰਕਾਰ—ਆਕਾਰ ਤੋਂ ਬਿਨਾਂ। ਗੁਨ—ਮਾਇਆ ਦੇ ਤਿੰਨ ਸੁਭਾਵ, (ਰਜ, ਤਮ, ਸਤੂ) । ਨਿਰਗੁਨ—ਜਿਸ ਵਿਚ ਮਾਇਆ ਦੇ ਤਿੰਨ ਸੁਭਾਵ ਜ਼ੋਰ

ਨਹੀਂ ਪਾ ਰਹੇ । ਸਰਗੁਨ—ਉਹ ਸਰੂਪ ਜਿਸ ਵਿਚ ਮਾਇਆ ਦੇ ਤਿੰਨ ਸੁਭਾਵ ਮੌਜੂਦ ਹਨ। ਏਕਹਿ—ਇਕੋ ਹੀ ।੧।

ਪਉੜੀ:-ਅਕਾਰਾ—ਜਗਤ-ਰਚਨਾ । ਸੂਤਿ—ਸੂਤਰ ਵਿਚ, ਹੁਕਮ ਵਿਚ । ਭਿੰਨ—ਵੱਖ । ਬਿਸਥਾਰ—ਖਿਲਾਰਾ । ਦ੍ਰਿਸਟਾਰੰ—ਦਿੱਸ ਪਿਆ । ਉਪਾਇਓ—ਉਤਪੱਤੀ । ਦੂਹੂ ਭਾਤਿ—ਜਨਮ ਤੇ ਮਰਨ।

ਅਰਥ : ਸਲੋਕ:—ਆਕਾਰ-ਰਹਿਤ ਪਰਮਾਤਮਾ ਆਪ ਹੀ (ਜਗਤ-) ਆਕਾਰ ਬਣਾਂਦਾ ਹੈ। ਉਹ ਆਪ ਹੀ (ਨਿਰੰਕਾਰ ਰੂਪ ਵਿਚ) ਮਾਇਆ ਦੇ ਤਿੰਨ ਸੁਭਾਵਾਂ ਤੋਂ ਪਰੇ ਰਹਿੰਦਾ ਹੈ, ਤੇ ਜਗਤ-ਰਚਨਾ ਰਚ ਕੇ ਮਾਇਆ ਦੇ ਤਿੰਨ ਗੁਣਾਂ ਵਾਲਾ ਹੋ ਜਾਂਦਾ ਹੈ। ਹੇ ਨਾਨਕ! ਪ੍ਰਭੂ ਆਪਣੇ ਇਕ ਸਰੂਪ ਤੋਂ ਅਨੇਕਾਂ ਰੂਪ ਬਣਾ ਲੈਂਦਾ ਹੈ, (ਪਰ ਇਹ ਅਨੇਕ ਰੂਪ ਉਸ ਤੋਂ ਵੱਖਰੇ ਨਹੀਂ ਹਨ) ਇਹੀ ਕਿਹਾ ਜਾ ਸਕਦਾ ਹੈ ਕਿ ਉਹ ਇਕ ਆਪ ਹੀ ਆਪ ਹੈ ।੧।

ਪਉੜੀ:-ਗੁਰਮੁਖ ਬਣਨ ਵਾਸਤੇ ਪ੍ਰਭੂ ਨੇ ਜਗਤ-ਰਚਨਾ ਕੀਤੀ ਹੈ। ਸਾਰੇ ਜੀਵ-ਜੰਤਾਂ ਨੂੰ ਆਪਣੇ ਇਕੋ ਹੀ ਹੁਕਮ-ਧਾਗੇ ਵਿਚ ਪਰੋ ਕੇ ਰੱਖਣ ਦੇ ਸਮਰੱਥ ਹੈ। ਪ੍ਰਭੂ ਨੇ ਆਪਣੇ ਅਦ੍ਰਿਸ਼ਟ ਰੂਪ ਤੋਂ ਦਿਸਦਾ ਜਗਤ ਰਚਿਆ ਹੈ, ਮਾਇਆ ਦੇ ਤਿੰਨ ਗੁਣਾਂ ਦਾ ਵੱਖ-ਵੱਖ ਖਿਲਾਰਾ ਕਰ ਦਿੱਤਾ ਹੈ।

ਹੇ ਪ੍ਰਭੂ! ਤੂੰ ਸਾਰੀਆਂ (ਅਨੇਕਾਂ) ਕਿਸਮਾਂ ਬਣਾ ਕੇ ਜਗਤ-ਉਤਪੱਤੀ ਕੀਤੀ ਹੈ, ਜਨਮ-ਮਰਨ ਦਾ ਮੂਲ ਜੀਵਾਂ ਦੇ ਮਨ ਦਾ ਮੋਹ ਭੀ ਤੂੰ ਹੀ ਵਧਾਇਆ ਹੈ, ਪਰ ਤੂੰ ਆਪ ਜਨਮ-ਮਰਨ ਤੋਂ ਵੱਖਰਾ ਹੈਂ। ਹੇ ਨਾਨਕ! (ਆਖ—) ਪ੍ਰਭੂ ਦੇ ਉਰਲੇ-ਪਰਲੇ ਬੰਨੇ ਦਾ ਅੰਤ ਨਹੀਂ ਪਾਇਆ ਜਾ ਸਕਦਾ।੨।

੧੪-ਏਕਸੁ ਤੇ ਸਭੁ ਦੂਜਾ ਹੂਆ ॥ ਏਕੋ ਵਰਤੈ ਅਵਰੁ ਨ ਬੀਆ ॥ ਦੂਜੇ ਤੇ ਜੇ ਏਕੋ ਜਾਣੈ ॥ ਗੁਰ ਕੈ ਸਬਦਿ ਹਰਿ ਦਰਿ ਨੀਸਾਣੈ ॥ ਸਤਿਗੁਰੁ ਭੇਟੇ ਤਾ ਏਕੋ ਪਾਏ ॥ ਵਿਚਹੁ ਦੂਜਾ ਠਾਕਿ ਰਹਾਏ ॥੩॥ (ਪੰਨਾ ੬੪੨)

ਅਰਥ:-- ਹੇ ਭਾਈ! (ਵੇਖਣ ਨੂੰ ਪਰਮਾਤਮਾ ਤੋਂ) ਵੱਖਰਾ (ਲੱਗਦਾ) ਇਹ ਸਾਰਾ ਜਗਤ ਉਸੇ ਇਕ ਪਰਮਾਤਮਾ ਤੋਂ ਹੀ ਬਣਿਆ ਹੈ। (ਸਾਰੇ ਜਗਤ ਵਿਚ) ਇਕ ਪ੍ਰਭੂ ਹੀ ਵਿਆਪਕ ਹੈ, (ਉਸ ਤੋਂ ਬਿਨਾਂ) ਕੋਈ ਹੋਰ ਦੂਜਾ ਨਹੀਂ ਹੈ। ਜੇ (ਮਨੁੱਖ) ਇਸ ਵੱਖਰੇ ਦਿਸ ਰਹੇ ਜਗਤ (ਦੇ ਮੋਹ) ਤੋਂ (ਉੱਚਾ ਉੱਠ ਕੇ) ਇਕ ਪਰਮਾਤਮਾ ਨਾਲ ਡੂੰਘੀ ਸਾਂਝ ਪਾਈ ਰੱਖੇ, ਤਾਂ ਗੁਰੂ ਦੇ ਸ਼ਬਦ ਦੀ ਬਰਕਤ ਨਾਲ ਰਾਹਦਾਰੀ ਸਮੇਤ (ਬਿਨ੍ਹਾਂ ਰੋਕ-ਟੋਕ) ਪ੍ਰਭੂ ਦੇ ਦਰ 'ਤੇ (ਪਹੁੰਚ ਜਾਂਦਾ ਹੈ)। ਜੇ (ਮਨੁੱਖ ਨੂੰ ਗੁਰੂ ਮਿਲ ਪਏ, ਤਾਂ ਉਹ ਉਸ ਪਰਮਾਤਮਾ ਦਾ ਮਿਲਾਪ

ਪ੍ਰਾਪਤ ਕਰ ਲੈਂਦਾ ਹੈ, ਅਤੇ ਆਪਣੇ) ਅੰਦਰੋਂ ਵੱਖਰੇ ਦਿੱਸ ਰਹੇ ਜਗਤ ਦਾ ਮੋਹ ਰੋਕ ਰੱਖਦਾ ਹੈ।੩।

੧੫- ਆਪੇ ਹੀ ਵਡ ਪਰਵਾਰੁ ਆਪਿ ਇਕਾਤੀਆ॥ ਆਪਣੀ ਕੀਮਤਿ ਆਪਿ ਆਪੇ ਹੀ ਜਾਤੀਆ॥ ਸਭੁ ਕਿਛੁ ਆਪੇ ਆਪਿ ਆਪਿ ਉਪੰਨਿਆ॥ ਆਪਣਾ ਕੀਤਾ ਆਪਿ ਆਪਿ ਵਰੰਨਿਆ॥ ਧੰਨੁ ਸੁ ਤੇਰਾ ਥਾਨੁ ਜਿਥੈ ਤੂ ਵੁਠਾ॥ ਧੰਨੁ ਸੁ ਤੇਰੇ ਭਗਤ ਜਿਨ੍ਹੀ ਸਚੁ ਤੂੰ ਡਿਠਾ॥ ਜਿਸ ਨੋ ਤੇਰੀ ਦਇਆ ਸਲਾਹੇ ਸੋਇ ਤੁਧੁ॥ ਜਿਸੁ ਗੁਰ ਭੇਟੇ ਨਾਨਕ ਨਿਰਮਲ ਸੋਈ ਸੁਧੁ॥੨੦॥ (ਪੰਨਾ ੯੬੫)

੧੬- ਆਪੇ ਕੀਤੋ ਰਚਨੁ ਆਪੇ ਹੀ ਰਤਿਆ॥ ਆਪੇ ਹੋਇਓ ਇਕੁ ਆਪੇ ਬਹੁ ਭਤਿਆ ॥ ਆਪੇ ਸਭਨਾ ਮੰਝਿ ਆਪੇ ਬਾਹਰਾ ॥ ਆਪੇ ਜਾਣਹਿ ਦੂਰਿ ਆਪੇ ਹੀ ਜਾਹਰਾ ॥ ਆਪੇ ਹੋਵਹਿ ਗੁਪਤੁ ਆਪੇ ਪਰਗਟੀਐ ॥ ਕੀਮਤਿ ਕਿਸੈ ਨ ਪਾਇ ਤੇਰੀ ਥਟੀਐ ॥ ਗਹਿਰ ਗੰਭੀਰੁ ਅਥਾਹੁ ਅਪਾਰੁ ਅਗਣਤੁ ਤੂੰ ॥ ਨਾਨਕ ਵਰਤੈ ਇਕੁ ਇਕੋ ਇਕੁ ਤੂੰ ॥੨੨॥੧॥੨॥ ਸੁਧੁ ॥ (ਪੰਨਾ ੯੬੬)

੧੭-ਆਪੇ ਭਵਰਾ ਫੂਲ ਬੇਲਿ ॥ ਆਪੇ ਸੰਗਤਿ ਮੀਤ ਮੇਲਿ ॥੧॥ ਐਸੀ ਭਵਰਾ ਬਾਸੁ ਲੇ ॥ ਤਰਵਰ ਫੂਲੇ ਬਨ ਹਰੇ ॥੧॥ ਰਹਾਉ ॥ ਆਪੇ ਕਵਲਾ ਕੰਤੁ ਆਪਿ ॥ ਆਪੇ ਰਾਵੇ ਸਬਦਿ ਥਾਪਿ ॥੨॥ ਆਪੇ ਬਛਰੂ ਗਊ ਖੀਰੁ ॥ ਆਪੇ ਮੰਦਰੁ ਥੰਮ੍ਹੁ ਸਰੀਰੁ ॥੩॥ ਆਪੇ ਕਰਣੀ ਕਰਣਹਾਰੁ॥ ਆਪੇ ਗੁਰਮੁਖਿ ਕਰਿ ਬੀਚਾਰੁ ॥੪॥ ਤੂ ਕਰਿ ਕਰਿ ਦੇਖਹਿ ਕਰਣਹਾਰੁ॥ ਜੋਤਿ ਜੀਅ ਅਸੰਖ ਦੇਇ ਅਧਾਰੁ ॥੫॥ ਤੂ ਸਰੁ ਸਾਗਰੁ ਗੁਣ ਗਹੀਰੁ ॥ ਤੂ ਅਕੁਲ ਨਿਰੰਜਨੁ ਪਰਮ ਹੀਰੁ ॥੬॥ ਤੂ ਆਪੇ ਕਰਤਾ ਕਰਣ ਜੋਗੁ॥ ਨਿਹਕੇਵਲੁ ਰਾਜਨ ਸੁਖੀ ਲੋਗੁ ॥੭॥ ਨਾਨਕ ਧ੍ਰਾਪੇ ਹਰਿ ਨਾਮ ਸੁਆਦਿ॥ ਬਿਨੁ ਹਰਿ ਗੁਰ ਪ੍ਰੀਤਮ ਜਨਮੁ ਬਾਦਿ॥੮॥੭॥ (ਪੰਨਾ ੧੧੯੦)

੧੮- ਏਕਸ ਮਹਿ ਸਭੁ ਜਗਤੋ ਵਰਤੈ ਵਿਰਲਾ ਏਕੁ ਪਛਾਣੈ॥ ਸਬਦਿ ਮਰੈ ਤਾ ਸਭੁ ਕਿਛੁ ਸੂਝੈ ਅਨਦਿਨੁ ਏਕੋ ਜਾਣੈ॥੭॥ ਜਿਸ ਨੋ ਨਦਰਿ ਕਰੇ ਸੋਈ ਜਨੁ ਬੂਝੈ ਹੋਰੁ ਕਹਣਾ ਕਥਨੁ ਨ ਜਾਈ॥ ਨਾਨਕ ਨਾਮਿ ਰਤੇ ਸਦਾ ਬੈਰਾਗੀ ਏਕ ਸਬਦਿ ਲਿਵ ਲਾਈ॥੮॥੨॥ (ਪੰਨਾ ੧੨੩੪)

੧੯- ਸਗਲ ਭਵਨ ਧਾਰੇ ਏਕ ਥੇਂ ਕੀਏ ਬਿਸਥਾਰੇ ਪੂਰਿ ਰਹਿਓ ਸ੍ਰਬ ਮਹਿ ਆਪਿ ਹੈ ਨਿਰਾਰੇ ॥ ਹਰਿ ਗੁਨ ਨਾਹੀ ਅੰਤ ਪਾਰੇ ਜੀਅ ਜੰਤ ਸਭਿ ਥਾਰੇ ਸਗਲ ਕੋ ਦਾਤਾ ਏਕੈ ਅਲਖ ਮੁਰਾਰੇ॥ ਆਪਿ ਹੀ ਧਾਰਨ ਧਾਰੇ ਕੁਦਰਤਿ ਹੈ ਦੇਖਾਰੇ ਬਰਨੁ ਚਿਹਨੁ ਨਾਹੀ ਮੁਖ ਨ ਮਸਾਰੇ॥ ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ

ਜੀਹ ਕਿਆ ਬਖਾਨੈ ॥ ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ ॥੩॥ (ਪੰਨਾ ੧੩੯੫-੯੬)

ਅਰਥ:- ਉਸ ਹਰੀ ਨੇ ਸਾਰੇ ਲੋਕ ਬਣਾਏ ਹਨ; ਇਕ ਆਪਣੇ ਆਪ ਤੋਂ ਹੀ (ਇਹ ਸੰਸਾਰ ਦਾ) ਖਿਲਾਰਾ ਕੀਤਾ ਹੈ; ਆਪ ਸਭ ਵਿਚ ਵਿਆਪਕ ਹੈ (ਅਤੇ ਫਿਰ) ਹੈ (ਭੀ) ਨਿਰਲੇਪ।

ਹੇ ਬੇਅੰਤ ਹਰੀ! ਤੇਰੇ ਗੁਣਾਂ ਦਾ ਅੰਤ ਤੇ ਪਾਰ ਨਹੀਂ (ਪੈ ਸਕਦਾ); ਸਾਰੇ ਜੀਅ ਜੰਤ ਤੇਰੇ ਹੀ ਹਨ, ਤੂੰ ਇਕ ਆਪ ਹੀ ਸਭ ਦਾ ਦਾਤਾ ਹੈਂ। ਤੇਰਾ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ।

(ਹਰੀ) ਆਪ ਹੀ ਸਾਰੇ ਜਗਤ ਨੂੰ ਆਸਰਾ ਦੇ ਰਿਹਾ ਹੈ, ਆਪਣੀ ਕੁਦਰਤਿ ਵਿਖਾਲ ਰਿਹਾ ਹੈ। ਨਾ (ਉਸ ਦਾ ਕੋਈ) ਰੰਗ ਹੈ ਨਾ (ਕੋਈ) ਨਿਸ਼ਾਨ, ਨਾ ਮੂੰਹ ਤੇ ਨਾ ਦਾੜ੍ਹੀ।

ਹਰੀ ਦਾ ਭਗਤ ਦਾਸ (ਗੁਰੂ) ਨਾਨਕ (ਹਰੀ ਦੇ) ਦਰ ਤੇ ਪ੍ਰਵਾਨ (ਹੋਇਆ ਹੈ) ਅਤੇ ਹਰੀ ਵਰਗਾ ਹੈ। (ਮੇਰੀ) ਇੱਕ ਜੀਭ (ਉਸ ਗੁਰੂ ਨਾਨਕ ਦੇ) ਕੀਹ (ਗੁਣ) ਕਹਿ ਸਕਦੀ ਹੈ? ਮੈਂ (ਗੁਰੂ ਨਾਨਕ ਤੋਂ) ਸਦਕੇ ਹਾਂ, ਸਦਕੇ ਹਾਂ, ਸਦਾ ਸਦਕੇ ਹਾਂ।੩।

੨੦- ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥ ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥੨੨॥੨॥ (ਪੰਨਾ-੭੨੬)

ਦੇਵੀ ਦੇਵਤੇ ਸਾਧ ਸੰਤ ਕੋਈ ਨਹੀਂ ਤਾਰਨਹਾਰ, ਤਦੇ ਹੀ ਤਾਂ ਇਹ ਦਾਸਰਾ ਬੇਨਤੀਆਂ ਕਰ ਰਿਹਾ ਹੈ-

ਠਾਕੁਰ ਤੁਝ ਬਿਨੁ ਬੀਆ ਨ ਹੋਰ ॥ ਚਿਤਿ ਚਿਤਵਉ ਹਰਿ ਰਸਨ ਅਰਾਧਉ ਨਿਰਖਉ ਤੁਮਰੀ ਓਰ ॥੧॥ ਰਹਾਉ ॥ (ਪੰਨਾ-੫੦੦)

੪

ਓਸੇ 'ਇਕ' ਦਾ ਹੀ ਸਿਮਰਨ

੨੧- ਮ: ੫ ॥ ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ ॥ ਮੁਖ ਊਜਲ ਸਦਾ ਸੁਖੀ ਨਾਨਕ ਸਿਮਰਤ ਏਕ ॥੧॥ (ਪੰਨਾ-੩੨੦)

ਗਉੜੀ ਕੀ ਵਾਰ ਵਿਚਲਾ ਏਹੀ ਸਲੋਕ, ਰਾਮਕਲੀ ਮਹਲਾ ੫ ਅਸਟਪਦੀ ਵਿਚ ਵੀ ਆਇਆ ਹੈ। ਫ਼ਰਕ? ਮ: ੫ ॥ ਦੇ ਥਾਂ ਕੇਵਲ ਸਲੋਕੁ ਲਿਖਿਆ ਹੈ, ਤੇ= ਮੁਖੁ 'ਤੇ

ਊਜਲੁ, ਦੋਹੀਂ ਥਾਈਂ 'ਔਂਕੜ' ਦਾ ਵਾਧਾ ਹੈ-

ਸਲੋਕ ॥ ਸਿਖਹੁ ਸ਼ਬਦੁ ਪਿਅਰਿਹੋ ਜਨਮ ਮਰਨ ਕੀ ਟੇਕ ॥
ਮੁਖੁ ਊਜਲੁ ਸਦਾ ਸੁਖੀ ਨਾਨਕ ਸਿਮਰਤ ਏਕ ॥੨॥ (ਪੰਨਾ-੯੧੬)

ਪਦ ਅਰਥ:—ਸਿਖਹੁ—ਸਿੱਖ ਲਓ, ਚੇਤੇ ਰੱਖਣ ਦੀ ਆਦਤ ਬਣਾਓ। ਟੇਕ—ਆਸਰਾ। ਜਨਮ ਮਰਨ—ਸਾਰੀ ਉਮਰ। ਊਜਲ—ਰੌਸ਼ਨ, ਖਿੜਿਆ ਹੋਇਆ।

ਅਰਥ: ਹੇ ਪਿਆਰੇ ਸੱਜਣੋ ! (ਪ੍ਰਭੂ ਦੀ ਸਿਫ਼ਤਿ-ਸਾਲਾਹ ਵਾਲੀ) ਗੁਰਬਾਣੀ ਚੇਤੇ ਰੱਖਣ ਦੀ ਆਦਤ ਬਣਾਓ, ਇਹ ਸਾਰੀ ਉਮਰ ਦਾ ਆਸਰਾ (ਬਣਦੀ) ਹੈ। ਹੇ ਨਾਨਕ! (ਇਸ ਬਾਣੀ ਦੀ ਰਾਹੀਂ) ਇਕ ਪ੍ਰਭੂ ਨੂੰ ਸਿਮਰਿਆਂ ਸਦਾ ਸੁੱਖੀ ਰਹਿੰਦਾ ਹੈ ਤੇ ਮੱਥਾ ਖਿੜਿਆ ਰਹਿੰਦਾ ਹੈ।੨।

੨੨-**ਏਕੋ ਜਪਿ ਏਕੋ ਸਾਲਾਹਿ ॥ ਏਕੁ ਸਿਮਰਿ ਏਕੋ ਮਨ ਆਹਿ ॥ ਏਕਸ ਕੇ ਗੁਣ ਗਾਉ ਅਨੰਤ ॥ ਮਨਿ ਤਨਿ ਜਾਪਿ ਏਕ ਭਗਵੰਤ ॥ ਏਕੋ ਏਕੁ ਏਕੁ ਹਰਿ ਆਪਿ ॥ ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥ ਅਨਿਕ ਬਿਸਥਾਰ ਏਕ ਤੇ ਭਏ ॥ ਏਕੁ ਅਰਾਧਿ ਪਰਾਛਤ ਗਏ ॥ ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ॥ ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥੮॥੧੯॥** (ਪੰਨਾ ੨੮੯)

੨੩-**ਇਕੁ ਪਛਾਣੂ ਜੀਅ ਕਾ ਇਕੋ ਰਖਣਹਾਰੁ ॥ ਇਕਸ ਕਾ ਮਨਿ ਆਸਰਾ ਇਕੋ ਪ੍ਰਾਣ ਅਧਾਰੁ ॥ ਤਿਸੁ ਸਰਣਾਈ ਸਦਾ ਸੁਖੁ ਪਾਰਬ੍ਰਹਮੁ ਕਰਤਾਰੁ ॥ ੧ ॥ ਮਨ ਮੇਰੇ ਸਗਲ ਉਪਾਵ ਤਿਆਗੁ ॥ ਗੁਰੁ ਪੂਰਾ ਆਰਾਧਿ ਨਿਤ ਇਕਸੁ ਕੀ ਲਿਵ ਲਾਗੁ ॥੧॥ ਰਹਾਉ ॥ ਇਕੋ ਭਾਈ ਮਿਤੁ ਇਕੁ ਇਕੋ ਮਾਤ ਪਿਤਾ ॥ ਇਕਸ ਕੀ ਮਨਿ ਟੇਕ ਹੈ ਜਿਨਿ ਜੀਉ ਪਿੰਡੁ ਦਿਤਾ ॥ ਸੋ ਪ੍ਰਭੁ ਮਨਹੁ ਨ ਵਿਸਰੈ ਜਿਨਿ ਸਭੁ ਕਿਛੁ ਵਸਿ ਕੀਤਾ ॥੨ ॥ ਘਰਿ ਇਕੋ ਬਾਹਰਿ ਇਕੋ ਥਾਨ ਥਨੰਤਰਿ ਆਪਿ ॥ ਜੀਅ ਜੰਤ ਸਭਿ ਜਿਨਿ ਕੀਏ ਆਠ ਪਹਰ ਤਿਸੁ ਜਾਪਿ ॥ ਇਕਸੁ ਸੇਤੀ ਰਤਿਆ ਨ ਹੋਵੀ ਸੋਗ ਸੰਤਾਪੁ ॥੩ ॥ ਪਾਰਬ੍ਰਹਮੁ ਪ੍ਰਭੁ ਏਕੁ ਹੈ ਦੂਜਾ ਨਾਹੀ ਕੋਇ ॥ ਜੀਉ ਪਿੰਡੁ ਸਭੁ ਤਿਸ ਕਾ ਜੋ ਤਿਸੁ ਭਾਵੈ ਸੁ ਹੋਇ ॥ ਗੁਰਿ ਪੂਰੈ ਪੂਰਾ ਭਇਆ ਜਪਿ ਨਾਨਕ ਸਚਾ ਸੋਇ ॥੪ ॥੯ ॥੭੯ ॥** (ਪੰਨਾ ੪੫)

ਅਰਥ : ਹੇ ਮੇਰੇ ਮਨ! ਹੋਰ ਸਾਰੇ ਹੀਲੇ ਛੱਡ ਦੇ। ਸਿਰਫ਼ ਪੂਰੇ ਗੁਰੂ ਨੂੰ ਸਦਾ ਚੇਤੇ ਰੱਖ (ਸਿਰਫ਼ ਗੁਰੂ ਦੇ ਸ਼ਬਦ ਦਾ ਆਸਰਾ ਲੈ) ਇਕ ਪਰਮਾਤਮਾ (ਦੇ ਚਰਨਾਂ) ਦੀ ਲਗਨ (ਅਪਣੇ ਅੰਦਰ) ਲਾਈ ਰੱਖ।੧। ਰਹਾਉ।

(ਹੇ ਭਾਈ!) ਜਿੰਦ ਦਾ ਮਿੱਤਰ ਸਿਰਫ਼ ਪਰਮਾਤਮਾ ਹੀ ਹੈ, ਪਰਮਾਤਮਾ ਹੀ ਜਿੰਦ ਨੂੰ (ਵਿਕਾਰ ਆਦਿ ਤੋਂ) ਬਚਾਉਣ ਵਾਲਾ ਹੈ, (ਇਸ ਵਾਸਤੇ) ਅਪਣੇ ਮਨ ਵਿਚ ਸਿਰਫ਼ ਪਰਮਾਤਮਾ ਦਾ ਆਸਰਾ ਰੱਖ, ਸਿਰਫ਼ ਪਰਮਾਤਮਾ ਹੀ ਜਿੰਦ ਦਾ ਸਹਾਰਾ ਹੈ। ਉਹ ਪਾਰਬ੍ਰਹਮ ਕਰਤਾਰ (ਹੀ ਸਹਾਰਾ ਹੈ) ਉਸ ਦੀ ਸ਼ਰਨ ਪਿਆ ਸਦਾ ਸੁੱਖ ਮਿਲਦਾ ਹੈ।੧।

(ਹੇ ਮਨ!) ਸਿਰਫ਼ ਪਰਮਾਤਮਾ ਹੀ (ਅਸਲ) ਭਰਾ ਹੈ ਮਿੱਤਰ ਹੈ, ਸਿਰਫ਼ ਪਰਮਾਤਮਾ ਹੀ (ਅਸਲ) ਮਾਂ ਪਿਉ ਹੈ (ਭਾਵ, ਮਾਪਿਆਂ ਵਾਂਗ ਪਾਲਣਹਾਰ ਹੈ)। (ਮੈਨੂੰ ਤਾਂ) ਉਸ ਪਰਮਾਤਮਾ ਦਾ ਹੀ ਮਨ ਵਿਚ ਸਹਾਰਾ ਹੈ ਜਿਸ ਨੇ ਇਹ ਜਿੰਦ ਦਿੱਤੀ ਹੈ, ਜਿਸ ਨੇ ਇਹ ਸਰੀਰ ਦਿੱਤਾ ਹੈ। (ਮੇਰੀ ਸਦਾ ਇਹੀ ਅਰਦਾਸ ਹੈ ਕਿ ਜਿਸ ਪ੍ਰਭੂ ਨੇ ਸਭ ਕੁਝ ਅਪਣੇ ਵੱਸ ਵਿਚ ਰਖਿਆ ਹੋਇਆ ਹੈ ਉਹ ਕਦੇ ਮੇਰੇ ਮਨ ਤੋਂ ਨਾ ਭੁੱਲੇ)।੨।

(ਹੇ ਭਾਈ! ਤੇਰੇ) ਹਿਰਦੇ ਵਿਚ ਵੀ ਤੇ ਬਾਹਰ ਹਰ ਥਾਂ ਸਿਰਫ਼ ਪਰਮਾਤਮਾ ਹੀ ਵੱਸ ਰਿਹਾ ਹੈ। (ਹੇ ਭਾਈ!) ਅੱਠੇ ਪਹਿਰ ਉਸ ਪ੍ਰਭੂ ਨੂੰ ਸਿਮਰ, ਜਿਸ ਨੇ ਸਾਰੇ ਜੀਅ ਜੰਤ ਪੈਦਾ ਕੀਤੇ ਹਨ। ਜੇ ਸਿਰਫ਼ ਪਰਮਾਤਮਾ ਦੇ (ਪਿਆਰ-ਰੰਗ) ਵਿਚ ਰੰਗੇ ਰਹੀਏ, ਤਾਂ ਕਦੇ ਕੋਈ ਦੁੱਖ ਕਲੇਸ਼ ਨਹੀਂ ਪਾਉਂਦਾ।੩।

ਪਾਰਬ੍ਰਹਮ ਪਰਮਾਤਮਾ ਹੀ (ਸਾਰੇ ਸੰਸਾਰ ਦਾ ਮਾਲਕ) ਹੈ, ਕੋਈ ਹੋਰ ਉਸ ਦੇ ਬਰਾਬਰ ਦਾ ਨਹੀਂ ਹੈ। (ਸਭ ਜੀਵਾਂ ਦਾ) ਸਰੀਰ ਉਸ ਪਰਮਾਤਮਾ ਦਾ ਹੀ ਦਿੱਤਾ ਹੋਇਆ ਹੈ, (ਜਗਤ ਵਿਚ) ਉਹੀ ਕੁਝ ਹੁੰਦਾ ਹੈ ਜੋ ਉਸ ਨੂੰ ਚੰਗਾ ਲੱਗਦਾ ਹੈ। ਹੇ ਨਾਨਕ! ਜਿਹੜਾ ਮਨੁੱਖ ਪੂਰੇ ਗੁਰੂ ਦੀ ਰਾਹੀਂ ਉਸ ਸਦਾ-ਥਿਰ ਪ੍ਰਭੂ ਨੂੰ ਸਿਮਰਦਾ ਹੈ, ਉਹ (ਸਭ ਗੁਣਾਂ ਨਾਲ) ਮੁਕੰਮਲ ਹੋ ਜਾਂਦਾ ਹੈ।੪।੯।੭੯।

੨੪–ਹਰਿ ਏਕੁ ਸਿਮਰਿ ਏਕੁ ਸਿਮਰਿ ਏਕੁ ਸਿਮਰਿ ਪਿਆਰੇ ॥ ਕਲਿ ਕਲੇਸ ਲੋਭ ਮੋਹ ਮਹਾ ਭਉਜਲੁ ਤਾਰੇ ॥ ਰਹਾਉ ॥ ਸਾਸਿ ਸਾਸਿ ਨਿਮਖ ਨਿਮਖ ਦਿਨਸੁ ਰੈਨਿ ਚਿਤਾਰੇ ॥ ਸਾਧਸੰਗ ਜਪਿ ਨਿਸੰਗ ਮਨਿ ਨਿਧਾਨੁ ਧਾਰੇ ॥੧॥ ਚਰਨ ਕਮਲ ਨਮਸਕਾਰ ਗੁਨ ਗੋਬਿਦ ਬੀਚਾਰੇ ॥ ਸਾਧ ਜਨਾ ਕੀ ਰੇਨ ਨਾਨਕ ਮੰਗਲ ਸੂਖ ਸਧਾਰੇ ॥੨॥੧॥ ੩੧॥ (ਪੰਨਾ ੬੭੯)

ਅਰਥ : ਹੇ ਪਿਆਰੇ! ਸਦਾ ਹੀ ਪਰਮਾਤਮਾ ਦਾ ਨਾਮ ਸਿਮਰਿਆ ਕਰ। (ਇਹ ਸਿਮਰਨ) ਇਸ ਵੱਡੇ ਭਿਆਨਕ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਲੈਂਦਾ ਹੈ ਜਿਸ ਵਿਚ ਬੇਅੰਤ ਸੰਸਾਰਕ ਝਗੜੇ ਹਨ, ਜਿਸ ਵਿਚ ਲੋਭ ਮੋਹ (ਦੀਆਂ ਲਹਿਰਾਂ ਉੱਠ ਰਹੀਆਂ) ਹਨ। ਰਹਾਉ।

ਹੇ ਭਾਈ! ਦਿਨ ਰਾਤ ਛਿਨ-ਛਿਨ ਹਰੇਕ ਸਾਹ ਦੇ ਨਾਲ (ਪਰਮਾਤਮਾ ਦਾ ਨਾਮ ਚੇਤੇ ਕਰਦਾ ਰਹੁ)। ਸਾਧ ਸੰਗਤ ਵਿਚ (ਬੈਠ ਕੇ) ਝਾਕਾ ਲਾਹ ਕੇ ਪਰਮਾਤਮਾ ਦਾ ਨਾਮ ਜਪਿਆ ਕਰ। ਇਹ ਨਾਮ-ਖ਼ਜ਼ਾਨਾ ਅਪਣੇ ਮਨ ਵਿਚ ਵਸਾਈ ਰੱਖ।੧।

ਹੇ ਪਿਆਰੇ! ਪਰਮਾਤਮਾ ਦੇ ਕੋਮਲ ਚਰਨਾਂ ਉਤੇ ਅਪਣਾ ਸਿਰ ਨਿਵਾਈ ਰੱਖ। ਗੋਬਿੰਦ ਦੇ ਗੁਣ ਅਪਣੇ ਸੋਚ-ਮੰਡਲ ਵਿਚ ਵਸਾ। ਹੇ ਨਾਨਕ! ਸੰਤ ਜਨਾ ਦੇ ਚਰਨਾਂ ਦੀ ਧੂੜ (ਅਪਣੇ ਮੱਥੇ ਉਤੇ ਲਾਇਆ ਕਰ, ਇਹ ਚਰਨ-ਧੂੜ ਆਤਮਕ ਖ਼ੁਸ਼ੀਆਂ ਤੇ ਆਤਮਕ ਆਨੰਦ ਦਿੰਦੀ ਹੈ।੨।੧।੩੧।)

੨੫-**ਏਕੋ ਜਪੀਐ ਮਨੈ ਮਾਹਿ ਇਕਸ ਕੀ ਸਰਣਾਇ ॥ ਇਕਸੁ ਸਿਉ ਕਰਿ ਪਿਰਹੜੀ ਦੂਜੀ ਨਾਹੀ ਜਾਇ ॥ ਇਕੋ ਦਾਤਾ ਮੰਗੀਐ ਸਭੁ ਕਿਛੁ ਪਲੈ ਪਾਇ ॥ ਮਨਿ ਤਨਿ ਸਾਸਿ ਗਿਰਾਸਿ ਪ੍ਰਭੁ ਇਕੋ ਇਕੁ ਧਿਆਇ ॥ ਅੰਮ੍ਰਿਤੁ ਨਾਮੁ ਨਿਧਾਨੁ ਸਚੁ ਗੁਰਮੁਖਿ ਪਾਇਆ ਜਾਇ ॥ ਵਡਭਾਗੀ ਤੇ ਸੰਤ ਜਨ ਜਿਨ ਮਨਿ ਵੁਠਾ ਆਇ ॥ ਜਲਿ ਥਲਿ ਮਹੀਅਲਿ ਰਵਿ ਰਹਿਆ ਦੂਜਾ ਕੋਈ ਨਾਹਿ ॥ ਨਾਮੁ ਧਿਆਈ ਨਾਮੁ ਉਚਰਾ ਨਾਨਕ ਖਸਮ ਰਜਾਇ ॥੨ ॥** (ਪੰਨਾ ੯੬੧)

ਇਕ ਤੋਂ ਵਿਛੜ ਜਾਣ ਦੇ ਦੋਖ ਤੇ ਉਸ ਇਕ ਨਾਲ ਜੁੜੇ ਰਹਿਣ ਦੇ ਗੁਣ:--

੨੬-**ਜਬ ਇਹੁ ਮਨ ਮਹਿ ਕਰਤ ਗੁਮਾਨਾ ॥ ਤਬ ਇਹੁ ਬਾਵਰੁ ਫਿਰਤ ਬਿਗਾਨਾ ॥ ਜਬ ਇਹੁ ਹੂਆ ਸਗਲ ਕੀ ਰੀਨਾ ॥ ਤਾ ਤੇ ਰਮਈਆ ਘਟਿ ਘਟਿ ਚੀਨਾ ॥ ੧ ॥ ਸਹਜ ਸੁਹੇਲਾ ਫਲੁ ਮਸਕੀਨੀ ॥ ਸਤਿਗੁਰ ਅਪੁਨੈ ਮੋਹਿ ਦਾਨੁ ਦੀਨੀ ॥ ੧ ॥ ਰਹਾਉ ॥ ਜਬ ਕਿਸ ਕਉ ਇਹੁ ਜਾਨਸਿ ਮੰਦਾ ॥ ਤਬ ਸਗਲੇ ਇਸੁ ਮੇਲਹਿ ਫੰਦਾ ॥ ਮੇਰ ਤੇਰ ਜਬ ਇਨਹਿ ਚੁਕਾਈ ॥ ਤਾ ਤੇ ਇਸੁ ਸੰਗਿ ਨਹੀ ਬੈਰਾਈ ॥ ੨ ॥ ਜਬ ਇਨਿ ਅਪੁਨੀ ਅਪਨੀ ਧਾਰੀ ॥ ਤਬ ਇਸ ਕਉ ਹੈ ਮੁਸਕਲੁ ਭਾਰੀ ॥ ਜਬ ਇਨਿ ਕਰਣੈਹਾਰੁ ਪਛਾਤਾ ॥ ਤਬ ਇਸ ਨੋ ਨਾਹੀ ਕਿਛੁ ਤਾਤਾ ॥ ੩ ॥ ਜਬ ਇਨਿ ਅਪੁਨੋ ਬਾਧਿਓ ਮੋਹਾ ॥ ਆਵੈ ਜਾਇ ਸਦਾ ਜਮਿ ਜੋਹਾ ॥ ਜਬ ਇਸ ਤੇ ਸਭ ਬਿਨਸੇ ਭਰਮਾ ॥ ਭੇਦੁ ਨਾਹੀ ਹੈ ਪਾਰਬ੍ਰਹਮਾ ॥ ੪ ॥ ਜਬ ਇਨਿ ਕਿਛੁ ਕਰਿ ਮਾਨੇ ਭੇਦਾ ॥ ਤਬ ਤੇ ਦੂਖ ਡੰਡ ਅਰੁ ਖੇਦਾ ॥ ਜਬ ਇਨਿ ਏਕੋ ਏਕੀ ਬੂਝਿਆ ॥ ਤਬ ਤੇ ਇਸ ਨੋ ਸਭੁ ਕਿਛੁ ਸੂਝਿਆ ॥ ੫ ॥ ਜਬ ਇਹੁ ਧਾਵੈ ਮਾਇਆ ਅਰਥੀ ॥ ਨਹ ਤ੍ਰਿਪਤਾਵੈ ਨਹ ਤਿਸ ਲਾਥੀ ॥ ਜਬ ਇਸ ਤੇ ਇਹੁ ਹੋਇਓ ਜਉਲਾ ॥ ਪੀਛੈ ਲਾਗਿ ਚਲੀ ਉਠਿ ਕਉਲਾ ॥ ੬ ॥ ਕਰਿ ਕਿਰਪਾ ਜਉ ਸਤਿਗੁਰੁ ਮਿਲਿਓ ॥ ਮਨ ਮੰਦਰ ਮਹਿ ਦੀਪਕੁ ਜਲਿਓ ॥ ਜੀਤ ਹਾਰ ਕੀ ਸੋਝੀ ਕਰੀ ॥ ਤਉ ਇਸੁ ਘਰ ਕੀ ਕੀਮਤਿ**

ਪਰੀ ॥ ੭ ॥ ਕਰਨ ਕਰਾਵਨ ਸਭੁ ਕਿਛੁ ਏਕੈ ॥ ਆਪੇ ਬੁਧਿ ਬੀਚਾਰਿ ਬਿਬੇਕੈ ॥ ਦੂਰਿ ਨ ਨੇਰੈ ਸਭ ਕੈ ਸੰਗਾ ॥ ਸਚੁ ਸਾਲਾਹਣੁ ਨਾਨਕ ਹਰਿ ਰੰਗਾ ॥ ੮ ॥੧ ॥ (ਪੰਨਾ ੨੩੫-੩੬)

ਅਰਥ : ਜਦ ਤਕ ਇਸ ਮਨੁੱਖ ਨੇ (ਦੂਜਿਆਂ ਨਾਲੋਂ) ਕੋਈ ਵਿਤਕਰੇ ਮਿੱਥ ਰੱਖੇ ਹਨ, ਤਦ ਤਕ ਇਸ ਦੀ ਆਤਮਾ ਨੂੰ ਦੁੱਖਾਂ-ਕਲੇਸ਼ਾਂ ਦੀਆਂ ਸਜ਼ਾਵਾਂ ਮਿਲਦੀਆਂ ਰਹਿੰਦੀਆਂ ਹਨ, ਪਰ ਜਦੋਂ ਇਸ ਨੇ (ਹਰ ਥਾਂ) ਇਕ ਪਰਮਾਤਮਾ ਨੂੰ ਹੀ ਵੱਸਦਾ ਸਮਝ ਲਿਆ, ਤਦੋਂ ਇਸ ਨੂੰ (ਸਹੀ ਜੀਵਨ-ਜੁਗਤਿ ਦਾ) ਹਰੇਕ ਅੰਗ ਸੁੱਝ ਪੈਂਦਾ ਹੈ।੫।

ਜਿਤਨਾ ਚਿਰ ਇਹ ਮਨੁੱਖ ਮਾਇਆ ਦਾ ਮੁਥਾਜ ਹੋ ਕੇ (ਹਰ ਪਾਸੇ) ਭਟਕਦਾ ਫਿਰਦਾ ਹੈ, ਤਦੋਂ ਤਕ ਇਹ ਤ੍ਰਿਪਤ ਨਹੀਂ ਹੁੰਦਾ। ਇਸ ਦੀ ਮਾਇਆ ਵਾਲੀ ਤ੍ਰਿਸ਼ਨਾ ਮੁੱਕਦੀ ਨਹੀਂ। ਜਦੋਂ ਇਹ ਮਨੁੱਖ ਇਸ ਮਾਇਆ-ਮੋਹ ਤੋਂ ਵੱਖ ਹੋ ਜਾਂਦਾ ਹੈ, ਤਦੋਂ ਮਾਇਆ ਇਸ ਦੇ ਪਿਛੇ ਪਿੱਛੇ ਲੱਗ ਤੁਰਦੀ ਹੈ। (ਮਾਇਆ ਇਸ ਦੀ ਦਾਸੀ ਬਣ ਜਾਂਦੀ ਹੈ)।੬।

ਜਦੋਂ (ਕਿਸੇ ਮਨੁੱਖ ਨੂੰ) ਗੁਰੂ ਮਿਹਰ ਕਰ ਕੇ ਮਿਲ ਪੈਂਦਾ ਹੈ, ਉਸ ਦੇ ਮਨ ਵਿਚ ਗਿਆਨ ਹੋ ਜਾਂਦਾ ਹੈ, ਜਿਵੇਂ ਘਰ ਵਿਚ ਦੀਵਾ ਜਗ ਪੈਂਦਾ ਹੈ (ਤੇ ਘਰ ਦੀ ਹਰੇਕ ਚੀਜ਼ ਦਿਸ ਪੈਂਦੀ ਹੈ) ਤਦੋਂ ਮਨੁੱਖ ਨੂੰ ਸਮਝ ਪੈ ਜਾਂਦੀ ਹੈ ਕਿ ਮਨੁੱਖਾ ਜੀਵਨ ਵਿਚ ਅਸਲ ਜਿੱਤ ਕੀ ਹੈ ਤੇ ਹਾਰ ਕੀ ਹੈ, ਤਦੋਂ ਇਸ ਨੂੰ ਅਪਣੇ ਸਰੀਰ ਦੀ ਪਤਾ ਲੱਗਦੀ ਹੈ (ਤੇ ਇਸ ਨੂੰ ਵਿਕਾਰਾਂ ਵਿਚ ਨਹੀਂ ਰੋਲਦਾ)।੭।

ਹੇ ਨਾਨਕ! (ਜੀਵ ਵਿਚਾਰੇ ਦੇ ਕੀ ਵੱਸ?) ਸਿਰਫ਼ ਪਰਮਾਤਮਾ ਹੀ (ਹਰੇਕ ਜੀਵ ਵਿਚ ਵਿਆਪਕ ਹੋ ਕੇ) ਸਭ ਕੁਝ ਕਰ ਰਿਹਾ ਹੈ ਤੇ ਉਹ ਪ੍ਰਭੂ ਆਪ ਹੀ (ਹਰੇਕ ਜੀਵ ਨੂੰ) ਅਕਲ (ਬਖ਼ਸ਼ਦਾ ਹੈ), ਆਪ ਹੀ (ਹਰੇਕ ਜੀਵ ਵਿਚ ਵਿਆਪਕ ਹੋ ਕੇ) ਵਿਚਾਰ ਕੇ (ਜੀਵਨ ਜੁਗਤਿ ਨੂੰ) ਪਰਖਦਾ ਹੈ। ਉਹ ਪਰਮਾਤਮਾ ਕਿਸੇ ਤੋਂ ਦੂਰ ਨਹੀਂ ਵਸਦਾ, ਸਭ ਦੇ ਨੇੜੇ ਵਸਦਾ ਹੈ, ਸਭ ਦੇ ਨਾਲ ਵਸਦਾ ਹੈ। ਉਹ ਪ੍ਰਭੂ ਸਦਾ-ਥਿਰ ਰਹਿਣ ਵਾਲਾ ਹੈ, ਉਹੀ ਸਭ ਚੋਜ-ਤਮਾਸ਼ੇ ਕਰਨ ਵਾਲਾ ਹੈ, ਉਹੀ ਸਾਲਾਹਣ-ਜੋਗ ਹੈ।੮।੧।

੨੭- ਐਸੋ ਸਹਾਈ ਹਰਿ ਕੋ ਨਾਮ ॥ ਸਾਧਸੰਗਤਿ ਭਜੁ ਪੂਰਨ ਕਾਮ ॥੧ ॥ ਰਹਾਉ ॥ ਬੂਡਤ ਕਉ ਜੈਸੇ ਬੇੜੀ ਮਿਲਤ ॥ ਬੂਝਤ ਦੀਪਕ ਮਿਲਤ ਤਿਲਤ ॥ ਜਲਤ ਅਗਨੀ ਮਿਲਤ ਨੀਰ ॥ ਜੈਸੇ ਬਾਰਿਕ ਮੁਖਹਿ ਖੀਰ ॥੧ ॥ ਜੈਸੇ ਰਣ ਮਹਿ ਸਖਾ ਭ੍ਰਾਤ ॥ ਜੈਸੇ ਭੂਖੇ ਭੋਜਨ ਮਾਤ ॥ ਜੈਸੇ ਕਿਰਖਹਿ ਬਰਸ ਮੇਘ ॥ ਜੈਸੇ ਪਾਲਨ ਸਰਨਿ ਸੇਂਘ ॥੨ ॥ ਗਰੁੜ ਮੁਖਿ ਨਹੀ ਸਰਪ ਤ੍ਰਾਸ ॥ ਸੂਆ ਪਿੰਜਰਿ ਨਹੀ ਖਾਇ ਬਿਲਾਸੁ ॥ ਜੈਸੋ ਆਂਡੋ ਹਿਰਦੇ ਮਾਹਿ ॥ ਜੈਸੋ ਦਾਨੋ ਚਕੀ ਦਰਾਹਿ ॥੩ ॥ ਬਹੁਤੁ ਓਪਮਾ ਥੋਰ

ਕਹੀ ॥ ਹਰਿ ਅਗਮ ਅਗਮ ਅਗਾਧਿ ਤੁਹੀ ॥ ਊਚ ਮੂਚੌ ਬਹੁ ਅਪਾਰ ॥ ਸਿਮਰਤ ਨਾਨਕ ਤਰੇ ਸਾਰ ॥੪॥੩॥ (ਪੰਨਾ ੯੮੬-੮੭)

੫

ਹਰਿ ਥਾਂ ਉਹ '੧' ਆਪੇ ਹੀ ਆਪ ਹੈ

੨੮–ਜੋ ਦੀਸੈ ਸੋ ਏਕੋ ਤੂਹੈ ॥ ਬਾਣੀ ਤੇਰੀ ਸ੍ਰਵਣਿ ਸੁਣੀਐ ॥ ਦੂਜੀ ਅਵਰ ਨ ਜਾਪਸਿ ਕਾਈ ਸਗਲ ਤੁਮਾਰੀ ਧਾਰਣਾ ॥੧॥ ਆਪਿ ਚਿਤਾਰੇ ਅਪਣਾ ਕੀਆ ॥ ਆਪੇ ਆਪਿ ਆਪਿ ਪ੍ਰਭੁ ਥੀਆ ॥ ਆਪਿ ਉਪਾਇ ਰਚਿਓਨੁ ਪਸਾਰਾ ਆਪੇ ਘਟਿ ਘਟਿ ਸਾਰਣਾ ॥੨॥ ਇਕਿ ਉਪਾਏ ਵਡ ਦਰਵਾਰੀ ॥ ਇਕਿ ਉਦਾਸੀ ਇਕਿ ਘਰ ਬਾਰੀ ॥ ਇਕਿ ਭੂਖੇ ਇਕਿ ਤ੍ਰਿਪਤਿ ਅਘਾਏ ਸਭਸੈ ਤੇਰਾ ਪਾਰਣਾ ॥੩॥ ਆਪੇ ਸਤਿ ਸਤਿ ਸਤਿ ਸਾਚਾ ॥ ਓਤਿ ਪੋਤਿ ਭਗਤਨ ਸੰਗਿ ਰਾਚਾ ॥ ਆਪੇ ਗੁਪਤੁ ਆਪੇ ਹੈ ਪਰਗਟੁ ਅਪਣਾ ਆਪੁ ਪਸਾਰਣਾ ॥੪॥ ਸਦਾ ਸਦਾ ਸਦ ਹੋਵਣਹਾਰਾ ॥ ਊਚਾ ਅਗਮੁ ਅਥਾਹੁ ਅਪਾਰਾ ॥ ਊਣੇ ਭਰੇ ਭਰੇ ਭਰਿ ਊਣੇ ਏਹਿ ਚਲਤ ਸੁਆਮੀ ਕੇ ਕਾਰਣਾ ॥ ੫ ॥ ਮੁਖਿ ਸਾਲਾਹੀ ਸਚੇ ਸਾਹਾ ॥ ਨੈਣੀ ਪੇਖਾ ਅਗਮ ਅਥਾਹਾ ॥ ਕਰਨੀ ਸੁਣਿ ਸੁਣਿ ਮਨੁ ਤਨੁ ਹਰਿਆ ਮੇਰੇ ਸਾਹਿਬ ਸਗਲ ਉਧਾਰਣਾ ॥ ੬ ॥ ਕਰਿ ਕਰਿ ਵੇਖਹਿ ਕੀਤਾ ਅਪਣਾ ॥ ਜੀਅ ਜੰਤ ਸੋਈ ਹੈ ਜਪਣਾ ॥ ਅਪਣੀ ਕੁਦਰਤਿ ਆਪੇ ਜਾਣੈ ਨਦਰੀ ਨਦਰਿ ਨਿਹਾਲਣਾ ॥੭॥ ਸੰਤ ਸਭਾ ਜਹ ਬੈਸਹਿ ਪ੍ਰਭ ਪਾਸੇ ॥ ਅਨੰਦ ਮੰਗਲ ਹਰਿ ਚਲਤ ਤਮਾਸੇ ॥ ਗੁਣ ਗਾਵਹਿ ਅਨਹਦ ਧੁਨਿ ਬਾਣੀ ਤਹ ਨਾਨਕ ਦਾਸੁ ਚਿਤਾਰਣਾ ॥੮॥ ਆਵਣੁ ਜਾਣਾ ਸਭੁ ਚਲਤੁ ਤੁਮਾਰਾ ॥ ਕਰਿ ਕਰਿ ਦੇਖੈ ਖੇਲੁ ਅਪਾਰਾ ॥ ਆਪਿ ਉਪਾਏ ਉਪਾਵਣਹਾਰਾ ਅਪਣਾ ਕੀਆ ਪਾਲਣਾ ॥੯॥ ਸੁਣਿ ਸੁਣਿ ਜੀਵਾ ਸੋਇ ਤੁਮਾਰੀ ॥ ਸਦਾ ਸਦਾ ਜਾਈ ਬਲਿਹਾਰੀ ॥ ਦੁਇ ਕਰ ਜੋੜਿ ਸਿਮਰਉ ਦਿਨੁ ਰਾਤੀ ਮੇਰੇ ਸੁਆਮੀ ਅਗਮ ਅਪਾਰਣਾ ॥ ੧੦ ॥ ਤੁਧੁ ਬਿਨੁ ਦੂਜੇ ਕਿਸੁ ਸਾਲਾਹੀ ॥ ਏਕੋ ਏਕੁ ਜਪੀ ਮਨ ਮਾਹੀ ॥ ਹੁਕਮੁ ਬੂਝਿ ਜਨ ਭਏ ਨਿਹਾਲਾ ਇਹ ਭਗਤਾ ਕੀ ਘਾਲਣਾ ॥੧੧॥ ਗੁਰ ਉਪਦੇਸਿ ਜਪੀਐ ਮਨਿ ਸਾਚਾ ॥ ਗੁਰ ਉਪਦੇਸਿ ਰਾਮ ਰੰਗਿ ਰਾਚਾ ॥ ਗੁਰ ਉਪਦੇਸਿ ਤੁਟਹਿ ਸਭਿ ਬੰਧਨ ਇਹੁ ਭਰਮੁ ਮੋਹੁ ਪਰਜਾਲਣਾ ॥੧੨॥ ਜਹ ਰਾਖੈ ਸੋਈ ਸੁਖ ਥਾਨਾ ॥ ਸਹਜੇ ਹੋਇ ਸੋਈ ਭਲ ਮਾਨਾ ॥ ਬਿਨਸੇ ਬੈਰ ਨਾਹੀ ਕੋ ਬੈਰੀ ਸਭੁ ਏਕੋ ਹੈ ਭਾਲਣਾ ॥੧੩॥ ਡਰ ਚੂਕੇ ਬਿਨਸੇ ਅੰਧਿਆਰੇ ॥ ਪ੍ਰਗਟ ਭਏ ਪ੍ਰਭ ਪੁਰਖ ਨਿਰਾਰੇ ॥ ਆਪੁ ਛੋਡਿ ਪਏ ਸਰਣਾਈ ਜਿਸ ਕਾ ਸਾ ਤਿਸੁ ਘਾਲਣਾ ॥੧੪॥ ਐਸਾ ਕੋ ਵਡਭਾਗੀ ਆਇਆ ॥

ਆਠ ਪਹਰ ਜਿਨਿ ਖਸਮੁ ਧਿਆਇਆ॥ ਤਿਸੁ ਜਨ ਕੈ ਸੰਗਿ ਤਰੈ ਸਭੁ ਕੋਈ ਸੋ ਪਰਵਾਰ ਸਧਾਰਣਾ॥੧੫॥ ਇਹ ਬਖਸੀਸ ਖਸਮ ਤੇ ਪਾਵਾ॥ ਆਠ ਪਹਰ ਕਰ ਜੋੜਿ ਧਿਆਵਾ॥ ਨਾਮੁ ਜਪੀ ਨਾਮਿ ਸਹਜਿ ਸਮਾਵਾ ਨਾਮੁ ਨਾਨਕ ਮਿਲੈ ਉਚਾਰਣਾ॥ ੧੬ ॥੧ ॥੬ ॥ (ਪੰਨਾ-੧੦੭੬-੭੭)

ਅਰਥ:- ਹੇ ਪ੍ਰਭੂ ! (ਜਗਤ ਵਿਚ) ਜੋ ਕੁਝ ਦਿੱਸ ਰਿਹਾ ਹੈ, ਇਹ ਸਭ ਕੁਝ ਸਿਰਫ਼ ਤੂੰ ਹੀ ਤੂੰ ਹੈਂ। (ਸਭ ਜੀਵਾਂ ਵਿਚ ਤੂੰ ਹੀ ਬੋਲ ਰਿਹਾ ਹੈਂ) ਤੇਰਾ ਹੀ ਬੋਲ ਕੰਨੀਂ ਸੁਣਿਆ ਜਾ ਰਿਹਾ ਹੈ। ਸਾਰੀ ਸ੍ਰਿਸ਼ਟੀ ਤੇਰੀ ਹੀ ਰਚੀ ਹੋਈ ਹੈ, ਕੋਈ ਭੀ ਸ਼ੈ ਤੈਥੋਂ ਵੱਖਰੀ ਨਹੀਂ ਦਿੱਸ ਰਹੀ ।੧।

ਹੇ ਭਾਈ! ਆਪਣੇ ਪੈਦਾ ਕੀਤੇ ਜਗਤ ਦੀ ਪ੍ਰਭੂ ਆਪ ਹੀ ਸੰਭਾਲ ਕਰ ਰਿਹਾ ਹੈ, ਹਰ ਥਾਂ ਪ੍ਰਭੂ ਆਪ ਹੀ ਆਪ ਹੈ। ਪ੍ਰਭੂ ਨੇ ਆਪ ਹੀ ਆਪਣੇ ਆਪ ਤੋਂ ਪੈਦਾ ਕਰ ਕੇ ਇਹ ਜਗਤ-ਪਸਾਰਾ ਰਚਿਆ ਹੈ। ਹਰੇਕ ਸਰੀਰ ਵਿਚ ਆਪ ਹੀ (ਵਿਆਪਕ ਹੋ ਕੇ ਸਭ ਦੀ) ਸਾਰ ਲੈਂਦਾ ਹੈ।੨।

ਹੇ ਪ੍ਰਭੂ! ਤੂੰ ਕਈ ਵੱਡੇ ਦਰਬਾਰਾਂ ਵਾਲੇ ਪੈਦਾ ਕੀਤੇ ਹਨ, ਕਈ ਤਿਆਗੀ ਤੇ ਕਈ ਗ੍ਰਿਹਸਤੀ ਬਣਾ ਦਿੱਤੇ ਹਨ। ਤੂੰ ਕਈ ਤਾਂ ਅਜਿਹੇ ਪੈਦਾ ਕੀਤੇ ਹਨ ਜੋ ਸਦਾ ਤ੍ਰਿਸ਼ਨਾ ਦੇ ਅਧੀਨ ਰਹਿੰਦੇ ਹਨ, ਤੇ ਕਈ ਪੂਰਨ ਤੌਰ ਤੇ ਰੱਜੇ ਹੋਏ ਹਨ। ਹਰੇਕ ਜੀਵ ਨੂੰ ਤੇਰਾ ਹੀ ਸਹਾਰਾ ਹੈ।੩।

ਹੇ ਭਾਈ! ਪਰਮਾਤਮਾ ਸਿਰਫ਼ ਆਪ ਹੀ ਸਦਾ ਕਾਇਮ ਰਹਿਣ ਵਾਲਾ ਹੈ। ਤਾਣੇ ਪੇਟੇ ਵਾਂਗ ਆਪਣੇ ਭਗਤਾਂ ਨਾਲ ਰਚਿਆ-ਮਿਚਿਆ ਰਹਿੰਦਾ ਹੈ। (ਜੀਵਾਤਮਾ ਦੇ ਰੂਪ ਵਿਚ ਹਰੇਕ ਜੀਵ ਦੇ ਅੰਦਰ) ਆਪ ਹੀ ਲੁਕਿਆ ਹੋਇਆ ਹੈ, ਇਹ ਦਿਸਦਾ ਪਸਾਰਾ ਭੀ ਉਹ ਆਪ ਹੀ ਹੈ। (ਜਗਤ-ਰੂਪ ਵਿਚ) ਉਸ ਨੇ ਆਪਣੇ ਆਪ ਨੂੰ ਆਪ ਹੀ ਖਿਲਾਰਿਆ ਹੋਇਆ ਹੈ।੪।

ਹੇ ਭਾਈ! ਪਰਮਾਤਮਾ ਸਦਾ ਹੀ ਸਦਾ ਹੀ ਜੀਊਂਦਾ ਰਹਿਣ ਵਾਲਾ ਹੈ, (ਆਤਮਕ ਅਵਸਥਾ ਵਿਚ) ਉਹ ਬਹੁਤ ਉੱਚਾ ਹੈ, ਅਪਹੁੰਚ ਹੈ, ਅਥਾਹ ਹੈ, ਬੇਅੰਤ ਹੈ। ਉਸ ਮਾਲਕ-ਪ੍ਰਭੂ ਦੇ ਇਹ ਕੌਤਕ ਤਮਾਸ਼ੇ ਹਨ ਕਿ ਸੱਖਣੇ (ਭਾਂਡੇ) ਭਰ ਦੇਂਦਾ ਹੈ, ਭਰਿਆਂ ਨੂੰ ਖ਼ਾਲੀ ਕਰ ਦੇਂਦਾ ਹੈ।੫।

ਹੇ ਸਦਾ ਕਾਇਮ ਰਹਿਣ ਵਾਲੇ ਪਾਤਿਸ਼ਾਹ! (ਮਿਹਰ ਕਰ) ਮੈਂ ਮੂੰਹੋਂ ਤੇਰੀ ਸਿਫ਼ਤਿ ਕਰਦਾ ਰਹਾਂ। ਹੇ ਅਪਹੁੰਚ ਤੇ ਅਥਾਹ ਪ੍ਰਭੂ! (ਕਿਰਪਾ ਕਰ, ਹਰ ਥਾਂ) ਮੈਂ (ਤੈਨੂੰ) ਅੱਖਾਂ ਨਾਲ ਵੇਖਾਂ। ਕੰਨਾਂ ਨਾਲ ਤੇਰੀ ਸਿਫ਼ਤਿ-ਸਾਲਾਹ ਸੁਣ-ਸੁਣ ਕੇ ਮੇਰਾ ਮਨ, ਮੇਰਾ ਤਨ (ਆਤਮਕ ਜੀਵਨ ਨਾਲ) ਹਰਿਆ-ਭਰਿਆ ਹੋਇਆ ਰਹੇ। ਹੇ ਮੇਰੇ ਮਾਲਕ! ਤੂੰ ਸਭਨਾਂ ਜੀਵਾਂ ਦਾ ਬੇੜਾ ਪਾਰ ਕਰਨ ਵਾਲਾ ਹੈਂ।੬।

ਹੇ ਪ੍ਰਭੂ! ਤੂੰ ਸਭ ਜੀਵਾਂ ਨੂੰ ਪੈਦਾ ਕਰ ਕਰ ਕੇ ਆਪਣੇ ਪੈਦਾ ਕੀਤਿਆਂ ਦੀ ਸੰਭਾਲ ਕਰਦਾ ਹੈਂ। ਹੇ ਭਾਈ! ਸਾਰੇ ਜੀਅ ਜੰਤ ਉਸੇ ਸਿਰਜਣਹਾਰ ਨੂੰ ਜਪਦੇ ਹਨ। ਆਪਣੀ ਕੁਦਰਤ (ਪੈਦਾ ਕਰਨ ਦੀ ਤਾਕਤ) ਨੂੰ ਆਪ ਹੀ ਜਾਣਦਾ ਹੈ। ਮਿਹਰ ਦਾ ਮਾਲਕ ਪ੍ਰਭੂ ਮਿਹਰ ਦੀ ਨਿਗਾਹ ਨਾਲ ਸਭ ਵਲ ਤੱਕਦਾ ਹੈ।੭।

ਹੇ ਭਾਈ! ਜਿਸ ਸਾਧ ਸੰਗਤਿ ਵਿਚ (ਸੰਤ ਜਨ) ਪ੍ਰਭੂ ਦੇ ਚਰਨਾਂ ਵਿਚ ਬੈਠਦੇ ਹਨ, ਪ੍ਰਭੂ ਦੇ ਕੌਤਕ ਤਮਾਸ਼ਿਆਂ ਦਾ ਜ਼ਿਕਰ ਕਰ ਕੇ ਆਤਮਕ ਆਨੰਦ ਖ਼ੁਸ਼ੀਆਂ ਮਾਣਦੇ ਹਨ, ਅਤੇ ਇਕ-ਰਸ ਸੁਰ ਵਿਚ ਬਾਣੀ ਦੀ ਰਾਹੀਂ ਪ੍ਰਭੂ ਦੇ ਗੁਣ ਗਾਂਦੇ ਹਨ, (ਜੇ ਪ੍ਰਭੂ ਦੀ ਮਿਹਰ ਹੋਵੇ ਤਾਂ) ਉਸ ਸਾਧ ਸੰਗਤਿ ਵਿਚ ਦਾਸ ਨਾਨਕ ਭੀ ਉਸ ਦੇ ਗੁਣ ਆਪਣੇ ਹਿਰਦੇ ਵਿਚ ਵਸਾਏ।੮।

ਹੇ ਪ੍ਰਭੂ! (ਜੀਵਾਂ ਦਾ) ਜੰਮਣਾ ਤੇ ਮਰਨਾ—ਇਹ ਸਾਰਾ ਤੇਰਾ (ਰਚਿਆ) ਖੇਲ ਹੈ। ਹੇ ਭਾਈ! ਬੇਅੰਤ ਪ੍ਰਭੂ ਇਹ ਖੇਲ ਕਰ-ਕਰ ਕੇ ਵੇਖ ਰਿਹਾ ਹੈ। ਪੈਦਾ ਕਰਨ ਦੀ ਸਮਰਥਾ ਵਾਲਾ ਪ੍ਰਭੂ ਆਪ (ਜੀਵਾਂ ਨੂੰ) ਪੈਦਾ ਕਰਦਾ ਹੈ। ਆਪਣੇ ਪੈਦਾ ਕੀਤੇ (ਜੀਵਾਂ) ਨੂੰ (ਆਪ ਹੀ) ਪਾਲਦਾ ਹੈ।੯।

ਹੇ ਪ੍ਰਭੂ! ਤੇਰੀ ਸੋਭਾ ਸੁਣ-ਸੁਣ ਕੇ ਮੈਂ ਆਤਮਕ ਜੀਵਨ ਹਾਸਲ ਕਰਦਾ ਹਾਂ, ਮੈਂ ਤੈਥੋਂ ਸਦਾ ਹੀ ਸਦਕੇ ਜਾਂਦਾ ਹਾਂ । ਹੇ ਮੇਰੇ ਅਪਹੁੰਚ ਤੇ ਬੇਅੰਤ ਮਾਲਕ! (ਜਦੋਂ ਤੇਰੀ ਮਿਹਰ ਹੁੰਦੀ ਹੈ) ਮੈਂ ਦੋਵੇਂ ਹੱਥ ਜੋੜ ਕੇ ਦਿਨ ਰਾਤ ਤੈਨੂੰ ਸਿਮਰਦਾ ਹਾਂ।੧੦।

ਹੇ ਪ੍ਰਭੂ! ਤੈਨੂੰ ਛੱਡ ਕੇ ਮੈਂ ਕਿਸੇ ਹੋਰ ਦੀ ਸਿਫ਼ਤਿ-ਸਾਲਾਹ ਨਹੀਂ ਕਰ ਸਕਦਾ। ਮੈਂ ਆਪਣੇ ਮਨ ਵਿਚ ਸਿਰਫ਼ ਇਕ ਤੈਨੂੰ ਹੀ ਜਪਦਾ ਹਾਂ। ਤੇਰੇ ਸੇਵਕ ਤੇਰੀ ਰਜ਼ਾ ਨੂੰ ਸਮਝ ਕੇ ਸਦਾ ਖਿੜੇ-ਮੱਥੇ ਰਹਿੰਦੇ ਹਨ—ਇਹ ਹੈ ਤੇਰਿਆਂ ਭਗਤਾਂ ਦੀ ਘਾਲ ਕਮਾਈ ।੧੧।

ਹੇ ਭਾਈ! ਗੁਰੂ ਦੇ ਉਪਦੇਸ਼ ਦੀ ਰਾਹੀਂ ਮਨ ਵਿਚ ਸਦਾ-ਥਿਰ ਪ੍ਰਭੂ ਦਾ ਨਾਮ ਜਪਣਾ ਚਾਹੀਦਾ ਹੈ। ਗੁਰੂ ਦੇ ਉਪਦੇਸ਼ ਉਤੇ ਤੁਰ ਕੇ ਮਨ ਪ੍ਰਭੂ ਦੇ ਪ੍ਰੇਮ-ਰੰਗ ਵਿਚ ਮਿਚਿਆ ਰਹਿੰਦਾ ਹੈ। ਹੇ ਭਾਈ! ਗੁਰੂ ਦੇ ਉਪਦੇਸ਼ ਦੀ ਬਰਕਤਿ ਨਾਲ (ਮਨੁੱਖ ਦੇ ਅੰਦਰੋਂ ਮਾਇਆ ਦੇ ਮੋਹ ਦੇ) ਸਾਰੇ ਬੰਧਨ ਟੁੱਟ ਜਾਂਦੇ ਹਨ। ਮਨੁੱਖ ਦੀ ਇਹ ਭਟਕਣਾ, ਮਨੁੱਖ ਦਾ ਇਹ ਮੋਹ ਚੰਗੀ ਤਰ੍ਹਾਂ ਸੜ ਜਾਂਦਾ ਹੈ।੧੨।

ਹੇ ਭਾਈ! ('ਐਸਾ ਕੋ ਵਡਭਾਗੀ ਆਇਆ' ਜਿਹੜਾ ਇਹ ਨਿਸ਼ਚਾ ਰੱਖਦਾ ਹੈ ਕਿ) ਜਿੱਥੇ (ਪਰਮਾਤਮਾ ਸਾਨੂੰ) (ਸਾਡੇ ਵਾਸਤੇ) ਸੁਖ ਦੇਣ ਵਾਲਾ ਥਾਂ ਹੈ, (ਜਿਹੜਾ ਮਨੁੱਖ) ਜੋ ਕੁਝ ਰਜ਼ਾ ਵਿਚ ਹੋ ਰਿਹਾ ਹੈ ਉਸ ਨੂੰ ਭਲਾਈ ਵਾਸਤੇ ਹੋ ਰਿਹਾ ਮੰਨਦਾ ਹੈ, (ਜਿਸ ਮਨੁੱਖ ਦੇ ਅੰਦਰੋਂ) ਸਾਰੇ ਵੈਰ-ਵਿਰੋਧ ਮਿਟ ਜਾਂਦੇ ਹਨ, (ਜਿਸ ਨੂੰ ਜਗਤ ਵਿਚ) ਕੋਈ ਵੈਰੀ ਨਹੀਂ ਦਿੱਸਦਾ, (ਜਿਹੜਾ) ਹਰ ਥਾਂ ਸਿਰਫ਼ ਪਰਮਾਤਮਾ ਨੂੰ ਹੀ ਵੇਖਦਾ ਹੈ ।੧੩।

ਹੇ ਭਾਈ! ('ਐਸਾ ਕੋ ਵਡਭਾਗੀ ਆਇਆ', ਜਿਸ ਦੇ ਅੰਦਰੋਂ) ਸਾਰੇ ਡਰ ਮੁੱਕ ਜਾਂਦੇ ਹਨ, ਆਤਮਕ ਜੀਵਨ ਦੇ ਰਸਤੇ ਦੇ ਸਾਰੇ ਹਨੇਰੇ ਦੂਰ ਹੋ ਜਾਂਦੇ ਹਨ, (ਜਿਸ ਦੇ ਅੰਦਰ) ਨਿਰਲੇਪ ਪ੍ਰਭੂ ਪਰਗਟ ਹੋ ਜਾਂਦਾ ਹੈ, (ਜਿਹੜਾ ਮਨੁੱਖ) ਆਪਾ-ਭਾਵ ਦੂਰ ਕਰ ਕੇ ਪਰਮਾਤਮਾ ਦੀ ਸਰਨੀਂ ਪੈਂਦਾ ਹੈ, ਜਿਸ ਪ੍ਰਭੂ ਦਾ ਪੈਦਾ ਕੀਤਾ ਹੋਇਆ ਹੈ ਉਸੇ (ਦੇ ਸਿਮਰਨ) ਦੀ ਘਾਲ-ਕਮਾਈ ਕਰਦਾ ਹੈ।੧੪।

ਹੇ ਭਾਈ! ਕੋਈ ਵਿਰਲਾ ਹੀ ਅਜਿਹਾ ਭਾਗਾਂ ਵਾਲਾ ਮਨੁੱਖ ਜੰਮਦਾ ਹੈ, ਜਿਹੜਾ ਅੱਠੇ ਪਹਰ ਮਾਲਕ-ਪ੍ਰਭੂ ਦਾ ਨਾਮ ਯਾਦ ਕਰਦਾ ਹੈ। ਉਸ ਮਨੁੱਖ ਦੀ ਸੰਗਤਿ ਵਿਚ (ਰਹਿ ਕੇ) ਹਰੇਕ ਮਨੁੱਖ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ, ਉਹ ਮਨੁੱਖ ਆਪਣੇ ਪਰਵਾਰ ਵਾਸਤੇ ਸਹਾਰਾ ਬਣ ਜਾਂਦਾ ਹੈ।੧੫।

ਹੇ ਨਾਨਕ! (ਆਖ—ਹੇ ਭਾਈ! ਜੇ ਮੇਰੇ ਮਾਲਕ ਦੀ ਮੇਰੇ ਉਤੇ ਮਿਹਰ ਹੋਵੇ ਤਾਂ) ਮੈਂ ਉਸ ਮਾਲਕ ਪਾਸੋਂ ਇਹ ਦਾਤਿ ਹਾਸਿਲ ਕਰਾਂ ਕਿ ਅੱਠੇ ਪਹਰ ਦੋਵੇਂ ਹੱਥ ਜੋੜ ਕੇ ਉਸ ਦਾ ਨਾਮ ਸਿਮਰਦਾ ਰਹਾਂ, ਉਸ ਦਾ ਨਾਮ ਜਪਦਾ ਰਹਾਂ, ਉਸ ਦੇ ਨਾਮ ਵਿਚ ਆਤਮਕ ਅਡੋਲਤਾ ਵਿਚ ਲੀਨ ਰਹਾਂ, ਮੈਨੂੰ ਉਸ ਦਾ ਨਾਮ ਜਪਣ ਦੀ ਦਾਤਿ ਮਿਲੀ ਰਹੇ।੧੬।੧।੬।

੨੯- ਅੰਦਰੁ ਵਿਧਾ ਸਚਿ ਨਾਇ ਬਾਹਰਿ ਭੀ ਸਚੁ ਡਿਠੋਮਿ ॥ ਨਾਨਕ ਰਵਿਆ ਹਭ ਥਾਇ ਵਣਿ ਤ੍ਰਿਣਿ ਤ੍ਰਿਭਵਣਿ ਰੋਮਿ ॥੨॥ ਪਉੜੀ ॥ ਆਪੇ ਕੀਤੋ ਰਚਨੁ ਆਪੇ ਹੀ ਰਤਿਆ ॥ ਆਪੇ ਹੋਇਓ ਇਕੁ ਆਪੇ ਬਹੁ ਭਤਿਆ ॥ ਆਪੇ ਸਭਨਾ ਮੰਝਿ ਆਪੇ ਬਾਹਰਾ ॥ ਆਪੇ ਜਾਣਹਿ ਦੂਰਿ ਆਪੇ ਹੀ ਜਾਹਰਾ ॥ ਆਪੇ ਹੋਵਹਿ ਗੁਪਤੁ ਆਪੇ ਪਰਗਟੀਐ ॥ ਕੀਮਤਿ ਕਿਸੈ ਨ ਪਾਇ ਤੇਰੀ ਥਟੀਐ ॥ ਗਹਿਰ ਗੰਭੀਰੁ ਅਥਾਹੁ ਅਪਾਰੁ ਅਗਣਤੁ ਤੂੰ ॥ ਨਾਨਕ ਵਰਤੈ ਇਕੁ ਇਕੋ ਇਕੁ ਤੂੰ ॥੨੨॥੧॥੨॥ ਸੁਧੁ ॥ (ਪੰਨਾ - ੯੬੬)

ਅਰਥ:- ਜਦੋਂ ਮੇਰਾ ਅੰਦਰਲਾ (ਭਾਵ, ਮਨ) ਸੱਚੇ ਨਾਮ ਵਿਚ ਵਿੱਝ ਗਿਆ, ਤਾਂ ਮੈਂ ਬਾਹਰ ਭੀ ਉਸ ਸਦਾ-ਥਿਰ ਪ੍ਰਭੂ ਨੂੰ ਵੇਖ ਲਿਆ। ਹੇ ਨਾਨਕ! (ਹੁਣ ਮੈਨੂੰ ਇਉਂ ਦਿੱਸਦਾ ਹੈ ਕਿ) ਪਰਮਾਤਮਾ ਹਰੇਕ ਥਾਂ ਵਿਚ ਮੌਜੂਦ ਹੈ, ਹਰੇਕ ਵਣ ਵਿਚ, ਹਰੇਕ ਤੀਲੇ ਵਿਚ, ਸਾਰੇ ਹੀ ਤ੍ਰਿਭਵਣੀ ਸੰਸਾਰ ਵਿਚ, ਰੋਮ ਰੋਮ ਵਿਚ ।੨।

ਇਹ ਜਗਤ-ਰਚਨਾ ਪ੍ਰਭੂ ਨੇ ਆਪ ਹੀ ਰਚੀ ਹੈ, ਤੇ ਆਪ ਹੀ ਇਸ ਵਿਚ ਮਿਲਿਆ ਹੋਇਆ ਹੈ। (ਕਦੇ ਰਚਨਾ ਨੂੰ ਸਮੇਟ ਕੇ) ਇਕ ਆਪ ਹੀ ਆਪ ਹੋ ਜਾਂਦਾ ਹੈ, ਤੇ ਕਦੇ ਅਨੇਕਾਂ ਰੰਗਾਂ ਰੂਪਾਂ ਵਾਲਾ ਬਣ ਜਾਂਦਾ ਹੈ। ਪ੍ਰਭੂ ਆਪ ਹੀ ਸਾਰੇ ਜੀਵਾਂ ਵਿਚ ਮੌਜੂਦ ਹੈ, ਤੇ ਨਿਰਲੇਪ ਭੀ ਆਪ ਹੀ ਹੈ।

ਹੇ ਪ੍ਰਭੂ! ਤੂੰ ਆਪ ਹੀ ਆਪਣੇ ਆਪ ਨੂੰ ਰਚਨਾ ਤੋਂ ਵੱਖਰਾ ਜਾਣਦਾ ਹੈਂ, ਤੇ ਆਪ ਹੀ ਹਰ ਥਾਂ ਹਾਜ਼ਰ-ਨਾਜ਼ਰ ਹੈਂ। ਤੂੰ ਆਪ ਹੀ ਲੁਕਿਆ ਹੈਂ, ਤੇ ਪਰਗਟ ਭੀ ਆਪ ਹੀ ਹੈਂ। ਤੇਰੀ ਇਸ ਰਚਨਾ ਦਾ ਮੁੱਲ ਕਿਸੇ ਨਹੀਂ ਪਾਇਆ। ਤੂੰ ਗੰਭੀਰ ਹੈਂ, ਤੇਰੀ ਹਾਥ ਨਹੀਂ ਪੈ ਸਕਦੀ, ਤੂੰ ਬੇਅੰਤ ਹੈਂ, ਤੇਰੇ ਗੁਣ ਗਿਣੇ ਨਹੀਂ ਜਾ ਸਕਦੇ।

ਹੇ ਨਾਨਕ! ਹਰ ਥਾਂ ਇਕ ਪ੍ਰਭੂ ਹੀ ਮੌਜੂਦ ਹੈ। ਹੇ ਪ੍ਰਭੂ! ਇਕ ਤੂੰ ਹੀ ਤੂੰ ਹੈਂ।੨੨।

੩੦-ਆਪੇ ਖਾਣੀ ਆਪੇ ਬਾਣੀ ਆਪੇ ਖੰਡ ਵਰਭੰਡ ਕਰੇ॥ ਆਪਿ ਸਮੁੰਦੁ ਆਪਿ ਹੈ ਸਾਗਰੁ ਆਪੇ ਹੀ ਵਿਚਿ ਰਤਨ ਧਰੇ॥ ਆਪਿ ਲਹਾਏ ਕਰੇ ਜਿਸੁ ਕਿਰਪਾ ਜਿਸ ਨੋ ਗੁਰਮੁਖਿ ਕਰੇ ਹਰੇ॥ ਆਪੇ ਭਉਜਲੁ ਆਪਿ ਹੈ ਬੋਹਿਥਾ ਆਪੇ ਖੇਵਟੁ ਆਪਿ ਤਰੇ॥ ਆਪੇ ਕਰੇ ਕਰਾਏ ਕਰਤਾ ਅਵਰੁ ਨ ਦੂਜਾ ਤੁਝੈ ਸਰੇ॥ ੯॥ (ਪੰਨਾ - ੫੫੨)

ਅਰਥ : ਪ੍ਰਭੂ ਆਪ ਹੀ ਖਾਣੀਆਂ, ਬੋਲੀਆਂ, ਖੰਡ ਤੇ ਬ੍ਰਹਮੰਡ ਬਣਾਉਂਦਾ ਹੈ; ਆਪ ਹੀ ਸਮੁੰਦਰ ਸਾਗਰ ਹੈ ਤੇ ਉਸ ਨੇ ਆਪ ਹੀ ਇਸ ਵਿਚ (ਸਿਫ਼ਤਿ-ਸਾਲਾਹ ਰੂਪ) ਰਤਨ ਲੁਕਾ ਰੱਖੇ ਹਨ; ਜਿਸ 'ਤੇ ਕਿਰਪਾ ਕਰਦਾ ਹੈ ਤੇ ਜਿਸ ਨੂੰ ਸਤਿਗੁਰੂ ਦੇ ਸਨਮੁੱਖ ਕਰਦਾ ਹੈ ਉਸ ਨੂੰ ਆਪ ਹੀ ਉਹ ਰਤਨ ਲਭਾ ਦਿੰਦਾ ਹੈ; ਪ੍ਰਭੂ ਆਪ ਹੀ (ਸੰਸਾਰ) ਸਮੁੰਦਰ ਹੈ, ਆਪ ਹੀ ਜਹਾਜ਼ ਹੈ, ਆਪ ਹੀ ਮੱਲਾਹ ਹੈ ਤੇ ਆਪ ਹੀ ਤਰਦਾ ਹੈ, ਆਪ ਹੀ ਸਭ ਕੁਝ ਕਰਦਾ ਕਰਾਉਂਦਾ ਹੈ। ਹੇ ਪ੍ਰਭੂ! ਤੇਰੇ ਜਿਹਾ ਦੂਜਾ ਕੋਈ ਨਹੀਂ।੯।

੩੧-ਆਪੇ ਭਾਰ ਅਠਾਰਹ ਬਣਸਪਤਿ ਆਪੇ ਹੀ ਫਲ ਲਾਏ॥ ਆਪੇ ਮਾਲੀ ਆਪਿ ਸਭੁ ਸਿੰਚੈ ਆਪੇ ਹੀ ਮੁਹਿ ਪਾਏ॥ ਆਪੇ ਕਰਤਾ ਆਪੇ ਭੁਗਤਾ ਆਪੇ ਦੇਇ ਦਿਵਾਏ॥ ਆਪੇ ਸਾਹਿਬੁ ਆਪੇ ਹੈ ਰਾਖਾ ਆਪੇ ਰਹਿਆ ਸਮਾਏ॥ ਜਨੁ ਨਾਨਕ ਵਡਿਆਈ ਆਖੈ ਹਰਿ ਕਰਤੇ ਕੀ ਜਿਸ ਨੋ ਤਿਲੁ ਨ ਤਮਾਏ॥੧੫॥ (ਪੰਨਾ - ੫੫੪)

ਅਰਥ : ਪ੍ਰਭੂ ਆਪ ਹੀ ਬਨਸਪਤੀ ਦੇ ਅਠਾਰਾਂ ਭਾਰ ਹੈ (ਭਾਵ, ਸਾਰੀ ਸ੍ਰਿਸ਼ਟੀ ਦੀ ਬਨਸਪਤੀ ਆਪ ਹੀ ਹੈ), ਆਪ ਹੀ ਉਸ ਨੂੰ ਫਲ ਲਾਉਂਦਾ ਹੈ, ਆਪ ਹੀ ਮਾਲੀ ਹੈ, ਆਪ ਹੀ ਪਾਣੀ ਦਿੰਦਾ ਹੈ ਤੇ ਆਪ ਹੀ (ਫਲ) ਖਾਂਦਾ ਹੈ, ਆਪ ਹੀ ਕਰਨ ਵਾਲਾ ਹੈ, ਆਪ ਹੀ ਭੋਗਣ ਵਾਲਾ ਹੈ, ਆਪ ਹੀ ਦਿੰਦਾ ਹੈ ਤੇ ਆਪ ਹੀ ਦਿਵਾਉਂਦਾ ਹੈ, ਮਾਲਕ ਵੀ ਆਪ ਹੈ ਤੇ ਰਾਖਾ ਭੀ ਆਪ ਹੈ, ਆਪ ਹੀ ਸਭ ਥਾਈਂ ਵਿਆਪਕ ਹੈ।

ਹੇ ਨਾਨਕ! (ਕੋਈ ਵਿਰਲਾ) ਸੇਵਕ ਉਸ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦਾ ਹੈ ਜਿਸ ਨੂੰ ਸਾਰੀ ਸ੍ਰਿਸ਼ਟੀ ਦਾ ਕਰਤਾ ਭੁਗਤਾ ਹੁੰਦਿਆਂ ਭੀ ਰਤਾ ਮਾਤਰ ਭੀ ਕੋਈ ਤਮ੍ਹਾ ਨਹੀਂ ਹੈ। ੧੫।

੩੨-ਆਪੇ ਤੰਤੁ ਪਰਮ ਤੰਤੁ ਸਭੁ ਆਪੇ ਆਪੇ ਠਾਕੁਰੁ ਦਾਸੁ ਭਇਆ॥ ਆਪੇ ਦਸ ਅਠ

ਵਰਨ ਉਪਾਇਅਨੁ ਆਪਿ ਬ੍ਰਹਮੁ ਆਪਿ ਰਾਜੁ ਲਇਆ ॥ ਆਪੇ ਮਾਰੇ ਆਪੇ ਛੋਡੇ ਆਪੇ ਬਖਸੇ ਕਰੇ ਦਇਆ ॥ ਆਪਿ ਅਭੁਲੁ ਨ ਭੁਲੈ ਕਬ ਹੀ ਸਭੁ ਸਚੁ ਤਪਾਵਸੁ ਸਚੁ ਥਿਆ ॥ ਆਪੇ ਜਿਨਾ ਬੁਝਾਏ ਗੁਰਮੁਖਿ ਤਿਨ ਅੰਦਰਹੁ ਦੂਜਾ ਭਰਮੁ ਗਇਆ ॥੧੩ ॥ (ਪੰਨਾ - ੫੫੩)

ਅਰਥ : ਛੋਟੀ ਤਾਰ (ਭਾਵ, ਜੀਵ) ਵੱਡੀ ਤਾਰ (ਭਾਵ, ਪਰਮੇਸ਼ਵਰ)-ਸਭ ਕੁਝ ਪ੍ਰਭੂ ਆਪ ਹੀ ਹੈ, ਆਪ ਹੀ ਠਾਕੁਰ ਤੇ ਆਪ ਹੀ ਦਾਸ ਹੈ। ਪ੍ਰਭੂ ਨੇ ਆਪ ਹੀ ਅਠਾਰਾਂ ਵਰਣ ਬਣਾਏ, ਆਪ ਹੀ ਬ੍ਰਹਮ ਹੈ ਤੇ ਆਪ ਹੀ (ਸ੍ਰਿਸ਼ਟੀ ਦਾ) ਰਾਜ ਉਸ ਨੇ ਲਿਆ ਹੈ। (ਜੀਵਾਂ ਨੂੰ) ਆਪ ਹੀ ਮਾਰਦਾ ਹੈ ਆਪ ਹੀ ਛੱਡਦਾ ਹੈ, ਆਪ ਹੀ ਬਖ਼ਸ਼ਦਾ ਹੈ ਤੇ ਆਪ ਹੀ ਮਿਹਰ ਕਰਦਾ ਹੈ, ਪ੍ਰਭੂ ਆਪ ਅਭੁੱਲ ਹੈ, ਕਦੇ ਭੁੱਲਦਾ ਨਹੀਂ, ਉਸ ਦਾ ਇਨਸਾਫ਼ ਵੀ ਨਿਰੋਲ ਸੱਚ ਹੈ, ਸਤਿਗੁਰੂ ਦੀ ਰਾਹੀਂ ਜਿਨ੍ਹਾਂ ਨੂੰ ਆਪ ਸਮਝਾ ਦਿੰਦਾ ਹੈ ਉਨ੍ਹਾਂ ਦੇ ਹਿਰਦੇ ਵਿਚੋਂ ਮਾਇਆ ਦੀ ਭਟਕਣਾ ਦੂਰ ਹੋ ਜਾਂਦੀ ਹੈ।੧੩।

ਇਸੇ ਤਰ੍ਹਾਂ ਦੇ ਹੋਰ ਬੇਅੰਤ ਗੁਰੂ ਸ਼ਬਦ ਹਨ, ਜਿਨ੍ਹਾਂ ਤੋਂ ਸਿੱਧ ਹੈ ਕਿ ਅਕਾਲਪੁਰਖ ਦਾ ਨਾ ਕੋਈ ਸਹਾਈ ਹੈ ਅਤੇ ਨਾ ਹੀ ਉਸ ਦਾ ਕੋਈ ਸ਼ਰੀਕ ਹੈ। ਸੰਸਾਰ ਦੀ ਰਚਨਾ, ਪਾਲਣਾ ਅਥਵਾ ਖੈ ਕਰਨ ਵਾਲਾ ਕੇਵਲ ਉਹ ਆਪ ਹੀ ਆਪ ਹੈ। ਗੁਰਮਤਿ ਅਨੁਸਾਰ ਬ੍ਰਾਹਮਣ ਦਾ ਇਹ ਕਹਿਣਾ ਝੂਠ ਹੈ ਕਿ ਸੰਸਾਰ ਦਾ ਸਿਰਜਣਾ ਕਰਕੇ ਪਾਲਣਾ ਕਰਨੀ ਅਤੇ ਜੀਵਾਂ ਨੂੰ ਮਾਰਨਾ, ਤਿੰਨ ਕੰਮ, ਬ੍ਰਹਮਾ-ਬਿਸ਼ਨ-ਮਹੇਸ਼, ਤਿੰਨ ਅੱਡ-ਅੱਡ ਦੇਵਤੇ ਕਰ ਰਹੇ ਹਨ। ਆਉ ਉਸ "੧" ਦੀ ਸੰਸਾਰ ਖੇਡ ਵਾਲੇ ਕੁਝ ਜ਼ਰੂਰੀ ਪੱਖ ਹੋਰ ਸਮਝ ਲਈਏ:-

੩੩-**ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥ ੫ ॥** (ਪੰਨਾ-੨)

੩੪-**ਸਭਨਾ ਕਾ ਦਾਤਾ ਏਕੁ ਹੈ ਆਪੇ ਬਖਸ ਕਰੇਇ ॥ ਕਹਣਾ ਕਿਛੂ ਨ ਜਾਵਈ ਜਿਸੁ ਭਾਵੈ ਤਿਸੁ ਦੇਇ ॥ ਨਾਨਕ ਗੁਰਮੁਖਿ ਪਾਈਐ ਆਪੇ ਜਾਣੈ ਸੋਇ ॥ ੪ ॥ ੯ ॥ ੪੨ ॥** (ਪੰਨਾ-੩੦)

੩੫-**ਸਭਨਾ ਤੇਰੀ ਆਸ ਪ੍ਰਭੁ ਸਭ ਜੀਅ ਤੇਰੇ ਤੂੰ ਰਾਸਿ ॥ ਪ੍ਰਭ ਤੁਧਹੁ ਖਾਲੀ ਕੋ ਨਹੀ ਦਰਿ ਗੁਰਮੁਖਾ ਨੋ ਸਾਬਾਸਿ ॥ ਬਿਖੁ ਭਉਜਲ ਡੁਬਦੇ ਕਢਿ ਲੈ ਜਨ ਨਾਨਕ ਕੀ ਅਰਦਾਸਿ ॥ ੪ ॥ ੧ ॥ ੬੫ ॥** (ਪੰਨਾ-੪੦)

੬

ਕਰਣ ਕਾਰਣ ਸਮਰੱਥ ਉਹ '੧' ਹੀ ਹੈ

ਸਿਰਜਣਹਾਰ ਦੀ ਸਾਰੀ ਸਿਰਜਣਾ, ਕੁੱਲ ਧਰਤੀਆਂ, ਸਾਰਾ ਆਕਾਸ਼ ਮੰਡਲ, ਸੂਰਜ, ਚੰਦ, ਹਵਾ, ਪਾਣੀ, ਬਨਸਪਤੀ, ਪਹਾੜ, ਆਦਿਕ, ਦਿਸਦਾ ਅਣਦਿਸਦਾ ਸਾਰਾ ਸੰਸਾਰ **ਕਰਣ** ਹੈ ਅਤੇ ਇਸ ਬੇਅੰਤ ਪਸਾਰੇ ਦਾ ਸਿਰਜਣਹਾਰ ਅਥਵਾ ਉਹ ਆਪ ਹੀ "**ਕਾਰਣ**" ਹੈ। ਉਸ ੧ ਸਿਰਜਣਹਾਰ ਨੇ ਸਾਰੀ ਸ੍ਰਿਸ਼ਟੀ ਅਪਣੇ ਹੀ ਵਜੂਦ ਤੋਂ ਬਣਾਈ ਹੈ। ਜਾਂ ਇਉ ਕਹਿ ਲਉ ਕਿ, ਸਾਰਾ ਸੰਸਾਰ ਕਰਤਾਰ ਦਾ ਅਪਣਾ ਹੀ ਵਜੂਦ ਹੈ। ਕਰਨ ਵੀ ਆਪ ਤੇ ਕਾਰਨ ਵੀ ਉਹ ਆਪ। ਅਜਿਹੀ ਸਮਰਥਾ ਵਾਲਾ ਸਿਵਾਏ ਉਸ ਦੇ ਹੋਰ ਦੂਜਾ ਕੋਈ ਨਹੀਂ ਹੈ- "**ਸੰਤਹੁ ਤਿਸੁ ਬਿਨੁ ਅਵਰੁ ਨ ਕੋਈ ॥ ਕਰਣ ਕਾਰਣ ਪ੍ਰਭੁ ਸੋਈ ॥ ਰਹਾਉ ॥**" (੬੨੬)

੩੬- **ਸਲੋਕੁ ॥ ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥**
ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥੧ ॥ (ਪੰਨਾ-੨੭੬)

ਅਰਥ:-- (ਇਸ ਸਾਰੇ) ਜਗਤ ਦਾ (ਮੂਲ-) ਕਾਰਣ (ਭਾਵ, ਬਣਾਉਣ ਵਾਲਾ) ਇਕ ਅਕਾਲਪੁਰਖ ਹੀ ਹੈ, ਕੋਈ ਦੂਜਾ ਨਹੀਂ ਹੈ। ਹੇ ਨਾਨਕ! (ਮੈਂ) ਉਸ ਪ੍ਰਭੂ ਤੋਂ ਸਦਕੇ ਹਾਂ ਜੋ ਜਲ ਥਲ ਅਤੇ ਆਕਾਸ਼ ਸਭ ਕੁਝ ਆਪ ਹੀ ਆਪ ਹੈ। ੧।

੩੭-**ਅਸਟਪਦੀ ॥ ਕਰਨ ਕਰਾਵਨ ਕਰਨੈ ਜੋਗੁ ॥ ਜੋ ਤਿਸੁ ਭਾਵੈ ਸੋਈ ਹੋਗੁ ॥ ਖਿਨ ਮਹਿ ਥਾਪਿ ਉਥਾਪਨਹਾਰਾ ॥ ਅੰਤੁ ਨਹੀ ਕਿਛੁ ਪਾਰਾਵਾਰਾ ॥ ਹੁਕਮੇ ਧਾਰਿ ਅਧਰ ਰਹਾਵੈ ॥ ਹੁਕਮੇ ਉਪਜੈ ਹੁਕਮਿ ਸਮਾਵੈ ॥ ਹੁਕਮੇ ਊਚ ਨੀਚ ਬਿਉਹਾਰ ॥ ਹੁਕਮੇ ਅਨਿਕ ਰੰਗ ਪਰਕਾਰ ॥ ਕਰਿ ਕਰਿ ਦੇਖੈ ਅਪਨੀ ਵਡਿਆਈ ॥ ਨਾਨਕ ਸਭ ਮਹਿ ਰਹਿਆ ਸਮਾਈ ॥੧ ॥......੮ ॥ ੧੧ ॥** (ਪੰਨਾ-੨੭੬)

ਅਰਥ:- ਪ੍ਰਭੂ (ਸਭ ਕੁਝ) ਕਰਨ ਦੀ ਸਮਰੱਥਾ ਰੱਖਦਾ ਹੈ, ਤੇ (ਜੀਆਂ ਨੂੰ) ਕੰਮ ਕਰਨ ਲਈ ਪ੍ਰੇਰਨ ਜੋਗਾ ਭੀ ਹੈ, ਓਹੀ ਕੁਝ ਹੁੰਦਾ ਹੈ ਜੋ ਉਸ ਨੂੰ ਚੰਗਾ ਲੱਗਦਾ ਹੈ।

ਅੱਖ ਦੇ ਫੋਰ ਵਿਚ ਜਗਤ ਨੂੰ ਪੈਦਾ ਕਰ ਕੇ ਨਾਸ ਭੀ ਕਰਨ ਵਾਲਾ ਹੈ, (ਉਸ ਦੀ ਤਾਕਤ) ਦਾ ਕੋਈ ਹੱਦ-ਬੰਨਾ ਨਹੀਂ ਹੈ।

(ਸ੍ਰਿਸ਼ਟੀ ਨੂੰ ਆਪਣੇ) ਹੁਕਮ ਵਿਚ ਪੈਦਾ ਕਰ ਕੇ ਬਿਨਾ ਕਿਸੇ ਆਸਰੇ ਟਿਕਾ ਰੱਖਦਾ ਹੈ, (ਜਗਤ ਉਸ ਦੇ) ਹੁਕਮ ਵਿਚ ਪੈਦਾ ਹੁੰਦਾ ਹੈ ਤੇ ਹੁਕਮ ਵਿਚ ਲੀਨ ਹੋ ਜਾਂਦਾ ਹੈ।

ਉੱਚੇ ਤੇ ਨੀਵੇਂ ਬੰਦਿਆਂ ਦੀ ਵਰਤੋਂ ਭੀ ਉਸ ਦੇ ਹੁਕਮ ਵਿਚ ਹੀ ਹੈ, ਅਨੇਕਾਂ ਕਿਸਮਾਂ ਦੇ ਖੇਡ-ਤਮਾਸ਼ੇ ਉਸ ਦੇ ਹੁਕਮ ਵਿਚ ਹੋ ਰਹੇ ਹਨ।

ਆਪਣੀ ਬਜ਼ੁਰਗੀ (ਦੇ ਕੰਮ) ਕਰ ਕਰ ਕੇ ਆਪ ਹੀ ਵੇਖ ਰਿਹਾ ਹੈ । ਹੇ ਨਾਨਕ! ਪ੍ਰਭੂ ਸਭ ਜੀਵਾਂ ਵਿਚ ਵਿਆਪਕ ਹੈ ।੧।

੩੮-**ਕਰਣ ਕਾਰਣ ਏਕੁ ਓਹੀ ਜਿਨਿ ਕੀਆ ਆਕਾਰੁ ॥**
ਤਿਸਹਿ ਧਿਆਵਹੁ ਮਨ ਮੇਰੇ ਸਰਬ ਕੋ ਆਧਾਰੁ ॥੧॥ (ਪੰਨਾ ੫੧)

ਅਰਥ:-- ਹੇ ਮੇਰੇ ਮਨ! ਜਿਸ ਪਰਮਾਤਮਾ ਨੇ ਇਹ ਦਿਸਦਾ ਜਗਤ ਬਣਾਇਆ ਹੈ, ਸਿਰਫ਼ ਉਹੀ ਸ੍ਰਿਸ਼ਟੀ ਦਾ ਰਚਨ ਵਾਲਾ ਤੇ ਜੀਵਾਂ ਦਾ ਆਸਰਾ ਕਰਨ ਵਾਲਾ ਹੈ । ਉਸੇ ਨੂੰ ਸਦਾ ਸਿਮਰਦਾ ਰਹੁ ।੧।

੩੯- **ਨਿਹਫਲੰ ਤਸਿ ਜਨਮਸਿ ਜਾਵਤੁ ਬ੍ਰਹਮ ਨ ਬਿੰਦਤੇ ॥ ਸਾਗਰੰ ਸੰਸਾਰਸਿ ਗੁਰ ਪਰਸਾਦੀ ਤਰਹਿ ਕੇ ॥ ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ ॥ ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥੨॥** (ਪੰਨਾ-੧੪੮)

ਅਰਥ:- ਜਦ ਤਕ (ਮਨੁੱਖ) ਅਕਾਲ ਪੁਰਖ ਨੂੰ ਨਹੀਂ ਪਛਾਣਦਾ ਤਦ ਤਕ ਉਸ ਦਾ ਜਨਮ ਵਿਅਰਥ ਹੈ, ਪਰ ਗੁਰੂ ਦੀ ਕ੍ਰਿਪਾ ਨਾਲ ਜੋ ਬੰਦੇ (ਨਾਮ ਵਿਚ ਜੁੜਦੇ ਹਨ ਉਹ) ਸੰਸਾਰ ਦੇ ਸਮੁੰਦਰ ਤੋਂ ਤਰ ਜਾਂਦੇ ਹਨ।

੪੦-**ਪੂਰਨਮਾ ਪੂਰਨ ਪ੍ਰਭ ਏਕੁ ਕਰਣ ਕਾਰਣ ਸਮਰਥੁ ॥ ਜੀਅ ਜੰਤ ਦਇਆਲ ਪੁਰਖੁ ਸਭ ਊਪਰਿ ਜਾ ਕਾ ਹਥੁ ॥ ਗੁਣ ਨਿਧਾਨ ਗੋਬਿੰਦ ਗੁਰ ਕੀਆ ਜਾ ਕਾ ਹੋਇ ॥ ਅੰਤਰਜਾਮੀ ਪ੍ਰਭੁ ਸੁਜਾਨੁ ਅਲਖ ਨਿਰੰਜਨ ਸੋਇ ॥ ਪਾਰਬ੍ਰਹਮੁ ਪਰਮੇਸਰੋ ਸਭ ਬਿਧਿ ਜਾਨਣਹਾਰ ॥ ਸੰਤ ਸਹਾਈ ਸਰਨਿ ਜੋਗੁ ਆਠ ਪਹਰ ਨਮਸਕਾਰ ॥ ਅਕਥ ਕਥਾ ਨਹ ਬੂਝੀਐ ਸਿਮਰਹੁ ਹਰਿ ਕੇ ਚਰਨ ॥ ਪਤਿਤ ਉਧਾਰਨ ਅਨਾਥ ਨਾਥ ਨਾਨਕ ਪ੍ਰਭ ਕੀ ਸਰਨ ॥੧੬॥** (ਪੰਨਾ-੩੦੦)

ਅਰਥ:- ਸਲੋਕੁ:- ਹੇ ਨਾਨਕ! ਜਿਸ ਮਨੁੱਖ ਨੂੰ ਪਰਮਾਤਮਾ ਨੇ ਆਪ ਮੁਕੰਮਲ ਜੀਵਨ ਵਾਲਾ ਬਣਾ ਦਿੱਤਾ ਉਹ ਪੂਰਨ ਮਨੁੱਖ ਕਦੇ (ਮਾਇਆ ਦੇ ਅਸਰ ਹੇਠ ਆ ਕੇ) ਨਹੀਂ ਡੋਲਦਾ, ਉਸ ਦਾ ਆਤਮਕ ਜੀਵਨ ਦਿਨੋ ਦਿਨ ਵਧੀਕ ਚਮਕਦਾ ਹੈ, ਉਸ ਦੇ ਆਤਮਕ ਜੀਵਨ ਵਿਚ ਕਦੇ ਕਮੀ ਨਹੀਂ ਹੁੰਦੀ ।੧੬।

ਪਉੜੀ:- ਸਿਰਫ਼ ਪਰਮਾਤਮਾ ਹੀ ਸਾਰੇ ਗੁਣਾਂ ਨਾਲ ਭਰਪੂਰ ਹੈ, ਸਾਰੇ ਜਗਤ ਦਾ ਮੂਲ ਹੈ ਤੇ

ਸਾਰੀਆਂ ਤਾਕਤਾਂ ਦਾ ਮਾਲਕ ਹੈ । ਉਹ ਸਰਬ ਵਿਆਪਕ ਪ੍ਰਭੂ ਸਭ ਜੀਵਾਂ ਉਤੇ ਦਇਆਵਾਨ ਰਹਿੰਦਾ ਹੈ, ਸਭ ਜੀਵਾਂ ਉਤੇ ਉਸ (ਦੀ ਸਹਾਇਤਾ) ਦਾ ਹੱਥ ਹੈ।

ਉਹ ਪਰਮਾਤਮਾ ਸਾਰੇ ਗੁਣਾਂ ਦਾ ਖ਼ਜ਼ਾਨਾ ਹੈ, ਸਾਰੀ ਸ੍ਰਿਸ਼ਟੀ ਦਾ ਪਾਲਕ ਹੈ, ਸਭ ਤੋਂ ਵੱਡਾ ਹੈ, ਸਭ ਕੁਝ ਉਸੇ ਦਾ ਹੀ ਕੀਤਾ ਵਾਪਰਦਾ ਹੈ। ਪ੍ਰਭੂ ਸਭ ਦੇ ਦਿਲ ਦੀ ਜਾਣਨ ਵਾਲਾ ਹੈ, ਸਿਆਣਾ ਹੈ, ਉਸ ਦਾ ਮੁਕੰਮਲ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ, ਉਹ ਮਾਇਆ ਦੇ ਪ੍ਰਭਾਵ ਤੋਂ ਪਰੇ ਹੈ।

(ਹੇ ਭਾਈ!) ਉਹ ਪਾਰਬ੍ਰਹਮ ਸਭ ਤੋਂ ਵੱਡਾ ਮਾਲਕ ਹੈ (ਜੀਵਾਂ ਦੇ ਭਲੇ ਦਾ) ਹਰੇਕ ਢੰਗ ਜਾਣਨ ਵਾਲਾ ਹੈ, ਸੰਤਾਂ ਦਾ ਰਾਖਾ ਹੈ, ਸਰਨ ਆਏ ਦੀ ਸਹਾਇਤਾ ਕਰਨ ਜੋਗਾ ਹੈ—ਉਸ ਪਰਮਾਤਮਾ ਨੂੰ ਅੱਠੇ ਪਹਰ ਨਮਸਕਾਰ ਕਰ।

ਹੇ ਨਾਨਕ! ਪਰਮਾਤਮਾ ਦੇ ਸਾਰੇ ਗੁਣ ਬਿਆਨ ਨਹੀਂ ਕੀਤੇ ਜਾ ਸਕਦੇ, ਉਸ ਦਾ ਸਹੀ ਸਰੂਪ ਸਮਝਿਆ ਨਹੀਂ ਜਾ ਸਕਦਾ। ਉਸ ਪਰਮਾਤਮਾ ਦੇ ਚਰਨਾਂ ਦਾ ਧਿਆਨ ਧਰ। ਉਹ ਪਰਮਾਤਮਾ (ਵਿਕਾਰਾਂ ਵਿਚ) ਡਿੱਗੇ ਬੰਦਿਆਂ ਨੂੰ (ਵਿਕਾਰਾਂ ਤੋਂ) ਬਚਾਣ ਵਾਲਾ ਹੈ, ਉਹ ਨਿਖਸਮਿਆਂ ਦਾ ਖਸਮ ਹੈ, ਉਸ ਦਾ ਆਸਰਾ ਲੈ।੧੯।

੪੧–ਤੂ ਕਰਤਾ ਆਪਿ ਅਭੁਲੁ ਹੈ ਭੁਲਣ ਵਿਚਿ ਨਾਹੀ ॥ ਤੂ ਕਰਹਿ ਸੁ ਸਚੇ ਭਲਾ ਹੈ ਗੁਰ ਸਬਦਿ ਬੁਝਾਹੀ ॥ ਤੂ ਕਰਣ ਕਾਰਣ ਸਮਰਥੁ ਹੈ ਦੂਜਾ ਕੋ ਨਾਹੀ ॥ ਤੂ ਸਾਹਿਬੁ ਅਗਮੁ ਦਇਆਲੁ ਹੈ ਸਭਿ ਤੁਧੁ ਧਿਆਹੀ ॥ ਸਭਿ ਜੀਅ ਤੇਰੇ ਤੂ ਸਭਸ ਦਾ ਤੂ ਸਭ ਛਡਾਹੀ ॥੪ ॥ (ਪੰਨਾ-੩੦੧)

੪੨–ਮੁੰਢਹੁ ਭੁਲੇ ਮੁੰਢ ਤੇ ਕਿਥੈ ਪਾਇਨਿ ਹਥੁ ॥
ਤਿੰਨੈ ਮਾਰੇ ਨਾਨਕਾ ਜਿ ਕਰਣ ਕਾਰਣ ਸਮਰਥੁ ॥੨ ॥ (ਪੰਨਾ-੩੧੫)

ਅਰਥ:-- ਜੋ ਮਨੁੱਖ ਪਹਿਲੋਂ ਤੋਂ ਹੀ ਪ੍ਰਭੂ ਵਲੋਂ ਖੁੰਝੇ ਹੋਏ ਹਨ, ਉਹ ਹੋਰ ਕਿਹੜਾ ਆਸਰਾ ਲੈਣ? (ਕਿਉਂਕਿ) ਹੇ ਨਾਨਕ! ਇਹ ਉਸ ਪ੍ਰਭੂ ਨੇ ਆਪ ਮਾਰੇ ਹੋਏ ਹਨ, ਜੋ ਸਾਰੀ ਸ੍ਰਿਸ਼ਟੀ ਨੂੰ ਰਚਨ ਦੇ ਸਮਰੱਥ ਹੈ।੨।

੪੩–ਜੋ ਤੁਧੁ ਭਾਵੈ ਸੋ ਪਰਵਾਣਾ ਸੂਖੁ ਸਹਜੁ ਮਨਿ ਸੋਈ ॥
ਕਰਣ ਕਾਰਣ ਸਮਰਥ ਅਪਾਰਾ ਅਵਰੁ ਨਾਹੀ ਰੇ ਕੋਈ ॥੧ ॥ (ਪੰਨਾ-੩੮੦)

੪੪–ਕਰਣ ਕਾਰਣ ਸਮਰਥ ਸੋ ਪ੍ਰਭੁ ਜੀਅ ਦਾਤਾ ਆਪਿ ॥ ਤਿਆਗਿ ਸਗਲ ਸਿਆਣਪਾ ਆਠ ਪਹਰ ਪ੍ਰਭੁ ਜਾਪਿ ॥੨ ॥ ਮੀਤੁ ਸਖਾ ਸਹਾਇ ਸੰਗੀ ਊਚ ਅਗਮ ਅਪਾਰੁ ॥ ਚਰਣ ਕਮਲ ਬਸਾਇ ਹਿਰਦੈ ਜੀਅ ਕੋ ਆਧਾਰੁ ॥੩ ॥ ਕਰਿ ਕਿਰਪਾ ਪ੍ਰਭ ਪਾਰਬ੍ਰਹਮ

ਗੁਣ ਤੇਰਾ ਜਸੁ ਗਾਉ ॥ ਸਰਬ ਸੂਖ ਵਡੀ ਵਡਿਆਈ ਜਪਿ ਜੀਵੈ ਨਾਨਕੁ ਨਾਉ ॥੪॥੩॥੧੩੯॥ (ਪੰਨਾ-੪੦੫)

੪੫-**ਪ੍ਰਭ ਕਰਣ ਕਾਰਣ ਸਮਰਥਾ ਰਾਮ ॥ ਰਖੁ ਜਗਤੁ ਸਗਲ ਦੇ ਹਥਾ ਰਾਮ ॥ ਸਮਰਥ ਸਰਣਾ ਜੋਗੁ ਸੁਆਮੀ ਕ੍ਰਿਪਾ ਨਿਧਿ ਸੁਖਦਾਤਾ ॥ ਹੰਉ ਕੁਰਬਾਣੀ ਦਾਸ ਤੇਰੇ ਜਿਨੀ ਏਕੁ ਪਛਾਤਾ ॥ ਵਰਨੁ ਚਿਹਨੁ ਨ ਜਾਇ ਲਖਿਆ ਕਥਨ ਤੇ ਅਕਥਾ ॥ ਬਿਨਵੰਤਿ ਨਾਨਕ ਸੁਣਹੁ ਬਿਨਤੀ ਪ੍ਰਭ ਕਰਣ ਕਾਰਣ ਸਮਰਥਾ ॥੧॥** (ਪੰਨਾ-੫੭੮)

ਅਰਥ : ਹੇ ਜਗਤ ਦੇ ਮੂਲ ਪ੍ਰਭੂ! ਹੇ ਸਭ ਤਾਕਤਾਂ ਦੇ ਮਾਲਕ! ਹੇ ਸਰਨ ਪਏ ਦੀ ਸਹਾਇਤਾ ਕਰ ਸਕਣ ਵਾਲੇ ਮਾਲਕ! ਹੇ ਕ੍ਰਿਪਾ ਦੇ ਖ਼ਜ਼ਾਨੇ! ਹੇ ਸੁੱਖਦਾਤੇ! ਮੈਂ ਤੇਰੇ ਉਨ੍ਹਾਂ ਸੇਵਕਾਂ ਤੋਂ ਸਦਕੇ ਜਾਂਦਾ ਹਾਂ ਜਿਨ੍ਹਾਂ ਨੇ ਤੇਰੇ ਨਾਲ ਸਾਂਝ ਪਾਈ ਹੈ। ਹੇ ਪ੍ਰਭੂ! ਤੇਰਾ ਕੋਈ ਰੰਗ, ਤੇਰਾ ਕੋਈ ਨਿਸ਼ਾਨ ਦੱਸਿਆ ਨਹੀਂ ਜਾ ਸਕਦਾ, ਤੇਰਾ ਸਰੂਪ ਬਿਆਨ ਤੋਂ ਬਾਹਰ ਹੈ। ਨਾਨਕ ਬੇਨਤੀ ਕਰਦਾ ਹੈ-ਹੇ ਪ੍ਰਭੂ! ਹੇ ਜਗਤ ਦੇ ਮੂਲ! ਹੇ ਸਭ ਤਾਕਤਾਂ ਦੇ ਮਾਲਕ! ਮੇਰੀ ਬੇਨਤੀ ਸੁਣ।੧।

੪੬-**ਹਰਿ ਏਕੁ ਨਿਰੰਜਨੁ ਗਾਈਐ ਸਭ ਅੰਤਰਿ ਸੋਈ ॥ ਕਰਣ ਕਾਰਣ ਸਮਰਥ ਪ੍ਰਭੁ ਜੋ ਕਰੇ ਸੁ ਹੋਈ ॥ ਖਿਨ ਮਹਿ ਥਾਪਿ ਉਥਾਪਦਾ ਤਿਸੁ ਬਿਨੁ ਨਹੀ ਕੋਈ ॥ ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ ॥ ਜਿਸੁ ਆਪਿ ਬੁਝਾਏ ਸੋ ਬੁਝਸੀ ਨਿਰਮਲ ਜਨੁ ਸੋਈ ॥੧॥** (ਪੰਨਾ-੭੦੬)

ਅਰਥ : ਜੋ ਪ੍ਰਭੂ ਮਾਇਆ ਤੋਂ ਨਿਰਲੇਪ ਹੈ ਸਿਰਫ਼ ਉਸ ਦੀ ਸਿਫ਼ਤਿ-ਸਾਲਾਹ ਕਰਨੀ ਚਾਹੀਦੀ ਹੈ, ਉਹੀ ਸਭ ਦੇ ਅੰਦਰ ਮੌਜੂਦ ਹੈ। ਉਹ ਪ੍ਰਭੂ ਸਾਰੇ ਜਗਤ ਦਾ ਮੂਲ ਹੈ, ਸਭ ਕਿਸਮ ਦੀ ਤਾਕਤ ਵਾਲਾ ਹੈ, (ਜਗਤ ਵਿਚ) ਉਹੀ ਕੁਝ ਹੁੰਦਾ ਹੈ ਜੋ ਉਹ ਪ੍ਰਭੂ ਕਰਦਾ ਹੈ। ਇਕ ਪਲ ਵਿਚ (ਜੀਵਾਂ ਨੂੰ) ਪੈਦਾ ਕਰ ਕੇ ਨਾਸ਼ ਕਰ ਦਿੰਦਾ ਹੈ, ਉਸ ਤੋਂ ਬਿਨਾਂ (ਉਸ ਵਰਗਾ) ਹੋਰ ਕੋਈ ਨਹੀਂ ਹੈ। ਸਭ ਦੇਸ਼ਾਂ ਵਿਚ, ਸਾਰੇ ਬ੍ਰਾਹਮੰਡ ਵਿਚ, ਹੇਠਲੀ ਧਰਤੀ, ਜਜ਼ੀਰਿਆਂ ਵਿਚ, ਸਾਰੇ ਹੀ ਜਗਤ ਵਿਚ ਉਹ ਪ੍ਰਭੂ ਵਿਆਪਕ ਹੈ।

ਜਿਸ ਮਨੁੱਖ ਨੂੰ (ਇਹ) ਸਮਝ ਆਪ ਪ੍ਰਭੂ ਦਿੰਦਾ ਹੈ, ਉਸ ਨੂੰ ਸਮਝ ਪੈਂਦੀ ਹੈ ਤੇ ਉਹ ਮਨੁੱਖ ਪਵਿੱਤਰ ਹੋ ਜਾਂਦਾ ਹੈ।੧।

ਕਰਣ ਕਾਰਣ ਅਥਵਾ ਕਰਨ ਕਾਰਨ ?

(ਭਾਸ਼ਾ ਵਿਭਾਗ ਪੰਜਾਬ ਵਲੋਂ ਛਪਵਾਏ ਮਹਾਨ ਕੋਸ਼ ਵਿਚ ਕਰਨ-ਕਾਰਨ ਭਾਵ 'ਣ' ਦੀ ਵਰਤੋਂ ਨਾਲ ਅਤੇ 'ਨ' ਦੀ ਵਰਤੋਂ ਨਾਲ ਕਰਨ-ਕਾਰਨ ਦੇ ਅਰਥ ਵਿਚ ਫ਼ਰਕ ਲਿਖਿਆ ਹੋਇਆ ਹੈ। ਜਿਵੇਂ ਮਹਾਨ ਕੋਸ਼ ਦੀ ਸੰਨ ੧੯੭੪ ਵਾਲੀ ਜਿਲਦ ਵਿਚ ੩੦੧

ਸਫ਼ੇ 'ਤੇ ਕਰਣ ਪਦ ਦਾ ਅਰਥ= ਸੰਗਯਾ- ਪ੍ਰਧਾਨ ਕਾਰਣ ੨. ਮੁੱਖ ਹੇਤ, ਸਬੱਬ ੩. ਇੰਦ੍ਰੀਆਂ ੪. ਸਰੀਰ, ਦੇਹ ੫. ਸ਼ਸਤਰ, ਹਥਿਆਰ ੬. ਵਯਾਕਰਨ ਅਨੁਸਾਰ ਕ੍ਰਿਯਾ ਨੂੰ ਸਿੱਧ ਕਰਨ ਵਾਲਾ ਤੀਜਾ ਕਾਰਕ। ੭. ਜੋਤਸ਼ ਅਨੁਸਾਰ ਵਵ ਬਾਲਵ ਆਦਿ ਗਿਆਰਾਂ ਕਰਣ, ਜੋ ਤਿਥੀਆਂ ਦਾਂ ਵਿਭਾਗ ਹੈ ੮ ਸੰ. ਕੰਣ, ਕੰਨ 'ਕਰਣ ਦੇਹੁ ਨਹਿ ਨਿੰਦਾ ਓਰ' (ਗੁਪ੍ਰਸੂ)। ੯. ਕੁਆਰੀ ਕੁੰਤੀ ਦੇ ਉਦਰ ਤੋਂ ਸੂਰਜ ਦਾ ਪੁੱਤਰ। ਮਹਾਂਭਾਰਤ ਦੀ ਕਥਾ ਵਿਚ ਭੋਜਰਾਜ ਦੀ ਧੀ ਕੁੰਤੀ ਨੂੰ ਦੁਰਵਾਸ਼ਾ ਰਿਸ਼ੀ ਨੇ ਰੀਝਕੇ ਅਜਿਹਾ ਮੰਤਰ ਦਸਿਆ ਜਿਸ ਤੋਂ ਉਹ ਮਨ ਭਾਉਂਦੇ ਦੇਵਤੇ ਨੂੰ ਬੁਲਾ ਸਕਦੀ ਸੀ। ਉਸ ਨੇ ਸੂਰਜ ਨੂੰ ਬੁਲਾ ਲਿਆ ਉਸ ਦੇ ਸੰਯੋਗ ਨਾਲ ਕੁੰਤੀ ਨੂੰ ਕਰਨ ਪੈਦਾ ਹੋਇਆ। ੧੦. ਨੌਕਾ ਦਾ ਤਿਕੋਣਾ ਤਖ਼ਤਾ, ਜੋ ਪਿਛਲੇ ਪਾਸੇ ਹੁੰਦਾ ਹੈ। ੧੧. ਕਰਨ ਵਾਹਿਦ ਅਦ੍ਵਿਤੀਯ (ਅਦੁਤੀ) 'ਕਰਣ ਕਰੀਮ ਨ ਜੋਤੋ ਕਰਤਾ' (ਮਾਰੂ ਅੰਜਲੀ ਮ: ੫)।

ਫਿਰ ੩੨੨ ਸਫ਼ੇ 'ਤੇ ਕਾਰਣ ਦੇ ਅਰਥ ਹਿਨ [ਸੰਗਯਾ--ਹੇਤ। ਸਬੱਬ 'ਜਿਨਿ ਕਾਰਣਿ ਗੁਰੂ ਵਿਸਾਰਿਆ' (ਵਾਰ ਵਡ ਮ: ੩) ੨ ਕ੍ਰਿ, ਵਾਸਤੇ ਲਿਯੇ, 'ਰੋਟੀਆ ਕਾਰਣਿ ਪੂਰਹਿ ਤਾਲ' (ਵਾਰ ਆਸਾ) ੩ ਸੰਗਯਾ-ਕਾਰਯ ਦਾ ਸਾਧਨ, ਸਾਮਗ੍ਰੀ- 'ਕਾਰਣ ਕਰਤੇ ਵਾਸਿ ਹੈ' (ਵਾਰ ਮਾਝ ਮ: ੨) 'ਆਪੇ ਕਰਤਾ ਕਾਰਣ ਕਰਾਏ' (ਮਾਝ ਅ: ਮ: ੩) ਵਿਦਵਾਨਾਂ ਨੇ ਦੋ ਪ੍ਰਕਾਰ ਦੇ ਕਾਰਣ ਮੰਨੇ ਹਨ ਇਕ ਨਿਮਿਤ, ਜੇਹਾ ਕਿ ਕਪੜੇ ਦਾ ਜੁਲਾਹਾ, ਖੱਡੀ ਨਲਕੀ ਆਦਿ ਦੂਜਾ ਉਪਾਦਾਨ, ਜਿਹਾ ਕਪੜੇ ਦਾ ਸੂਤ, ਘੜੇ ਦਾ ਮਿੱਟੀ।

ਇਸੇ ਤਰ੍ਹਾਂ ਮਹਾਨ ਕੋਸ਼ ਦੇ ੩੦੩ ਸਫ਼ੇ 'ਤੇ ਕਰਨ ਦੇ ਅਰਥ ਹਨ [ਦੇਖੋ ਕਰਣ। 'ਕੁੰਡਲ ਕਰਨ ਵਾਰੀ, ਸੁਮਤਿ ਕਰਨ ਵਾਰੀ, ਕਮਲ ਕਰਨ ਵਾਰੀ ਗਤਿ ਹੈ ਕਰਿਨ ਕੀ' (ਗੁਪ੍ਰਸੂ) ਕੰਨਾ ਵਿੱਚ ਕੁੰਡਲ ਵਾਲੀ, ਉੱਤਮ ਬੁਧਿ ਦੇ ਬਣਾਉਣ ਵਾਲੀ, ਹੱਥ ਵਿਚ ਕੰਵਲ ਧਾਰਨ ਵਾਲੀ ਚਾਲ ਹੈ ਹਾਥੀ ਜਿਹੀ। ੨ ਕਰਣ ਇੰਦ੍ਰਿਯ, ਅੱਖ, ਨੱਕ ਕੰਨ ਆਦਿ ਇੰਦ੍ਰੀਆਂ, 'ਕਰਨ ਸਿਉ ਇਛਾ ਚਾਰਹ' (ਸਵੈਯੇ ਮ: ੨ ਕੇ) ਕਰਣ (ਇੰਦ੍ਰੀਯ) ਨੂੰ (ਆਪਣੀ) ਇੱਛਾ ਅਨੁਸਾਰ ਚਲਾਉਂਦੇ ਹਨ, ਭਾਵ, ਇੰਦ੍ਰੀਆਂ ਕਾਬੂ ਕੀਤੀਆਂ ਹਨ। ੩ ਵੇਖੋ ਕਰਣ ੧੧।

੩੨੨ ਸਫ਼ੇ 'ਤੇ ਹੀ ਕਾਰਨ ਦੇ ਅਰਥ [ਦੇਖੋ ਕਾਰਣ 'ਮਾਇਆ ਕਾਰਨ ਬਿਦਿਆ ਬੇਚਹੁ ਜਨਮ ਅਬਿਰਥਾ ਜਾਈ' (ਪ੍ਰਭਾ ਕਬੀਰ) ਮਾਇਆ ਦੀ ਖ਼ਾਤਰ ਵਿਦਿਆ ਵੇਚਦਾ ਹੈਂ (ਤੇਰਾ ਮਨੁੱਖਾ) ਜਨਮ ਵਿਅਰਥ ਹੀ ਚਲਾ ਗਿਆ। ੨. ਕਾਰਜ ਦਾ ਸਾਧਨ। ਕਾਰਨ ਬਪੁਰਾ ਕਿਆ ਕਰੈ ਜਉ ਰਾਮ ਨ ਕਰੈ ਸਹਾਈ। ੩. ਕਾਰਾਨ 'ਕਾਰਨ ਕੁਨਿੰਦ ਹੈ'।

ਗੁਰਬਾਣੀ ਵਿਚ ਕਰਨ ਕਾਰਨ ਦੇ ਅਰਥ ਲਗ-ਪਗ ਉਹੀ ਹਨ ਜੋ ਕਰਣ ਕਾਰਣ ਉੱਪਰ ਲਿਖ ਆਏ ਹਾਂ ।

੪੭- ਕਰਨ ਕਾਰਨ ਸਮਰਥ ਦਇਆਰ ॥ ਸਰਬ ਨਿਧਾਨ ਮਹਾ ਬੀਚਾਰ ॥ ਨਾਨਕ ਬਖਸਿ ਲੀਏ ਪ੍ਰਭਿ ਆਪਿ ॥ ਸਦਾ ਸਦਾ ਏਕੋ ਹਰਿ ਜਾਪਿ ॥੪॥੧੩॥੧੫॥ (ਪੰਨਾ-੮੬੬)

ਅਰਥ : ਹੇ ਭਾਈ! ਪਰਮਾਤਮਾ ਜਗਤ ਦਾ ਮੂਲ ਹੈ, ਸਾਰੀਆਂ ਤਾਕਤਾਂ ਦਾ ਮਾਲਕ ਹੈ, ਦਇਆ ਦਾ ਸੋਮਾ ਹੈ। ਉਸ ਦੇ ਉੱਚੇ ਗੁਣਾਂ ਦਾ ਵਿਚਾਰ ਕਰਨਾ ਹੀ (ਜੀਵ ਵਾਸਤੇ) ਸਭ ਖ਼ਜ਼ਾਨੇ ਹਨ। ਹੇ ਨਾਨਕ! ਪ੍ਰਭੂ ਨੇ ਆਪ ਹੀ ਅਪਣੇ ਸੇਵਕਾਂ ਉਤੇ ਸਦਾ ਬਖ਼ਸ਼ਸ਼ ਕੀਤੀ ਹੈ। ਹੇ ਭਾਈ! ਸਦਾ ਹੀ ਉਸ ਇਕ ਪਰਮਾਤਮਾ ਦਾ ਨਾਮ ਜਪਿਆ ਕਰ।੪।੧੩।੧੫।

੪੮- ਆਵੈ ਨ ਜਾਵੈ ਸੰਗੇ ਸਮਾਵੈ ਪੂਰਨ ਜਾ ਕਾ ਕਾਮੁ ਹੇ ॥੪॥ ਭਗਤ ਜਨਾ ਕਾ ਰਾਖਣਹਾਰਾ ॥ ਸੰਤ ਜੀਵਹਿ ਜਪਿ ਪ੍ਰਾਨ ਅਧਾਰਾ ॥ ਕਰਨ ਕਾਰਨ ਸਮਰਥੁ ਸੁਆਮੀ ਨਾਨਕੁ ਤਿਸੁ ਕੁਰਬਾਨੁ ਹੇ ॥੫॥੨॥੩੨॥ (੧੦੦੮)

ਅਰਥ:- ਹੇ ਭਾਈ! (ਉਸੇ ਪਰਮਾਤਮਾ ਦਾ ਹੀ ਸਿਮਰਨ ਕਰੋ) ਜਿਸ ਦਾ ਹਰੇਕ ਕੰਮ ਮੁਕੰਮਲ (ਅਭੁੱਲ) ਹੈ, ਜੋ ਨਾਹ ਜੰਮਦਾ ਹੈ ਨਾਹ ਮਰਦਾ ਹੈ, ਪਰ ਹਰੇਕ ਜੀਵ ਦੇ ਨਾਲ ਗੁਪਤ ਵੱਸਦਾ ਹੈ ।੪।

ਹੇ ਭਾਈ! ਉਹ ਪਰਮਾਤਮਾ ਆਪਣੇ ਭਗਤਾਂ ਦੀ ਰੱਖਿਆ ਕਰਨ ਵਾਲਾ ਹੈ, ਉਹ ਹਰੇਕ ਦੇ ਪ੍ਰਾਣਾਂ ਦਾ ਆਸਰਾ ਹੈ। ਸੰਤ ਜਨ (ਉਸ ਦਾ ਨਾਮ) ਜਪ ਕੇ ਆਤਮਕ ਜੀਵਨ ਹਾਸਲ ਕਰਦੇ ਰਹਿੰਦੇ ਹਨ। ਉਹ ਪਰਮਾਤਮਾ ਇਸ ਜਗਤ-ਰਚਨਾ ਦਾ ਮੂਲ ਹੈ, ਸਾਰੀਆਂ ਤਾਕਤਾਂ ਦਾ ਮਾਲਕ ਹੈ, ਸਭ ਦਾ ਖਸਮ ਹੈ । ਹੇ ਭਾਈ! ਨਾਨਕ (ਸਦਾ) ਉਸ ਤੋਂ ਸਦਕੇ ਜਾਂਦਾ ਹੈ।੫।੨।੩੨।

੪੯- ਸੰਤ ਜਨਾ ਮਿਲਿ ਕਰਹੁ ਬੀਚਾਰੁ ॥ ਏਕੁ ਸਿਮਰਿ ਨਾਮ ਆਧਾਰੁ ॥ ਅਵਰਿ ਉਪਾਵ ਸਭਿ ਮੀਤ ਬਿਸਾਰਹੁ ॥ ਚਰਨ ਕਮਲ ਰਿਦ ਮਹਿ ਉਰਿ ਧਾਰਹੁ ॥ ਕਰਨ ਕਾਰਨ ਸੋ ਪ੍ਰਭੁ ਸਮਰਥੁ ॥ ਦ੍ਰਿੜੁ ਕਰਿ ਗਹਹੁ ਨਾਮੁ ਹਰਿ ਵਥੁ ॥ ਇਹੁ ਧਨੁ ਸੰਚਹੁ ਹੋਵਹੁ ਭਗਵੰਤ ॥ ਸੰਤ ਜਨਾ ਕਾ ਨਿਰਮਲ ਮੰਤ ॥ ਏਕ ਆਸ ਰਾਖਹੁ ਮਨ ਮਾਹਿ ॥ ਸਰਬ ਰੋਗ ਨਾਨਕ ਮਿਟਿ ਜਾਹਿ ॥੧॥ (ਪੰਨਾ-੨੮੮)

ਅਰਥ:- ਸੰਤਾਂ ਨਾਲ ਮਿਲ ਕੇ (ਪ੍ਰਭੂ ਦੇ ਗੁਣਾਂ ਦਾ) ਵਿਚਾਰ ਕਰੋ, ਇੱਕ ਪ੍ਰਭੂ ਨੂੰ ਸਿਮਰੋ ਤੇ ਪ੍ਰਭੂ ਦੇ ਨਾਮ ਦਾ ਆਸਰਾ (ਲਵੋ)।

ਹੇ ਮਿਤ੍ਰ! ਹੋਰ ਸਾਰੇ ਹੀਲੇ ਛੱਡ ਦਿਉ ਤੇ ਪ੍ਰਭੂ ਦੇ ਕਮਲ (ਵਰਗੇ ਸੋਹਣੇ) ਚਰਨ ਹਿਰਦੇ ਵਿਚ ਟਿਕਾਉ।

ਉਹ ਪ੍ਰਭੂ (ਸਭ ਕੁਝ ਆਪ) ਕਰਨ (ਤੇ ਜੀਵਾਂ ਪਾਸੋਂ) ਕਰਾਉਣ ਦੀ ਤਾਕਤ ਰੱਖਦਾ ਹੈ, ਉਸ ਪ੍ਰਭੂ ਦਾ ਨਾਮ-ਰੂਪੀ (ਸੋਹਣਾ) ਪਦਾਰਥ ਪੱਕਾ ਕਰ ਕੇ ਸਾਂਭ ਲਵੋ।

(ਹੇ ਭਾਈ!) (ਨਾਮ-ਰੂਪ) ਇਹ ਧਨ ਇਕੱਠਾ ਕਰੋ ਤੇ ਭਾਗਾਂ ਵਾਲੇ ਬਣੋ, ਸੰਤਾਂ ਦਾ ਇਹੀ ਪਵਿਤ੍ਰ ਉਪਦੇਸ਼ ਹੈ।

ਆਪਣੇ ਮਨ ਵਿਚ ਇਕ (ਪ੍ਰਭੂ ਦੀ) ਆਸ ਰੱਖੋ, ਹੇ ਨਾਨਕ! (ਇਸ ਤਰ੍ਹਾਂ) ਸਾਰੇ ਰੋਗ ਮਿਟ ਜਾਣਗੇ ।੧।

੫੦- ਕਰਨ ਕਾਰਨ ਸਮਰਥ ਹਮਾਰੇ ਸੁਖਦਾਈ ਮੇਰੇ ਹਰਿ ਹਰਿ ਰਾਇ॥ ਨਾਮੁ ਤੇਰਾ ਜਪਿ ਜੀਵੈ ਨਾਨਕੁ ਓਤਿ ਪੋਤਿ ਮੇਰੈ ਸੰਗਿ ਸਹਾਇ ॥੪॥੯॥ (ਪੰਨਾ-੩੭੩)

ਅਰਥ:- ਕਰਨ ਕਾਰਨ ਸਮਰਥ-ਸਭ ਕੁਝ ਕਰਨ ਤੇ ਕਰਵਾਉਣ ਦੀ ਤਾਕਤ ਰੱਖਣ ਵਾਲੇ! ਹਰਿ ਰਾਇ-ਪ੍ਰਭੂ-ਪਾਤਸ਼ਾਹ ! ਜੀਵੈ-ਜੀਊਂਦਾ ਹੈ, ਆਤਮਕ ਜੀਵਨ ਹਾਸਲ ਕਰਦਾ ਹੈ । ਓਤਿ-ਉਣੇ ਹੋਏ ਵਿਚ। ਪੋਤਿ-ਪ੍ਰੋਤੇ ਹੋਏ ਵਿਚ। ਓਤਿ ਪੋਤਿ-ਜਿਵੇਂ ਤਾਣੇ ਪੇਟੇ ਵਿਚ । ਸੰਗਿ-ਨਾਲ । ਸਹਾਇ-ਸਹਾਈ, ਸਾਥੀ।੪।

੭

ਏਕਸੁ ਤੇ ਦੂਜਾ ਨਾਹੀਂ ਕੋਇ

ਉਸ ਪ੍ਰਭੂ ਤੋਂ ਬਿਨਾਂ ਕੋਈ ਦੂਜਾ ਸਿਰਜਣਹਾਰ, ਪਾਲਣਹਾਰ, ਰਾਖਾ ਤੇ ਮਿੱਤਰ ਪਿਆਰਾ ਹੋਰ ਹੈ ਹੀ ਕੋਈ ਨਹੀਂ। ਉਸ ਇਕ ਅਬਿਨਾਸ਼ੀ ਪਰਮਾਤਮਾ ਤੋਂ ਬਿਨਾਂ ਕਿਸੇ ਹੋਰ 'ਤੇ ਟੇਕ ਰੱਖਣੀ ਕੇਵਲ ਮੋਹ ਠਗੌਰੀ ਅਥਵਾ ਮਾਇਆ ਦੇ ਪ੍ਰਭਾਵ ਵਾਲੀ ਗੰਧਰਬ ਨਗਰੀ ਹੀ ਹੈ, ਭਾਵ ਕੋਰਾ ਭਰਮ। ਹਾਜ਼ਰਾ ਹਜ਼ੂਰ ਸਤਿਗੁਰੂ ਜੀ ਦਾ ਫ਼ੁਰਮਾਨ-ਮੇਰੇ ਮਨ ਏਕਸ ਸਿਉ ਚਿਤੁ ਲਾਇ॥ ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ॥ ੧॥ ਰਹਾਉ॥ (੪੪) ਨਾਸਵੰਤ ਨਾਲ ਮੋਹ ਦੀ ਰਾਹ ਉੱਤੇ ਨਾਸਵੰਤ ਦੀ ਟੇਕ ਪਛਤਾਵਾ ਅਤੇ ਖ਼ੁਆਰੀ ਹੀ ਖ਼ੁਆਰੀ ਹੈ :-

੫੧-ਸਚੇ ਬਾਝਹੁ ਕੋ ਅਵਰੁ ਨ ਦੂਆ॥ ਦੂਜੈ ਲਾਗਿ ਜਗੁ ਖਪਿ ਖਪਿ ਮੂਆ॥ ਗੁਰਮੁਖਿ ਹੋਵੈ ਸੁ ਏਕੋ ਜਾਣੈ ਏਕੋ ਸੇਵਿ ਸੁਖੁ ਪਾਵਣਿਆ ॥੬॥ (ਪੰਨਾ-੧੧੩)

੫੨-ਛੋਡਿ ਸਿਆਨਪ ਬਹੁ ਚਤੁਰਾਈ ਸਾਧੂ ਸਰਣੀ ਜਾਇ ਪਾਇ ॥ ਜਉ ਹੋਇ ਕ੍ਰਿਪਾਲੁ ਦੀਨ ਦੁਖ ਭੰਜਨ ਜਮ ਤੇ ਹੋਵੈ ਧਰਮ ਰਾਇ ॥੧॥ ਏਕਸ ਬਿਨੁ ਨਾਹੀ ਕੋ ਦੂਜਾ ਆਨ ਨ ਬੀਓ ਲਵੈ ਲਾਇ ॥ ਮਾਤ ਪਿਤਾ ਭਾਈ ਨਾਨਕ ਕੋ ਸੁਖਦਾਤਾ ਹਰਿ ਪ੍ਰਾਨ ਸਾਇ ॥੨॥ ੨॥੨੧॥ (ਪੰਨਾ-੧੨੦੮)

੫੩-ਕਵਨੁ ਜਾਨੈ ਪ੍ਰਭ ਤੁਮ੍ਰੀ ਸੇਵਾ ॥ ਪ੍ਰਭ ਅਵਿਨਾਸੀ ਅਲਖ ਅਭੇਵਾ ॥੧॥ ਗੁਣ ਬੇਅੰਤ ਪ੍ਰਭ ਗਹਿਰ ਗੰਭੀਰੇ ॥ ਊਚ ਮਹਲ ਸੁਆਮੀ ਪ੍ਰਭ ਮੇਰੇ ॥ ਤੂ ਅਪਰੰਪਰ ਠਾਕੁਰ ਮੇਰੇ ॥੧॥ ਰਹਾਉ ॥ ਏਕਸ ਬਿਨੁ ਨਾਹੀ ਕੋ ਦੂਜਾ ॥ ਤੁਮ੍ ਹੀ ਜਾਨਹੁ ਅਪਨੀ ਪੂਜਾ ॥ ੨ ॥ ਆਪਹੁ ਕਛੂ ਨ ਹੋਵਤ ਭਾਈ ॥ ਜਿਸੁ ਪ੍ਰਭੁ ਦੇਵੈ ਸੋ ਨਾਮੁ ਪਾਈ ॥੩॥ ਕਹੁ ਨਾਨਕ ਜੋ ਜਨੁ ਪ੍ਰਭ ਭਾਇਆ ॥ ਗੁਣ ਨਿਧਾਨ ਪ੍ਰਭੁ ਤਿਨ ਹੀ ਪਾਇਆ ॥੪॥੧੦॥੧੫॥ (ਪੰਨਾ-੮੦੫)

੫੪-ਮਾਈ ਰੀ ਮਾਤੀ ਚਰਣ ਸਮੂਹ ॥ ਏਕਸੁ ਬਿਨੁ ਹਉ ਆਨ ਨ ਜਾਨਉ ਦੁਤੀਆ ਭਾਉ ਸਭ ਲੂਹ ॥੧॥ ਰਹਾਉ ॥ ਤਿਆਗਿ ਗੁੋਪਾਲ ਅਵਰ ਜੋ ਕਰਣਾ ਤੇ ਬਿਖਿਆ ਕੇ ਖੂਹ ॥ ਦਰਸ ਪਿਆਸ ਮੇਰਾ ਮਨੁ ਮੋਹਿਓ ਕਾਢੀ ਨਰਕ ਤੇ ਧੂਹ ॥੧॥ ਸੰਤ ਪ੍ਰਸਾਦਿ ਮਿਲਿਓ ਸੁਖਦਾਤਾ ਬਿਨਸੀ ਹਉਮੈ ਹੂਹ ॥ ਰਾਮ ਰੰਗਿ ਰਾਤੇ ਦਾਸ ਨਾਨਕ ਮਉਲਿਓ ਮਨੁ ਤਨੁ ਜੂਹ ॥੨॥੯੫॥੧੧੮॥ (ਪੰਨਾ-੧੨੨੭)

੫੫-ਆਵੈ ਰਾਮ ਸਰਣਿ ਵਡਭਾਗੀ ॥ ਏਕਸ ਬਿਨੁ ਕਿਛੁ ਹੋਰੁ ਨ ਜਾਣੈ ਅਵਰਿ ਉਪਾਵ ਤਿਆਗੀ ॥੧॥ ਰਹਾਉ ॥ ਮਨ ਬਚ ਕ੍ਰਮ ਆਰਾਧੈ ਹਰਿ ਹਰਿ ਸਾਧਸੰਗਿ ਸੁਖੁ ਪਾਇਆ ॥ ਅਨਦ ਬਿਨੋਦ ਅਕਥ ਕਥਾ ਰਸੁ ਸਾਚੈ ਸਹਜਿ ਸਮਾਇਆ ॥੧॥ ਕਰਿ ਕਿਰਪਾ ਜੋ ਅਪੁਨਾ ਕੀਨੋ ਤਾ ਕੀ ਊਤਮ ਬਾਣੀ ॥ ਸਾਧਸੰਗਿ ਨਾਨਕ ਨਿਸਤਰੀਐ ਜੋ ਰਾਤੇ ਪ੍ਰਭ ਨਿਰਬਾਣੀ ॥੨॥੫੯॥੮੨॥ (ਪੰਨਾ-੧੨੨੦)

ਅਜਿਹੇ ਹੋਰ ਵੀ ਕਈ ਗੁਰੂ-ਸ਼ਬਦ ਹਨ ਜਿਨ੍ਹਾਂ ਵਿਚ ਕੇਵਲ ਉਸੇ ਇਕ ਤੋਂ ਬਿਨਾਂ ਕਿਸੇ ਦੂਜੀ ਕਰਾਮਾਤੀ ਸ਼ਕਤੀ ਦੇ ਬਰਮ ਵਿਚ ਪੈਣੋਂ ਵਰਜਿਆ ਹੈ ਤੇ ਕੇਵਲ ਇਹੀ ਵਿਸ਼ਵਾਸ ਮਨ ਵਿਚ ਦ੍ਰਿੜ ਕਰਨ ਦਾ ਗੁਰੂ ਉਪਦੇਸ਼ ਹੈ -

੫੬ ਸਭੁ ਅੰਤਰਜਾਮੀ ਬ੍ਰਹਮੁ ਹੈ ਬ੍ਰਹਮੁ ਵਸੈ ਸਭ ਥਾਇ ॥ ਮੰਦਾ ਕਿਸ ਨੋ ਆਖੀਐ ਸਬਦਿ ਵੇਖਹੁ ਲਿਵ ਲਾਇ ॥੬॥ ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ ॥ ਗੁਰਮੁਖਿ ਏਕੋ ਬੁਝਿਆ ਏਕਸੁ ਮਾਹਿ ਸਮਾਇ ॥੭॥ ਸੇਵਾ ਸਾ ਪ੍ਰਭ ਭਾਵਸੀ ਜੋ ਪ੍ਰਭੁ ਪਾਏ ਥਾਇ ॥ ਜਨ ਨਾਨਕ ਹਰਿ ਆਰਾਧਿਆ ਗੁਰ ਚਰਣੀ ਚਿਤੁ ਲਾਇ ॥੮॥੨॥੪॥੯॥ (ਪੰਨਾ-੭੫੭)

੮

ਵਿਗਿਆਨਕ ਨੂੰ ਸੇਧਾਂ ਦੇ ਰਿਹਾ (ਇਸ ੧ ਦਾ) ਸਦੀਵੀ ਸੱਚ

੫੭ ਮਾਰੂ ਮਹਲਾ ੩ ॥ ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥ ਕੋਇ ਨ ਕਿਸ ਹੀ ਜੇਹਾ

ਉਪਾਇਆ॥ ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ।੧। (ਪੰਨਾ-੧੦੫੬)

ਅਰਥ: ਹੇ ਭਾਈ! ਸਦਾ ਥਿਰ ਰਹਿਣ ਵਾਲੇ ਮੇਰੇ ਪ੍ਰਭੂ ਨੇ (ਇਹ ਜਗਤ) ਇਕ (ਅਜਿਹਾ ਅਦਭੁਤ) ਖੇਲ ਰਚਿਆ ਹੈ, ਕਿ (ਇਸ ਵਿੱਚ ਉਸ ਨੇ) ਕੋਈ ਵੀ ਕਿਸੇ ਦੂਜੇ ਵਰਗਾ ਨਹੀਂ ਬਣਾਇਆ। ਆਪ ਹੀ (ਜੀਵਾਂ ਵਿਚ) ਫ਼ਰਕ ਪੈਦਾ ਕਰਦਾ ਹੈ, ਤੇ (ਇਹ ਫ਼ਰਕ) ਵੇਖ-ਵੇਖ ਕੇ ਖ਼ੁਸ਼ ਹੁੰਦਾ ਹੈ। (ਫਿਰ ਉਸ ਨੇ) ਸਰੀਰ ਵਿਚ ਸਾਰੇ ਹੀ ਰਸ (-ਚਸਕੇ) ਪੈਦਾ ਕਰ ਦਿੱਤੇ ਹਨ।੧।

ਵਿਗਿਆਨਕ ਵਿਆਖਿਆ:--

(ਯਾਦ ਰਹੇ ਕਿ, ਪੁਸਤਕ ਮਾਲਾ ਦੇ ਸੱਤਵੇਂ ਭਾਗ ਦੇ ਪਹਿਲੇ ਕਾਂਡ ਦੇ ਚੌਥੇ ਲੇਖ ਦੇ ੨੭ਵੇਂ ਨੰਬਰ 'ਤੇ ਉਪ੍ਰੋਕਤ ਤੁਕ ਦੀ ਵਿਆਖਿਆ ਅਰਥਾਂ ਸਮੇਤ ਬੜੇ ਵਿਸਥਾਰ ਨਾਲ ਲਿਖੀ ਹੋਈ ਹੈ।) ਕਾਦਰ ਦੇ ਇਸ ਸੰਸਾਰ ਤਮਾਸ਼ੇ ਵਿਚ, ਅਥਵਾ ਉਸ ਦੀ ਇਸ ਸੰਸਾਰ ਖੇਡ ਵਿਚ ਉਪਜਿਆ ਹਰੇਕ ਜੀਵ, ਹਰੇਕ ਪਦਾਰਥ ਅਪਣੇ ਜਿਹਾ ਕੇਵਲ ਆਪ ਹੀ ਹੈ। ਇਕ ਜੀਵ ਜਿਹਾ ਦੂਜਾ ਹੋਰ ਕੋਈ ਨਹੀਂ। ਏਵੇਂ ਹੀ, ਦੀਪ ਜਿਹਾ ਦੂਜਾ ਦੀਪ, ਸਮੁੰਦਰ ਜਿਹਾ ਦੂਜਾ ਸਮੁੰਦਰ, ਪਹਾੜ ਜਿਹਾ ਦੂਜਾ ਪਹਾੜ, ਨਦੀ ਜਿਹੀ ਦੂਜੀ ਨਦੀ, ਰੁੱਖ ਜਿਹਾ ਦੂਜਾ ਰੁੱਖ, ਪੱਤੇ ਜਿਹਾ ਦੂਜਾ ਪੱਤਾ, ਏਥੋਂ ਤੱਕ ਕਿ, ਇਕ ਉਸੇ ਫੁੱਲ ਦੀ ਪੱਤੀ ਵਰਗੀ ਦੂਜੀ ਪੱਤੀ ਨਹੀਂ ਮਿਲ ਸਕਦੀ। ਕਾਦਰ ਦਾ ਇਹ ਨਿਯਮ ਅਪਣੇ ਆਪ ਵਿਚ ਕਿਸੇ ਥਾਂ ਭੰਗ ਹੋਇਆ ਅੱਜ ਤੱਕ ਸਿੱਧ ਨਹੀਂ ਹੋਇਆ ਤੇ ਸੰਸਾਰ ਦਾ ਵਗਿਆਨੀ ਵੀ ਕਾਦਰ ਦੇ ਇਸ ਨਿਯਮ ਨੂੰ ਭੰਗ ਨਹੀਂ ਕਰ ਸਕਦਾ। ਭਾਵ, ਵੱਡੇ ਤੋਂ ਵੱਡਾ ਵਗਿਆਨੀ ਵੀ ਅੱਜ ਤੱਕ ਦੋ ਵਸਤੂਆਂ ਬਿਨਾਂ ਕਿਸੇ ਮਾਮੂਲੀ ਤੋਂ ਮਾਮੂਲ਼ੀ ਅੰਤਰ ਦੇ ਹੂ-ਬ-ਹੂ ਇਕੋ ਜਿਹੀਆਂ ਨਹੀਂ ਬਣਾ ਸਕਿਆ। ਕੁਦਰਤ ਦੇ ਇਸ ਅਟੱਲ ਨਿਯਮ ਦੇ ਕਾਰਨ, ਇਕੋ ਕਾਰਖ਼ਾਨੇ ਦੇ ਇਕੋ ਸੈਂਚੇ ਵਿਚ ਬਣੇ ਟਾਇਰਾਂ ਦੇ ਨਿਸ਼ਾਨਾਂ ਤੋਂ, ਜਿਵੇਂ Fire Arms ਪਿਸਤੌਲ਼ਾਂ, ਬੰਦੂਕਾਂ, ਰਾਈਫ਼ਲਾਂ ਆਦਿ ਵਿਚ ਚੱਲੀਆਂ ਗੋਲੀਆਂ ਤੋਂ ਹੱਥ ਦੀਆਂ ਰੇਖਾਵਾਂ ਆਦਿ ਤੋਂ, ਅਸਲ ਦੋਸ਼ੀ ਦਾ ਪਤਾ ਕਰ ਲਿਆ ਜਾਂਦਾ ਹੈ। ਸੰਸਾਰ ਦਾ ਹਰ ਜੀਵ, ਸੰਸਾਰ ਵਿਚ ਇਕੱਲਾ ਅਇਆ ਤੇ ਅਪਣੇ ਜਿਹਾ ਕੇਵਲ ਆਪ ਹੀ ਹੋਣ ਦੇ ਕਾਰਨ, ਵਾਸਤਵ ਵਿਚ ਇਕੱਲਾ ਹੀ ਜ਼ਿੰਦਗੀ ਗੁਜ਼ਾਰ ਕੇ ਇਕੱਲਾ ਹੀ ਸੰਸਾਰ ਵਿਚੋਂ ਤੁਰ ਜਾਂਦਾ ਹੈ। ਇਸ ਤਰ੍ਹਾਂ ਸੰਸਾਰ ਦਾ ਜ਼ੱਰਾ-ਜ਼ੱਰਾ ਇਕੱਲਾ ਹੋਣ ਦੇ ਕਾਰਨ ਉਸ ਇੱਕ ਦਾ ਹੀ ਚੇਤਾ ਨਿਰੰਤਰ ਕਰਾ ਰਿਹਾ ਹੈ।-

ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ॥ ਕੋਇ ਨ ਕਿਸ ਹੀ ਜੇਹਾ ਉਪਾਇਆ॥
(ਪੰਨਾ-੧੦੫੬)

--✲✲--

ਤੀਜਾ ਕਾਂਡ

੧

ੳ, ਓਅੰ ਅਥਵਾ ਓਅੰਕਾਰ, ਏਕੰਕਾਰ

ਮਹਾਨ ਕੋਸ਼ ਦੇ ੨੧ ਸਫ਼ੇ ਅਨੁਸਰ ੳ ਪਦ ਦੇ ਅਰਥ= ਵਯ ਸੰਬੋਧਨ ਰੇ! ਓ ! ਕਈ ਥਾਈਂ ਛੋਟੇ ਦਰਜੇ ਦੇ ਆਦਮੀ ਨੂੰ ਓ ਸ਼ਬਦ ਨਾਲ ਬੁਲਾਈਦਾ ਹੈ. (ਭਾਰਤ ਦੇ ਕਈ ਇਲਾਕਿਆਂ ਵਿਚ ਦੂਜੇ ਮਨੁੱਖ ਨੂੰ ਸੰਬੋਧਨ ਕਰਨ ਲਈ ਓ, ਰੇ, ਹੇ ਕਹਿ ਕੇ ਵੀ ਬੁਲਾਇਆ ਜਾਂਦਾ ਹੈ ਜੋ ਕਿਸੇ ਸਭਿਆ ਸੁਸਾਇਟੀ ਵਿੱਚ ਵਧੀਆ ਗੱਲ ਨਹੀਂ ਮੰਨੀ ਜਾਂਦੀ), ੨. ਅਰੇ ਦਾ ਸੰਖੇਪ, ਮੰਨਿਆ ਹੈ-੩ ਔਰ ਦਾ ਸੰਖੇਪ, ਦੋ ਪਦ ਨੂੰ ਜੋੜਨ ਵਾਲਾ ਸ਼ਬਦ- 'ਝੜ ਝੱਖੜ ਓ ਹਾੜ' (ਸਵਾ ਮ: ੧) ਬੱਦਲ ਦਾ ਅੰਘ, ,ਝੱਖੜ ਤੇ ਪਾਣੀ ਦਾ ਹੜ੍ਹ। ਸ਼ੋਕ ਤੇ ਅਸਚਰਜ ਬੋਧਕ ਓਹ! ੪ ਸਰਵ। ਓਹ ਦਾ ਸੰਖੇਪ। ੫ ਸੰਗਯਾ- ਬ੍ਰਹਮਾ ।

ਇਸੇ ਤਰ੍ਹਾਂ "ਓਅੰ" ਦੇ ਅਰਥ ਮਹਾਨ ਕੋਸ਼ ਦੇ ੨੧ ਸਫ਼ੇ ਅਨੁਸਾਰ ਇਉਂ ਹਨ - ਸੰ: ਇਸ ਸ਼ਬਦ ਦਾ ਮੂਲ ਅਵ ਧਾਤੁ ਹੈ, ਜਿਸ ਦਾ ਅਰਥ ਹੈ ਰਖਯਾ ਕਰਨਾ, ਬਚਾਉਣਾ, ਤ੍ਰਿਪਤ ਹੋਣਾ, ਫੈਲਨਾ ਆਦਿ। ' ਓਅੰ ' ਸ਼ਬਦ ਸਭ ਦੀ ਰਖਯਾ ਕਰਨ ਵਾਲੇ ਕਰਤਾਰ ਦਾ ਬੋਧਕ ਹੈ "ਓਅੰ ਸਾਧ ਸਤਿਗੁਰ ਨਮਸਕਾਰੰ" (ਬਾਵਨ)। "ਓਅੰ ਪ੍ਰਿਅ ਪ੍ਰੀਤਿ ਚੀਤਿ" (ਮਾਰੂ ਮ: ੫)

ਓਅੰਕਾਰ ਦਾ ਅਰਥ ਓਅੰ ਧੁਨਿ (ਓਅੰ ਦਾ ਉਚਾਰਨ) । ਕਈ ਥਾਈਂ ਓਅੰਕਾਰ ਸ਼ਬਦ ਕਰਤਾਰ ਦਾ ਬੋਧਕ ਭੀ ਦੇਖੀਦਾ ਹੈ "ਓਅੰਕਾਰ ਏਕੋ ਰਵਿ ਰਹਿਆ. (ਕਾਨ ਮ: ੪)

ਸੰਸਕ੍ਰਿਤ ਦੇ ਵਿਦਵਾਨਾਂ ਨੇ ੳ, ਅ, ਮ ਤਿੰਨ ਅੱਖਰਾਂ ਨੂੰ ਬ੍ਰਹਮਾ,ਵਿਸ਼ਨੂ, ਸ਼ਿਵ ਮੰਨ ਕੇ " ਓਅੰ " ਨੂੰ ਤਿੰਨ ਦੇਵ ਰੂਪ ਕਲਪਿਆ ਹੈ ਪਰ ਗੁਰਮਤਿ ਵਿਚ ਓਅੰ ਦੇ ਮੁੱਢ ਏਕਾ ੧ ਅੰਗ ਲਿਖਕੇ ਸਿੱਧ ਕੀਤਾ ਹੈ ਕਿ ਕਰਤਾਰ ਇਕ ਹੈ. "ਏਕਾ ਏਕੰਕਾਰ ਲਿਖਿ ਵੇਖਾਲਿਆ । ਊੜਾ ਓਅੰਕਾਰ ਪਾਸਿ ਬਹਾਲਿਆ ॥" (ਭਾ:ਗੁ)

ਕਈ ਵਿਦਵਾਨਾਂ ਨੇ ਹਿੰਦੂ ਧਰਮ ਦੇ ਮੂਲ ਮੰਤਰ ਓਮ ਦੇ ਅਰਥ ੳ ਭਾਵ ਉਤਪਤੀ ਕਰਨ ਵਾਲਾ ਬ੍ਰਹਮਾ, ਅੰ ਸਾ ਅਰਥ ਅਧਾਰ ਦੇਣ ਵਾਲਾ ਭਾਵ, ਵਿਸ਼ਨੂੰ ਅਤੇ ਅੰਮ ਦਾ ਅਰਥ ਮਿਰਤੂ ਕਰਨ ਵਾਲਾ ਭਾਵ ਮਹੇਸ਼ ਅਥਵਾ ਸ਼ਿਵ ਜੀ (ਕਾਲ-ਮਹਾਂ ਕਾਲ ਆਦਿ ਨਾਵਾਂ ਵਾਲਾ?) ਮੰਨਿਆ ਹੈ। ਭਾਵ ਓਅੰਮ ਦਾ ਉਚਾਰਨ ਬ੍ਰਹਮਾ ਬਿਸ਼ਨ ਮਹੇਸ਼ ਤਿੰਨ

ਦੇਵਤਿਆਂ ਦਾ ਉਚਾਰਨ ਹੈ। ਅਖੇ, ਇਸ ਤਰ੍ਹਾਂ ਬ੍ਰਾਹਮਣ ਨੇ ਓਅੰਮ ਦੇ ਉਚਾਰਨ ਵਿਚ ਤਿੰਨ੍ਹ ਪ੍ਰਧਾਨ ਦੇਵਤਿਆਂ ਦਾ ਸਿਮਰਨ ਅਥਵਾ ਸੰਪੂਰਨ ਰੱਬ ਦਾ ਜਾਪ ਮਿੱਥਿਆ ਹੋਇਆ ਸੀ। ਸਤਿਗੁਰ ਨੇ ਓੱ ਦੇ ਪਹਿਲਾਂ ੧ ਲਾ ਕੇ ਬ੍ਰਾਹਮਣੀ ਵਿਸਵਾਸ਼ ਵਾਲੇ ਤਿੰਨ ਦੇਵਤਿਆਂ ਦੇ ਸਰੂਪ ਦੀ ਖੰਡਨਾ ਕਰਕੇ ਉਤਪਤੀ ਪਾਲਣਾ ਤੇ ਮੌਤ (=ਖੈ, ਪਰਲਉ) ਕੇਵਲ ਇੱਕ ਅਕਾਲ ਪੁਰਖ ਦੇ ਹੀ ਵੱਸ ਵਿਚ ਦੱਸਿਆ ਹੈ। ਭਾਵ, ਓੱ ਤੋਂ ਪਹਿਲਾਂ ੧ ਲਾ ਕੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਬ੍ਰਾਹਮਣੀ ਧਰਮ ਦੇ ੩੩ ਕਰੋੜ ਦੇਵਤਿਆਂ ਵਾਲੇ ਸਿਧਾਂਤ ਨੂੰ ਰੱਦ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਵਿਚਲਾ ਓੱ ਅੱਖਰ, ਏਕੇ (-੧) ਤੋਂ ਬਿਨ੍ਹਾਂ ਇਕੱਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ ਹੀ ਨਹੀਂ।

੧ਓ ਸ਼ਬਦ ਦਾ ਉਚਾਰਨ ਉਅੰਕਾਰ ਅਸਾਂ ਕਿਥੋਂ ਸਿਖਿਆ? ਤੇ ਗੁਰਮਤਿ ਵਿਚ ਓ ਅੱਖਰ ਦੇ ਅਰਥ ਕੀ ਹਨ? ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਲੱਭਣ ਲਈ ਆਓ ਅਗਲੇ ਗੁਰੂ ਸ਼ਬਦ ਦੀ ਵਿਚਾਰ ਪੂਰੀ ਇਕਾਗਰਤਾ ਨਾਲ ਕਰੀਏ :--

੧- **ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ ॥ ਓਅੰਕਾਰਿ ਸੈਲ ਜੁਗ ਭਏ ॥ ਓਅੰਕਾਰਿ ਬੇਦ ਨਿਰਮਏ ॥ ਓਅੰਕਾਰਿ ਸਬਦਿ ਉਧਰੇ ॥ ਓਅੰਕਾਰਿ ਗੁਰਮੁਖਿ ਤਰੇ ॥ ਓਨਮ ਅਖਰ ਸੁਣਹੁ ਬੀਚਾਰੁ ॥ ਓਨਮ ਅਖਰੁ ਤ੍ਰਿਭਵਣ ਸਾਰੁ ॥੧ ॥** (ਪੰਨਾ-੯੨੯)

ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਅਨੁਸਾਰ ਅਰਥ:-ਹੇ ਪਾਂਡੇ ਜੀ ! ਮੰਦਰ ਵਿਚ ਅਸਥਾਪਣ ਕੀਤੀ ਮੂਰਤੀ ਨੂੰ ਤੁਸੀਂ ਓਅੰਕਾਰ ਕਹਿ ਰਹੇ ਹੋ ਤੇ ਕਹਿੰਦੇ ਕਿ ਸ੍ਰਿਸ਼ਟੀ ਨੂੰ ਬ੍ਰਹਮਾ ਨੇ ਪੈਦਾ ਕੀਤਾ ਸੀ। ਪਰ 'ਓਅੰਕਾਰ' ਉਹ ਸਰਬ-ਵਿਆਪਕ ਪਰਮਾਤਮਾ ਹੈ ਜਿਸ) ਸਰਬ-ਵਿਆਪਕ ਪਰਮਾਤਮਾ ਤੋਂ ਬ੍ਰਹਮਾ ਦਾ (ਭੀ) ਜਨਮ ਹੋਇਆ, ਉਸ ਬ੍ਰਹਮਾ ਨੇ ਭੀ ਉਸ ਸਰਬ-ਵਿਆਪਕ ਪ੍ਰਭੂ ਨੂੰ ਆਪਣੇ ਮਨ ਵਿਚ ਵਸਾਇਆ । ਇਹ ਸਾਰੀ ਸ੍ਰਿਸ਼ਟੀ ਤੇ ਸਮੇ ਦੀ ਵੰਡ ਉਸ ਸਰਬ-ਵਿਆਪਕ ਪਰਮਾਤਮਾ ਤੋਂ ਹੀ ਹੋਏ, ਵੇਦ ਭੀ ਓਅੰਕਾਰ ਤੋਂ ਹੀ ਬਣੇ। ਗੁਰੂ ਦੇ ਸ਼ਬਦ ਵਿਚ ਜੁੜ ਕੇ ਜੀਵ ਉਸ ਸਰਬ-ਵਿਆਪਕ ਪਰਮਾਤਮਾ ਦੀ ਸਹਾਇਤਾ ਨਾਲ ਹੀ ਸੰਸਾਰ ਦੇ ਵਿਕਾਰਾਂ ਤੋਂ ਬਚਦੇ ਹਨ, ਤੇ ਗੁਰੂ ਦੇ ਦੱਸੇ ਰਾਹ ਉਤੇ ਤੁਰ ਕੇ ਸੰਸਾਰ-ਸਮੁੰਦਰ ਵਿਚੋਂ ਪਾਰ ਲੰਘਦੇ ਹਨ ।

(ਹੇ ਪਾਂਡੇ ! ਤੁਸੀ ਆਪਣੇ ਚਾਟੜਿਆਂ ਦੀਆਂ ਪੱਟੀਆਂ ਉੱਤੇ ਲਫ਼ਜ਼ 'ਓਅੰ ਨਮਹ' ਲਿਖਦੇ ਹੋ, ਪਰ ਇਸ ਮੂਰਤੀ ਨੂੰ ਹੀ 'ਓਅੰ' ਸਮਝ ਰਹੇ ਹੋ) ਉਸ ਮਹਾਨ ਹਸਤੀ ਦੀ ਬਾਬਤ ਭੀ ਗੱਲ ਸੁਣੋ ਜਿਸ ਦੇ ਵਾਸਤੇ ਤੁਸੀ ਲਫ਼ਜ਼ 'ਓਅੰ ਨਮਹ' ਲਿਖਦੇ ਹੋ । ਇਹ ਲਫ਼ਜ਼ 'ਓਅੰ ਨਮਹ' ਉਸ (ਮਹਾਨ ਅਕਾਲ ਪੁਰਖ) ਵਾਸਤੇ ਹਨ ਜੋ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ।੧।

ਨੋਟ:--ਪਹਿਲੀ ਫੇਰੀ ਸਮੇਂ ਸਤਿਗੁਰੂ ਨਾਨਕ ਸਾਹਿਬ ਜੀ ਸੰਗਲਾਦੀਪ ਤੋਂ ਮੁੜ ਕੇ ਸੋਮਨਾਥ ਦੁਆਰਕਾ ਹੁੰਦੇ ਹੋਏ ਦਰਿਆ ਨਰਬਦਾ ਦੇ ਕੰਢੇ, ਉਸ ਥਾਂ ਪੁੱਜੇ ਜਿਥੇ ਓਅੰਕਾਰ ਜੀ ਨਾਮਕ ਮੰਦਰ ਵਿਚ ਪੱਥਰ ਦੀ ਸ਼ਿਵ-ਮੂਰਤੀ ਨੂੰ ਓਅੰਕਾਰ ਮਨ ਕੇ ਸਥਾਪਤ ਕੀਤਾ ਹੋਇਆ ਹੈ । ਸਤਿਗੁਰਾਂ ਨੇ ਵੇਖਿਆ ਕਿ ਮੰਦਰ ਦੀ ਪਾਠਸ਼ਾਲਾ ਦੇ ਵਿਦਿਆਰਥੀ ਪਟੀਆਂ ਉਤੇ ਓਅੰਕਾਰ ਨਮਹ ਲਿਖਦੇ ਲਿਖਾਉਂਦੇ ਹਨ ਅਤੇ ਉਸ ਸ਼ਿਵ-ਮੂਰਤੀ ਨੂੰ ਓਅੰ ਸਮਝ ਰਹੇ ਹਨ । ਜਗਤ ਤੋਂ ਅਗਿਆਨਤਾ ਅਤੇ ਭਰਮ ਦਾ ਹਨੇਰਾ ਦੂਰ ਕਰਨ ਆਏ ਸੱਚੇ ਸਤਿਗੁਰਾਂ ਨੇ ਉਸ ਮੰਦਰ ਦੇ ਪੁਜਾਰੀ ਪਾਂਡੇ ਨੂੰ ਸੰਬੋਧਨ ਕਰਕੇ "ਰਾਮਕਲੀ ਮਹਲਾ ੧ ਦਖਣੀ" ਰਾਗ ਵਿਚ ਓਅੰਕਾਰ ਬਾਣੀ ਉਚਾਰੀ । ਉਪ੍ਰੋਕਤ ਮਹਾਵਾਕ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਓਸੇ ਮਹਾਨ ਬਾਣੀ ਦੀ ਪਹਿਲੀ ਪਉੜੀ ਹੈ।

੨- **ਓਅੰਕਾਰ ਆਦਿ ਮੈ ਜਾਨਾ ॥ ਲਿਖਿ ਅਰੁ ਮੇਟੈ ਤਾਹਿ ਨ ਮਾਨਾ ॥**
ਓਅੰਕਾਰ ਲਖੈ ਜਉ ਕੋਈ ॥ ਸੋਈ ਲਖਿ ਮੇਟਣਾ ਨ ਹੋਈ ॥੬॥ (ਪੰਨਾ-੩੪੦)

ਅਰਥ :—ਜੋ ਇੱਕ-ਰਸ ਸਭ ਥਾਂ ਵਿਆਪਕ ਪਰਮਾਤਮਾ ਸਭ ਨੂੰ ਬਣਾਉਣ ਵਾਲਾ ਹੈ, ਮੈਂ ਉਸ ਨੂੰ ਅਬਿਨਾਸੀ ਸਮਝਦਾ ਹਾਂ; ਹੋਰ ਜਿਸ ਵਿਅਕਤੀ ਨੂੰ ਉਹ ਪ੍ਰਭੂ ਪੈਦਾ ਕਰਦਾ ਹੈ ਤੇ ਫਿਰ ਮਿਟਾ ਦੇਂਦਾ ਹੈ ਉਸ ਨੂੰ ਮੈਂ (ਪਰਮਾਤਮਾ ਦੇ ਤੁੱਲ) ਨਹੀਂ ਮੰਨਦਾ । ਜੇ ਕੋਈ ਮਨੁੱਖ ਉਸ ਸਰਬ-ਵਿਆਪਕ ਪਰਮਾਤਮਾ ਨੂੰ ਸਮਝ ਲਏ (ਭਾਵ, ਆਪਣੇ ਅੰਦਰ ਅਨੁਭਵ ਕਰ ਲਏ) ਤਾਂ ਉਸ ਨੂੰ ਸਮਝਿਆਂ (ਉਸ ਮਨੁੱਖ ਦੀ ਉਸ ਉੱਚੀ ਆਤਮਕ ਸੁਰਤ ਦਾ) ਨਾਸ ਨਹੀਂ ਹੁੰਦਾ।੬।

੩- **ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ ॥ ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ ॥ ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ ॥੧॥ ਭਲੋ ਭਲੋ ਰੇ ਕੀਰਤਨੀਆ ॥ ਰਾਮ ਰਮਾ ਰਾਮਾ ਗੁਨ ਗਾਉ ॥ ਛੋਡਿ ਮਾਇਆ ਕੇ ਧੰਧ ਸੁਆਉ ॥੧॥ ਰਹਾਉ ॥ ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ ॥ ਬਾਜਾ ਮਾਣੁ ਤਾਣੁ ਤਜਿ ਤਾਨਾ ਪਾਉ ਨ ਬੀਗਾ ਘਾਲੈ ॥ ਫੇਰੀ ਫੇਰੁ ਨ ਹੋਵੈ ਕਬ ਹੀ ਏਕੁ ਸਬਦੁ ਬੰਧਿ ਪਾਲੈ ॥੨॥ ਨਾਰਦੀ ਨਰਹਰ ਜਾਣਿ ਹਦੂਰੇ ॥ ਘੂੰਘਰ ਖੜਕੁ ਤਿਆਗਿ ਵਿਸੂਰੇ ॥ ਸਹਜ ਅਨੰਦ ਦਿਖਾਵੈ ਭਾਵੈ ॥ ਏਹੁ ਨਿਰਤਿਕਾਰੀ ਜਨਮਿ ਨ ਆਵੈ ॥੩॥ ਜੇ ਕੋ ਅਪਨੇ ਠਾਕੁਰ ਭਾਵੈ ॥ ਕੋਟਿ ਮਧਿ ਏਹੁ ਕੀਰਤਨੁ ਗਾਵੈ ॥ ਸਾਧਸੰਗਤਿ ਕੀ ਜਾਵਉ ਟੇਕ ॥ ਕਹੁ ਨਾਨਕ ਤਿਸੁ ਕੀਰਤਨੁ ਏਕ ॥੪॥੮॥ (ਪੰਨਾ-੮੮੫)**

ਅਰਥ :—ਹੇ ਭਾਈ ! ਜਿਹੜਾ ਮਨੁੱਖ ਮਾਇਆ ਦੇ ਧੰਦੇ ਛੱਡ ਕੇ, ਮਾਇਆ ਦੀ ਗ਼ਰਜ਼ ਛੱਡ ਕੇ, ਸਰਬ-ਵਿਆਪਕ ਪਰਮਾਤਮਾ ਦੇ ਗੁਣ ਗਾਂਦਾ ਹੈ, ਉਹੀ ਹੈ ਸਭ ਤੋਂ ਚੰਗਾ ਰਾਸਧਾਰੀਆ।੧। ਰਹਾਉ।

੪- ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥ ਵਣੁ ਤ੍ਰਿਣੁ ਤ੍ਰਿਭਵਣ ਪਾਣੀ ॥ ਚਾਰਿ ਬੇਦ ਚਾਰੇ ਖਾਣੀ ॥ ਖੰਡ ਦੀਪ ਸਭਿ ਲੋਆ ॥ ਏਕ ਕਵਾਵੈ ਤੇ ਸਭਿ ਹੋਆ ॥੧॥ (ਪੰਨਾ-੧੦੦੩)

(ਸਤਵੇਂ ਭਾਗ ਦੇ ਪਹਿਲੇ ਕਾਂਡ ਦੇ ਦਸਵੇਂ ਨੰਬਰ 'ਤੇ ਅਰਥ ਲਿਖੇ ਜਾ ਚੁੱਕੇ ਹਨ)

੫- ਓਅੰਕਾਰਿ ਸਭ ਸ੍ਰਿਸਟਿ ਉਪਾਈ ॥ ਸਭੁ ਖੇਲੁ ਤਮਾਸਾ ਤੇਰੀ ਵਡਿਆਈ ॥ ਆਪੇ ਵੇਕ ਕਰੇ ਸਭਿ ਸਾਚਾ ਆਪੇ ਭੰਨਿ ਘੜਾਇਦਾ ॥੨॥ (ਪੰਨਾ ੧੦੬੧)

੬- ਓਅੰਕਾਰਿ ਏਕੋ ਰਵਿ ਰਹਿਆ ਸਭੁ ਏਕਸ ਮਾਹਿ ਸਮਾਵੈਗੋ ॥ ਏਕੋ ਰੂਪੁ ਏਕੋ ਬਹੁ ਰੰਗੀ ਸਭੁ ਏਕਤੁ ਬਚਨਿ ਚਲਾਵੈਗੋ ॥੪॥ ਗੁਰਮੁਖਿ ਏਕੋ ਏਕੁ ਪਛਾਤਾ ਗੁਰਮੁਖਿ ਹੋਇ ਲਖਾਵੈਗੋ ॥ ਗੁਰਮੁਖਿ ਜਾਇ ਮਿਲੈ ਨਿਜ ਮਹਲੀ ਅਨਹਦ ਸਬਦੁ ਬਜਾਵੈਗੋ ॥੫॥ ਜੀਅ ਜੰਤ ਸਭ ਸਿਸਟਿ ਉਪਾਈ ਗੁਰਮੁਖਿ ਸੋਭਾ ਪਾਵੈਗੋ ॥ ਬਿਨੁ ਗੁਰ ਭੇਟੇ ਕੋ ਮਹਲੁ ਨ ਪਾਵੈ ਆਇ ਜਾਇ ਦੁਖੁ ਪਾਵੈਗੋ ॥੬॥ ਅਨੇਕ ਜਨਮ ਵਿਛੁੜੇ ਮੇਰੇ ਪ੍ਰੀਤਮ ਕਰਿ ਕਿਰਪਾ ਗੁਰੂ ਮਿਲਾਵੈਗੋ ॥ ਸਤਿਗੁਰ ਮਿਲਤ ਮਹਾ ਸੁਖੁ ਪਾਇਆ ਮਤਿ ਮਲੀਨ ਬਿਗਸਾਵੈਗੋ ॥੭॥ ਹਰਿ ਹਰਿ ਕ੍ਰਿਪਾ ਕਰਹੁ ਜਗਜੀਵਨ ਮੈ ਸਰਧਾ ਨਾਮਿ ਲਗਾਵੈਗੋ ॥ ਨਾਨਕ ਗੁਰੂ ਗੁਰੂ ਹੈ ਸਤਿਗੁਰੁ ਮੈ ਸਤਿਗੁਰ ਸਰਨਿ ਮਿਲਾਵੈਗੋ ॥੮॥੪॥ (ਪੰਨਾ ੧੩੧੦)

੨

ਓਅੰ

੭- ਪਉੜੀ ॥ ਓਅੰ ਸਾਧ ਸਤਿਗੁਰ ਨਮਸਕਾਰੰ ॥ ਆਦਿ ਮਧਿ ਅੰਤਿ ਨਿਰੰਕਾਰੰ ॥ ਆਪਹਿ ਸੁੰਨ ਆਪਹਿ ਸੁਖ ਆਸਨ ॥ ਆਪਹਿ ਸੁਨਤ ਆਪ ਹੀ ਜਾਸਨ ॥ ਆਪਨ ਆਪੁ ਆਪਹਿ ਉਪਾਇਓ ॥ ਆਪਹਿ ਬਾਪ ਆਪ ਹੀ ਮਾਇਓ ॥ ਆਪਹਿ ਸੂਖਮ ਆਪਹਿ ਅਸਥੂਲਾ ॥ ਲਖੀ ਨ ਜਾਈ ਨਾਨਕ ਲੀਲਾ ॥੧॥ (ਪੰਨਾ-੨੫੦)

ਅਰਥ:--ਸਾਡੀ ਉਸ ਨਿਰੰਕਾਰ ਨੂੰ ਨਮਸਕਾਰ ਹੈ ਜੋ ਆਪ ਹੀ ਗੁਰੂ-ਰੂਪ ਧਾਰਦਾ ਹੈ, ਜੋ ਜਗਤ ਦੇ ਆਰੰਭ ਵਿਚ, ਹੁਣ ਅਤੇ ਅੰਤ ਵਿਚ ਆਪ ਹੀ ਆਪ ਹੈ। (ਜਗਤ ਪਸਾਰੇ ਤੋਂ ਪਹਿਲ) ਨਿਰੀ ਇਕੱਲ-ਰੂਪ ਵੀ ਉਹ ਆਪ ਹੀ ਹੁੰਦਾ ਹੈ, ਆਪ ਹੀ ਆਪਣੇ ਸੁਖ-ਸਰੂਪ ਵਿਚ ਟਿਕਿਆ ਹੁੰਦਾ ਹੈ, ਤਦੋਂ ਆਪਣੀ ਸੋਭਾ ਸੁਣਨ ਵਾਲਾ ਵੀ ਆਪ ਹੀ ਹੁੰਦਾ ਹੈ।

ਅਣਦਿਸਦੇ ਸਰੂਪ ਤੋਂ ਆਪਣੇ ਆਪ ਨੂੰ ਦਿਸਦੇ ਸਰੂਪ ਵਿਚ ਲਿਆਉਣ ਵਾਲਾ ਵੀ ਉਹ ਆਪ ਹੀ ਹੈ, ਆਪ ਹੀ (ਆਪਣੀ) ਮਾਂ ਹੈ, ਆਪ ਹੀ (ਆਪਣਾ) ਪਿਤਾ ਹੈ। ਅਣ-ਦਿਸਦੇ ਸਰੂਪ ਵਾਲਾ ਵੀ ਉਹ ਆਪ ਹੀ ਹੈ । ਹੇ ਨਾਨਕ ! (ਪਰਮਾਤਮਾ ਦੀ ਇਹ ਜਗਤ ਰਚਨਾ ਵਾਲੀ) ਖੇਡ ਬਿਆਨ ਨਹੀਂ ਕੀਤੀ ਜਾ ਸਕਦੀ। ੧ ।

੮- ਪਉੜੀ ॥ ਓਅੰ ਗੁਰਮੁਖਿ ਕੀਓ ਅਕਾਰਾ ॥ ਏਕਹਿ ਸੂਤਿ ਪਰੋਵਨਹਾਰਾ ॥ ਭਿੰਨ ਭਿੰਨ ਤ੍ਰੈ ਗੁਣ ਬਿਸਥਾਰੰ ॥ ਨਿਰਗੁਨ ਤੇ ਸਰਗੁਨ ਦ੍ਰਿਸਟਾਰੰ ॥ ਸਗਲ ਭਾਤਿ ਕਰਿ ਕਰਹਿ ਉਪਾਇਓ ॥ ਜਨਮ ਮਰਨ ਮਨ ਮੋਹੁ ਬਢਾਇਓ ॥ ਦੁਹੂ ਭਾਤਿ ਤੇ ਆਪਿ ਨਿਰਾਰਾ ॥ ਨਾਨਕ ਅੰਤੁ ਨ ਪਾਰਾਵਾਰਾ ॥੨ ॥ (ਪੰਨਾ-੨੫੦)

ਅਰਥ:- ਪਉੜੀ:- ਗੁਰਮੁਖ ਬਣਨ ਵਾਸਤੇ ਪ੍ਰਭੂ ਨੇ ਜਗਤ-ਰਚਨਾ ਕੀਤੀ ਹੈ। ਸਾਰੇ ਜੀਵ-ਜੰਤਾਂ ਨੂੰ ਆਪਣੇ ਇਕੋ ਹੀ ਹੁਕਮ-ਧਾਗੇ ਵਿਚ ਪ੍ਰੋ ਰੱਖਣ ਦੇ ਸਮਰੱਥ ਹੈ। ਪ੍ਰਭੂ ਨੇ ਆਪਣੇ ਅਦ੍ਰਿਸ਼ਟ ਰੂਪ ਤੋਂ ਦਿੱਸਦਾ ਜਗਤ ਰਚਿਆ ਹੈ, ਮਾਇਆ ਦੇ ਤਿੰਨ ਗੁਣਾਂ ਦਾ ਵੱਖ ਵੱਖ ਖਿਲਾਰਾ ਕਰ ਦਿੱਤਾ ਹੈ।

ਹੇ ਪ੍ਰਭੂ ! ਤੂੰ ਸਾਰੀਆਂ (ਅਨੇਕਾਂ) ਕਿਸਮਾਂ ਬਣਾ ਕੇ ਜਗਤ-ਉਤਪੱਤੀ ਕੀਤੀ ਹੈ, ਜਨਮ ਮਰਨ ਦਾ ਮੂਲ ਜੀਵਾਂ ਦੇ ਮਨ ਦਾ ਮੋਹ ਭੀ ਤੂੰ ਹੀ ਵਧਾਇਆ ਹੈ, ਪਰ ਤੂੰ ਆਪ ਜਨਮ ਮਰਨ ਤੋਂ ਵੱਖਰਾ ਹੈਂ। ਹੇ ਨਾਨਕ! (ਆਖ—) ਪ੍ਰਭੂ ਦੇ ਉਰਲੇ-ਪਰਲੇ ਬੰਨੇ ਦਾ ਅੰਤ ਨਹੀਂ ਪਾਇਆ ਜਾ ਸਕਦਾ।੨।

੯- ਓਅੰ ਪ੍ਰਿਅ ਪ੍ਰੀਤਿ ਚੀਤਿ ਪਹਿਲਰੀਆ ॥ ਜੋ ਤਉ ਬਚਨੁ ਦੀਓ ਮੇਰੇ ਸਤਿਗੁਰ ਤਉ ਮੈ ਸਾਜ ਸੀਗਰੀਆ ॥੧ ॥ ਰਹਾਉ ॥ ਹਮ ਭੂਲਹ ਤੁਮ ਸਦਾ ਅਭੂਲਾ ਹਮ ਪਤਿਤ ਤੁਮ ਪਤਿਤ ਉਧਰੀਆ ॥ ਹਮ ਨੀਚ ਬਿਰਖ ਤੁਮ ਮੈਲਾਗਰ ਲਾਜ ਸੰਗਿ ਸੰਗਿ ਬਸਰੀਆ ॥੧ ॥ ਤੁਮ ਗੰਭੀਰ ਧੀਰ ਉਪਕਾਰੀ ਹਮ ਕਿਆ ਬਪੁਰੇ ਜੰਤਰੀਆ ॥ ਗੁਰ ਕ੍ਰਿਪਾਲ ਨਾਨਕ ਹਰਿ ਮੇਲਿਓ ਤਉ ਮੇਰੀ ਸੂਖਿ ਸੇਜਰੀਆ ॥੨ ॥੨੨ ॥੪੫ ॥ (ਪੰਨਾ-੧੨੧੩)

ਪਦ ਅਰਥ:--ਓਅੰ=ਪਰਮਾਤਮਾ। ਪ੍ਰਿਆ ਪ੍ਰੀਤਿ=ਪਿਆਰੇ ਦੀ ਪ੍ਰੀਤ। ਚੀਰਿ=ਮੇਰੇ ਚਿਤ ਵਿਚ। ਪਜਿਲਰੀਆ=ਪਹਿਲ ਦੀ, ਮੁੱਢ-ਕਦੀਮ ਦੀ। ਜੋ ਬਚਨ=ਜਿਹੜਾ ਉਪਦੇਸ਼। ਸਤਿਗੁਰ=ਵੇ ਸਤਿਗੁਰੂ ਜੀ!। ਤਉ=ਤਦੋਂ। ਸੀਗਰੀਆ=ਸ਼ਿੰਗਾਰੀ ਗਈ, ਆਤਮਕ ਜੀਵਨ ਸੋਹਣਾ ਬਣ ਗਿਆ।੧ ।ਰਹਾਉ।

(ਓਅੰ ਪਦ ਦੀ ਵਰਤੋਂ ਵਾਲਾ ਹੋਰ ਗੁਰੂ-ਸ਼ਬਦ ਨਹੀਂ ਮਿਲ ਸਕਿਆ)

ਅਰਥ:- ਹੇ ਸਤਿਗੁਰੂ (ਉਂਞ ਤਾਂ ਮੇਰੇ) ਚਿੱਤ ਵਿਚ ਪਿਆਰੇ ਦੀ ਪ੍ਰੀਤ ਮੁੱਢ-ਕਦੀਮਾਂ ਦੀ (ਟਿਕੀ ਹੋਈ ਹੈ), ਪਰ ਜਦੋਂ ਤੂੰ ਉਪਦੇਸ਼ ਦਿੱਤਾ (ਉਹ ਪ੍ਰੀਤ ਜਾਗ ਪਈ, ਤੇ) ਮੇਰਾ ਆਤਮਕ ਜੀਵਨ ਸੋਹਣਾ ਬਣ ਗਿਆ।੧।ਰਹਾਉ।

ਹੇ ਗੁਰੂ! ਅਸੀ ਜੀਵ (ਸਦਾ) ਭੁੱਲਾਂ ਕਰਦੇ ਹਾਂ, ਤੂੰ ਸਦਾ ਅਭੁੱਲ ਹੈਂ, ਅਸੀ ਜੀਵ ਵਿਕਾਰਾਂ ਵਿਚ ਡਿੱਗੇ ਰਹਿੰਦੇ ਹਾਂ, ਤੂੰ ਵਿਕਾਰੀਆਂ ਨੂੰ ਬਚਾਣ ਵਾਲਾ ਹੈਂ। ਅਸੀ (ਅਰਿੰਡ ਵਰਗੇ) ਨੀਚ ਰੁੱਖ ਹਾਂ ਤੂੰ ਚੰਦਨ ਹੈਂ, ਜੋ ਨਾਲ ਵੱਸਣ ਵਾਲੇ ਰੁੱਖਾਂ ਨੂੰ ਸੁਗੰਧਿਤ ਕਰ ਦੇਂਦਾ ਹੈ। ਹੇ ਗੁਰੂ! ਤੂੰ ਆਪਣੇ ਚਰਨਾਂ ਵਿਚ ਰਹਿਣ ਵਾਲਿਆਂ ਦੀ ਇੱਜ਼ਤ ਰੱਖਣ ਵਾਲਾ ਹੈਂ।੧।

ਹੇ ਗੁਰੂ! ਤੂੰ ਜਿਗਰੇ ਵਾਲਾ ਹੈਂ, ਧੀਰਜ ਵਾਲਾ ਹੈਂ, ਉਪਕਾਰ ਕਰਨ ਵਾਲਾ ਹੈਂ, ਅਸਾਂ ਨਿਮਾਣੇ ਜੀਵਾਂ ਦੀ ਕੋਈ ਪਾਂਇਆਂ ਨਹੀਂ ਹੈ। ਹੇ ਨਾਨਕ! (ਆਖ—) ਹੇ ਕ੍ਰਿਪਾਲ ਗੁਰੂ! ਜਦੋਂ ਤੂੰ ਮੈਨੂੰ ਪ੍ਰਭੂ ਦਾ ਮੇਲ ਕਰਾਇਆ, ਤਦੋਂ ਤੋਂ ਮੇਰੀ ਹਿਰਦਾ-ਸੇਜ ਸੁਖ-ਭਰਪੂਰ ਹੋ ਗਈ ਹੈ।੨।੨੨।੪੫।

੩

ਏਕੰਕਾਰ

੧੦- ਕਈ ਕੋਟਿ ਖਾਣੀ ਅਰੁ ਖੰਡ ॥ ਕਈ ਕੋਟਿ ਅਕਾਸ ਬ੍ਰਹਮੰਡ ॥ ਕਈ ਕੋਟਿ ਹੋਏ ਅਵਤਾਰ ॥ ਕਈ ਜੁਗਤਿ ਕੀਨੋ ਬਿਸਥਾਰ ॥ ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕੁ ਏਕੰਕਾਰ ॥ ਕਈ ਕੋਟਿ ਕੀਨੇ ਬਹੁ ਭਾਤਿ ॥ ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥ ਤਾ ਕਾ ਅੰਤੁ ਨ ਜਾਨੈ ਕੋਇ ॥ ਆਪੇ ਆਪਿ ਨਾਨਕ ਪ੍ਰਭੁ ਸੋਇ ॥੭॥ (ਪੰਨਾ-੨੭੬)

੧੧- ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ ॥ ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥੧ ॥ ਪਉੜੀ ॥ ਏਕਮ ਏਕੰਕਾਰੁ ਪ੍ਰਭੁ ਕਰਉ ਬੰਦਨਾ ਧਿਆਇ ॥ ਗੁਣ ਗੋਬਿੰਦ ਗੁਪਾਲ ਪ੍ਰਭ ਸਰਨਿ ਪਰਉ ਹਰਿ ਰਾਇ ॥ ਤਾ ਕੀ ਆਸ ਕਲਿਆਣ ਸੁਖ ਜਾ ਤੇ ਸਭੁ ਕਛੁ ਹੋਇ ॥ ਚਾਰਿ ਕੁੰਟ ਦਹ ਦਿਸਿ ਭ੍ਰਮਿਓ ਤਿਸੁ ਬਿਨੁ ਅਵਰੁ ਨ ਕੋਇ ॥ ਬੇਦ ਪੁਰਾਨ ਸਿਮ੍ਰਿਤਿ ਸੁਨੇ ਬਹੁ ਬਿਧਿ ਕਰਉ ਬੀਚਾਰੁ ॥ ਪਤਿਤ ਉਧਾਰਨ ਭੈ ਹਰਨ ਸੁਖ ਸਾਗਰ ਨਿਰੰਕਾਰ ॥ ਦਾਤਾ ਭੁਗਤਾ ਦੇਨਹਾਰੁ ਤਿਸੁ ਬਿਨੁ ਅਵਰੁ ਨ ਜਾਇ ॥ ਜੋ ਚਾਹਹਿ ਸੋਈ ਮਿਲੈ ਨਾਨਕ ਹਰਿ ਗੁਨ ਗਾਇ ॥੧॥ (ਪੰਨਾ-੨੯੬)

ਅਰਥ:- ਸਲੋਕੁ:- ਹੇ ਨਾਨਕ! ਸਾਰੇ ਜਗਤ ਨੂੰ ਪੈਦਾ ਕਰਨ ਵਾਲਾ ਮਾਲਕ-ਪ੍ਰਭੂ ਜਲ ਵਿਚ ਧਰਤੀ ਵਿਚ ਤੇ ਆਕਾਸ਼ ਵਿਚ ਭਰਪੂਰ ਹੈ, ਉਹ ਇੱਕ ਅਕਾਲ ਪੁਰਖ ਅਨੇਕਾਂ ਹੀ ਤਰੀਕਿਆਂ ਨਾਲ (ਜਗਤ ਵਿਚ ਹਰ ਥਾਂ) ਖਿਲਰਿਆ ਹੋਇਆ ਹੈ ।੧।

ਪਉੜੀ:- (ਹੇ ਭਾਈ!) ਮੈਂ ਇੱਕ ਅਕਾਲ ਪੁਰਖ ਪ੍ਰਭੂ ਨੂੰ ਸਿਮਰ ਕੇ (ਉਸ ਅੱਗੇ ਹੀ) ਨਮਸਕਾਰ ਕਰਦਾ ਹਾਂ, ਮੈਂ ਗੋਬਿੰਦ ਗੋਪਾਲ ਪ੍ਰਭੂ ਦੇ ਗੁਣ (ਗਾਂਦਾ ਹਾਂ, ਤੇ ਉਸ) ਪ੍ਰਭੂ-ਪਾਤਿਸ਼ਾਹ ਦੀ ਸ਼ਰਨ ਪੈਂਦਾ ਹਾਂ । (ਹੇ ਭਾਈ!) ਜਿਸ ਮਾਲਕ-ਪ੍ਰਭੂ (ਦੇ ਹੁਕਮ) ਤੋਂ ਹੀ (ਜਗਤ ਵਿਚ) ਸਭ ਕੁਝ ਹੋ ਰਿਹਾ ਹੈ, ਉਸ ਦੀ ਆਸ ਰੱਖਿਆਂ ਸਾਰੇ ਸੁਖ ਆਨੰਦ ਮਿਲਦੇ ਹਨ। ਮੈਂ ਚੌਹਾਂ ਕੁਟਾਂ ਤੇ ਦਸੀਂ ਪਾਸੀਂ ਫਿਰ ਕੇ ਵੇਖ ਲਿਆ ਹੈ ਉਸ (ਮਾਲਕ-ਪ੍ਰਭੂ) ਤੋਂ ਬਿਨਾ ਹੋਰ ਕੋਈ (ਰਾਖਾ) ਨਹੀਂ ਹੈ ।

(ਹੇ ਭਾਈ!) ਵੇਦ ਪੁਰਾਣ ਸਿਮ੍ਰਿਤੀਆਂ (ਆਦਿਕ ਧਰਮ-ਪੁਸਤਕ) ਸੁਣ ਕੇ ਮੈਂ (ਹੋਰ ਭੀ) ਅਨੇਕਾਂ ਤਰੀਕਿਆਂ ਨਾਲ ਵਿਚਾਰ ਕਰਦਾ ਹਾਂ (ਤੇ ਇਸੇ ਨਤੀਜੇ ਤੇ ਪਹੁੰਚਦਾ ਹਾਂ ਕਿ) ਅਕਾਰ-ਰਹਿਤ ਪਰਮਾਤਮਾ ਹੀ (ਵਿਕਾਰਾਂ ਵਿਚ) ਡਿੱਗੇ ਹੋਏ ਜੀਵਾਂ ਨੂੰ (ਵਿਕਾਰਾਂ ਤੋਂ) ਬਚਾਣ ਵਾਲਾ ਹੈ (ਜੀਵਾਂ ਦੇ) ਸਾਰੇ ਡਰ ਦੂਰ ਕਰਨ ਵਾਲਾ ਹੈ ਤੇ ਸੁਖਾਂ ਦਾ ਸਮੁੰਦਰ ਹੈ ।

ਹੇ ਨਾਨਕ! (ਸਦਾ) ਪਰਮਾਤਮਾ ਦੇ ਗੁਣ ਗਾਂਦਾ ਰਹੁ, (ਉਸ ਪਾਸੋਂ) ਜੋ ਕੁਝ ਤੂੰ ਚਾਹੇਂਗਾ ਉਹੀ ਮਿਲ ਜਾਂਦਾ ਹੈ । ਉਹ ਪਰਮਾਤਮਾ ਹੀ ਸਭ ਦਾਤਾਂ ਦੇਣ ਵਾਲਾ ਹੈ, (ਸਭ ਜੀਵਾਂ ਵਿਚ ਵਿਆਪਕ ਹੋ ਕੇ ਸਾਰੇ ਪਦਾਰਥ) ਭੋਗਣ ਵਾਲਾ ਹੈ, ਸਭ ਕੁਝ ਦੇਣ ਦੀ ਸਮਰੱਥਾ ਵਾਲਾ ਹੈ, ਉਸ ਤੋਂ ਬਿਨਾ (ਜੀਵਾਂ ਵਾਸਤੇ) ਹੋਰ ਕੋਈ ਥਾਂ-ਆਸਰਾ ਨਹੀਂ ਹੈ ।੧।

ਹੇ ਮੇਰੇ ਮਿੱਤਰ! ਸਦਾ ਹੀ ਗੋਬਿੰਦ-ਪ੍ਰਭੂ ਦੀ ਸਿਫਤਿ-ਸਾਲਾਹ ਗਾਂਦੇ ਰਹਿਣਾ ਚਾਹੀਦਾ ਹੈ, ਸਾਧ ਸੰਗਤਿ ਵਿਚ ਮਿਲ ਕੇ (ਉਸ ਦਾ) ਭਜਨ-ਸਿਮਰਨ ਕਰਨਾ ਚਾਹੀਦਾ ਹੈ ।ਰਹਾਉ।

੧੨- ਗੁਰੁ ਗੋਵਿੰਦੁ ਸਲਾਹੀਐ ਭਾਈ ਮਨਿ ਤਨਿ ਹਿਰਦੈ ਧਾਰ॥ ਸਾਚਾ ਸਾਹਿਬੁ ਮਨਿ ਵਸੈ ਭਾਈ ਏਹਾ ਕਰਣੀ ਸਾਰ॥ ਜਿਤੁ ਤਨਿ ਨਾਮੁ ਨ ਊਪਜੈ ਭਾਈ ਸੇ ਤਨ ਹੋਏ ਛਾਰ॥ ਸਾਧਸੰਗਤਿ ਕਉ ਵਾਰਿਆ ਭਾਈ ਜਿਨ ਏਕੰਕਾਰ ਅਧਾਰ ॥੧॥ (ਪੰਨਾ-੬੦੮)

੧੩- ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ॥ ਗਾਵੈ ਗਾਵਣਹਾਰੁ ਸਬਦਿ ਸੁਹਾਵਣੋ ॥ ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ॥ ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਤ ਸਤੇ ॥ ਆਰਾਧਿ ਏਕੰਕਾਰੁ ਸਾਚਾ ਨਿਤ ਦੇਇ ਚੜੈ ਸਵਾਇਆ॥ ਗਤਿ ਸੰਗਿ ਮੀਤਾ ਸੰਤਸੰਗਤਿ ਕਰਿ ਨਦਰਿ ਮੇਲਿ ਮਿਲਾਇਆ॥੩॥ (ਪੰਨਾ ੬੮੭)

ਅਰਥ:-- ਸਾਧ ਸੰਗਤਿ ਵਿਚ ਮਿੱਤਰ-ਪ੍ਰਭੂ ਦਾ ਮਿਲਾਪ ਹੋ ਜਾਣਾ-ਇਹੀ ਉਹ ਤੀਰਥ-ਇਸ਼ਨਾਨ ਹੈ ਜਿਸ ਵਿਚ ਕੋਈ ਉਕਾਈ ਨਹੀਂ ਰਹਿ ਜਾਂਦੀ। ਜਿਹੜਾ ਮਨੁੱਖ ਗੁਰੂ ਦੇ ਸ਼ਬਦ ਵਿਚ ਜੁੜ ਕੇ ਗਾਵਣ-ਜੋਗ ਪ੍ਰਭੂ (ਦੇ ਗੁਣ) ਗਾਂਦਾ ਹੈ ਉਸ ਦਾ ਜੀਵਨ ਸੋਹਣਾ ਬਣ ਜਾਂਦਾ ਹੈ । ਸਤਿਗੁਰੂ ਨੂੰ (ਜੀਵਨ-ਦਾਤਾ) ਮੰਨ ਕੇ ਸਦਾ-ਥਿਰ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰ ਕੇ ਮਨੁੱਖ ਦੀ ਮਤਿ ਦੂਜਿਆਂ ਦੀ ਸੇਵਾ ਕਰਨ ਵਾਲੀ ਸਭ ਤੇ ਦਇਆ ਕਰਨ ਵਾਲੀ ਬਣ ਜਾਂਦੀ ਹੈ । (ਸਿਫ਼ਤਿ-ਸਾਲਾਹ ਦੀ ਬਰਕਤ ਨਾਲ ਮਨੁੱਖ) ਪਤੀ-ਪ੍ਰਭੂ ਦੀ ਸੰਗਤਿ ਵਿਚ ਰਹਿ ਕੇ ਉਸ ਨੂੰ ਪਿਆਰਾ ਲੱਗਣ ਲੱਗ ਪੈਂਦਾ ਹੈ ਆਤਮਕ ਅਡੋਲਤਾ ਵਿਚ (ਮਾਨੋ, ਆਤਮਕ) ਇਸ਼ਨਾਨ ਕਰਦਾ ਹੈ; ਇਹੀ ਉਸ ਦੇ ਵਾਸਤੇ ਸੁੱਚੇ ਤੋਂ ਸੁੱਚਾ ਤ੍ਰਿਬੇਣੀ ਸੰਗਮ (ਦਾ ਇਸ਼ਨਾਨ) ਹੈ।

(ਹੇ ਭਾਈ!) ਉਸ ਸਦਾ-ਥਿਰ ਰਹਿਣ ਵਾਲੇ ਇੱਕ ਅਕਾਲ ਪੁਰਖ ਨੂੰ ਸਿਮਰ, ਜੋ ਸਦਾ (ਸਭ ਜੀਵਾਂ ਨੂੰ ਦਾਤਾਂ) ਦੇਂਦਾ ਹੈ ਤੇ (ਜਿਸ ਦੀਆਂ ਦਿੱਤੀਆਂ ਦਾਤਾਂ ਦਿਨੋ ਦਿਨ) ਵਧਦੀਆਂ ਹਨ । ਮਿੱਤਰ-ਪ੍ਰਭੂ ਦੀ ਸੰਗਤਿ ਵਿਚ, ਗੁਰੂ ਸੰਤ ਦੀ ਸੰਗਤਿ ਵਿਚ ਆਤਮਕ ਅਵਸਥਾ ਉੱਚੀ ਹੋ ਜਾਂਦੀ ਹੈ, ਪ੍ਰਭੂ ਮਿਹਰ ਦੀ ਨਜ਼ਰ ਕਰ ਕੇ ਆਪਣੀ ਸੰਗਤਿ ਵਿਚ ਮਿਲਾ ਲੈਂਦਾ ਹੈ।੩।

੧੪- ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਖ ਦਿਖਲਾਈ ॥ ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥ ਤਬ ਏਕੋ ਏਕੰਕਾਰਾ ॥੧ ॥ ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥ ਕਤਹਿ ਗਇਓ ਉਹੁ ਕਤ ਤੇ ਆਇਓ ॥੧ ॥ ਰਹਾਉ ॥ ਜਲ ਤੇ ਊਠਹਿ ਅਨਿਕ ਤਰੰਗਾ ॥ ਕਨਿਕ ਭੂਖਨ ਕੀਨੇ ਬਹੁ ਰੰਗਾ ॥ ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥ ਫਲ ਪਾਕੇ ਤੇ ਏਕੰਕਾਰਾ ॥੨ ॥ ਸਹਸ ਘਟਾ ਮਹਿ ਏਕੁ ਆਕਾਸੁ ॥ ਘਟ ਫੂਟੇ ਤੇ ਓਹੀ ਪ੍ਰਗਾਸੁ ॥ ਭਰਮ ਲੋਭ ਮੋਹ ਮਾਇਆ ਵਿਕਾਰ ॥ ਭ੍ਰਮ ਛੂਟੇ ਤੇ ਏਕੰਕਾਰ ॥੩ ॥ ਓਹੁ ਅਬਿਨਾਸੀ ਬਿਨਸਤ ਨਾਹੀ ॥ ਨਾ ਕੋ ਆਵੈ ਨਾ ਕੋ ਜਾਹੀ ॥ ਗੁਰਿ ਪੂਰੈ ਹਉਮੈ ਮਲੁ ਧੋਈ ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥੪ ॥੧ ॥ (ਪੰਨਾ-੭੩੬)

ਅਰਥ : ਹੇ ਭਾਈ! (ਪਰਮਾਤਮਾ ਦੇ) ਅਨੇਕਾਂ ਹੀ ਰੂਪ ਦਿਸਦੇ ਰਹਿੰਦੇ ਹਨ, ਅਨੇਕਾਂ ਹੀ ਰੂਪ ਨਾਸ ਹੁੰਦੇ ਰਹਿੰਦੇ ਹਨ। (ਕੋਈ ਨਹੀਂ ਦੱਸ ਸਕਦਾ ਕਿ) ਜੀਵ ਕਿੱਥੋਂ ਆਇਆ ਸੀ, ਤੇ, ਕਿਥੇ ਚਲਾ ਜਾਂਦਾ ਹੈ।੧। ਰਹਾਉ।

ਹੇ ਭਾਈ! ਜਿਵੇਂ ਕਿਸੇ ਬਾਜ਼ੀਗਰ ਨੇ (ਕਦੇ) ਬਾਜ਼ੀ ਪਾ ਕੇ ਵਿਖਾਈ ਹੋਵੇ, ਉਹ ਕਈ ਕਿਸਮਾਂ ਦੇ ਰੂਪ ਤੇ ਭੇਖ ਵਿਖਾਂਦਾ ਹੈ। ਇਸੇ ਤਰ੍ਹਾਂ ਪਰਮਾਤਮਾ ਨੇ ਇਹ ਜਗਤ-ਤਮਾਸ਼ਾ

ਰਚਿਆ ਹੋਇਆ ਹੈ। ਇਸ ਵਿਚ ਅਨੇਕਾਂ ਰੂਪ ਭੇਖ ਰਿਹਾ ਹੈ। ਜਦੋਂ ਪ੍ਰਭੂ ਆਪਣੀ ਇਹ (ਜਗਤ-ਰੂਪ) ਨਕਲੀ ਸ਼ਕਲ ਲਾਹ ਕੇ ਖੇਡ ਦਾ ਖਿਲਾਰਾ ਰੋਕ ਦੇਂਦਾ ਹੈ, ਤਦੋਂ ਇਕ ਆਪ ਹੀ ਆਪ ਰਹਿ ਜਾਂਦਾ ਹੈ।੧।

ਹੇ ਭਾਈ! ਪਾਣੀ ਤੋਂ ਅਨੇਕਾਂ ਲਹਿਰਾਂ ਉਠਦੀਆਂ ਹਨ (ਮੁੜ ਪਾਣੀ ਵਿਚ ਰਲ ਜਾਂਦੀਆਂ ਹਨ)। ਸੋਨੇ ਤੋਂ ਕਈ ਕਿਸਮਾਂ ਦੇ ਗਹਿਣੇ ਘੜੇ ਜਾਂਦੇ ਹਨ (ਉਹ ਅਸਲ ਵਿਚ ਸੋਨਾ ਹੀ ਹੁੰਦੇ ਹਨ)। (ਕਿਸੇ ਰੁੱਖ ਦਾ) ਬੀ ਬੀਜ ਕੇ (ਸ਼ਾਖ਼ਾਂ ਪੱਤੇ ਆਦਿਕ ਉਸ ਦਾ) ਕਈ ਕਿਸਮਾਂ ਦਾ ਸਰੂਪ ਵੇਖਣ ਵਿਚ ਆ ਜਾਂਦਾ ਹੈ। (ਰੁੱਖ ਦੇ) ਫਲ ਪੱਕਣ ਤੇ (ਉਹੀ ਪਹਿਲੀ ਕਿਸਮ ਦੇ ਬੀਜ ਬਣ ਜਾਂਦੇ ਹਨ) (ਤਿਵੇਂ ਇਸ ਬਹੁ-ਰੰਗੀ ਸੰਸਾਰ ਦਾ ਅਸਲਾ) ਇਕ ਪਰਮਾਤਮਾ ਹੀ ਹੈ।੨।

ਹੇ ਭਾਈ! ਇਕੋ ਆਕਾਸ਼ (ਪਾਣੀ ਨਾਲ ਭਰੇ ਹੋਏ) ਹਜ਼ਾਰਾਂ ਘੜਿਆਂ ਵਿਚ (ਵਖ-ਵਖ ਦਿਸਦਾ ਹੈ)। ਜਦੋਂ ਘੜੇ ਟੁੱਟ ਜਾਂਦੇ ਹਨ, ਤਾਂ ਉਹ (ਆਕਾਸ਼) ਹੀ ਦਿਸਦਾ ਰਹਿ ਜਾਂਦਾ ਹੈ। ਮਾਇਆ ਦੇ ਭਰਮ ਦੇ ਕਾਰਨ (ਪਰਮਾਤਮਾ ਦੀ ਅੰਸ਼ ਜੀਵਾਤਮਾ ਵਿਚ) ਭਟਕਣਾ, ਲੋਭ ਮੋਹ ਆਦਿਕ ਵਿਕਾਰ ਉੱਠਦੇ ਹਨ। ਭਰਮ ਮਿਟ ਜਾਣ ਨਾਲ ਇਕ ਪਰਮਾਤਮਾ ਦਾ ਹੀ ਰੂਪ ਹੋ ਜਾਂਦਾ ਹੈ।੩।

ਹੇ ਭਾਈ! ਉਹ ਪਰਮਾਤਮਾ ਨਾਸ-ਰਹਿਤ ਹੈ, ਉਸ ਕਦੇ ਨਾਸ ਨਹੀਂ ਹੁੰਦਾ। (ਉਹ) ਪ੍ਰਭੂ ਜੀਵਾਤਮਾ ਰੂਪ ਹੋ ਕੇ ਭੀ ਨਾ ਕੋਈ ਆਤਮਾ ਜੰਮਦੀ ਹੈ, ਨਾ ਕੋਈ ਆਤਮਾ ਮਰਦੀ ਹੈ। ਹੇ ਨਾਨਕ! ਅਖ-ਪੂਰੇ ਗੁਰੂ ਨੇ (ਮੇਰੇ ਅੰਦਰੋਂ) ਹਉਮੈ ਦੀ ਮੈਲ ਧੋ ਦਿੱਤੀ ਹੈ, ਹੁਣ ਮੇਰੀ ਉੱਚੀ ਆਤਮਕ ਅਵਸਥਾ ਬਣ ਗਈ ਹੈ (ਤੇ, ਮੈਨੂੰ ਇਹ ਜਗਤ ਉਸ ਪਰਮਾਤਮਾ ਦਾ ਆਪਣਾ ਹੀ ਰੂਪ ਦਿਸ ਰਿਹਾ ਹੈ)।੪।੧।

੧੫- ਤੂ ਏਕੰਕਾਰੁ ਨਿਰਾਲਮੁ ਰਾਜਾ ॥ ਤੂ ਆਪਿ ਸਵਾਰਹਿ ਜਨ ਕੇ ਕਾਜਾ ॥ ਅਮਰੁ ਅਡੋਲੁ ਅਪਾਰੁ ਅਮੋਲਕੁ ਹਰਿ ਅਸਥਿਰ ਥਾਨਿ ਸੁਹਾਇਆ ॥੨॥ ਦੇਹੀ ਨਗਰੀ ਊਤਮ ਥਾਨਾ ॥ ਪੰਚ ਲੋਕ ਵਸਹਿ ਪਰਧਾਨਾ ॥ ਊਪਰਿ ਏਕੰਕਾਰੁ ਨਿਰਾਲਮੁ ਸੁੰਨ ਸਮਾਧਿ ਲਗਾਇਆ ॥੩॥ (ਪੰਨਾ-੧੦੩੯)

ਅਜਿਹੇ ਹੋਰ ਵੀ ਕਈ ਗੁਰੂ ਫ਼ੁਰਮਾਨ ਹਨ ਜਿਨ੍ਹਾਂ ਤੋਂ ਸਿੱਧ ਹੁੰਦਾ ਹੈ ਕਿ "ਏਕੰਕਾਰ" ਪਦ ਸਿਰਜਣਹਾਰ ਦਾ ਹੀ ਲਖਾਇਕ ਹੈ।

੪
"ਸਤਿ"

ਮਹਾਨ ਕੋਸ਼ ਅਨੁਸਾਰ ਸਤਿ: ਸੰਗਯਾ: ਗੁਰਬਾਣੀ ਵਿੱਚ ਕਈ ਜਗਾ ਯ ਦੀ ਥਾਂ ਸਿਹਾਰੀ ਲਗਾਈ ਜਾਂਦੀ ਹੈ, ਸਤਯ ਦੀ ਥਾਂ ਸਤਿ ਸ਼ਬਦ ਹੈ। ਦੇਖੋ ਸਤ ਅਤੇ ਸਤਯ ਸ਼ਬਦ, ਸਤਯ ਰੂਪ ਪਾਰਬ੍ਰਹਮ, ਵਾਹਿਗੁਰੂ 'ਸਤਿ ਨਾਮੁ ਕਰਤਾ ਪੁਰਖੁ' (ਜਪੁ) ੨. ਸੱਚ, ਮਿਥਿਆ ਦੇ ਵਿਰੁੱਧ "ਆਪਿ ਸਤਿ ਕੀਆ ਸਬ ਸਤਿ (ਸੁਖਮਨੀ) ੩. ਸ਼ਰੱਧਾ, ਵਿਸ਼ਵਾਸ "ਤਿਸ ਗੁਰ ਕੋ ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ ਸਤਿ ਕਰਿ ਮੁਖਿ ਸੰਚਹੁ" ....

ਪ੍ਰਿ: ਸਾਹਿਬ ਸਿੰਘ ਜੀ ਨੇ ਗੁਰੂ ਗ੍ਰੰਥ ਦਰਪਣ ਵਿਚ "**ਸਤਿ**" ਦੇ ਇਹ ਅਰਥ ਕੀਤੇ ਹਨ- **ਲਫ਼ਜ਼ 'ਸਤਿ' ਦਾ ਸੰਸਕ੍ਰਿਤ ਸਰੂਪ 'ਸਤਯ' ਹੈ, ਇਸ ਦਾ ਅਰਥ ਹੈ 'ਹੋਂਦ ਵਾਲਾ'। ਇਸ ਦਾ ਧਾਤੂ 'ਅਸ' ਹੈ, ਜਿਸ ਦਾ ਅਰਥ ਹੈ 'ਹੋਣਾ'।**

ਦਾਸ ਨੂੰ ਗੁਰਬਾਣੀ ਦੇ ਕਈ ਸ਼ਬਦਾਂ ਤੋਂ ਜਿਹੜੀ ਗੱਲ ਦੀ ਪ੍ਰਤੱਖ ਝਲਕ ਪੈਂਦੀ ਹੈ ਉਹ ਇਹ ਹੈ ਕਿ "ਸਤਿ" ਮੁੱਖ ਤੌਰ 'ਤੇ ਅਕਾਲਪੁਰਖ ਲਈ ਹੀ ਵਰਤਿਆ ਗਿਆ ਹੈ, ਜਿਵੇਂ-

ਸਤਿ ਸਤਿ ਸਤਿ ਪ੍ਰਭੁ ਸੋਈ ॥ ਸਦਾ ਸਦਾ ਸਦ ਆਪੇ ਹੋਈ ॥ (ਪੰਨਾ-੧੦੪)

ਪ੍ਰਭੂ ਦੀ ਹੋਂਦ ਬਾਰੇ ਜੇ ਕਦੇ ਸ਼ੰਕਾ ਪੈਦਾ ਹੁੰਦਾ ਹੈ ਤਾਂ ਕੇਵਲ ਉਸਨੂੰ ਜਿਸਨੂੰ ਨਾਸਤਕ ਕਿਹਾ ਜਾਂਦਾ ਹੈ ਪਰ ਦਾਸ ਨੂੰ ਆਪਣੇ ਨਿਜੀ ਤਜਰਬਿਆਂ ਤੋਂ ਯਕੀਨ ਬਣ ਗਿਆ ਹੈ ਕਿ ਜੇ ਸਤਿਗੁਰੂ ਨਾਨਕ ਸਾਹਿਬ ਜੀ ਦੀ ਸਿਖਿਆ ਨੂੰ ਸਹੀ ਅਰਥਾਂ ਵਿਚ ਪਰਚਾਰਿਆ ਜਾਏ ਤਾਂ ਨਾਸਤਿਕਤਾ ਪੈਦਾ ਹੀ ਨਹੀਂ ਹੋ ਸਕਦੀ। ਉਦਾਹਰਣ ਵਜੋਂ ੧੯੯੮ ਵਿਚ ਜਦ ਦਾਸ ਵਿਕਟੋਰੀਆ ਬੀ.ਸੀ. ਵਿਖੇ ਗੁਰਦੁਆਰੇ ਵਿਚ ਗ੍ਰੰਥੀ ਦੀ ਸੇਵਾ ਨਿਭਾ ਰਿਹਾ ਸੀ ਤਾਂ ਇੱਕ ਦਿਨ ਅਚਨਚੇਤ ਹੀ ਕਾਮਰੇਡ ਭਗਵਾਨ ਸਿੰਘ ਦਾਸ ਪਾਸ ਆਇਆ ਤੇ ਪਰਮਾਤਮਾ ਦੀ ਹੋਂਦ ਬਾਰੇ ਚਰਚਾ ਛੇੜ ਦਿੱਤੀ। ਦਾਸ ਦੇ ਬਚਨਾਂ ਦਾ ਆਧਾਰ ਕਿਉਂਕਿ ਕੇਵਲ ਗੁਰਬਾਣੀ ਸੀ, ਸੋ ਥੋੜੇ ਸਮੇਂ ਉਪਰੰਤ ਹੀ ਭਗਵਾਨ ਸਿੰਘ ਨੇ ਆਖਿਆ- "ਮੈਨੂੰ ਇਸ ਵਿਚ ਕੋਈ ਸ਼ੰਕਾ ਨਹੀਂ ਹੈ ਕਿ ਗੁਰੂ ਨਾਨਕ ਦੇਵ ਜੀ ਸੰਸਾਰ ਦੇ ਪਰਮ ਮਨੁੱਖ ਹਨ ਅਤੇ ਰੱਬ ਦੇ ਨਾਮ ਨੂੰ ਸਦਾ ਯਾਦ ਰੱਖਣ ਬਾਰੇ ਬੇਅੰਤ ਵਾਰੀ ਤਾਕੀਦਾਂ ਵੀ ਕੀਤੀਆਂ ਹਨ। ਪਰ ਅੱਜ ਤੱਕ ਗੁਰਮਤਿ ਦਾ ਕੋਈ ਵੀ ਵਿਦਵਾਨ ਮੇਰੀ ਤਸੱਲੀ ਨਹੀਂ ਕਰਵਾ ਸਕਿਆ ਕਿ ਗੁਰੂ ਨਾਨਕ ਦੇਵ ਜੀ ਦੇ ਕੋਈ ਅਜਿਹੇ ਬਚਨ ਹਨ ਜਿੱਥੇ ਉਨ੍ਹਾਂ ਨੇ ਨਿਵੇਕਲਾ ਕਰਕੇ ਇਹ ਆਖਿਆ ਹੋਵੇ ਕਿ ਰੱਬ ਹੈ। ਦਾਸ ਨੇ ਆਖਿਆ- "ਜੇ ਮੈਂ ਆਪਜੀ ਨੂੰ ਇਹ ਦੱਸ ਪਾਵਾਂ ਕਿ ਸਤਿਗੁਰੂ

ਨਾਨਕ ਦੇਵ ਜੀ ਨੇ ਆਖਿਆ ਹੈ ਕਿ ਰੱਬ ਵਾਕਿਆ ਹੀ ਹੈਗਾ ਹੈ, ਤਾਂ ਕੀ ਤੁਸੀ ਅੱਗੇ ਤੋਂ ਰੱਬ ਦੀ ਹੋਂਦ ਨੂੰ ਹਿਰਦੇ ਕਰਕੇ ਮੰਨੋਗੇ ਅਤੇ ਸਦਾ ਲਈ ਆਸਤਕ ਬਣ ਜਾਵੋਗੇ?" ਜਿਵੇਂ ਕਿ ਭਗਵਾਨ ਸਿੰਘ ਨੂੰ ਯਕੀਨ ਹੀ ਸੀ ਕਿ ਗੁਰੂ ਨਾਨਕ ਸਾਹਿਬ ਜੀ ਨੇ ਇਉਂ ਕਿਤੇ ਨਹੀਂ ਆਖਿਆ, ਉਸ ਨੇ ਬੜੀ ਖੁਲ-ਦਿਲੀ ਨਾਲ ਆਖਿਆ ਕਿ ਮੈਂ ਆਸਤਕ ਬਣ ਜਾਵਾਂਗਾ, ਤਾਂ ਦਾਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੧੨੪੧ ਅੰਕ 'ਤੇ ਸਾਰੰਗ ਕੀ ਵਾਰ ਮਹਲਾ ੪ ਦੀ ਦਸਵੀਂ ਪਉੜੀ ਦੇ ਨਾਲ ਸਤਿਗੁਰੂ ਨਾਨਕ ਸਾਹਿਬ ਜੀ ਦਾ ਇਹ ਸਲੋਕ ਪੜ੍ਹ ਸੁਣਾਇਆ-

੧੬- **॥ ਮ: ੧ ॥ ਹੈ ਹੈ ਆਖਾਂ ਕੋਟਿ ਕੋਟਿ ਕੋਟੀ ਹੂ ਕੋਟਿ ਕੋਟਿ ॥ ਆਖੂੰ ਆਖਾਂ ਸਦਾ ਸਦਾ ਕਹਣਿ ਨ ਆਵੈ ਤੋਟਿ ॥ ਨਾ ਹਉ ਥਕਾਂ ਨ ਠਾਕੀਆ ਏਵਡ ਰਖਹਿ ਜੋਤਿ ॥ ਨਾਨਕ ਚਸਿਅਹੁ ਚੁਖ ਬਿੰਦ ਉਪਰਿ ਆਖਣੁ ਦੋਸੁ ॥੨॥** (ਪੰਨਾ-੧੨੪੧)

ਅਰਥ:- ਜੇ ਮੈਂ ਕ੍ਰੋੜਾਂ-ਕ੍ਰੋੜਾਂ ਵਾਰ ਆਖਾਂ ਕਿ ਪਰਮਾਤਮਾ ਸੱਚ-ਮੁੱਚ ਹੈ, ਜੇ ਮੈਂ ਕ੍ਰੋੜਾਂ ਵਾਰੀ ਤੋਂ ਭੀ ਕ੍ਰੋੜਾਂ ਵਾਰੀ ਵਧੀਕ (ਇਹੀ ਗੱਲ) ਆਖਾਂ; ਜੇ ਮੈਂ ਇਹੀ ਗੱਲ ਸਦਾ ਹੀ ਆਪਣੇ ਮੂੰਹ ਨਾਲ ਆਖਦਾ ਰਹਾਂ, ਮੇਰੇ ਆਖਣ ਵਿਚ ਤ੍ਰੋਟ ਨਾ ਆਵੇ; (ਹੇ ਪ੍ਰਭੂ !) ਜੇ ਤੂੰ ਮੇਰੇ ਵਿਚ ਇਤਨੀ ਸੱਤਿਆ ਪਾ ਦੇਵੇਂ ਕਿ ਮੈਂ ਆਖਦਾ-ਆਖਦਾ ਨਾ ਹੀ ਥੱਕਾਂ ਤੇ ਨਾ ਹੀ ਕਿਸੇ ਦਾ ਰੋਕਿਆਂ ਰੁਕਾਂ, ਤਾਂ ਭੀ, ਹੇ ਨਾਨਕ ! (ਆਖ-) ਇਹ ਸਾਰਾ ਜਤਨ ਤੇਰੀ ਰਤਾ ਭਰ ਸਿਫ਼ਤਿ ਦੇ ਹੀ ਬਰਾਬਰ ਹੁੰਦਾ ਹੈ; ਜੇ ਮੈਂ ਆਖਾਂ ਕਿ ਏਦੂੰ ਵਧੀਕ ਸਿਫ਼ਤਿ ਮੈਂ ਕੀਤੀ ਹੈ ਤਾਂ (ਇਹ ਮੇਰੀ) ਭੁੱਲ ਹੈ ।੨।

ਇਹ ਸੁਣਦਿਆਂ ਸਾਰ ਹੀ ਭਗਵਾਨ ਸਿੰਘ ਨੇ ਵਚਨ ਦਿੱਤਾ ਕਿ ਵਾਕਿਆ ਹੀ ਅਕਾਲ ਪੁਰਖ ਹੈ, ਤੇ ਮੇਰੇ ਮੂੰਹ ਵਿਚੋਂ ਮੁੜ ਕਦੀ ਵੀ ਰੱਬ ਦੀ ਹੋਂਦ ਨੂੰ ਨਾਕਾਰਣ ਵਾਲਾ ਵਾਕ ਨਹੀਂ ਨਿਕਲੇਗਾ। ਅਤੇ ਆਪਣੇ ਅੰਤਲੇ ਸਮੇਂ ਤੱਕ ਭਗਵਾਨ ਸਿੰਘ ਆਪਣੇ ਉਨ੍ਹਾਂ ਬਚਨਾਂ ਦਾ ਪੱਕਾ ਰਿਹਾ।

ਗੁਰਬਾਣੀ ਵਿਚ "ਸਤਿ" ਦੇ ਪ੍ਰਯੋਗ-ਵਾਲੇ ਸ਼ਬਦ-

੧੭- **ਪਉੜੀ ॥ ਸਸਾ ਸਤਿ ਸਤਿ ਸਤਿ ਸੋਊ ॥ ਸਤਿ ਪੁਰਖ ਤੇ ਭਿੰਨ ਨ ਕੋਊ ॥ ਸੋਊ ਸਰਨਿ ਪਰੈ ਜਿਹ ਪਾਯੰ ॥ ਸਿਮਰਿ ਸਿਮਰਿ ਗੁਨ ਗਾਇ ਸੁਨਾਯੰ ॥ ਸੰਸੈ ਭਰਮੁ ਨਹੀ ਕਛੁ ਬਿਆਪਤ ॥ ਪ੍ਰਗਟ ਪ੍ਰਤਾਪੁ ਤਾਹੂ ਕੋ ਜਾਪਤ ॥ ਸੋ ਸਾਧੂ ਇਹ ਪਹੁਚਨਹਾਰਾ ॥ ਨਾਨਕ ਤਾ ਕੈ ਸਦ ਬਲਿਹਾਰਾ ॥੩॥** (ਪੰਨਾ-੨੫੦)

ਅਰਥ:- ਉਹ ਪਰਮਾਤਮਾ ਸਦਾ-ਥਿਰ ਰਹਿਣ ਵਾਲਾ ਹੈ, ਸਦਾ-ਥਿਰ ਰਹਿਣ ਵਾਲਾ ਹੈ,

ਉਸ ਸਦਾ-ਥਿਰ ਵਿਆਪਕ ਪ੍ਰਭੂ ਤੋਂ ਵੱਖਰੀ ਹਸਤੀ ਵਾਲਾ ਹੋਰ ਕੋਈ ਨਹੀਂ ਹੈ। ਜਿਸ ਮਨੁੱਖ ਨੂੰ ਪ੍ਰਭੂ ਆਪਣੀ ਸ਼ਰਨੀ ਪਾਂਦਾ ਹੈ, ਉਹੀ ਪੈਂਦਾ ਹੈ, ਉਹ ਮਨੁੱਖ ਪ੍ਰਭੂ ਦਾ ਸਿਮਰਨ ਕਰ ਕੇ ਉਸ ਦੀ ਸਿਫ਼ਤਿ-ਸਾਲਾਹ ਕਰ ਕੇ ਹੋਰਨਾਂ ਨੂੰ ਭੀ ਸੁਣਾਂਦਾ ਹੈ। ਕੋਈ ਸਹਿਮ ਕੋਈ ਭਟਕਣਾ ਉਸ ਮਨੁੱਖ ਉਤੇ ਜ਼ੋਰ ਨਹੀਂ ਪਾ ਸਕਦਾ, (ਕਿਉਂਕਿ ਉਸ ਨੂੰ ਹਰ ਥਾਂ ਪ੍ਰਭੂ ਹੀ ਪ੍ਰਭੂ ਦਿਸਦਾ ਹੈ) ਉਸ ਨੂੰ ਹਰ ਥਾਂ ਪ੍ਰਭੂ ਦਾ ਹੀ ਪ੍ਰਤਾਪ ਪ੍ਰਤੱਖ ਦਿਸਦਾ ਹੈ। ਜੋ ਮਨੁੱਖ ਇਸ ਆਤਮਕ ਅਵਸਥਾ 'ਤੇ ਪਹੁੰਚਦਾ ਹੈ, ਉਸ ਨੂੰ ਸਾਧੂ ਜਾਣੋ। ਹੇ ਨਾਨਕ! (ਆਖ)-ਮੈਂ ਉਸ ਤੋਂ ਸਦਾ ਸਦਕੇ ਹਾਂ। ੩।

੧੮-ਸਤਿ ਸਤਿ ਸਤਿ ਪ੍ਰਭੁ ਸੁਆਮੀ॥ ਗੁਰ ਪਰਸਾਦਿ ਕਿਨੈ ਵਖਿਆਨੀ ॥ ਸਚੁ ਸਚੁ ਸਚੁ ਸਭੁ ਕੀਨਾ॥ ਕੋਟਿ ਮਧੇ ਕਿਨੈ ਬਿਰਲੈ ਚੀਨਾ ॥ ਭਲਾ ਭਲਾ ਭਲਾ ਤੇਰਾ ਰੂਪ ॥ ਅਤਿ ਸੁੰਦਰ ਅਪਾਰ ਅਨੂਪ॥ ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ ॥ ਘਟਿ ਘਟਿ ਸੁਨੀ ਸ੍ਰਵਨ ਬਖ੍ਯਾਣੀ ॥ ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ॥ ਨਾਮੁ ਜਪੈ ਨਾਨਕ ਮਨਿ ਪ੍ਰੀਤਿ ॥੮॥੧੨॥ (ਪੰਨਾ-੨੭੯)

ਅਰਥ:- (ਸਭ ਦਾ) ਮਾਲਕ ਪ੍ਰਭੂ ਸਦਾ ਹੀ ਕਾਇਮ ਰਹਿਣ ਵਾਲਾ ਹੈ—ਗੁਰੂ ਦੀ ਮੇਹਰ ਨਾਲ ਕਿਸੇ ਵਿਰਲੇ ਨੇ (ਇਹ ਗੱਲ) ਦੱਸੀ ਹੈ।

ਜੋ ਕੁਝ ਉਸ ਨੇ ਬਣਾਇਆ ਹੈ ਉਹ ਭੀ ਮੁਕੰਮਲ ਹੈ (ਭਾਵ, ਅਧੂਰਾ ਨਹੀਂ) ਇਹ ਗੱਲ ਕ੍ਰੋੜਾਂ ਵਿਚੋਂ ਕਿਸੇ ਵਿਰਲੇ ਨੇ ਪਛਾਣੀ ਹੈ।

ਹੇ ਅੱਤ ਸੋਹਣੇ, ਬੇਅੰਤ ਤੇ ਬੇ-ਮਿਸਾਲ ਪ੍ਰਭੂ! ਤੇਰਾ ਰੂਪ ਕਿਆ ਪਿਆਰਾ ਪਿਆਰਾ ਹੈ!

ਤੇਰੀ ਬੋਲੀ ਭੀ ਮਿੱਠੀ ਮਿੱਠੀ ਹੈ, ਹਰੇਕ ਸਰੀਰ ਵਿਚ ਕੰਨਾਂ ਦੀ ਰਾਹੀਂ ਸੁਣੀ ਜਾ ਰਹੀ ਹੈ, ਤੇ ਜੀਭ ਨਾਲ ਉੱਚਾਰੀ ਜਾ ਰਹੀ ਹੈ (ਭਾਵ, ਹਰੇਕ ਸਰੀਰ ਵਿਚ ਤੂੰ ਆਪ ਹੀ ਬੋਲ ਰਿਹਾ ਹੈਂ) ।

ਹੇ ਨਾਨਕ! (ਜੋ ਅਜੇਹੇ ਪ੍ਰਭੂ ਦਾ) ਨਾਮ ਪ੍ਰੀਤ ਨਾਲ ਮਨ ਵਿਚ ਜਪਦਾ ਹੈ, ਉਹ ਪਵਿਤ੍ਰ ਹੀ ਪਵਿਤ੍ਰ ਹੋ ਜਾਂਦਾ ਹੈ ।੮।੧੨।

੧੯-ਸੁਖ ਸਾਗਰੁ ਅੰਮ੍ਰਿਤੁ ਹਰਿ ਨਾਉ ॥ ਮੰਗਤ ਜਨੁ ਜਾਚੈ ਹਰਿ ਦੇਹੁ ਪਸਾਉ ॥ ਹਰਿ ਸਤਿ ਸਤਿ ਸਦਾ ਹਰਿ ਸਤਿ ਹਰਿ ਸਤਿ ਮੇਰੈ ਮਨਿ ਭਾਵੈ ਜੀਉ ॥੨॥ (ਪੰਨਾ-੯੯੮)

੨੦-ਜਪਿ ਮਨ ਨਿਰਭਉ ॥ ਸਤਿ ਸਤਿ ਸਦਾ ਸਤਿ ॥ ਨਿਰਵੈਰੁ ਅਕਾਲ ਮੂਰਤਿ ॥ ਆਜੂਨੀ ਸੰਭਉ॥ ਮੇਰੇ ਮਨ ਅਨਦਿਨੋੁ ਧਿਆਇ ਨਿਰੰਕਾਰੁ ਨਿਰਾਹਾਰੀ॥੧॥ ਰਹਾਉ ॥ (ਪੰਨਾ-੧੨੦੧)

੨੧-ਸਭ ਜੋਤਿ ਤੇਰੀ ਜਗਜੀਵਨਾ ਤੂ ਘਟਿ ਘਟਿ ਹਰਿ ਰੰਗ ਰੰਗਨਾ ॥ ਸਭਿ ਧਿਆਵਹਿ ਤੁਧੁ ਮੇਰੇ ਪ੍ਰੀਤਮਾ ਤੂ ਸਤਿ ਸਤਿ ਪੁਰਖ ਨਿਰੰਜਨਾ॥ ਇਕੁ ਦਾਤਾ ਸਭੁ ਜਗਤੁ ਭਿਖਾਰੀਆ ਹਰਿ ਜਾਚਹਿ ਸਭ ਮੰਗ ਮੰਗਨਾ॥ ਸੇਵਕੁ ਠਾਕੁਰੁ ਸਭੁ ਤੂਹੈ ਤੂਹੈ ਗੁਰਮਤੀ ਹਰਿ ਚੰਗ ਚੰਗਨਾ॥ ਸਭਿ ਕਹਹੁ ਮੁਖਹੁ ਰਿਖੀਕੇਸੁ ਹਰੇ ਰਿਖੀਕੇਸੁ ਹਰੇ ਜਿਤੁ ਪਾਵਹਿ ਸਭ ਫਲ ਫਲਨਾ॥੨॥ (ਪੰਨਾ ੧੩੧੩)

ਅਰਥ:- ਹੇ ਜਗਤ ਦੇ ਜੀਵਨ ਪ੍ਰਭੂ! ਸਾਰੀ ਸ੍ਰਿਸ਼ਟੀ ਵਿਚ ਤੇਰਾ ਹੀ ਨੂਰ (ਚਾਨਣ ਕਰ ਰਿਹਾ ਹੈ), ਤੂੰ ਹਰੇਕ ਸਰੀਰ ਵਿਚ (ਮੌਜੂਦ ਹੈਂ ਤੇ ਆਪਣੇ ਨਾਮ ਦੀ) ਰੰਗਣ ਚਾੜ੍ਹਨ ਵਾਲਾ ਹੈਂ। ਹੇ ਮੇਰੇ ਪ੍ਰੀਤਮ! ਸਾਰੇ ਜੀਵ ਤੈਨੂੰ (ਹੀ) ਸਿਮਰਦੇ ਹਨ। ਹੇ ਸਰਬ-ਵਿਆਪਕ (ਤੇ ਫਿਰ ਭੀ) ਨਿਰਲੇਪ ਪ੍ਰਭੂ! ਤੂੰ ਸਦਾ ਕਾਇਮ ਰਹਿਣ ਵਾਲਾ ਹੈਂ, ਤੂੰ ਸਦਾ ਕਾਇਮ ਰਹਿਣ ਵਾਲਾ ਹੈਂ। ਹੇ ਪ੍ਰਭੂ! ਤੂੰ ਹੀ ਦਾਤਾ ਦੇਣ ਵਾਲਾ ਹੈਂ, ਸਾਰਾ ਜਗਤ (ਤੇਰੇ ਦਰ ਦਾ) ਮੰਗਤਾ ਹੈ। ਹੇ ਹਰੀ! ਹਰੇਕ ਮੰਗ (ਜੀਵ ਤੈਥੋਂ ਹੀ) ਮੰਗਦੇ ਹਨ। ਤੂੰ ਆਪ ਹੀ ਮਾਲਕ ਹੈਂ। ਹੇ ਹਰੀ! ਗੁਰੂ ਦੀ ਮਤਿ ਉਤੇ ਤੁਰਿਆ ਤੂੰ ਬਹੁਤ ਪਿਆਰਾ ਲੱਗਦਾ ਹੈਂ।

ਹੇ ਭਾਈ! ਪਰਮਾਤਮਾ (ਸਾਰੇ) ਇੰਦ੍ਰਿਆਂ ਦਾ ਮਾਲਕ ਹੈ, ਤੁਸੀ ਸਾਰੇ ਆਪਣੇ ਮੂੰਹੋਂ ਉਸ ਦੀ ਸਿਫ਼ਤਿ-ਸਾਲਾਹ ਕਰੋ, ਉਸ ਦਾ ਨਾਮ ਜਪੋ, ਉਸ ਦੇ ਨਾਮ ਦੀ ਬਰਕਤਿ ਨਾਲ ਹੀ (ਜੀਵ) ਸਾਰੇ ਫਲ ਪ੍ਰਾਪਤ ਕਰਦੇ ਹਨ ।੨।

੫

ਸਤਿ ਦਾ ਇਹ ਰੂਪ ? ਬੋਲ ਚਾਲ ਵਿਚ ਸਚੁ

੨੨-ਬੋਲਹਿ ਸਾਚੁ ਮਿਥਿਆ ਨਹੀ ਰਾਈ ॥ ਚਾਲਹਿ ਗੁਰਮੁਖਿ ਹੁਕਮਿ ਰਜਾਈ ॥ ਰਹਹਿ ਅਤੀਤ ਸਚੇ ਸਰਣਾਈ ॥੧॥ ਸਚ ਘਰਿ ਬੈਸੈ ਕਾਲੁ ਨ ਜੋਹੈ ॥ ਮਨਮੁਖ ਕਉ ਆਵਤ ਜਾਵਤ ਦੁਖੁ ਮੋਹੈ ॥੧॥ ਰਹਾਉ ॥ ਅਪਿਉ ਪੀਅਉ ਅਕਥੁ ਕਥਿ ਰਹੀਐ ॥ ਨਿਜ ਘਰਿ ਬੈਸਿ ਸਹਜ ਘਰੁ ਲਹੀਐ ॥ ਹਰਿ ਰਸਿ ਮਾਤੇ ਇਹੁ ਸੁਖੁ ਕਹੀਐ ॥੨॥ (ਪੰਨਾ-੨੨੧)

੨੩-ਸੁਣਿ ਸਾਜਨ ਮੇਰੇ ਮੀਤ ਪਿਆਰੇ॥ ਸਤਿ ਬਚਨ ਵਰਤਹਿ ਹਰਿ ਦੁਆਰੇ॥ (ਪੰਨਾ-੯੬੯)

੨੪-ਗੰਧਣ ਵੈਣ ਸੁਣਹਿ ਉਰਝਾਵਹਿ ਨਾਮੁ ਲੈਤ ਅਲਕਾਇਆ ॥ ਨਿੰਦ ਚਿੰਦ ਕਉ ਬਹੁਤੁ ਉਮਾਹਿਓ ਬੂਝੀ ਉਲਟਾਇਆ॥੨॥ ਪਰ ਧਨ ਪਰ ਤਨ ਪਰ ਤੀ ਨਿੰਦਾ

ਅਖਾਧਿ ਖਾਹਿ ਹਰਕਾਇਆ ॥ ਸਾਚ ਧਰਮ ਸਿਉ ਰੁਚਿ ਨਹੀ ਆਵੈ ਸਤਿ ਸੁਨਤ ਛੋਹਾਇਆ ॥੩॥ ਦੀਨ ਦਇਆਲ ਕ੍ਰਿਪਾਲ ਪ੍ਰਭ ਠਾਕੁਰ ਭਗਤ ਟੇਕ ਹਰਿ ਨਾਇਆ ॥ ਨਾਨਕ ਆਹਿ ਸਰਣ ਪ੍ਰਭ ਆਇਓ ਰਾਖੁ ਲਾਜ ਅਪਨਾਇਆ ॥੪॥੩॥੧੨੫॥ (੪੦੨)

੨੫-ਸਤਿ ਹੋਤਾ ਅਸਤਿ ਕਰਿ ਮਾਨਿਆ ਜੋ ਬਿਨਸਤ ਸੋ ਨਿਹਚਲੁ ਜਾਨਥ ॥ ਪਰ ਕੀ ਕਉ ਅਪਨੀ ਕਰਿ ਪਕਰੀ ਐਸੇ ਭੂਲ ਭੁਲਾਨਥ ॥ ੩ ॥ ਖਤ੍ਰੀ ਬ੍ਰਾਹਮਣ ਸੂਦ ਵੈਸ ਸਭ ਏਕੈ ਨਾਮਿ ਤਰਾਨਥ ॥ ਗੁਰੁ ਨਾਨਕੁ ਉਪਦੇਸੁ ਕਹਤੁ ਹੈ ਜੋ ਸੁਨੈ ਸੋ ਪਾਰਿ ਪਰਾਨਥ ॥੪॥੧॥੧੦॥ (੧੦੦੧)

੨੬-ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥ ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥੧॥ ਬੋਲਹੁ ਭਾਈ ਹਰਿ ਕੀਰਤਿ ਹਰਿ ਭਵਜਲ ਤੀਰਥਿ ॥ ਹਰਿ ਦਰਿ ਤਿਨ ਕੀ ਊਤਮ ਬਾਤ ਹੈ ਸੰਤਹੁ ਹਰਿ ਕਥਾ ਜਿਨ ਜਨਹੁ ਜਾਨੀ ॥ ਰਹਾਉ ॥ ਆਪੇ ਗੁਰੁ ਚੇਲਾ ਹੈ ਆਪੇ ਆਪੇ ਹਰਿ ਪ੍ਰਭੁ ਚੋਜ ਵਿਡਾਨੀ ॥ ਜਨ ਨਾਨਕ ਆਪਿ ਮਿਲਾਏ ਸੋਈ ਹਰਿ ਮਿਲਸੀ ਅਵਰ ਸਭ ਤਿਆਗਿ ਓਹਾ ਹਰਿ ਭਾਨੀ ॥੨॥੫॥੧੧॥ (ਪੰਨਾ ੬੬੯)

੨੭-ਸਾਚ ਪਦਾਰਥੁ ਗੁਰਮੁਖਿ ਲਹਹੁ ॥ ਪ੍ਰਭ ਕਾ ਭਾਣਾ ਸਤਿ ਕਰਿ ਸਹਹੁ ॥੧॥ ਜੀਵਤ ਜੀਵਤ ਜੀਵਤ ਰਹਹੁ ॥ ਰਾਮ ਰਸਾਇਣੁ ਨਿਤ ਉਠਿ ਪੀਵਹੁ ॥ ਹਰਿ ਹਰਿ ਹਰਿ ਹਰਿ ਰਸਨਾ ਕਹਹੁ ॥੧॥ ਰਹਾਉ ॥ ਕਲਿਜੁਗ ਮਹਿ ਇਕ ਨਾਮਿ ਉਧਾਰੁ ॥ ਨਾਨਕੁ ਬੋਲੈ ਬ੍ਰਹਮ ਬੀਚਾਰੁ ॥੨॥੧੧॥ (ਪੰਨਾ-੧੧੩੮)

੨੮-ਸਲੋਕ ਮਃ ੫ ॥ ਹਰਣਾਖੀ ਕੂ ਸਚੁ ਵੈਣੁ ਸੁਣਾਈ ਜੋ ਤਉ ਕਰੇ ਉਧਾਰਣੁ ॥ ਸੁੰਦਰ ਬਚਨ ਤੁਮ ਸੁਣਹੁ ਛਬੀਲੀ ਪਿਰੁ ਤੈਡਾ ਮਨ ਸਾਧਾਰਣੁ ॥ ਦੁਰਜਨ ਸੇਤੀ ਨੇਹੁ ਰਚਾਇਓ ਦਸਿ ਵਿਖਾ ਮੈ ਕਾਰਣੁ ॥ ਊਣੀ ਨਾਹੀ ਝੂਣੀ ਨਾਹੀ ਨਾਹੀ ਕਿਸੈ ਵਿਹੂਣੀ ॥ ਪਿਰੁ ਛੈਲੁ ਛਬੀਲਾ ਛਡਿ ਗਵਾਇਓ ਦੁਰਮਤਿ ਕਰਮਿ ਵਿਹੂਣੀ ॥ ਨਾ ਹਉ ਭੁਲੀ ਨਾ ਹਉ ਚੁਕੀ ਨਾ ਮੈ ਨਾਹੀ ਦੋਸਾ ॥ ਜਿਤੁ ਹਉ ਲਾਈ ਤਿਤੁ ਹਉ ਲਗੀ ਤੂ ਸੁਣਿ ਸਚੁ ਸੰਦੇਸਾ ॥ ਸਾਈ ਸੋੁਹਾਗਣਿ ਸਾਈ ਭਾਗਣਿ ਜੈ ਪਿਰਿ ਕਿਰਪਾ ਧਾਰੀ ॥ ਪਿਰਿ ਅਉਗਣ ਤਿਸ ਕੇ ਸਭਿ ਗਵਾਏ ਗਲ ਸੇਤੀ ਲਾਇ ਸਵਾਰੀ ॥ ਕਰਮਹੀਣ ਧਨ ਕਰੈ ਬਿਨੰਤੀ ਕਦਿ ਨਾਨਕ ਆਵੈ ਵਾਰੀ ॥ ਸਭਿ ਸੁਹਾਗਣਿ ਮਾਣਹਿ ਰਲੀਆ ਇਕ ਦੇਵਹੁ ਰਾਤਿ ਮੁਰਾਰੀ ॥੧॥ (ਪੰਨਾ ੯੫੯)

੨੯-ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥ ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥੩ ॥ ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ ॥ ਕੰਚਨ ਵੰਨੇ ਪਾਸੇ ਕਲਵਤਿ ਚੀਰਿਆ ॥੪ ॥ ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ ॥ ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ ॥੫ ॥ ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ ॥ ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ ॥੬ ॥ ਚਲੇ ਚਲਣਹਾਰ ਵਿਚਾਰਾ ਲੇਇ ਮਨੋ ॥ ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ ॥੭ ॥ ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥ ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥ ੮ ॥ ੨ ॥ (ਪੰਨਾ ੪੮੮)

੬

ਸਚੁ ਵਿਚ ਸਮਾਈ ?

੩੦- ਕਰ ਸੰਗਿ ਸਾਧੂ ਚਰਨ ਪਖਾਰੈ ਸੰਤ ਧੂਰਿ ਤਨਿ ਲਾਵੈ ॥
ਮਨੁ ਤਨੁ ਅਰਪਿ ਧਰੇ ਗੁਰ ਆਗੈ ਸਤਿ ਪਦਾਰਥੁ ਪਾਵੈ ॥੩ ॥ (ਪੰਨਾ-੩੮੧)

ਅਰਥ:- (ਪਰਮਾਤਮਾ ਦਾ ਸੇਵਕ) ਆਪਣੇ ਹੱਥਾਂ ਨਾਲ ਗੁਰਮੁਖਾਂ ਦੇ ਪੈਰ ਧੋਂਦਾ ਹੈ ਸੰਤ ਜਨਾਂ ਦੇ ਚਰਨਾਂ ਦੀ ਧੂੜ ਆਪਣੇ ਸਰੀਰ ਉੱਤੇ ਲਾਉਂਦਾ ਹੈ, ਆਪਣਾ ਮਨ ਗੁਰੂ ਦੇ ਹਵਾਲੇ ਕਰਦਾ ਹੈ ਆਪਣਾ ਸਰੀਰ (ਹਰੇਕ ਗਿਆਨ-ਇਂਦ੍ਰਾ) ਗੁਰੂ ਦੇ ਹਵਾਲੇ ਕਰਦਾ ਹੈ ਤੇ ਗੁਰੂ ਪਾਸੋਂ ਸਦਾ ਕਾਇਮ ਰਹਿਣ ਵਾਲਾ ਹਰਿ-ਨਾਮ ਪ੍ਰਾਪਤ ਕਰਦਾ ਹੈ।੩।

੩੧-ਜੋ ਕਿਛੁ ਕਰੈ ਸੋਈ ਸੁਖੁ ਜਾਨਾ ॥ ਮਨੁ ਅਸਮਝੁ ਸਾਧਸੰਗਿ ਪਤੀਆਨਾ ॥ ਡੋਲਨ ਤੇ ਚੂਕਾ ਠਹਰਾਇਆ ॥ ਸਤਿ ਮਾਹਿ ਲੇ ਸਤਿ ਸਮਾਇਆ ॥੧ ॥ ਦੂਖੁ ਗਇਆ ਸਭੁ ਰੋਗੁ ਗਇਆ ॥ ਪ੍ਰਭ ਕੀ ਆਗਿਆ ਮਨ ਮਹਿ ਮਾਨੀ ਮਹਾ ਪੁਰਖ ਕਾ ਸੰਗੁ ਭਇਆ ॥੧ ॥ ਰਹਾਉ ॥ (ਪੰਨਾ-੮੯੦)

੭

ਸਚੁ

॥ ਜਪੁ ॥

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧ ॥
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ ... ॥੪ ॥

ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ ॥੨੭॥

੩੨ ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ ॥ ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ ॥ ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ ॥੧॥ ਨਾਨਕ ਸਾਚੇ ਕਉ ਸਚੁ ਜਾਣੁ ॥ ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ ॥੧॥ ਰਹਾਉ ॥ ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ ॥ ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ ॥ ਤਾ ਮਨੁ ਖੀਵਾ ਜਾਣੀਐ ਜਾ ਮਹਲੀ ਪਾਏ ਥਾਉ ॥੨॥ ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ ॥ ਤਾ ਮੁਖੁ ਹੋਵੈ ਉਜਲਾ ਲਖ ਦਾਤੀ ਇਕ ਦਾਤਿ ॥ ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ ਪਾਸਿ ॥੩॥ ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ ॥ ਤਿਸੁ ਵਿਣੁ ਸਭੁ ਅਪਵਿਤ੍ਰੁ ਹੈ ਜੇਤਾ ਪੈਨਣੁ ਖਾਣੁ ॥ ਹੋਰਿ ਗਲਾਂ ਸਭਿ ਕੂੜੀਆ ਤੁਧੁ ਭਾਵੈ ਪਰਵਾਣੁ ॥੪॥੫॥ (ਪੰਨਾ-੧੫)

੩੩ ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ ॥ ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥ ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ ॥੧॥ ਭਾਈ ਰੇ ਹਰਿ ਹੀਰਾ ਗੁਰ ਮਾਹਿ ॥ ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ ॥੧॥ ਰਹਾਉ ॥ ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ ॥ ਜਿਉ ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸਨਾ ਦਾਸਨਿ ਦਾਸਿ ॥ ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ ॥੨॥ ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥ ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਂਇ ॥ ਸਚਿ ਰਤੇ ਗੁਰਿ ਮੇਲਿਐ ਸਚੇ ਸਚਿ ਸਮਾਇ ॥੩॥ ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥ ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ ॥ ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ ॥੪॥੨੧॥ (ਪੰਨਾ-੨੨)

੩੪ ਜਿਸ ਹੀ ਕੀ ਸਿਰਕਾਰ ਹੈ ਤਿਸ ਹੀ ਕਾ ਸਭੁ ਕੋਇ ॥ ਗੁਰਮੁਖਿ ਕਾਰ ਕਮਾਵਣੀ ਸਚੁ ਘਟਿ ਪਰਗਟੁ ਹੋਇ ॥ ਅੰਤਰਿ ਜਿਸ ਕੈ ਸਚੁ ਵਸੈ ਸਚੇ ਸਚੀ ਸੋਇ ॥ ਸਚਿ ਮਿਲੇ ਸੇ ਨ ਵਿਛੁੜਹਿ ਤਿਨ ਨਿਜ ਘਰਿ ਵਾਸਾ ਹੋਇ ॥੧॥ ਮੇਰੇ ਰਾਮ ਮੈ ਹਰਿ ਬਿਨੁ ਅਵਰੁ ਨ ਕੋਇ ॥ ਸਤਗੁਰੁ ਸਚੁ ਪ੍ਰਭੁ ਨਿਰਮਲਾ ਸਬਦਿ ਮਿਲਾਵਾ ਹੋਇ ॥੧॥ ਰਹਾਉ ॥ (ਪੰਨਾ ੨੭)

੩੫ ਜਿਨੀ ਪੁਰਖੀ ਸਤਗੁਰੁ ਨ ਸੇਵਿਓ ਸੇ ਦੁਖੀਏ ਜੁਗ ਚਾਰਿ ॥ ਘਰਿ ਹੋਦਾ ਪੁਰਖੁ ਨ

ਪਛਾਣਿਆ ਅਭਿਮਾਨਿ ਮੁਠੇ ਅਹੰਕਾਰਿ ॥ ਸਤਗੁਰੂ ਕਿਆ ਫਿਟਕਿਆ ਮੰਗਿ ਥਕੇ ਸੰਸਾਰਿ ॥ ਸਚਾ ਸਬਦੁ ਨ ਸੇਵਿਓ ਸਭਿ ਕਾਜ ਸਵਾਰਣਹਾਰੁ ॥੧॥ ਮਨ ਮੇਰੇ ਸਦਾ ਹਰਿ ਵੇਖੁ ਹਦੂਰਿ ॥ ਜਨਮ ਮਰਨ ਦੁਖੁ ਪਰਹਰੈ ਸਬਦਿ ਰਹਿਆ ਭਰਪੂਰਿ ॥੧॥ ਰਹਾਉ ॥ ਸਚੁ ਸਲਾਹਨਿ ਸੇ ਸਚੇ ਸਚਾ ਨਾਮੁ ਅਧਾਰੁ ॥ ਸਚੀ ਕਾਰ ਕਮਾਵਣੀ ਸਚੇ ਨਾਲਿ ਪਿਆਰੁ ॥ ਸਚਾ ਸਾਹੁ ਵਰਤਦਾ ਕੋਇ ਨ ਮੇਟਣਹਾਰੁ ॥ ਮਨਮੁਖ ਮਹਲੁ ਨ ਪਾਇਨੀ ਕੂੜਿ ਮੁਠੇ ਕੂੜਿਆਰ ॥੨॥ ਹਉਮੈ ਕਰਤਾ ਜਗੁ ਮੁਆ ਗੁਰ ਬਿਨੁ ਘੋਰ ਅੰਧਾਰੁ ॥ ਮਾਇਆ ਮੋਹਿ ਵਿਸਾਰਿਆ ਸੁਖਦਾਤਾ ਦਾਤਾਰੁ ॥ ਸਤਗੁਰੁ ਸੇਵਹਿ ਤਾ ਉਬਰਹਿ ਸਚੁ ਰਖਹਿ ਉਰ ਧਾਰਿ ॥ ਕਿਰਪਾ ਤੇ ਹਰਿ ਪਾਈਐ ਸਚਿ ਸਬਦਿ ਵੀਚਾਰਿ ॥੩॥ ਸਤਗੁਰੁ ਸੇਵਿ ਮਨੁ ਨਿਰਮਲਾ ਹਉਮੈ ਤਜਿ ਵਿਕਾਰ ॥ ਆਪੁ ਛੋਡਿ ਜੀਵਤ ਮਰੈ ਗੁਰ ਕੈ ਸਬਦਿ ਵੀਚਾਰ ॥ ਧੰਧਾ ਧਾਵਤ ਰਹਿ ਗਏ ਲਾਗਾ ਸਾਚਿ ਪਿਆਰੁ ॥ ਸਚਿ ਰਤੇ ਮੁਖ ਉਜਲੇ ਤਿਤੁ ਸਾਚੈ ਦਰਬਾਰਿ ॥੪॥ ਸਤਗੁਰੁ ਪੁਰਖੁ ਨ ਮੰਨਿਓ ਸਬਦਿ ਨ ਲਗੋ ਪਿਆਰੁ ॥ ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ ॥ ਹਰਿ ਜੀਉ ਆਪਣੀ ਕ੍ਰਿਪਾ ਕਰੇ ਤਾ ਲਾਗੈ ਨਾਮ ਪਿਆਰੁ ॥ ਨਾਨਕ ਨਾਮੁ ਸਮਾਲਿ ਤੂ ਗੁਰ ਕੈ ਹੇਤਿ ਅਪਾਰਿ ॥੫॥੨੦॥੫੩॥ (ਪੰਨਾ-੩੪)

੩੬ ਤਿਨਾ ਅਨੰਦੁ ਸਦਾ ਸੁਖੁ ਹੈ ਜਿਨਾ ਸਚੁ ਨਾਮੁ ਆਧਾਰੁ ॥ ਗੁਰ ਸਬਦੀ ਸਚੁ ਪਾਇਆ ਦੂਖ ਨਿਵਾਰਣਹਾਰੁ ॥ ਸਦਾ ਸਦਾ ਸਾਚੇ ਗੁਣ ਗਾਵਹਿ ਸਾਚੈ ਨਾਇ ਪਿਆਰੁ ॥ ਕਿਰਪਾ ਕਰਿ ਕੈ ਆਪਣੀ ਦਿਤੋਨੁ ਭਗਤਿ ਭੰਡਾਰੁ ॥੧॥ (ਪੰਨਾ-੩੬)

੩੭ ਸਚੁ ਪਾਤਿਸਾਹੀ ਅਮਰੁ ਸਚੁ ਸਚੇ ਸਚਾ ਥਾਨੁ ॥ ਸਚੀ ਕੁਦਰਤਿ ਧਾਰੀਅਨੁ ਸਚਿ ਸਿਰਜਿਓਨੁ ਜਹਾਨੁ ॥ ਨਾਨਕ ਜਪੀਐ ਸਚੁ ਨਾਮੁ ਹਉ ਸਦਾ ਸਦਾ ਕੁਰਬਾਨੁ ॥੪॥੧੬॥੮੬॥ (ਪੰਨਾ-੪੮)

੩੮ ਸਚੁ ਕਰਤਾ ਸਚੁ ਕਰਣਹਾਰੁ ਸਚੁ ਸਾਹਿਬੁ ਸਚੁ ਟੇਕ ॥ ਸਚੋ ਸਚੁ ਵਖਾਣੀਐ ਸਚੋ ਬੁਧਿ ਬਿਬੇਕ ॥ ਸਰਬ ਨਿਰੰਤਰਿ ਰਵਿ ਰਹਿਆ ਜਪਿ ਨਾਨਕ ਜੀਵੈ ਏਕ ॥੪॥੨੮॥੯੮॥ (ਪੰਨਾ-੫੨)

੩੯ ਇਕੋ ਦਿਸੈ ਸਜਣੋ ਇਕੋ ਭਾਈ ਮੀਤੁ ॥ ਇਕਸੈ ਦੀ ਸਾਮਗਰੀ ਇਕਸੈ ਦੀ ਹੈ ਰੀਤਿ ॥ ਇਕਸ ਸਿਉ ਮਨੁ ਮਾਨਿਆ ਤਾ ਹੋਆ ਨਿਹਚਲੁ ਚੀਤੁ ॥ ਸਚੁ ਖਾਣਾ ਸਚੁ ਪੈਨਣਾ ਟੇਕ ਨਾਨਕ ਸਚੁ ਕੀਤੁ ॥੪॥੫॥੭੫॥ (ਪੰਨਾ-੪੪)

੪੦ ਸਤਿਗੁਰ ਵਿਟਹੁ ਵਾਰਿਆ ਜਿਨਿ ਦਿਤਾ ਸਚੁ ਨਾਉ ॥ ਅਨਦਿਨੁ ਸਚੁ ਸਲਾਹਣਾ ਸਚੇ ਕੇ ਗੁਣ ਗਾਉ ॥ ਸਚੁ ਖਾਣਾ ਸਚੁ ਪੈਨਣਾ ਸਚੇ ਸਚਾ ਨਾਉ ॥੨॥ ਸਾਸਿ

ਗਿਰਾਸਿ ਨ ਵਿਸਰੈ ਸਫਲੁ ਮੂਰਤਿ ਗੁਰੁ ਆਪਿ ॥ ਗੁਰ ਜੇਵਡੁ ਅਵਰੁ ਨ ਦਿਸਈ ਆਠ ਪਹਰ ਤਿਸੁ ਜਾਪਿ ॥ ਨਦਰਿ ਕਰੇ ਤਾ ਪਾਈਐ ਸਚੁ ਨਾਮੁ ਗੁਣਤਾਸਿ ॥੩॥ ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ ॥ ਜਿਨ ਕਉ ਪੂਰਬਿ ਲਿਖਿਆ ਸੇਈ ਨਾਮੁ ਧਿਆਇ ॥ ਨਾਨਕ ਗੁਰ ਸਰਣਾਗਤੀ ਮਰੈ ਨ ਆਵੈ ਜਾਇ ॥੪॥੩੦॥੧੦੦॥ (ਪੰਨਾ-੫੩)

੪੧ ਸਚੀ ਬਾਣੀ ਸਚੁ ਧੁਨਿ ਸਚੁ ਸਬਦੁ ਵੀਚਾਰਾ ॥ ਅਨਦਿਨੁ ਸਚੁ ਸਲਾਹਣਾ ਧਨੁ ਧਨੁ ਵਡਭਾਗ ਹਮਾਰਾ ॥੧॥ ਮਨ ਮੇਰੇ ਸਾਚੇ ਨਾਮ ਵਿਟਹੁ ਬਲਿ ਜਾਉ ॥ ਦਾਸਨਿ ਦਾਸਾ ਹੋਇ ਰਹਹਿ ਤਾ ਪਾਵਹਿ ਸਚਾ ਨਾਉ ॥ ੧ ॥ ਰਹਾਉ ॥ ਜਿਹਵਾ ਸਚੀ ਸਚਿ ਰਤੀ ਤਨੁ ਮਨੁ ਸਚਾ ਹੋਇ ॥ ਬਿਨੁ ਸਾਚੇ ਹੋਰੁ ਸਾਲਾਹਣਾ ਜਾਸਹਿ ਜਨਮੁ ਸਭੁ ਖੋਇ ॥੨॥ ਸਚੁ ਖੇਤੀ ਸਚੁ ਬੀਜਣਾ ਸਾਚਾ ਵਾਪਾਰਾ ॥ ਅਨਦਿਨੁ ਲਾਹਾ ਸਚੁ ਨਾਮੁ ਧਨੁ ਭਗਤਿ ਭਰੇ ਭੰਡਾਰਾ ॥੩॥ ਸਚੁ ਖਾਣਾ ਸਚੁ ਪੈਨਣਾ ਸਚੁ ਟੇਕ ਹਰਿ ਨਾਉ ॥ ਜਿਸ ਨੋ ਬਖਸੇ ਤਿਸੁ ਮਿਲੈ ਮਹਲੀ ਪਾਏ ਥਾਉ ॥ ੪ ॥ ਆਵਹਿ ਸਚੇ ਜਾਵਹਿ ਸਚੇ ਫਿਰਿ ਜੂਨੀ ਮੂਲਿ ਨ ਪਾਹਿ ॥ ਗੁਰਮੁਖਿ ਦਰਿ ਸਾਚੈ ਸਚਿਆਰ ਹਹਿ ਸਾਚੇ ਮਾਹਿ ਸਮਾਹਿ ॥੫॥ ਅੰਤਰੁ ਸਚਾ ਮਨੁ ਸਚਾ ਸਚੀ ਸਿਫਤਿ ਸਨਾਇ ॥ ਸਚੈ ਥਾਨਿ ਸਚੁ ਸਾਲਾਹਣਾ ਸਤਿਗੁਰ ਬਲਿਹਾਰੈ ਜਾਉ ॥੬॥ ਸਚੁ ਵੇਲਾ ਮੂਰਤੁ ਸਚੁ ਜਿਤੁ ਸਚੇ ਨਾਲਿ ਪਿਆਰੁ ॥ ਸਚੁ ਵੇਖਣਾ ਸਚੁ ਬੋਲਣਾ ਸਚਾ ਸਭੁ ਆਕਾਰੁ ॥੭॥ ਨਾਨਕ ਸਚੈ ਮੇਲੇ ਤਾ ਮਿਲੇ ਆਪੇ ਲਏ ਮਿਲਾਇ ॥ ਜਿਉ ਭਾਵੈ ਤਿਉ ਰਖਸੀ ਆਪੇ ਕਰੇ ਰਜਾਇ ॥੮॥੧॥ (ਪੰਨਾ-੫੬੫)

੪੨ ਪਉੜੀ ਮ: ੫ ॥ ਸਚੁ ਖਾਣਾ ਸਚੁ ਪੈਨਣਾ ਸਚੁ ਨਾਮੁ ਅਧਾਰੁ ॥ ਗੁਰਿ ਪੂਰੈ ਮੇਲਾਇਆ ਪ੍ਰਭੁ ਦੇਵਣਹਾਰੁ ॥ ਭਾਗੁ ਪੂਰਾ ਤਿਨ ਜਾਗਿਆ ਜਪਿਆ ਨਿਰੰਕਾਰੁ ॥ ਸਾਧੂ ਸੰਗਤਿ ਲਗਿਆ ਤਰਿਆ ਸੰਸਾਰੁ ॥ ਨਾਨਕ ਸਿਫਤਿ ਸਲਾਹ ਕਰਿ ਪ੍ਰਭ ਕਾ ਜੈਕਾਰੁ ॥ ੩੫ ॥ (ਪੰਨਾ ੧੨੫੧)

੪੩ ਸਚਾ ਭੋਜਨੁ ਭਾਉ ਸਤਿਗੁਰਿ ਦਸਿਆ ॥ ਸਚੇ ਹੀ ਪਤੀਆਇ ਸਚਿ ਵਿਗਸਿਆ ॥ ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ ॥ ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ ॥ ਸਚੈ ਦੈ ਦੀਬਾਣਿ ਕੂੜਿ ਨ ਜਾਈਐ ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥ ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ ॥੧੮॥ (ਪੰਨਾ ੧੪੬)

੪੪ ਪਉੜੀ ॥ ਮਨੁ ਰਤਾ ਗੋਵਿੰਦ ਸੰਗਿ ਸਚੁ ਭੋਜਨੁ ਜੋੜੇ ॥ ਪ੍ਰੀਤਿ ਲਗੀ ਹਰਿ ਨਾਮ

ਸਿਉ ਏ ਹਸਤੀ ਘੋੜੇ ॥ ਰਾਜ ਮਿਲਖ ਖੁਸੀਆ ਘਣੀ ਧਿਆਇ ਮੁਖੁ ਨ ਮੋੜੇ ॥ ਢਾਢੀ ਦਰਿ ਪ੍ਰਭ ਮੰਗਣਾ ਦਰੁ ਕਦੇ ਨ ਛੋੜੇ ॥ ਨਾਨਕ ਮਨਿ ਤਨਿ ਚਾਉ ਏਹੁ ਨਿਤ ਪ੍ਰਭ ਕਉ ਲੋੜੇ ॥੨੧॥੧॥ (ਪੰਨਾ-੩੨੩)

੪੫ ਤ੍ਰਿਪਤਿ ਭਈ ਸਚੁ ਭੋਜਨੁ ਖਾਇਆ ॥ ਮਨਿ ਤਨਿ ਰਸਨਾ ਨਾਮੁ ਧਿਆਇਆ ॥੧॥ ਜੀਵਨਾ ਹਰਿ ਜੀਵਨਾ ॥ ਜੀਵਨੁ ਹਰਿ ਜਪਿ ਸਾਧਸੰਗਿ ॥੧॥ ਰਹਾਉ ॥ ਅਨਿਕ ਪ੍ਰਕਾਰੀ ਬਸਤ੍ਰ ਓਢਾਏ ॥ ਅਨਦਿਨੁ ਕੀਰਤਨੁ ਹਰਿ ਗੁਨ ਗਾਏ ॥੨॥ ਹਸਤੀ ਰਥ ਅਸੁ ਅਸਵਾਰੀ ॥ ਹਰਿ ਕਾ ਮਾਰਗੁ ਰਿਦੈ ਨਿਹਾਰੀ ॥੩॥ ਮਨ ਤਨ ਅੰਤਰਿ ਚਰਨ ਧਿਆਇਆ ॥ ਹਰਿ ਸੁਖ ਨਿਧਾਨ ਨਾਨਕ ਦਾਸਿ ਪਾਇਆ ॥੪॥੨॥੫੬॥ (ਪੰਨਾ-੬੮੪)

੪੬ ਪਉੜੀ ॥ ਤੂ ਸਚਾ ਸਚਿਆਰੁ ਜਿਨਿ ਸਚੁ ਵਰਤਾਇਆ ॥ ਬੈਠਾ ਤਾੜੀ ਲਾਇ ਕਵਲੁ ਛਪਾਇਆ ॥ ਬ੍ਰਹਮੈ ਵਡਾ ਕਹਾਇ ਅੰਤੁ ਨ ਪਾਇਆ ॥ ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ ॥ ਨਾ ਤਿਸੁ ਰੂਪੁ ਨ ਰੇਖ ਵਰਨ ਸਬਾਇਆ ॥ ਨਾ ਤਿਸੁ ਭੁਖ ਪਿਆਸ ਰਜਾ ਧਾਇਆ ॥ ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ॥ ਸਚੇ ਹੀ ਪਤੀਆਇ ਸਚਿ ਸਮਾਇਆ ॥੨॥ (ਪੰਨਾ-੧੨੭੯)

ਅਰਥ:- (ਹੇ ਪ੍ਰਭੂ!) ਤੂੰ ਸਦਾ ਕਾਇਮ ਰਹਿਣ ਵਾਲਾ ਹੈਂ, ਤੂੰ ਐਸੀ ਹਸਤੀ ਦਾ ਮਾਲਕ (ਸਚਿਆਰੁ) ਹੈਂ ਕਿ ਜਿਸ ਨੇ (ਆਪਣੀ ਇਹ) ਹਸਤੀ (ਹਰ ਥਾਂ) ਵਰਤਾਈ ਹੋਈ ਹੈ; ਅਜੇ ਸ੍ਰਿਸ਼ਟੀ ਦੀ ਉਤਪੱਤੀ ਨਹੀਂ ਸੀ ਹੋਈ ਜਦੋਂ ਤੂੰ (ਆਪਣੇ ਆਪ ਵਿਚ) ਸਮਾਧੀ ਲਾਈ ਬੈਠਾ ਸੈਂ, ਬ੍ਰਹਮਾ ਨੇ (ਭੀ ਜੋ ਜਗਤ ਦਾ ਰਚਣ ਵਾਲਾ ਮੰਨਿਆ ਜਾਂਦਾ ਹੈ ਇਹ ਭੇਤ ਨਾਹ ਸਮਝਿਆ ਤੇ ਆਪਣੇ ਆਪ ਨੂੰ ਹੀ ਸਭ ਤੋਂ) ਵੱਡਾ ਅਖਵਾਇਆ, ਉਸ ਨੂੰ ਤੇਰੀ ਸਾਰ ਨਾਹ ਆਈ। (ਹੇ ਪ੍ਰਭੂ!) ਕਿਸ ਨੇ ਤੈਨੂੰ ਪੈਦਾ ਕੀਤਾ ਹੈ? (ਭਾਵ, ਤੈਨੂੰ ਜਨਮ ਦੇਣ ਵਾਲਾ ਕੋਈ ਨਹੀਂ ਹੈ)।

(ਹੇ ਭਾਈ!) ਉਸ (ਪ੍ਰਭੂ) ਦਾ ਨਾ ਕੋਈ ਪਿਉ ਹੈ ਨਾ ਮਾਂ; ਨਾਹ ਉਸ ਦਾ ਕੋਈ (ਖ਼ਾਸ) ਸਰੂਪ ਹੈ ਨਾਹ ਨਿਸ਼ਾਨ; ਸਾਰੇ ਰੂਪ ਰੰਗ ਉਸ ਦੇ ਹਨ; ਉਸ ਨੂੰ ਕੋਈ ਭੁੱਖ ਤ੍ਰੇਹ ਭੀ ਨਹੀਂ ਹੈ, ਰੱਜਿਆ ਪੁੱਜਿਆ ਹੋਇਆ ਹੈ।

(ਹੇ ਭਾਈ!) ਪ੍ਰਭੂ ਆਪਣੇ ਆਪ ਨੂੰ ਗੁਰੂ ਵਿਚ ਲੀਨ ਕਰ ਕੇ (ਆਪਣਾ) ਸ਼ਬਦ (ਭਾਵ, ਸਨੇਹਾ) (ਸਾਰੇ ਜਗਤ ਵਿਚ) ਵੰਡ ਰਿਹਾ ਹੈ, ਤੇ ਗੁਰੂ ਇਸ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਵਿਚ ਪਤੀਜ ਕੇ ਸਦਾ-ਥਿਰ ਪ੍ਰਭੂ ਵਿਚ ਹੀ ਜੁੜਿਆ ਰਹਿੰਦਾ ਹੈ।੨।

੪੭ ਮ: ੩ ॥ ਸਚੁ ਵਣਜਹਿ ਸਚੁ ਸੇਵਦੇ ਜਿ ਗੁਰਮੁਖਿ ਪੈਰੀ ਪਾਹਿ ॥
ਨਾਨਕ ਗੁਰ ਕੈ ਭਾਣੈ ਜੇ ਚਲਹਿ ਸਹਜੇ ਸਚਿ ਸਮਾਹਿ ॥੨॥ (ਪੰਨਾ-੧੨੪੯)

੪੮ ਪਰਵਦਗਾਰ ਅਪਾਰ ਅਗਮ ਬੇਅੰਤ ਤੂ ॥ ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥੩॥ (ਪੰਨਾ-੪੮੮)

੪੯ ਜਪਿ ਮਨ ਮਾਧੋ ਮਧੁਸੂਦਨੋ ਹਰਿ ਸ੍ਰੀਰੰਗੋ ਪਰਮੇਸਰੋ ਸਤਿ ਪਰਮੇਸਰੋ ਪ੍ਰਭੁ ਅੰਤਰਜਾਮੀ ॥ ਸਭ ਦੂਖਨ ਕੋ ਹੰਤਾ ਸਭ ਸੂਖਨ ਕੋ ਦਾਤਾ ਹਰਿ ਪ੍ਰੀਤਮ ਗੁਨ ਗਾਓ ॥੧॥ ਰਹਾਉ ॥ ਹਰਿ ਘਟਿ ਘਟੇ ਘਟਿ ਬਸਤਾ ਹਰਿ ਜਲਿ ਥਲੇ ਹਰਿ ਬਸਤਾ ਹਰਿ ਥਾਨ ਥਾਨੰਤਰਿ ਬਸਤਾ ਮੈ ਹਰਿ ਦੇਖਨ ਕੋ ਚਾਉ ॥ ਕੋਈ ਆਵੈ ਸੰਤੋ ਹਰਿ ਕਾ ਜਨੁ ਸੰਤੋ ਮੇਰਾ ਪ੍ਰੀਤਮ ਜਨੁ ਸੰਤੋ ਮੋਹਿ ਮਾਰਗੁ ਦਿਖਲਾਵੈ ॥ ਤਿਸੁ ਜਨ ਕੇ ਹਉ ਮਲਿ ਮਲਿ ਧੋਵਾ ਪਾਉ ॥੧॥ ਹਰਿ ਜਨ ਕਉ ਹਰਿ ਮਿਲਿਆ ਹਰਿ ਸਰਧਾ ਤੇ ਮਿਲਿਆ ਗੁਰਮੁਖਿ ਹਰਿ ਮਿਲਿਆ ॥ ਮੇਰੈ ਮਨਿ ਤਨਿ ਆਨੰਦ ਭਏ ਮੈ ਦੇਖਿਆ ਹਰਿ ਰਾਉ ॥ ਜਨ ਨਾਨਕ ਕਉ ਕਿਰਪਾ ਭਈ ਹਰਿ ਕੀ ਕਿਰਪਾ ਭਈ ਜਗਦੀਸੁਰ ਕਿਰਪਾ ਭਈ ॥ ਮੈ ਅਨਦਿਨੋ ਸਦ ਸਦ ਸਦਾ ਹਰਿ ਜਪਿਆ ਹਰਿ ਨਾਉ ॥੨॥੩॥੧੦॥ (ਪੰਨਾ-੧੨੦੧)

੫੦ ਸਚੁ ਮਿਲੈ ਸਚੁ ਊਪਜੈ ਸਚ ਮਹਿ ਸਾਚਿ ਸਮਾਇ ॥ ਸੁਰਤਿ ਹੋਵੈ ਪਤਿ ਊਗਵੈ ਗੁਰਬਚਨੀ ਭਉ ਖਾਇ ॥ ਨਾਨਕ ਸਚਾ ਪਾਤਿਸਾਹੁ ਆਪੇ ਲਏ ਮਿਲਾਇ ॥੪॥੧੦॥ (ਪੰਨਾ-੧੮)

੫੧ ਕਰਮਿ ਮਿਲੈ ਸਚੁ ਪਾਈਐ ਗੁਰਮੁਖਿ ਸਦਾ ਨਿਰੋਧੁ ॥੩॥ ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ ॥ ਸੋ ਨਰੁ ਜੰਮੈ ਨਾ ਮਰੈ ਨਾ ਆਵੈ ਨਾ ਜਾਇ ॥ ਨਾਨਕ ਦਰਿ ਪਰਧਾਨੁ ਸੋ ਦਰਗਹਿ ਪੈਧਾ ਜਾਇ ॥੪॥੧੪॥ (ਪੰਨਾ-੧੯)

੫੨ ਜਾ ਕੈ ਮਨਿ ਗੁਰ ਕੀ ਪਰਤੀਤਿ ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ ਭਗਤੁ ਭਗਤੁ ਸੁਨੀਐ ਤਿਹੁ ਲੋਇ ॥ ਜਾ ਕੈ ਹਿਰਦੈ ਏਕੋ ਹੋਇ ॥ ਸਚੁ ਕਰਣੀ ਸਚੁ ਤਾ ਕੀ ਰਹਤ ॥ ਸਚੁ ਹਿਰਦੈ ਸਤਿ ਮੁਖਿ ਕਹਤ ॥ ਸਾਚੀ ਦ੍ਰਿਸਟਿ ਸਾਚਾ ਆਕਾਰੁ ॥ ਸਚੁ ਵਰਤੈ ਸਾਚਾ ਪ੍ਰਾਸਾਰੁ ॥ ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ ॥ ਨਾਨਕ ਸੋ ਜਨੁ ਸਚਿ ਸਮਾਤਾ ॥੮॥੧੫॥ (ਪੰਨਾ-੨੮੩)

੫੩ ਮਹਲਾ ੪ ॥ ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ ॥ ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ ॥ (ਪੰਨਾ-੧੪੦)

੫੪ ਇਕਿ ਆਪੇ ਬਖਸਿ ਮਿਲਾਇਅਨੁ ਅਨਦਿਨੁ ਨਾਮੇ ਲਾਇ ॥
ਸਚੁ ਕਮਾਵਹਿ ਸਚਿ ਰਹਹਿ ਸਚੇ ਸਚਿ ਸਮਾਹਿ ॥੭॥ (ਪੰਨਾ-੪੨੯)

੫੫ ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾ ਸਚੁ ਪਾਈਐ ॥੨॥
(ਪੰਨਾ-੪੭੨)

੫੬ ਸਤਿਗੁਰਿ ਸੇਵਿਐ ਮਨੁ ਨਿਰਮਲਾ ਭਏ ਪਵਿਤੁ ਸਰੀਰ ॥ ਮਨਿ ਆਨੰਦੁ ਸਦਾ ਸੁਖੁ ਪਾਇਆ ਭੇਟਿਆ ਗਹਿਰ ਗੰਭੀਰੁ ॥ ਸਚੀ ਸੰਗਤਿ ਬੈਸਣਾ ਸਚਿ ਨਾਮਿ ਮਨੁ ਧੀਰ ॥੧॥ ਮਨ ਰੇ ਸਤਿਗੁਰੁ ਸੇਵਿ ਨਿਸੰਗੁ ॥ ਸਤਿਗੁਰੁ ਸੇਵਿਐ ਹਰਿ ਮਨਿ ਵਸੈ ਲਗੈ ਨ ਮੈਲੁ ਪਤੰਗੁ ॥੧॥ ਰਹਾਉ ॥ ਸਚੈ ਸਬਦਿ ਪਤਿ ਊਪਜੈ ਸਚੇ ਸਚਾ ਨਾਉ ॥ ਜਿਨੀ ਹਉਮੈ ਮਾਰਿ ਛਾਣਿਆ ਹਉ ਤਿਨ ਬਲਿਹਾਰੈ ਜਾਉ ॥ ਮਨਮੁਖ ਸਚੁ ਨ ਜਾਣਨੀ ਤਿਨ ਠਉਰ ਨ ਕਤਹੂ ਥਾਉ ॥੨॥ ਸਚੁ ਖਾਣਾ ਸਚੁ ਪੈਨਣਾ ਸਚੇ ਹੀ ਵਿਚਿ ਵਾਸੁ ॥ ਸਦਾ ਸਚਾ ਸਾਲਾਹਣਾ ਸਚੈ ਸਬਦਿ ਨਿਵਾਸੁ ॥ ਸਭੁ ਆਤਮ ਰਾਮੁ ਪਛਾਣਿਆ ਗੁਰਮਤੀ ਨਿਜ ਘਰਿ ਵਾਸੁ ॥੩॥ ਸਚੁ ਵੇਖਣੁ ਸਚੁ ਬੋਲਣਾ ਤਨੁ ਮਨੁ ਸਚਾ ਹੋਇ ॥ ਸਚੀ ਸਾਖੀ ਉਪਦੇਸੁ ਸਚੁ ਸਚੇ ਸਚੀ ਸੋਇ ॥ ਜਿੰਨੀ ਸਚੁ ਵਿਸਾਰਿਆ ਸੇ ਦੁਖੀਏ ਚਲੇ ਰੋਇ ॥੪॥ ਸਤਿਗੁਰੁ ਜਿਨੀ ਨ ਸੇਵਿਓ ਸੇ ਕਿਤੁ ਆਏ ਸੰਸਾਰਿ ॥ ਜਮ ਦਰਿ ਬਧੇ ਮਾਰੀਅਹਿ ਕੂਕ ਨ ਸੁਣੈ ਪੂਕਾਰ ॥ ਬਿਰਥਾ ਜਨਮੁ ਗਵਾਇਆ ਮਰਿ ਜੰਮਹਿ ਵਾਰੋ ਵਾਰ ॥੫॥ ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਸਤਿਗੁਰ ਸਰਣਾ ॥ ਸਤਿਗੁਰਿ ਸਚੁ ਦਿੜਾਇਆ ਸਦਾ ਸਚਿ ਸੰਜਮਿ ਰਹਣਾ ॥ ਸਤਿਗੁਰ ਸਚਾ ਹੈ ਬੋਹਿਥਾ ਸਬਦੇ ਭਵਜਲੁ ਤਰਣਾ ॥੬॥ ਲਖ ਚਉਰਾਸੀਹ ਫਿਰਦੇ ਰਹੇ ਬਿਨੁ ਸਤਿਗੁਰ ਮੁਕਤਿ ਨ ਹੋਈ ॥ ਪੜਿ ਪੜਿ ਪੰਡਿਤ ਮੋਨੀ ਥਕੇ ਦੂਜੈ ਭਾਇ ਪਤਿ ਖੋਈ ॥ ਸਤਿਗੁਰਿ ਸਬਦੁ ਸੁਣਾਇਆ ਬਿਨੁ ਸਚੇ ਅਵਰੁ ਨ ਕੋਈ ॥੭॥ ਜੋ ਸਚੈ ਲਾਏ ਸੇ ਸਚਿ ਲਗੇ ਨਿਤ ਸਚੀ ਕਾਰ ਕਰੰਨਿ ॥ ਤਿਨਾ ਨਿਜ ਘਰਿ ਵਾਸਾ ਪਾਇਆ ਸਚੈ ਮਹਲਿ ਰਹੰਨਿ ॥ ਨਾਨਕ ਭਗਤ ਸੁਖੀਏ ਸਦਾ ਸਚੈ ਨਾਮਿ ਰਚੰਨਿ ॥੮॥੧੭॥੮॥੨੫॥ (ਪੰਨਾ-੭੦)

੫੭ ਗੁਰ ਸਬਦੀ ਸੀਗਾਰੀਆ ਤਨੁ ਮਨੁ ਪਿਰ ਕੈ ਪਾਸਿ ॥ ਦੁਇ ਕਰ ਜੋੜਿ ਖੜੀ ਤਕੈ ਸਚੁ ਕਹੈ ਅਰਦਾਸਿ ॥ਲਾਲਿ ਰਤੀ ਸਚ ਭੈ ਵਸੀ ਭਾਇ ਰਤੀ ਰੰਗਿ ਰਾਸਿ ॥੨॥ ਪ੍ਰਿਅ ਕੀ ਚੇਰੀ ਕਾਂਢੀਐ ਲਾਲੀ ਮਾਨੈ ਨਾਉ ॥ ਸਾਚੀ ਪ੍ਰੀਤਿ ਨ ਤੁਟਈ ਸਾਚੇ ਮੇਲਿ ਮਿਲਾਉ ॥ ਸਬਦਿ ਰਤੀ ਮਨੁ ਵੇਧਿਆ ਹਉ ਸਦ ਬਲਿਹਾਰੈ ਜਾਉ ॥੩॥
(ਪੰਨਾ-੫੪)

੫੮ ਸਚੋ ਸਚਾ ਆਖੀਐ ਸਚੇ ਸਚਾ ਥਾਨੁ ॥ ਜਿਨੀ ਸਚਾ ਮੰਨਿਆ ਤਿਨ ਮਨਿ ਸਚੁ ਧਿਆਨੁ ॥ ਮਨਿ ਮੁਖਿ ਸੂਚੇ ਜਾਣੀਅਹਿ ਗੁਰਮੁਖਿ ਜਿਨਾ ਗਿਆਨੁ ॥੪॥ (ਪੰਨਾ-੫੫)

੫੯ ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ ॥ ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥ ਰਾਮ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ ॥੪॥ ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥ ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥ ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥ ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ ॥ ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥ ਕਰਮਿ ਮਿਲੈ ਸਚੁ ਪਾਈਐ ਧੁਰਿ ਬਖਸ ਨ ਮੇਟੈ ਕੋਇ ॥੬॥ (ਪੰਨਾ-੬੨)

੬੦ ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ ॥ ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ॥ ਰਤਨੁ ਅਮੋਲਕੁ ਪਾਇਆ ਗੁਰ ਕਾ ਸਬਦੁ ਬੀਚਾਰੁ ॥ ਜਿਹਵਾ ਸਚੀ ਮਨੁ ਸਚਾ ਸਚਾ ਸਰੀਰ ਅਕਾਰੁ ॥ ਨਾਨਕ ਸਚੈ ਸਤਿਗੁਰਿ ਸੇਵਿਐ ਸਦਾ ਸਚੁ ਵਾਪਾਰੁ ॥੧॥ (ਪੰਨਾ-੮੩)

੬੧ ਨਦਰੀ ਆਵਦਾ ਨਾਲਿ ਨ ਚਲਈ ਵੇਖਹੁ ਕੋ ਵਿਉਪਾਇ ॥ ਸਤਿਗੁਰਿ ਸਚੁ ਦ੍ਰਿੜਾਇਆ ਸਚਿ ਰਹਹੁ ਲਿਵ ਲਾਇ ॥ ਨਾਨਕ ਸਬਦੀ ਸਚੁ ਹੈ ਕਰਮੀ ਪਲੈ ਪਾਇ ॥੨॥ ਪਉੜੀ ॥ ਹਰਿ ਅੰਦਰਿ ਬਾਹਰਿ ਇਕੁ ਤੂੰ ਤੂੰ ਜਾਣਹਿ ਭੇਤੁ ॥ ਜੋ ਕੀਚੈ ਸੋ ਹਰਿ ਜਾਣਦਾ ਮੇਰੇ ਮਨ ਹਰਿ ਚੇਤੁ ॥ ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥ ਤੂੰ ਸਚਾ ਆਪਿ ਨਿਆਉ ਸਚੁ ਤਾ ਡਰੀਐ ਕੇਤੁ ॥ ਜਿਨਾ ਨਾਨਕ ਸਚੁ ਪਛਾਣਿਆ ਸੇ ਸਚਿ ਰਲੇਤੁ ॥੫॥ (ਪੰਨਾ-੮੪)

੬੨ ਹਰਿ ਕੀ ਭਗਤਾ ਪਰਤੀਤਿ ਹਰਿ ਸਭ ਕਿਛੁ ਜਾਣਦਾ ॥ ਹਰਿ ਜੇਵਡੁ ਨਾਹੀ ਕੋਈ ਜਾਣੁ ਹਰਿ ਧਰਮੁ ਬੀਚਾਰਦਾ ॥ ਕਾੜਾ ਅੰਦੇਸਾ ਕਿਉ ਕੀਜੈ ਜਾ ਨਾਹੀ ਅਧਰਮਿ ਮਾਰਦਾ ॥ ਸਚਾ ਸਾਹਿਬੁ ਸਚੁ ਨਿਆਉ ਪਾਪੀ ਨਰੁ ਹਾਰਦਾ ॥ ਸਾਲਾਹਿਹੁ ਭਗਤਹੁ ਕਰ ਜੋੜਿ ਹਰਿ ਭਗਤ ਜਨ ਤਾਰਦਾ ॥੧੮॥ (ਪੰਨਾ-੯੦)

੬੩ ਆਪੇ ਰਾਜਨੁ ਆਪੇ ਲੋਗਾ ॥ ਆਪਿ ਨਿਰਬਾਣੀ ਆਪੇ ਭੋਗਾ ॥ ਆਪੇ ਤਖਤਿ ਬਹੈ ਸਚੁ ਨਿਆਈ ਸਭ ਚੂਕੀ ਕੂਕ ਪੁਕਾਰਿਆ ਜੀਉ ॥੩॥ ਜੇਹਾ ਡਿਠਾ ਮੈ ਤੇਹੋ ਕਹਿਆ ॥ ਤਿਸੁ ਰਸੁ ਆਇਆ ਜਿਨਿ ਭੇਦੁ ਲਹਿਆ ॥ ਜੋਤੀ ਜੋਤਿ ਮਿਲੀ ਸੁਖੁ ਪਾਇਆ ਜਨ ਨਾਨਕ ਇਕੁ ਪਸਾਰਿਆ ਜੀਉ ॥੪॥੩॥੧੦॥ (ਪੰਨਾ-੯੭)

੬੪ ਸੋ ਸਚੁ ਮੰਦਰੁ ਜਿਤੁ ਸਚੁ ਧਿਆਈਐ ॥ ਸੋ ਰਿਦਾ ਸੁਹੇਲਾ ਜਿਤੁ ਹਰਿ ਗੁਣ ਗਾਈਐ ॥ ਸਾ ਧਰਤਿ ਸੁਹਾਵੀ ਜਿਤੁ ਵਸਹਿ ਹਰਿ ਜਨ ਸਚੇ ਨਾਮ ਵਿਟਹੁ ਕੁਰਬਾਣੋ ਜੀਉ ॥੧ ॥ ਸਚੁ ਵਡਾਈ ਕੀਮ ਨ ਪਾਈ ॥ ਕੁਦਰਤਿ ਕਰਮੁ ਨ ਕਹਣਾ ਜਾਈ ॥ ਧਿਆਇ ਧਿਆਇ ਜੀਵਹਿ ਜਨ ਤੇਰੇ ਸਚੁ ਸਬਦੁ ਮਨਿ ਮਾਣੋ ਜੀਉ ॥੨ ॥ ਸਚੁ ਸਾਲਾਹਣੁ ਵਡਭਾਗੀ ਪਾਈਐ ॥ ਗੁਰ ਪਰਸਾਦੀ ਹਰਿ ਗੁਣ ਗਾਈਐ ॥ ਰੰਗਿ ਰਤੇ ਤੇਰੈ ਤੁਧੁ ਭਾਵਹਿ ਸਚੁ ਨਾਮੁ ਨੀਸਾਣੋ ਜੀਉ ॥੩ ॥ ਸਚੇ ਅੰਤੁ ਨ ਜਾਣੈ ਕੋਈ ॥ ਥਾਨਿ ਥਨੰਤਰਿ ਸਚਾ ਸੋਈ ॥ ਨਾਨਕ ਸਚੁ ਧਿਆਈਐ ਸਦ ਹੀ ਅੰਤਰਜਾਮੀ ਜਾਣੋ ਜੀਉ ॥੪ ॥੩੭ ॥੪੪ ॥ (ਪੰਨਾ-੧੦੭)

੬੫ ਗੁਰਮੁਖਿ ਬੂਝੈ ਅਕਥੁ ਕਹਾਵੈ ॥ ਸਚੇ ਠਾਕੁਰ ਸਾਚੋ ਭਾਵੈ ॥ ਨਾਨਕ ਸਚੁ ਕਹੈ ਬੇਨੰਤੀ ਸਚੁ ਮਿਲੈ ਗੁਣ ਗਾਵਣਿਆ ॥੮ ॥੧ ॥ (ਪੰਨਾ-੧੦੯)

੬੬ ਅਨਦਿਨੁ ਰਾਤੇ ਜੋ ਹਰਿ ਭਾਏ ॥ ਮੇਰੈ ਪ੍ਰਭਿ ਮੇਲੇ ਮੇਲਿ ਮਿਲਾਏ ॥ ਸਦਾ ਸਦਾ ਸਚੇ ਤੇਰੀ ਸਰਣਾਈ ਤੂੰ ਆਪੇ ਸਚੁ ਬੁਝਾਵਣਿਆ ॥੭ ॥ ਜਿਨ ਸਚੁ ਜਾਤਾ ਸੇ ਸਚਿ ਸਮਾਣੇ ॥ ਹਰਿ ਗੁਣ ਗਾਵਹਿ ਸਚੁ ਵਖਾਣੇ ॥ ਨਾਨਕ ਨਾਮਿ ਤੇ ਬੈਰਾਗੀ ਨਿਜ ਘਰਿ ਤਾੜੀ ਲਾਵਣਿਆ ॥੮ ॥੩ ॥੪ ॥ (ਪੰਨਾ-੧੧੧)

੬੭ ਮੇਰਾ ਠਾਕੁਰੁ ਸਚੁ ਦ੍ਰਿੜਾਏ ॥ ਗੁਰ ਪਰਸਾਦੀ ਸਚਿ ਚਿਤੁ ਲਾਏ ॥ ਸਚੋ ਸਚੁ ਵਰਤੈ ਸਭਨੀ ਥਾਈ ਸਚੇ ਸਚਿ ਸਮਾਵਣਿਆ ॥੩ ॥ ਵੇਪਰਵਾਹੁ ਸਚੁ ਮੇਰਾ ਪਿਆਰਾ ॥ ਕਿਲਵਿਖ ਅਵਗਣ ਕਾਟਣਹਾਰਾ ॥ ਪ੍ਰੇਮ ਪ੍ਰੀਤਿ ਸਦਾ ਧਿਆਈਐ ਭੈ ਭਾਇ ਭਗਤਿ ਦ੍ਰਿੜਾਵਣਿਆ ॥੪ ॥ ਤੇਰੀ ਭਗਤਿ ਸਚੀ ਜੇ ਸਚੇ ਭਾਵੈ ॥ ਆਪੇ ਦੇਇ ਨ ਪਛੋਤਾਵੈ ॥ ਸਭਨਾ ਜੀਆ ਕਾ ਏਕੋ ਦਾਤਾ ਸਬਦੇ ਮਾਰਿ ਜੀਵਾਵਣਿਆ ॥੫ ॥ ਹਰਿ ਤੁਧੁ ਬਾਝਹੁ ਮੈ ਕੋਈ ਨਾਹੀ ॥ ਹਰਿ ਤੁਧੈ ਸੇਵੀ ਤੈ ਤੁਧੁ ਸਾਲਾਹੀ ॥ ਆਪੇ ਮੇਲਿ ਲੈਹੁ ਪ੍ਰਭ ਸਾਚੇ ਪੂਰੈ ਕਰਮਿ ਤੂੰ ਪਾਵਣਿਆ ॥੬ ॥ ਮੈ ਹੋਰੁ ਨ ਕੋਈ ਤੁਧੈ ਜੇਹਾ ॥ ਤੇਰੀ ਨਦਰੀ ਸੀਝਸਿ ਦੇਹਾ ॥ ਅਨਦਿਨੁ ਸਾਰਿ ਸਮਾਲਿ ਹਰਿ ਰਾਖਹਿ ਗੁਰਮੁਖਿ ਸਹਜਿ ਸਮਾਵਣਿਆ ॥੭ ॥ (ਪੰਨਾ-੧੧੨)

੬੮ ਐਥੈ ਸਾਚੇ ਸੁ ਆਗੈ ਸਾਚੇ ॥ ਮਨੁ ਸਚਾ ਸਚੈ ਸਬਦਿ ਰਾਚੇ ॥ ਸਚਾ ਸੇਵਹਿ ਸਚੁ ਕਮਾਵਹਿ ਸਚੋ ਸਚੁ ਕਮਾਵਣਿਆ ॥੧ ॥ ਹਉ ਵਾਰੀ ਜੀਉ ਵਾਰੀ ਸਚਾ ਨਾਮੁ ਮੰਨਿ ਵਸਾਵਣਿਆ ॥ ਸਚੇ ਸੇਵਹਿ ਸਚਿ ਸਮਾਵਹਿ ਸਚੇ ਕੇ ਗੁਣ ਗਾਵਣਿਆ ॥੧ ॥ (ਪੰਨਾ-੧੧੬)

੬੯ ਸੇ ਸਚਿ ਲਾਗੇ ਜੋ ਤੁਧੁ ਭਾਏ ॥ ਸਦਾ ਸਚੁ ਸੇਵਹਿ ਸਹਜ ਸੁਭਾਏ ॥ ਸਚੈ ਸਬਦਿ

ਸਚਾ ਸਾਲਾਹੀ ਸਚੇ ਮੇਲਿ ਮਿਲਾਵਣਿਆ ॥੧॥ ਹਉ ਵਾਰੀ ਜੀਉ ਵਾਰੀ ਸਚੁ ਸਾਲਾਹਣਿਆ ॥ ਸਚੁ ਧਿਆਇਨਿ ਸੇ ਸਚਿ ਰਾਤੇ ਸਚੇ ਸਚਿ ਸਮਾਵਣਿਆ ॥੧॥ ਰਹਾਉ ॥ ਜਹ ਦੇਖਾ ਸਚੁ ਸਭਨੀ ਥਾਈ ॥ ਗੁਰ ਪਰਸਾਦੀ ਮੰਨਿ ਵਸਾਈ ॥ ਤਨੁ ਸਚਾ ਰਸਨਾ ਸਚਿ ਰਾਤੀ ਸਚੁ ਸੁਣਿ ਆਖਿ ਵਖਾਨਣਿਆ ॥੨॥ ਮਨਸਾ ਮਾਰਿ ਸਚਿ ਸਮਾਣੀ ॥ ਇਨਿ ਮਨਿ ਡੀਠੀ ਸਭ ਆਵਣ ਜਾਣੀ ॥ ਸਤਿਗੁਰੁ ਸੇਵੇ ਸਦਾ ਮਨੁ ਨਿਹਚਲੁ ਨਿਜ ਘਰਿ ਵਾਸਾ ਪਾਵਣਿਆ ॥੩॥ ਗੁਰ ਕੈ ਸਬਦਿ ਰਿਦੈ ਦਿਖਾਇਆ ॥ ਮਾਇਆ ਮੋਹੁ ਸਬਦਿ ਜਲਾਇਆ ॥ ਸਚੋ ਸਚਾ ਵੇਖਿ ਸਾਲਾਹੀ ਗੁਰ ਸਬਦੀ ਸਚੁ ਪਾਵਣਿਆ ॥੪॥ ਜੋ ਸਚਿ ਰਾਤੇ ਤਿਨ ਸਚੀ ਲਿਵ ਲਾਗੀ ॥ ਹਰਿ ਨਾਮੁ ਸਮਾਲਹਿ ਸੇ ਵਡਭਾਗੀ ॥ ਸਚੈ ਸਬਦਿ ਆਪਿ ਮਿਲਾਏ ਸਤਸੰਗਤਿ ਸਚੁ ਗੁਣ ਗਾਵਣਿਆ ॥੫॥ ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥ ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥ ਪੜਿ ਪੜਿ ਥਾਕੇ ਸਾਂਤਿ ਨ ਆਈ ॥ ਤ੍ਰਿਸਨਾ ਜਾਲੇ ਸੁਧਿ ਨ ਕਾਈ ॥ ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ ॥੭॥ ਗੁਰ ਪਰਸਾਦੀ ਏਕੋ ਜਾਣਾ ॥ ਦੂਜਾਮਾਰਿ ਮਨੁ ਸਚਿ ਸਮਾਣਾ ॥ ਨਾਨਕ ਏਕੋ ਨਾਮੁ ਵਰਤੈ ਮਨ ਅੰਤਰਿ ਗੁਰ ਪਰਸਾਦੀ ਪਾਵਣਿਆ ॥ ੮॥੧੭॥੧੮॥ (ਪੰਨਾ-੧੧੬)

੧੦ ਲਿਖਦਿਆ ਲਿਖਦਿਆ ਕਾਗਦ ਮਸੁ ਖੋਈ ॥ ਦੂਜੈ ਭਾਇ ਸੁਖੁ ਪਾਏ ਨ ਕੋਈ ॥ ਕੂੜੁ ਲਿਖਹਿ ਤੈ ਕੂੜੁ ਕਮਾਵਹਿ ਜਲਿ ਜਾਵਹਿ ਕੂੜਿ ਚਿਤੁ ਲਾਵਣਿਆ ॥੬॥ ਗੁਰਮੁਖਿ ਸਚੋ ਸਚੁ ਲਿਖਹਿ ਵੀਚਾਰੁ ॥ ਸੇ ਜਨ ਸਚੇ ਪਾਵਹਿ ਮੋਖ ਦੁਆਰੁ ॥ ਸਚੁ ਕਾਗਦੁ ਕਲਮ ਮਸਵਾਣੀ ਸਚੁ ਲਿਖਿ ਸਚਿ ਸਮਾਵਣਿਆ ॥੭॥ ਮੇਰਾ ਪ੍ਰਭੁ ਅੰਤਰਿ ਬੈਠਾ ਵੇਖੈ ॥ ਗੁਰ ਪਰਸਾਦੀ ਮਿਲੈ ਸੋਈ ਜਨੁ ਲੇਖੈ ॥ ਨਾਨਕ ਨਾਮੁ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ ॥੮॥੨੨॥੨੩॥ (ਪੰਨਾ-੧੨੩)

੧੧ ਸਚਾ ਤੇਰਾ ਹੁਕਮੁ ਗੁਰਮੁਖਿ ਜਾਣਿਆ ॥ ਗੁਰਮਤੀ ਆਪੁ ਗਵਾਇ ਸਚੁ ਪਛਾਣਿਆ ॥ ਸਚੁ ਤੇਰਾ ਦਰਬਾਰੁ ਸਬਦੁ ਨੀਸਾਣਿਆ ॥ ਸਚਾ ਸਬਦੁ ਵੀਚਾਰਿ ਸਚਿ ਸਮਾਣਿਆ ॥ ਮਨਮੁਖ ਸਦਾ ਕੂੜਿਆਰ ਭਰਮਿ ਭੁਲਾਣਿਆ ॥ ਵਿਸਟਾ ਅੰਦਰਿ ਵਾਸੁ ਸਾਦੁ ਨ ਜਾਣਿਆ ॥ ਵਿਣੁ ਨਾਵੈ ਦੁਖੁ ਪਾਇ ਆਵਣ ਜਾਣਿਆ ॥ ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ ॥੧੩॥ (੧੪੪)

੧੨ ਤੁਧੁ ਸਚੇ ਸੁਬਹਾਨੁ ਸਦਾ ਕਲਾਣਿਆ ॥ ਤੂੰ ਸਚਾ ਦੀਬਾਣੁ ਹੋਰਿ ਆਵਣ ਜਾਣਿਆ ॥ ਸਚੁ ਜਿ ਮੰਗਹਿ ਦਾਨੁ ਸਿ ਤੁਧੈ ਜੇਹਿਆ ॥ ਸਚੁ ਤੇਰਾ ਫੁਰਮਾਨੁ ਸਬਦੇ ਸੋਹਿਆ ॥

ਮੰਨਿਐ ਗਿਆਨੁ ਧਿਆਨੁ ਤੁਧੈ ਤੇ ਪਾਇਆ॥ ਕਰਮਿ ਪਵੈ ਨੀਸਾਨੁ ਨ ਚਲੈ ਚਲਾਇਆ॥ ਤੂੰ ਸਚਾ ਦਾਤਾਰੁ ਨਿਤ ਦੇਵਹਿ ਚੜਹਿ ਸਵਾਇਆ॥ ਨਾਨਕੁ ਮੰਗੈ ਦਾਨੁ ਜੋ ਤੁਧੁ ਭਾਇਆ॥੨੬॥ (ਪੰਨਾ-੧੫੦)

੧੩ ਕਿਸ ਨੋ ਕਹੀਐ ਦਾਤਾ ਇਕੁ ਸੋਈ ॥ ਕਿਰਪਾ ਕਰੇ ਸਬਦਿ ਮਿਲਾਵਾ ਹੋਈ ॥ ਮਿਲਿ ਪ੍ਰੀਤਮ ਸਾਚੇ ਗੁਣ ਗਾਵਾ ॥ ਨਾਨਕ ਸਾਚੇ ਸਾਚਿ ਸਮਾਵਾ ॥੪॥੨॥੨੨॥ (ਪੰਨਾ-੧੫੮)

੧੪ ਸੁ ਥਾਉ ਸਚੁ ਮਨੁ ਨਿਰਮਲੁ ਹੋਇ ॥ ਸਚਿ ਨਿਵਾਸੁ ਕਰੇ ਸਚੁ ਸੋਇ ॥ ਸਚੀ ਬਾਣੀ ਜੁਗ ਚਾਰੇ ਜਾਪੈ॥ ਸਭੁ ਕਿਛੁ ਸਾਚਾ ਆਪੇ ਆਪੈ ॥੧॥ (ਪੰਨਾ-੧੫੮)

੧੫ ਨੇਤ੍ਰ ਸੰਤੋਖੇ ਏਕ ਲਿਵ ਤਾਰਾ ॥ ਜਿਹਵਾ ਸੂਚੀ ਹਰਿ ਰਸ ਸਾਰਾ ॥੨॥ ਸਚੁ ਕਰਣੀ ਅਭ ਅੰਤਰਿ ਸੇਵਾ॥ ਮਨੁ ਤ੍ਰਿਪਤਾਸਿਆ ਅਲਖ ਅਭੇਵਾ ॥੩॥ ਜਹ ਜਹ ਦੇਖਉ ਤਹ ਤਹ ਸਾਚਾ॥ ਬਿਨੁ ਬੂਝੇ ਝਗਰਤ ਜਗੁ ਕਾਚਾ॥੪॥ (ਪੰਨਾ-੨੨੪)

੧੬ ਸਚੁ ਕਰਣੀ ਗੁਰੁ ਭਰਮੁ ਚੁਕਾਵੈ॥ ਨਿਰਭਉ ਕੈ ਘਰਿ ਤਾੜੀ ਲਾਵੈ॥ ੫॥ (ਪੰਨਾ-੨੨੬)

੧੭ ਜਾ ਕੈ ਮਨਿ ਗੁਰ ਕੀ ਪਰਤੀਤਿ ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ ਭਗਤੁ ਭਗਤੁ ਸੁਨੀਐ ਤਿਹੁ ਲੋਇ॥ ਜਾ ਕੈ ਹਿਰਦੈ ਏਕੋ ਹੋਇ ॥ ਸਚੁ ਕਰਣੀ ਸਚੁ ਤਾ ਕੀ ਰਹਤ॥ ਸਚੁ ਹਿਰਦੈ ਸਤਿ ਮੁਖਿ ਕਹਤ॥ ਸਾਚੀ ਦ੍ਰਿਸਟਿ ਸਾਚਾ ਆਕਾਰੁ ॥ ਸਚੁ ਵਰਤੈ ਸਾਚਾ ਪਾਸਾਰੁ॥ ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ॥ ਨਾਨਕ ਸੋ ਜਨੁ ਸਚਿ ਸਮਾਤਾ॥੮॥੧੫॥ (ਪੰਨਾ-੨੮੩)

੧੮ ਪਉੜੀ ॥ ਤੂ ਸਚਾ ਸਾਹਿਬੁ ਸਚੁ ਹੈ ਸਚੁ ਸਚਾ ਗੋਸਾਈ ॥ ਤੁਧੁਨੋ ਸਭ ਧਿਆਇਦੀ ਸਭ ਲਗੈ ਤੇਰੀ ਪਾਈ॥ ਤੇਰੀ ਸਿਫਤਿ ਸੁਆਲਿਉ ਸਰੂਪ ਹੈ ਜਿਨਿ ਕੀਤੀ ਤਿਸੁ ਪਾਰਿ ਲਘਾਈ॥ ਗੁਰਮੁਖਾ ਨੋ ਫਲੁ ਪਾਇਦਾ ਸਚਿ ਨਾਮਿ ਸਮਾਈ ॥ ਵਡੇ ਮੇਰੇ ਸਾਹਿਬਾ ਵਡੀ ਤੇਰੀ ਵਡਿਆਈ ॥੧॥ (ਪੰਨਾ-੩੦੧)

੧੯ ਪਉੜੀ॥ ਤੂ ਸਚਾ ਸਾਹਿਬੁ ਸਚੁ ਹੈ ਸਚੁ ਸਚੇ ਭਾਵੈ ॥ ਜੋ ਤੁਧੁ ਸਚੁ ਸਲਾਹਦੇ ਤਿਨ ਜਮ ਕੰਕਰੁ ਨੇੜਿ ਨ ਆਵੈ ॥ ਤਿਨ ਕੇ ਮੁਖ ਦਰਿ ਉਜਲੇ ਜਿਨ ਹਰਿ ਹਿਰਦੈ ਸਚਾ ਭਾਵੈ ॥ ਕੂੜਿਆਰ ਪਿਛਾਹਾ ਸਟੀਅਨਿ ਕੂੜੁ ਹਿਰਦੈ ਕਪਟੁ ਮਹਾ ਦੁਖੁ ਪਾਵੈ ॥ ਮੁਹ ਕਾਲੇ ਕੂੜਿਆਰੀਆ ਕੂੜਿਆਰ ਕੂੜੋ ਹੋਇ ਜਾਵੈ ॥੬॥ (ਪੰਨਾ-੩੦੨)

੮੦ ਪਉੜੀ॥ ਸਚੁ ਸਚਾ ਸਭ ਦੂ ਵਡਾ ਹੈ ਸੋ ਲਏ ਜਿਸੁ ਸਤਿਗੁਰੁ ਟਿਕੇ ॥ ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ ॥ ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ॥ ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ ਤਿਨ ਅੰਦਰਿ ਕੂੜੁ ਫਿਟੁ ਫਿਟੁ ਮੁਹ ਫਿਕੇ॥ ਓਇ ਬੋਲੇ ਕਿਸੈ ਨ ਭਾਵਨੀ ਮੁਹ ਕਾਲੇ ਸਤਿਗੁਰ ਤੇ ਚੁਕੇ ॥੯॥ (ਪੰਨਾ-੩੯੪)

੮੧ ਪਉੜੀ ॥ ਤੂਹੈ ਸਚਾ ਸਚੁ ਤੂ ਸਭ ਦੂ ਉਪਰਿ ਤੂ ਦੀਬਾਣੁ॥ ਜੋ ਤੁਧੁ ਸਚੁ ਧਿਆਇਦੇ ਸਚੁ ਸੇਵਨਿ ਸਚੇ ਤੇਰਾ ਮਾਣੁ॥ ਓਨਾ ਅੰਦਰਿ ਸਚੁ ਮੁਖ ਉਜਲੇ ਸਚੁ ਬੋਲਨਿ ਸਚੇ ਤੇਰਾ ਤਾਣੁ॥ ਸੇ ਭਗਤ ਜਿਨੀ ਗੁਰਮੁਖਿ ਸਾਲਾਹਿਆ ਸਚੁ ਸਬਦੁ ਨੀਸਾਣੁ॥ ਸਚੁ ਜਿ ਸਚੇ ਸੇਵਦੇ ਤਿਨ ਵਾਰੀ ਸਦ ਕੁਰਬਾਣੁ ॥੧੩॥ (ਪੰਨਾ-੩੦੭)

੮੨ ਪਉੜੀ॥ ਤੂ ਸਚਾ ਸਾਹਿਬੁ ਆਪਿ ਹੈ ਸਚੁ ਸਾਹ ਹਮਾਰੇ॥ ਸਚੁ ਪੂਜੀ ਨਾਮੁ ਦ੍ਰਿੜਾਇ ਪ੍ਰਭ ਵਣਜਾਰੇ ਥਾਰੇ॥ ਸਚੁ ਸੇਵਹਿ ਸਚੁ ਵਣੰਜਿ ਲੈਹਿ ਗੁਣ ਕਥਹ ਨਿਰਾਰੇ॥ ਸੇਵਕ ਭਾਇ ਸੇ ਜਨ ਮਿਲੇ ਗੁਰ ਸਬਦਿ ਸਵਾਰੇ॥ ਤੂ ਸਚਾ ਸਾਹਿਬੁ ਅਲਖੁ ਹੈ ਗੁਰ ਸਬਦਿ ਲਖਾਰੇ ॥੧੪॥ (ਪੰਨਾ-੩੦੮)

੮੩ ਪਉੜੀ॥ ਸਚੁ ਸਚਾ ਸਤਿਗੁਰੁ ਅਮਰੁ ਹੈ ਜਿਸੁ ਅੰਦਰਿ ਹਰਿ ਉਰਿ ਧਾਰਿਆ ॥ ਸਚੁ ਸਚਾ ਸਤਿਗੁਰੁ ਪੁਰਖੁ ਹੈ ਜਿਨਿ ਕਾਮੁ ਕ੍ਰੋਧੁ ਬਿਖੁ ਮਾਰਿਆ ॥ ਜਾ ਡਿਠਾ ਪੂਰਾ ਸਤਿਗੁਰੂ ਤਾਂ ਅੰਦਰਹੁ ਮਨੁ ਸਾਧਾਰਿਆ ॥ ਬਲਿਹਾਰੀ ਗੁਰ ਆਪਣੇ ਸਦਾ ਸਦਾ ਘੁਮਿ ਵਾਰਿਆ॥ ਗੁਰਮੁਖਿ ਜਿਤਾ ਮਨਮੁਖਿ ਹਾਰਿਆ ॥੧੭॥ (ਪੰਨਾ-੩੧੦)

੮੪ ਪਉੜੀ॥ ਹਉ ਆਖਿ ਸਲਾਹੀ ਸਿਫਤਿ ਸਚੁ ਸਚੁ ਸਚੇ ਕੀ ਵਡਿਆਈ ॥ ਸਾਲਾਹੀ ਸਚੁ ਸਲਾਹ ਸਚੁ ਸਚੁ ਕੀਮਤਿ ਕਿਨੈ ਨ ਪਾਈ ॥ ਸਚੁ ਸਚਾ ਰਸੁ ਜਿਨੀ ਚਖਿਆ ਸੇ ਤ੍ਰਿਪਤਿ ਰਹੇ ਆਘਾਈ॥ ਇਹੁ ਹਰਿ ਰਸੁ ਸੇਈ ਜਾਣਦੇ ਜਿਉ ਗੂੰਗੈ ਮਿਠਿਆਈ ਖਾਈ॥ ਗੁਰਿ ਪੂਰੈ ਹਰਿ ਪ੍ਰਭੁ ਸੇਵਿਆ ਮਨਿ ਵਜੀ ਵਾਧਾਈ॥੧੮॥ (ਪੰਨਾ-੩੧੦)

੮੫ ਪਉੜੀ ॥ ਸਚੁ ਸਚੇ ਕੀ ਸਿਫਤਿ ਸਲਾਹ ਹੈ ਸੋ ਕਰੇ ਜਿਸੁ ਅੰਦਰੁ ਭਿਜੈ ॥ ਜਿਨੀ ਇਕ ਮਨਿ ਇਕੁ ਅਰਾਧਿਆ ਤਿਨ ਕਾ ਕੰਧੁ ਨ ਕਬਹੂ ਛਿਜੈ ॥ ਧਨੁ ਧਨੁ ਪੁਰਖ ਸਾਬਾਸਿ ਹੈ ਜਿਨ ਸਚੁ ਰਸਨਾ ਅੰਮ੍ਰਿਤੁ ਪਿਜੈ ॥ ਸਚੁ ਸਚਾ ਜਿਨ ਮਨਿ ਭਾਵਦਾ ਸੇ ਮਨਿ ਸਚੀ ਦਰਗਹ ਲਿਜੈ॥ ਧਨੁ ਧੰਨੁ ਜਨਮੁ ਸਚਿਆਰੀਆ ਮੁਖ ਉਜਲ ਸਚੁ ਕਰਿਜੈ ॥੨੦॥ (ਪੰਨਾ-੩੧੨)

੮੬ ਪਉੜੀ ॥ ਸਚੁ ਸਚਾ ਕੁਦਰਤਿ ਜਾਣੀਐ ਦਿਨੁ ਰਾਤੀ ਜਿਨਿ ਬਣਾਈਆ ॥ ਸੋ ਸਚੁ ਸਲਾਹੀ ਸਦਾ ਸਦਾ ਸਚੁ ਸਚੇ ਕੀਆ ਵਡਿਆਈਆ ॥ ਸਾਲਾਹੀ ਸਚੁ ਸਲਾਹ ਸਚੁ ਸਚੁ ਕੀਮਤਿ ਕਿਨੈ ਨ ਪਾਈਆ ॥ ਜਾ ਮਿਲਿਆ ਪੂਰਾ ਸਤਿਗੁਰੂ ਤਾ ਹਾਜਰੁ ਨਦਰੀ ਆਈਆ ॥ ਸਚੁ ਗੁਰਮੁਖਿ ਜਿਨੀ ਸਲਾਹਿਆ ਤਿਨਾ ਭੁਖਾ ਸਭਿ ਗਵਾਈਆ ॥੨੩॥ (ਪੰਨਾ-੩੧੩)

੮੭ ਪਉੜੀ ॥ ਤੂੰ ਸਚਾ ਸਾਹਿਬੁ ਅਤਿ ਵਡਾ ਤੁਹਿ ਜੇਵਡੁ ਤੂੰ ਵਡ ਵਡੇ ॥ ਜਿਸੁ ਤੂੰ ਮੇਲਹਿ ਸੋ ਤੁਧੁ ਮਿਲੈ ਤੂੰ ਆਪੇ ਬਖਸਿ ਲੈਹਿ ਲੇਖਾ ਛਡੇ ॥ ਜਿਸ ਨੋ ਤੂੰ ਆਪਿ ਮਿਲਾਇਦਾ ਸੋ ਸਤਿਗੁਰੁ ਸੇਵੇ ਮਨੁ ਗਡ ਗਡੇ ॥ ਤੂੰ ਸਚਾ ਸਾਹਿਬੁ ਸਚੁ ਤੂ ਸਭੁ ਜੀਉ ਪਿੰਡੁ ਚੰਮੁ ਤੇਰਾ ਹਡੇ ॥ ਜਿਉ ਭਾਵੈ ਤਿਉ ਰਖੁ ਤੂੰ ਸਚਿਆ ਨਾਨਕ ਮਨਿ ਆਸ ਤੇਰੀ ਵਡ ਵਡੇ ॥੩੩॥੧॥ (ਪੰਨਾ-੩੧੭)

੮੮ ਮੈ ਬੰਦਾ ਬੈ ਖਰੀਦੁ ਸਚੁ ਸਾਹਿਬੁ ਮੇਰਾ ॥ ਜੀਉ ਪਿੰਡੁ ਸਭੁ ਤਿਸ ਦਾ ਸਭੁ ਕਿਛੁ ਹੈ ਤੇਰਾ ॥੧॥ ਮਾਣੁ ਨਿਮਾਣੇ ਤੂੰ ਧਣੀ ਤੇਰਾ ਭਰਵਾਸਾ ॥ ਬਿਨੁ ਸਾਚੇ ਅਨ ਟੇਕ ਹੈ ਸੋ ਜਾਣਹੁ ਕਾਚਾ ॥੧॥ ਰਹਾਉ ॥ (ਪੰਨਾ-੩੯੭)

੮੯ ਮਨੁ ਰਾਤਉ ਹਰਿ ਨਾਇ ਸਚੁ ਵਖਾਣਿਆ ॥ ਲੋਕਾ ਦਾ ਕਿਆ ਜਾਇ ਜਾ ਤੁਧੁ ਭਾਣਿਆ ॥੧॥ ਜਉ ਲਗੁ ਜੀਉ ਪਰਾਣ ਸਚੁ ਧਿਆਈਐ ॥ ਲਾਹਾ ਹਰਿ ਗੁਣ ਗਾਇ ਮਿਲੈ ਸੁਖੁ ਪਾਈਐ ॥੧॥ ਰਹਾਉ ॥ ਸਚੀ ਤੇਰੀ ਕਾਰ ਦੇਹਿ ਦਇਆਲ ਤੂੰ ॥ ਹਉ ਜੀਵਾ ਤੁਧੁ ਸਾਲਾਹਿ ਮੈ ਟੇਕ ਅਧਾਰੁ ਤੂੰ ॥੨॥ ਦਰਿ ਸੇਵਕੁ ਦਰਵਾਨੁ ਦਰਦੁ ਤੂੰ ਜਾਣਹੀ ॥ ਭਗਤਿ ਤੇਰੀ ਹੈਰਾਨੁ ਦਰਦੁ ਗਵਾਵਹੀ ॥੩॥ ਦਰਗਹ ਨਾਮੁ ਹਦੂਰਿ ਗੁਰਮੁਖਿ ਜਾਣਸੀ ॥ ਵੇਲਾ ਸਚੁ ਪਰਵਾਣੁ ਸਬਦੁ ਪਛਾਣਸੀ ॥੪॥ ਸਤੁ ਸੰਤੋਖੁ ਕਰਿ ਭਾਉ ਤੋਸਾ ਹਰਿ ਨਾਮੁ ਸੇਇ ॥ ਮਨਹੁ ਛੋਡਿ ਵਿਕਾਰ ਸਚਾ ਸਚੁ ਦੇਇ ॥ ੫ ॥ ਸਚੇ ਸਚਾ ਨੇਹੁ ਸਚੈ ਲਾਇਆ ॥ ਆਪੇ ਕਰੇ ਨਿਆਉ ਜੋ ਤਿਸੁ ਭਾਇਆ ॥੬॥ ਸਚੇ ਸਚੀ ਦਾਤਿ ਦੇਹਿ ਦਇਆਲੁ ਹੈ ॥ ਤਿਸੁ ਸੇਵੀ ਦਿਨੁ ਰਾਤਿ ਨਾਮੁ ਅਮੋਲੁ ਹੈ ॥੭॥ ਤੂੰ ਉਤਮੁ ਹਉ ਨੀਚੁ ਸੇਵਕੁ ਕਾਂਢੀਆ ॥ ਨਾਨਕ ਨਦਰਿ ਕਰੇਹੁ ਮਿਲੈ ਸਚੁ ਵਾਂਢੀਆ ॥੮॥੨੧॥ (ਪੰਨਾ-੪੨੧)

੯੦ ਜਿਨ ਕੈ ਮਨਿ ਸਚੁ ਵਸਿਆ ਸਚੀ ਕਾਰ ਕਮਾਇ ॥ ਅਨਦਿਨੁ ਸੇਵਹਿ ਸਹਜ ਸਿਉ ਸਚੇ ਮਾਹਿ ਸਮਾਇ ॥੩॥ ਦੋਹਾਗਣੀ ਭਰਮਿ ਭੁਲਾਈਆ ਕੂੜੁ ਬੋਲਿ ਬਿਖੁ ਖਾਹਿ ॥ ਪਿਰੁ ਨ ਜਾਣਨਿ ਆਪਣਾ ਸੁੰਞੀ ਸੇਜ ਦੁਖੁ ਪਾਹਿ ॥੪॥ ਸਚਾ ਸਾਹਿਬੁ ਏਕੁ ਹੈ ਮਤੁ ਮਨ ਭਰਮਿ ਭੁਲਾਹਿ ॥ ਗੁਰ ਪੂਛਿ ਸੇਵਾ ਕਰਹਿ ਸਚੁ ਨਿਰਮਲੁ ਮੰਨਿ ਵਸਾਹਿ ॥੫॥ (ਪੰਨਾ-੪੨੮)

੯੧ ਆਸਾ ਮਹਲਾ ੧ ॥ ਮਨੁ ਰਾਤਉ ਹਰਿ ਨਾਇ ਸਚੁ ਵਖਾਣਿਆ ॥ ਲੋਕਾ ਦਾ ਕਿਆ ਜਾਇ ਜਾ ਤੁਧੁ ਭਾਣਿਆ ॥੧॥ ਜਉ ਲਗੁ ਜੀਉ ਸਚੁ ਧਿਆਈਐ ॥ ਲਾਹਾ ਹਰਿ ਗੁਣ ਗਾਇ ਮਿਲੈ ਸੁਖੁ ਪਾਈਐ ॥੧॥ ਰਹਾਉ ॥ ਸਚੀ ਤੇਰੀ ਕਾਰ ਦੇਹਿ ਦਇਆਲ ਤੂੰ ॥ ਹਉ ਜੀਵਾ ਤੁਧੁ ਸਾਲਾਹਿ ਮੈ ਟੇਕ ਅਧਾਰੁ ਤੂੰ ॥੨॥ ਦਰਿ ਸੇਵਕੁ ਦਰਵਾਨੁ ਦਰਦੁ ਤੂੰ ਜਾਣਹੀ ॥ ਭਗਤਿ ਤੇਰੀ ਹੈਰਾਨੁ ਦਰਦੁ ਗਵਾਵਹੀ ॥੩॥ ਦਰਗਹ ਨਾਮੁ ਹਦੂਰਿ ਗੁਰਮੁਖਿ ਜਾਣਸੀ ॥ ਵੇਲਾ ਸਚੁ ਪਰਵਾਣੁ ਸਬਦੁ ਪਛਾਣਸੀ ॥੪॥ ਸਤੁ ਸੰਤੋਖੁ ਕਰਿ ਭਾਉ ਤੋਸਾ ਹਰਿ ਨਾਮੁ ਸੇਇ ॥ ਮਨਹੁ ਛੋਡਿ ਵਿਕਾਰ ਸਚਾ ਸਚੁ ਦੇਇ ॥੫॥ ਸਚੇ ਸਚਾ ਨੇਹੁ ਸਚੈ ਲਾਇਆ ॥ ਆਪੇ ਕਰੇ ਨਿਆਉ ਜੋ ਤਿਸੁ ਭਾਇਆ ॥੬॥ ਸਚੇ ਸਚੀ ਦਾਤਿ ਦੇਹਿ ਦਇਆਲੁ ਹੈ ॥ ਤਿਸੁ ਸੇਵੀ ਦਿਨੁ ਰਾਤਿ ਨਾਮੁ ਅਮੋਲੁ ਹੈ ॥੭॥ ਤੂੰ ਉਤਮੁ ਹਉ ਨੀਚੁ ਸੇਵਕੁ ਕਾਂਢੀਆ ॥ ਨਾਨਕ ਨਦਰਿ ਕਰੇਹੁ ਮਿਲੈ ਸਚੁ ਵਾਂਢੀਆ ॥੮॥੨੧॥ (੪੨੨)

੯੨ ਗੁਰਮੁਖਿ ਬੀਜੇ ਸਚੁ ਜਮੈ ਸਚੁ ਨਾਮੁ ਵਾਪਾਰੁ ॥ ਜੋ ਇਤੁ ਲਾਹੈ ਲਾਇਅਨੁ ਭਗਤੀ ਦੇਇ ਭੰਡਾਰ ॥੩॥ ਗੁਰਮੁਖਿ ਸਦਾ ਸੋਹਾਗਣੀ ਭੈ ਭਗਤਿ ਸੀਗਾਰਿ ॥ ਅਨਦਿਨੁ ਰਾਵਹਿ ਪਿਰੁ ਆਪਣਾ ਸਚੁ ਰਖਹਿ ਉਰ ਧਾਰਿ ॥੪॥ (ਪੰਨਾ-੪੨੮)

੯੩.੧-ਸਲੋਕੁ ਮਃ ੧ ॥ ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥ ਸਚੇ ਤੇਰੇ ਲੋਅ ਸਚੇ ਆਕਾਰ ॥ ਸਚੇ ਤੇਰੇ ਕਰਣੇ ਸਰਬ ਬੀਚਾਰ ॥ ਸਚਾ ਤੇਰਾ ਅਮਰੁ ਸਚਾ ਦੀਬਾਣੁ ॥ ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥ ਸਚਾ ਤੇਰਾ ਕਰਮੁ ਸਚਾ ਨੀਸਾਣੁ ॥ ਸਚੇ ਤੁਧੁ ਆਖਹਿ ਲਖ ਕਰੋੜਿ ॥ ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥ ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥ ਨਾਨਕ ਸਚੁ ਧਿਆਇਨਿ ਸਚੁ ॥ ਜੋ ਮਰਿ ਜੰਮੇ ਸੁ ਕਚੁ ਨਿਕਚੁ ॥੧॥ ਮਃ ੧ ॥ ਵਡੀ ਵਡਿਆਈ ਜਾ ਵਡਾ ਨਾਉ ॥ ਵਡੀ ਵਡਿਆਈ ਜਾ ਸਚੁ ਨਿਆਉ ॥ ਵਡੀ ਵਡਿਆਈ ਜਾ ਨਿਹਚਲ ਥਾਉ ॥ ਵਡੀ ਵਡਿਆਈ ਜਾਣੈ ਆਲਾਉ ॥ ਵਡੀ ਵਡਿਆਈ ਬੁਝੈ ਸਭਿ ਭਾਉ ॥ ਵਡੀ ਵਡਿਆਈ ਜਾ ਪੁਛਿ ਨ ਦਾਤਿ ॥ ਵਡੀ ਵਡਿਆਈ ਜਾ ਆਪੇ ਆਪਿ ॥ ਨਾਨਕ ਕਾਰ ਨ ਕਥਨੀ ਜਾਇ ॥ ਕੀਤਾ ਕਰਣਾ ਸਰਬ ਰਜਾਇ ॥੨॥ ਮਹਲਾ ੨ ॥ ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥ ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ ॥ ਇਕਨ੍ਹਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ ॥ ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ ॥ ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥੩॥ (ਪੰਨਾ- ੪੬੩)

੯੩.੨-ਪਉੜੀ ॥ ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ॥ ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥ ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ॥ ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥ ਲਿਖਿ ਨਾਵੈ ਧਰਮੁ ਬਹਾਲਿਆ ॥੨॥ (ਪੰਨਾ-੪੬੩)

੯੪ ਪਉੜੀ ॥ ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ॥ ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ ਤਾ ਤਿਨ੍ਹੀ ਸਚੁ ਕਮਾਇਆ ॥ ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ ਕੈ ਹਿਰਦੈ ਸਚੁ ਵਸਾਇਆ॥ ਮੂਰਖ ਸਚੁ ਨ ਜਾਣਨ੍ਹੀ ਮਨਮੁਖੀ ਜਨਮੁ ਗਵਾਇਆ ॥ ਵਿਚਿ ਦੁਨੀਆ ਕਾਹੇ ਆਇਆ ॥੮॥ (ਪੰਨਾ-੪੬੭)

੯੫ ਪਉੜੀ॥ ਹਰਿ ਜੀਉ ਸਚਾ ਸਚੁ ਹੈ ਸਚੀ ਗੁਰਬਾਣੀ ॥ ਸਤਿਗੁਰ ਤੇ ਸਚੁ ਪਛਾਣੀਐ ਸਚਿ ਸਹਜਿ ਸਮਾਣੀ ॥ ਅਨਦਿਨੁ ਜਾਗਹਿ ਨਾ ਸਵਹਿ ਜਾਗਤ ਰੈਣਿ ਵਿਹਾਣੀ ॥ ਗੁਰਮਤੀ ਹਰਿ ਰਸੁ ਚਾਖਿਆ ਸੇ ਪੁੰਨ ਪਰਾਣੀ ॥ ਬਿਨੁ ਗੁਰ ਕਿਨੈ ਨ ਪਾਇਓ ਪਚਿ ਮੁਏ ਅਜਾਣੀ ॥੧੭॥ (ਪੰਨਾ-੫੧੫)

੯੬ ਮਨ ਮੇਰਿਆ ਤੂ ਸਦਾ ਸਚੁ ਸਮਾਲਿ ਜੀਉ ॥ ਆਪਣੈ ਘਰਿ ਤੂ ਸੁਖਿ ਵਸਹਿ ਪੋਹਿ ਨ ਸਕੈ ਜਮਕਾਲੁ ਜੀਉ ॥ ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੈ ਸਬਦਿ ਲਿਵ ਲਾਏ॥ ਸਦਾ ਸਚਿ ਰਤਾ ਮਨੁ ਨਿਰਮਲੁ ਆਵਣੁ ਜਾਣੁ ਰਹਾਏ॥ ਦੂਜੈ ਭਾਇ ਭਰਮਿ ਵਿਗੁਤੀ ਮਨਮੁਖਿ ਮੋਹੀ ਜਮਕਾਲਿ॥ ਕਹੈ ਨਾਨਕੁ ਸੁਣਿ ਮਨ ਮੇਰੇ ਤੂ ਸਦਾ ਸਚੁ ਸਮਾਲਿ ॥੧॥ (ਪੰਨਾ-੫੬੯)

੯੭ ਸੁਣਿ ਸਜਣ ਜੀ ਮੈਡੜੇ ਮੀਤਾ ਰਾਮ ॥ ਗੁਰਿ ਮੰਤ੍ਰੁ ਸਬਦੁ ਸਚੁ ਦੀਤਾ ਰਾਮ ॥ ਸਚੁ ਸਬਦੁ ਧਿਆਇਆ ਮੰਗਲੁ ਗਾਇਆ ਚੂਕੇ ਮਨਹੁ ਅਦੇਸਾ॥ ਸੋ ਪ੍ਰਭੁ ਪਾਇਆ ਕਤਹਿ ਨ ਜਾਇਆ ਸਦਾ ਸਦਾ ਸੰਗਿ ਬੈਸਾ॥ ਪ੍ਰਭ ਜੀ ਭਾਣਾ ਸਚਾ ਮਾਣਾ ਪ੍ਰਭਿ ਹਰਿ ਧਨੁ ਸਹਜੇ ਦੀਤਾ॥ ਕਹੁ ਨਾਨਕ ਤਿਸੁ ਜਨ ਬਲਿਹਾਰੀ ਤੇਰਾ ਦਾਨੁ ਸਭਨੀ ਹੈ ਲੀਤਾ॥ ੨॥ (ਪੰਨਾ-੫੭੧)

੯੮ ਸਚਾ ਸਉਦਾ ਹਰਿ ਨਾਮੁ ਹੈ ਸਚਾ ਵਾਪਾਰਾ ਰਾਮ ॥ ਗੁਰਮਤੀ ਹਰਿ ਨਾਮੁ ਵਣਜੀਐ ਅਤਿ ਮੋਲੁ ਅਫਾਰਾ ਰਾਮ॥ ਅਤਿ ਮੋਲੁ ਅਫਾਰਾ ਸਚ ਵਾਪਾਰਾ ਸਚਿ ਵਾਪਾਰਿ ਲਗੇ ਵਡਭਾਗੀ ॥ ਅੰਤਰਿ ਬਾਹਰਿ ਭਗਤੀ ਰਾਤੇ ਸਚਿ ਨਾਮਿ ਲਿਵ ਲਾਗੀ ॥ ਨਦਰਿ ਕਰੇ ਸੋਈ ਸਚੁ ਪਾਏ ਗੁਰ ਕੈ ਸਬਦਿ ਵੀਚਾਰਾ ॥ ਨਾਨਕ ਨਾਮਿ ਰਤੇ ਤਿਨ ਹੀ ਸੁਖੁ ਪਾਇਆ ਸਾਚੈ ਕੇ ਵਾਪਾਰਾ ॥੧॥ (ਪੰਨਾ-੫੭੫)

੯੯ ਸਤਿਗੁਰ ਕੀ ਸੇਵਾ ਚਾਕਰੀ ਸੁਖੀ ਹੂੰ ਸੁਖ ਸਾਰੁ ॥ ਐਥੈ ਮਿਲਨਿ ਵਡਿਆਈਆ ਦਰਗਹ ਮੋਖ ਦੁਆਰੁ ॥ ਸਚੀ ਕਾਰ ਕਮਾਵਣੀ ਸਚੁ ਪੈਨਣੁ ਸਚੁ ਨਾਮੁ ਅਧਾਰੁ ॥ ਸਚੀ ਸੰਗਤਿ ਸਚਿ ਮਿਲੈ ਸਚੈ ਨਾਇ ਪਿਆਰੁ ॥ ਸਚੈ ਸਬਦਿ ਹਰਖੁ ਸਦਾ ਦਰਿ ਸਚੈ ਸਚਿਆਰੁ ॥ ਨਾਨਕ ਸਤਿਗੁਰ ਕੀ ਸੇਵਾ ਸੋ ਕਰੈ ਜਿਸ ਨੋ ਨਦਰਿ ਕਰੈ ਕਰਤਾਰੁ ॥੧॥ (ਪੰਨਾ-੫੮੬)

੧੦੦ ਭਗਤ ਜਨਾ ਕੀ ਹਰਿ ਜੀਉ ਰਾਖੈ ਜੁਗਿ ਜੁਗਿ ਰਖਦਾ ਆਇਆ ਰਾਮ ॥ ਸੋ ਭਗਤੁ ਜੋ ਗੁਰਮੁਖਿ ਹੋਵੈ ਹਉਮੈ ਸਬਦਿ ਜਲਾਇਆ ਰਾਮ ॥ ਹਉਮੈ ਸਬਦਿ ਜਲਾਇਆ ਮੇਰੇ ਹਰਿ ਭਾਇਆ ਜਿਸ ਦੀ ਸਾਚੀ ਬਾਣੀ ॥ ਸਚੀ ਭਗਤਿ ਕਰਹਿ ਦਿਨੁ ਰਾਤੀ ਗੁਰਮੁਖਿ ਆਖਿ ਵਖਾਣੀ ॥ ਭਗਤਾ ਕੀ ਚਾਲ ਸਚੀ ਅਤਿ ਨਿਰਮਲ ਨਾਮੁ ਸਚਾ ਮਨਿ ਭਾਇਆ ॥ ਨਾਨਕ ਭਗਤ ਸੋਹਹਿ ਦਰਿ ਸਾਚੈ ਜਿਨੀ ਸਚੋ ਸਚੁ ਕਮਾਇਆ ॥੧॥ (ਪੰਨਾ- ੭੬੮)

੧੦੧ ਹਰਦੈ ਨਾਮੁ ਵਸਾਇਹੁ ॥ ਘਰਿ ਬੈਠੇ ਗੁਰੂ ਧਿਆਇਹੁ ॥
ਗੁਰਿ ਪੂਰੈ ਸਚੁ ਕਹਿਆ ॥ ਸੋ ਸੁਖੁ ਸਾਚਾ ਲਹਿਆ ॥੧॥ (ਪੰਨਾ-੬੨੧)

੧੦੨ ਗੁਰਮਤੀ ਭਉ ਊਪਜੈ ਭਾਈ ਭਉ ਕਰਣੀ ਸਚੁ ਸਾਰੁ ॥ ਪ੍ਰੇਮ ਪਦਾਰਥੁ ਪਾਈਐ ਭਾਈ ਸਚੁ ਨਾਮੁ ਆਧਾਰੁ ॥੬॥ ਜੋ ਸਤਿਗੁਰੁ ਸੇਵਹਿ ਆਪਣਾ ਭਾਈ ਤਿਨ ਕੈ ਹਉ ਲਾਗਉ ਪਾਇ ॥ ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ ॥੭॥ ਸਚੁ ਬਾਣੀ ਸਚੁ ਸਬਦੁ ਹੈ ਭਾਈ ਗੁਰ ਕਿਰਪਾ ਤੇ ਹੋਇ ॥ ਨਾਨਕ ਨਾਮੁ ਹਰਿ ਮਨਿ ਵਸੈ ਭਾਈ ਤਿਸੁ ਬਿਘਨੁ ਨ ਲਾਗੈ ਕੋਇ ॥੮॥੨॥ (ਪੰਨਾ-੬੩੮)

੧੦੩ ਕਾਚਾ ਧਨੁ ਸੰਚਹਿ ਮੂਰਖ ਗਾਵਾਰ ॥ ਮਨਮੁਖ ਭੂਲੇ ਅੰਧ ਗਾਵਾਰ ॥ ਬਿਖਿਆ ਕੈ ਧਨਿ ਸਦਾ ਦੁਖੁ ਹੋਇ ॥ ਨਾ ਸਾਥਿ ਜਾਇ ਨ ਪਰਾਪਤਿ ਹੋਇ ॥੧॥ ਸਾਚਾ ਧਨੁ ਗੁਰਮਤੀ ਪਾਏ ॥ ਕਾਚਾ ਧਨੁ ਫੁਨਿ ਆਵੈ ਜਾਏ ॥ ਰਹਾਉ ॥ ਮਨਮੁਖਿ ਭੂਲੇ ਸਭਿ ਮਰਹਿ ਗਵਾਰ ॥ ਭਵਜਲਿ ਡੂਬੇ ਨ ਉਰਵਾਰਿ ਨ ਪਾਰਿ ॥ ਸਤਿਗੁਰੁ ਭੇਟੇ ਪੂਰੈ ਭਾਗਿ ॥ ਸਾਚਿ ਰਤੇ ਅਹਿਨਿਸਿ ਬੈਰਾਗਿ ॥੨॥ ਚਹੁ ਜੁਗ ਮਹਿ ਅੰਮ੍ਰਿਤੁ ਸਾਚੀ ਬਾਣੀ ॥ ਪੂਰੈ ਭਾਗਿ ਹਰਿ ਨਾਮਿ ਸਮਾਣੀ ॥ ਸਿਧ ਸਾਧਿਕ ਤਰਸਹਿ ਸਭਿ ਲੋਇ ॥ ਪੂਰੈ ਭਾਗਿ ਪਰਾਪਤਿ ਹੋਇ ॥੩॥ ਸਭੁ ਕਿਛੁ ਸਾਚਾ ਸਾਚਾ ਹੈ ਸੋਇ ॥ ਊਤਮ ਬ੍ਰਹਮੁ ਪਛਾਣੈ ਕੋਇ ॥ ਸਚੁ ਸਾਚਾ ਸਚੁ ਆਪਿ ਦ੍ਰਿੜਾਏ ॥ ਨਾਨਕ ਆਪੇ ਵੇਖੈ ਆਪੇ ਸਚਿ ਲਾਏ ॥੪॥੭॥ (ਪੰਨਾ-੬੬੫)

੧੦੪ ਭੂਖ ਪਿਆਸੋ ਆਥਿ ਕਿਉ ਦਰਿ ਜਾਇਸਾ ਜੀਉ ॥ ਸਤਿਗੁਰ ਪੂਛਉ ਜਾਇ ਨਾਮੁ ਧਿਆਇਸਾ ਜੀਉ ॥ ਸਚੁ ਨਾਮੁ ਧਿਆਈ ਸਾਚੁ ਚਵਾਈ ਗੁਰਮੁਖਿ ਸਾਚੁ ਪਛਾਣਾ ॥ ਦੀਨਾ ਨਾਥੁ ਦਇਆਲੁ ਨਿਰੰਜਨੁ ਅਨਦਿਨੁ ਨਾਮੁ ਵਖਾਣਾ ॥ ਕਰਣੀ ਕਾਰ ਧੁਰਹੁ ਫੁਰਮਾਈ ਆਪਿ ਮੁਆ ਮਨੁ ਮਾਰੀ ॥ ਨਾਨਕ ਨਾਮੁ ਮਹਾ ਰਸੁ ਮੀਠਾ ਤ੍ਰਿਸਨਾ ਨਾਮਿ ਨਿਵਾਰੀ ॥੫॥੨॥ (ਪੰਨਾ-੬੮੭)

੧੦੫ ਸਭਿ ਆਏ ਹੁਕਮਿ ਖਸਮਾਹੁ ਹੁਕਮਿ ਸਭ ਵਰਤਨੀ ॥ ਸਚੁ ਸਾਹਿਬੁ ਸਾਚਾ ਖੇਲੁ ਸਭੁ ਹਰਿ ਧਨੀ ॥੧॥ ਸਾਲਾਹਿਹੁ ਸਚੁ ਸਭ ਊਪਰਿ ਹਰਿ ਧਨੀ ॥ ਜਿਸੁ ਨਾਹੀ ਕੋਇ ਸਰੀਕੁ ਕਿਸੁ ਲੇਖੈ ਹਉ ਗਨੀ ॥ ਰਹਾਉ ॥ ਪਉਣ ਪਾਣੀ ਧਰਤੀ ਆਕਾਸੁ ਘਰ ਮੰਦਰ ਹਰਿ ਬਨੀ ॥ ਵਿਚਿ ਵਰਤੈ ਨਾਨਕ ਆਪਿ ਝੂਠੁ ਕਹੁ ਕਿਆ ਗਨੀ ॥੨॥੧॥ (ਪੰਨਾ-੭੨੩)

੧੦੬ ਅਗਮ ਅਗੋਚਰੁ ਸਚੁ ਸਾਹਿਬੁ ਮੇਰਾ ॥ ਨਾਨਕੁ ਬੋਲੈ ਬੋਲਾਇਆ ਤੇਰਾ ॥੪॥੨੩॥੨੯॥ (ਪੰਨਾ-੭੪੩)

੧੦੭ ਸਤਿਗੁਰ ਪਾਸਿ ਬੇਨੰਤੀਆ ਮਿਲੈ ਨਾਮੁ ਆਧਾਰਾ ॥ ਤੁਠਾ ਸਚਾ ਪਾਤਿਸਾਹੁ ਤਾਪੁ ਗਇਆ ਸੰਸਾਰਾ ॥੧॥ ਭਗਤਾ ਕੀ ਟੇਕ ਤੂੰ ਸੰਤਾ ਕੀ ਓਟ ਤੂੰ ਸਚਾ ਸਿਰਜਨਹਾਰਾ ॥੧॥ ਰਹਾਉ ॥ ਸਚੁ ਤੇਰੀ ਸਾਮਗਰੀ ਸਚੁ ਤੇਰਾ ਦਰਬਾਰਾ ॥ ਸਚੁ ਤੇਰੇ ਖਾਜੀਨਿਆ ਸਚੁ ਤੇਰਾ ਪਾਸਾਰਾ ॥੨॥ ਤੇਰਾ ਰੂਪੁ ਅਗੰਮੁ ਹੈ ਅਨੂਪੁ ਤੇਰਾ ਦਰਸਾਰਾ ॥ ਹਉ ਕੁਰਬਾਣੀ ਤੇਰਿਆ ਸੇਵਕਾ ਜਿਨ੍ ਹਰਿ ਨਾਮੁ ਪਿਆਰਾ ॥੩॥ ਸਭੇ ਇਛਾ ਪੂਰੀਆ ਜਾ ਪਾਇਆ ਅਗਮ ਅਪਾਰਾ ॥ ਗੁਰੁ ਨਾਨਕੁ ਮਿਲਿਆ ਪਾਰਬ੍ਰਹਮੁ ਤੇਰਿਆ ਚਰਣਾ ਕਉ ਬਲਿਹਾਰਾ ॥੪॥੧॥੪੭॥ (ਪੰਨਾ-੭੪੩)

੧੦੮ ਨਾਮੈ ਹੀ ਤੇ ਸਭੁ ਕਿਛੁ ਹੋਆ ਬਿਨੁ ਸਤਿਗੁਰ ਨਾਮੁ ਨ ਜਾਪੈ ॥ ਗੁਰ ਕਾ ਸਬਦੁ ਮਹਾ ਰਸੁ ਮੀਠਾ ਬਿਨੁ ਚਾਖੇ ਸਾਦੁ ਨ ਜਾਪੈ ॥ ਕਉਡੀ ਬਦਲੈ ਜਨਮੁ ਗਵਾਇਆ ਚੀਨਸਿ ਨਾਹੀ ਆਪੈ ॥ ਗੁਰਮੁਖਿ ਹੋਵੈ ਤਾ ਏਕੋ ਜਾਣੈ ਹਉਮੈ ਦੁਖੁ ਨ ਸੰਤਾਪੈ ॥੧॥ ਬਲਿਹਾਰੀ ਗੁਰ ਅਪਣੇ ਵਿਟਹੁ ਜਿਨਿ ਸਾਚੇ ਸਿਉ ਲਿਵ ਲਾਈ ॥ ਸਬਦੁ ਚੀਨ੍ਹਿ ਆਤਮੁ ਪਰਗਾਸਿਆ ਸਹਜੇ ਰਹਿਆ ਸਮਾਈ ॥੧॥ ਰਹਾਉ ॥ ਗੁਰਮੁਖਿ ਗਾਵੈ ਗੁਰਮੁਖਿ ਬੂਝੈ ਗੁਰਮੁਖਿ ਸਬਦੁ ਬੀਚਾਰੇ ॥ ਜੀਉ ਪਿੰਡੁ ਸਭੁ ਗੁਰ ਤੇ ਉਪਜੈ ਗੁਰਮੁਖਿ ਕਾਰਜ ਸਵਾਰੇ ॥ ਮਨਮੁਖਿ ਅੰਧਾ ਅੰਧੁ ਕਮਾਵੈ ਬਿਖੁ ਖਟੇ ਸੰਸਾਰੇ ॥ ਮਾਇਆ ਮੋਹਿ ਸਦਾ ਦੁਖੁ ਪਾਏ ਬਿਨੁ ਗੁਰ ਅਤਿ ਪਿਆਰੇ ॥੨॥ ਸੋਈ ਸੇਵਕੁ ਜੇ

ਸਤਿਗੁਰ ਸੇਵੇ ਚਾਲੈ ਸਤਿਗੁਰ ਭਾਏ ॥ ਸਾਚਾ ਸਬਦੁ ਸਿਫਤਿ ਹੈ ਸਾਚੀ ਸਾਚਾ ਮੰਨਿ ਵਸਾਏ ॥ ਸਚੀ ਬਾਣੀ ਗੁਰਮੁਖਿ ਆਖੈ ਹਉਮੈ ਵਿਚਹੁ ਜਾਏ ॥ ਆਪੇ ਦਾਤਾ ਕਰਮੁ ਹੈ ਸਾਚਾ ਸਾਚਾ ਸਬਦੁ ਸੁਣਾਏ ॥੩॥ ਗੁਰਮੁਖਿ ਘਾਲੇ ਗੁਰਮੁਖਿ ਖਟੇ ਗੁਰਮੁਖਿ ਨਾਮੁ ਜਪਾਏ ॥ ਸਦਾ ਅਲਿਪਤੁ ਸਾਚੈ ਰੰਗਿ ਰਾਤਾ ਗੁਰ ਕੈ ਸਹਜਿ ਸੁਭਾਏ ॥ ਮਨਮੁਖੁ ਸਦ ਹੀ ਕੂੜੋ ਬੋਲੈ ਬਿਖੁ ਬੀਜੈ ਬਿਖੁ ਖਾਏ ॥ ਜਮਕਾਲਿ ਬਾਧਾ ਤ੍ਰਿਸਨਾ ਦਾਧਾ ਬਿਨੁ ਗੁਰ ਕਵਣੁ ਛਡਾਏ ॥੪॥ ਸਚਾ ਤੀਰਥੁ ਜਿਤੁ ਸਤ ਸਰਿ ਨਾਵਣੁ ਗੁਰਮੁਖਿ ਆਪਿ ਬੁਝਾਏ ॥ ਅਠਸਠਿ ਤੀਰਥ ਗੁਰ ਸਬਦਿ ਦਿਖਾਏ ਤਿਤੁ ਨਾਤੈ ਮਲੁ ਜਾਏ ॥ ਸਚਾ ਸਬਦੁ ਸਚਾ ਹੈ ਨਿਰਮਲੁ ਨਾ ਮਲੁ ਲਗੈ ਨ ਲਾਏ ॥ ਸਚੀ ਸਿਫਤਿ ਸਚੀ ਸਾਲਾਹ ਪੂਰੇ ਗੁਰ ਤੇ ਪਾਏ ॥੫॥ ਤਨੁ ਮਨੁ ਸਭੁ ਕਿਛੁ ਹਰਿ ਤਿਸੁ ਕੇਰਾ ਦੁਰਮਤਿ ਕਹਣੁ ਨ ਜਾਏ ॥ ਹੁਕਮੁ ਹੋਵੈ ਤਾ ਨਿਰਮਲੁ ਹੋਵੈ ਹਉਮੈ ਵਿਚਹੁ ਜਾਏ ॥ ਗੁਰ ਕੀ ਸਾਖੀ ਸਹਜੇ ਚਾਖੀ ਤ੍ਰਿਸਨਾ ਅਗਨਿ ਬੁਝਾਏ ॥ ਗੁਰ ਕੈ ਸਬਦਿ ਰਾਤਾ ਸਹਜੇ ਮਾਤਾ ਸਹਜੇ ਰਹਿਆ ਸਮਾਏ ॥੬॥ ਹਰਿ ਕਾ ਨਾਮੁ ਸਤਿ ਕਰਿ ਜਾਣੈ ਗੁਰ ਕੈ ਭਾਇ ਪਿਆਰੇ ॥ ਸਚੀ ਵਡਿਆਈ ਗੁਰ ਤੇ ਪਾਈ ਸਚੈ ਨਾਇ ਪਿਆਰੇ ॥ ਏਕੋ ਸਚਾ ਸਭ ਮਹਿ ਵਰਤੈ ਵਿਰਲਾ ਕੋ ਵੀਚਾਰੇ ॥ ਆਪੇ ਮੇਲਿ ਲਏ ਤਾ ਬਖਸੇ ਸਚੀ ਭਗਤਿ ਸਵਾਰੇ ॥੭॥ ਸਭੋ ਸਚੁ ਸਚੁ ਸਚੁ ਵਰਤੈ ਗੁਰਮੁਖਿ ਕੋਈ ਜਾਣੈ ॥ ਜੰਮਣ ਮਰਣਾ ਹੁਕਮੋ ਵਰਤੈ ਗੁਰਮੁਖਿ ਆਪੁ ਪਛਾਣੈ ॥ ਨਾਮੁ ਧਿਆਏ ਤਾ ਸਤਿਗੁਰੁ ਭਾਏ ਜੋ ਇਛੈ ਸੋ ਫਲੁ ਪਾਏ ॥ ਨਾਨਕ ਤਿਸ ਦਾ ਸਭੁ ਕਿਛੁ ਹੋਵੈ ਜਿ ਵਿਚਹੁ ਆਪੁ ਗਵਾਏ ॥੮॥੧॥ (ਪੰਨਾ-੭੫੩)

੧੦੯ ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ ॥ ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ ॥੧॥ ਵਾਹੁ ਮੇਰੇ ਸਾਹਿਬਾ ਵਾਹੁ ॥ ਗੁਰਮੁਖਿ ਸਦਾ ਸਲਾਹੀਐ ਸਚਾ ਵੇਪਰਵਾਹੁ ॥੧॥ ਰਹਾਉ ॥ ਦੁਨੀਆ ਕੇਰੀ ਦੋਸਤੀ ਮਨਮੁਖ ਦਝਿ ਮਰੰਨਿ ॥ ਜਮ ਪੁਰਿ ਬਧੇ ਮਾਰੀਅਹਿ ਵੇਲਾ ਨ ਲਾਹੰਨਿ ॥੨॥ ਗੁਰਮੁਖਿ ਜਨਮੁ ਸਕਾਰਥਾ ਸਚੈ ਸਬਦਿ ਲਗੰਨਿ ॥ ਆਤਮ ਰਾਮੁ ਪ੍ਰਗਾਸਿਆ ਸਹਜੇ ਸੁਖਿ ਰਹੰਨਿ ॥੩॥ ਗੁਰ ਕਾ ਸਬਦੁ ਵਿਸਾਰਿਆ ਦੂਜੈ ਭਾਇ ਰਚੰਨਿ ॥ ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ ॥੪॥ ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ ॥ ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ ॥੫॥ ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥ ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥ ੬ ॥ ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ ॥ ਆਪਿ ਬੀਜਿ ਆਪੇ ਹੀ ਖਾਵਣਾ ਕਹਣਾ ਕਿਛੂ ਨ ਜਾਇ ॥੭॥ ਮਹਾ ਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ ॥ ਓਇ ਅੰਮ੍ਰਿਤ ਭਰੇ ਭਰਪੂਰ ਹਹਿ ਓਨਾ ਤਿਲੁ ਨ

ਤਮਾਇ ॥੮॥ ਗੁਣਕਾਰੀ ਗੁਣ ਸੰਘਰੈ ਅਵਰਾ ਉਪਦੇਸੇਨਿ ॥ ਸੇ ਵਡਭਾਗੀ ਜਿ ਓਨਾ ਮਿਲਿ ਰਹੇ ਅਨਦਿਨੁ ਨਾਮੁ ਲਏਨਿ ॥੯॥ ਦੇਸੀ ਰਿਜਕੁ ਸੰਬਾਹਿ ਜਿਨਿ ਉਪਾਈ ਮੇਦਨੀ ॥ ਏਕੋ ਹੈ ਦਾਤਾਰੁ ਸਚਾ ਆਪਿ ਧਣੀ ॥੧੦॥ ਸੋ ਸਚੁ ਤੇਰੈ ਨਾਲਿ ਹੈ ਗੁਰਮੁਖਿ ਨਦਰਿ ਨਿਹਾਲਿ ॥ ਆਪੇ ਬਖਸੇ ਮੇਲਿ ਲਏ ਸੋ ਪ੍ਰਭੁ ਸਦਾ ਸਮਾਲਿ ॥੧੧॥ ਮਨੁ ਮੈਲਾ ਸਚੁ ਨਿਰਮਲਾ ਕਿਉ ਕਰਿ ਮਿਲਿਆ ਜਾਇ ॥ ਪ੍ਰਭੁ ਮੇਲੇ ਤਾ ਮਿਲਿ ਰਹੈ ਹਉਮੈ ਸਬਦਿ ਜਲਾਇ ॥੧੨॥ ਸੋ ਸਹੁ ਸਚਾ ਵੀਸਰੈ ਧ੍ਰਿਗੁ ਜੀਵਣੁ ਸੰਸਾਰਿ ॥ ਨਦਰਿ ਕਰੇ ਨਾ ਵੀਸਰੈ ਗੁਰਮਤੀ ਵੀਚਾਰਿ ॥੧੩॥ ਸਤਿਗੁਰੁ ਮੇਲੇ ਤਾ ਮਿਲਿ ਰਹਾ ਸਾਚੁ ਰਖਾ ਉਰ ਧਾਰਿ ॥ ਮਿਲਿਆ ਹੋਇ ਨ ਵੀਛੁੜੈ ਗੁਰ ਕੈ ਹੇਤਿ ਪਿਆਰਿ ॥੧੪॥ ਪਿਰੁ ਸਾਲਾਹੀ ਆਪਣਾ ਗੁਰ ਕੈ ਸਬਦਿ ਵੀਚਾਰਿ ॥ ਮਿਲਿ ਪ੍ਰੀਤਮ ਸੁਖੁ ਪਾਇਆ ਸੋਭਾਵੰਤੀ ਨਾਰਿ ॥੧੫॥ ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ ॥ ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ ॥੧੬॥ ਆਪਿ ਕਰੇ ਕਿਸੁ ਆਖੀਐ ਆਪੇ ਬਖਸਣਹਾਰੁ ॥ ਗੁਰ ਸਬਦੀ ਮੈਲੁ ਉਤਰੈ ਤਾ ਸਚੁ ਬਣਿਆ ਸੀਗਾਰੁ ॥੧੭॥ ਸਚਾ ਸਾਹੁ ਸਚੇ ਵਣਜਾਰੇ ਓਥੈ ਕੂੜੇ ਨ ਟਿਕੰਨਿ ॥ ਓਨਾ ਸਚੁ ਨ ਭਾਵਈ ਦੁਖ ਹੀ ਮਾਹਿ ਪਚੰਨਿ ॥੧੮॥ ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ ਵਾਰ ॥ ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰ ॥੧੯॥ ਸੰਤਾ ਸੰਗਤਿ ਮਿਲਿ ਰਹੈ ਤਾ ਸਚਿ ਲਗੈ ਪਿਆਰੁ ॥ ਸਚੁ ਸਲਾਹੀ ਸਚੁ ਮਨਿ ਦਰਿ ਸਚੈ ਸਚਿਆਰੁ ॥੨੦॥ ਗੁਰ ਪੂਰੇ ਪੂਰੀ ਮਤਿ ਹੈ ਅਹਿਨਿਸਿ ਨਾਮੁ ਧਿਆਇ ॥ ਹਉਮੈ ਮੇਰਾ ਵਡ ਰੋਗੁ ਹੈ ਵਿਚਹੁ ਠਾਕਿ ਰਹਾਇ ॥੨੧॥ ਗੁਰੁ ਸਾਲਾਹੀ ਆਪਣਾ ਨਿਵਿ ਨਿਵਿ ਲਾਗਾ ਪਾਇ ॥ ਤਨੁ ਮਨੁ ਸਉਪੀ ਆਗੈ ਧਰੀ ਵਿਚਹੁ ਆਪੁ ਗਵਾਇ ॥੨੨॥ ਖਿੰਚੋਤਾਣਿ ਵਿਗੁਚੀਐ ਏਕਸੁ ਸਿਉ ਲਿਵ ਲਾਇ ॥ ਹਉਮੈ ਮੇਰਾ ਛਡਿ ਤੂ ਤਾ ਸਚਿ ਰਹੈ ਸਮਾਇ ॥੨੩॥ ਸਤਿਗੁਰ ਨੋ ਮਿਲੇ ਸਿ ਭਾਇਰਾ ਸਚੈ ਸਬਦਿ ਲਗੰਨਿ ॥ ਸਚਿ ਮਿਲੇ ਸੇ ਨ ਵਿਛੁੜਹਿ ਦਰਿ ਸਚੈ ਦਿਸੰਨਿ ॥੨੪॥ ਸੇ ਭਾਈ ਸੇ ਸਜਣਾ ਜੋ ਸਚਾ ਸੇਵੰਨਿ ॥ ਅਵਗਣ ਵਿਕਣਿ ਪਲ੍ਹਰਨਿ ਗੁਣ ਕੀ ਸਾਝ ਕਰੰਨ੍ਹਿ ॥੨੫॥ ਗੁਣ ਕੀ ਸਾਝ ਸੁਖੁ ਊਪਜੈ ਸਚੀ ਭਗਤਿ ਕਰੇਨਿ ॥ ਸਚੁ ਵਣੰਜਹਿ ਗੁਰ ਸਬਦ ਸਿਉ ਲਾਹਾ ਨਾਮੁ ਲਏਨਿ ॥੨੬॥ ਸੁਇਨਾ ਰੁਪਾ ਪਾਪ ਕਰਿ ਕਰਿ ਸੰਚੀਐ ਚਲੈ ਨ ਚਲਦਿਆ ਨਾਲਿ ॥ ਵਿਣੁ ਨਾਵੈ ਨਾਲਿ ਨ ਚਲਸੀ ਸਭ ਮੁਠੀ ਜਮਕਾਲਿ ॥੨੭॥ ਮਨ ਕਾ ਤੋਸਾ ਹਰਿ ਨਾਮੁ ਹੈ ਹਿਰਦੈ ਰਖਹੁ ਸਮ੍ਹਾਲਿ ॥ ਏਹੁ ਖਰਚੁ ਅਖੁਟੁ ਹੈ ਗੁਰਮੁਖਿ ਨਿਬਹੈ ਨਾਲਿ ॥੨੮॥ ਏ ਮਨ ਮੂਲਹੁ ਭੁਲਿਆ ਜਾਸਹਿ ਪਤਿ ਗਵਾਇ ॥ ਇਹੁ ਜਗਤੁ ਮੋੁਹਿ ਦੂਜੈ ਵਿਆਪਿਆ

ਗੁਰਮਤੀ ਸਚੁ ਧਿਆਇ ੨੯ ॥ ਹਰਿ ਕੀ ਕੀਮਤਿ ਨ ਪਵੈ ਹਰਿ ਜਸੁ ਲਿਖਣੁ ਨ ਜਾਇ ॥ ਗੁਰ ਕੈ ਸਬਦਿ ਮਨੁ ਤਨੁ ਰਪੈ ਹਰਿ ਸਿਉ ਰਹੈ ਸਮਾਇ ॥੩੦॥ ਸੋ ਸਹੁ ਮੇਰਾ ਰੰਗੁਲਾ ਰੰਗੇ ਸਹਜਿ ਸੁਭਾਇ ॥ ਕਾਮਣਿ ਰੰਗੁ ਤਾ ਚੜੈ ਜਾ ਪਿਰ ਕੈ ਅੰਕਿ ਸਮਾਇ ॥੩੧॥ ਚਿਰੀ ਵਿਛੁੰਨੇ ਭੀ ਮਿਲਨਿ ਜੋ ਸਤਿਗੁਰੁ ਸੇਵੰਨਿ ॥ ਅੰਤਰਿ ਨਵ ਨਿਧਿ ਨਾਮੁ ਹੈ ਖਾਨਿ ਖਰਚਨਿ ਨ ਨਿਖੁਟਈ ਹਰਿ ਗੁਣ ਸਹਜਿ ਰਵੰਨਿ ॥੩੨॥ ਨਾ ਓਇ ਜਨਮਹਿ ਨਾ ਮਰਹਿ ਨਾ ਓਇ ਦੁਖ ਸਹੰਨਿ ॥ ਗੁਰਿ ਰਾਖੇ ਸੇ ਉਬਰੇ ਹਰਿ ਸਿਉ ਕੇਲ ਕਰੰਨਿ ॥੩੩॥ ਸਜਣ ਮਿਲੇ ਨ ਵਿਛੁੜਹਿ ਜਿ ਅਨਦਿਨੁ ਮਿਲੇ ਰਹੰਨਿ ॥ ਇਸੁ ਜਗ ਮਹਿ ਵਿਰਲੇ ਜਾਣੀਅਹਿ ਨਾਨਕ ਸਚੁ ਲਹੰਨਿ ॥੩੪॥੧॥੩॥ ਸੂਹੀ ਮਹਲਾ ੩ ॥ ਹਰਿ ਜੀ ਸੂਖਮੁ ਅਗਮੁ ਹੈ (ਪੰਨਾ-੭੫੫)

੧੧੦ ਸਬਦਿ ਸਚੈ ਸਚੁ ਸੋਹਿਲਾ ਜਿਥੈ ਸਚੇ ਕਾ ਹੋਇ ਵੀਚਾਰੋ ਰਾਮ ॥ ਹਉਮੈ ਸਭਿ ਕਿਲਵਿਖ ਕਾਟੇ ਸਾਚੁ ਰਖਿਆ ਉਰਿ ਧਾਰੇ ਰਾਮ ॥ ਸਚੁ ਰਖਿਆ ਉਰ ਧਾਰੇ ਦੁਤਰੁ ਤਾਰੇ ਫਿਰਿ ਭਵਜਲੁ ਤਰਣੁ ਨ ਹੋਈ ॥ ਸਚਾ ਸਤਿਗੁਰੁ ਸਚੀ ਬਾਣੀ ਜਿਨਿ ਸਚੁ ਵਿਖਾਲਿਆ ਸੋਈ ॥ ਸਾਚੇ ਗੁਣ ਗਾਵੈ ਸਚਿ ਸਮਾਵੈ ਸਚੁ ਵੇਖੈ ਸਭੁ ਸੋਈ ॥ ਨਾਨਕ ਸਾਚਾ ਸਾਹਿਬੁ ਸਾਚੀ ਨਾਈ ਸਚੁ ਨਿਸਤਾਰਾ ਹੋਈ ॥੧॥ ਸਾਚੈ ਸਤਿਗੁਰਿ ਸਾਚੁ ਬੁਝਾਇਆ ਪਤਿ ਰਾਖੈ ਸਚੁ ਸੋਈ ਰਾਮ ॥ ਸਚਾ ਭੋਜਨੁ ਭਾਉ ਸਚਾ ਹੈ ਸਚੈ ਨਾਮਿ ਸੁਖੁ ਹੋਈ ਰਾਮ ॥ ਸਾਚੈ ਨਾਮਿ ਸੁਖੁ ਹੋਈ ਮਰੈ ਨ ਕੋਈ ਗਰਭਿ ਨ ਜੂਨੀ ਵਾਸਾ ॥ ਜੋਤੀ ਜੋਤਿ ਮਿਲਾਈ ਸਚਿ ਸਮਾਈ ਸਚਿ ਨਾਇ ਪਰਗਾਸਾ ॥ ਜਿਨੀ ਸਚੁ ਜਾਤਾ ਸੇ ਸਚੇ ਹੋਏ ਅਨਦਿਨੁ ਸਚੁ ਧਿਆਇਨਿ ॥ ਨਾਨਕ ਸਚੁ ਨਾਮੁ ਜਿਨ ਹਿਰਦੈ ਵਸਿਆ ਨਾ ਵੀਛੁੜਿ ਦੁਖੁ ਪਾਇਨਿ ॥੨॥ ਸਚੀ ਬਾਣੀ ਸਚੇ ਗੁਣ ਗਾਵਹਿ ਤਿਤੁ ਘਰਿ ਸੋਹਿਲਾ ਹੋਈ ਰਾਮ ॥ ਨਿਰਮਲ ਗੁਣ ਸਾਚੇ ਤਨੁ ਮਨੁ ਸਾਚਾ ਵਿਚਿ ਸਾਚਾ ਪੁਰਖੁ ਪ੍ਰਭੁ ਸੋਈ ਰਾਮ ॥ ਸਭੁ ਸਚੁ ਵਰਤੈ ਸਚੋ ਬੋਲੈ ਜੋ ਸਚੁ ਕਰੈ ਸੁ ਹੋਈ ॥ ਜਹ ਦੇਖਾ ਤਹ ਸਚੁ ਪਸਰਿਆ ਅਵਰੁ ਨ ਦੂਜਾ ਕੋਈ ॥ ਸਚੇ ਉਪਜੈ ਸਚਿ ਸਮਾਵੈ ਮਰਿ ਜਨਮੈ ਦੂਜਾ ਹੋਈ ॥ ਨਾਨਕ ਸਭੁ ਕਿਛੁ ਆਪੇ ਕਰਤਾ ਆਪਿ ਕਰਾਵੈ ਸੋਈ ॥੩॥ ਸਚੇ ਭਗਤ ਸੋਹਹਿ ਦਰਵਾਰੇ ਸਚੋ ਸਚੁ ਵਖਾਣੇ ਰਾਮ ॥ ਘਟ ਅੰਤਰੇ ਸਾਚੀ ਬਾਣੀ ਸਾਚੋ ਆਪਿ ਪਛਾਣੇ ਰਾਮ ॥ ਆਪੁ ਪਛਾਣਹਿ ਤਾ ਸਚੁ ਜਾਣਹਿ ਸਾਚੇ ਸੋਝੀ ਹੋਈ ॥ ਸਚਾ ਸਬਦੁ ਸਚੀ ਹੈ ਸੋਭਾ ਸਾਚੇ ਹੀ ਸੁਖੁ ਹੋਈ ॥ ਸਾਚਿ ਰਤੇ ਭਗਤ ਇਕ ਰੰਗੀ ਦੂਜਾ ਰੰਗੁ ਨ ਕੋਈ ॥ ਨਾਨਕ ਜਿਸ ਕਉ ਮਸਤਕਿ ਲਿਖਿਆ ਤਿਸੁ ਸਚੁ ਪਰਾਪਤਿ ਹੋਈ ॥੪॥੨॥੩॥ (ਪੰਨਾ-੭੬੯)

੧੧੧ ਸਚਾ ਅਮਰੁ ਚਲਾਇਓਨੁ ਕਰਿ ਸਚੁ ਫੁਰਮਾਣੁ ॥ ਸਦਾ ਨਿਹਚਲੁ ਰਵਿ ਰਹਿਆ ਸੋ ਪੁਰਖੁ ਸੁਜਾਣੁ ॥ ਗੁਰ ਪਰਸਾਦੀ ਸੇਵੀਐ ਸਚੁ ਸਬਦਿ ਨੀਸਾਣੁ ॥ ਪੂਰਾ ਥਾਟੁ ਬਣਾਇਆ ਰੰਗੁ ਗੁਰਮਤਿ ਮਾਣੁ ॥ ਅਗਮ ਅਗੋਚਰੁ ਅਲਖੁ ਹੈ ਗੁਰਮੁਖਿ ਹਰਿ ਜਾਣੁ ॥੧੧॥ (ਪੰਨਾ-੭੮੯)

੧੧੨ ਜਿ ਪ੍ਰਭੁ ਸਾਲਾਹੇ ਆਪਣਾ ਸੋ ਸੋਭਾ ਪਾਏ ॥ ਹਉਮੈ ਵਿਚਹੁ ਦੂਰਿ ਕਰਿ ਸਚੁ ਮੰਨਿ ਵਸਾਏ॥ ਸਚੁ ਬਾਣੀ ਗੁਣ ਉਚਰੈ ਸਚਾ ਸੁਖੁ ਪਾਏ ॥ ਮੇਲੁ ਭਇਆ ਚਿਰੀ ਵਿਛੁੰਨਿਆ ਗੁਰ ਪੁਰਖਿ ਮਿਲਾਏ ॥ ਮਨੁ ਮੈਲਾ ਇਵ ਸੁਧੁ ਹੈ ਹਰਿ ਨਾਮੁ ਧਿਆਏ ॥੧੭॥ (ਪੰਨਾ-੭੯੧)

੧੧੩-॥ ੭ ॥ ਖਸਟੀ ਖਟੁ ਦਰਸਨ ਪ੍ਰਭ ਸਾਜੇ॥ ਅਨਹਦ ਸਬਦੁ ਨਿਰਾਲਾ ਵਾਜੇ ॥ ਜੇ ਪ੍ਰਭ ਭਾਵੈ ਤਾ ਮਹਲਿ ਬੁਲਾਵੈ॥ ਸਬਦੇ ਭੇਦੇ ਤਉ ਪਤਿ ਪਾਵੈ॥ ਕਰਿ ਕਰਿ ਵੇਸ ਖਪਹਿ ਜਲਿ ਜਾਵਹਿ॥ ਸਾਚੈ ਸਾਚੇ ਸਾਚਿ ਸਮਾਵਹਿ ॥੮॥ ਸਪਤਮੀ ਸਤੁ ਸੰਤੋਖੁ ਸਰੀਰਿ॥ ਸਾਤ ਸਮੁੰਦ ਭਰੇ ਨਿਰਮਲ ਨੀਰਿ॥ ਮਜਨੁ ਸੀਲੁ ਸਚੁ ਰਿਦੈ ਵੀਚਾਰਿ ॥ ਗੁਰ ਕੈ ਸਬਦਿ ਪਾਵੈ ਸਭਿ ਪਾਰਿ॥ ਮਨਿ ਸਾਚਾ ਮੁਖਿ ਸਾਚਉ ਭਾਇ ॥ ਸਚੁ ਨੀਸਾਣੈ ਠਾਕ ਨ ਪਾਇ ॥੯॥ ਅਸਟਮੀ ਅਸਟ ਸਿਧਿ ਬੁਧਿ ਸਾਧੈ॥ ਸਚੁ ਨਿਹਕੇਵਲੁ ਕਰਮਿ ਅਰਾਧੈ॥ ਪਉਣ ਪਾਣੀ ਅਗਨੀ ਬਿਸਰਾਉ ॥ ਤਹੀ ਨਿਰੰਜਨੁ ਸਾਚੋ ਨਾਉ॥ ਤਿਸੁ ਮਹਿ ਮਨੂਆ ਰਹਿਆ ਲਿਵ ਲਾਇ ॥ ਪ੍ਰਣਵਤਿ ਨਾਨਕੁ ਕਾਲੁ ਨ ਖਾਇ ॥੧੦॥ ਨਾਉ ਨਉਮੀ ਨਵੇ ਨਾਥ ਨਵ ਖੰਡਾ॥ ਘਟਿ ਘਟਿ ਨਾਥੁ ਮਹਾ ਬਲਵੰਡਾ॥ ਆਈ ਪੂਤਾ ਇਹੁ ਜਗੁ ਸਾਰਾ॥ ਪ੍ਰਭ ਆਦੇਸੁ ਆਦਿ ਰਖਵਾਰਾ॥ ਆਦਿ ਜੁਗਾਦੀ ਹੈ ਭੀ ਹੋਗੁ॥ ਓਹੁ ਅਪਰੰਪਰੁ ਕਰਣੈ ਜੋਗੁ ॥੧੧॥ ਦਸਮੀ ਨਾਮੁ ਦਾਨੁ ਇਸਨਾਨੁ ॥ ਅਨਦਿਨੁ ਮਜਨੁ ਸਚਾ ਗੁਣ ਗਿਆਨੁ॥ ਸਚਿ ਮੈਲੁ ਨ ਲਾਗੈ ਭ੍ਰਮੁ ਭਉ ਭਾਗੈ॥ ਬਿਲਮੁ ਨ ਤੂਟਸਿ ਕਾਚੈ ਤਾਗੈ ॥ ਜਿਉ ਤਾਗਾ ਜਗੁ ਏਵੈ ਜਾਣਹੁ॥ ਅਸਥਿਰੁ ਚੀਤੁ ਸਾਚਿ ਰੰਗੁ ਮਾਣਹੁ ॥੧੨॥ ਏਕਾਦਸੀ ਇਕੁ ਰਿਦੈ ਵਸਾਵੈ॥ ਹਿੰਸਾ ਮਮਤਾ ਮੋਹੁ ਚੁਕਾਵੈ॥ ਫਲੁ ਪਾਵੈ ਬ੍ਰਤੁ ਆਤਮ ਚੀਨੈ ॥ ਪਾਖੰਡਿ ਰਾਚਿ ਤਤੁ ਨਹੀ ਬੀਨੈ ॥ ਨਿਰਮਲੁ ਨਿਰਾਹਾਰੁ ਨਿਹਕੇਵਲੁ॥ ਸੂਚੈ ਸਾਚੇ ਨਾ ਲਾਗੈ ਮਲੁ ॥੧੩॥ ਜਹ ਦੇਖਉ ਤਹ ਏਕੋ ਏਕਾ॥ ਹੋਰਿ ਜੀਅ ਉਪਾਏ ਵੇਕੋ ਵੇਕਾ ॥ ਫਲੋਹਾਰ ਕੀਏ ਫਲੁ ਜਾਇ॥ ਰਸ ਕਸ ਖਾਏ ਸਾਦੁ ਗਵਾਇ॥ ਕੂੜੈ ਲਾਲਚਿ ਲਪਟੈ ਲਪਟਾਇ॥ ਛੂਟੈ ਗੁਰਮੁਖਿ ਸਾਚੁ ਕਮਾਇ ॥੧੪॥ ਦੁਆਦਸਿ ਮੁਦ੍ਰਾ ਮਨੁ ਅਉਧੂਤਾ॥ ਅਹਿਨਿਸਿ ਜਾਗਹਿ ਕਬਹਿ ਨ ਸੂਤਾ॥ ਜਾਗਤੁ ਜਾਗਿ ਰਹੈ ਲਿਵ ਲਾਇ॥ ਗੁਰ ਪਰਚੈ ਤਿਸੁ ਕਾਲੁ ਨ ਖਾਇ॥ ਅਤੀਤ ਭਏ ਮਾਰੇ

ਬੈਰਾਈ ॥ ਪ੍ਰਣਵਤਿ ਨਾਨਕ ਤਹ ਲਿਵ ਲਾਈ ॥੧੫॥ ਦੁਆਦਸੀ ਦਇਆ ਦਾਨੁ ਕਰਿ ਜਾਣੈ ॥ ਬਾਹਰਿ ਜਾਤੋ ਭੀਤਰਿ ਆਣੈ ॥ ਬਰਤੀ ਬਰਤ ਰਹੈ ਨਿਹਕਾਮ ॥ ਅਜਪਾ ਜਾਪੁ ਜਪੈ ਮੁਖਿ ਨਾਮ ॥ ਤੀਨਿ ਭਵਣ ਮਹਿ ਏਕੋ ਜਾਣੈ ॥ ਸਭਿ ਸੁਚਿ ਸੰਜਮ ਸਾਚੁ ਪਛਾਣੈ ॥੧੬॥ ਤੇਰਸਿ ਤਰਵਰ ਸਮੁਦ ਕਨਾਰੈ ॥ ਅੰਮ੍ਰਿਤੁ ਮੂਲੁ ਸਿਖਰਿ ਲਿਵ ਤਾਰੈ ॥ ਡਰ ਡਰਿ ਮਰੈ ਨ ਬੂਡੈ ਕੋਇ ॥ ਨਿਡਰੁ ਬੂਡਿ ਮਰੈ ਪਤਿ ਖੋਇ ॥ ਡਰ ਮਹਿ ਘਰੁ ਘਰ ਮਹਿ ਡਰੁ ਜਾਣੈ ॥ ਤਖਤਿ ਨਿਵਾਸੁ ਸਚੁ ਮਨਿ ਭਾਣੈ ॥੧੭॥ ਚਉਦਸਿ ਚਉਥੇ ਥਾਵਹਿ ਲਹਿ ਪਾਵੈ ॥ ਰਾਜਸ ਤਾਮਸ ਸਤ ਕਾਲ ਸਮਾਵੈ ॥ ਸਸੀਅਰ ਕੈ ਘਰਿ ਸੂਰੁ ਸਮਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥ ਚਉਦਸਿ ਭਵਨ ਪਾਤਾਲ ਸਮਾਏ ॥ ਖੰਡ ਬ੍ਰਹਮੰਡ ਰਹਿਆ ਲਿਵ ਲਾਏ ॥੧੮॥ ਅਮਾਵਸਿਆ ਚੰਦੁ ਗੁਪਤੁ ਗੈਣਾਰਿ ॥ ਬੂਝਹੁ ਗਿਆਨੀ ਸਬਦੁ ਬੀਚਾਰਿ ॥ ਸਸੀਅਰੁ ਗਗਨਿ ਜੋਤਿ ਤਿਹੁ ਲੋਈ ॥ ਕਰਿ ਕਰਿ ਵੇਖੈ ਕਰਤਾ ਸੋਈ ॥ ਗੁਰ ਤੇ ਦੀਸੈ ਸੋ ਤਿਸ ਹੀ ਮਾਹਿ ॥ ਮਨਮੁਖਿ ਭੂਲੇ ਆਵਹਿ ਜਾਹਿ ॥੧੯॥ ਘਰੁ ਦਰੁ ਥਾਪਿ ਥਿਰੁ ਥਾਨਿ ਸੁਹਾਵੈ ॥ ਆਪੁ ਪਛਾਣੈ ਜਾ ਸਤਿਗੁਰੁ ਪਾਵੈ ॥ ਜਹ ਆਸਾ ਤਹ ਬਿਨਸਿ ਬਿਨਾਸਾ ॥ ਫੂਟੈ ਖਪਰੁ ਦੁਬਿਧਾ ਮਨਸਾ ॥ ਮਮਤਾ ਜਾਲ ਤੇ ਰਹੈ ਉਦਾਸਾ ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ ॥੨੦॥੧॥ (ਪੰਨਾ- ੮੩੯)

੧੧੪ ਸਤਿਗੁਰ ਤੇ ਖਾਲੀ ਕੋ ਨਹੀ ਮੇਰੈ ਪ੍ਰਭਿ ਮੇਲਿ ਮਿਲਾਏ ॥ ਸਤਿਗੁਰ ਕਾ ਦਰਸਨੁ ਸਫਲੁ ਹੈ ਜੇਹਾ ਕੋ ਇਛੇ ਤੇਹਾ ਫਲੁ ਪਾਏ ॥ ਗੁਰ ਕਾ ਸਬਦੁ ਅੰਮ੍ਰਿਤੁ ਹੈ ਸਭ ਤ੍ਰਿਸਨਾ ਭੁਖ ਗਵਾਏ ॥ ਹਰਿ ਰਸੁ ਪੀ ਸੰਤੋਖੁ ਹੋਆ ਸਚੁ ਵਸਿਆ ਮਨਿ ਆਏ ॥ ਸਚੁ ਧਿਆਇ ਅਮਰਾ ਪਦੁ ਪਾਇਆ ਅਨਹਦ ਸਬਦ ਵਜਾਏ ॥ ਸਚੋ ਦਹ ਦਿਸਿ ਪਸਰਿਆ ਗੁਰ ਕੈ ਸਹਜਿ ਸੁਭਾਏ ॥ ਨਾਨਕ ਜਿਨ ਅੰਦਰਿ ਸਚੁ ਹੈ ਸੇ ਜਨ ਛਪਹਿ ਨ ਕਿਸੈ ਦੇ ਛਪਾਏ ॥੧॥ (ਪੰਨਾ-੮੫੦)

੧੧੫ ਪਉੜੀ ॥ ਜਿਥੈ ਜਾਈਐ ਜਗਤ ਮਹਿ ਤਿਥੈ ਹਰਿ ਸਾਈ ॥ ਅਗੈ ਸਭੁ ਆਪੇ ਵਰਤਦਾ ਹਰਿ ਸਚਾ ਨਿਆਈ ॥ ਕੂੜਿਆਰਾ ਕੇ ਮੁਹ ਫਿਟਕੀਅਹਿ ਸਚੁ ਭਗਤਿ ਵਡਿਆਈ ॥ ਸਚੁ ਸਾਹਿਬੁ ਸਚਾ ਨਿਆਉ ਹੈ ਸਿਰਿ ਨਿੰਦਕ ਛਾਈ ॥ ਜਨ ਨਾਨਕ ਸਚੁ ਅਰਾਧਿਆ ਗੁਰਮੁਖਿ ਸੁਖੁ ਪਾਈ ॥੫॥ (ਪੰਨਾ-੮੫੧)

੧੧੬ ਪਉੜੀ ॥ ਜਿਥੈ ਜਾਈਐ ਜਗਤ ਮਹਿ ਤਿਥੈ ਹਰਿ ਸਾਈ ॥ ਅਗੈ ਸਭੁ ਆਪੇ ਵਰਤਦਾ ਹਰਿ ਸਚਾ ਨਿਆਈ ॥ ਕੂੜਿਆਰਾ ਕੇ ਮੁਹ ਫਿਟਕੀਅਹਿ ਸਚੁ ਭਗਤਿ ਵਡਿਆਈ ॥ ਸਚੁ ਸਾਹਿਬੁ ਸਚਾ ਨਿਆਉ ਹੈ ਸਿਰਿ ਨਿੰਦਕ ਛਾਈ ॥ ਜਨ ਨਾਨਕ ਸਚੁ ਅਰਾਧਿਆ ਗੁਰਮੁਖਿ ਸੁਖੁ ਪਾਈ ॥੫॥ (ਪੰਨਾ-੮੫੪)

੧੧੭ ਸਭ ਜੁਗ ਮਹਿ ਸਾਚਾ ਏਕੋ ਸੋਈ ॥ ਸਭ ਮਹਿ ਸਚੁ ਦੂਜਾ ਨਹੀ ਕੋਈ ॥ ਸਾਚੀ ਕੀਰਤਿ ਸਚੁ ਸੁਖੁ ਹੋਈ ॥ ਗੁਰਮੁਖਿ ਨਾਮੁ ਵਖਾਣੈ ਕੋਈ ॥੫॥ ਸਭ ਜੁਗ ਮਹਿ ਨਾਮੁ ਊਤਮੁ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥ ਹਰਿ ਨਾਮੁ ਧਿਆਏ ਭਗਤੁ ਜਨੁ ਸੋਈ ॥ ਨਾਨਕ ਜੁਗਿ ਜੁਗਿ ਨਾਮਿ ਵਡਿਆਈ ਹੋਈ ॥੬॥੧॥ (ਪੰਨਾ-੮੮੦)

੧੧੮ ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ ॥ ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ॥ ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ॥ ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ॥ ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ ॥੩੯॥(ਪੰਨਾ-੮੨੨)

੧੧੯ ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣੁ ਥੀਆ॥ ਸਤਿਗੁਰ ਪਰਚੈ ਪਰਮ ਪਦੁ ਪਾਈਐ ਸਾਚੈ ਸਬਦਿ ਸਮਾਇ ਲੀਆ॥ ਏਕੇ ਕਉ ਸਚੁ ਏਕਾ ਜਾਣੈ ਹਉਮੈ ਦੂਜਾ ਦੂਰਿ ਕੀਆ॥ ਸੋ ਜੋਗੀ ਗੁਰ ਸਬਦੁ ਪਛਾਣੈ ਅੰਤਰਿ ਕਮਲੁ ਪ੍ਰਗਾਸੁ ਥੀਆ॥ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ॥ ਨਾਨਕ ਤਾ ਕਉ ਮਿਲੈ ਵਡਾਈ ਆਪੁ ਪਛਾਣੈ ਸਰਬ ਜੀਆ॥੨੪॥ (ਪੰਨਾ-੯੪੦)

੧੨੦ ਪਉੜੀ ॥ ਅੰਬਰੁ ਧਰਤਿ ਵਿਛੋੜਿਅਨੁ ਵਿਚਿ ਸਚਾ ਅਸਰਾਉ ॥ ਘਰੁ ਦਰੁ ਸਭੋ ਸਚੁ ਹੈ ਜਿਸੁ ਵਿਚਿ ਸਚਾ ਨਾਉ॥ ਸਭੁ ਸਚਾ ਹੁਕਮੁ ਵਰਤਦਾ ਗੁਰਮੁਖਿ ਸਚਿ ਸਮਾਉ॥ ਸਚਾ ਆਪਿ ਤਖਤੁ ਸਚਾ ਬਹਿ ਸਚਾ ਕਰੇ ਨਿਆਉ ॥ ਸਭੁ ਸਚੋ ਸਚੁ ਵਰਤਦਾ ਗੁਰਮੁਖਿ ਅਲਖੁ ਲਖਾਈ ॥੬॥ (ਪੰਨਾ-੭੪੯)

੧੨੧ ਨਾਨਕ ਹੁਕਮੈ ਜੋ ਬੁਝੈ ਸੋ ਫਲੁ ਪਾਏ ਸਚੁ॥ ਕਥਨੀ ਬਦਨੀ ਕਰਤਾ ਫਿਰੈ ਹੁਕਮੁ ਨ ਬੂਝੈ ਸਚੁ॥ ਨਾਨਕ ਹਰਿ ਕਾ ਭਾਣਾ ਮੰਨੇ ਸੋ ਭਗਤੁ ਹੋਇ ਵਿਣੁ ਮੰਨੇ ਕਚੁ ਨਿਕਚੁ ॥੧॥ (ਪੰਨਾ-੯੫੦)

੧੨੨ ਮ:੧॥ ਸਚ ਕੀ ਕਾਤੀ ਸਚੁ ਸਭੁ ਸਾਰੁ ॥ ਘਾੜਤ ਤਿਸ ਕੀ ਅਪਰ ਅਪਾਰ ॥ ਸਬਦੇ ਸਾਣ ਰਖਾਈ ਲਾਇ॥ ਗੁਣ ਕੀ ਥੇਕੈ ਵਿਚਿ ਸਮਾਇ ॥ ਤਿਸ ਦਾ ਕੁਠਾ ਹੋਵੈ ਸੇਖੁ ॥ ਲੋਹੂ ਲਬੁ ਨਿਕਥਾ ਵੇਖੁ ॥ ਹੋਇ ਹਲਾਲੁ ਲਗੈ ਹਕਿ ਜਾਇ ॥ ਨਾਨਕ ਦਰਿ ਦੀਦਾਰਿ ਸਮਾਇ॥੨॥ (ਪੰਨਾ-੯੫੬)

੧੨੩ ਦੂਜਾ ਤਿਸੁ ਨ ਬੁਝਾਇਹੁ ਪਾਰਬ੍ਰਹਮ ਨਾਮੁ ਦੇਹੁ ਆਧਾਰੁ ॥ ਅਗਮੁ ਅਗੋਚਰੁ

ਸਾਹਿਬੋ ਸਮਰਥੁ ਸਚੁ ਦਾਤਾਰੁ ॥ ਤੂ ਨਿਹਚਲੁ ਨਿਰਵੈਰੁ ਸਚੁ ਸਚਾ ਤੁਧੁ ਦਰਬਾਰੁ ॥ ਕੀਮਤਿ ਕਹਣੁ ਨ ਜਾਈਐ ਅੰਤੁ ਨ ਪਾਰਾਵਾਰੁ ॥ ਪ੍ਰਭੁ ਛੋਡਿ ਹੋਰੁ ਜਿ ਮੰਗਣਾ ਸਭੁ ਬਿਖਿਆ ਰਸ ਛਾਰੁ ॥ ਸੇ ਸੁਖੀਏ ਸਚੁ ਸਾਹ ਸੇ ਜਿਨ ਸਚਾ ਬਿਉਹਾਰੁ ॥ ਜਿਨਾ ਲਗੀ ਪ੍ਰੀਤਿ ਪ੍ਰਭ ਨਾਮ ਸਹਜ ਸੁਖ ਸਾਰੁ ॥ ਨਾਨਕ ਇਕੁ ਆਰਾਧੇ ਸੰਤਨ ਰੇਣਾਰੁ ॥੧॥ (ਪੰਨਾ-੯੬੨)

੧੨੪ ਮ: ੫ ॥ ਅੰਦਰੁ ਵਿਧਾ ਸਚਿ ਨਾਇ ਬਾਹਰਿ ਭੀ ਸਚੁ ਡਿਠੋਮਿ ॥ ਨਾਨਕ ਰਵਿਆ ਹਭ ਥਾਇ ਵਣਿ ਤ੍ਰਿਣਿ ਤ੍ਰਿਭਵਣਿ ਰੋਮਿ ॥੨॥ (ਪੰਨਾ-੯੬੬)

੧੨੫ ਸਚੁ ਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ ॥ ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ ॥੪॥੫॥੧੪॥ (ਪੰਨਾ-੧੦੦੨)

੧੨੬ ਸਾਚੀ ਸੰਗਤਿ ਥਾਨੁ ਸਚੁ ਸਚੇ ਘਰ ਬਾਰਾ ॥ ਸਚਾ ਭੋਜਨੁ ਭਾਉ ਸਚੁ ਸਚੁ ਨਾਮੁ ਅਧਾਰਾ ॥ ਸਚੀ ਬਾਣੀ ਸੰਤੋਖਿਆ ਸਚਾ ਸਬਦੁ ਵੀਚਾਰਾ ॥੬॥ (ਪੰਨਾ-੧੦੦੯)

੧੨੭ ਸਾਚੀ ਕਾਰ ਕਮਾਵਣੀ ਹੋਰਿ ਲਾਲਚ ਬਾਦਿ ॥ ਇਹੁ ਮਨੁ ਸਾਚੈ ਮੋਹਿਆ ਜਿਹਵਾ ਸਚਿ ਸਾਦਿ ॥ ਬਿਨੁ ਨਾਵੈ ਕੋ ਰਸੁ ਨਹੀ ਹੋਰਿ ਚਲਹਿ ਬਿਖੁ ਲਾਦਿ ॥੧॥ ਐਸਾ ਲਾਲਾ ਮੇਰੇ ਲਾਲ ਕੋ ਸੁਣਿ ਖਸਮ ਹਮਾਰੇ ॥ ਜਿਉ ਫੁਰਮਾਵਹਿ ਤਿਉ ਚਲਾ ਸਚੁ ਲਾਲ ਪਿਆਰੇ ॥੧॥ ਰਹਾਉ ॥ ਅਨਦਿਨੁ ਲਾਲੇ ਚਾਕਰੀ ਗੋਲੇ ਸਿਰਿ ਮੀਰਾ ॥ ਗੁਰ ਬਚਨੀ ਮਨੁ ਵੇਚਿਆ ਸਬਦਿ ਮਨੁ ਧੀਰਾ ॥ ਗੁਰ ਪੂਰੇ ਸਾਬਾਸਿ ਹੈ ਕਾਟੈ ਮਨ ਪੀਰਾ ॥੨॥ ਲਾਲਾ ਗੋਲਾ ਧਣੀ ਕੋ ਕਿਆ ਕਹਉ ਵਡਿਆਈਐ ॥ ਭਾਣੈ ਬਖਸੇ ਪੂਰਾ ਧਣੀ ਸਚੁ ਕਾਰ ਕਮਾਈਐ ॥ ਵਿਛੁੜਿਆ ਕਉ ਮੇਲਿ ਲਏ ਗੁਰ ਕਉ ਬਲਿ ਜਾਈਐ ॥੩॥ ਲਾਲੇ ਗੋਲੇ ਮਤਿ ਖਰੀ ਗੁਰ ਕੀ ਮਤਿ ਨੀਕੀ ॥ ਸਾਚੀ ਸੁਰਤਿ ਸੁਹਾਵਣੀ ਮਨਮੁਖ ਮਤਿ ਫੀਕੀ ॥ ਮਨੁ ਤਨੁ ਤੇਰਾ ਤੂ ਪ੍ਰਭੂ ਸਚੁ ਧੀਰਕ ਧੁਰ ਕੀ ॥੪॥ ਸਾਚੈ ਬੈਸਣੁ ਉਠਣਾ ਸਚੁ ਭੋਜਨੁ ਭਾਖਿਆ ॥ ਚਿਤਿ ਸਚੈ ਵਿਤੋ ਸਚਾ ਸਾਚਾ ਰਸੁ ਚਾਖਿਆ ॥ ਸਾਚੈ ਘਰਿ ਸਾਚੈ ਰਖੇ ਗੁਰ ਬਚਨਿ ਸੁਭਾਖਿਆ ॥੫॥ ਮਨਮੁਖ ਕਉ ਆਲਸੁ ਘਣੋ ਫਾਥੇ ਓਜਾੜੀ ॥ ਫਾਥਾ ਚੁਗੈ ਨਿਤ ਚੋਗੜੀ ਲਗਿ ਬੰਧੁ ਵਿਗਾੜੀ ॥ ਗੁਰ ਪਰਸਾਦੀ ਮੁਕਤੁ ਹੋਇ ਸਾਚੇ ਨਿਜ ਤਾੜੀ ॥੬॥ ਅਨਹਤਿ ਲਾਲਾ ਬੇਧਿਆ ਪ੍ਰਭ ਹੇਤਿ ਪਿਆਰੀ ॥ ਬਿਨੁ ਸਾਚੇ ਜੀਉ ਜਲਿ ਬਲਉ ਝੂਠੇ ਵੇਕਾਰੀ ॥ ਬਾਦਿ ਕਾਰਾ ਸਭਿ ਛੋਡੀਆ ਸਾਚੀ ਤਰੁ ਤਾਰੀ ॥੭॥ ਜਿਨੀ ਨਾਮੁ ਵਿਸਾਰਿਆ ਤਿਨਾ ਠਉਰ ਨ ਠਾਉ ॥ ਲਾਲੈ ਲਾਲਚੁ ਤਿਆਗਿਆ ਪਾਇਆ ਹਰਿ ਨਾਉ ॥ ਤੂ ਬਖਸਹਿ ਤਾ ਮੇਲਿ ਲੈਹਿ ਨਾਨਕ ਬਲਿ ਜਾਉ ॥੮॥੪॥ (ਪੰਨਾ-੧੦੧੦)

੧੨੮ ਮਾਰੂ ਮਹਲਾ ੧ ਦਖਣੀ॥ ਕਾਇਆ ਨਗਰੁ ਨਗਰ ਗੜ ਅੰਦਰਿ ॥ ਸਾਚਾ ਵਾਸਾ ਪੁਰਿ ਗਗਨੰਦਰਿ॥ ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ ॥੧॥ ਅੰਦਰਿ ਕੋਟ ਛਜੇ ਹਟਨਾਲੇ ॥ ਆਪੇ ਲੇਵੈ ਵਸਤੁ ਸਮਾਲੇ ॥ ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥੨॥ ਭੀਤਰਿ ਕੋਟ ਗੁਫਾ ਘਰ ਜਾਈ॥ ਨਉ ਘਰ ਥਾਪੇ ਹੁਕਮਿ ਰਜਾਈ॥ ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥੩॥ ਪਉਣ ਪਾਣੀ ਅਗਨੀ ਇਕ ਵਾਸਾ ॥ ਆਪੇ ਕੀਤੋ ਖੇਲੁ ਤਮਾਸਾ॥ ਬਲਦੀ ਜਲਿ ਨਿਵਰੈ ਕਿਰਪਾ ਤੇ ਆਪੇ ਜਲ ਨਿਧਿ ਪਾਇਦਾ ॥੪॥ ਧਰਤਿ ਉਪਾਇ ਧਰੀ ਧਰਮ ਸਾਲਾ ॥ ਉਤਪਤਿ ਪਰਲਉ ਆਪਿ ਨਿਰਾਲਾ॥ ਪਵਣੈ ਖੇਲੁ ਕੀਆ ਸਭ ਥਾਈ ਕਲਾ ਖਿੰਚਿ ਢਾਹਾਇਦਾ ॥੫॥ ਭਾਰ ਅਠਾਰਹ ਮਾਲਣਿ ਤੇਰੀ॥ ਚਉਰੁ ਢੁਲੈ ਪਵਣੈ ਲੈ ਫੇਰੀ ॥ ਚੰਦੁ ਸੂਰਜੁ ਦੁਇ ਦੀਪਕ ਰਾਖੇ ਸਸਿ ਘਰਿ ਸੂਰੁ ਸਮਾਇਦਾ ॥੬॥ ਪੰਖੀ ਪੰਚ ਉਡਰਿ ਨਹੀ ਧਾਵਹਿ॥ ਸਫਲਿਓ ਬਿਰਖੁ ਅੰਮ੍ਰਿਤ ਫਲੁ ਪਾਵਹਿ ॥ ਗੁਰਮੁਖਿ ਸਹਜਿ ਰਵੈ ਗੁਣ ਗਾਵੈ ਹਰਿ ਰਸੁ ਚੋਗ ਚੁਗਾਇਦਾ ॥੭॥ ਝਿਲਮਿਲਿ ਝਿਲਕੈ ਚੰਦੁ ਨ ਤਾਰਾ॥ ਸੂਰਜ ਕਿਰਣਿ ਨ ਬਿਜੁਲਿ ਗੈਣਾਰਾ॥ ਅਕਥੀ ਕਥਉ ਚਿਹਨੁ ਨਹੀ ਕੋਈ ਪੂਰਿ ਰਹਿਆ ਮਨਿ ਭਾਇਦਾ ॥੮॥ ਪਸਰੀ ਕਿਰਣਿ ਜੋਤਿ ਉਜਿਆਲਾ॥ ਕਰਿ ਕਰਿ ਦੇਖੈ ਆਪਿ ਦਇਆਲਾ॥ ਅਨਹਦ ਰੁਣ ਝੁਣਕਾਰੁ ਸਦਾ ਧੁਨਿ ਨਿਰਭਉ ਕੈ ਘਰਿ ਵਾਇਦਾ ॥੯॥ ਅਨਹਦੁ ਵਾਜੈ ਭ੍ਰਮੁ ਭਉ ਭਾਜੈ ॥ ਸਗਲ ਬਿਆਪਿ ਰਹਿਆ ਪ੍ਰਭੁ ਛਾਜੈ ॥ ਸਭ ਤੇਰੀ ਤੂ ਗੁਰਮੁਖਿ ਜਾਤਾ ਦਰਿ ਸੋਹੈ ਗੁਣ ਗਾਇਦਾ ॥੧੦॥ ਆਦਿ ਨਿਰੰਜਨੁ ਨਿਰਮਲੁ ਸੋਈ॥ ਅਵਰੁ ਨ ਜਾਣਾ ਦੂਜਾ ਕੋਈ॥ ਏਕੰਕਾਰੁ ਵਸੈ ਮਨਿ ਭਾਵੈ ਹਉਮੈ ਗਰਬੁ ਗਵਾਇਦਾ ॥੧੧॥ ਅੰਮ੍ਰਿਤੁ ਪੀਆ ਸਤਿਗੁਰਿ ਦੀਆ॥ ਅਵਰੁ ਨ ਜਾਣਾ ਦੂਆ ਤੀਆ ॥ ਏਕੋ ਏਕੁ ਸੁ ਅਪਰ ਪਰੰਪਰੁ ਪਰਖਿ ਖਜਾਨੈ ਪਾਇਦਾ ॥੧੨॥ ਗਿਆਨੁ ਧਿਆਨੁ ਸਚੁ ਗਹਿਰ ਗੰਭੀਰਾ॥ ਕੋਇ ਨ ਜਾਣੈ ਤੇਰਾ ਚੀਰਾ॥ ਜੇਤੀ ਹੈ ਤੇਤੀ ਤੁਧੁ ਜਾਚੈ ਕਰਮਿ ਮਿਲੈ ਸੋ ਪਾਇਦਾ ॥੧੩॥ ਕਰਮੁ ਧਰਮੁ ਸਚੁ ਹਾਥਿ ਤੁਮਾਰੈ ॥ ਵੇਪਰਵਾਹ ਅਖੁਟ ਭੰਡਾਰੈ॥ ਤੂ ਦਇਆਲੁ ਕਿਰਪਾਲੁ ਸਦਾ ਪ੍ਰਭੁ ਆਪੇ ਮੇਲਿ ਮਿਲਾਇਦਾ ॥੧੪॥ ਆਪੇ ਦੇਖਿ ਦਿਖਾਵੈ ਆਪੇ ॥ ਆਪੇ ਥਾਪਿ ਉਥਾਪੇ ਆਪੇ ॥ ਆਪੇ ਜੋੜਿ ਵਿਛੋੜੇ ਕਰਤਾ ਆਪੇ ਮਾਰਿ ਜੀਵਾਇਦਾ ੧੫॥ ਜੇਤੀ ਹੈ ਤੇਤੀ ਤੁਧੁ ਅੰਦਰਿ ॥ ਦੇਖਹਿ ਆਪਿ ਬੈਸਿ ਬਿਜ ਮੰਦਰਿ॥ ਨਾਨਕੁ ਸਾਚੁ ਕਹੈ ਬੇਨੰਤੀ ਹਰਿ ਦਰਸਨਿ ਸੁਖੁ ਪਾਇਦਾ ॥੧੬॥੧॥੧੩॥ (ਪੰਨਾ-੧੦੩੨)

੧੨੯ ਮਾਰੂ ਮਹਲਾ ੧ ॥ ਸਚੁ ਕਹਹੁ ਸਚੈ ਘਰਿ ਰਹਣਾ ॥ ਜੀਵਤ ਮਰਹੁ ਭਵਜਲੁ

ਜਗੁ ਤਰਣਾ ॥ ਗੁਰੁ ਬੋਹਿਥੁ ਗੁਰੁ ਬੇੜੀ ਤੁਲਹਾ ਮਨ ਹਰਿ ਜਪਿ ਪਾਰਿ ਲੰਘਾਇਆ ॥੧॥ ਹਉਮੈ ਮਮਤਾ ਲੋਭ ਬਿਨਾਸਨੁ ॥ ਨਉ ਦਰ ਮੁਕਤੇ ਦਸਵੈ ਆਸਨੁ ॥ ਊਪਰਿ ਪਰੈ ਪਰੈ ਅਪਰੰਪਰੁ ਜਿਨਿ ਆਪੇ ਆਪੁ ਉਪਾਇਆ ॥੨॥ ਗੁਰਮਤਿ ਲੇਵਹੁ ਹਰਿ ਲਿਵ ਤਰੀਐ ॥ ਅਕਲੁ ਗਾਇ ਜਮ ਤੇ ਕਿਆ ਡਰੀਐ ॥ ਜਤ ਜਤ ਦੇਖਉ ਤਤ ਤਤ ਤੁਮ ਹੀ ਅਵਰੁ ਨ ਦੁਤੀਆ ਗਾਇਆ ॥੩॥ ਸਚੁ ਹਰਿ ਨਾਮੁ ਸਚੁ ਹੈ ਸਰਣਾ ॥ ਸਚੁ ਗੁਰ ਸਬਦੁ ਜਿਤੈ ਲਗਿ ਤਰਣਾ ॥ ਅਕਥੁ ਕਥੈ ਦੇਖੈ ਅਪਰੰਪਰੁ ਫੁਨਿ ਗਰਭਿ ਨ ਜੋਨੀ ਜਾਇਆ ॥੪॥ ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥ ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥ ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥੫॥ ਸਚ ਬਿਨੁ ਭਵਜਲੁ ਜਾਇ ਨ ਤਰਿਆ ॥ ਏਹੁ ਸਮੁੰਦੁ ਅਥਾਹੁ ਮਹਾ ਬਿਖੁ ਭਰਿਆ ॥ ਰਹੈ ਅਤੀਤੁ ਗੁਰਮਤਿ ਲੇ ਊਪਰਿ ਹਰਿ ਨਿਰਭਉ ਕੈ ਘਰਿ ਪਾਇਆ ॥੬॥ ਝੂਠੀ ਜਗ ਹਿਤ ਕੀ ਚਤੁਰਾਈ ॥ ਬਿਲਮ ਨ ਲਾਗੈ ਆਵੈ ਜਾਈ ॥ ਨਾਮੁ ਵਿਸਾਰਿ ਚਲਹਿ ਅਭਿਮਾਨੀ ਉਪਜੈ ਬਿਨਸਿ ਖਪਾਇਆ ॥੭॥ ਉਪਜਹਿ ਬਿਨਸਹਿ ਬੰਧਨ ਬੰਧੇ ॥ ਹਉਮੈ ਮਾਇਆ ਕੇ ਗਲਿ ਫੰਧੇ ॥ ਜਿਸੁ ਰਾਮ ਨਾਮੁ ਨਾਹੀ ਮਤਿ ਗੁਰਮਤਿ ਸੋ ਜਮ ਪੁਰਿ ਬੰਧਿ ਚਲਾਇਆ ॥੮॥ ਗੁਰ ਬਿਨੁ ਮੋਖ ਮੁਕਤਿ ਕਿਉ ਪਾਈਐ ॥ ਬਿਨੁ ਗੁਰ ਰਾਮ ਨਾਮੁ ਕਿਉ ਧਿਆਈਐ ॥ ਗੁਰਮਤਿ ਲੇਹੁ ਤਰਹੁ ਭਵ ਦੁਤਰੁ ਮੁਕਤਿ ਭਏ ਸੁਖੁ ਪਾਇਆ ॥੯॥ ਗੁਰਮਤਿ ਕ੍ਰਿਸਨਿ ਗੋਵਰਧਨ ਧਾਰੇ ॥ ਗੁਰਮਤਿ ਸਾਇਰਿ ਪਾਹਣ ਤਾਰੇ ॥ ਗੁਰਮਤਿ ਲੇਹੁ ਪਰਮ ਪਦੁ ਪਾਈਐ ਨਾਨਕ ਗੁਰਿ ਭਰਮੁ ਚੁਕਾਇਆ ॥੧੦॥ ਗੁਰਮਤਿ ਲੇਹੁ ਤਰਹੁ ਸਚੁ ਤਾਰੀ ॥ ਆਤਮ ਚੀਨਹੁ ਰਿਦੈ ਮੁਰਾਰੀ ॥ ਜਮ ਕੇ ਫਾਹੇ ਕਾਟਹਿ ਹਰਿ ਜਪਿ ਅਕੁਲ ਨਿਰੰਜਨੁ ਪਾਇਆ ॥੧੧॥ ਗੁਰਮਤਿ ਪੰਚ ਸਖੇ ਗੁਰ ਭਾਈ ॥ ਗੁਰਮਤਿ ਅਗਨਿ ਨਿਵਾਰਿ ਸਮਾਈ ॥ ਮਨਿ ਮੁਖਿ ਨਾਮੁ ਜਪਹੁ ਜਗਜੀਵਨ ਰਿਦ ਅੰਤਰਿ ਅਲਖੁ ਲਖਾਇਆ ॥੧੨॥ ਗੁਰਮੁਖਿ ਬੂਝੈ ਸਬਦਿ ਪਤੀਜੈ ॥ ਉਸਤਤਿ ਨਿੰਦਾ ਕਿਸ ਕੀ ਕੀਜੈ ॥ ਚੀਨਹੁ ਆਪੁ ਜਪਹੁ ਜਗਦੀਸਰੁ ਹਰਿ ਜਗੰਨਾਥੁ ਮਨਿ ਭਾਇਆ ॥੧੩॥ ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ॥ ਗੁਰਮੁਖਿ ਬੂਝਹੁ ਸਬਦਿ ਪਛਾਣਹੁ ॥ ਘਟਿ ਘਟਿ ਭੋਗੇ ਭੋਗਣਹਾਰਾ ਰਹੈ ਅਤੀਤੁ ਸਬਾਇਆ ॥੧੪॥ ਗੁਰਮਤਿ ਬੋਲਹੁ ਹਰਿ ਜਸੁ ਸੂਚਾ ॥ ਗੁਰਮਤਿ ਆਖੀ ਦੇਖਹੁ ਊਚਾ ॥ ਸ੍ਰਵਣੀ ਨਾਮੁ ਸੁਣੈ ਹਰਿ ਬਾਣੀ ਨਾਨਕ ਹਰਿ ਰੰਗਿ ਰੰਗਾਇਆ ॥੧੫॥੩॥੨੦॥ (ਪੰਨਾ-੧੦੩੯)

੧੩੦ ਮਾਰੂ ਮਹਲਾ ੩ ॥ ਸਚੈ ਸਚਾ ਤਖਤੁ ਰਚਾਇਆ ॥ ਨਿਜ ਘਰਿ ਵਸਿਆ ਤਿਥੈ ਮੋਹੁ ਨ ਮਾਇਆ ॥ ਸਦ ਹੀ ਸਾਚੁ ਵਸਿਆ ਘਟ ਅੰਤਰਿ ਗੁਰਮੁਖਿ ਕਰਣੀ

ਸਾਰੀ ਹੇ ॥੧॥ ਸਚਾ ਸਉਦਾ ਸਚੁ ਵਾਪਾਰਾ ॥ ਨ ਤਿਥੈ ਭਰਮੁ ਨ ਦੂਜਾ ਪਸਾਰਾ ॥ ਸਚਾ ਧਨੁ ਖਟਿਆ ਕਦੇ ਤੋਟਿ ਨ ਆਵੈ ਬੂਝੈ ਕੋ ਵੀਚਾਰੀ ਹੇ ॥੨॥ ਸਚੈ ਲਾਏ ਸੇ ਜਨ ਲਾਗੇ ॥ ਅੰਤਰਿ ਸਬਦੁ ਮਸਤਕਿ ਵਡਭਾਗੇ ॥ ਸਚੈ ਸਬਦਿ ਸਦਾ ਗੁਣ ਗਾਵਹਿ ਸਬਦਿ ਰਤੇ ਵੀਚਾਰੀ ਹੇ ॥੩॥ ਸਚੋ ਸਚਾ ਸਚੁ ਸਾਲਾਹੀ ॥ ਏਕੋ ਵੇਖਾ ਦੂਜਾ ਨਾਹੀ ॥ ਗੁਰਮਤਿ ਊਚੋ ਊਚੀ ਪਉੜੀ ਗਿਆਨਿ ਰਤਨਿ ਹਉਮੈ ਮਾਰੀ ਹੇ ॥੪॥ ਮਾਇਆ ਮੋਹੁ ਸਬਦਿ ਜਲਾਇਆ ॥ ਸਚੁ ਮਨਿ ਵਸਿਆ ਜਾ ਤੁਧੁ ਭਾਇਆ ॥ ਸਚੇ ਕੀ ਸਭ ਸਚੀ ਕਰਣੀ ਹਉਮੈ ਤਿਖਾ ਨਿਵਾਰੀ ਹੇ ॥੫॥ ਮਾਇਆ ਮੋਹੁ ਸਭੁ ਆਪੇ ਕੀਨਾ ॥ ਗੁਰਮੁਖਿ ਵਿਰਲੈ ਕਿਨ ਹੀ ਚੀਨਾ ॥ ਗੁਰਮੁਖਿ ਹੋਵੈ ਸੁ ਸਚੁ ਕਮਾਵੈ ਸਾਚੀ ਕਰਣੀ ਸਾਰੀ ਹੇ ॥੬॥ ਕਾਰ ਕਮਾਈ ਜੋ ਮੇਰੇ ਪ੍ਰਭ ਭਾਈ ॥ ਹਉਮੈ ਤ੍ਰਿਸਨਾ ਸਬਦਿ ਬੁਝਾਈ ॥ ਗੁਰਮਤਿ ਸਦ ਹੀ ਅੰਤਰੁ ਸੀਤਲੁ ਹਉਮੈ ਮਾਰਿ ਨਿਵਾਰੀ ਹੇ ॥੭॥ ਸਚਿ ਲਗੇ ਤਿਨ ਸਭੁ ਕਿਛੁ ਭਾਵੈ ॥ ਸਚੈ ਸਬਦੇ ਸਚਿ ਸੁਹਾਵੈ ॥ ਐਥੈ ਸਾਚੇ ਸੇ ਦਰਿ ਸਾਚੇ ਨਦਰੀ ਨਦਰਿ ਸਵਾਰੀ ਹੇ ॥੮॥ ਬਿਨੁ ਸਾਚੇ ਜੋ ਦੂਜੈ ਲਾਇਆ ॥ ਮਾਇਆ ਮੋਹ ਦੁਖ ਸਬਾਇਆ ॥ ਬਿਨੁ ਗੁਰ ਦੁਖੁ ਸੁਖੁ ਜਾਪੈ ਨਾਹੀ ਮਾਇਆ ਮੋਹ ਦੁਖੁ ਭਾਰੀ ਹੇ ॥੯॥ ਸਾਚਾ ਸਬਦੁ ਜਿਨਾ ਮਨਿ ਭਾਇਆ ॥ ਪੂਰਬਿ ਲਿਖਿਆ ਤਿਨੀ ਕਮਾਇਆ ॥ ਸਚੋ ਸੇਵਹਿ ਸਚੁ ਧਿਆਵਹਿ ਸਚਿ ਰਤੇ ਵੀਚਾਰੀ ਹੇ ॥੧੦॥ ਗੁਰ ਕੀ ਸੇਵਾ ਮੀਠੀ ਲਾਗੀ ॥ ਅਨਦਿਨੁ ਸੂਖ ਸਹਜ ਸਮਾਧੀ ॥ ਹਰਿ ਹਰਿ ਕਰਤਿਆ ਮਨੁ ਨਿਰਮਲੁ ਹੋਆ ਗੁਰ ਕੀ ਸੇਵ ਪਿਆਰੀ ਹੇ ॥੧੧॥ ਸੇ ਜਨ ਸੁਖੀਏ ਸਤਿਗੁਰਿ ਸਚੇ ਲਾਏ ॥ ਆਪੇ ਭਾਣੇ ਆਪਿ ਮਿਲਾਏ ॥ ਸਤਿਗੁਰਿ ਰਾਖੇ ਸੇ ਜਨ ਉਬਰੇ ਹੋਰ ਮਾਇਆ ਮੋਹ ਖੁਆਰੀ ਹੇ ॥੧੨॥ ਗੁਰਮੁਖਿ ਸਾਚਾ ਸਬਦਿ ਪਛਾਤਾ ॥ ਨਾ ਤਿਸੁ ਕੁਟੰਬੁ ਨਾ ਤਿਸੁ ਮਾਤਾ ॥ ਏਕੋ ਏਕੁ ਰਵਿਆ ਸਭ ਅੰਤਰਿ ਸਭਨਾ ਜੀਆ ਕਾ ਆਧਾਰੀ ਹੇ ॥੧੩॥ ਹਉਮੈ ਮੇਰਾ ਦੂਜਾ ਭਾਇਆ ॥ ਕਿਛੁ ਨ ਚਲੈ ਧੁਰਿ ਖਸਮਿ ਲਿਖਿ ਪਾਇਆ ॥ ਗੁਰ ਸਾਚੇ ਤੇ ਸਾਚੁ ਕਮਾਵਹਿ ਸਾਚੈ ਦੂਖ ਨਿਵਾਰੀ ਹੇ ॥੧੪॥ ਜਾ ਤੂ ਦੇਹਿ ਸਦਾ ਸੁਖੁ ਪਾਏ ॥ ਸਾਚੈ ਸਬਦੇ ਸਾਚੁ ਕਮਾਏ ॥ ਅੰਦਰੁ ਸਾਚਾ ਮਨੁ ਤਨੁ ਸਾਚਾ ਭਗਤਿ ਭਰੇ ਭੰਡਾਰੀ ਹੇ ॥੧੫॥ ਆਪੇ ਵੇਖੈ ਹੁਕਮਿ ਚਲਾਏ ॥ ਅਪਣਾ ਭਾਣਾ ਆਪਿ ਕਰਾਏ ॥ ਨਾਨਕ ਨਾਮਿ ਰਤੇ ਬੈਰਾਗੀ ਮਨੁ ਤਨੁ ਰਸਨਾ ਨਾਮਿ ਸਵਾਰੀ ਹੇ ॥੧੬॥੭॥ (ਪੰਨਾ-੧੦੫੧)

੧੩੧ ਮਾਰੂ ਮਹਲਾ ੩ ॥ ਗੁਰਮੁਖਿ ਨਾਦ ਬੇਦ ਬੀਚਾਰੁ ॥ ਗੁਰਮੁਖਿ ਗਿਆਨੁ ਧਿਆਨੁ ਆਪਾਰੁ ॥ ਗੁਰਮੁਖਿ ਕਾਰ ਕਰੇ ਪ੍ਰਭ ਭਾਵੈ ਗੁਰਮੁਖਿ ਪੂਰਾ ਪਾਇਦਾ ॥੧॥ ਗੁਰਮੁਖਿ ਮਨੂਆ ਉਲਟਿ ਪਰਾਵੈ ॥ ਗੁਰਮੁਖਿ ਬਾਣੀ ਨਾਦੁ ਵਜਾਵੈ ॥ ਗੁਰਮੁਖਿ

ਸਚਿ ਰਤੇ ਬੈਰਾਗੀ ਨਿਜ ਘਰਿ ਵਾਸਾ ਪਾਇਦਾ ॥੨॥ ਗੁਰ ਕੀ ਸਾਖੀ ਅੰਮ੍ਰਿਤ ਭਾਖੀ ॥ ਸਚੈ ਸਬਦੇ ਸਚੁ ਸੁਭਾਖੀ ॥ ਸਦਾ ਸਚਿ ਰੰਗਿ ਰਾਤਾ ਮਨੁ ਮੇਰਾ ਸਚੇ ਸਚਿ ਸਮਾਇਦਾ ॥੩॥ ਗੁਰਮੁਖਿ ਮਨੁ ਨਿਰਮਲੁ ਸਤ ਸਰਿ ਨਾਵੈ ॥ ਮੈਲੁ ਨ ਲਾਗੈ ਸਚਿ ਸਮਾਵੈ ॥ ਸਚੋ ਸਚੁ ਕਮਾਵੈ ਸਦ ਹੀ ਸਚੀ ਭਗਤਿ ਦ੍ਰਿੜਾਇਦਾ ॥੪॥ ਗੁਰਮੁਖਿ ਸਚੁ ਬੈਣੀ ਗੁਰਮੁਖਿ ਸਚੁ ਨੈਣੀ ॥ ਗੁਰਮੁਖਿ ਸਚੁ ਕਮਾਵੈ ਕਰਣੀ ॥ ਸਦ ਹੀ ਸਚੁ ਕਹੈ ਦਿਨੁ ਰਾਤੀ ਅਵਰਾ ਸਚੁ ਕਹਾਇਦਾ ॥੫॥ ਗੁਰਮੁਖਿ ਸਚੀ ਊਤਮ ਬਾਣੀ ॥ ਗੁਰਮੁਖਿ ਸਚੋ ਸਚੁ ਵਖਾਣੀ ॥ ਗੁਰਮੁਖਿ ਸਦ ਸੇਵਹਿ ਸਚੋ ਸਚਾ ਗੁਰਮੁਖਿ ਸਬਦੁ ਸੁਣਾਇਦਾ ॥੬॥ ਗੁਰਮੁਖਿ ਹੋਵੈ ਸੁ ਸੋਝੀ ਪਾਏ ॥ ਹਉਮੈ ਮਾਇਆ ਭਰਮੁ ਗਵਾਏ ॥ ਗੁਰ ਕੀ ਪਉੜੀ ਊਤਮ ਊਚੀ ਦਰਿ ਸਚੈ ਹਰਿ ਗੁਣ ਗਾਇਦਾ ॥੭॥ ਗੁਰਮੁਖਿ ਸਚੁ ਸੰਜਮੁ ਕਰਣੀ ਸਾਰੁ ॥ ਗੁਰਮੁਖਿ ਪਾਏ ਮੋਖ ਦੁਆਰੁ ॥ ਭਾਇ ਭਗਤਿ ਸਦਾ ਰੰਗਿ ਰਾਤਾ ਆਪੁ ਗਵਾਇ ਸਮਾਇਦਾ ॥੮॥ ਗੁਰਮੁਖਿ ਹੋਵੈ ਮਨੁ ਖੋਜਿ ਸੁਣਾਏ ॥ ਸਚੈ ਨਾਮਿ ਸਦਾ ਲਿਵ ਲਾਏ ॥ ਜੋ ਤਿਸੁ ਭਾਵੈ ਸੋਈ ਕਰਸੀ ਜੋ ਸਚੇ ਮਨਿ ਭਾਇਦਾ ॥੯॥ ਜਾ ਤਿਸੁ ਭਾਵੈ ਸਤਿਗੁਰੂ ਮਿਲਾਏ ॥ ਜਾ ਤਿਸੁ ਭਾਵੈ ਤਾ ਮੰਨਿ ਵਸਾਏ ॥ ਆਪਣੈ ਭਾਣੈ ਸਦਾ ਰੰਗਿ ਰਾਤਾ ਭਾਣੈ ਮੰਨਿ ਵਸਾਇਦਾ ॥੧੦॥ ਮਨਹਠਿ ਕਰਮ ਕਰੇ ਸੋ ਛੀਜੈ ॥ ਬਹੁਤੇ ਭੇਖ ਕਰੇ ਨਹੀ ਭੀਜੈ ॥ ਬਿਖਿਆ ਰਾਤੇ ਦੁਖੁ ਕਮਾਵਹਿ ਦੁਖੇ ਦੁਖਿ ਸਮਾਇਦਾ ॥੧੧॥ ਗੁਰਮੁਖਿ ਹੋਵੈ ਸੁ ਸੁਖੁ ਕਮਾਏ ॥ ਮਰਣ ਜੀਵਣ ਕੀ ਸੋਝੀ ਪਾਏ ॥ ਮਰਣੁ ਜੀਵਣੁ ਜੋ ਸਮ ਕਰਿ ਜਾਣੈ ਸੋ ਮੇਰੇ ਪ੍ਰਭ ਭਾਇਦਾ ੧੨॥ ਗੁਰਮੁਖਿ ਮਰਹਿ ਸੁ ਹਹਿ ਪਰਵਾਣੁ ॥ ਆਵਣ ਜਾਣਾ ਸਬਦੁ ਪਛਾਣੁ ॥ ਮਰੈ ਨ ਜੰਮੈ ਨਾ ਦੁਖੁ ਪਾਏ ਮਨ ਹੀ ਮਨਹਿ ਸਮਾਇਦਾ ॥੧੩॥ ਸੇ ਵਡਭਾਗੀ ਜਿਨੀ ਸਤਿਗੁਰੁ ਪਾਇਆ ॥ ਹਉਮੈ ਵਿਚਹੁ ਮੋਹੁ ਚੁਕਾਇਆ ॥ ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ ਦਰਿ ਸਚੈ ਸੋਭਾ ਪਾਇਦਾ ॥੧੪॥ ਆਪੇ ਕਰੇ ਕਰਾਏ ਆਪੇ ॥ ਆਪੇ ਵੇਖੈ ਥਾਪਿ ਉਥਾਪੇ ॥ ਗੁਰਮੁਖਿ ਸੇਵਾ ਮੇਰੇ ਪ੍ਰਭ ਭਾਵੈ ਸਚੁ ਸੁਣਿ ਲੇਖੈ ਪਾਇਦਾ ॥੧੫॥ ਗੁਰਮੁਖਿ ਸਚੋ ਸਚੁ ਕਮਾਵੈ ॥ ਗੁਰਮੁਖਿ ਨਿਰਮਲੁ ਮੈਲੁ ਨ ਲਾਵੈ॥ ਨਾਨਕ ਨਾਮਿ ਰਤੇ ਵੀਚਾਰੀ ਨਾਮੇ ਨਾਮਿ ਸਮਾਇਦਾ॥ ੧੬॥ ੧॥ ੧੫॥ (ਪੰਨਾ-੧੦੫੮)

੧੩੨ ਜਤੁ ਸਤੁ ਸੰਜਮੁ ਜਿ ਸਚੁ ਕਮਾਵੈ ॥ ਇਹੁ ਮਨੁ ਨਿਰਮਲੁ ਜਿ ਹਰਿ ਗੁਣ ਗਾਵੈ ॥ ਇਸੁ ਬਿਖੁ ਮਹਿ ਅੰਮ੍ਰਿਤੁ ਪਰਾਪਤਿ ਹੋਵੈ ਹਰਿ ਜੀਉ ਮੇਰੇ ਭਾਇਆ ॥੧੧॥ ਜਿਸ ਨੋ ਬੁਝਾਏ ਸੋਈ ਬੂਝੈ ॥ ਹਰਿ ਗੁਣ ਗਾਵੈ ਅੰਦਰੁ ਸੂਝੈ ॥ ਹਉਮੈ ਮੇਰਾ ਠਾਕਿ ਰਹਾਏ ਸਹਜੇ ਹੀ ਸਚੁ ਪਾਇਆ ॥੧੨॥ ਬਿਨੁ ਕਰਮਾ ਹੋਰ ਫਿਰੈ ਘਨੇਰੀ

॥ ਮਰਿ ਮਰਿ ਜੰਮੈ ਚੁਕੈ ਨ ਫੇਰੀ ॥ ਬਿਖੁ ਕਾ ਰਾਤਾ ਬਿਖੁ ਕਮਾਵੈ ਸੁਖੁ ਨ ਕਬਹੂ ਪਾਇਆ ॥੧੩॥ ਬਹੁਤੇ ਭੇਖ ਕਰੇ ਭੇਖਧਾਰੀ ॥ ਬਿਨੁ ਸਬਦੈ ਹਉਮੈ ਕਨੈ ਨ ਮਾਰੀ ॥ ਜੀਵਤੁ ਮਰੈ ਤਾ ਮੁਕਤਿ ਪਾਏ ਸਚੈ ਨਾਇ ਸਮਾਇਆ ॥੧੪॥ ਅਗਿਆਨੁ ਤ੍ਰਿਸਨਾ ਇਸੁ ਤਨਹਿ ਜਲਾਏ ॥ ਤਿਸ ਦੀ ਬੂਝੈ ਜਿ ਗੁਰ ਸਬਦੁ ਕਮਾਏ ॥ ਤਨੁ ਮਨੁ ਸੀਤਲੁ ਕ੍ਰੋਧੁ ਨਿਵਾਰੇ ਹਉਮੈ ਮਾਰਿ ਸਮਾਇਆ ॥੧੫॥ ਸਚਾ ਸਾਹਿਬੁ ਸਚੀ ਵਡਿਆਈ ॥ ਗੁਰ ਪਰਸਾਦੀ ਵਿਰਲੈ ਪਾਈ ॥ ਨਾਨਕੁ ਏਕ ਕਹੈ ਬੇਨੰਤੀ ਨਾਮੇ ਨਾਮਿ ਸਮਾਇਆ ॥੧੬॥੧॥੨੩॥ (ਪੰਨਾ-੧੦੬੭)

੧੩੩ ਸਚਾ ਆਪਿ ਸਵਾਰਣਹਾਰਾ ॥ ਅਵਰ ਨ ਸੂਝਸਿ ਬੀਜੀ ਕਾਰਾ ॥ ਗੁਰਮੁਖਿ ਸਚੁ ਵਸੈ ਘਟ ਅੰਤਰਿ ਸਹਜੇ ਸਚਿ ਸਮਾਈ ਹੇ ॥੧॥ ਸਭਨਾ ਸਚੁ ਵਸੈ ਮਨ ਮਾਹੀ ॥ ਗੁਰ ਪਰਸਾਦੀ ਸਹਜਿ ਸਮਾਹੀ ॥ ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ ਗੁਰ ਚਰਣੀ ਚਿਤੁ ਲਾਈ ਹੇ ॥੨॥ (ਪੰਨਾ-੧੦੬੯)

੧੩੪ ਕਰੈ ਅਨੰਦੁ ਅਨੰਦੀ ਮੇਰਾ ॥ ਘਟਿ ਘਟਿ ਪੂਰਨੁ ਸਿਰ ਸਿਰਹਿ ਨਿਬੇਰਾ ॥ ਸਿਰਿ ਸਾਹਾ ਕੈ ਸਚਾ ਸਾਹਿਬੁ ਅਵਰੁ ਨਾਹੀ ਕੋ ਦੂਜਾ ਹੇ ॥੧॥ ਹਰਖਵੰਤ ਆਨੰਤ ਦਇਆਲਾ ॥ ਪ੍ਰਗਟਿ ਰਹਿਓ ਪ੍ਰਭੁ ਸਰਬ ਉਜਾਲਾ॥ ਰੂਪ ਕਰੇ ਕਰਿ ਵੇਖੈ ਵਿਗਸੈ ਆਪੇ ਹੀ ਆਪਿ ਪੂਜਾ ਹੇ ॥੨॥ ਆਪੇ ਕੁਦਰਤਿ ਕਰੇ ਵੀਚਾਰਾ ॥ ਆਪੇ ਹੀ ਸਚੁ ਕਰੇ ਪਸਾਰਾ॥ ਆਪੇ ਖੇਲ ਖਿਲਾਵੈ ਦਿਨੁ ਰਾਤੀ ਆਪੇ ਸੁਣਿ ਸੁਣਿ ਭੀਜਾ ਹੇ ॥੩॥ ਸਾਚਾ ਤਖਤੁ ਸਚੀ ਪਾਤਿਸਾਹੀ॥ ਸਚੁ ਖਜੀਨਾ ਸਾਚਾ ਸਾਹੀ ॥ ਆਪੇ ਸਚੁ ਧਾਰਿਓ ਸਭੁ ਸਾਚਾ ਸਚੇ ਸਚਿ ਵਰਤੀਜਾ ਹੇ ॥੪॥ ਸਚੁ ਤਪਾਵਸੁ ਸਚੇ ਕੇਰਾ॥ ਸਾਚਾ ਥਾਨੁ ਸਦਾ ਪ੍ਰਭ ਤੇਰਾ॥ ਸਚੀ ਕੁਦਰਤਿ ਸਚੀ ਬਾਣੀ ਸਚੁ ਸਾਹਿਬ ਸੁਖੁ ਕੀਜਾ ਹੇ ॥੫॥ ਏਕੋ ਆਪਿ ਤੂਹੈ ਵਡ ਰਾਜਾ॥ ਹੁਕਮਿ ਸਚੇ ਕੈ ਪੂਰੇ ਕਾਜਾ॥ ਅੰਤਰਿ ਬਾਹਰਿ ਸਭੁ ਕਿਛੁ ਜਾਣੈ ਆਪੇ ਹੀ ਆਪਿ ਪਤੀਜਾ ਹੇ ॥੬॥ (ਪੰਨਾ-੧੦੭੩)

੧੩੫ ਪਉੜੀ ॥ ਨਿਹਕੰਟਕ ਰਾਜੁ ਭੁੰਚਿ ਤੂ ਗੁਰਮੁਖਿ ਸਚੁ ਕਮਾਈ ॥ ਸਚੈ ਤਖਤਿ ਬੈਠਾ ਨਿਆਉ ਕਰਿ ਸਤਸੰਗਤਿ ਮੇਲਿ ਮਿਲਾਈ ॥ ਸਚਾ ਉਪਦੇਸੁ ਹਰਿ ਜਾਪਣਾ ਹਰਿ ਸਿਉ ਬਣਿ ਆਈ ॥ ਐਥੈ ਸੁਖਦਾਤਾ ਮਨਿ ਵਸੈ ਅੰਤਿ ਹੋਇ ਸਖਾਈ ॥ ਹਰਿ ਸਿਉ ਪ੍ਰੀਤਿ ਊਪਜੀ ਗੁਰਿ ਸੋਝੀ ਪਾਈ ॥੨॥ (ਪੰਨਾ-੧੦੮੭)

੧੩੬ ਸਲੋਕੁ ਮ: ੧ ॥ ਨਾ ਮੈਲਾ ਨਾ ਧੁੰਧਲਾ ਨਾ ਭਗਵਾ ਨਾ ਕਚੁ ॥ ਨਾਨਕ ਲਾਲੋ ਲਾਲੁ ਹੈ ਸਚੈ ਰਤਾ ਸਚੁ ॥੧॥ (ਪੰਨਾ-੧੦੮੯)

੧੩੭ ਪਉੜੀ ॥ ਤੂ ਸਚਾ ਸਾਹਿਬੁ ਸਚੁ ਸਚੁ ਸਭੁ ਧਾਰਿਆ ॥ ਗੁਰਮੁਖਿ ਕੀਤੋ ਥਾਟੁ ਸਿਰਜਿ ਸੰਸਾਰਿਆ ॥ ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ ॥ ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ ॥ ਨਵ ਖੰਡ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ ॥ ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ ॥ ਤੇਰਾ ਅੰਤੁ ਨ ਜਾਣੈ ਕੋਇ ਸਚੁ ਸਿਰਜਣਹਾਰਿਆ ॥ ਤੂ ਜਾਣਹਿ ਸਭ ਬਿਧਿ ਆਪਿ ਗੁਰਮੁਖਿ ਨਿਸਤਾਰਿਆ ॥੧॥ (ਪੰਨਾ-੧੦੯੪)

੧੩੮ ਮ: ੫ ॥ ਸਚੁ ਜਾਣੈ ਕਚੁ ਵੈਦਿਓ ਤੂ ਆਘੂ ਆਘੇ ਸਲਵੇ ॥ ਨਾਨਕ ਆਤਸੜੀ ਮੰਝਿ ਨੈਣੂ ਬਿਆ ਢਲਿ ਪਬਣਿ ਜਿਉ ਜੁੰਮਿਓ ॥੨॥ (ਪੰਨਾ-੧੦੯੫)

੧੩੯ ਗੁਣ ਗੁਣਹਿ ਸਮਾਣੇ ਮਸਤਕਿ ਨਾਮ ਨੀਸਾਣੋ ॥ ਸਚੁ ਸਾਚਿ ਸਮਾਇਆ ਚੂਕਾ ਆਵਣ ਜਾਣੋ ॥ ਸਚੁ ਸਾਚਿ ਪਛਾਤਾ ਸਾਚੈ ਰਾਤਾ ਸਾਚੁ ਮਿਲੈ ਮਨਿ ਭਾਵੈ ॥ ਸਾਚੇ ਊਪਰਿ ਅਵਰੁ ਨ ਦੀਸੈ ਸਾਚੇ ਸਾਚਿ ਸਮਾਵੈ ॥ ਮੋਹਨਿ ਮੋਹਿ ਲੀਆ ਮਨੁ ਮੇਰਾ ਬੰਧਨ ਖੋਲਿ ਨਿਰਾਰੇ ॥ ਨਾਨਕ ਜੋਤੀ ਜੋਤਿ ਸਮਾਣੀ ਜਾ ਮਿਲਿਆ ਅਤਿ ਪਿਆਰੇ ॥੩॥ ਸਚ ਘਰੁ ਖੋਜਿ ਲਹੇ ਸਾਚਾ ਗੁਰ ਥਾਨੋ ॥ ਮਨਮੁਖਿ ਨਹ ਪਾਈਐ ਗੁਰਮੁਖਿ ਗਿਆਨੋ ॥ ਦੇਵੈ ਸਚੁ ਦਾਨੋ ਸੋ ਪਰਵਾਨੋ ਸਦ ਦਾਤਾ ਵਡ ਦਾਨਾ ॥ ਅਮਰੁ ਅਜੋਨੀ ਅਸਥਿਰੁ ਜਾਪੈ ਸਾਚਾ ਮਹਲੁ ਚਿਰਾਣਾ ॥ ਦੋਤਿ ਉਚਾਪਤਿ ਲੇਖੁ ਨ ਲਿਖੀਐ ਪ੍ਰਗਟੀ ਜੋਤਿ ਮੁਰਾਰੀ ॥ ਨਾਨਕ ਸਾਚਾ ਸਾਚੈ ਰਾਚਾ ਗੁਰਮੁਖਿ ਤਰੀਐ ਤਾਰੀ ॥੪॥੫॥ (ਪੰਨਾ-੧੧੧੨)

੧੪੦ ਏਕੋ ਸੇਵਹੁ ਅਵਰੁ ਨ ਕੋਇ ॥ ਜਿਤੁ ਸੇਵਿਐ ਸਦਾ ਸੁਖੁ ਹੋਇ ॥ ਨਾ ਓਹੁ ਮਰੈ ਨ ਆਵੈ ਜਾਇ ॥ ਤਿਸੁ ਬਿਨੁ ਅਵਰੁ ਸੇਵੀ ਕਿਉ ਮਾਇ ॥੨॥ ਸੇ ਜਨ ਸਾਚੇ ਜਿਨੀ ਸਾਚੁ ਪਛਾਣਿਆ ॥ ਆਪੁ ਮਾਰਿ ਸਹਜੇ ਨਾਮਿ ਸਮਾਣਿਆ ॥ ਗੁਰਮੁਖਿ ਨਾਮੁ ਪਰਾਪਤਿ ਹੋਇ ॥ ਮਨੁ ਨਿਰਮਲੁ ਨਿਰਮਲ ਸਚੁ ਸੋਇ ॥੩॥ ਜਿਨਿ ਗਿਆਨੁ ਕੀਆ ਤਿਸੁ ਹਰਿ ਤੂ ਜਾਣੁ ॥ ਸਾਚ ਸਬਦਿ ਪ੍ਰਭੁ ਏਕੁ ਸਿਞਾਣੁ ॥ ਹਰਿ ਰਸੁ ਚਾਖੈ ਤਾਂ ਸੁਧਿ ਹੋਇ ॥ ਨਾਨਕ ਨਾਮਿ ਰਤੇ ਸਚੁ ਸੋਇ ॥੪॥੮॥ (ਪੰਨਾ-੧੧੭੪)

੧੪੧ ਗੁਰਮੁਖਿ ਸਚੁ ਭੋਜਨੁ ਪਵਿਤੁ ਸਰੀਰਾ ॥ ਮਨੁ ਨਿਰਮਲੁ ਸਦ ਗੁਣੀ ਗਹੀਰਾ ॥ ਜੰਮੈ ਮਰੈ ਨ ਆਵੈ ਜਾਇ ॥ ਗੁਰ ਪਰਸਾਦੀ ਸਾਚਿ ਸਮਾਇ ॥੨॥ ਸਾਚਾ ਸੇਵਹੁ ਸਾਚੁ ਪਛਾਣੈ ॥ ਗੁਰ ਕੈ ਸਬਦਿ ਹਰਿ ਦਰਿ ਨੀਸਾਣੈ ॥ ਦਰਿ ਸਾਚੈ ਸਚੁ ਸੋਭਾ ਹੋਇ ॥ ਨਿਜ ਘਰਿ ਵਾਸਾ ਪਾਵੈ ਸੋਇ ॥੩॥ ਆਪਿ ਅਭੁਲੁ ਸਚਾ ਸਚੁ ਸੋਇ ॥ ਹੋਰਿ ਸਭਿ ਭੂਲਹਿ ਦੂਜੈ ਪਤਿ ਖੋਇ ॥ ਸਾਚਾ ਸੇਵਹੁ ਸਾਚੀ ਬਾਣੀ ॥ ਨਾਨਕ ਨਾਮੇ ਸਾਚਿ ਸਮਾਣੀ ॥੪॥੯॥ (ਪੰਨਾ-੧੧੭੪)

੧੪੨ ਸਚਾ ਸਚੁ ਦਾਤਾ ਕਰਮ ਬਿਧਾਤਾ ਜਿਸੁ ਭਾਵੈ ਤਿਸੁ ਨਾਇ ਲਾਏ ॥ ਗੁਰੂ ਦੁਆਰੈ ਸੋਈ ਬੂਝੈ ਜਿਸ ਨੋ ਆਪਿ ਬੁਝਾਏ ॥੪॥ ਦੇਖਿ ਬਿਸਮਾਦੁ ਇਹੁ ਮਨੁ ਨਹੀ ਚੇਤੇ ਆਵਾ ਗਉਣੁ ਸੰਸਾਰਾ ॥ ਸਤਿਗੁਰੁ ਸੇਵੇ ਸੋਈ ਬੂਝੈ ਪਾਏ ਮੋਖ ਦੁਆਰਾ ॥੫॥ ਜਿਨ੍ ਦਰੁ ਸੂਝੈ ਸੇ ਕਦੇ ਨ ਵਿਗਾੜਹਿ ਸਤਿਗੁਰਿ ਬੂਝ ਬੁਝਾਈ ॥ ਸਚੁ ਸੰਜਮੁ ਕਰਣੀ ਕਿਰਤਿ ਕਮਾਵਹਿ ਆਵਣ ਜਾਣੁ ਰਹਾਈ ॥੬॥ ਸੇ ਦਰਿ ਸਾਚੈ ਸਾਚੁ ਕਮਾਵਹਿ ਜਿਨ ਗੁਰਮੁਖਿ ਸਾਚੁ ਅਧਾਰਾ ॥ ਮਨਮੁਖ ਦੂਜੈ ਭਰਮਿ ਭੁਲਾਏ ਨਾ ਬੂਝਹਿ ਵੀਚਾਰਾ ॥੭॥ ਆਪੇ ਗੁਰਮੁਖਿ ਆਪੇ ਦੇਵੈ ਆਪੇ ਕਰਿ ਕਰਿ ਵੇਖੈ ॥ ਨਾਨਕ ਸੇ ਜਨ ਥਾਇ ਪਏ ਹੈ ਜਿਨ ਕੀ ਪਤਿ ਪਾਵੈ ਲੇਖੈ ॥੮॥੩॥ (ਪੰਨਾ-੧੨੩੪)

੧੪੩ ਪਉੜੀ ॥ ਸਚਾ ਸਤਿਗੁਰੁ ਸੇਵਿ ਸਚੁ ਸਮ੍ਾਲਿਆ ॥ ਅੰਤਿ ਖਲੋਆ ਆਇ ਜਿ ਸਤਿਗੁਰ ਅਗੈ ਘਾਲਿਆ ॥ ਪੋਹਿ ਨ ਸਕੈ ਜਮਕਾਲੁ ਸਚਾ ਰਖਵਾਲਿਆ ॥ ਗੁਰ ਸਾਖੀ ਜੋਤਿ ਜਗਾਇ ਦੀਵਾ ਬਾਲਿਆ ॥ ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ ॥ ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ ॥ ਸਭੋ ਵਰਤੈ ਸਚੁ ਸਚੈ ਸਬਦਿ ਨਿਹਾਲਿਆ ॥ ਨਾਨਕ ਨਾਮੁ ਨਿਧਾਨੁ ਹੈ ਪੂਰੈ ਗੁਰਿ ਦੇਖਾਲਿਆ ॥੧੪॥ (ਪੰਨਾ-੧੨੮੪)

੧੪੪ ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ ॥ ਗੁਰ ਸਬਦੀ ਏਕੁ ਪਛਾਣਿਆ ਏਕੋ ਸਚਾ ਸੋਇ ॥ ਮਨੁ ਤਨੁ ਸਚਾ ਸਚੁ ਮਨਿ ਸਚੇ ਸਚੀ ਸੋਇ ॥ ਅੰਦਰਿ ਸਚੀ ਭਗਤਿ ਹੈ ਸਹਜੇ ਹੀ ਪਤਿ ਹੋਇ ॥ ਕਲਿਜੁਗ ਮਹਿ ਘੋਰ ਅੰਧਾਰੁ ਹੈ ਮਨਮੁਖ ਰਾਹੁ ਨ ਕੋਇ ॥ ਸੇ ਵਡਭਾਗੀ ਨਾਨਕਾ ਜਿਨ ਗੁਰਮੁਖਿ ਪਰਗਟੁ ਹੋਇ ॥੧॥ (ਪੰਨਾ-੧੨੮੫)

੧੪੫ ਸਚੁ ਸਭਾ ਦੀਬਾਣੁ ਸਚੁ ਸਚੇ ਪਹਿ ਧਰਿਓ ॥ ਸਚੈ ਤਖਤਿ ਨਿਵਾਸੁ ਸਚੁ ਤਪਾਵਸੁ ਕਰਿਓ ॥ ਸਚਿ ਸਿਰਜਿਉ ਸੰਸਾਰੁ ਆਪਿ ਆਭੁਲੁ ਨ ਭੁਲਉ ॥ ਰਤਨ ਨਾਮੁ ਅਪਾਰੁ ਕੀਮ ਨਹੁ ਪਵੈ ਅਮੁਲਉ ॥ ਜਿਹ ਕ੍ਰਿਪਾਲੁ ਹੋਯਉ ਗੋੁਬਿੰਦੁ ਸਰਬ ਸੁਖ ਤਿਨਹੂ ਪਾਏ ॥ ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤੇ ਬਹੁੜਿ ਫਿਰਿ ਜੋਨਿ ਨ ਆਏ ॥੭॥ (ਪੰਨਾ-੧੩੮੬)

੧੪੬ ਸਚੁ ਤੀਰਥੁ ਸਚੁ ਇਸਨਾਨੁ ਅਰੁ ਭੋਜਨੁ ਭਾਉ ਸਚੁ ਸਦਾ ਸਚੁ ਭਾਖੰਤੁ ਸੋਹੈ ॥ ਸਚੁ ਪਾਇਓ ਗੁਰ ਸਬਦਿ ਸਚੁ ਨਾਮੁ ਸੰਗਤੀ ਬੋਹੈ ॥ ਜਿਸੁ ਸਚੁ ਸੰਜਮੁ ਵਰਤੁ ਸਚੁ ਕਬਿ ਜਨ ਕਲ ਵਖਾਣੁ ॥ ਦਰਸਨਿ ਪਰਸਿਐ ਗੁਰੂ ਕੈ ਸਚੁ ਜਨਮੁ ਪਰਵਾਣੁ ॥੯॥ (ਪੰਨਾ-੧੩੯੨)

੧੪੭ ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ ॥ ਸਚਾ ਸਬਦੁ ਮਨਿ ਵਸਿਆ ਸਤਿਗੁਰ ਮਾਂਹਿ ਸਮਾਂਹਿ ॥ ਸਚੀ ਰਾਸੀ ਸਚੁ ਧਨੁ ਉਤਮ ਪਦਵੀ ਪਾਂਹਿ ॥ ਸਚੁ ਸੁਣਹਿ ਸਚੁ ਮੰਨਿ ਲੈਨਿ ਸਚੀ ਕਾਰ ਕਮਾਹਿ ॥ ਸਚੀ ਦਰਗਹ ਬੈਸਣਾ ਸਚੇ ਮਾਹਿ ਸਮਾਹਿ ॥ ਨਾਨਕ ਵਿਣੁ ਸਤਿਗੁਰ ਸਚੁ ਨ ਪਾਈਐ ਮਨਮੁਖ ਭੂਲੇ ਜਾਂਹਿ ॥੫੩ ॥ (ਪੰਨਾ-੧੪੧੯)

੮

ਸੱਚਾ ਧਨ ਅਸਲੀ ਧੰਨਵੰਤ

ਧੰਨਵੰਤ ਸ਼ਬਦ ਧ ਤੇ ਟਿਪੀ ਵਾਲਾ ਗੁਰੂ ਗ੍ਰੰਥ ਸਾਹਿਬ ਵਿਚੋਂ ਇਕ ਵੀ ਸ਼ਬਦ ਨਹੀਂ ਮਿਲਿਆ ਪਰ ਧ ਤੇ ਟਿਪੀ ਤੋਂ ਬਿਨਾਂ ਧਨਵੰਤ 14 ਵਾਰੀ ਆਇਆ ਹੈ। ਜਿਨ੍ਹਾਂ ਵਿਚੋਂ ੫ ਗੁਰੂ ਸ਼ਬਦ ਪਾਠਕਾਂ ਦੇ ਗਿਆਨ ਵਾਸਤੇ ਇਸ ਪਰਕਾਰ ਹਨ:

੧੪੮ ਸੇ ਧਨਵੰਤ ਹਰਿ ਨਾਮੁ ਕਮਾਇ ॥ ਪੂਰੇ ਗੁਰ ਤੇ ਸੋਝੀ ਪਾਇ ॥੧ ॥ (ਪੰਨਾ-੧੬੧)

੧੪੯ ਹਮ ਧਨਵੰਤ ਭਾਗਠ ਸਚ ਨਾਇ ॥ ਹਰਿ ਗੁਣ ਗਾਵਹ ਸਹਜਿ ਸੁਭਾਇ ॥੧ ॥ (ਪੰਨਾ-੧੮੫)

੧੫੦ ਹਰਿ ਕਥਾ ਸੁਣਹਿ ਸੇ ਧਨਵੰਤ ਦਿਸਹਿ ਜੁਗ ਮਾਹੀ ॥ ਤਿਨ ਕਉ ਸਭਿ ਨਿਵਹਿ ਅਨਦਿਨੁ ਪੂਜ ਕਰਾਹੀ ॥ ਸਹਜੇ ਗੁਣ ਰਵਹਿ ਸਾਚੇ ਮਨ ਮਾਹੀ ॥੭ ॥ (ਪੰਨਾ-੨੩੧)

ਅਰਥ:- (ਹੇ ਭਾਈ!) ਜੇਹੜੇ ਮਨੁੱਖ ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੀਆਂ ਗੱਲਾਂ ਸੁਣਦੇ ਹਨ, ਉਹ ਜਗਤ ਵਿਚ (ਪ੍ਰਤੱਖ) ਧਨਾਢ ਦਿੱਸਦੇ ਹਨ (ਉਹ ਮਾਇਆ ਦੀ ਤ੍ਰਿਸ਼ਨਾ ਵਿਚ ਨਹੀਂ ਭਟਕਦੇ ਫਿਰਦੇ), ਸਾਰੇ ਲੋਕ ਉਹਨਾਂ ਅੱਗੇ ਨਿਊਂਦੇ ਹਨ, ਤੇ ਹਰ ਵੇਲੇ ਉਹਨਾਂ ਦਾ ਆਦਰ-ਸਤਕਾਰ ਕਰਦੇ ਹਨ (ਕਿਉਂਕਿ ਉਹ ਮਨੁੱਖ) ਆਤਮਕ ਅਡੋਲਤਾ ਵਿਚ ਟਿਕ ਕੇ ਸਦਾ-ਥਿਰ ਰਹਿਣ ਵਾਲੇ ਪਰਮਾਤਮਾ ਦੇ ਗੁਣ ਆਪਣੇ ਮਨ ਵਿਚ ਚੇਤੇ ਕਰੀ ਰੱਖਦੇ ਹਨ।੭।

ਹੇ ਨਾਨਕ! (ਆਖ—ਹੇ ਭਾਈ! ਜਿਸ ਮਨੁੱਖ ਨੂੰ) ਪੂਰੇ ਗੁਰੂ ਨੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੀ ਬਾਣੀ ਸੁਣਾਈ ਹੈ, ਉਸ ਨੇ ਆਪਣੇ ਅੰਦਰੋਂ ਮਾਇਆ ਦੇ) ਤਿੰਨਾਂ ਗੁਣਾਂ ਦਾ ਪ੍ਰਭਾਵ ਮਿਟਾ ਲਿਆ ਹੈ, ਉਸ ਨੇ ਆਪਣਾ ਮਨ ਉਸ ਆਤਮਕ ਅਵਸਥਾ ਵਿਚ ਟਿਕਾ ਲਿਆ ਹੈ ਜਿੱਥੇ ਮਾਇਆ ਦੇ ਤਿੰਨ ਗੁਣ ਆਪਣਾ ਅਸਰ ਨਹੀਂ ਪਾ ਸਕਦੇ, (ਗੁਰੂ ਨੇ ਉਸ ਦੇ

ਅੰਦਰੋਂ) ਹਉਮੈ ਮਾਰ ਕੇ ਉਸ ਨੂੰ ਪਰਮਾਤਮਾ ਦੇ ਨਾਲ ਜੋੜ ਦਿੱਤਾ ਹੈ।੮।੪।

4. ਸਲੋਕ॥ ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥....ਪੰਨਾ-੨੫੩
5. ਜਿਤਨੇ ਧਨਵੰਤ ਕੁਲਵੰਤ ਮਿਲਖਵੰਤ ਦੀਸਹਿ ਮਨ ਮੇਰੇ ਸਚਿ ਬਿਨਸਿ ਜਾਹਿ ਜਿਉ ਰੰਗੁ ਕਸੁੰਭ ਕਚਾਣੁ....ਪੰਨਾ-੮੬੧

੧੫੧ ਸਲੋਕ॥ ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥ ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥੧॥ (ਪੰਨਾ-੨੫੩)

੧੫੨ ਜਿਤਨੇ ਧਨਵੰਤ ਕੁਲਵੰਤ ਮਿਲਖਵੰਤ ਦੀਸਹਿ ਮਨ ਮੇਰੇ ਸਚਿ ਬਿਨਸਿ ਜਾਹਿ ਜਿਉ ਰੰਗੁ ਕਸੁੰਭ ਕਚਾਣੁ॥ (ਪੰਨਾ-੮੬੧)

ਅਰਥ : ਹੇ ਮਨ!(ਜਗਤ ਵਿਚ) ਜਿਤਨੇ ਭੀ ਸ਼ਾਹ ਬਾਦਸ਼ਾਹ ਅਮੀਰ ਸਰਦਾਰ ਚੌਧਰੀ (ਦਿਸਦੇ ਹਨ) ਇਹ ਸਾਰੇ ਨਾਸਵੰਤ ਹਨ, (ਇਹੋ ਜਿਹੇ) ਮਾਇਆ ਦੇ ਪਿਆਰ ਨੂੰ ਝੂਠਾ ਸਮਝ। ਸਿਰਫ਼ ਪਰਮਾਤਮਾ ਹੀ ਨਾਸ-ਰਹਿਤ ਹੈ, ਸਦਾ ਕਾਇਮ ਰਹਿਣ ਵਾਲਾ ਹੈ, ਅਟੱਲ ਹੈ। ਉਸ ਪਰਮਾਤਮਾ ਦਾ ਨਾਮ ਜਪਿਆ ਕਰ, ਤਾਹੀਏਂ ਕਬੂਲ ਹੋਵੇਂਗਾ।੧।

ਹੇ ਮੇਰੇ ਮਨ! (ਦੁਨੀਆਂ ਵਿਚ) ਜਿਤਨੇ ਭੀ ਧਨ ਵਾਲੇ, ਉੱਚੀ ਕੁਲ ਵਾਲੇ, ਜ਼ਮੀਨਾਂ ਦੇ ਮਾਲਕ ਦਿਸ ਰਹੇ ਹਨ, ਇਹ ਸਾਰੇ ਨਾਸ ਹੋ ਜਾਣਗੇ, (ਇਹਨਾਂ ਦਾ ਵਡੱਪਣ ਇਉਂ ਹੀ ਕੱਚਾ ਹੈ) ਜਿਵੇਂ ਕਸੁੰਭੇ ਦਾ ਰੰਗ ਕੱਚਾ ਹੈ। ਹੇ ਮੇਰੇ ਮਨ! ਉਸ ਪਰਮਾਤਮਾ ਨੂੰ ਸਦਾ ਸਿਮਰ, ਜੋ ਸਦਾ ਕਾਇਮ ਰਹਿਣ ਵਾਲਾ ਹੈ, ਜੋ ਮਾਇਆ ਦੇ ਪ੍ਰਭਾਵ ਤੋਂ ਪਰੇ ਹੈ, ਅਤੇ ਜਿਸ ਰਾਹੀਂ ਤੂੰ ਪ੍ਰਭੂ ਦੀ ਹਜ਼ੂਰੀ ਵਿਚ ਆਦਰ ਹਾਸਲ ਕਰੇਂਗਾ।੨।

(ਹੇ ਮਨ! ਸਾਡੇ ਦੇਸ ਵਿਚ) ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ-ਇਹ ਚਾਰ (ਪ੍ਰਸਿੱਧ) ਵਰਨ ਹਨ, (ਬ੍ਰਹਮਚਰਜ, ਗ੍ਰਿਹਸਤ, ਵਾਨਪ੍ਰਸਤ, ਸੰਨਿਆਸ-ਇਹ) ਚਾਰ ਆਸ਼੍ਰਮ (ਪ੍ਰਸਿੱਧ) ਹਨ। ਇਨ੍ਹਾਂ ਵਿਚੋਂ ਜਿਹੜਾ ਭੀ ਮਨੁੱਖ ਪ੍ਰਭੂ ਦਾ ਨਾਮ ਸਿਮਰਦਾ ਹੈ, ਉਹੀ (ਸਭ ਤੋਂ) ਸ੍ਰੇਸ਼ਟ ਹੈ (ਜਾਤੀ ਆਦਿਕ ਕਰਕੇ ਨਹੀਂ)। ਜਿਵੇਂ ਚੰਦਨ ਦੇ ਨੇੜੇ ਵਿਚਾਰਾ ਅਰਿੰਡ ਵੱਸਦਾ ਹੈ (ਤੇ ਸੁਗੰਧਿਤ ਹੋ ਜਾਂਦਾ ਹੈ) ਤਿਵੇਂ ਸਾਧ ਸੰਗਤਿ ਵਿਚ ਮਿਲ ਕੇ ਵਿਕਾਰੀ ਭੀ (ਪਵਿੱਤਰ ਹੋ ਕੇ) ਕਬੂਲ ਹੋ ਜਾਂਦਾ ਹੈ।੩।

ਹੇ ਮਨ! ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਆ ਵੱਸਦਾ ਹੈ, ਉਹ ਮਨੁੱਖ ਹੋਰ ਸਭਨਾਂ ਮਨੁੱਖਾਂ ਨਾਲੋਂ ਉੱਚਾ ਹੋ ਜਾਂਦਾ ਹੈ, ਸੁੱਚਾ ਹੋ ਜਾਂਦਾ ਹੈ। (ਹੇ ਭਾਈ!) ਦਾਸ ਨਾਨਕ ਉਸ ਮਨੁੱਖਾਂ ਦੇ ਚਰਨ ਧੋਂਦਾ ਹੈ, ਜਿਹੜਾ ਪ੍ਰਭੂ ਦਾ ਸੇਵਕ ਹੈ ਪ੍ਰਭੂ ਦਾ ਭਗਤ ਹੈ, ਭਾਵੇਂ ਉਹ ਜਾਤੀ ਵਲੋਂ ਨੀਚ ਹੀ (ਗਿਣਿਆ ਜਾਂਦਾ) ਹੈ। ੪।੪।

੧੫੩ ਨਾਨਕ ਨਾਮ ਰਤੇ ਸੇ ਧਨਵੰਤ ਹੈਨਿ ਨਿਰਧਨੁ ਹੋਰੁ ਸੰਸਾਰੁ ॥੨੯॥ (ਪੰਨਾ-੧੪੧੬)

ਅਰਥ:-ਹੇ ਨਾਨਕ! ਜਿਹੜੇ ਮਨੁੱਖ ਪਰਮਾਤਮਾ ਦੇ ਨਾਮ-ਰੰਗ ਵਿਚ ਰੰਗੇ ਰਹਿੰਦੇ ਹਨ, ਉਹ ਧਨਵਾਨ ਹਨ, ਬਾਕੀ ਸਾਰਾ ਸੰਸਾਰ ਕੰਗਾਲ ਹੈ।੨੯।

੯

ਬਿਨੁ ਸਚੇ ਸਭ ਕੂੜੁ ਹੈ...॥

੧੫੪-ਮਨ ਮੇਰੇ, ਸਾਚਾ ਸੇਵਿ ਜਿਚਰੁ ਸਾਸੁ ॥ ਬਿਨੁ ਸਚੇ ਸਭ ਕੂੜੁ ਹੈ ਅੰਤੇ ਹੋਇ ਬਿਨਾਸੁ ॥ ੧ ॥ ਰਹਾਉ ॥ (ਪੰਨਾ-੪੯)

ਅਰਥ:--ਹੇ ਮੇਰੇ ਮਨ! ਜਿੰਨਾ ਚਿਰ (ਤੇਰੇ ਸਰੀਰ ਵਿਚ) ਸਾਹ (ਚਲ ਰਿਹਾ) ਹੈ (ਉਨਾ ਚਿਰ) ਸਦਾ ਹੀ ਥਿਰ ਰਹਿਣ ਵਾਲੇ ਪਰਮਾਤਮਾ ਦਾ ਸਿਮਰਨ ਕਰ। ਸਚੇ ਭਾਵ, ਸਦਾ ਥਿਰ ਰਹਿਣ ਵਾਲੇ ਪਰਮਾਤਮਾ ਤੋਂ ਬਿਨਾਂ ਹੋਰ ਸਾਰਾ ਝੂਠਾ ਪਰਪੰਚ ਹੈ, ਇਹ ਆਖ਼ਰ ਨੂੰ ਨਾਸ ਹੋ ਜਾਣਾ ਹੈ। ੧। ਰਹਾਉ।

੧੫੫- ਤੁਧੁ ਭਾਵੈ ਤਾ ਵਾਵਹਿ ਗਾਵਹਿ, ਤੁਧੁ ਭਾਵੈ ਜਲਿ ਨਾਵਹਿ ॥
ਜਾ ਤੁਧੁ ਭਾਵਹਿ ਤਾ ਕਰਹਿ ਬਿਭੂਤਾ, ਸਿੰਙੀ ਨਾਦੁ ਵਜਾਵਹਿ ॥
ਜਾ ਤੁਧੁ ਭਾਵੈ ਤਾ ਪੜਹਿ ਕਤੇਬਾ, ਮੁਲਾ ਸੇਖ ਕਹਾਵਹਿ ॥
ਜਾ ਤੁਧੁ ਭਾਵੈ ਤਾ ਹੋਵਹਿ ਰਾਜੇ, ਰਸ ਕਸ ਬਹੁਤੁ ਕਮਾਵਹਿ ॥
ਜਾ ਤੁਧੁ ਭਾਵੈ ਤੇਗ ਵਗਾਵਹਿ, ਸਿਰ ਮੁੰਡੀ ਕਟਿ ਜਾਵਹਿ ॥
ਜਾ ਤੁਧੁ ਭਾਵੈ ਜਾਹਿ ਦਿਸੰਤਰਿ, ਸੁਣਿ ਗਲਾ ਘਰਿ ਆਵਹਿ ॥
ਜਾ ਤੁਧੁ ਭਾਵੈ ਨਾਇ ਰਚਾਵਹਿ, ਤੁਧੁ ਭਾਣੇ ਤੂੰ ਭਾਵਹਿ ॥
ਨਾਨਕੁ ਏਕ ਕਹੈ ਬੇਨੰਤੀ, ਹੋਰਿ ਸਗਲੇ ਕੂੜੁ ਕਮਾਵਹਿ ॥੧॥ (ਪੰਨਾ-੧੪੪)

ਭਾਵ ਅਰਥ:--ਪ੍ਰਭੂ ਦੀ ਰਜ਼ਾ ਮੰਨ ਕੇ ਉਸ ਦੇ ਭੈ ਵਿਚ ਕੀਤਾ ਕੰਮ ਸੁਕਰਥਾ ਹੈ ਪਰ ਉਸ ਦੀ ਰਜ਼ਾ ਤੋਂ ਬਾਹਰ ਹੋ ਕੇ ਕੀਤੇ ਸਭ ਕੰਮ ਵਿਅਰਥ ਦੀਆਂ ਝਖਾਂ ਮਾਰਨ ਵਾਲੀ ਗੱਲ ਹੈ।

੧੫੬- ਜਾ ਤੂੰ ਵਡਾ, ਸਭਿ ਵਡਿਆ ਈਆ, ਚੰਗੈ ਚੰਗਾ ਹੋਈ ॥
ਜਾ ਤੂੰ ਸਚਾ, ਤਾ ਸਭੁ ਕੋ ਸਚਾ, ਕੂੜਾ ਕੋਇ ਨ ਕੋਈ ॥
ਆਖਣੁ ਵੇਖਣੁ ਬੋਲਣੁ ਚਲਣੁ, ਜੀਵਣੁ ਮਰਣਾ ਧਾਤੁ ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪਿ ॥੨॥ (ਪੰਨਾ-੧੪੪)

ਅਰਥ:-ਜਦੋਂ (ਇਹ ਗੱਲ ਠੀਕ ਹੈ ਕਿ) ਤੂੰ ਵੱਡ ਪ੍ਰਭੂ ਜਗਤ ਦਾ ਕਰਤਾਰ ਹੈਂ ਤਾਂ ਜਗਤ ਵਿਚ ਜੋ ਕੁਝ ਹੋ ਰਿਹਾ ਹੈ) ਸਭ ਤੇਰੀਆਂ ਹੀ ਵਡਿਆਈਆਂ ਹਨ (ਕਿਉਂਕਿ) ਚੰਗੇ ਤੋਂ ਚੰਗਿਆਈ ਹੀ ਉਤਪੰਨ ਹੁੰਦੀ ਹੈ।(ਜਦੋਂ ਇਹ ਯਕੀਨ ਬੱਝ ਜਾਏ ਕਿ) ਤੂੰ ਪ੍ਰਭੂ ਸਿਰਜਣਹਾਰ ਹੈਂ) ਤਾਂ ਹਰੇਕ ਜੀਵ ਸੱਚਾ (ਦਿਸਦਾ ਹੈ ਕਿਉਂਕਿ ਹਰੇਕ ਜੀਵ ਵਿਚ ਤੂੰ ਆਪ ਮੌਜੂਦ ਹੈਂ ਤਾਂ ਫਿਰ ਜਗਤ ਵਿਚ) ਕੋਈ ਕੂੜਾ ਨਹੀਂ ਹੋ ਸਕਦਾ ।

(ਜੋ ਕੁਝ ਬਾਹਰ ਵਿਖਾਵੇ ਮਾਤਰ ਦਿਸ ਰਿਹਾ ਹੈ ਇਹ) ਆਖਣਾ-ਵੇਖਣਾ, ਇਹ ਬੋਲ-ਚਾਲ, ਇਹ ਜੀਊਣਾ ਤੇ ਮਰਨਾ (ਇਹ ਸਭ ਕੁਝ) ਮਾਇਆ-ਰੂਪ ਹੈ (ਅਸਲੀਅਤ ਨਹੀਂ ਹੈ, ਅਸਲੀਅਤ ਪ੍ਰਭੂ ਆਪ ਹੀ ਹੈ)। ਹੇ ਨਾਨਕ ! ਉਹ ਸਦਾ ਕਾਇਮ ਰਹਿਣ ਵਾਲਾ ਪ੍ਰਭੂ ਆਪ (ਆਪਣੀ) ਹੁਕਮ (-ਰੂਪ ਸੱਤਿਆ), ਰਚ ਕੇ ਸਭ ਜੀਵ ਨੂੰ ਉਸ ਹੁਕਮ ਵਿਚ ਤੋਰ ਰਿਹਾ ਹੈ। ੨ ।

੧੫੭- ਤਨੁ ਧਨੁ ਕਲਤੁ ਮਿਥਿਆ ਬਿਸਥਾਰ ॥ ਹੈਵਰ ਗੈਵਰ ਚਾਲਮਹਾਰ ॥ ਰਾਜ ਰੰਗ ਰੂਪ ਸਭਿ ਕੂਰ ॥ ਨਾਮ ਬਿਨਾ ਹੋਇ ਜਾਸੀ ਧੂਰ ॥ ੨ ॥ (ਪੰਨਾ-੮੮੮)

੧੫੮- ਸਚੁ ਸੁਹਾਵਾ ਕਾਢੀਐ, ਕੂੜੈ ਕੂੜੀ ਸੋਇ ॥ ਨਾਨਕ ਵਿਰਲੇ ਜਾਣੀਅਹਿ ਜਿਨ ਸਚੁ ਪਲੈ ਹੋਇ ॥ ੧ ॥ (ਪੰਨਾ-੧੧੦੦)

੧੫੯- ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ ॥
ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ ॥ ੧ ॥ ਰਹਾਉ ॥
ਨਗਜ ਤੇਰੇ ਬੰਦੇ ਦੀਦਾਰੁ ਅਪਾਰੁ ॥
ਨਾਮ ਬਿਨਾ ਸਭ ਦੁਨੀਆ ਛਾਰੁ ॥ ੧ ॥ (ਪੰਨਾ-੧੧੩੭)

੧੬੦- ਸਤਿ ਸਤਿ ਸਤਿ ਸਤਿ ਸਤਿ ਗੁਰਦੇਵ ॥
ਝੂਠੁ ਝੂਠੁ ਝੂਠੁ ਝੂਠੁ ਆਨ ਸਭ ਸੇਵ ॥ ੧ ॥ ਰਹਾਉ ॥ (੧੧੬੬)

੧੬੧- ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ ੧ ॥ (ਪੰਨਾ ੧)

੧੬੨- ਸੁਣਿ ਬਾਵਰੇ ਤੂ ਕਾਏ ਦੇਖਿ ਭੁਲਾਨਾ ॥ ਸੁਣਿ ਬਾਵਰੇ ਨੇਹੁ ਕੂੜਾ ਲਾਇਓ ਕੁਸੰਭ ਰੰਗਾਨਾ ॥ ਕੂੜੀ ਡੇਖਿ ਭੁਲੋ ਅਢੁ ਲਹੈ ਨ ਮੁਲੋ ਗੋਵਿਦ ਨਾਮੁ ਮਜੀਠਾ ॥ ਥੀਵਹਿ ਲਾਲਾ ਅਤਿ ਗੁਲਾਲਾ ਸਬਦੁ ਚੀਨਿ ਗੁਣ ਮੀਠਾ ॥ ਮਿਥਿਆ ਮੋਹਿ ਮਗਨੁ ਥੀ ਰਹਿਆ ਝੂਠ ਸੰਗਿ ਲਪਟਾਨਾ ॥ ਨਾਨਕ ਦੀਨ ਸਰਣਿ ਕਿਰਪਾ ਨਿਧਿ ਰਾਖੁ ਲਾਜ ਭਗਤਾਨਾ ॥ ੧ ॥ (ਪੰਨਾ-੭੭੭)

ਪਦ ਅਰਥ:--ਬਾਵਰੇ=(ਮਾਇਆ ਮੋਹ ਵਿਚ) ਝੱਲੇ ਹੋ ਰਹੇ ਹੇ ਮਨੁੱਖ ! ਕਾਏ=ਕਿਉਂ। ਦੇਖਿ=(ਇਸ ਮਾਇਆ ਨੂੰ) ਵੇਖ ਕੇ। ਭੁਲਾਨਾ=ਜੀਵਨ ਰਾਹ ਤੋਂ ਖੁੰਝ ਗਿਆ ਹੈਂ। ਕੂੜਾ=ਝੂਠਾ, ਨਾ ਨਿਭ ਸਕਣ ਵਾਲਾ। ਕੁਸੰਭੁ ਰੰਗਾਨਾ=ਕਸੁੰਭੇ ਫੁੱਲ ਦੇ ਰੰਗ (ਜਿਹਾ ਛਿਨਭੰਗਰ)। ਕੂੜੀ=ਨਾਸਵੰਤ। ਡੇਖਿ-ਵੇਖ ਕੇ। ਅਢੁ=ਅੱਧੀ ਕੌਡੀ। ਥੀਵਹਿ=ਹੋ ਜਾਵੇਂਗਾ। ਲਾਲਾ=ਇਕ ਫੁੱਲ ਦਾ ਨਾਮ। ਚੀਨਿ=ਪਛਾਣ ਕੇ। ਕਿਰਪਾ ਨਿਧਿ=ਕਿਰਪਾ ਦੇ ਖ਼ਜ਼ਾਨੇ। ਲਾਜ=ਇੱਜ਼ਤ।੧।

੧੬੩- ਬਿਨੁ ਹਰਿ ਭਜਨ ਰੰਗ ਰਸ ਜੇਤੇ ਸੰਤ ਦਇਆਲ ਜਾਨੇ ਸਭਿ ਝੂਠੇ ॥ ਨਾਮ ਰਤਨੁ ਪਾਇਓ ਜਨ ਨਾਨਕ ਨਾਮ ਬਿਹੂਨ ਚਲੇ ਸਭਿ ਮੂਠੇ ॥ ੨ ॥ (ਪੰਨਾ-੭੧੭)

੧੬੪- ਕੂੜਿ ਕਪਟਿ ਬੰਚਿ ਨਿੰਮੁਨੀਆਦਾ ਬਿਨਸਿ ਗਇਆ ਤਤਕਾਲੇ ॥ ਸਤਿ ਸਤਿ ਸਤਿ ਨਾਨਕਿ ਕਹਿਆ ਅਪਨੈ ਹਿਰਦੈ ਦੇਖੁ ਸਮਾਲੇ ॥ ੪ ॥ (ਪੰਨਾ-੩੮੧)

੧੦

ਕੂੜ - ਝੂਠ, ਕੂੜਾ-ਝੂਠਾ ?

ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥ ੩੨ ॥(ਜਪੁ)

ਸਤਿਗੁਰਾਂ ਨੇ ਝੂਠਾ ਕਿਸ ਨੂੰ ਮੰਨਿਆਂ ਹੈ ?

੧੬੫- ਜਿਨ੍ਹਾ ਅੰਦਰਿ ਕੂੜੁ ਵਰਤੈ, ਸਚੁ ਨ ਭਾਵਈ ॥ ਜੇ ਕੋ ਬੋਲੈ ਸਚੁ, ਕੂੜਾ ਜਲਿ ਜਾਵਈ॥ ਕੂੜਿਆਰੀ ਰਜੈ ਕੂੜਿ, ਜਿਉ ਵਿਸਟਾ ਕਾਗੁ ਖਾਵਈ॥ ਜਿਸੁ ਹਰਿ ਹੋਇ ਕ੍ਰਿਪਾਲੁ ਸੋ ਨਾਮੁ ਧਿਆਵਈ ॥ ਹਰਿ ਗੁਰਮੁਖਿ ਨਾਮੁ ਅਰਾਧਿ ਕੂੜੁ ਪਾਪੁ ਲਹਿ ਜਾਵਈ ॥ ੧੦ ॥ (ਪੰਨਾ ੬੪੬)

ਅਰਥ:--ਜਿਨ੍ਹਾਂ ਦੇ ਹਿਰਦੇ ਵਿਚ ਝੂਠ ਵਰਤਦਾ ਹੈ, ਉਨ੍ਹਾਂ ਨੂੰ ਸੱਚ ਚੰਗਾ ਨਹੀਂ ਲੱਗਦਾ, ਜੇ ਕੋਈ ਮਨੁੱਖ ਸੱਚ ਬੋਲੇ ਤਾਂ ਝੂਠਾ (ਸੁਣ ਕੇ) ਸੜ ਬਲ ਜਾਂਦਾ ਹੈ, ਝੂਠ ਦਾ ਵਪਾਰੀ ਝੂਠ ਵਿਚ ਹੀ ਪ੍ਰਸੰਨ ਹੁੰਦਾ ਹੈ, ਜਿਵੇਂ ਕਾਂ ਵਿਸ਼ਟਾ ਖਾ ਕੇ ਪ੍ਰਸੰਨ ਹੁੰਦਾ ਹੈ। ਜਿਸ ਮਨੁੱਖ ਤੇ ਹਰੀ ਦਇਆਲ ਹੋਵੇ ਤਾਂ ਉਹ ਸਤਿਗੁਰੂ (ਗ੍ਰੰਥ ਸਾਹਿਬ ਜੀ) ਦੇ ਸਨਮੁਖ ਰਹਿ ਕੇ ਪ੍ਰਭੂ ਦੇ ਨਾਮ ਦਾ ਸਿਮਰਨ ਕਰਦਾ ਹੈ ਜਿਸ ਤੋਂ ਝੂਠ (ਚੰਗਾ ਲੱਗਣੋ ਹਟ ਜਾਂਦਾ ਹੈ) ਅਤੇ ਪਾਪ ਲਹਿ ਜਾਂਦੇ ਹਨ। ੧੦ ।

੧੬੬- ਲਾਲਚ ਝੂਠ ਬਿਕਾਰ ਮੋਹ ਬਿਆਪਤ ਮੂੜੇ ਅੰਧ ॥ ਲਾਗਿ ਪਰੇ ਦੁਰਗੰਧ ਸਿਉ ਨਾਨਕ ਮਾਇਆ ਬੰਧ ॥ ੧ ॥ (ਪੰਨਾ-੨੫੨)

ਅਰਥ:--ਹੇ ਨਾਨਕ! ਜੋ ਮਨੁੱਖ ਜੋ ਮਨੁੱਖ ਮਾਇਆ ਦੇ ਮੋਹ ਦੇ ਬੰਧਨ ਵਿਚ ਫਸ ਜਾਂਦੇ ਹਨ, ਉਨ੍ਹਾਂ ਗਿਆਨ-ਹੀਣ ਮੂਰਖਾਂ ਉਤੇ ਲਾਲਚ, ਝੂਠ ਤੇ ਵਿਕਾਰ ਆਦਿਕ ਜ਼ੋਰ ਪਾ ਲੈਂਦੇ ਹਨ, ਤੇ ਉਹ ਮੰਦੇ ਕੰਮਾਂ ਵਿਚ ਲੱਗੇ ਰਹਿੰਦੇ ਹਨ ।੧ ।

੧੬੭- ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥
ਰਾਮ ਕਸਾਉਟੀ ਸੋ ਸਹੈ, ਜੋ ਮਰਿ ਜੀਵਾ ਹੋਇ ॥ ੩੩ ॥ (ਪੰਨਾ-੧੩੬੬)

ਅਰਥ:--ਹੇ ਕਬੀਰ ਜੋ ਮਨੁੱਖ ਦੁਨੀਆਂ ਨਾਲ ਮੋਹ ਕਰਨ ਵਾਲਾ ਹੈ ਉਹ ਉਸ ਕਸੌਟੀ ਉਤੇ ਖਰਾ ਸਾਬਤ ਨਹੀਂ ਹੁੰਦਾ ਜਿਸ ਦੀ ਰਾਹੀਂ ਮਨੁੱਖ ਦੀ ਪ੍ਰਭੂ ਨਾਲ ਸੱਚੀ ਪ੍ਰੀਤ ਪਰਖੀ ਜਾਂਦੀ ਹੈ। ਪ੍ਰਭੂ ਨਾਲ ਪ੍ਰੀਤ ਦੀ ਪਰਖ ਵਿਚ ਉਹੀ ਮਨੁੱਖ ਪੂਰਾ ਉਤਰਦਾ ਹੈ ਜੋ ਦੁਨੀਆਂ ਦੇ ਮੋਹ ਵਲੋਂ ਮਰ ਕੇ ਦੀਨ ਦੇ ਪ੍ਰਿੜ ਵਿਚ ਜੀਊਂਦਾ ਹੈ। ੩।

੧੬੮- ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥ ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ ॥ ਕੂੜੁ ਕੁਸਤੁ ਕਮਾਵਦੇ ਪਰ ਨਿੰਦਾ ਸਦਾ ਕਰੇਨਿ ॥ ਓਇ ਆਪਿ ਡੁਬੇ ਪਰਨਿੰਦਕਾ ਸਗਲੇ ਕੁਲ ਡੋਬੇਨਿ ॥ ਨਾਨਕ ਜਿਤੁ ਓਇ ਲਾਏ ਤਿਤੁ ਲਗੇ ਉਇ ਬਪੁੜੇ ਕਿਆ ਕਰੇਨਿ ॥ ੨ ॥ (ਪੰਨਾ-੯੫੧)

ਅਰਥ:--ਜਿਨ੍ਹਾਂ ਮਨੁੱਖਾਂ ਦਾ ਗੁਰੂ (ਆਪੁ) ਅਗਿਆਨੀ ਅੰਨ੍ਹਾ ਹੈ ਉਹ ਸਿੱਖ ਵੀ ਅੰਨ੍ਹੇ ਕੰਮ (ਭਾਵ, ਮੰਦੇ ਕੰਮ) ਹੀ ਕਰਦੇ ਹਨ, (ਅੰਨ੍ਹੇ ਗੁਰੂ ਦੇ) ਉਹ (ਸਿੱਖ) ਆਪਣੇ ਮਨ ਦੇ ਮਗਰ ਲੱਗਦੇ ਹਨ, ਤੇ ਸਦਾ ਝੂਠ ਹੀ ਝੂਠ ਬੋਲਦੇ ਹਨ, ਝੂਠ ਤੇ ਠੱਗੀ ਕਮਾਉਂਦੇ ਹਨ, ਸਦਾ ਦੂਜਿਆਂ ਦੀ ਨਿੰਦਿਆ ਕਰਦੇ ਹਨ, ਦੂਜਿਆਂ ਦੀ ਨਿੰਦਾ ਕਰਨ ਵਾਲੇ ਉਹ ਮਨੁੱਖ ਆਪ ਵੀ ਡੁੱਬਦੇ ਹਨ ਤੇ ਆਪਣੀਆਂ ਸਾਰੀਆਂ ਕੁਲਾਂ ਵੀ ਗ਼ਰਕ ਕਰ ਲੈਂਦੇ ਹਨ। ਹੇ ਨਾਨਕ! ਉਹ ਵਿਚਾਰੇ ਕਰਨ ਵੀ ਕੀ? ਜਿੱਧਰ ਉਨ੍ਹਾਂ ਨੂੰ (ਪ੍ਰਭੂ ਨੇ) ਲਾਇਆ ਹੈ ਉਹ ਓਧਰ ਹੀ ਲੱਗੇ ਹੋਏ ਹਨ।੨।

੧੬੯- ਜੇ ਸਉ ਕੂੜੀਆ ਕੂੜੁ ਕਬਾੜੁ ॥ ਭਾਵੈ ਸਭੁ ਆਖਉ ਸੰਸਾਰੁ ॥ ਤੁਧੁ ਭਾਵੈ ਅਧੀ ਪਰਵਾਣੁ ॥ ਨਾਨਕ ਜਾਣੈ ਜਾਣੁ ਸੁਜਾਣੁ ॥ ੪ ॥ (ਪੰਨਾ-੬੬੨)

ਪਦ ਅਰਥ:--ਕੂੜੀਆ=ਝੂਠੀਆਂ ਗੱਲਾਂ। ਕੂੜੁ=ਝੂਠ। ਕਬਾੜੁ=ਕੂੜਾ ਕਰਕਟ, ਟੁੱਟਾ-ਭੱਜਾ ਮਾਲ, ਵਿਅਰਥ ਕੰਮ। ਅਧੀ=(ਧੀ=ਅਕਲ) ਅਕਲ-ਹੀਣ ਮਨੁੱਖ, ਸਿੱਧੜ ਆਦਮੀ। ਜਾਣ=ਜਾਣਨਹਾਰ ਪ੍ਰਭੂ।

ਅਰਥ:--(ਆਪਣਾ ਇਤਬਾਰ ਜਮਾਉਣ ਲਈ ਚਲਾਕ ਬਣ ਕੇ) ਭਾਵੇਂ ਸਾਰੇ ਸੰਸਾਰ ਨੂੰ ਝੂਠੀਆਂ ਗੱਲਾਂ ਤੇ ਗੱਪਾਂ ਆਖੀ ਜਾਏ (ਪਰ, ਹੇ ਪ੍ਰਭੂ! ਕੋਈ ਮਨੁੱਖ ਤੈਨੂੰ ਧੋਖਾ ਨਹੀਂ ਦੇ ਸਕਦਾ)।(ਹੇ ਪ੍ਰਭੂ ! ਜੇ ਦਿਲ ਦਾ ਖਰਾ ਹੋਵੇ ਤਾਂ) ਇੱਕ ਸਿੱਧੜ ਮਨੁੱਖ ਵੀ ਤੈਨੂੰ ਪਸੰਦ ਆ ਜਾਂਦਾ ਹੈ, ਤੇਰੇ ਦਰ 'ਤੇ ਕਬੂਲ ਹੋ ਜਾਂਦਾ ਹੈ। ਹੇ ਨਾਨਕ! ਘਟ-ਘਟ ਦੀ ਜਾਣਨ ਵਾਲਾ ਸੁਜਾਨ ਪ੍ਰਭੂ (ਸਭ ਕੁਝ) ਜਾਣਦਾ ਹੈ। ੪।

੧੭੦- ਸਚਾ ਸਾਹੁ ਸਚੇ ਵਣਜਾਰੇ ਓਥੈ ਕੂੜੇ ਨ ਟਿਕੰਨਿ ॥
ਓਨ੍ਾ ਸਚੁ ਨ ਭਾਵਈ ਦੁਖ ਹੀ ਮਾਹਿ ਪਚੰਨਿ ॥ ੧੯ ॥ (ਪੰਨਾ-੭੫੫)

--✵✵--

ਚੌਥਾ ਕਾਂਡ

੧

ਨਾਮੁ

ਮਹਾਨ ਕੋਸ਼ ਅਨੁਸਾਰ ਨਾਮ ਦੇ ਅਰਥ: (ਪੰਨਾ 697/98) ਸੰਗਯਾ: ਨਾਉਂ , ਕਿਸੇ ਵਸਤੂ ਦਾ ਬੋਧ ਕਰਾਉਣ ਵਾਲਾ ਸ਼ਬਦ, ਜਿਸ ਕਰਕੇ ਅਰਥ ਜਾਣਿਆ ਜਾਵੇ, ਉਹ ਨਾਮ ਹੈ। ਨਾਮ ਦੇ ਮੁੱਖ ਭੇਦ ਦੋ ਹਨ - ਇੱਕ ਵਸਤੂਵਾਚਕ ਜੈਸੇ ਮਨੁੱਖ, ਬੈਲ, ਪਹਾਣ ਆਦਿ, ਦੂਜਾ ਭਾਵ ਵਾਚਕ ਜੈਸੇ - ਸੁੰਦਰਤਾ, ਕਠੋਰਤਾ, ਭਲਮਨਸਊ, ਭਰੱਪਣ ਆਦਿ। ੨. ਗੁਰਬਾਣੀ ਵਿੱਚ "ਨਾਮ" ਕਰਤਾਰ ਅਤੇ ਉਸ ਦਾ ਹੁਕਮ ਬੋਧਕ ਸ਼ਬਦ ਵੀ ਹੈ ਯਥਾ "ਨਾਮ ਕੇ ਧਾਰੇ ਸਗਲੇ ਜੰਤ। ਨਾਮ ਕੇ ਧਾਰੇ ਖੰਡ ਬ੍ਰਹਮੰਡ" (ਸੁਖਮਨੀ) ੩. ਸੰ: ਨਾਮ ਵਯ ਅੰਗੀਕਾਰ ੪. ਸਮਰਣ, ਚੇਤਾ। ੫. ਪ੍ਰਸਿਧੀ, ਮਸ਼ਹੂਰੀ

ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ "ਨਾਮ" ਅਨੇਕਾਂ ਹੀ ਅਰਥਾਂ ਵਿੱਚ ਆਇਆ ਹੈ, ਜਿਸ ਦੀ ਵਿਚਾਰ ਆਪਣੇ ਆਪ ਵਿੱਚ ਇੱਕ ਪੂਰੀ ਕਿਤਾਬ ਦਾ ਰੂਪ ਲੈ ਸਕਦੀ ਹੈ। ਆਓ! ਹੁਣ ਇਸ ਅਨੁਪਮ ਗੁਰਉਪਦੇਸ਼ (ਅਥਵਾ ਮੂਲਮੰਤਰ) ਵਿਚ ਆਏ "ਨਾਮ" ਪਦ ਦੇ ਮਿਲਦੇ ਅਰਥਾਂ ਦੀ ਖੋਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਕਰੀਏ:

੧- **ਖੋਜਤ ਖੋਜਤ ਖੋਜਿ ਬੀਚਾਰਿਓ, ਰਾਮ ਨਾਮੁ ਤਤੁ ਸਾਰਾ ॥**
ਕਿਲਬਿਖ ਕਾਟੇ ਨਿਮਖ ਅਰਾਧਿਆ ਗੁਰਮੁਖਿ ਪਾਰਿ ਉਤਾਰਾ ॥ ੧ ॥
(ਪੰਨਾ-੬੧੧)

ਅਰਥ:- ਹੇ ਭਾਈ! ਬੜੀ ਲੰਮੀ ਖੋਜ ਕਰ ਕੇ ਅਸੀ ਇਸ ਵਿਚਾਰ 'ਤੇ ਪਹੁੰਚੇ ਹਾਂ ਕਿ ਪਰਮਾਤਮਾ ਦਾ ਨਾਮ (-ਸਿਮਰਨਾ ਹੀ ਮਨੁੱਖਾ ਜੀਵਨ ਦੀ) ਸਭ ਤੋਂ ਉੱਚੀ ਅਸਲੀਅਤ ਹੈ। ਗੁਰੂ ਦੀ ਸ਼ਰਨ ਪੈ ਕੇ ਹਰਿ-ਨਾਮ ਸਿਮਰਿਆਂ (ਇਹ ਨਾਮ) ਅੱਖ ਦੇ ਫੋਰ ਵਿਚ (ਸਾਰੇ) ਪਾਪ ਕੱਟ ਦੇਂਦਾ ਹੈ, ਤੇ, (ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ਦੇਂਦਾ ਹੈ ।੧।

੨- **ਖੋਜਤ ਖੋਜਤ ਖੋਜਿਆ ਨਾਮੈ ਬਿਨੁ ਕੂਰੁ ॥**
ਜੀਵਨ ਸੁਖੁ ਸਭੁ ਸਾਧਸੰਗਿ ਪ੍ਰਭ ਮਨਸਾ ਪੂਰੁ ॥੨ ॥ (ਪੰਨਾ-੮੧੧)

ਅਰਥ:- ਹੇ ਪ੍ਰਭੂ ! ਭਾਲ ਕਰਦਿਆਂ-ਕਰਦਿਆਂ (ਆਖ਼ਰ ਮੈਂ ਇਹ ਗੱਲ) ਲੱਭ ਲਈ ਹੈ ਕਿ (ਤੇਰੇ) ਨਾਮ ਤੋਂ ਬਿਨਾਂ (ਹੋਰ ਸਭ ਕੁਝ) ਨਾਸਵੰਤ ਹੈ । ਜ਼ਿੰਦਗੀ ਦਾ ਸਾਰਾ ਸੁਖ ਸਾਧ

ਸੰਗਤਿ ਵਿਚ (ਹੀ ਪ੍ਰਾਪਤ ਹੁੰਦਾ ਹੈ)। ਹੇ ਪ੍ਰਭੂ ! (ਮੈਨੂੰ ਭੀ ਸਾਧ ਸੰਗਤਿ ਵਿਚ ਟਿਕਾਈ ਰੱਖੀਂ, ਮੇਰੀ ਇਹ) ਤਾਂਘ ਪੂਰੀ ਕਰ।੨।

੩- ਖੋਜਤ ਖੋਜਤ ਖੋਜਿ ਬੀਚਾਰਿਓ ਤਤੁ ਨਾਨਕ ਇਹੁ ਜਾਨਾ ਰੇ ॥
ਸਿਮਰਤ ਨਾਮੁ ਨਿਧਾਨੁ ਨਿਰਮੋਲਕੁ ਮਨੁ ਮਾਣਕੁ ਪਤੀਆਨਾ ਰੇ ॥ ੩ ॥੧ ॥
੧੩੦ ॥ (ਪੰਨਾ-੪੦੪)

੪- ਖੋਜਤ ਖੋਜਤ ਖੋਜਿ ਬੀਚਾਰਿਓ ਹਰਿ ਸੰਤ ਜਨਾ ਪਹਿ ਆਹਾ ॥ ਤਿਨ੍ਾ ਪਰਾਪਤਿ ਏਹੁ ਨਿਧਾਨਾ ਜਿਨ੍ ਕੈ ਕਰਮਿ ਲਿਖਾਹਾ ॥੧ ॥ ਸੇ ਬਡਭਾਗੀ ਸੇ ਪਤਿਵੰਤੇ ਸੇਈ ਪੂਰੇ ਸਾਹਾ ॥ ਸੁੰਦਰ ਸੁਘੜ ਸਰੂਪ ਤੇ ਨਾਨਕ ਜਿਨ੍ ਹਰਿ ਹਰਿ ਨਾਮੁ ਵਿਸਾਹਾ ॥੨ ॥੧੦ ॥ (ਪੰਨਾ-੫੩੦)

ਕੀ ਪਰਮਤਾਮਾ ਦਾ, ਈਸ਼ਵਰ ਪ੍ਰਭੂ ਦਾ ਆਪਣਾ ਕੋਈ ਖ਼ਾਸ ਨਾਮ ਵੀ ਹੈ ? ਉੱਤਰ:-

੫- ਗੋਸਾਈ ਤੇਰਾ ਕਹਾ ਨਾਮੁ, ਕੈਸੇ ਜਾਤੀ ॥ ਜਾ ਕਉ ਭੀਤਰਿ
ਮਹਲਿ ਬੁਲਾਵਹਿ ਪੂਛਹੁ ਬਾਤ ਨਿਰੰਤੀ ॥ ੧ ॥ ਰਹਾਉ ॥(ਪੰਨਾ-੬੯੨)

ਪਦ ਅਰਥ:-ਗੁਸਾਈ=ਹੇ ਗੋ-ਸਾਈ! ਹੇ ਧਰਤੀ ਦੇ ਖ਼ਸਮ-ਪ੍ਰਭੂ! ਕਹਾ=ਕਿੱਥੇ? ਕੈਸੇ=ਕਿਵੇਂ? ਕਹਾ ਨਾਮੁ=ਕਿੱਥੇ ਤੇਰਾ ਕੋਈ ਖ਼ਾਸ ਨਾਮੁ ਹੈ? ਤੇਰਾ ਕੋਈ ਖ਼ਾਸ ਨਾਮ ਨਹੀਂ ਹੈ। ਕੈਸੇ ਜਾਤੀ=ਕਿਵੇਂ ਕੋਈ ਤੇਰੀ ਖ਼ਾਸ ਜਾਤ ਹੈ? ਤੇਰੀ ਕੋਈ ਖ਼ਾਸ ਜਾਤ ਨਹੀਂ ਹੈ। ਤਉ=ਤੂੰ। ਭੀਤਰਿ=ਧੁਰ ਅੰਦਰ॥ ਮਹਲਿ=ਮਹਿਲ ਵਿਚ, ਆਪਣੇ ਚਰਨਾਂ ਵਿਚ। ਜਾ=ਜਦੋਂ। ਪੂਛਉ=ਮੈਂ ਪੁੱਛਦਾ ਹੈ। ਨਿਰੰਤੀ ਬਾਤ=ਭੇਦ ਦੀ ਗੱਲ।੧।

ਅਰਥ:-ਹੇ ਧਰਤੀ ਦੇ ਖ਼ਸਮ ਪ੍ਰਭੂ ! ਜਦੋਂ ਤੋਂ ਮੈਨੂੰ ਮੇਰੇ ਅੰਤਰ ਆਤਮੇ ਚਰਨਾਂ ਵਿਚ ਸੱਦਦਾ ਹੈ (ਜੋੜਦਾ ਹੈਂ, ਜਦੋਂ ਮੇਰੀ ਲਿਵ ਤੇਰੇ ਵਿਚ ਜੁੜਦੀ ਹੈ) ਤਦੋਂ ਮੈਂ ਤੈਥੋਂ ਇਹ ਨਿਰੰਤੀ (ਭੇਦ ਦੀ) ਗੱਲ ਪੁੱਛਦਾ ਹਾਂ ਕਿ ਤੇਰਾ ਕਿਆ ਕੋਈ ਖ਼ਾਸ ਨਾਮ ਹੈ, ਤੇ ਕਿਵੇਂ ਤੇਰੀ ਕੋਈ ਖ਼ਾਸ ਜਾਤ ਹੈ (ਭਾਵ, ਜਦੋਂ ਤੂੰ ਅਪਣੀ ਮਿਹਰ ਨਾਲ ਆਪਣੇ ਚਰਨਾਂ ਵਿਚ ਜੋੜਦਾ ਹੈਂ ਤਦੋਂ ਮੈਨੂੰ ਸਮਝ ਆਉਂਦੀ ਹੈ ਕਿ ਨਾਂ ਕੋਈ ਤੇਰਾ ਖ਼ਾਸ ਨਾਮ ਹੈ ਅਤੇ ਨਾ ਹੀ ਤੇਰੀ ਕੋਈ ਖ਼ਾਸ ਜਾਤ ਹੈ) ।੧।

੬ ਕਿਰਤਮ ਨਾਮ ਕਥੇ ਤੇਰੇ ਜਿਹਬਾ ॥ ਸਤਿ ਨਾਮੁ ਤੇਰਾ ਪਰਾ ਪੂਰਬਲਾ ॥
ਕਹੁ ਨਾਨਕ ਭਗਤ ਪਏ ਸਰਣਾਈ ਦੇਹੁ ਦਰਸੁ ਮਨਿ ਰੰਗੁ ਲਗਾ ॥ ੨੦ ॥
(ਪੰਨਾ ੧੦੮੩)

੨

ਰੱਬ ਦੇ ਨਾਮੁ

ਦਾਸ ਦੀ ਅਲਪ ਬੁੱਧੀ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਰੱਬ ਦੇ ਅੱਡ-ਅੱਡ ਨਾਮ ਅਤੇ ਉਨ੍ਹਾਂ ਦੀ ਗਿਣਤੀ ਦੀ ਸੂਚੀ ਹੇਠਾਂ ਦਿੱਤੀ ਜਾ ਰਹੀ ਹੈ ਤਾਂ ਜੋ ਖੋਜੀ ਵੀਰ ਇਸ ਦਾ ਲਾਭ ਲੈ ਸਕਣ ।

ਰਾਮ-੧੭੫੮, ਰਾਮਾ-੨੭ ਰਾਮੁ-੨੫੪, ਰਾਮੰ-੧, ਰਬ-੧੧, ਰਬੁ-੬, ਰਬਿ-੧ ਹਰਿ-੯੨੯੯, ਹਰੇ-੧੦੭, ਹਰੈ-੧੩, ਹਰੀ-੫੦। ਪ੍ਰਭ-੧੫੯੭, ਪ੍ਰਭੁ-੯੨੧, ਪ੍ਰਭੂ-੧੨੧, ਨਾਰਾਇਣ-੪੧, ਭਗਵਾਨ-੪੧, ਨਾਰਾਇਣਾ-੧, ਨਾਰਾਇਣੈ-੫, ਭਗਵਾਨਾ-੧, ਭਗਵਾਨੈ-੪, ਭਗਵੰਤ-੩੭, ਭਗਵੰਤੁ-੧੦, ਠਾਕੁਰ-੨੩੮, ਠਾਕੁਰਿ-੩੧, ਮੋਹਨ-੩੧,ਮੋਹਨੁ-੭ ,ਵਾਹਗੁਰੂ-੩,ਵਾਹਿਗੁਰੂ-੧੩,ਅਚੁਤ-੨੪,ਪਾਰਬ੍ਰਹਮ-੧੨੯,ਪਰਮੇਸੁਰ-੨੯, ਅੰਤਰਜਾਮੀ-੧੨੯, ਮਧੁਸੂਦਨ-੬, ਦਾਮੋਦਰੁ-੨, ਦਾਮੋਦਰ-੮, ਸੁਆਮੀ-੫੨੭, ਕੇਸਵ-੫, ਗੋਵਰਧਨ ਧਾਰੀ-੧੩੮, ਮੁਰਲੀ-ਮਨੋਹਰ-੧੦, ਰੰਗਾ-੨੯, ਮਾਧਵ-੨, ਕ੍ਰਿਸਨ-੮, ਮੁਰਾਰੇ-੨੧,ਜਗਦੀਸੁਰ-੯,ਜਗਦੀਸਰ-੧, ਮੁਰ-੨, ਮੁਰਾਰ-੨, ਕਰਤਾਰਹ-੧, ਕਰਤਾਰਾ-੩, ਕਰਤਾਰ-੩੨, ਕਰਤਾਰੁ-੩੭, ਕਰਤਾਰੈ-੨, ਕਰਤਾਰੋ-੧, ਹਕਾ-੧, ਕਰੀਮ-੭, ਕਰੀਮੁ-੨, ਕਰੀਮਾ-੧, ਪਰਵਦਗਾਰ-੩, ਪਰਵਦਗਾਰਾ-੧, ਪਰਵਦਗਾਰੁ-੨, ਪਰਵਦਿਗਾਰ-੧, ਪਰਵਦਿਗਾਰੁ-੧, ਪਰਵਿਦਗਾਰ-੧, ਅਲਹ-੧੮, ਅਲਹੁ-੧੩, ਅਲਾਹ-੪,ਅਲਾਹਿ-੧,ਅਲਾਹੁ-੧,ਅਲਾ-੧,ਅਲਾਉ-੧,ਖੁਦਾਇ-੩੨,ਖੁਦਾਇਆ-੫, ਮਉਲਾ-੩, ਆਦਿ।

ਕੀ, ਪ੍ਰਭੂ ਦਾ ਆਪਣਾ ਕੋਈ ਖ਼ਾਸ ਨਾਮ ਵੀ ਹੈ ?

ਉੱਤਰ:-

੭- **ਗੋਸਾਈ ਤੇਰਾ ਕਹਾ ਨਾਮੁ, ਕੈਸੇ ਜਾਤੀ ॥ ਜਾ ਕਉ ਭੀਤਰਿ ਮਹਲਿ ਬੁਲਾਵਹਿ ਪੂਛਹੁ ਬਾਤ ਨਿਰੰਤੀ ॥ ੧ ॥ ਰਹਾਉ ॥**((ਪੰਨਾ-੯੯੨)

ਪਦ ਅਰਥ:-ਗੁਸਾਈ=ਹੇ ਗੋ-ਸਾਈ ! ਹੇ ਧਰਤੀ ਦੇ ਖ਼ਸਮ-ਪ੍ਰਭੂ ! ਕਹਾ=ਕਿੱਥੇ? ਕੈਸੇ=ਕਿਵੇਂ? ਕਹਾ ਨਾਮੁ=ਕਿੱਥੇ ਤੇਰਾ ਕੋਈ ਖ਼ਾਸ ਨਾਮੁ ਹੈ? ਤੇਰਾ ਕੋਈ ਖ਼ਾਸ ਨਾਮ ਨਹੀਂ ਹੈ। ਕੈਸੇ ਜਾਤੀ=ਕਿਵੇ ਕੋਈ ਤੇਰੀ ਖ਼ਾਸ ਜਾਤ ਹੈ? ਤੇਰੀ ਕੋਈ ਖ਼ਾਸ ਜਾਤ ਨਹੀਂ ਹੈ। ਤਉ=ਤੂੰ।

ਭੀਤਰਿ=ਧੁਰ ਅੰਦਰ॥ ਮਹਲਿ=ਮਹਿਲ ਵਿਚ, ਆਪਣੇ ਚਰਨਾਂ ਵਿਚ। ਜਾ=ਜਦੋਂ। ਪੂਛਉ=ਮੈਂ ਪੁੱਛਦਾ ਹੈ। ਨਿਰੰਤੀ ਬਾਤ=ਭੇਦ ਦੀ ਗੱਲ। ੧ ।

ਅਰਥ:-ਹੇ ਧਰਤੀ ਦੇ ਖ਼ਸਮ ਪ੍ਰਭੂ ! ਜਦੋਂ ਤੋਂ ਮੈਨੂੰ ਮੇਰੇ ਅੰਤਰ ਆਤਮੇ ਚਰਨਾਂ ਵਿਚ ਸੱਦਦਾ ਹੈ (ਜੋੜਦਾ ਹੈਂ, ਜਦੋਂ ਮੇਰੀ ਲਿਵ ਤੇਰੇ ਵਿਚ ਜੁੜਦੀ ਹੈ) ਤਦੋਂ ਮੈਂ ਤੈਥੋਂ ਇਹ ਨਿਰੰਤੀ (ਭੇਦ ਦੀ) ਗੱਲ ਪੁੱਛਦਾ ਹਾਂ ਕਿ ਤੇਰਾ ਕਿੱਥੇ ਕੋਈ ਖ਼ਾਸ ਨਾਮ ਹੈ, ਤੇ ਕਿਵੇਂ ਤੇਰੀ ਕੋਈ ਖ਼ਾਸ ਜਾਤ ਹੈ (ਭਾਵ, ਜਦੋਂ ਤੂੰ ਅਪਣੀ ਮਿਹਰ ਨਾਲ ਆਪਣੇ ਚਰਨਾਂ ਵਿਚ ਜੋੜਦਾ ਹੈਂ ਤਦੋਂ ਮੈਨੂੰ ਸਮਝ ਆਉਂਦੀ ਹੈ ਕਿ ਨਾਂਹ ਕੋਈ ਤੇਰਾ ਖ਼ਾਸ ਨਾਮ ਹੈ ਅਤੇ ਨਾ ਹੀ ਤੇਰੀ ਕੋਈ ਖ਼ਾਸ ਜਾਤ ਹੈ)।੧।

ਕਿਉਂਕਿ ਰੱਬ ਦਾ ਕੋਈ "ਇੱਕ" ਖ਼ਾਸ ਨਾਮ ਨਹੀਂ ਹੈ, ਇਸ ਲਈ ਅੱਗੇ ਆਏ ਸਾਰੇ ਨਾਮ ਉਸੇ ਦੇ ਹੀ ਹਨ:

੮.੧ ਮਾਰੂ ਮਹਲਾ ੫ ॥ ਅਚੁਤ$_{1}$ ਪਾਰਬ੍ਰਹਮ$_{2}$ ਪਰਮੇਸੁਰ$_{3}$ ਅੰਤਰਜਾਮੀ$_{4}$ ॥ ਮਧੁਸੂਦਨ$_{5}$ ਦਾਮੋਦਰ$_{6}$ ਸੁਆਮੀ$_{7}$ ॥ ਰਿਖੀਕੇਸਵ$_{8}$ ਗੋਵਰਧਨ ਧਾਰੀ$_{9}$ ਮੁਰਲੀ ਮਨੋਹਰ$_{10}$ ਹਰਿ ਰੰਗਾ$_{11}$ ॥੧॥ ਮੋਹਨ$_{12}$ ਮਾਧਵ$_{13}$ ਕ੍ਰਿਸਨ$_{14}$ ਮੁਰਾਰੇ$_{15}$ ॥ ਜਗਦੀਸੁਰ$_{16}$ ਹਰਿ ਜੀਉ$_{17}$ ਅਸੁਰ ਸੰਘਾਰੇ$_{18}$ ॥ ਜਗਜੀਵਨ$_{19}$ ਅਬਿਨਾਸੀ$_{20}$ ਠਾਕੁਰ$_{21}$ ਘਟ ਘਟ ਵਾਸੀ$_{22}$ ਹੈ ਸੰਗਾ$_{23}$ ॥੨॥ ਧਰਣੀਧਰ$_{24}$ ਈਸ$_{25}$ ਨਰਸਿੰਘ$_{26}$ ਨਾਰਾਇਣ$_{27}$ ॥ ਦਾੜਾ ਅਗ੍ਰੇ$_{28}$ ਪ੍ਰਿਥਮਿ ਧਰਾਇਣ$_{29}$ ॥ ਬਾਵਨ ਰੂਪੁ$_{30}$ ਕੀਆ ਤੁਧੁ ਕਰਤੇ$_{31}$ ਸਭ ਹੀ ਸੇਤੀ ਹੈ ਚੰਗਾ$_{32}$ ॥੩॥ ਸ੍ਰੀ ਰਾਮਚੰਦ$_{33}$ ਜਿਸੁ ਰੂਪੁ ਨ ਰੇਖਿਆ$_{34}$ ॥ ਬਨਵਾਲੀ$_{35}$ ਚਕ੍ਰਪਾਣਿ$_{36}$ ਦਰਸਿ ਅਨੂਪਿਆ$_{37}$ ॥ ਸਹਸ ਨੇਤ੍ਰ$_{38}$ ਮੂਰਤਿ ਹੈ ਸਹਸਾ$_{39}$ ਇਕੁ ਦਾਤਾ$_{40}$ ਸਭ ਹੈ ਮੰਗਾ ॥੪॥ (ਪੰਨਾ-੧੦੮੨)

ਪਦ ਅਰਥ : ਅਚੁਤ- ਨਾ ਨਾਸ ਹੋਣ ਵਾਲਾ । ਪਰਮੇਸੁਰ—ਪਰਮ ਈਸ਼ੁਰ, ਸਭ ਤੋਂ ਵੱਡਾ ਮਾਲਕ । ਅੰਤਰਜਾਮੀ—ਸਭ ਦੇ ਦਿਲਾਂ ਵਿਚ ਅੱਪੜਨ ਵਾਲਾ। ਮਧੁਸੂਦਨ—ਮਧੂ ਦੈਂਤ ਨੂੰ ਮਾਰਨ ਵਾਲਾ । ਦਾਮੋਦਰ—(ਦਾਮ-ਉਦਰ) ਜਿਸ ਦੇ ਪੇਟ ਦੇ ਦੁਆਲੇ ਰੱਸੀ ਹੈ। ਰਿਖੀਕੇਸ—ਜਗਤ ਦੇ ਗਿਆਨ-ਇੰਦ੍ਰਿਆਂ ਦਾ ਮਾਲਕ । ਗੋਵਰਧਨ ਧਾਰੀ—ਗੋਵਰਧਨ ਪਹਾੜ ਨੂੰ ਚੁੱਕਣ ਵਾਲਾ। ਮੁਰਲੀ ਮਨੋਹਰ—ਸੋਹਣੀ ਮੁਰਲੀ (ਬੰਸਰੀ) ਵਾਲਾ। ਰੰਗਾਂ—ਅਨੇਕਾਂ ਕੌਤਕ-ਤਮਾਸ਼ੇ ।੧।

ਮੋਹਨ—ਮਨ ਨੂੰ ਮੋਹ ਲੈਣ ਵਾਲਾ। ਮਾਧਵ— (ਮਾਇਆ ਦਾ ਧਵ) ਮਾਇਆ ਦਾ ਪਤੀ। ਮੁਰਾਰੇ—ਮੁਰ-ਦੈਂਤ ਦਾ ਵੈਰੀ (ਮੁਰ-ਅਰਿ)। ਜਗਦੀਸੁਰ—ਜਗਤ ਦਾ ਈਸ਼ੁਰ । ਅਸੁਰ

ਸੰਘਾਰੇ—ਦੈਂਤਾਂ ਦਾ ਨਾਸ ਕਰਨ ਵਾਲਾ। ਜਗ ਜੀਵਨ—ਜਗਤ ਦਾ ਜੀਵਨ-ਆਸਰਾ। ਘਟ-ਘਟ ਵਾਸੀ—ਸਭਨਾਂ ਸਰੀਰਾਂ ਵਿਚ ਵੱਸਣ ਵਾਲਾ। ਸੰਗਾ—ਸੰਗਿ, ਨਾਲ।੨। ਧਰਣੀ ਧਰ—ਧਰਤੀ ਦਾ ਸਹਾਰਾ। ਈਸ—ਈਸ਼, ਮਾਲਕ। ਨਾਰਾਇਣ— (ਨਾਰ-ਜਲ। ਅਯਨ—ਘਰ) ਜਿਸ ਦਾ ਘਰ ਪਾਣੀ (ਸਮੁੰਦਰ) ਵਿਚ ਹੈ। ਦਾੜਾ ਅਗ੍ਰੇ—ਦਾੜ੍ਹਾਂ ਦੇ ਉੱਤੇ। ਪ੍ਰਿਥਮਿ—ਧਰਤੀ। ਧਰਾਇਣ—ਚੁੱਕਣ ਵਾਲਾ। ਬਾਵਨ ਰੂਪੁ—ਵਾਮਨ (ਵਉਣਾ) ਅਵਤਾਰ। ਕਰਤੇ—ਹੇ ਕਰਤਾਰ! ਸੇਤੀ—ਨਾਲ ਮ।੩ ਰੇਖਿਆ—ਚਿਹਨ-ਚੱਕ੍ਰ। ਬਨਵਾਲੀ—ਬਨ ਹੈ ਮਾਲਾ ਜਿਸ ਦੀ। ਚਕ੍ਰਪਾਣਿ— (ਪਾਣਿ—ਹੱਥ) ਜਿਸ ਦੇ ਹੱਥ ਵਿਚ (ਸੁਦਰਸ਼ਨ) ਚੱਕ੍ਰ ਹੈ। ਦਰਸਿ ਅਨੂਪਿਆ—ਉਪਮਾ-ਰਹਿਤ ਦਰਸਨ ਵਾਲਾ। ਸਹਸ ਨੇਤ੍ਰ—ਹਜ਼ਾਰਾਂ ਅੱਖਾਂ ਵਾਲਾ। ਸਹਸਾ—ਹਜ਼ਾਰਾਂ। ਮੰਗਾ—ਮੰਗਣ ਵਾਲੇ ।੪।

੮.੨- **ਭਗਤਿ ਵਛਲੁ$_{41}$ ਅਨਾਥਹ ਨਾਥੇ$_{42}$ ॥ ਗੋਪੀ ਨਾਥੁ$_{43}$ ਸਗਲ ਹੈ ਸਾਥੇ$_{44}$ ॥ ਬਾਸੁਦੇਵ$_{45}$ ਨਿਰੰਜਨ$_{46}$ ਦਾਤੇ$_{47}$ ਬਰਨਿ ਨ ਸਾਕਉ ਗੁਣ ਅੰਗਾ ॥੫॥ ਮੁਕੰਦ ਮਨੋਹਰ$_{48}$ ਲਖਮੀ ਨਾਰਾਇਣ$_{49}$ ॥ ਦ੍ਰੋਪਤੀ ਲਜਾ ਨਿਵਾਰਿ ਉਧਾਰਣ$_{50}$ ॥ ਕਮਲਾਕੰਤ$_{51}$ ਕਰਹਿ ਕੰਤੂਹਲ ਅਨਦ ਬਿਨੋਦੀ$_{52}$ ਨਿਹਸੰਗਾ$_{53}$ ॥੬॥ ਅਮੋਘ ਦਰਸਨ$_{54}$ ਆਜੂਨੀ$_{55}$ ਸੰਭਉ$_{56}$ ॥ ਅਕਾਲ ਮੂਰਤਿ$_{57}$ ਜਿਸੁ ਕਦੇ ਨਾਹੀ ਖਉ$_{58}$ ॥ ਅਬਿਨਾਸੀ$_{59}$ ਅਬਿਗਤ$_{60}$ ਅਗੋਚਰ$_{61}$ ਸਭੁ ਕਿਛੁ ਤੁਝ ਹੀ ਹੈ ਲਗਾ ॥੭॥ ਸ੍ਰੀਰੰਗ$_{62}$ ਬੈਕੁੰਠ ਕੇ ਵਾਸੀ$_{63}$ ॥ਮਛ$_{64}$ ਕਛ$_{65}$ ਕੂਰਮੁ$_{66}$ ਆਗਿਆ ਅਉਤਰਾਸੀ$_{67}$ ॥ ਕੇਸਵ$_{68}$ ਚਲਤ ਕਰਹਿ ਨਿਰਾਲੇ$_{69}$ ਕੀਤਾ ਲੋੜਹਿ ਸੋ ਹੋਇਗਾ ॥ ੮ ॥ (ਪੰਨਾ-੧੦੮੨)**

ਪਦ ਅਰਥ :—ਭਗਤਿ ਵਛਲੁ—ਭਗਤੀ ਨੂੰ ਪਿਆਰ ਕਰਨ ਵਾਲਾ। ਅਨਾਥਹ ਨਾਥੇ—ਹੇ ਅਨਾਥਾਂ ਦੇ ਨਾਥ ! ਗੋਪੀ ਨਾਥੁ—ਗੋਪੀਆਂ ਦਾ ਨਾਥ। ਬਾਸੁਦੇਵ—ਵਾਸੁਦੇਵ ਦਾ। (ਨਿਰੰਜਨੁ— ਨਿਰ-ਅੰਜਨ) ਮਾਇਆ ਦੇ ਮੋਹ ਦੀ ਕਾਲਖ ਤੋਂ ਰਹਿਤ। ਦਾਤੇ—ਹੇ ਦਾਤਾਰ ! ਸਾਕਉ—ਸਾਕਉਂ। ਬਰਨਿ ਨ ਸਾਕਉਂ—ਮੈਂ ਬਿਆਨ ਨਹੀਂ ਕਰ ਸਕਦਾ ।੫। ਮੁਕੰਦ—(ਮੁਕੁੰਦਾਤਿ ਇਤਿ) ਮੁਕਤੀ ਦੇਣ ਵਾਲਾ। ਲਖਮੀ ਨਾਰਾਇਣ—ਲੱਛਮੀ ਦਾ ਪਤੀ ਨਾਰਾਇਣ। ਨਿਵਾਰਿ—ਬੇ-ਪਤੀ ਤੋਂ ਬਚਾ ਕੇ। ਉਧਾਰਣ—ਬਚਾਣ ਵਾਲਾ। ਕਮਲਾ ਕੰਤ—ਹੇ ਮਾਇਆ ਦੇ ਪਤੀ ! ਕਰਹਿ—ਤੂੰ ਕਰਦਾ ਹੈਂ। ਕੰਤੂਹਲ—ਕੌਤਕ ਤਮਾਸ਼ੇ। ਬਿਨੋਦੀ—ਆਨੰਦ ਮਾਣਨ ਵਾਲਾ। ਨਿਸੰਗਾ—ਨਿਰਲੇਪ ।੬। ਅਮੋਘ—ਫਲ ਦੇਣ ਵਾਲਾ, ਕਦੇ ਖ਼ਾਲੀ ਨਾ ਜਾਣ ਵਾਲਾ। ਆਜੂਨੀ—ਜੂਨਾਂ ਤੋਂ ਰਹਿਤ। ਸੰਭਉ—ਆਪਣੇ ਆਪ ਤੋਂ ਪਰਗਟ ਹੋਣ ਵਾਲਾ। ਅਕਾਲ ਮੂਰਤਿ—ਜਿਸ ਦੀ ਹਸਤੀ ਕਾਲ ਤੋਂ ਰਹਿਤ ਹੈ। ਖਉ—ਨਾਸ। ਅਬਗਤ—

ਅਦ੍ਰਿਸ਼ਟ । ਅਗੋਚਰ—ਹੇ ਗਿਆਨ-ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਰਹਿਣ ਵਾਲੇ ! ਲਗਾ—ਆਸਰੇ ।੭। ਸ੍ਰੀ ਰੰਗ—ਹੇ ਲਛਮੀ ਦੇ ਪਤੀ ! ਕੂਰਮੁ—ਕਛੂਕੁੰਮਾ । ਆਗਿਆ—ਤੇਰੇ ਹੁਕਮ ਵਿਚ । ਅਉਤਰਾਸੀ—ਉਤਰਿਆ, ਅਵਤਾਰ ਲਿਆ । ਕੇਸਵ—ਹੇ ਸੋਹਣੇ ਲੰਮੇ ਕੇਸਾਂ ਵਾਲੇ ! ਨਿਰਾਲੇ—ਅਨੋਖੇ । ਕੀਤਾ ਲੋੜਹਿ—(ਜੋ ਕੁਝ) ਤੂੰ ਕਰਨਾ ਚਾਹੁੰਦਾ ਹੈਂ ।੮।

੮.੩- ਨਿਰਾਹਾਰੀ[70] ਨਿਰਵੈਰੁ[71] ਸਮਾਇਆ ॥ ਧਾਰਿ ਖੇਲੁ ਚਤੁਰਭੁਜੁ[72] ਕਹਾਇਆ ॥ ਸਾਵਲ ਸੁੰਦਰ ਰੂਪ ਬਣਾਵਹਿ ਬੇਣੁ ਸੁਨਤ ਸਭ ਮੋਹੈਗਾ[73] ॥ ੯ ॥ ਬਨਮਾਲਾ ਬਿਭੂਖਨ ਕਮਲ ਨੈਨ[74] ॥ ਸੁੰਦਰ ਕੁੰਡਲ ਮੁਕਟ ਬੈਨ[75] ॥ ਸੰਖ ਚਕ੍ਰ ਗਦਾ ਹੈ ਧਾਰੀ[76] ਮਹਾ ਸਾਰਥੀ ਸਤਸੰਗਾ[77] ॥੧੦ ॥ ਪੀਤ ਪੀਤੰਬਰ[78] ਤ੍ਰਿਭਵਣ ਧਣੀ[79] ॥ ਜਗੰਨਾਥੁ[80] ਗੋਪਾਲੁ[81] ਮੁਖਿ ਭਣੀ ॥ ਸਾਰਿੰਗਧਰ[82] ਭਗਵਾਨ[83] ਬੀਠੁਲਾ[84] ਮੈ ਗਣਤ ਨ ਆਵੈ ਸਰਬੰਗਾ[85] ॥੧੧ ॥ ਨਿਹਕੰਟਕੁ[86] ਨਿਹਕੇਵਲੁ ਕਹੀਐ[87] ॥ ਧਨੰਜੈ[88] ਜਲਿ ਥਲਿ ਹੈ ਮਹੀਐ[89] ॥ ਮਿਰਤ ਲੋਕ ਪਇਆਲ ਸਮੀਪਤ ਅਸਥਿਰ ਥਾਨੁ ਜਿਸੁ ਹੈ ਅਭਗਾ[90] ॥੧੨ ॥ (ਪੰਨਾ-੧੦੮੨)

ਪਦ ਅਰਥ :—ਨਿਰਾਹਰੀ—ਨਿਰ-ਆਹਾਰੀ (ਆਹਾਰ-ਖ਼ੁਰਾਕ), ਅੰਨ ਤੋਂ ਬਿਨਾਂ ਜੀਊਂਦਾ ਰਹਿਣ ਵਾਲਾ। ਸਮਾਇਆ—ਸਭ ਵਿਚ ਵਿਆਪਕ। ਧਾਰਿ—ਧਾਰ ਕੇ, ਰਚ ਕੇ। ਖੇਲੁ—ਜਗਤ-ਤਮਾਸ਼ਾ। ਚਤੁਰਭੁਜ—ਚਾਰ ਬਾਹਾਂ ਵਾਲਾ, ਬ੍ਰਹਮਾ। ਸਾਵਲ—ਸਾਂਵਲੇ ਰੰਗ ਵਾਲਾ। ਬਣਾਵਹਿ—ਤੂੰ ਬਣਾਂਦਾ ਹੈਂ। ਬੇਣੁ—ਬੰਸਰੀ । ਸੁਨਤ—ਸੁਣਦਿਆਂ। ਸਭ—ਸਾਰੀ ਸ੍ਰਿਸ਼ਟੀ। ੯ ।

ਬਨਮਾਲਾ—ਗਿੱਟਿਆਂ ਤਕ ਲਟਕਣ ਵਾਲੀ ਜਾਂਗਲੀ ਫੁੱਲਾਂ ਦੀ ਮਾਲਾ, ਵੈਜਯੰਤੀ ਮਾਲਾ । ਬਿਭੂਖਨ—ਗਹਿਣੇ । ਨੈਨ—ਅੱਖਾਂ । ਬੈਨ—ਬੇਨ, ਬੰਸਰੀ । ਗਦਾ—ਗੁਰਜ । ਸਾਰਥੀ—ਰਥਵਾਹੀ ਕ੍ਰਿਸ਼ਨ ਅਰਜਨ ਦਾ ਰਥਵਾਹੀ ਸੀ ।੧੦।

ਪੀਤ—ਪੀਲਾ । ਪੀਤੰਬਰ— (ਪੀਅੰਬਰ) ਪੀਲੇ ਬਸਤ੍ਰਾਂ ਵਾਲਾ (ਕ੍ਰਿਸ਼ਨ) । ਧਣੀ—ਮਾਲਕ । ਮੁਖਿ—ਮੂੰਹ ਨਾਲ । ਭਣੀ—ਭਣੀਂ, ਮੈਂ ਉਚਾਰਦਾ ਹਾਂ । ਸਾਰਿੰਗਧਰ—ਧਨੁਖ-ਧਾਰੀ (ਸਾਰਿੰਗ—ਧਨੁਖ)। ਬੀਠੁਲਾ— ਮਾਇਆ ਦੇ ਪ੍ਰਭਾਵ ਤੋਂ ਪਰੇ ਰਹਿਣ ਵਾਲਾ । ਸਰਬੰਗਾ—ਸਰਬ ਅੰਗਾ, ਸਾਰੇ ਗੁਣ ।੧੧।

ਨਿਹਕੰਟਕੁ—(ਕੰਟਕੁ—ਕੰਡਾ, ਵੈਰੀ) ਜਿਸ ਦਾ ਕੋਈ ਵੈਰੀ ਨਹੀਂ । ਨਿਹਕੇਵਲੁ—ਵਾਸਨਾ-ਰਹਿਤ। ਕਹੀਐ—ਆਖਿਆ ਜਾਂਦਾ ਹੈ। ਧਨੰਜੈ— ਸਾਰੇ ਜਗਤ ਦੇ ਧਨ ਨੂੰ ਜਿੱਤਣ ਵਾਲਾ। ਜਲਿ—ਜਲ ਵਿਚ। ਥਲਿ—ਥਲ ਵਿਚ। ਮਹੀਐ—ਧਰਤੀ ਉੱਤੇ (ਮਹੀ—

ਧਰਤੀ)। ਮਿਰਤ ਲੋਕ—ਮਾਤ ਲੋਕ। ਪਇਆਲ—ਪਤਾਲ। ਸਮੀਪਤ—ਨੇੜੇ । ਅਸਥਿਤ—ਸਦਾ ਕਾਇਮ ਰਹਿਣ ਵਾਲਾ। ਅਭਗਾ—ਅਟੁੱਟ ।੧੨।

੮.੪- **ਪਤਿਤ ਪਾਵਨੁ[91] ਦੁਖ ਭੈ ਭੰਜਨੁ[92] ॥ ਅਹੰਕਾਰ ਨਿਵਾਰਣੁ[93] ਹੈ ਭਵ ਖੰਡਨੁ[94] ॥ ਭਗਤੀ ਤੋਖਿਤ[95] ਦੀਨ ਕ੍ਰਿਪਾਲਾ[96] ਗੁਣੇ ਨ ਕਿਤ ਹੀ ਹੈ ਭਿਗਾ[97] ॥੧੩॥ ਨਿਰੰਕਾਰੁ[98] ਅਛਲ[99] ਅਡੋਲੋ[100] ॥ ਜੋਤਿ ਸਰੂਪੀ[101] ਸਭੁ ਜਗੁ ਮਉਲੋ[102] ॥ ਸੋ ਮਿਲੈ ਜਿਸੁ ਆਪਿ ਮਿਲਾਏ ਆਪਹੁ ਕੋਇ ਨ ਪਾਵੈਗਾ ॥੧੪॥ ਆਪੇ ਗੋਪੀ ਆਪੇ ਕਾਨਾ[103] ॥ ਆਪੇ ਗਊ ਚਰਾਵੈ ਬਾਨਾ[104] ॥ ਆਪਿ ਉਪਾਵਹਿ ਆਪਿ ਖਪਾਵਹਿ[105] ਤੁਧੁ ਲੇਪੁ ਨਹੀ ਇਕੁ ਤਿਲੁ ਰੰਗਾ[106] ॥੧੫॥ ਏਕ ਜੀਹ ਗੁਣ ਕਵਨ ਬਖਾਨੈ ॥ ਸਹਸ ਫਨੀ ਸੇਖ[107] ਅੰਤੁ ਨ ਜਾਨੈ ॥ ਨਵਤਨ ਨਾਮ ਜਪੈ ਦਿਨੁ ਰਾਤੀ ਇਕੁ ਗੁਣੁ ਨਾਹੀ ਪ੍ਰਭ ਕਹਿ ਸੰਗਾ ॥੧੬॥** (ਪੰਨਾ-੧੦੮੨)

ਪਦ ਅਰਥ :—ਪਤਿਤ—ਵਿਕਾਰਾਂ ਵਿਚ ਡਿੱਗੇ ਹੋਏ । ਪਾਵਨ—ਪਵਿੱਤਰ (ਕਰਨ ਵਾਲਾ) । ਭੈ—(ਬਹੁ-ਵਚਨ) ਸਾਰੇ ਡਰ । ਭੰਜਨੁ—ਨਾਸ ਕਰਨ ਵਾਲਾ । ਨਿਵਾਰਣੁ—ਦੂਰ ਕਰਨ ਵਾਲਾ । ਭਵ—ਜਨਮ ਮਰਨ ਦਾ ਗੇੜ । ਤੋਖਿਤ—ਪ੍ਰਸੰਨ ਹੁੰਦਾ ਹੈ । ਕਿਤ ਹੀ ਗੁਣੇ—ਕਿਸੇ ਭੀ (ਹੋਰ) ਗੁਣ ਨਾਲ (ਕ੍ਰਿਆ ਵਿਸ਼ੇਸ਼ਣ 'ਹੀ' ਦੇ ਕਾਰਨ ਲਫ਼ਜ਼ 'ਕਿਤੁ' ਦਾ _ ਉੱਡ ਗਿਆ ਹੈ)। ਭਿਗਾ—ਭਿੱਜਦਾ, ਪਤੀਜਦਾ ।੧੩। ਮਉਲੋ—ਖਿੜਿਆ ਹੋਇਆ ਹੈ ।ਆਪਹੁ—ਆਪਣੇ ਜਤਨ ਨਾਲ ।੧੪। ਆਪੇ—ਆਪ ਹੀ । ਕਾਨਾ—ਕਾਨ੍ਹ, ਕ੍ਰਿਸ਼ਨ । ਬਾਨਾ—ਬਨ ਵਿਚ । ਉਪਾਵਹਿ—ਤੂੰ ਪੈਦਾ ਕਰਦਾ ਹੈਂ । ਖਪਾਵਹਿ—ਤੂੰ ਨਾਸ ਕਰਦਾ ਹੈਂ । ਲੇਪੁ—ਪ੍ਰਭਾਵ, ਅਸਰ, ਦਬਾਉ । ਇਕੁ ਤਿਲੁ—ਰਤਾ ਭਰ ਭੀ । ਰੰਗਾ—ਦੁਨੀਆਂ ਦੇ ਰੰਗ-ਤਮਾਸ਼ਿਆਂ ਦਾ ।੧੫। ਜੀਹ—ਜੀਭ । ਕਵਨ—ਕਿਹੜੇ ਕਿਹੜੇ ? ਸਹਸ—ਹਜ਼ਾਰ । ਫਨੀ—ਫਣਾਂ ਵਾਲਾ । ਸੇਖ—ਸ਼ੇਸ਼ਨਾਗ । ਨਵਤਨ—ਨਵਾਂ । ਇਕੁ ਗੁਣੁ ਪ੍ਰਭ—ਪ੍ਰਭੂ ਦਾ ਇੱਕ (ਭੀ) ਗੁਣ । ਕਹਿ ਸੰਗਾ—ਕਹਿ ਸਕਦਾ ।੧੬।

੮.੫- **ਓਟ ਗਹੀ ਜਗਤ ਪਿਤ[108] ਸਰਣਾਇਆ ॥ ਭੈ ਭਇਆਨਕ ਜਮਦੂਤ ਦੁਤਰ ਹੈ ਮਾਇਆ[109] ॥ ਹੋਹੁ ਕ੍ਰਿਪਾਲ ਇਛਾ ਕਰਿ ਰਾਖਹੁ ਸਾਧ ਸੰਤਨ ਕੈ ਸੰਗਿ ਸੰਗਾ[110] ॥੧੭॥ ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥ ਇਕੁ ਮਾਗਉ ਦਾਨੁ ਸੰਤ ਰੇਨਾ ॥ ਮਸਤਕਿ ਲਾਇ ਪਰਮ ਪਦੁ ਪਾਵਉ ਜਿਸੁ ਪ੍ਰਾਪਤਿ ਸੋ ਪਾਵੈਗਾ ॥੧੮॥ ਜਿਨ ਕਉ ਕ੍ਰਿਪਾ ਕਰੀ ਸੁਖਦਾਤੇ[111] ॥ ਤਿਨ ਸਾਧੂ ਚਰਣ ਲੈ ਰਿਦੈ ਪਰਾਤੇ ॥ ਸਗਲ ਨਾਮ ਨਿਧਾਨੁ ਤਿਨ ਪਾਇਆ ਅਨਹਦ ਸਬਦ ਮਨਿ ਵਾਜੰਗਾ ॥੧੯॥**

ਕਿਰਤਮ ਨਾਮ ਕਥੇ ਤੇਰੇ ਜਿਹਬਾ ॥ ਸਤਿ ਨਾਮੁ$_{112}$ ਤੇਰਾ ਪਰਾ ਪੂਰਬਲਾ॥
ਕਹੁ ਨਾਨਕ ਭਗਤ ਪਏ ਸਰਣਾਈ ਦੇਹੁ ਦਰਸੁ ਮਨਿ ਰੰਗੁ ਲਗਾ ॥੨੦॥
ਤੇਰੀ ਗਤਿ ਮਿਤਿ ਤੂਹੈ ਜਾਣਹਿ॥ ਤੂ ਆਪੇ ਕਥਹਿ ਤੈ ਆਪਿ ਵਖਾਣਹਿ॥
ਨਾਨਕ ਦਾਸੁ ਦਾਸਨ ਕੋ ਕਰੀਅਹੁ ਹਰਿ ਭਾਵੈ ਦਾਸਾ ਰਾਖੁ ਸੰਗਾ ॥੨੧॥੨॥੧੧॥
(ਪੰਨਾ-੧੦੮੨)

ਪਦ ਅਰਥ :—ਗਹੀ—ਫੜੀ । ਦੁਤਰ—ਜਿਸ ਤੋਂ ਪਾਰ ਲੰਘਣਾ ਔਖਾ ਹੈ । ਇਛਾ—ਚੰਗੀ ਭਾਵਨਾ, ਮਿਹਰ ਦੀ ਨਿਗਾਹ । ਕਰਿ—ਕਰ ਕੇ । ਸੰਗਿ—ਨਾਲ ।੧੭। ਦ੍ਰਿਸਟਿਮਾਨ—ਜੋ ਕੁਝ ਦਿੱਸ ਰਿਹਾ ਹੈ । ਮਿਥੇਨਾ—ਨਾਸਵੰਤ । ਮਾਗਉ—ਮਾਗਉਂ, ਮੈਂ ਮੰਗਦਾ ਹਾਂ । ਰੇਨਾ—ਚਰਨ-ਧੂੜ। ਮਸਤਕਿ—ਮੱਥੇ ਉਤੇ । ਲਾਇ—ਲਾ ਕੇ । ਪਰਮ ਪਦੁ—ਸਭ ਤੋਂ ਉੱਚਾ ਆਤਮਕ ਦਰਜਾ । ਪਾਵਉ—ਪਾਵਉਂ, ਮੈਂ ਪ੍ਰਾਪਤ ਕਰਾਂ। ਜਿਸੁ ਪ੍ਰਾਪਤਿ—ਜਿਸ ਦੇ ਭਾਗਾਂ ਵਿਚ ਪ੍ਰਾਪਤੀ ਲਿਖੀ ਹੋਈ ਹੈ।੧੯। ਕਰੀ—ਕੀਤੀ। ਜਿਨ ਕਉ—ਜਿਨ੍ਹਾਂ ਉੱਤੇ । ਰਿਦੈ—ਹਿਰਦੇ ਵਿਚ। ਪਰਾਤੇ—ਪਰੋਤੇ। ਨਾਮ ਨਿਧਾਨੁ—ਨਾਮ ਦਾ ਖ਼ਜ਼ਾਨਾ। ਅਨਹਦ—ਇਕ-ਰਸ। ਮਨਿ—ਮਨ ਵਿਚ। ਵਾਜੰਗਾ—ਵੱਜਦੇ ਹਨ । ਕਿਰਤਮ—ਬਣਾਏ ਹੋਏ, ਘੜੇ ਹੋਏ । ਪਰਾ ਪੂਰਬਲਾ—ਮੁੱਢ-ਕਦੀਮਾਂ ਦਾ। ਨਾਨਕ—ਹੇ ਨਾਨਕ ! ਰੰਗੁ—ਆਤਮਕ ਆਨੰਦ । ੨੦। ਗਤਿ—ਆਤਮਕ ਹਾਲਤ। ਮਿਤਿ—ਮਾਤ, ਮਿਣਤੀ। ਤੇਰੀ ਗਤਿ ਮਿਤਿ=ਤੂੰ ਕਿਹੋ ਜਿਹਾ ਹੈਂ ਤੇ ਕਿਤਨਾ ਵੱਡਾ ਹੈਂ? ਇਹ ਗੱਲ। ਤੈ=ਅਤੇ। ਦਾਸਾ ਸੰਗਾ—ਦਾਸਾਂ ਦੀ ਸੰਗਤਿ ਵਿਚ ।੨੧।

੯- ਰਾਗੁ ਤਿਲੰਗ ਮਹਲਾ ੧ ਘਰੁ ੧ ॥ ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥ ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ॥੧॥
(ਪੰਨਾ- ੭੨੧)

ਪਦ ਅਰਥ :- ਯਕ-ਇਕ। ਅਰਜ-ਅਰਜ਼, ਬੇਨਤੀ। ਗੁਫਤਮ-ਗੁਫ਼ਤਮ, ਮੈਂ ਆਖੀ (ਗੁਫ਼ਤ-ਆਖੀ। ਮ-ਮੈਂ)। ਪੇਸਿ-ਪੇਸ਼ਿ, ਸਾਹਮਣੇ, ਅੱਗੇ। ਪੇਸਿ ਤੋ-ਤੇਰੇ ਅੱਗੇ। ਦਰ-ਵਿਚ। ਗੋਸ-ਗੋਸ਼, ਕੰਨ। ਦਰ ਗੋਸ-ਕੰਨਾਂ ਵਿਚ। ਕੁਨ-ਕਰ। ਦਰ ਗੋਸ ਕੁਨ-ਕੰਨਾਂ ਵਿਚ ਕਰ, ਧਿਆਨ ਨਾਲ ਸੁਣ। ਕਰਤਾਰ-ਹੇ ਕਰਤਾਰ ! ਹਕਾ-ਹੱਕਾ, ਸੱਚਾ। ਕਬੀਰ-ਵਡਾ। ਕਰੀਮ-ਕਰਮ ਕਰਨ ਵਾਲਾ, ਬਖ਼ਸ਼ਸ਼ ਕਰਨ ਵਾਲਾ। ਐਬ-ਵਿਕਾਰ। ਬੇਐਬ-ਨਿਰ-ਵਿਕਾਰ, ਪਵਿਤਰ। ਪਰਵਦਗਾਰ-ਪਰਵਰਦਗਾਰ, ਪਾਲਣਾ ਕਰਨ ਵਾਲਾ।੧।

੧੦- ਰਾਮਕਲੀ ਮਹਲਾ ੫॥ ਕਾਰਨ ਕਰਨ ਕਰੀਮ$_1$ ॥ ਸਰਬ ਪ੍ਰਤਿਪਾਲ ਰਹੀਮ$_2$ ॥ ਅਲਹ ਅਲਖ ਅਪਾਰ ॥ ਖੁਦਿ ਖੁਦਾਇ$_3$ ਵਡ ਬੇਸੁਮਾਰ$_4$ ॥੧॥ ਓੁੰ$_5$ ਨਮੋ ਭਗਵੰਤ$_6$

ਗੁਸਾਈ$_{7}$ ॥ ਖਾਲਕੁ$_{8}$ ਰਵਿ ਰਹਿਆ ਸਰਬ ਠਾਈ ॥੧॥ ਰਹਾਉ ॥ ਜਗੰਨਾਥ$_{9}$ ਜਗਜੀਵਨੋ$_{10}$ ਮਾਧੋ$_{11}$ ॥ ਭਉ ਭੰਜਨੋ$_{12}$ ਰਿਦ ਮਾਹਿ ਅਰਾਧੋ ॥ ਰਿਖੀਕੇਸੋ$_{13}$ ਗੋਪਾਲੋ$_{14}$ ਗੋੁਵਿੰਦ$_{15}$ ॥ ਪੂਰਨ ਸਰਬਤ੍ਰੋ$_{16}$ ਮੁਕੰਦ ॥੨॥ ਮਿਹਰਵਾਨ$_{17}$ ਮਉਲਾ$_{18}$ ਤੂਹੀ ਏਕ ॥ ਪੀਰ ਪੈਕਾਂਬਰ$_{19}$ ਸੇਖ$_{20}$ ॥ ਦਿਲਾ ਕਾ ਮਾਲਕੁ ਕਰੇ ਹਾਕੁ$_{21}$ ॥ ਕੁਰਾਨ ਕਤੇਬ ਤੇ ਪਾਕੁ$_{22}$ ॥੩॥ ਨਾਰਾਇਣ$_{23}$ ਨਰਹਰ$_{24}$ ਦਇਆਲ$_{25}$ ॥ ਰਮਤ ਰਾਮ$_{26}$ ਘਟ ਘਟ ਆਧਾਰ ॥ ਬਾਸੁਦੇਵ$_{27}$ ਬਸਤ ਸਭ ਠਾਇ ॥ ਲੀਲਾ ਕਿਛੁ ਲਖੀ ਨ ਜਾਇ ॥੪॥ ਮਿਹਰ ਦਇਆ ਕਰਿ ਕਰਨੈਹਾਰ$_{28}$ ॥ ਭਗਤਿ ਬੰਦਗੀ ਦੇਹਿ ਸਿਰਜਣਹਾਰ$_{29}$ ॥ ਕਹੁ ਨਾਨਕ ਗੁਰਿ ਖੋਏ ਭਰਮ ॥ ਏਕੋ ਅਲਹੁ$_{30}$ ਪਾਰਬ੍ਰਹਮ$_{31}$ ॥ ੫ ॥ ੩੪ ॥ ੪੫ ॥ (ਪੰਨਾ-੮੯੭)

੧੧- ਰਾਮਕਲੀ ਮਹਲਾ ੫ ॥ ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧॥ ਕਾਰਣ ਕਰਣ ਕਰੀਮ ॥ ਕਿਰਪਾ ਧਾਰਿ ਰਹੀਮ ॥੧॥ ਰਹਾਉ ॥ (ਪੰਨਾ - ੮੮੫)

੧੨ ਪ੍ਰਭਾਤੀ ॥ ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ ॥ ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ ॥ ੧ ॥ ਅਲਹ ਰਾਮ ਜੀਵਉ ਤੇਰੇ ਨਾਈ ॥ ਤੂ ਕਰਿ ਮਿਹਰਾਮਤਿ ਸਾਈ ॥ ੧ ॥ ਰਹਾਉ ॥ ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ ॥ ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ ॥ ੨ ॥ ਬ੍ਰਹਮਨ ਗਿਆਸ ਕਰਹਿ ਚਉਬੀਸਾ ਕਾਜੀ ਮਹ ਰਮਜਾਨਾ ॥ ਗਿਆਰਹ ਮਾਸ ਪਾਸ ਕੈ ਰਾਖੇ ਏਕੈ ਮਾਹਿ ਨਿਧਾਨਾ ॥੩ ॥ ਕਹਾ ਉਡੀਸੇ ਮਜਨੁ ਕੀਆ ਕਿਆ ਮਸੀਤਿ ਸਿਰੁ ਨਾਂਏਂ ॥ ਦਿਲ ਮਹਿ ਕਪਟੁ ਨਿਵਾਜ ਗੁਜਾਰੈ ਕਿਆ ਹਜ ਕਾਬੈ ਜਾਂਏਂ ॥ ੪ ॥ ਏਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤੁਮ੍ਹਾਰੇ ॥ ਕਬੀਰੁ ਪੂੰਗਰਾ ਰਾਮ ਅਲਹ ਕਾ ਸਭ ਗੁਰ ਪੀਰ ਹਮਾਰੇ ॥੫ ॥ ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ ॥ ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ ॥ ੬ ॥੨ ॥ (ਪੰਨਾ-੧੩੪੯)

ਪਾਠਕ ਜੀਓ,

ਜਨਮਤ ਗੁਰਦੇਵ ਜੀ ਤਾਂ ਅਕਾਲ ਪੁਰਖ ਦੀ ਉਸਤਤਿ ਵਿਚ ਨਾ ਕੇਵਲ ਅਲਾਹ ਕਹਿੰਦੇ ਨੇ ਤੇ ਨਾ ਕੇਵਲ ਰਾਮ, ਬਸ ਇਹੀ ਆਖਦੇ ਨੇ–

ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥੪॥੨॥ (ਪੰਨਾ - ੧੧੬੮)

ਦਾਸ ਦਾ ਯਕੀਨ ਹੈ ਜੇ ਅਸੀ ਹਿਰਦੇ/ਆਚਰਨ/ਮਰਯਾਦਾ ਤੋਂ ਗੁਰੂ ਨਾਨਕ ਸਾਹਿਬ ਜੀ ਦੇ ਨਾਮ ਧਰਮ ਨੂੰ ਸਮਝ ਜਾਂਦੇ, ਤਾਂ ਅੱਜ ਸਾਰੀ ਦੁਨੀਆ ਸਾਡੀ ਸੱਜਣ ਹੁੰਦੀ।

੩

ਗੁਰੂ ਨਾਨਕ ਸਾਹਿਬ ਜੀ ਦਾ ਨਾਮ ਧਰਮ

ਸੰਸਾਰ ਭਰ ਵਿਚ ਬਹੁਤ ਸਾਰੇ ਧਾਰਮਿਕ ਰਹਿਬਰ ਹੋਏ ਹਨ, ਜਿਨ੍ਹਾਂ ਆਪਣੀ-ਆਪਣੀ ਸੂਝ ਤੇ ਸਮਰਥਾ ਅਨੁਸਾਰ ਮਨੁਖੀ ਭਾਈਚਾਰੇ ਨੂੰ ਜ਼ਿੰਦਗੀ ਦਾ ਮਨੋਰਥ ਸਮਝਾਉਣ ਅਤੇ ਜੀਵਨ ਜਾਚ ਦਰਸਾਉਣ ਹਿੱਤ ਨਿਰੰਤਰ ਯਤਨ ਕੀਤੇ। ਸਾਡੇ ਲਈ ਉਹ ਸਾਰੇ ਸਤਿਕਾਰ ਦੇ ਪਾਤਰ ਹਨ ਪਰੰਤੂ ਸੋਚਣ ਵਾਲੀ ਗਲ ਇਹ ਹੈ ਕਿ ਜਦ ਰੱਬ ਇਕ ਹੈ ਅਤੇ ਉਸ ਦੇ ਬਣਾਏ ਹੋਏ ਕੁਦਰਤੀ ਨਿਯਮ ਸਾਰਿਆਂ ਲਈ ਇਕ ਸਮਾਨ ਹਨ ਤਾਂ ਫਿਰ **ਤਿੰਨ ਸੌ ਦੇ ਲਗ-ਪਗ ਧਰਮ** ਅਤੇ **ਹਜ਼ਾਰਾਂ ਹੀ ਸੰਪਰਦਾਵਾਂ** ਕਿਥੋਂ ਅਤੇ ਕਿਵੇਂ ਪੈਦਾ ਹੋ ਗਈਆਂ? ਜਿਨ੍ਹਾਂ ਵਿਚਲੀ ਆਪਸੀ ਖਿਚੋਤਾਣ ਅੱਜ ਸਮੁਚੇ ਵਿਸ਼ਵ ਲਈ ਇਕ ਖ਼ਤਰਾ ਬਣ ਕੇ ਉਭਰ ਰਹੀ ਹੈ। ਮਜ਼ਹਬੀ ਕਟੜਤਾ ਦਾ ਪ੍ਰਭਾਵ ਐਟਮੀ ਯੁੱਗ ਵਿਚ ਮਨੁਖਤਾ ਦੇ ਸਰਬ ਨਾਸ਼ ਦਾ ਕਾਰਨ ਬਣ ਸਕਦਾ ਹੈ। ਇਤਿਹਾਸ ਇਸ ਹਕੀਕਤ ਦਾ ਗਵਾਹ ਹੈ ਕਿ ਉਤਨਾ ਖ਼ੂਨ-ਖ਼ਰਾਬਾ ਰਾਜਨੀਤਕ ਜੰਗਾਂ ਕਾਰਨ ਨਹੀਂ ਹੋਇਆ, ਜਿਤਨਾ ਕਿ ਆਪਣੀ ਸੰਪਰਦਾ ਜਾਂ ਆਪਣੇ ਮਤ ਨੂੰ ਸ੍ਰੇਸ਼ਟ ਦਰਸਾਉਂਦਿਆਂ ਸਾਰਿਆਂ ਨੂੰ ਉਸ ਦੀ ਲਪੇਟ ਵਿਚ ਲਿਆਉਣ ਦੇ ਜਨੂੰਨ ਕਾਰਨ ਹੁੰਦਾ ਆਇਆ ਹੈ।

ਭਾਵੇਂ ਹੁਣ ਵਿਸ਼ਵ ਭਰ ਦੇ ਕੁਝ ਸੂਝਵਾਨ ਧਾਰਮਿਕ ਤੇ ਰਾਜਨੀਤਕ ਆਗੂ 'ਲੀਗ ਆਫ਼ ਨੇਸ਼ਨਜ਼' ਅਤੇ 'ਯੂਨਾਈਟਡ ਨੇਸ਼ਨਜ਼' ਵਾਂਗ ਸਾਰੇ ਮਜ਼ਹਬਾਂ ਨੂੰ ਇਕ ਪਲੇਟਫ਼ਾਰਮ ਤੇ ਇਕੱਤਰ ਕਰਕੇ ਮਜ਼ਹਬੀ ਨੇੜਤਾ ਪੈਦਾ ਕਰਨ ਦੇ ਯਤਨ ਕਰ ਰਹੇ ਹਨ, ਪਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਲੰਮੀ ਨਦਰ ਨੇ ੫੦੦ ਸਾਲ ਪਹਿਲਾਂ ਹੀ ਇਸ ਖ਼ਤਰੇ ਨੂੰ ਭਾਂਪਦਿਆਂ ਸੰਸਾਰ ਦੇ ਸਾਹਮਣੇ ਇਕ ਸਰਬ-ਸਾਂਝੇ 'ਨਾਮ-ਧਰਮ' ਦਾ ਆਸ਼ਾ ਰਖਿਆ ਸੀ। ਇਸ ਨਾਲ ਉਹਨਾਂ ਨੇ ਕੋਈ ਵਿਅਕਤੀਗਤ ਜਾਂ ਕੌਮੀ ਨਾਮ ਨਹੀਂ ਜੋੜਿਆ ਕਿਉਂ ਕਿ ਉਹ ਦੇਖ ਰਹੇ ਸਨ ਕਿ ਅਜਿਹਾ ਕਰਨ ਨਾਲ ਮਾਨਵਤਾ ਵਿਚ ਦੀਵਾਰਾਂ ਖੜੀਆਂ ਹੁੰਦੀਆਂ ਤੇ ਮਜ਼ਹਬੀ ਕਟੜਤਾ ਜਨਮ ਲੈਂਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਲਿਖਦੇ ਹਨ ਕਿ ਗੁਰੂ ਨਾਨਕ ਸਾਹਿਬ ਜਗਤ ਦੀ ਅਗਿਆਨਤਾ ਨੂੰ ਦੂਰ ਕਰਨ ਲਈ ਇਕ ਚਰਾਗ਼ (ਦੀਵੇ) ਵਾਂਗ ਜਗੇ ਅਤੇ ਉਹਨਾਂ ਦੇ ਦਰਸਾਏ 'ਨਾਮ-ਧਰਮ' ਦੁਆਰਾ ਸਾਰੀ ਸ੍ਰਿਸ਼ਟੀ ਪਾਰ

ਉਤੇਰੇ ਦੇ ਰਾਹੇ ਪੈ ਤੁਰੀ ਸੀ। ਗੁਰ ਵਾਕ ਹੈ :

੧੩- ਬਲਿਓ ਚਰਾਗੁ ਅੰਧ੍ਯਾਰ ਮਹਿ, ਸਭ ਕਲਿ ਉਧਰੀ ਇਕ ਨਾਮ ਧਰਮ॥
ਪ੍ਰਗਟੁ ਸਗਲ ਹਰਿ ਭਵਨ ਮਹਿ, ਜਨੁ ਨਾਨਕੁ ਗੁਰੁ ਪਾਰਬ੍ਰਹਮ॥ (ਪੰਨਾ ੧੧੯੭)

'ਨਾਮ-ਧਰਮ' ਦਾ ਅਰਥ ਹੈ ਸਦਾ ਪ੍ਰਭੂ ਦੀ ਯਾਦ ਵਿਚ ਰਹਿੰਦਿਆਂ ਸਾਰੇ ਕਾਰ-ਵਿਹਾਰ ਕਰਨੇ; ਹਰੇਕ ਪ੍ਰਾਣੀ ਵਿਚ ਇਕ ਉਸੇ ਸਿਰਜਣਹਾਰ ਵਿਚ ਆਪਣੀ ਜੀਵਨ ਜੁਗਤਿ ਗੁਰਮਤਿ ਅਨੁਸਾਰ ਬਸੁਰੂ ਕਾਰ-ਵਿਹਾਰ ਕਰਦਿਆਂ ਸਰਬੱਤ ਪਰਮਾਤਮਾ ਦੀ ਯਾਦ ਵਿਚ, ਉਸ ਦੇ ਨਿਰਮਲ ਭੈ ਵਿਚ ਰਹਿੰਦਿਆਂ, ਕਿਰਤ ਕਮਾਈ ਕਰਨੀ। ਕਾਰ-ਵਿਹਾਰ ਨਾਮ ਸਿਮਰਨ ਦਾ ਧਰਮ, ਅਕਾਲ ਪੁਰਖ ਵਾਹਿਗੁਰੂ ਦੀ ਯਾਦ ਵਿਚ ਜਿਊਣ ਦੀ ਜੀਵਨ ਜੁਗਤ ਕਿ ਸਦਾ ਥਿਰ ਪ੍ਰਭੂ ਦਾ ਨਾਮ ਸਿਮਰਨਾ ਹੀ ਇਕੋ ਇਕ ਠੀਕ ਧਰਮ ਹੈ, ਉਹੀ ਗੁਰੂ ਦੀ ਮਤ ਦਾ ਆਸਰਾ ਲੈ ਕੇ ਸਦਾ ਲਈ ਵਿਕਾਰ ਦੇ ਟਾਕਰੇ ਤੇ ਅਡੋਲ ਹੋ ਜਾਂਦਾ ਹੈ। ਉਹ ਮਨੁਖ ਇਕ-ਤਾਰ ਸੁਰਤਿ ਜੋੜ ਕੇ ਅਬਿਨਾਸ਼ੀ ਪ੍ਰਭੂ ਵਿਚ ਮਸਤ ਰਹਿੰਦਾ ਹੈ, ਗੁਰੂ ਦੀ ਸ਼ਰਨ ਪੈ ਕੇ ਉਹ ਮਨੁਖ ਅਦ੍ਰਿਸ਼ਟ ਤੇ ਬੇਅੰਤ ਪ੍ਰਭੂ ਦਾ ਦਰਸ਼ਨ ਕਰ ਲੈਂਦਾ ਹੈ। ਗੁਰ ਵਾਕ ਹੈ :

੧੪ ਏਕੋ ਧਰਮੁ ਦ੍ਰਿੜੈ ਸਚੁ ਕੋਈ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ॥
ਅਨਹਦਿ ਰਾਤਾ ਏਕ ਲਿਵ ਤਾਰ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ॥
(ਪੰਨਾ-੧੧੮੮)

ਜਦ ਪੰਜਵੇਂ ਸਰੂਪ ਵਿਚ ਕਿਸੇ ਜਗਿਆਸੂ ਨੇ ਪੁਛਿਆ ਕਿ ਮਹਾਰਾਜ ਜਗਤ ਦਾ ਸਭ ਤੋਂ ਸ੍ਰੇਸ਼ਟ ਧਰਮ ਕਿਹੜਾ ਹੈ? ਤਾਂ ਹਜ਼ੂਰ ਨੇ ਉਤਰ ਵਿਚ ਫ਼ੁਰਮਾਇਆ ਕਿ ਮਨੁਖੀ ਜ਼ਿੰਦਗੀ ਦਾ ਹਰੇਕ ਕੰਮ ਕਾਰ ਅਤੇ ਅਮਲ ਅਕਾਲ ਪੁਰਖ ਵਾਹਿਗੁਰੂ ਦੀ ਲਿਵ 'ਤੇ ਆਧਾਰਿਤ ਹੋਵੇ। ਮਨੁਖ ਵਾਹਿਗੁਰੂ ਦੀ ਯਾਦ ਵਿਚ ਜੀਵੇ ਅਤੇ ਨਿਰਮਲ ਕਰਮ ਕਰੇ। ਉਹਨਾਂ ਅਨੁਸਾਰ ਰੱਬੀ-ਯਾਦ ਮਨੁਖ ਨੂੰ ਸੰਨਿਆਸੀ ਤੇ ਵੈਰਾਗੀ ਬਣਾ ਕੇ ਜ਼ਿੰਦਗੀ ਤੋਂ ਦੂਰ ਨਹੀਂ ਲਿਜਾਂਦੀ ਸਗੋਂ ਕਰਮ ਜੋਗੀ ਬਣਾਉਂਦੀ ਹੈ । ਫ਼ੁਰਮਾਨ ਹੋਇਆ-

ਸਰਬ ਧਰਮ ਮਹਿ ਸ੍ਰੇਸ਼ਟ ਧਰਮੁ॥ ਹਰਿ ਕੋ ਨਾਮ ਜਪਿ ਨਿਰਮਲ ਕਰਮੁ॥
(ਪੰਨਾ ੨੬੬)

ਜਦੋਂ ਕਿਸੇ ਮਨੁਖ ਦਾ ਮਨ ਪਰਮੇਸ਼ਰ ਦੇ ਨਾਮ ਵਿਚ ਪਤੀਜ ਜਾਂਦਾ ਹੈ ਤਾਂ ਉਸ ਮਨੁਖ ਦਾ ਧਰਮ ਨਾਲ ਸਿੱਧਾ ਸਬੰਧ ਜੁੜ ਜਾਂਦਾ ਹੈ ਤਾਂ ਫਿਰ ਉਹ ਦੁਨੀਆਂ ਦੇ ਵਖੋ-ਵਖਰੇ ਮਜ਼ਹਬਾਂ ਦੇ ਵਖਰੇਵਿਆਂ ਵਿਚ ਨਹੀਂ ਪੈਂਦਾ ਕਿ ਇਹ ਰਸਤਾ ਚੰਗਾ ਤੇ ਇਹ ਮਾੜਾ ਹੈ। ਪਰ ਇਸ ਦਾ ਇਹ ਅਰਥ ਨਹੀਂ ਕਿ ਉਹ ਵਖਾਵੇ ਦੇ ਧਰਮ-ਕਰਮ ਅਤੇ ਹੋਰ ਵਹਿਮਾਂ ਤੇ

ਆਧਾਰਿਤ ਫੋਕੀਆਂ ਰਸਮਾਂ ਨੂੰ ਨਿੰਦਦਾ ਨਹੀਂ। ਗੁਰੂ ਸਾਹਿਬ ਬੜੀ ਬੇਬਾਕੀ ਨਾਲ ਆਖਦੇ ਹਨ :

੧੫ **ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥**
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥
(ਪੰਨਾ ੭੪੭)

ਉਹਨਾਂ ਨੇ ਪੂਰਬੀ ਤੇ ਪਛਮੀ ਮਤਾਂ-ਮਤਾਂਤਰਾਂ ਵਿਚ ਰੱਬੀ ਹੋਂਦ ਨੂੰ ਪ੍ਰਗਟਾਉਂਦੇ ਸਾਰੇ ਨਾਮਾਂ ਦੀ ਵਰਤੋਂ ਕੀਤੀ, ਪਰ ਕਿਸੇ ਇਕ ਨੂੰ ਵਿਸ਼ੇਸ਼ਤਾ ਨਹੀਂ ਦਿਤੀ ਕਿਉਂ ਕਿ ਉਹ ਦੇਖ ਰਹੇ ਸਨ ਕਿ ਲੋਕ ਰੱਬੀ ਨਾਵਾਂ 'ਤੇ ਵੀ ਝਗੜ ਰਹੇ ਹਨ ਜਦੋਂ ਕਿ ਸਾਰੀ ਸ੍ਰਿਸ਼ਟੀ ਦਾ ਮੂਲ ਪਰਮਾਤਮਾ ਇਕ ਹੈ। ਉਸ ਨੂੰ ਯਾਦ ਕਰਨ ਲਈ ਕਿਸੇ ਖ਼ਾਸ ਨਾਮ, ਕਿਸੇ ਖ਼ਾਸ ਦਿਸ਼ਾ, ਕਿਸੇ ਖ਼ਾਸ ਸਥਾਨ ਅਤੇ ਸਰੀਰਕ ਮੁਦਰਾ ਦੀ ਲੋੜ ਨਹੀਂ ਕਿਉਂ ਕਿ ਉਹ ਤਾਂ ਸਰਬ ਵਿਆਪਕ ਤੇ ਸਾਰਿਆਂ ਦਾ ਜੀਵਨ ਹੈ। ਉਸ ਨੂੰ ਧਰਮ ਮੰਦਰਾਂ ਦੀਆਂ ਦੀਵਾਰਾਂ ਵਿਚ ਕੈਦ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਕਿਸੇ ਵਿਸ਼ੇਸ਼ ਕਰਮ ਧਰਮ ਨਾਲ ਉਸ ਨੂੰ ਰੀਝਾਇਆ ਜਾ ਸਕਦਾ ਹੈ। ਉਹ ਵਖ-ਵਖ ਮਜ਼ਹਬੀ ਜਪ-ਤਪ ਅਤੇ ਸਰੀਰਕ ਜੁਗਤੀਆਂ ਦੀ ਪਕੜ ਤੋਂ ਉਚੇਰਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਐਸਾ ਮਨੋਰਥ ਨਹੀਂ ਸੀ ਕਿ ਲੋਕਾਂ ਨੂੰ ਇਕ ਧਰਮ ਤੋਂ ਦੂਜੇ ਧਰਮ ਵਲ ਪ੍ਰੇਰਿਆ ਜਾਵੇ, ਸਗੋਂ ਉਹ ਤਾਂ ਸਾਰਿਆਂ ਨੂੰ ਆਪਣੇ ਈਮਾਨ ਵਿਚ ਪੱਕੇ ਰਹਿੰਦਿਆਂ ਮਨੁੱਖ ਮਾਤਰ ਦੀ ਸੇਵਾ ਲਈ ਇਕ ਸਾਂਝਾ ਮਨੁੱਖੀ ਭਾਈਚਾਰਾ ਕਾਇਮ ਕਰਨਾ ਚਾਹੁੰਦੇ ਸਨ, ਜੋ ਇਕ ਅਕਾਲ ਪੁਰਖ ਦੇ ਪੁਜਾਰੀ ਤੇ ਸ਼ੁਭ ਅਮਲਾਂ ਵਾਲੇ ਹੋਣ। ਪਰਮਾਤਮਾ ਦੀ ਸਰਬ ਵਿਆਪਕਤਾ ਦਰਸਾਉਣ ਲਈ ਜਦੋਂ ਉਹ ਇਸਲਾਮ ਦੇ ਕੇਂਦਰੀ ਧਰਮ ਅਸਥਾਨ ਮੱਕੇ ਦੀ ਜ਼ਿਆਰਤ ਲਈ ਗਏ ਅਤੇ ਉਥੇ ਹਾਜੀਆਂ ਨੇ ਪੁਛਿਆ ਕਿ ਤੁਹਾਡੀ ਦ੍ਰਿਸ਼ਟੀ ਵਿਚ ਹਿੰਦੂ ਵੱਡਾ ਹੈ ਜਾਂ ਮੁਸਲਮਾਨ? ਤਾਂ ਉਹਨਾਂ ਉਤਰ ਵਿਚ ਕਿਹਾ ਕਿ ਸ਼ੁਭ ਅਮਲਾਂ ਬਾਝੋਂ ਕਿਸੇ ਨੂੰ ਵੀ ਰੱਬੀ ਦਰਗਾਹ ਵਿਚ ਆਦਰ ਨਹੀਂ ਮਿਲ ਸਕਦਾ।

ਬਾਬਾ ਆਖੈ ਹਾਜੀਆ ਸੁਭ ਅਮਲਾਂ ਬਾਝਹੁ ਦੋਨੋ ਰੋਈ॥
(ਭਾਈ ਗੁਰਦਾਸ ਵਾਰ ੧-੩੩/੪)

ਹਿੰਦੂ ਮੁਸਲਮਾਨ ਦੋਇ ਦਰਗਹ ਅੰਦਰ ਲੈਣ ਨਾ ਢੋਈ॥
(ਭਾਈ ਗੁਰਦਾਸ ਵਾਰ ੧-੩੩/੫)

ਗੁਰਦੇਵ ਜੀ ਲਈ ਇਹ ਪੱਖ ਕੋਈ ਮਹਤਵ ਨਹੀਂ ਰਖਦਾ ਕਿ ਕੋਈ ਮਨੁਖ ਕਿਸ ਮਜ਼ਹਬ ਨਾਲ ਸਬੰਧਤ ਹੈ, ਉਹ ਤਾਂ ਇਹੀ ਦੇਖਣਾ ਚਾਹੁੰਦੇ ਸਨ ਕਿ ਉਹਦਾ ਦੂਸਰਿਆਂ

ਨਾਲ ਵਰਤੋਂ ਵਿਹਾਰ ਕੈਸਾ ਹੈ। ਉਹਨਾਂ ਲੋਕਾਂ ਨੂੰ ਆਪਣੇ ਪਿਛੇ ਲਾਉਣ ਲਈ ਬਹਿਸ਼ਤ(ਸਵਰਗ) ਦੇ ਲਾਰੇ ਅਤੇ ਦੋਜ਼ਕ (ਨਰਕ) ਦੇ ਡਰਾਵੇ ਨਹੀਂ ਦਿਤੇ, ਸਗੋਂ ਆਖਿਆ

ਸਭਨਾ ਕਾ ਦਰਿ ਲੇਖਾ ਹੋਇ ॥ ਕਰਣੀ ਬਾਝਹੁ ਤਰੇ ਨ ਕੋਇ ॥ (ਪੰਨਾ ੯੫੨)

ਸਪੱਸ਼ਟ ਹੈ ਕਿ ਗੁਰਦੇਵ ਜੀ ਮਜ਼ਹਬੀ ਬੰਧਨਾਂ ਤੋਂ ਬਹੁਤ ਉਚੇਰੇ ਸਨ। ਉਹਨਾਂ ਨੂੰ ਕਿਸੇ ਇਕ ਸੰਪਰਦਾਇਕ ਦਾਇਰੇ ਵਿਚ ਬੰਦ ਨਹੀਂ ਕੀਤਾ ਜਾ ਸਕਦਾ। ਜਦੋਂ ਉਹਨਾਂ ਨੂੰ ਪੁਛਿਆ ਕਿ ਤੁਸੀਂ ਕੌਣ ਹੋ ਅਤੇ ਤੁਹਾਡਾ ਰੱਬ ਕਿਹੜਾ ਹੈ,ਤਾਂ ਹਜ਼ੂਰ ਨੇ ਉਤਰ ਵਿਚ ਕਿਹਾ ਆਤਮਿਕ ਜੀਵਨ ਦੀ ਅਗਵਾਈ ਵਾਸਤੇ ਨਾ ਅਸੀਂ ਹਿੰਦੂ ਦੇ ਮੁਥਾਜ ਹਾਂ ਅਤੇ ਨਾ ਹੀ ਅਸੀਂ ਮੁਸਲਮਾਨ ਦੇ ਕਿਉਂ ਕਿ ਸਾਡੇ ਇਹ ਸਰੀਰ, ਸਾਡੀ ਇਹ ਜਿੰਦ ਉਸ ਪਰਮਾਤਮਾ ਦੇ ਦਿਤੇ ਹੋਏ ਹਨ, ਜਿਸ ਨੂੰ ਮੁਸਲਮਾਨ ਅੱਲਾ ਆਖਦਾ ਹੈ ਅਤੇ ਜਿਸ ਨੂੰ ਹਿੰਦੂ ਰਾਮ ਆਖਦਾ ਹੈ। ਭਾਵ ਕਿ ਰੱਬ ਇੱਕ ਹੈ ਅਤੇ ਅਸੀਂ ਉਸਦੇ ਪੈਦਾ ਕੀਤੇ ਹੋਏ ਇਨਸਾਨ ਹਾਂ। ਗੁਰ ਗ੍ਰੰਥ ਸਾਹਿਬ ਜੀ ਦਾ ਵਾਕ ਹੈ :

੧੯- **ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥** (ਪੰਨਾ ੧੧੩੬)

ਇਹੀ ਕਾਰਨ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤਿ ਸਮਾਵਣ ਸਮੇਂ ਹਿੰਦੂ ਆਪਣੀ ਰੀਤ ਅਨੁਸਾਰ ਉਹਨਾਂ ਦੀ ਦੇਹ ਨੂੰ ਜਲਾਉਣਾ ਚਾਹੁੰਦੇ ਸਨ ਅਤੇ ਮੁਸਲਮਾਨ ਆਪਣੀ ਸ਼ਰ੍ਹਾ ਅਨੁਸਾਰ ਦਫ਼ਨਾਉਣਾ, ਕਿਉਂ ਕਿ ਬਾਬਾ ਸਾਰਿਆਂ ਲਈ ਪ੍ਰਵਾਨੀਕ ਅਤੇ ਪਿਆਰਾ ਸੀ, ਕੋਈ ਇਹ ਨਹੀਂ ਸੀ ਕਹਿ ਸਕਦਾ ਕਿ ਉਨ੍ਹਾਂ ਦਾ ਮਜ਼ਹਬ ਕਿਹੜਾ ਹੈ? ਅਸਲ ਵਿਚ ਉਹਨਾਂ ਦਾ ਧਰਮ ਇਨਸਾਨੀਅਤ ਹੈ ਜਿਸ ਨੂੰ ਉਹ ਨਾਮ ਧਰਮ ਆਖਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਗੁਰੂ-ਸਾਹਿਬਾਨ ਤੇ ਭਗਤ ਜਨਾਂ ਦੀ ਸਾਂਝ ਇਸ ਸਚ ਦਾ ਪਰਤੱਖ ਪ੍ਰਮਾਣ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਇਸ ਅਸੂਲ 'ਤੇ ਆਧਾਰਿਤ ਸਾਰੀ ਮਾਨਵਤਾ ਨੂੰ ਇਕ ਪਲੇਟਫਾਰਮ 'ਤੇ ਇਕੱਤਰ ਕਰਨਾ ਚਾਹੁੰਦੇ ਸਨ ਕਿ ਅਸੀਂ ਸਾਰੇ ਇਕ ਪਰਮਾਤਮਾ ਦੀ ਸੰਤਾਨ ਹੋਣ ਕਰਕੇ ਭੈਣ ਭਰਾ ਹਾਂ। ਸਾਰਾ ਜਗਤ ਇਕ ਪਰਮਾਤਮਾ ਦੇ ਨੂਰ ਤੋਂ ਪੈਦਾ ਹੋਣ ਕਰਕੇ ਨਾ ਕੋਈ ਵਿਸ਼ੇਸ਼ ਚੰਗਾ ਹੈ ਅਤੇ ਨਾ ਕੋਈ ਵਿਸ਼ੇਸ਼ ਮੰਦਾ। ਨਾ ਕੋਈ ਊਚ ਤੇ ਨਾ ਕੋਈ ਨੀਚ, ਸਾਰੇ ਇਕ ਸਮਾਨ ਹਨ। ਸੋ ਗੁਰਦੇਵ ਜੀ ਦੀ ਅਜਿਹੀ ਸਰਬ ਸਾਂਝੀਵਾਲਤਾ ਵਾਲੀ ਸਿਖਿਆ ਸਿਖਣ ਵਾਲਿਆਂ ਨੂੰ **'ਸਿੱਖ' ਕਿਹਾ ਜਾਣ ਲਗਾ** ਸੀ, ਜਿਸ ਕਰਕੇ ਹਜ਼ੂਰ ਦੇ ਦਰਸਾਏ 'ਨਾਮ-ਧਰਮ' ਨੂੰ ਸਿਖ ਧਰਮ ਕਰਕੇ ਜਾਣਿਆ ਜਾਣ ਲਗਾ। ਗੁਰਬਾਣੀ ਦੀ ਰੌਸ਼ਨੀ ਵਿਚ ਇਕ ਨੇਕ ਅਤੇ ਆਦਰਸ਼ਕ ਇਨਸਾਨ ਬਣਨਾ, ਗੁਰੂ ਨਾਨਕ ਦੇ ਸਿਖ ਬਣਨਾ ਹੈ ਭਾਵੇਂ ਉਹਦੀਆਂ ਪਿਤਾ ਪੁਰਖੀ ਸਮਾਜਿਕ ਰੀਤਾਂ ਅਤੇ ਮਜ਼ਹਬ ਕੋਈ ਵੀ ਹੋਵੇ।

ਭਾਈ ਮਰਦਾਨਾ ਜੀ ਅਤੇ ਪੀਰ ਬੁਧੂ ਸ਼ਾਹ ਵਰਗੇ ਮੁਸਲਮਾਨ ਹੁੰਦੇ ਹੋਏ ਵੀ ਉਨ੍ਹਾਂ ਦੇ ਸਿਖ ਸਨ। ਹੁਕਮ ਰਜ਼ਾਈ ਚਲਣ ਕਰਕੇ ਗੁਰਦੇਵ ਜੀ ਅਤੇ ਉਨ੍ਹਾਂ ਦੇ ਸੇਵਕ ਸਿਖ ਸਾਬਤ ਸੂਰਤਿ ਰਹੇ, ਜਿਸ ਕਰਕੇ ਕੇਸਾਧਾਰੀ ਤੇ ਸਾਬਤ-ਸੂਰਤਿ ਹੋਣਾ ਉਹਨਾਂ ਦੀ ਬਾਹਰੀ ਦਿਖ ਬਣ ਗਈ ਜੋ ਕਿ ਕੁਦਰਤੀ ਹੈ, ਕੋਈ ਭੇਖ ਨਹੀਂ। ਕਿਉਂ ਕਿ ਭੇਖ ਉਹ ਹੁੰਦਾ ਹੈ, ਜੋ ਕਾਦਰ ਤੋਂ ਅੱਡਰਾ ਆਪ ਬਣਾਇਆ ਜਾਵੇ। ਜਿਵੇਂ ਮੁੰਡਨ ਕਰਨਾ, ਸੁੰਨਤ ਕਰਨੀ ਅਤੇ ਕੰਨ ਪਾੜਨੇ ਆਦਿ। ਅਜਿਹਾ ਕਰਨ ਨਾਲ ਭਿੰਨ ਭੇਦ ਪੈਦਾ ਹੁੰਦੇ ਹਨ। ਸੋ ਅਜੋਕੀ ਲੋੜ ਹੈ ਕਿ ਉਸ ਮਾਨਵ ਏਕਤਾ ਦੇ ਮੁਦਈ ਗੁਰੂ ਨਾਨਕ ਦੇ ਨਾਮ ਧਰਮ ਨੂੰ ਸਮਝੀਏ ਅਤੇ ਸੰਪਰਦਾਇਕਤਾ ਤੋਂ ਉਚੇਰੇ ਰਹਿੰਦੇ ਸਮੁਚੀ ਮਾਨਵਤਾ ਨੂੰ ਸਮਝਾਉਣ ਲਈ ਉਚੇਚੇ ਯਤਨ ਕਰੀਏ। ਇਸ ਵਿਚ ਹੀ ਗੁਰੂ ਨਾਨਕ ਦੇ ਨਿਰਮਲ ਪੰਥ ਦੀ ਵ੍ਰਿਧੀ ਅਤੇ ਵਿਸ਼ਵ ਕਲਿਆਣ ਦਾ ਰਾਜ਼ ਛੁਪਿਆ ਹੋਇਆ ਹੈ। ਖ਼ਾਲਸਾ ਪੰਥ ਅਸਲ ਵਿਚ ਨਿਰਮਲ ਪੰਥ ਦਾ ਹੀ ਤਰਜਮਾ ਹੈ, ਜਿਸ ਵਿਚ ਕਿਸੇ ਪ੍ਰਕਾਰ ਦੀ ਕੋਈ ਸੰਪਰਦਾਇਕ ਮੈਲ ਨਹੀਂ ਹੈ।

੧੭- **ਗੂਜਰੀ ਮਹਲਾ ੩ ॥ ਜੁਗ ਮਾਹਿ ਨਾਮੁ ਦੁਲੰਭੁ ਹੈ ਗੁਰਮੁਖਿ ਪਾਇਆ ਜਾਇ ॥ ਬਿਨੁ ਨਾਵੈ ਮੁਕਤਿ ਨ ਹੋਵਈ ਵੇਖਹੁ ਕੋ ਵਿਉਪਾਇ ॥੧॥ ਬਲਿਹਾਰੀ ਗੁਰ ਆਪਣੇ ਸਦ ਬਲਿਹਾਰੈ ਜਾਉ ॥ ਸਤਿਗੁਰ ਮਿਲਿਐ ਹਰਿ ਮਨਿ ਵਸੈ ਸਹਜੇ ਰਹੈ ਸਮਾਇ ॥੧॥ ਰਹਾਉ ॥ ਜਾਂ ਭਉ ਪਾਏ ਆਪਣਾ ਬੈਰਾਗੁ ਉਪਜੈ ਮਨਿ ਆਇ ॥ ਬੈਰਾਗੈ ਤੇ ਹਰਿ ਪਾਈਐ ਹਰਿ ਸਿਉ ਰਹੈ ਸਮਾਇ ॥੨॥ ਸੇਇ ਮੁਕਤ ਜਿ ਮਨੁ ਜਿਣਹਿ ਫਿਰਿ ਧਾਤੁ ਨ ਲਾਗੈ ਆਇ ॥ ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ ॥੩॥ ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ ॥ ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ ॥੪॥੩॥੫॥ (ਪੰਨਾ ੪੯੦)**

ਪਦ ਅਰਥ:-ਜੁਗ ਮਹਿ—ਜਗਤ ਵਿਚ, ਜ਼ਮਾਨੇ ਵਿਚ। ਦੁਲੰਭੁ—ਦੁਰਲੱਭ, ਬੜੀ ਔਖਿਆਈ ਨਾਲ ਮਿਲਣ ਵਾਲਾ। ਗੁਰਮੁਖਿ—ਗੁਰੂ ਦੀ ਸ਼ਰਨ ਪਿਆਂ। ਮੁਕਤਿ—ਵਿਕਾਰਾਂ ਤੋਂ ਖ਼ਲਾਸੀ। ਹੋਵਈ—ਹੋਵਏ, ਹੋਵੈ, ਹੁੰਦੀ। ਕੋ—ਕੋਈ ਧਿਰ ਭੀ। ਵਿਉਪਾਇ—ਨਿਰਨਾ ਕਰ ਕੇ ।੧।

ਸਦ—ਸਦਾ। ਮਨਿ—ਮਨ ਵਿਚ । ਸਹਜੇ—ਆਤਮਕ ਅਡੋਲਤਾ ਵਿਚ ।੧। ਰਹਾਉ। ਜਾਂ—ਜਦੋਂ। ਭਉ—ਡਰ-ਅਦਬ। ਬੈਰਾਗੁ—ਮਾਇਆ ਵਲੋਂ ਉਪਰਾਮਤਾ। ਤੇ—ਤੋਂ। ਸਿਉ—ਨਾਲ ।੨। ਸੇਇ—ਉਹ ਬੰਦੇ (ਬਹੁ-ਵਚਨ)। ਮੁਕਤ—ਵਿਕਾਰਾਂ ਤੋਂ ਆਜ਼ਾਦ। ਜਿ—ਜੇਹੜੇ। ਜਿਣਹਿ—ਜਿੱਤਦੇ ਹਨ। ਧਾਤੁ—ਮਾਇਆ। ਲਾਗੈ—ਚੰਬੜਦੀ। ਦੁਆਰਿ—ਦੁਆਰ ਵਿਚ। ਰਹਤ—ਰਿਹਾਇਸ਼। ਤ੍ਰਿਭਵਣ—ਤਿੰਨਾਂ ਭਵਨਾਂ ਵਿਚ ਵਿਆਪਕ ਪ੍ਰਭੂ ।੩। ਗੁਰ ਤੇ—ਗੁਰੂ ਤੋਂ। ਤਿਸ ਕੀ—(ਲਫ਼ਜ਼ 'ਤਿਸੁ' ਦਾ _ ਸੰਬੰਧਕ 'ਕੀ' ਦੇ ਕਾਰਨ ਉੱਡ ਗਿਆ ਹੈ।) ਰਜਾਇ—ਮਰਜ਼ੀ। ਕਰਤਾ—ਕਰਤਾਰ ।੪।

ਅਰਥः-ਹੇ ਭਾਈ! ਮੈਂ ਆਪਣੇ ਗੁਰੂ ਤੋਂ ਸਦਾ ਕੁਰਬਾਨ ਜਾਂਦਾ ਹਾਂ, ਸਦਕੇ ਜਾਂਦਾ ਹਾਂ। ਜੇ ਗੁਰੂ ਮਿਲ ਪਏ ਤਾਂ ਪ੍ਰਭੂ ਮਨੁੱਖ ਦੇ ਮਨ ਵਿਚ ਆ ਵੱਸਦਾ ਹੈ, ਤੇ, ਮਨੁੱਖ ਆਤਮਕ ਅਡੋਲਤਾ ਵਿਚ ਲੀਨ ਰਹਿੰਦਾ ਹੈ।੧।ਰਹਾਉ।

ਹੇ ਭਾਈ ! ਜਗਤ ਵਿਚ (ਹੋਰ ਪਦਾਰਥ ਤਾਂ ਸੁਖੈਨ ਮਿਲ ਜਾਂਦੇ ਹਨ, ਪਰ) ਪਰਮਾਤਮਾ ਦਾ ਨਾਮ ਬੜੀ ਮੁਸ਼ਕਿਲ ਨਾਲ ਮਿਲਦਾ ਹੈ, ਇਹ ਨਾਮ ਗੁਰੂ ਦੀ ਸ਼ਰਨ ਪਿਆਂ ਹੀ ਮਿਲਦਾ ਹੈ । ਤੇ, ਜਿਤਨਾ ਚਿਰ ਹਰਿ-ਨਾਮ ਨਾ ਮਿਲੇ ਉਤਨਾ ਚਿਰ ਵਿਕਾਰਾਂ ਤੋਂ ਖ਼ਲਾਸੀ ਨਹੀਂ ਹੁੰਦੀ, ਬੇ-ਸ਼ੱਕ ਕੋਈ ਭੀ ਧਿਰ ਕੋਈ ਹੋਰ ਉਪਾਉ ਕਰ ਕੇ (ਨਿਰਨਾ ਕਰ ਕੇ) ਵੇਖ ਲਵੋ।੧।

ਜਦੋਂ ਪਰਮਾਤਮਾ (ਕਿਸੇ ਮਨੁੱਖ ਦੇ ਹਿਰਦੇ ਵਿਚ) ਆਪਣਾ ਡਰ-ਅਦਬ ਪਾਂਦਾ ਹੈ ਉਸ ਦੇ ਮਨ ਵਿਚ ਮਾਇਆ ਵਲੋਂ ਉਪਰਾਮਤਾ ਪੈਦਾ ਹੋ ਜਾਂਦੀ ਹੈ । ਇਸ ਉਪਰਾਮਤਾ ਦੀ ਹੀ ਬਰਕਤ ਨਾਲ ਪਰਮਾਤਮਾ ਮਿਲ ਪੈਂਦਾ ਹੈ, ਤੇ, ਮਨੁੱਖ ਪਰਮਾਤਮਾ (ਦੇ ਚਰਨਾਂ) ਨਾਲ ਸੁਰਤਿ ਜੋੜੀ ਰੱਖਦਾ ਹੈ ।੨।

ਹੇ ਭਾਈ! ਜਿਹੜੇ ਮਨੁੱਖ ਆਪਣਾ ਮਨ ਜਿੱਤ ਲੈਂਦੇ ਹਨ, ਉਹ ਮਾਇਆ ਦੇ ਬੰਧਨਾਂ ਤੋਂ ਆਜ਼ਾਦ ਹੋ ਜਾਂਦੇ ਹਨ, ਉਹਨਾਂ ਉੱਤੇ ਮੁੜ ਮਾਇਆ ਆਪਣਾ ਜ਼ੋਰ ਨਹੀਂ ਪਾ ਸਕਦੀ। ਜਿਹੜਾ ਭੀ ਮਨੁੱਖ (ਇੰਦ੍ਰਿਆਂ ਦੀ ਪਹੁੰਚ ਤੋਂ ਉਤਾਂਹ) ਚਿੱਤ-ਆਕਾਸ਼ ਵਿਚ (ਉੱਚੇ ਆਤਮਕ ਮੰਡਲ ਵਿਚ) ਆਪਣੀ ਰਿਹਾਇਸ਼ ਬਣਾ ਲੈਂਦਾ ਹੈ, ਉਸ ਨੂੰ ਤਿੰਨ ਭਵਨਾਂ ਵਿਚ ਵਿਆਪਕ ਪ੍ਰਭੂ ਦੀ ਸਮਝ ਪੈ ਜਾਂਦੀ ਹੈ।੩। ਹੇ ਨਾਨਕ! (ਆਖ—ਹੇ ਭਾਈ !) ਵੇਖੋ, ਪਰਮਾਤਮਾ ਦੀ ਅਚਰਜ ਮਰਜ਼ੀ ! (ਜਿਹੜਾ ਭੀ ਮਨੁੱਖ ਗੁਰੂ ਦੀ ਸ਼ਰਨ ਪੈਂਦਾ ਹੈ ਉਹ) ਗੁਰੂ ਦੀ ਸ਼ਰਨ ਪੈਣ ਨਾਲ ਗੁਰੂ ਦਾ ਰੂਪ ਬਣ ਜਾਂਦਾ ਹੈ। ਪਰਮਾਤਮਾ ਆਪ ਹੀ ਇਹ ਸਬੱਬ ਬਣਾਂਦਾ ਹੈ, (ਗੁਰੂ ਦੀ ਸ਼ਰਨ ਪਏ ਮਨੁੱਖ ਦੀ) ਆਤਮਾ ਪਰਮਾਤਮਾ ਦੀ ਜੋਤਿ ਵਿਚ ਲੀਨ ਹੋ ਜਾਂਦੀ ਹੈ ।੪।੩।੫।

੪
ਕਰਤਾ

ਮਹਾਨ ਕੋਸ਼ ਅਨੁਸਾਰ ਕਰਤਾ ਦੇ ਅਰਥ: ਸੰ: ਵਿ- ਕਰਨ ਵਾਲਾ, ਰਚਨ ਵਾਲਾ. "ਕਰਤਾ ਹੋਏ ਜਨਾਵੈ" (ਗਉ ਮ: ੫)। ੨. ਸੰਗਿਆ. ਵਾਹਗੁਰੂ, ਜਗਤ ਰਚਨ ਵਾਲਾ ਪਾਰਬ੍ਰਹਮ ...

ਦ੍ਰਿਸ਼ਟਮਾਨ ਸੰਸਾਰ ਦੀ ਸਿਰਜਨਾ ਪਿੱਛੇ ਕਿਸੇ ਅਦ੍ਰਿਸ਼ਟ ਸਿਰਜਕ-ਸ਼ਕਤੀ ਦਾ

ਹੱਥ ਹੋਣ ਦੇ ਤੱਤ ਨੂੰ ਲਗ-ਪਗ ਸਾਰੀ ਲੋਕਾਈ ਨੇ ਜਾਣ ਲਇਆ ਸੀ। ਸ੍ਰਿਸ਼ਟੀ ਦਾ ਸਿਰਜਨਹਾਰ, ਉਸ ਵਿਚ ਮੌਜੂਦ ਹਰੇਕ ਵਸਤੂ, ਪ੍ਰਾਣੀ, ਜੀਅ-ਜੰਤ ਦੇ ਕਰਤਾ ਦਾ ਹੋਣਾ ਇਕ ਪ੍ਰਤੱਖ ਅਤੇ ਪ੍ਰਮਾਣੀਕ ਸੱਚ ਹੈ। ਪ੍ਰੰਤੂ ਇਸ ਵਿਸ਼ਵ-ਵਿਆਪੀ ਸੱਚਾਈ ਦੇ ਬਾਵਜੂਦ ਬ੍ਰਾਹਮਣ ਗੁਰੂ ਨੇ ਉਸ ਅਦ੍ਰਿਸ਼ਟ ਕਰਤੇ ਦਾ ਰੂਪ ਵਖਰੀ ਤਰ੍ਹਾਂ ਵਰਤਿਆ। ਕੁਝ ਗੁਰੂ ਫ਼ੁਰਮਾਨ ਏਸ ਪਰਕਾਰ ਹਨ :-

੧੮- ਸਿਰੀਰਾਗੁ ਮਹਲਾ ੧ ॥...ਕਰਤਾ ਸਭੁ ਕੋ ਤੇਰੈ ਜੋਰਿ ॥ ਏਕੁ ਸਬਦੁ ਬੀਚਾਰੀਐ ਜਾ ਤੂ ਤਾ ਕਿਆ ਹੋਰਿ ॥੧॥ ਰਹਾਉ ॥ ੩੪ ॥੧੦॥ (ਪੰਨਾ-੧੭)

੧੯ ਪਉੜੀ ॥ ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ ॥ ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ ॥ ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ ॥ ਇਕਿ ਆਵਹਿ ਇਕਿ ਜਾਹਿ ਉਠਿ ਬਿਨੁ ਨਾਵੈ ਮਰਿ ਜਾਤੀ ॥ ਗੁਰਮੁਖਿ ਰੰਗਿ ਚਲੂਲਿਆ ਰੰਗਿ ਹਰਿ ਰੰਗਿ ਰਾਤੀ ॥ ਸੋ ਸੇਵਹੁ ਸਤਿ ਨਿਰੰਜਨੋ ਹਰਿ ਪੁਰਖੁ ਬਿਧਾਤੀ ॥ ਤੂੰ ਆਪੇ ਆਪਿ ਸੁਜਾਣੁ ਹੈ ਵਡ ਪੁਰਖੁ ਵਡਾਤੀ ॥ ਜੋ ਮਨਿ ਚਿਤਿ ਤੁਧੁ ਧਿਆਇਦੇ ਮੇਰੇ ਸਚਿਆ ਬਲਿ ਬਲਿ ਹਉ ਤਿਨ ਜਾਤੀ ॥੧॥ (ਪੰਨਾ ੧੩੮)

ਅਰਥ:- ਹੇ (ਪ੍ਰਭੂ!) ਤੂੰ ਸਿਰਜਣਹਾਰ ਹੈਂ, ਸਭ ਵਿਚ ਮੌਜੂਦ ਹੈਂ, (ਫਿਰ ਭੀ) ਤੇਰੇ ਤੀਕ ਕਿਸੇ ਦੀ ਪਹੁੰਚ ਨਹੀਂ ਹੈ, ਤੂੰ ਆਪ (ਸਾਰੀ) ਸ੍ਰਿਸ਼ਟੀ ਉਪਾਈ ਹੈ, (ਇਹ ਰਚਨਾ) ਤੂੰ ਕਈ ਰੰਗਾਂ ਦੀ ਕਈ ਕਿਸਮਾਂ ਦੀ ਕਈ ਤਰੀਕਿਆਂ ਨਾਲ ਬਣਾਈ ਹੈ। (ਜਗਤ ਦਾ ਇਹ) ਸਾਰਾ ਤਮਾਸ਼ਾ ਤੇਰਾ ਹੀ (ਬਣਾਇਆ ਹੋਇਆ) ਹੈ, (ਇਸ ਤਮਾਸ਼ੇ ਦੇ ਭੇਤ ਨੂੰ) ਤੂੰ ਆਪ ਹੀ ਜਾਣਦਾ ਹੈਂ, ਜਿਸ ਨੇ (ਖੇਲ ਬਣਾਇਆ ਹੋਇਆ) ਹੈ। ਇਸ ਤਮਾਸ਼ੇ ਵਿਚ) ਕਈ ਜੀਵ ਆ ਰਹੇ ਹਨ, ਕਈ (ਤਮਾਸ਼ਾ ਵੇਖ ਕੇ) ਤੁਰੇ ਜਾ ਰਹੇ ਹਨ, (ਪਰ ਜੋ) 'ਨਾਮ' ਤੋਂ ਸੱਖਣੇ ਹਨ ਉਹ ਮਰ ਕੇ (ਭਾਵ, ਦੁਖੀ ਹੋ ਕੇ) ਜਾਂਦੇ ਹਨ, ਉਹ ਮਨੁੱਖ ਗੁਰੂ ਦੇ ਸਨਮੁਖ ਹਨ ਉਹ (ਪ੍ਰਭੂ ਦੇ) ਪਿਆਰ ਵਿਚ ਗੂੜ੍ਹੇ ਰੰਗੇ ਹੋਏ ਹਨ, ਉਹ ਨਿਰੋਲ ਹਰੀ ਦੇ ਪਿਆਰ ਰੰਗੇ ਹੋਏ ਹਨ।

(ਹੇ ਭਾਈ!) ਜੋ ਪ੍ਰਭੂ ਸਭ ਵਿਚ ਵਿਆਪਕ (ਪੁਰਖ) ਹੈ, ਜਗਤ ਦਾ ਰਚਨ ਵਾਲਾ ਹੈ, ਸਦਾ-ਥਿਰ ਰਹਿਣ ਵਾਲਾ ਹੈ ਤੇ ਮਾਇਆ ਤੋਂ ਰਹਿਤ ਹੈ, ਉਸ ਨੂੰ ਸਿਮਰੋ।

ਹੇ ਪ੍ਰਭੂ! ਤੂੰ ਸਭ ਤੋਂ ਵੱਡੀ ਹਸਤੀ ਵਾਲਾ ਹੈਂ, ਤੂੰ ਆਪ ਹੀ ਸਭ ਕੁਝ ਜਾਣਨ ਵਾਲਾ ਹੈਂ; ਹੇ ਮੇਰੇ ਸੱਚੇ (ਸਾਹਿਬ!) ਜੋ ਤੈਨੂੰ ਮਨ ਲਾ ਕੇ ਚਿੱਤ ਲਾ ਕੇ ਸਿਮਰਦੇ ਹਨ, ਮੈਂ ਉਹਨਾਂ ਤੋਂ ਸਦਕੇ ਹਾਂ।੧।

੨੦ ਰਾਗੁ ਗਉੜੀ ਅਸਟਪਦੀਆ ਮਹਲਾ ੧ ਗਉੜੀ ਗੁਆਰੇਰੀ ॥ ...
ਗਰਬ ਗਤੰ ਸੁਖ ਆਤਮ ਧਿਆਨਾ ॥ ਜੋਤਿ ਭਈ ਜੋਤੀ ਮਾਹਿ ਸਮਾਨਾ ॥ ਲਿਖਤੁ ਮਿਟੈ ਨਹੀ ਸਬਦੁ ਨੀਸਾਨਾ ॥ ਕਰਤਾ ਕਰਣਾ ਕਰਤਾ ਜਾਨਾ ॥੭॥ ਨਹ ਪੰਡਿਤੁ ਨਹ ਚਤੁਰੁ ਸਿਆਨਾ ॥ ਨਹ ਭੂਲੋ ਨਹ ਭਰਮਿ ਭੁਲਾਨਾ ॥ ਕਥਉ ਨ ਕਥਨੀ ਹੁਕਮੁ ਪਛਾਨਾ ॥ ਨਾਨਕ ਗੁਰਮਤਿ ਸਹਜਿ ਸਮਾਨਾ ॥੮॥੧॥ (ਪੰਨਾ-੨੨੧)

ਅਰਥ:- (ਸਿਮਰਨ ਦੀ ਬਰਕਤਿ ਨਾਲ) ਅਹੰਕਾਰ ਦੂਰ ਹੋ ਗਿਆ ਹੈ, ਆਤਮਕ ਆਨੰਦ ਵਿਚ ਮੇਰੀ ਸੁਰਤਿ ਟਿਕ ਗਈ ਹੈ, ਮੇਰੇ ਆਤਮਕ ਚਾਨਣ ਹੋ ਗਿਆ ਹੈ, ਮੇਰੀ ਜਿੰਦ ਪ੍ਰਭੂ ਦੀ ਜੋਤਿ ਵਿਚ ਲੀਨ ਹੋ ਗਈ ਹੈ। (ਮੇਰੇ ਹਿਰਦੇ ਵਿਚ) ਉੱਕਰਿਆ ਹੋਇਆ ਗੁਰ-ਸ਼ਬਦ (ਰੂਪ) ਲੇਖ ਹੁਣ ਅਜਿਹਾ ਪਰਗਟ ਹੋ ਗਿਆ ਹੈ ਕਿ ਮਿਟ ਨਹੀਂ ਸਕਦਾ। ਮੈਂ ਕਰਤੇ ਤੇ (ਕਰਤੇ ਦੀ) ਰਚਨਾ ਨੂੰ ਕਰਤਾਰ-ਰੂਪ ਹੀ ਜਾਣ ਲਿਆ ਹੈ, (ਮੈਂ ਕਰਤਾਰ ਨੂੰ ਹੀ ਸ੍ਰਿਸ਼ਟੀ ਦਾ ਰਚਨਹਾਰਾ ਜਾਣ ਲਿਆ ਹੈ)।੭।

ਮੈਂ ਕੋਈ ਪੰਡਿਤ ਨਹੀਂ ਹਾਂ, ਮੈਂ ਚਤੁਰ ਨਹੀਂ ਹਾਂ, ਮੈਂ ਸਿਆਣਾ ਨਹੀਂ ਹਾਂ, (ਭਾਵ, ਮੈਂ ਕਿਸੇ ਵਿਦਵਤਾ ਚਤੁਰਾਈ ਸਿਆਣਪ ਦਾ ਆਸਰਾ ਨਹੀਂ ਲਿਆ) ਤਾਹੀਏਂ ਮੈਂ (ਰਸਤੇ ਤੋਂ) ਖੁੰਝਿਆ ਨਹੀਂ, ਭਟਕਣਾ ਵਿਚ ਪੈ ਕੇ ਕੁਰਾਹੇ ਨਹੀਂ ਪਿਆ। ਮੈਂ ਕੋਈ ਚਤੁਰਾਈ ਦੀਆਂ ਗੱਲਾਂ ਨਹੀਂ ਕਰਦਾ।

ਹੇ ਨਾਨਕ! (ਆਖ—) ਮੈਂ ਤਾਂ ਸਤਿਗੁਰੂ ਦੀ ਮਤਿ ਲੈ ਕੇ ਪਰਮਾਤਮਾ ਦੇ ਹੁਕਮ ਨੂੰ ਪਛਾਣਿਆ ਹੈ (ਭਾਵ, ਮੈਂ ਇਹ ਸਮਝਿਆ ਹੈ ਕਿ ਪ੍ਰਭੂ ਦੇ ਹੁਕਮ ਵਿਚ ਤੁਰਨਾ ਹੀ ਸਹੀ ਰਸਤਾ ਹੈ, ਤੇ ਮੈਂ ਅਡੋਲ ਅਵਸਥਾ ਵਿਚ ਟਿਕ ਗਿਆ ਹਾਂ ।੮।੧।

੨੧ ਰਾਮਕਲੀ ਮਹਲਾ ੧ ਦਖਣੀ ਓਅੰਕਾਰੁ ॥
ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ ॥ ਓਅੰਕਾਰਿ ਸੈਲ ਜੁਗ ਭਏ ॥ ਓਅੰਕਾਰਿ ਬੇਦ ਨਿਰਮਏ ॥ ਓਅੰਕਾਰਿ ਸਬਦਿ ਉਧਰੇ ॥ ਓਅੰਕਾਰਿ ਗੁਰਮੁਖਿ ਤਰੇ ॥ ਓਨਮ ਅਖਰ ਸੁਣਹੁ ਬੀਚਾਰੁ ॥ ਓਨਮ ਅਖਰੁ ਤ੍ਰਿਭਵਣ ਸਾਰੁ ॥੧॥ ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ॥ ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ॥੧॥ ਰਹਾਉ ॥ ਸਸੈ ਸਭੁ ਜਗੁ ਸਹਜਿ ਉਪਾਇਆ ਤੀਨਿ ਭਵਨ ਇਕ ਜੋਤੀ ॥ ਗੁਰਮੁਖਿ ਵਸਤੁ ਪਰਾਪਤਿ ਹੋਵੈ ਚੁਣਿ ਲੈ ਮਾਣਕ ਮੋਤੀ ॥ ਸਮਝੈ ਸੂਝੈ ਪੜਿ ਪੜਿ ਬੂਝੈ ਅੰਤਿ ਨਿਰੰਤਰਿ ਸਾਚਾ ॥ ਗੁਰਮੁਖਿ ਦੇਖੈ ਸਾਚੁ ਸਮਾਲੇ ਬਿਨੁ ਸਾਚੇ ਜਗੁ ਕਾਚਾ ॥੨॥ ਧਧੈ ਧਰਮੁ ਧਰੇ ਧਰਮਾ ਪੁਰਿ ਗੁਣਕਾਰੀ

ਮਨੁ ਧੀਰਾ ॥ ਧਧੈ ਧੂਲਿ ਪੜੈ ਮੁਖਿ ਮਸਤਕਿ ਕੰਚਨ ਭਏ ਮਨੂਰਾ ॥ ਧਨੁ ਧਰਣੀਧਰੁ ਆਪਿ ਅਜੋਨੀ ਤੋਲਿ ਬੋਲਿ ਸਚੁ ਪੂਰਾ ॥ ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ ॥੩ ॥੩ ਇਸੁ ਏਕੇ ਕਾ ਜਾਣੈ ਭੇਉ ॥ ਆਪੇ ਕਰਤਾ ਆਪੇ ਦੇਉ ॥ ੮ ॥ (ਪੰਨਾ ੯੩੦)

੨੨- ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ ॥ ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ ॥ ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ ॥ ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ ॥ ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ ॥ ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ ।੧੭ ।੧ । (ਪੰਨਾ-੧੧੦੯)

੫
ਧਰਮਸ਼ਾਲ

ਕਿਸੇ ਮਨੁੱਖ ਦੇ, ਕਿਸੇ ਪਸ਼ੂ ਦੇ, ਕਿਸੇ ਵਸਤੂ ਦੇ, ਵਿਸ਼ੇਸ਼ ਗੁਣਾਂ ਬਾਰੇ ਗਿਆਨ ਹੋ ਜਾਣ 'ਤੇ ਹੀ ਉਸ ਪ੍ਰਤੀ ਪਿਆਰ ਉਪਜਦਾ ਹੈ ਅਥਵਾ ਉਸ ਨੂੰ ਪ੍ਰਾਪਤ ਕਰਨ ਦੀ ਲਾਲਸਾ ਉਪਜਦੀ ਹੈ। ਸਤਿਗੁਰੂ ਨਾਨਕ ਸਾਹਿਬ ਜੀ ਤੋਂ ਪਹਿਲਾਂ ਵੀ ਸੰਸਾਰ ਵਿਚ ਕਈ, ਧਰਮਾਂ ਦਾ ਪਰਚਾਰ ਹੋ ਰਿਹਾ ਸੀ। ਲੋਕ ਸਗੋਂ ਵੱਧ ਦੁਖੀ ਅਤੇ ਬੇਚੈਨੀ ਸਿਖ਼ਰਾਂ 'ਤੇ ਸੀ। ਲੋਕਾਂ ਨੂੰ ਸੁਖੀ ਕਰਨ ਦੇ ਵਿਸ਼ਵਾਸ ਨਾਲ ਚਲਾਏ ਧਰਮਾਂ ਦੇ ਆਗੂ ਲੋਕਾਂ ਨੂੰ ਲੁੱਟ-ਲੁੱਟ ਕੇ ਖਾ ਰਹੇ ਸਨ। ਧਰਮ ਸਗੋਂ ਵਪਾਰ ਦਾ ਜਾਂ ਧਾਰਮਕ ਆਗੂਆਂ ਦੀ ਖੱਟੀ ਦਾ ਸਾਧਨ ਬਣ ਚੁੱਕਾ ਸੀ। ਏਵੇਂ ਹੀ ਪਰਮਾਤਮਾ ਦੀਆਂ ਵਡਿਆਈਆਂ ਦਾ ਗਿਆਨ ਹੋ ਜਾਣ ਤੋਂ ਉਸ ਨਾਲ ਸਾਂਝ ਪਾ ਸਕਣ ਦਾ ਸਾਧਨ ਬਣਦਾ ਹੈ।

ਸਤਿ ਗੁਰਾਂ ਦੇ ਅਪਣੇ ਬਚਨ--

੨੩- ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥
ਤਿਨ ਘਰਿ ਬ੍ਰਾਹਮਣ ਪੂਰਹਿ ਨਾਦ ॥ ਉਨ੍ਹਾ ਭਿ ਆਵਹਿ ਓਈ ਸਾਦ ॥
ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥
ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥
ਮਥੈ ਟਿਕਾ ਤੇੜਿ ਧੋਤੀ ਕਖਾਈ ॥ ਹਥਿ ਛੁਰੀ ਜਗਤ ਕਾਸਾਈ ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥
ਅਭਾਖਿਆ ਕਾ ਕੁਠਾ ਬਕਰਾ ਖਾਣਾ ॥ ਚਉਕੇ ਉਪਰਿ ਕਿਸੈ ਨ ਜਾਣਾ ॥

ਦੇ ਕੈ ਚਉਕਾ ਕਢੀ ਕਾਰ ॥ ਉਪਰਿ ਆਇ ਬੈਠੇ ਕੂੜਿਆਰ ॥
ਮਤੁ ਭਿਟੈ ਵੇ ਮਤੁ ਭਿਟੈ ॥ ਇਹੁ ਅੰਨੁ ਅਸਾਡਾ ਫਿਟੈ ॥
ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੈ ਚੁਲੀ ਭਰੇਨਿ ॥
ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾ, ਸਚੁ ਪਾਈਐ ॥੨ ॥
(ਪੰਨਾ-੪੭੧)

੨੪- ਕਲਿ ਹੋਈ ਕੁਤੇ ਮੂਹੀ ਖਾਜੁ ਹੋਆ ਮੁਰਦਾਰੁ ॥ ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮ ਬੀਚਾਰੁ ॥ ਜਿਨ ਜੀਵੰਦਿਆ ਪਤਿ ਨਹੀ ਮੁਇਆ ਮੰਦੀ ਸੋਇ ॥ ਲਿਖਿਆ ਹੋਵੈ ਨਾਨਕਾ ਕਰਤਾ ਕਰੇ ਸੁ ਹੋਇ ॥ ੧ ॥ (੧੨੪੨)

ਨੋਟ:--ਪੁਸਤਕ "ਬਿਪ੍ਰਨ ਕੀ ਰੀਤ ਤੋਂ ਸਚੁ ਦਾ ਮਾਰਗ" ਦੇ ਪਹਿਲੇ ਭਾਗ ਦੇ ਪਹਿਲੇ ਕਾਂਡ ਵਿਚ ਉਪ੍ਰੋਕਤ ਦੋਵੇਂ ਗੁਰੂ ਫ਼ੁਰਮਾਨ ਅਰਥਾਂ ਸਮੇਤ ਲਿਖੇ ਜਾ ਚੁੱਕੇ ਹਨ। ਭਾਈ ਗੁਰਦਾਸ ਜੀ:--

ਭਾਉ ਨ ਬ੍ਰਹਮੈ ਲਿਖਿਆ ਚਾਰਿ ਬੇਦਿ ਦੁਆਪਰਿ ਪੇਖੈ। ਢੂੰਡੀ ਸਗਲੀ ਪ੍ਰਿਥਵੀ ਸਤਿਜੁਗਿ ਆਦਿ ਦੁਆਪਰਿ ਤ੍ਰੇਤੈ।
ਕਲਿਜੁਗਿ ਧੁੰਧੂਕਾਰ ਹੈ ਭਰਮਿ ਭੁਲਾਈ ਬਹੁ ਬਿਧਿ ਭੇਖੈ। ਭੇਖੀ ਪ੍ਰਭੂ ਨ ਪਾਈਐ ਆਪੁ ਗਵਾਏ ਰੂਪ ਨ ਰੇਖੈ। (੨੫)
ਹਉਮੈ ਅੰਦਰਿ ਸਭਿ ਕੋ ਡੂਬੇ ਗੁਰੂ ਸਣੇ ਬਹੁ ਚੇਲੇ। ਗੁਰਮੁਖਿ ਕੋਇ ਨ ਦਿਸਈ ਢੂੰਡੇ ਤੀਰਥਿ ਜਾਤ੍ਰੀ ਮੇਲੇ ।
ਡਿਠੇ ਹਿੰਦੂ ਤੁਰਕਿ ਸਭਿ ਪੀਰ ਪੈਕੰਬਰਿ ਕਉਮਿ ਕਤੇਲੈ ॥ ਅੰਧੀ ਅੰਧੇ ਖੂਹੇ ਠੇਲੇ ॥ ੨੬॥ (ਵਾਰ-੧)

ਸਤਿਗੁਰੂ ਨਾਨਕ ਸਾਹਿਬ ਨੇ ਮਨੁੱਖ ਮਾਤਰ ਦਾ ਲੋਕ ਪ੍ਰਲੋਕ ਸੁਹੇਲਾ ਕਰਕੇ, ਜਗਤ ਵਿਚ ਸਦੀਵੀ ਠੰਢ ਵਰਤਾਉਣ ਦਾ ਬੜਾ ਕਠਨ ਕਾਰਜ ਆਰੰਭਿਆ ਸੀ। ਹਜ਼ਾਰਾਂ ਸਾਲਾਂ ਤੋਂ ਭਾਰਤੀ ਮਨੁੱਖ ਮੰਦਰ ਵਿਚ ਮੂਰਤੀ ਦੇ ਰੂਪ ਵਿਚ ਰੱਖੇ ਰੱਬ ਕੋਲੋਂ ਹੀ ਆਪਣੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਵਾਲੇ ਝੂਠੇ ਭਰਮ ਦੇ ਸੰਸਕਾਰ ਕਬੂਲ ਕਰੀ ਬੈਠਾ ਸੀ। ਜਪਾਂ ਤਪਾਂ ਦੁਆਰਾ ਆਪਣੀ ਦੁਲੱਭ ਮਨੁੱਖੀ ਦੇਹ ਦਾ ਨਾਸ ਕਰ ਲੈਣਾ, ਮਿਹਨਤ ਨਾਲ ਕਮਾਈ ਹੋਈ, ਆਪਣੀ ਬੇਟੀ ਅਥਵਾ ਆਪਣੀ ਪਿਆਰੀ ਅਰਧੰਗਣੀ (ਇਸਤ੍ਰੀ) ਸਮੇਤ ਆਪਣੀ ਸਾਰੀ ਜਾਇਦਾਦ ਰਾਜ ਭਾਗ ਪੱਥਰ ਦੇ ਰੱਬ-ਦੇਵਤੇ (ਰਾਹੀ ਬ੍ਰਾਹਮਣ) ਦੀ ਭੇਟਾ ਕਰਕੇ ਕਰਵੱਤ ਹੇਠ ਬੈਠ ਜਾਣਾ ਜਾਂ ਸਭ ਕਾਸੇ ਦਾ ਤਿਆਗੀ ਬਣ ਕੇ ਜੰਗਲਾਂ ਨੂੰ ਤੁਰ ਜਾਣਾ ਤਾਂ ਸੌਖਾ ਸੀ।

੨੫- ਸੰਤਹੁ ਸੁਨਹੁ ਸੁਨਹੁ ਜਨ ਭਾਈ ਗੁਰਿ ਕਾਢੀ ਬਾਹ ਕੂਕੀਜੈ ॥ ਜੇ ਆਤਮ ਕਉ ਸੁਖੁ ਸੁਖੁ ਨਿਤ ਲੋੜਹੁ ਤਾਂ ਸਤਿਗੁਰ ਸਰਨਿ ਪਵੀਜੈ ॥ ੫ ॥ (ਪੰਨਾ-੧੩੨੬)

ਹੇ ਮੇਰੇ ਸੰਤ ਜਨ ਭਾਈਓ ! ਮੈ ਬਾਹਾਂ ਖੜੀਆਂ ਕਰਕੇ ਕੂਕ ਰਿਹਾ ਹਾਂ ਕਿ, ਜੇ ਤੁਸੀਂ ਸਦੀਵੀ ਆਤਮਕ ਸੁਖ ਚਾਹੁੰਦੇ ਹੋ ਤਾਂ ਸਤਿਗੁਰੂ ਦੀ ਸ਼ਰਨ ਵਿਚ ਟਿਕਣਾ ਸਿੱਖੋ। ਭਾਵ ਸਤਿਗੁਰੂ ਦੇ ਬਚਨਾਂ ਅਨੁਸਾਰ ਜੀਵਨ ਢਾਲਣਾ ਸਿਖੋ, ਕਿਉਂਕਿ-

ਸਰਬ ਸੁਖਾ ਸੁਖੁ ਸਾਚਾ ਏਹੁ ॥ ਗੁਰ ਉਪਦੇਸੁ ਮਨੈ ਮਹਿ ਲੇਹੁ ॥ (ਪੰਨਾ-੧੭੮)

ਅਜਿਹੇ ਸਤਿਗੁਰੂ ਜੀ ਤੋਂ ਦਿਹਾੜੀ ਵਿਚ ਸੈਂਕੜੇ ਵਾਰੀ ਕੁਰਬਾਨ ਕਿਉਂ ਨਾ ਹੋਈਏ ਜਿਹੜੇ ਸਾਨੂੰ, ਮੂਰਖ ਅਤੇ ਅਸ਼ੁੱਧ-ਮਤ ਮਾਣਸ ਤੋਂ ਦੇਵਤੇ ਬਣਾ ਦੇਣ ਲਈ ਬਾਹਾਂ ਖੜੀਆਂ ਕਰਕੇ ਵਾਜਾਂ ਮਾਰ ਰਹੇ ਹਨ-

ਸਲੋਕ ਮਃ ੧ ॥ ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥ ੧ ॥ (ਪੰਨਾ-੪੬੨)

ਜਿਹੜੇ ਸਾਨੂੰ ਪਾਪੀਆਂ ਨੂੰ 'ਸੰਤੋ' ਅਤੇ 'ਭਾਈਓ' ਕਹਿ ਕੇ ਬੁਲਾ ਰਹੇ ਹਨ ਅਤੇ ਬੇਅੰਤ ਗੁਰੂ ਸ਼ਬਦ ਦੁਆਰਾ ਸਮਝਾ ਰਹੇ ਹਨ ਕਿ ਜੇ ਸ੍ਰੇਸ਼ਟ ਸੁਖਾਂ ਦੀ ਪ੍ਰਾਪਤੀ ਚਾਹੁੰਦਾ ਹੈਂ ਤਾਂ--ਬੇਅੰਤ ਗੁਰੂ ਉਪਦੇਸ਼ਾਂ ਵਿਚੋਂ ਕੇਵਲ ਵਣਗੀ ਮਾਤਰ:-

੨੬- ਕਿਨ ਬਿਧਿ ਕੁਸਲੁ ਹੋਤ ਮੇਰੇ ਭਾਈ ॥ ਕਿਉ ਪਾਈਐ ਹਰਿ ਰਾਮ ਸਹਾਈ ॥ ੧ ॥ ਰਹਾਉ ॥ ਕੁਸਲੁ ਨ ਗ੍ਰਿਹਿ ਮੇਰੀ ਸਭ ਮਾਇਆ ॥ ਊਚਏ ਮੰਦਰ ਸੁੰਦਰ ਛਾਇਆ ॥ ਝੂਠੇ ਲਾਲਚਿ, ਜਨਮੁ ਗਵਾਇਆ ॥੧ ॥ ਹਸਤੀ ਘੋੜੇ ਦੇਖਿ ਵਿਗਾਸਾ ॥ ਲਸਕਰ ਜੋੜੇ ਨੇਬ ਖਵਾਸਾ ॥ ਗਲਿ ਜੇਵੜੀ ਹਉਮੈ ਕੇ ਫਾਸਾ ॥ ੨ ॥ ਰਾਜੁ ਕਮਾਵੈ ਦਹ ਦਿਸ ਸਾਰੀ ॥ ਮਾਣੈ ਰੰਗ ਭੋਗ ਬਹੁ ਨਾਰੀ ॥ ਜਿਉ ਨਰਪਤਿ ਸੁਪਨੈ ਭੇਖਾਰੀ ॥ ੩ ॥ ਏਕੁ ਕੁਸਲੁ ਮੋ ਕਉ ਸਤਿਗੁਰੂ ਬਤਾਇਆ ॥ ਹਰਿ ਜੋ ਕਿਛੁ ਕਰੇ ਸੁ ਹਰਿ ਕਿਆ ਭਗਤਾ ਭਾਇਆ ॥ ਜਨ ਨਾਨਕ ਹਉਮੈ ਮਾਰਿ ਸਮਾਇਆ ॥ ੪ ॥ ਇਨਿ ਬਿਧਿ ਕੁਸਲੁ ਹੋਤ ਮੇਰੇ ਭਾਈ ॥ ਇਉ ਪਾਈਐ ਹਰਿ ਰਾਮ ਸਹਾਈ ॥ ੧ ॥ ਰਹਾਉ ॥ ਦੂਜਾ ॥ (ਪੰਨਾ-੧੭੫)

੨੭- ਗੁਰ ਕਾ ਕਹਿਆ ਜੇ ਕਰੇ ਸੁਖੀ ਹੂ ਸੁਖੁ ਸਾਰੁ ॥ ਗੁਰ ਕੀ ਕਰਣੀ ਭਉ ਕਟੀਐ, ਨਾਨਕ ਪਾਵਹਿ ਪਾਰੁ ॥ ੧ ॥ (ਪੰਨਾ-੧੨੪੮)

ਅਰਥ:--(ਹੇ ਮਨ) ਜੇ ਸਤਿਗੁਰ ਦੇ ਦੱਸੇ ਹੁਕਮ ਦੀ ਪਾਲਣਾ ਕਰੇਂ ਤਾਂ ਸੁਖਾਂ ਵਿਚੋਂ ਸ੍ਰੇਸ਼ਟ ਸੁਖ ਮਿਲਦਾ ਹੈ, ਸਤਿਗੁਰੂ ਦੀ ਦੱਸੀ ਹੋਈ ਕਾਰ ਕੀਤਿਆਂ ਡਰ ਦੂਰ ਹੋ ਜਾਂਦਾ ਹੈ, (ਜੇ ਤੂੰ ਗੁਰੂ ਵਾਲੀ ਕਰਣੀ ਕਰੇਂਗਾ ਤਾਂ) ਤੂੰ (ਭਵ ਦਾ) ਪਾਰਲਾ ਕੰਡਾ ਲਭ ਲਵੇਂਗਾ (ਭਾਵ, ਭਉ-ਸਾਗਰ ਤੋਂ ਪਾਰ ਲੰਘ ਜਾਏਂਗਾ)

੨੮- ਦੂਖੁ ਅੰਧੇਰਾ ਘਰ ਤੇ ਮਿਟਿਓ ॥ ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ ॥੭॥ (ਪੰਨਾ-੨੪੧)

ਸਤਿਗੁਰਾਂ ਦੇ ਉਪਦੇਸ਼ ਦੁਆਰਾ ਜਿਸ ਮਨੁੱਖ ਨੂੰ ਬ੍ਰਹਮ ਦੀ ਸੋਝੀ ਆ ਜਾਣ ਦੀ ਬਰਕਤ ਨਾਲ ਹਿਰਦੇ ਵਿਚ ਪ੍ਰਭੂ ਨਾਲ ਡੂੰਘੀ ਸਾਂਝ ਬਣ ਜਾਏ ਉਸ ਦੇ ਅੰਦਰ ਆਤਮਕ ਸੂਝ ਦਾ ਦੀਵਾ ਜਗ ਪੈਂਦਾ ਹੈ ਅਤੇ ਅਗਿਅਨਤਾ ਦੇ ਮਿਟਦਿਆਂ ਹੀ ਦੁੱਖਾਂ ਦਾ ਡੇਰਾ ਉੱਜੜ ਜਾਂਦਾ ਹੈ ਅਗਿਆਨਤਾ, ਭਰਮਾਂ ਦਾ ਅਤੇ ਦੁਖਾਂ ਦਾ ਭੈ ਸਾਂਭੀ ਬੈਠੀ ਹੁੰਦੀ ਹੈ ਅਤੇ ਸਤਿਗੁਰੂ ਜੀ ਦਾ ਗਿਅਨ, ਦੁਖਾਂ ਦੇ ਮੂਲ ਅਗਿਆਨਤਾ ਦਾ ਅਤੇ ਭਰਮ-ਹਨੇਰੇ ਦਾ ਨਾਸ ਕਰ ਦਿੰਦਾ ਹੈ--

ਅੰਤਰਿ ਅਗਿਆਨ ਦੁਖ ਭਰਮ ਹੈ, ਗੁਰ ਗਿਅਨਿ ਗਵਾਈ॥ (ਪੰਨਾ-੧੨੯੧)

ਮਨੁੱਖ ਨੂੰ ਸੁਖੀ ਬਣਾ ਦੇਣ ਲਈ ਦ੍ਰਿੜ ਕਰਾਏ ਜਾ ਰਹੇ ਵਿਸ਼ਾਲ ਗੁਰਮਤਿ-ਗਿਆਨ ਵਿਚੋਂ ਨਮੂਨਾ ਮਾਤਰ :--

੨੯- ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ॥ ਹਉਮੈ ਤ੍ਰਿਸਨਾ ਮਾਰਿ ਕੈ, ਸਚੁ ਰਖਿਆ ਉਰਧਾਰਿ ॥ਜਗ ਮਹਿ ਲਾਹਾ ਏਕੁ ਨਾਮੁ, ਪਾਈਐ ਗੁਰ ਵੀਚਾਰਿ॥ ੬॥ (ਪੰਨਾ-੫੪)

੩੦- ਕਰਮ ਕਰੈ ਤ ਬੰਧਾ ਨਹ ਕਰੈ ਤ ਨਿੰਦਾ॥ ਮੋਹ ਮਗਨ ਮਨੁ ਵਿਆਪਿਆ ਚਿੰਦਾ॥ ਗੁਰ ਪ੍ਰਸਾਦਿ ਸੁਖੁ ਦੁਖੁ ਸਮ ਜਾਣੈ ਘਟਿ ਘਟਿ ਰਾਮੁ ਹਿਆਲੀਐ॥ ੪॥ (ਪੰਨਾ-੧੦੧੯)

ਅਰਥ:--(ਜਿਹੜਾ ਮਨੁੱਖ ਸ਼ਾਸਤਰਾਂ ਅਨੁਸਾਰ ਮਿਥੇ ਹੋਏ ਧਾਰਮਿਕ) ਕਰਮ ਕਰਦਾ ਰਹਿੰਦਾ ਹੈ ਉਹ ਇਹਨਾਂ ਦੇ ਜਾਲ ਵਿਚ ਜਕੜਿਆ ਰਹਿੰਦਾ ਹੈ, ਤੇ ਜੇ ਉਹ ਕਿਸੇ ਵੇਲੇ ਇਹ ਕਰਮ ਨਹੀਂ ਕਰਦਾ, ਤਾਂ ਕਰਮ-ਕਾਂਡੀ ਲੋਕ ਉਸ ਦੀ ਨਿੰਦਾ ਕਰਦੇ ਹਨ। ਸੋ, ਉਸ ਦਾ ਮਨ ਮੋਹ ਵਿਚ ਡੁੱਬਾ ਰਹਿੰਦਾ ਹੈ, ਚਿੰਤਾ ਨਾਲ ਨੱਪਿਆ ਰਹਿੰਦਾ ਹੈ। ਹੇ ਭਾਈ! ਗੁਰੂ ਦੀ ਕਿਰਪਾ ਨਾਲ ਜਿਹੜਾ ਮਨੁੱਖ ਸੁਖ ਅਤੇ ਦੁੱਖ ਨੂੰ ਇਕੋ ਜਿਹਾ ਸਮਝਦਾ ਹੈ, ਉਹ ਹਰੇਕ ਸਰੀਰ ਵਿਚ ਇਕੋ ਪ੍ਰਭੂ ਨੂੰ ਵੇਖਦਾ ਹੈ (ਭਾਵ, ਜਦ ਮਨੁੱਖ ਨੂੰ ਸਾਰਿਆਂ ਜੀਆਂ ਵਿਚ ਉਸ ਇਕ

ਪਰਮਾਤਮਾ ਦੀ ਜੋਤਿ ਵੇਖਣ ਵਾਲੀ ਅੱਖ ਮਿਲ ਜਾਂਦੀ ਹੈ ਤਾਂ ਉਸ ਦੇ ਮਨ ਵਿਚ ਸਦਾ ਹੀ ਖੁੜਾ ਬਣਿਆ ਰਹਿੰਦਾ ਹੈ-

੩੧. ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥ (ਜਪੁ-੮ ਤੋਂ ੧੧)

੩੨- ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥ ਕਹੁ ਨਾਨਕ ਸੁਨਿ ਰੇ ਮਨਾ ਸੋ ਮੂਰਤਿ ਭਗਵਾਨ ॥ ੧੪ ॥ (ਪੰਨਾ-੧੪੨੭)

੬
ਸਿੱਖ ਦੇ ਨਿਆਰੇ ਆਚਰਨ ਦੀ ਘਾੜਤ

ਇਸ ਪੁਸਤਕ ਦੇ ਲਿਖਣ ਦਾ ਉੱਦਮ ਹੀ ਇਸ ਵਿਚਾਰ ਦਾ ਸਿੱਟਾ ਹੈ ਕਿ ਖ਼ਾਲਸਾ ਪੰਥ ਦਾ ਗੁਆਚਾ ਤੇਜ ਪ੍ਰਤਾਪ, ਪਰਤ ਕੇ ਇਸ ਦੇ ਕੋਲ ਕਿਸ ਕਾਰਨ ਨਹੀਂ ਆਉਂਦਾ। ਗੁਰੂ ਨਾਨਕ ਦੇਵ ਜੀ ਖ਼ਾਲਸਾ ਪੰਥ ਦੇ ਜਨਮ ਦਾਤਾ ਹਨ। ਖ਼ਾਲਸਾ ਗ਼ਰੀਬਾਂ ਕਿਰਤੀਆਂ ਵਿਚੋਂ ਹੀ ਪ੍ਰਗਟ ਹੋ ਰਿਹਾ ਸੀ। ਗੁਰੂ ਨਾਨਕ ਦੇਵ ਜੀ ਨੇ ਹੀਣਤਾ ਦੀ ਖੱਡ ਵਿਚੋਂ ਕੱਢ ਕੇ ਇਸ ਨੂੰ ਸ੍ਵੈਮਾਨ ਦੀ ਸਿਖ਼ਰ 'ਤੇ ਲੈ ਜਾਣਾ ਸੀ। ਸਤਿਗੁਰਾਂ ਨੇ ਇਨ੍ਹਾਂ ਨਿਤਾਣੇ ਅਤੇ ਨਿਮਾਣੇ ਹੋ ਚੁੱਕੇ ਮਨੁੱਖ ਨੂੰ ਹੀ ਨਿਤਾਣਿਆਂ ਦਾ ਤਾਣ ਅਤੇ ਬੇਆਸਰਿਆਂ ਦਾ ਆਸਰਾ ਬਣਾਉਣਾ ਸੀ। ਦੁਖੀ ਮਨੁੱਖ ਦੀ ਰਖਿਆ ਕਰਦਿਆਂ ਸਰਬੰਸ ਕੁਰਬਾਨ ਕਰ ਦੇਣ ਵਾਲਾ ਤਿਆਗੀ ਅਤੇ ਸੰਤੋਖੀ ਬਣਾਉਣਾ ਸੀ। ਆਤਮਕ ਉੱਚਤਾ 'ਤੇ ਬਣੇ ਦੈਵੀ ਤਖ਼ਤ 'ਤੇ ਇਸ ਨੂੰ ਬਿਠਾ ਕੇ, ਦੁਨਿਆਵੀ ਤਖ਼ਤਾਂ ਤਾਜਾਂ ਨੂੰ ਇਸ (ਸੰਤ ਸੂਰਮੇ) ਦੇ ਪੈਰਾਂ ਦੀਆਂ ਠੋਕਰਾਂ ਵਿਚ ਰੁਲਦਾ ਦਰਸਾਉਣਾ ਸੀ। ਭਾਵ, ਨਾਨਕ ਨਿਰੰਕਾਰੀ ਜੀ ਨੇ ਦੁਨੀਆਂ ਦੇ ਤ੍ਰਿਸ਼ਨਾਲੂ ਰਾਜਸੀ ਮਨੁੱਖ ਨੂੰ ਅਜਿਹੇ ਸੰਤ-ਮਹਾਰਾਜੇ ਦੇ ਦਰਸ਼ਨ ਕਰਾਉਣੇ ਸਨ ਜਿਹੜਾ ਵੱਡੇ ਤੇਜ ਪ੍ਰਤਾਪ ਵਾਲੇ ਤਖ਼ਤ-ਤਾਜ ਦਾ ਮਾਲਕ ਹੁੰਦਾ ਹੋਇਆ ਵੀ ਮਾਇਕ ਪਦਾਰਥਾਂ ਦੇ ਮੋਹ ਤੋਂ ਅਤੇ ਹੁਕੂਮਤ ਦੇ ਨਸ਼ੇ ਦੀ ਬਦਮਸਤੀ ਦੇ-ਪ੍ਰਭਾਵ ਤੋਂ ਨਿਰਲੇਪ ਰਹਿੰਦਾ ਹੋਵੇ । ਜਿਸ ਦਾ ਮਨ ਸ਼ਾਹੀ ਪ੍ਰਭੁਤਾ ਤੋਂ ਏਸੇ ਤਰ੍ਹਾਂ ਅਭਿੱਜ ਰਹਿੰਦਾ ਹੋਵੇ ਜਿਵੇਂ ਨਦੀ ਵਿਚ ਤਰਦੀ ਫਿਰਦੀ ਮੁਰ਼ਗਾਬੀ ਪਾਣੀ ਵਿਚ ਭਿਜਣ ਤੋਂ ਨਿਰਲੇਪ ਰਹਿੰਦੀ ਹੈ (**ਮੁਰਗਾਈ ਨੈ ਸਾਣੈ**)। ਸਤਿਗੁਰ ਦਾ ਬਣਾਇਆ ਸਿੰਘ-ਸੁਲਤਾਨ ਸੱਚ ਦਾ ਪੁਜਾਰੀ, ਨਿਆਸਰਿਆਂ ਦਾ ਆਸਰਾ, ਮਨੁੱਖਤਾ ਦਾ ਸੱਚਾ ਹਮਦਰਦ ਅਤੇ ਪੂਰਨ ਤੌਰ 'ਤੇ ਨਿਆਂ ਕਾਰੀ ਰਾਜਾ-ਜੋਗੀ ਅਥਵਾ ਪਿਆਰ ਲੱਦੇ ਮਿੱਠੇ ਬਚਨਾਂ ਵਾਲਾ, ਪਰਜਾ-ਪਾਲਕ-ਪਿਤਾ ਹੋਣਾ ਸੀ। ਸੋ ਗੁਰੂ ਨਾਨਕ ਜੀ ਨੇ ਨਿਆਰੇ ਆਚਰਨ ਵਾਲੇ, ਮਿਠ ਬੋਲੜੇ ਅਤੇ ਸਰਬੱਤ ਦੇ ਭਲੇ ਦੀ ਸੋਚ ਸੋਚਣ ਵਾਲੇ ਅਨੋਖੇ ਸੰਤ-ਸੂਰਮੇ ਦਾ ਨਿਰਮਾਣ ਕਰਨ ਲਈ ਉਸ ਸਮੇਂ ਦੇ ਨਿਮਾਣੇ ਅਤੇ ਨਿਤਾਣੇ ਮਨੁੱਖ ਦੇ ਢਿੱਲੇ ਹੋ ਚੁੱਕੇ ਆਚਰਨ ਦੀ ਘਾੜਤ ਘੜਨੀ ਆਰੰਭ ਕਰ ਦਿੱਤੀ ਸੀ।

ਆਪਣੇ ਸਿਖ ਦੇ ਅੰਦਰ ਸੱਚੇ ਤਖ਼ਤ ਦਾ ਅਨੁਭਵ ਬਣਾਉਣਾ ਜ਼ਰੂਰੀ ਜਾਤਾ। ਸਤਿਗੁਰੂ ਨਾਨਕ ਜੀ ਫ਼ੁਰਮਾਨ ਕਰਦੇ ਹਨ-

ਤਖਤਿ ਬਹੈ ਤਖਤੈ ਕੀ ਲਾਇਕ ॥ ਪੰਚ ਸਮਾਏ ਗੁਰਮਤਿ ਪਾਇਕ ॥

(ਪੰਨਾ-੧੦੩੮)

ਸਤਿਗੁਰ ਨੇ ਆਪਣੇ ਪਹਿਲੇ ਸਰੂਪ ਸਮੇਂ ਹੀ ਸੱਭ ਤੋਂ ਉਚੇ ਤਖਤ 'ਤੇ ਬੈਠਣ ਜੋਗ ਬਣਨ ਲਈ ਸਾਨੂੰ ਸਿਖਿਆ ਦੇਣੀ ਆਰੰਭ ਕਰ ਦਿੱਤੀ ਸੀ, ਕਿ ਆਪਾ ਭਾਵ ਗੁਆ ਕੇ ਗੁਰੂ ਦੀ ਮੱਤ ਅਨੁਸਾਰ ਤੁਰਦਿਆਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ, ਪੰਜ ਵਿਕਾਰਾਂ 'ਤੇ ਫ਼ਤਹਿ ਪਾ ਕੇ ਉਚੇ ਆਚਰਨ ਦਾ ਮਾਲਕ ਬਣਨਾ ਹੋਵੇਗਾ । ਪਹਿਲੇ ਸਰੂਪ ਸਮੇਂ ਦੇ ਕੀਤੇ ਹੋਰ ਫ਼ੁਰਮਾਨ:--

੩੩ **ਜਿਨ ਕਉ ਤਖਤਿ ਮਿਲੈ ਵਡਿਆਈ ਗੁਰਮੁਖਿ ਸੇ ਪਰਧਾਨ ਕੀਏ ॥ ਪਾਰਸੁ ਭੇਟਿ ਭਏ ਸੇ ਪਾਰਸ ਨਾਨਕ ਹਰਿ ਗੁਰ ਸੰਗਿ ਥੀਏ ॥ ੪ ॥** (ਪੰਨਾ-੧੧੭੨)

ਅਰਥ:--ਗੁਰੂ ਦੀ ਸ਼ਰਨ ਪੈ ਕੇ ਜਿਨ੍ਹਾਂ ਬੰਦਿਆਂ ਨੂੰ ਹਿਰਦੇ-ਤਖ਼ਤ ਉਤੇ ਬੈਠ ਰਹਿਣ ਦੀ (ਭਾਵ, ਮਾਇਆ ਦੇ ਪਿੱਛੇ ਭਟਕਣ ਤੋਂ ਬਚੇ ਰਹਿਣ ਦੀ) ਇੱਜ਼ਤ ਮਿਲਦੀ ਹੈ, ਉਨ੍ਹਾਂ ਨੂੰ ਪਰਮਾਤਮਾ ਜਗਤ ਵਿਚ ਉੱਘਾ ਕਰ ਦਿੰਦਾ ਹੈ। ਗੁਰਦੇਵ ਜੀ ਫ਼ੁਰਮਾਨ ਕਰਦੇ ਹਨ ਕਿ ਗੁਰੂ-ਪਾਰਸ ਨੂੰ ਮਿਲ ਕੇ ਉਹ ਆਪ ਵੀ ਪਾਰਸ ਹੋ ਜਾਂਦੇ ਹਨ (ਉਨ੍ਹਾਂ ਦੇ ਅੰਦਰ ਵੀ ਇਹ ਸਮਰੱਥਾ ਆ ਜਾਂਦੀ ਹੈ ਕਿ ਮਾਇਆ-ਗ੍ਰਸੇ ਮਨਾਂ ਨੂੰ ਸਿਮਰਨ ਵਿਚ ਜੋੜ ਸਕਣ), ਉਹ ਬੰਦੇ ਸਦਾ ਪ੍ਰਭੂ ਤੇ ਗੁਰੂ ਦੇ ਸਾਥੀ ਬਣ ਜਾਂਦੇ ਹਨ (ਉਨ੍ਹਾਂ ਦੀ ਸੁਰਤਿ ਸਦਾ ਗੁਰੂ-ਪ੍ਰਭੂ ਦੇ ਚਰਨਾਂ ਵਿਚ ਟਿਕੀ ਰਹਿੰਦੀ ਹੈ। ੪।

੩੪ **ਤਿਨ ਕਉ ਤਖਤਿ ਮਿਲੀ ਵਡਿਆਈ ॥ ਨਿਰਭਉ ਮਨਿ ਵਸਿਆ ਲਿਵ ਲਾਈ ॥ ਖੰਡੀ ਬ੍ਰਹਮੰਡੀ ਪਾਤਾਲੀ ਪਾਤਾਲੀ ਪੁਰਈ ਤ੍ਰਿਭਵਣ ਤਾੜੀ ਲਾਈ ਹੇ ॥ ੧੦ ॥ ਸਾਚੀ ਨਗਰੀ ਤਖਤੁ ਸਚਾਵਾ ॥ ਗੁਰਮੁਖਿ ਸਾਚੁ ਮਿਲੈ ਸੁਖੁ ਪਾਵਾ ॥ ਸਾਚੇ ਸਾਚੈ ਤਖਤਿ ਵਡਾਈ ਹਉਮੈ ਗਣਤ ਗਵਾਈ ਹੇ ॥ ੧੧ ॥** (ਪੰਨਾ-੧੦੨੩)

ਅਰਥ:--ਜਿਹੜਾ ਪਰਮਾਤਮਾ ਸਾਰੇ ਖੰਡਾਂ, ਬ੍ਰਹਮੰਡਾਂ ਪਾਤਾਲਾਂ ਮੰਡਲਾਂ ਵਿਚ, ਤਿੰਨਾਂ ਹੀ ਭਵਨਾਂ ਵਿਚ ਗੁਪਤ ਰੂਪ ਵਿਚ ਵਿਆਪਕ ਹੈ ਉਹ ਨਿਰਭਉ ਪ੍ਰਭੂ ਜਿੰਨ੍ਹਾਂ ਮਨੁਖਾਂ ਦੇ ਮਨ ਵਿਚ ਵੱਸ ਪੈਂਦਾ ਹੈ, ਜਿਹੜੇ ਮਨੁੱਖ ਉਸ ਪ੍ਰਭੂ ਦੀ ਯਾਦ ਵਿਚ ਜੁੜਦੇ ਹਨ, (ਉਹ, ਮਾਨੋ, ਆਤਮਕ ਮੰਡਲ ਵਿਚ ਬਾਦਸ਼ਾਹ ਬਣ ਜਾਂਦੇ ਹਨ) ਉਨ੍ਹਾਂ ਨੂੰ (ਹਿਰਦੇ) ਤਖ਼ਤ ਉਤੇ ਬੈਠਣ ਦੀ ਵਡਿਆਈ ਮਿਲਦੀ ਹੈ (ਭਾਵ, ਉਸ ਦਾ ਮਨ ਪੂਰਨ ਰੂਪ ਵਿਚ ਤਿਆਗੀ ਅਤੇ ਸੰਤੋਖੀ

ਹੋ ਕੇ ਮਾਇਆ ਅਥਵਾ ਵਿਕਾਰਾਂ ਦੇ ਹਲਿਆਂ ਤੋਂ ਅਭਿੱਜ ਹੋ ਜਾਂਦਾ ਹੈ)। ੧੦। ਜਿਸ ਮਨੁੱਖ ਨੂੰ ਗੁਰੂ ਦੇ ਸਨਮੁਖ ਹੋ ਕੇ ਸਦੀਵੀ ਅਟੱਲ ਰਹਿਣ ਵਾਲਾ ਸੱਚਾ ਪ੍ਰਭੂ ਮਿਲ ਪੈਂਦਾ ਹੈ ਉਸ ਨੂੰ ਆਤਮਕ ਅਨੰਦ ਪ੍ਰਾਪਤ ਹੋ ਜਾਂਦਾ ਹੈ, ਉਸ ਦਾ ਇਹ ਸਰੀਰ ਉਸ ਦਾ ਇਹ ਹਿਰਦਾ-ਤਖ਼ਤ ਸਦਾ-ਥਿਰ ਪ੍ਰਭੂ ਦਾ ਨਿਵਾਸ ਬਣ ਜਾਂਦਾ ਹੈ। ਉਸ ਮਨੁੱਖ ਨੂੰ ਸੱਚੇ (ਸਦਾ-ਥਿਰ) ਪ੍ਰਭੂ ਦੇ ਸਦਾ-ਥਿਰ ਤਖ਼ਤ ਉਤੇ ਬੈਠਣ ਦੀ ਵਡਿਆਈ ਮਿਲਦੀ ਹੈ। ਉਹ ਮਨੁੱਖ ਹਉਮੈ ਤੇ ਮਾਇਆ ਦੀਆਂ ਸੋਚਾਂ ਦੂਰ ਕਰ ਲੈਂਦੇ ਹਨ। ੧ ੧ ।

੩੫ ਮਾਇਆ ਮੁਈ ਨ ਮਨੁ ਮੁਆ ਸੁਰ ਕਹਰੀ ਮੈ ਮਤੁ ॥ ਬੋਹਿਥੁ ਜਲ ਸਿਰਿ ਤਰਿ ਟਿਕੈ ਸਾਚਾ ਵਖਰੁ ਜਿਤੁ ॥ ਮਾਣਕ ਮਨ ਮਹਿ ਮਨੁ ਮਾਰਸੀ ਸਚਿ ਨ ਲਾਗੈ ਕਤੁ ॥ ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ ॥ ੧ ॥ (ਪੰਨਾ-੯੯੨)

ਪਦਅਰਥ:--ਮਾਇਆ--ਮਾਇਆ ਦਾ ਪ੍ਰਭਾਵ। ਸਰੁ--ਹਿਰਦਾ-ਸਰੋਵਰ। ਲਹਰੀ-ਲਹਿਰਾਂ ਨਾਲ (ਭਰਪੂਰ)। ਮੈ ਲਹਰੀ--ਮੈਂ ਮੈਂ ਦੀਆਂ ਲਹਿਰ । ਮਤੁ--ਮਸਤ, ਨਕਾ-ਨਕ ਭਰਿਆ ਹੋਇਆ। ਬੋਹਿਥ--ਜਹਾਜ਼। ਜਲ ਸਿਰਿ--(ਮੈਂ ਮੈਂ ਦੀਆਂ ਲਹਿਰਾਂ ਦੇ) ਪਾਣੀ ਦੇ ਸਿਰ ਉਤੇ। ਸਾਚਾ ਵਖਰੁ--ਸਦਾ ਕਾਇਮ ਰਹਿਣ ਵਾਲਾ ਨਾਮ-ਸੌਦਾ। ਜਿਤੁ--ਜਿਸ ਬੋਹਿਥ ਵਿਚ। ਮਾਰਸੀ--ਵੱਸ ਵਿਚ ਰਖੇਗਾ। ਸਚਿ--ਸਚਿ ਵਿਚ ਜੁੜੇ ਰਹਿਣ ਨਾਲ। ਕਤੁ--ਚੀਰ, ਤ੍ਰੇੜ, (ਮਨ ਵਿਚ) ਚੀਰ। ਰਾਜਾ--ਜੀਵ ਆਤਮਾ। ਤਖ਼ਤ--ਹਿਰਦੇ ਤਖ਼ਤ ਉਤੇ, ਅਡੋਲਤਾ ਤੇ ਤਖ਼ਤ ਉਤੇ। ਗੁਣੀ--ਗੁਣਾਂ ਦੇ ਕਾਰਨ। ਭੈ ਪੰਚਾਇਣ---ਪੰਚਾਇਣ ਦੇ ਡਰ ਵਿਚ [ਪੰਚਾਇਣ=ਪੰਚ-ਅਯਨ ਪੰਜਾਂ ਤੱਤਾਂ ਦਾ ਘਰ, ਪੰਜਾਂ ਤੱਤਾਂ ਦਾ ਸੋਮਾ ਭਾਵ ਪ੍ਰਭੂ] ਰਤੁ--ਰੱਤਾ ਹੋਇਆ।

ਅਰਥ:--(ਜਿਹੜਾ ਮਨੁੱਖ ਮਾਲਕ-ਪ੍ਰਭੂ ਨੂੰ ਆਪਣੇ ਅੰਦਰ ਵੱਸਦਾ ਨਹੀਂ ਵੇਖਦਾ, ਪ੍ਰਭੂ ਨੂੰ ਆਪਣੇ ਹਿਰਦੇ ਵਿਚ ਨਹੀਂ ਵਸਾਉਂਦਾ) ਉਸ ਦੀ ਮਾਇਆ ਦੀ ਤ੍ਰਿਸ਼ਨਾ ਨਹੀਂ ਮੁੱਕਦੀ, ਉਸ ਦਾ ਮਨ ਵਿਕਾਰਾਂ ਵਲੋਂ ਨਹੀਂ ਹਟਦਾ, ਉਸ ਦਾ ਹਿਰਦਾ-ਸਰੋਵਰ ਮੈਂ ਮੈਂ ਦੀਆਂ ਲਹਿਰਾਂ ਨਾਲ ਭਰਪੂਰ ਰਹਿੰਦਾ ਹੈ। ਉਹੀ ਜੀਵਨ-ਬੇੜਾ (ਸੰਸਾਰ ਸਮੁੰਦਰ ਦੀਆਂ ਵਿਕਾਰ-ਲਹਿਰਾਂ ਦੇ) ਪਾਣੀਆਂ ਉਤੇ ਤਰ ਕੇ (ਪ੍ਰਭੂ-ਚਰਨਾਂ ਵਿਚ) ਟਿਕਿਆ ਰਹਿੰਦਾ ਹੈ ਜਿਸ ਵਿਚ ਸਦਾ ਥਿਰ ਰਹਿਣ ਵਾਲਾ, ਨਾਮ-ਸੌਦਾ ਹੈ। ਜਿਸ ਮਨ ਵਿਚ ਨਾਮ-ਮੋਤੀ ਵੱਸਦਾ ਹੈ, ਉਸ ਮਨ ਨੂੰ ਉਹ ਮੋਤੀ ਵਿਕਾਰਾਂ ਵਲੋਂ ਬਚਾ ਲੈਂਦਾ ਹੈ। ਸੱਚੇ ਨਾਮ ਵਿਚ ਜੁੜੇ ਰਹਿਣ ਕਾਰਨ ਉਸ ਮਨ ਵਿਚ ਤ੍ਰੇੜ ਨਹੀਂ ਆਉਂਦੀ (ਉਹ ਮਨ ਮਾਇਆ ਵਿਚ ਡੋਲਦਾ ਨਹੀਂ), ਪ੍ਰਭੂ ਦੇ ਡਰ-ਅਦਬ ਵਿਚ ਰੱਤਾ ਹੋਇਆ ਜੀਵਆਤਮਾ ਪ੍ਰਭੂ ਦੇ ਗੁਣਾਂ ਵਿਚ ਪਰਵਿਰਤ ਰਹਿਣ ਕਰਕੇ ਅੰਦਰ ਹੀ ਹਿਰਦੇ-ਤਖ਼ਤ ਉਤੇ ਟਿਕਿਆ ਰਹਿੰਦਾ ਹੈ (ਬਾਹਰ ਨਹੀਂ ਭਟਕਦਾ)।

੩੬ ਘਰੁ ਦਰੁ ਮੰਦਰੁ ਜਾਣੈ ਸੋਈ॥ ਜਿਸੁ ਪੂਰੇ ਗੁਰ ਸੋਝੀ ਹੋਈ॥ ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ ਸਚੁ ਤਖਤੁ ਰਚਾਇਆ॥ ੧੨ ॥- - - ਤਖਤਿ ਬਹੈ ਤਖਤੈ ਕੀ ਲਾਇਕ॥ ਪੰਚ ਸਮਾਏ ਗੁਰਮਤਿ ਪਾਇਕ ॥ ਆਦਿ ਜੁਗਾਦੀ ਹੈ ਭੀ ਹੋਸੀ ਸਹਸਾ ਭਰਮੁ ਚੁਕਾਇਆ॥ ੧੪॥ (ਪੰਨਾ-੧੦੩੯)

ਅਰਥ:--ਉਹੀ ਬੰਦਾ ਪਰਮਾਤਮਾ ਦਾ ਘਰ ਪਰਮਾਤਮਾ ਦਾ ਦਰ ਅਤੇ ਉਸ ਦਾ ਮਹਿਲ ਪਛਾਣ ਲੈਂਦਾ ਹੈ ਜਿਸ ਨੂੰ ਪੂਰੇ ਗੁਰੂ ਤੋਂ ਉੱਚੀ ਸਮਝ ਮਿਲਦੀ ਹੈ। ਉਸ ਨੂੰ ਸਮਝ ਆ ਜਾਂਦੀ ਹੈ ਕਿ ਇਹ ਸਰੀਰ ਪਰਮਾਤਮਾ ਦੇ ਕਿਲ੍ਹੇ ਹਨ, ਮਹਿਲ ਹਨ। ਉਹ ਮਹਿਲਾਂ ਦਾ ਮਾਲਕ ਪ੍ਰਭੂ ਸਦਾ ਹੀ ਥਿਰ ਰਹਿਣ ਵਾਲਾ, ਹੈ, (ਮਨੁੱਖਾ ਸਰੀਰ) ਉਸ ਦੇ ਆਪਣੇ ਬੈਠਣ ਲਈ ਤਖ਼ਤ ਬਣਿਆ ਹੋਇਆ ਹੈ। ੧੨ । ਜਿਹੜਾ ਮਨੁੱਖ ਗੁਰੂ ਦੀ ਮਤ 'ਤੇ ਤੁਰਦਾ ਹੈ ਉਸ ਦੇ ਪੰਜੇ ਗਿਆਨ ਇੰਦ੍ਰੇ ਉਸ ਦੇ ਸੇਵਕ ਬਣ ਕੇ ਉਸ ਦੇ ਵੱਸ ਵਿਚ ਰਹਿੰਦੇ ਹਨ, ਉਹ ਹਿਰਦੇ-ਤਖ਼ਤ ਉਤੇ ਬੈਠਣ-ਜੋਗਾ ਹੋ ਜਾਂਦਾ ਹੈ ਤੇ ਹਿਰਦੇ-ਤਖ਼ਤ ਉਤੇ ਬੈਠਾ ਰਹਿੰਦਾ ਹੈ (ਭਾਵ, ਨਾ ਉਸ ਦੇ ਗਿਆਨ-ਇੰਦ੍ਰੇ ਮਾਇਆ ਵਲ ਡੋਲਦੇ ਹਨ ਅਤੇ ਨਾ ਹੀ ਉਸ ਦਾ ਮਨ ਵਿਕਾਰਾਂ ਵਲ ਜਾਂਦਾ ਹੈ)। ਜਿਹੜਾ ਪ੍ਰਭੂ ਸ੍ਰਿਸ਼ਟੀ ਦੇ ਮੁਢ ਤੋਂ ਪਹਿਲਾਂ ਦਾ ਹੈ ਜੁਗਾਂ ਦੇ ਆਦਿ ਤੋਂ ਹੈ, ਹੁਣ ਵੀ ਮੌਜੂਦ ਹੈ ਤੇ ਸਦਾ ਲਈ ਕਾਇਮ ਰਹੇਗਾ ਉਹ ਪ੍ਰਭੂ ਗੁਰੂ ਦੀ ਮਤ 'ਤੇ ਤੁਰਨ ਵਾਲੇ ਮਨੁੱਖ ਦੇ ਅੰਦਰ ਪਰਗਟ ਹੋ ਕੇ ਉਸ ਦਾ ਸਹਿਮ ਤੇ ਉਸ ਦੀ ਭਟਕਣਾ ਦੂਰ ਕਰ ਦਿੰਦਾ ਹੈ।੧੪।

ਗੁਰੂ ਨਾਨਕ ਜੀ ਦੀ ਸਿੱਖੀ ਵਿਚ ਸ਼ਾਮਲ ਹੋਣ ਵਾਲਿਆਂ ਨੂੰ ਪ੍ਰਭੂ ਦੀਆਂ ਵਡਿਆਈਆਂ ਦਾ ਗਿਆਨ ਹੋ ਰਿਹਾ ਸੀ। ਆਪਣੀ ਮਤ ਦਾ ਮਾਣ ਤਿਆਗ ਕੇ ਜਿਸ ਨੇ ਵੀ ਗੁਰਦੇਵ ਜੀ ਦੀ ਸਿਖਿਆ ਅਨੁਸਾਰ ਜੀਵਨ ਢਾਲਣਾ ਆਰੰਭਿਆ ਉਸ ਦਾ ਮਨ ਵਿਕਾਰਾਂ ਮਗਰ ਦੌੜਨੋਂ ਹਟ ਗਿਆ, ਉਸ ਦੇ ਅੰਦਰੋਂ ਮਾਇਆ ਦੀ ਤ੍ਰਿਸ਼ਨਾ ਦੀ ਅੱਗ ਬੁਝ ਗਈ। ਜਿਸ ਸਿੱਖ ਨੇ ਗੁਰੂ ਦੀ ਸਿਖਿਆ ਸੁਣ ਲਈ ਉਸ ਦੀ ਮਤ ਰਤਨਾਂ ਜਵਾਹਰਾਂ ਨਾਲੋਂ ਵੀ ਵੱਧ ਕੀਮਤੀ ਵਿਚਾਰਾਂ ਨਾਲ ਭਰ ਗਈ--

ਮਤਿ ਵਿਚਿ ਰਤਨ ਜਵਾਹਰ ਮਾਣਿਕ, ਜੇ ਇਕ ਗੁਰ ਕੀ ਸਿਖ ਸੁਣੀ॥ (ਪੰਨਾ-੧)

ਗੁਰੂ ਦੇ ਸਿੱਖ ਗ੍ਰਿਹਸਤ-ਉਦਾਸ ਹੁੰਦੇ ਗਏ ਅਤੇ ਉਨ੍ਹਾਂ ਦਾ ਮਨ ਪੂਰਨ ਤੌਰ ਤੇ ਸੰਤੋਖੀ ਹੋ ਕੇ ਹਿਰਦੇ ਘਰ ਦੇ ਰੱਬੀ ਤਖ਼ਤ ਤੇ ਬਿਰਾਜਮਾਨ ਹੋ ਗਿਆ। ਸਤਿਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਅਜਿਹੇ ਨਾਮ ਜਲ ਨਾਲ ਜੋੜ ਦਿੱਤਾ ਜਿਸ ਦੀ ਬਰਕਤ ਨਾਲ ਸੰਸਾਰਕ ਡਰ ਤੋਂ ਮੁਕਤ ਹੋ ਕੇ ਪ੍ਰਭੂ ਦੇ ਡਰ-ਅਦਬ ਵਿਚ ਰਹਿਣਾ ਗਿਝ ਗਿਆ ਅਤੇ ਉੱਚੇ ਆਤਮਕ ਜੀਵਨ ਦੇ ਰੱਬੀ ਤਖ਼ਤ ਦਾ ਨਿਵਾਸੀ ਬਣ ਗਿਆ।

੩੧ ਤੇਰਸਿ ਤਰਵਰ ਸਮੁਦ ਕਨਾਰੈ ॥ ਅੰਮ੍ਰਿਤੁ ਮੂਲੁ ਸਿਖਰਿ ਲਿਵ ਤਾਰੈ ॥ ਡਰ ਡਰਿ ਮਰੈ ਨ ਬੂਡੈ ਕੋਇ ॥ ਨਿਡਰੁ ਬੂਡਿ ਮਰੈ ਪਤਿ ਖੋਇ ॥ ਡਰ ਮਹਿ ਘਰੁ ਘਰ ਮਹਿ ਡਰੁ ਜਾਣੈ ॥ ਤਖਤਿਤ ਨਿਵਾਸੁ ਸਚੁ ਮਨਿ ਭਾਣੈ ॥ ੧੭ ॥
(ਪੰਨਾ-੯੪੦)

ਪਦਅਰਥ:--ਤੇਰਸਿ--ਤੇਰਵੀਂ ਥਿਤਿ। ਕਨਾਰੈ--ਕੰਢੇ 'ਤੇ। ਤਰਵਰ--ਰੁੱਖ। ਅੰਮ੍ਰਿਤੁ--ਆਤਮਕ ਜੀਵਨ ਦੇਣ ਵਾਲਾ ਨਾਮ-ਜਲ। ਮੂਲ--ਮੁੱਢ, ਜੜ੍ਹ। ਲਿਵ ਤਾਰੈ--ਲਿਵ ਦੀ ਤਾਰ ਵਿਚ। ਡਰ--(ਸੰਸਾਰਕ) ਡਰ ਨਾਲ। ਨ ਬੂਡੇ--ਨਹੀਂ ਡੁੱਬਦਾ। ਨਿਡਰੁ--(ਪਰਮਾਤਮਾ ਦਾ) ਡਰ-ਅਦਬ ਨਾ ਰੱਖਣ ਵਾਲਾ। ਬੂਡਿ--(ਵਿਕਾਰ ਵਿਚ) ਡੁੱਬ ਕੇ। ਮਰੈ--ਆਤਮਕ ਮੌਤ ਸਹੇੜਦਾ ਹੈ। ਘਰੁ--ਟਿਕਾਣਾ। ਘਰ ਮਹਿ--ਹਿਰਦੇ-ਘਰ ਵਿਚ। ਸਚੁ--ਸਦਾ ਥਿਰ ਰਹਿਣ ਵਾਲਾ ਪ੍ਰਭੂ। ਮਨਿ--ਮਨ ਵਿਚ। ਭਾਣੈ--ਪਿਆਰਾ ਲੱਗਦਾ ਹੈ। ੧੭।

ਅਰਥ:--ਜਿਵੇਂ ਸਮੁੰਦਰ ਦੇ ਕੰਢੇ 'ਤੇ ਉੱਗੇ ਹੋਏ ਰੁੱਖ ਦੀ (ਪਾਂਇਆਂ ਹੈ ਤਿਵੇਂ ਇਹ ਸਰੀਰ ਹੈ। ਪਰ ਜਿਹੜਾ ਮਨੁੱਖ) ਆਤਮਕ ਜੀਵਨ ਦੇਣ ਵਾਲੇ ਨਾਮ-ਜਲ ਨੂੰ (ਆਪਣੇ ਜੀਵਨ ਦੀ) ਜੜ੍ਹ ਬਣਾ ਲੈਂਦਾ ਹੈ, ਉੱਚੀ ਸੁਰਤਿ ਦੀ ਡੋਰ ਦੀ ਬਰਕਤ ਨਾਲ ਉਹ ਸਿਖ਼ਰ 'ਤੇ (ਪ੍ਰਭੂ-ਚਰਨਾਂ ਵਿਚ ਜਾ ਪਹੁੰਚਦਾ ਹੈ)। (ਜਿਹੜਾ ਵੀ ਮਨੁੱਖ ਇਹ ਉੱਦਮ ਕਰਦਾ ਹੈ, ਉਹ ਸੰਸਾਰਕ) ਡਰਾਂ ਨਾਲ ਡਰ-ਡਰ ਕੇ ਆਤਮਕ ਮੌਤ ਨਹੀਂ ਸਹੇੜਦਾ, ਉਹ (ਵਿਕਾਰਾਂ ਦੇ ਸਮੁੰਦਰ ਵਿਚ) ਨਹੀਂ ਡੁੱਬਦਾ। (ਪਰ ਪਰਮਾਤਮਾ ਦਾ) ਡਰ-ਅਦਬ ਨਾ ਰੱਖਣ ਵਾਲਾ ਮਨੁੱਖ (ਲੋਕ ਪਰਲੋਕ ਦੀ) ਇੱਜ਼ਤ ਗਵਾ ਕੇ ਆਤਮਕ ਮੌਤ ਸਹੇੜ ਲੈਂਦਾ ਹੈ। (ਜਿਹੜਾ ਮਨੁੱਖ ਪਰਮਾਤਮਾ ਦੇ) ਡਰ-ਅਦਬ ਵਿਚ ਆਪਣਾ ਟਿਕਾਣਾ ਬਣਾਈ ਰੱਖਦਾ ਹੈ, ਜਿਹੜਾ ਮਨੁੱਖ ਆਪਣੇ ਹਿਰਦੇ-ਘਰ ਵਿਚ ਪ੍ਰਭੂ ਦਾ ਡਰ-ਅਦਬ ਵਸਾਈ ਰੱਖਣਾ ਜਾਣਦਾ ਹੈ, ਜਿਸ ਮਨੁੱਖ ਨੂੰ ਆਪਣੇ ਮਨ ਵਿਚ ਸੱਚਾ (ਸਦਾ-ਥਿਰ) ਪ੍ਰਭੂ ਪਿਆਰਾ ਲੱਗਣ ਲੱਗ ਪੈਂਦਾ ਹੈ, ਉਸ ਨੂੰ (ਉੱਚੇ ਆਤਮਕ ਜੀਵਨ ਦੇ ਰੱਬੀ) ਤਖ਼ਤ ਉੱਤੇ ਨਿਵਾਸ ਮਿਲਦਾ ਹੈ। ੧੭।

ਸਤਿਗੁਰੂ ਨਾਨਕ ਜੀ ਦੀਆਂ ਨਜ਼ਰਾਂ ਵਿਚ ਨਾਮ ਤੋਂ ਬਿਨਾਂ ਦੁਨੀਆਵੀ ਤਖ਼ਤ ਤਾਜ ਦਾ ਕੋਈ ਮੁੱਲ ਨਹੀਂ ਹੈ। ਗਉੜੀ ਅਸਟਪਦੀਆਂ ਵਿਚ ਗੁਰੂ ਨਾਨਕ ਦੇਵ ਜੀ ਫ਼ੁਰਮਾਨ ਕਰਦੇ ਹਨ:--

੩੮ ਸੁਲਤਾਨ ਖਾਨ ਬਾਦਿਸ਼ਾਹ ਨਹੀ ਰਹਨਾ ॥ ਨਾਮਹੁ ਭੂਲੇ ਜਮ ਕਾ ਦੂਖੁ ਸਹਨਾ ॥ ਮੈ ਧਰ ਨਾਮੁ ਜਿਉ ਰਾਖਹੁ ਰਹਨਾ ॥ ੩ ॥ ਚਉਧਰੀ ਰਾਜੇ ਨਹੀ ਕਿਸੈ ਮੁਕਾਮੁ ॥ ਸਾਹ ਮਰਹਿ ਸੰਚਹਿ ਮਾਇਆ ਦਾਮ ॥ ਮੈ ਧਨੁ ਦੀਜੈ ਹਰਿ ਅੰਮ੍ਰਿਤ ਨਾਮੁ ॥ ੪ ॥
(ਪੰਨਾ-੨੨੭)

ਅਰਥ:--ਸੁਲਤਾਨ ਹੋਣ, ਖ਼ਾਨ ਹੋਣ, ਬਾਦਸ਼ਾਹ ਹੋਣ, ਕਿਸੇ ਨੇ ਵੀ ਏਥੇ ਸਦਾ ਨਹੀਂ ਰਹਿਣਾ, ਪਰ ਪਰਮਾਤਮਾ ਦੇ ਨਾਮ ਤੋਂ ਜੋ-ਜੋ ਖੁੰਝਦਾ ਹੈ ਉਹ ਜਮ ਦਾ ਦੁੱਖ ਸਹਾਰਦਾ ਹੈ (ਉਹ ਆਤਮਕ ਮੌਤ ਵੀ ਸਹੇੜ ਲੈਂਦਾ ਹੈ, ਇਸ ਕਰਕੇ, ਹੇ ਪ੍ਰਭੂ!) ਮੈਨੂੰ ਤੇਰਾ ਨਾਮ ਹੀ ਸਹਾਰਾ ਹੈ (ਮੈਂ ਇਹੀ ਅਰਦਾਸ ਕਰਦਾ ਹਾਂ) ਜਿਵੇਂ ਹੋ ਸਕੇ ਮੈਨੂੰ ਆਪਣੇ ਨਾਮ ਵਿਚ ਜੋੜੀ ਰੱਖ, ਮੈਂ ਤੇਰੇ ਨਾਮ ਵਿੱਚ ਹੀ ਟਿਕਿਆ ਰਹਾਂ। ੩। ਚੌਧਰੀ ਹੋਣ, ਰਾਜੇ ਹੋਣ, ਕਿਸੇ ਦਾ ਵੀ ਏਥੇ ਪੱਕਾ ਡੇਰਾ ਨਹੀਂ ਹੈ। ਪਰ ਜਿਹੜੇ ਸ਼ਾਹ ਨਿਰੀ ਮਾਇਆ ਹੀ ਜੋੜਦੇ ਹਨ ਨਿਰੇ ਪੈਸੇ ਹੀ ਇਕੱਠੇ ਕਰਦੇ ਹਨ, ਉਹ ਆਤਮਕ ਮੌਤ ਮਰ ਜਾਂਦੇ ਹਨ। ਹੇ ਹਰੀ! ਮੈਨੂੰ ਆਤਮਕ ਜੀਵਨ ਵਾਲਾ ਆਪਣਾ ਨਾਮ-ਧਨ ਬਖ਼ਸ਼।੪।

ਪਰ ਸੰਸਾਰ ਦੀ ਕਾਰ ਵਿਹਾਰ ਰਾਜਸੀ ਸੱਤਾ ਬਿਨਾਂ ਨਹੀਂ ਚੱਲ ਸਕਦੀ। ਦੁਨਿਆਵੀ ਰਾਜ ਭਾਗ ਦੀ ਵਾਗ-ਡੋਰ ਸਾਂਭਣ ਵਾਲੇ ਤਖ਼ਤ 'ਤੇ ਜੇ ਗੁਰੂ ਕੇ ਸਿੱਖ ਨੇ ਬੈਠਣਾ ਹੈ ਤਾਂ ਉਸ ਨੇ ਪਹਿਲਾਂ ਗੁਰੂ ਦੀ ਰਾਹੀਂ ਸੱਚ ਦੀ ਪਛਾਣ ਕਰਨੀ ਸਿੱਖਣੀ ਹੈ। ਮਾਇਆ ਦੇ ਮੋਹ ਵਿਚ ਫ਼ਸੇ ਹੋਏ ਰਾਜਸੀ ਸੱਤਾ ਵਾਲੇ ਰਾਜੇ ਨੂੰ ਸਤਿਗੁਰੂ ਜੀ ਰਾਜਾ ਨਹੀਂ ਮੰਨਦੇ। ਤੀਜੇ ਸਰੂਪ ਸਮੇਂ ਦਾ ਉਪਦੇਸ਼ ਇਉਂ ਹੈ:---

੩੯ ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥ ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ॥ ਏਹਿ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ॥ ਕੀਤਾ ਕਿਆ ਸਾਲਾਹੀਐ ਜਿਸੁ ਜਾਦੇ ਬਿਲਮ ਨ ਹੋਈ॥ ਨਿਹਚਲੁ ਸਚਾ ਏਕੁ ਹੈ ਗੁਰਮੁਖਿ ਬੂਝੈ ਸੁ ਨਿਹਚਲੁ ਹੋਈ॥ ੬ ॥ (ਪੰਨਾ-੧੦੮੮)

ਅਰਥ:--ਸਤਿਗੁਰ ਦਾ ਫ਼ੁਰਮਾਨ ਹੈ ਕਿ, ਜਿਹੜਾ ਮਨੁੱਖ ਤਖ਼ਤ ਦੇ ਜੋਗ ਹੁੰਦਾ ਹੈ ਉਹੀ ਰਾਜਾ ਬਣ ਕੇ ਤਖ਼ਤ 'ਤੇ ਬੈਠਦਾ ਹੈ। ਪਰ ਅਸਲ ਰਾਜੇ ਉਹ ਹਨ ਜਿਨ੍ਹਾਂ ਨੇ ਪਰਮਾਤਮਾ ਨਾਲ ਡੂੰਘੀ ਸਾਂਝ ਪਾ ਲਈ। ਧਰਤੀ ਦੇ ਮਾਲਕ ਬਣੇ ਹੋਏ ਰਾਜੇ ਨਹੀਂ ਕਹੇ ਜਾ ਸਕਦੇ, ਇਨ੍ਹਾਂ ਨੂੰ ਇਕ ਤਾਂ ਮਾਇਆ ਦੇ ਮੋਹ ਕਰਕੇ ਸਦਾ ਦੁੱਖ ਵਾਪਰਦਾ ਹੈ, ਦੂਜੇ ਉਸ ਨੂੰ ਕੀਹ ਵਡਿਆਉਣਾ ਹੋਇਆ ਜੋ ਪੈਦਾ ਕੀਤਾ ਹੋਇਆ ਹੈ, ਜਿਸ ਦੇ ਨਾਸ ਹੁੰਦਿਆਂ ਚਿਰ ਨਹੀਂ ਲੱਗਦਾ। ਅਟੱਲ ਰਾਜ ਵਾਲਾ ਇੱਕ ਪ੍ਰਭੂ ਹੀ ਹੈ। ਜੋ ਗੁਰੂ ਦੇ ਸਨਮੁਖ ਹੋ ਕੇ ਇਹ ਗੱਲ ਸਮਝ ਲੈਂਦਾ ਹੈ, ਉਹ ਭੀ (ਤ੍ਰਿਸ਼ਨਾ ਭੁੱਖ ਵਲੋਂ) ਅਡੋਲ ਹੋ ਜਾਂਦਾ ਹੈ। ੬ ।

ਪ੍ਰਭੂ ਦੇ ਹੁਕਮ ਵਿਚ ਵਿਚਰਦੇ ਰਹਿਣ ਵਿਚ ਸੁਖੀ ਅਤੇ ਸੰਤੁਸ਼ਟ ਰਹਿਣ ਦਾ ਉਪਦੇਸ਼:--

੪੦ ਜੇ ਤਖਤਿ ਬੈਸਾਲਹਿ ਤਉ ਦਾਸ ਤੁਮਾਰੇ ਘਾਸੁ ਬਢਾਵਹਿ ਕੇਤਕ ਬੋਲਾ॥ ਜਨ ਨਾਨਕ ਕੇ ਪ੍ਰਭ ਪੁਰਖ ਬਿਧਾਤੇ ਮੇਰੇ ਠਾਕੁਰ ਅਗਹ ਅਤੋਲਾ॥ ੨॥ (ਪੰਨਾ-੧੨੧੧)

ਅਰਥ:--ਹੇ ਦਾਸ ਨਾਨਕ ਦੇ ਪ੍ਰਭੂ! ਹੇ ਅਕਾਲ ਪੁਰਖ! ਹੇ ਰਚਨਹਾਰ! ਹੇ ਮੇਰੇ ਅਥਾਹ ਤੇ ਅਤੋਲ ਠਾਕੁਰ! ਹੇ ਪ੍ਰਭੂ! ਜੇ ਤੂੰ ਮੈਨੂੰ ਤਖ਼ਤ ਉੱਤੇ ਬਿਠਾ ਦੇਵੇਂ, ਤਾਂ ਵੀ ਮੈਂ ਤੇਰਾ ਦਾਸ ਹਾਂ, ਜੇ ਤੂੰ (ਮੈਨੂੰ ਘਾਹੀ ਬਣਾ ਕੇ ਮੈਥੋਂ) ਘਾਹ ਵਢਵਾਏਂ ਤਾਂ ਵੀ ਮੈਨੂੰ ਕੋਈ ਇਤਰਾਜ਼ ਨਹੀਂ ਹੈ।੨।

ਇਸ ਤਰ੍ਹਾਂ ਸਤਿਗੁਰਾਂ ਨੇ ਸਿੱਖ ਨੂੰ ਪ੍ਰਭੂ ਦੇ ਹੁਕਮ ਵਿਚ ਸਦਾ ਸੰਤੁਸ਼ਟ ਰਹਿਣਾ ਸਿਖਾਇਆ ਅਤੇ ਜਿਸ ਹਿਰਦੇ-ਤਖ਼ਤ ਤੇ ਪਰਮਾਤਮਾ ਆਪ ਬਿਰਾਜਮਾਨ ਹੈ-

ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ॥ (ਪੰਨਾ-੧੦੯੨)

ਉਸੇ ਰੱਬੀ ਤਖ਼ਤ ਦਾ ਭਾਈਵਾਲ ਬਣ ਸਕਣ ਦਾ ਗਿਆਨ ਦ੍ਰਿੜ ਕਰਾਇਆ। ਬਿੱਪ੍ਰਨ ਕੀ ਰੀਤ ਦੇ ਘਾਤਕ ਔਗੁਣਾਂ ਤੋਂ ਜਾਣੂੰ ਕਰਾ ਕੇ ਉਸ ਦਾ ਤਿਆਗ ਕਰਾਇਆ ਅਤੇ ਸੁਚ-ਆਚਾਰ ਦਾ ਮਾਲਕ ਬਣਾ ਕੇ ਆਪਣੇ ਨਿਆਰੇ ਸਿਧਾਂਤ ਅਨੁਸਾਰ ਵਿਚਰਨ ਦੀ ਜਾਚ ਦ੍ਰਿੜ ਕਰਾਈ। ਫਿਰ ਗੁਰੂ ਦਾ ਸਿੱਖ ਪ੍ਰਭੂ ਦੇ ਦਰ ਤੋਂ ਮਾਇਕ ਪਦਾਰਥ ਮੰਗਣ ਦੀ ਥਾਂ ਕੇਵਲ ਇਹੀ ਮੰਗ ਮੰਗਦਾ ਸੀ--ਰਾਗ ਕਲਿਆਨ ਮਹਲਾ ੪ ਅਸਟਪਦੀਆਂ :-

੪੧ ਮੰਗਤ ਜਨ ਦੀਨ ਖਰੇ ਦਰਿ ਠਾਢੇ ਅਤਿ ਤਰਸਨ ਕਉ ਦਾਨੁ ਦੀਜੈ॥
ਤ੍ਰਾਹਿ ਤ੍ਰਾਹਿ ਸਰਨਿ ਪ੍ਰਭ ਆਏ, ਮੋ ਕਉ ਗੁਰਮਤਿ ਨਾਮੁ ਦ੍ਰਿੜੀਜੈ॥੧॥
(ਪੰਨਾ-੧੩੨੫)

ਹੇ ਪ੍ਰਭੂ! ਅਸੀਂ ਨਿਮਾਣੇ ਮੰਗਤੇ ਤੇਰੇ ਦਰ 'ਤੇ ਖਲੋਤੇ ਹੋਏ ਹਾਂ, ਬੜੇ ਤਰਸ ਰਹੇ ਹਾਂ ਸਾਨੂੰ ਇਹ ਖ਼ੈਰ ਪਾਉ। ਹੇ ਪ੍ਰਭੂ! ਸਾਨੂੰ (ਇਨ੍ਹਾਂ ਵਿਕਾਰਾਂ ਦੇ ਹੱਲਿਆਂ) ਤੋਂ ਬਚਾ ਲੈ, ਬਚਾ ਲੈ, ਅਸੀਂ ਤੇਰੀ ਸ਼ਰਨ ਆਏ ਹਾਂ। ਹੇ ਪ੍ਰਭੂ! ਗੁਰੂ ਦੀ ਰਾਹੀਂ ਆਪਣਾ ਨਾਮ ਸਾਡੇ ਹਿਰਦੇ ਵਿਚ ਪੱਕਾ ਕਰ ਦੇਹ।

ਪੰਚਮ ਪਾਤਿਸ਼ਾਹ ਜੀ ਦੀ ਸ਼ਹੀਦੀ ਸਮੇਂ ਦੇ ਦੁਖਦਾਈ ਦ੍ਰਿਸ਼ ਨੇ ਲੋਕਾਂ ਦੇ ਮਨਾਂ ਨੂੰ ਸਰਕਾਰੀ ਜ਼ੁਲਮ ਤੋਂ ਭੈਭੀਤ ਕਰ ਦਿੱਤਾ ਸੀ। ਛੇਵੇਂ ਗੁਰੂ ਨਾਨਕ ਜੀ ਨੇ ਪੀਰੀ ਦੇ ਨਾਲ ਮੀਰੀ ਦੀ ਕਿਰਪਾਨ ਪਾ ਲਈ ਅਤੇ ਉਸ ਸਮੇਂ ਦੇ ਮੁਗ਼ਲ ਸਮਰਾਟ ਨਾਲੋਂ ਵੀ ਵੱਧ ਪ੍ਰਭਾਵਸ਼ਾਲੀ ਕਲਗ਼ੀ ਅਤੇ ਸ਼ਾਹੀ ਢਿੱਠ ਵਾਲਾ ਪਹਿਰਾਵਾ ਧਾਰਨ ਕਰਕੇ ਸੰਗਤਾਂ ਦੇ ਮਨਾਂ ਵਿਚ ਚੜ੍ਹਦੀ ਕਲਾ ਵਾਲਾ ਜੋਸ਼ ਭਰਿਆ।

੪੨ ਰਾਜੇ ਓਇ ਨ ਆਖੀਅਹਿ ਭਿੜਿ ਮਰਹਿ ਫਿਰਿ ਜੂਨੀ ਪਾਹਿ ॥
ਨਾਨਕ ਵਿਣੁ ਨਾਵੈ ਨਕੀ ਵਢੀ ਫਿਰਹਿ ਸੋਭਾ ਮੂਲਿ ਨ ਪਾਹਿ॥ ੧॥
(ਪੰਨਾ-੫੯੦)

ਅਰਥ:-ਰਾਜੇ ਉਨ੍ਹਾਂ ਨੂੰ ਨਹੀਂ ਆਖਿਆ ਜਾਂਦਾ ਜੋ ਆਪੋ ਵਿਚ ਲੜ ਮਰਦੇ ਹਨ ਤੇ ਫਿਰ ਜੂਨਾਂ ਵਿਚ ਪੈ ਜਾਂਦੇ ਹਨ, ਕਿਉਂਕਿ ਹੇ ਨਾਨਕ! ਨਾਮ ਤੋਂ ਸੱਖਣੇ ਰਾਜੇ ਵੀ ਨੱਕ-ਵੱਢੇ ਫਿਰਦੇ ਹਨ ਤੇ ਕਦੇ ਸੋਭਾ ਨਹੀਂ ਪਾਉਂਦੇ।੧।

ਰਾਜਸੀ ਸੱਤਾ ਵਾਸਤੇ ਆਪਸ ਵਿਚ ਹੀ ਲੜਮਰਨ ਵਾਲੇ ਸਿਆਸੀ ਹਾਕਮਾਂ ਦੀ ਅਤੇ ਉਨ੍ਹਾਂ ਦੀ ਇਸ ਸ਼ਾਨ ਸ਼ੌਕਤ ਦੀ ਪਾਂਇਆਂ ਕੀ ਹੈ? :--

੪੩ **ਏਹ ਭੂਪਤਿ ਰਾਣੇ ਰੰਗ ਦਿਨ ਚਾਰਿ ਸੁਹਾਵਣਾ॥ ਏਹੁ ਮਾਇਆ ਰੰਗੁ ਕਸੁੰਭ ਖਿਨ ਮਹਿ ਲਹਿ ਜਾਵਣਾ॥ ਚਲਦਿਆ ਨਾਲਿ ਨ ਚਲੈ ਸਿਰਿ ਪਾਪ ਲੈ ਜਾਵਣਾ॥ ਜਾਂ ਪਕੜਿ ਚਲਾਇਆ ਕਾਲਿ ਤਾ ਖਰਾ ਡਰਾਵਣਾ॥ ਓਹੁ ਵੇਲਾ ਹਥਿ ਨ ਆਵੈ ਫਿਰਿ ਪਛੁਤਾਵਣਾ॥ ੬॥** (ਪੰਨਾ-੬੪੫)

ਅਰਥ:--ਰਾਜਿਆਂ ਤੇ ਰਾਣਿਆਂ ਦੇ ਇਹ ਰੰਗ ਚਾਰ ਦਿਨ (ਭਾਵ, ਥੋੜੇ ਚਿਰ) ਲਈ ਸੋਭਨੀਕ ਹੁੰਦੇ ਹਨ, ਮਾਇਆ ਦਾ ਇਹ ਰੰਗ ਕਸੁੰਭੇ ਦਾ ਰੰਗ ਹੈ (ਭਾਵ, ਕਸੁੰਭੇ ਵਾਂਗ ਛਿਨ-ਭੰਗੁਰ ਹੈ), ਛਿਨ ਮਾਤਰ ਵਿਚ ਲਹਿ ਜਾਏਗਾ, (ਸੰਸਾਰ ਤੋਂ) ਤੁਰਨ ਵੇਲੇ ਮਾਇਆ ਨਾਲ ਨਹੀਂ ਜਾਂਦੀ, (ਪਰ ਇਸ ਦੇ ਕਾਰਣ ਕੀਤੇ) ਪਾਪ ਆਪਣੇ ਸਿਰ 'ਤੇ ਲੈ ਜਾਈਦੇ ਹਨ। ਜਦੋਂ ਜਮ-ਕਾਲ ਨੇ ਆ ਫੜਿਆ ਤਾਂ ਇਹ ਡਾਢਾ ਭੈ-ਭੀਤ ਹੁੰਦਾ ਹੈ, ਫਿਰ (ਮਨੁੱਖਾ ਸਰੀਰ ਵਾਲਾ) ਅਜਿਹਾ ਸਮਾਂ ਮਿਲਦਾ ਨਹੀਂ ਇਸ ਵਾਸਤੇ ਸਦਾ ਦਾ ਪਛਤਾਵਾ ਹੀ ਪੱਲੇ ਰਹਿ ਜਾਂਦਾ ਹੈ।

ਸੱਚ ਦੇ ਅਵਤਾਰ, ਸੱਚ ਦੇ ਪੁਜਾਰੀ ਅਤੇ ਸੱਚ ਦੇ ਢੰਡੋਰਚੀ, ਛੇਵੇਂ ਗੁਰੂ ਨਾਨਕ ਨਿਰੰਕਾਰੀ ਜੀ ਦਾ ਸਿਰਜਿਆ ਤਖ਼ਤ ਤਾਂ--

ਸਚੈ ਸਚਾ ਤਖਤੁ ਰਚਾਇਆ॥ ਨਿਜ ਘਰਿ ਵਸਿਆ ਤਿਥੈ ਮੋਹੁ ਨ ਮਾਇਆ॥ (੧੦੫੦)

ਬੱਚੀ ਬੀਬੀ ਵੀਰੋ ਦੀ ਜੰਜ ਦੀ ਉਡੀਕ ਵਿਚ ਜਾਂਜੀਆਂ ਲਈ ਭੋਜਨ ਪਦਾਰਥ ਤਿਆਰ ਹੋ ਰਹੇ ਸਨ। ਖ਼ਬਰ ਆ ਗਈ ਕਿ ਜੰਜ ਤੋਂ ਪਹਿਲਾਂ ਸ਼ਾਹੀ ਫ਼ੌਜਾਂ ਦਾ ਹਮਲਾ ਹੋ ਜਾਣਾ ਹੈ। ਦਲਭੰਜਨ ਸੂਰਮਾ ਗੁਰੂ ਹਜ਼ਾਰਾਂ ਗੀਦੀਆਂ 'ਤੇ ਇਕੱਲਾ ਹੀ ਭਾਰੂ ਸੀ। ਫਿਰ ਪੈਂਦੇ ਖ਼ਾਨ, ਬਿਧੀ ਚੰਦ ਜਿਹੇ ਅਨੇਕ ਸਿਰਲੱਥ ਬਹਾਦਰ ਸੂਰਮੇ ਵੀ ਸੈਂਕੜਿਆਂ 'ਤੇ ਭਾਰੂ ਸਨ। ਸਤਿਗੁਰਾਂ ਜੀ ਝੂਠਿਆਂ ਨਾਲ ਜੂਝਣਾ ਠੀਕ ਨਾ ਜਾਤਾ। ਜਾਂਜੀਆਂ ਲਈ ਬਣਿਆਂ ਭੋਜਨ ਓਥੇ ਵੈਰੀਆਂ ਗੋਚਰਾ ਕਰਕੇ ਆਪ ਝੁਬਾਲ ਪਿੰਡ ਜਾ ਕੇ ਬੀਬੀ ਦੀ ਸ਼ਾਦੀ ਕਰ ਲਈ।

ਜਿਸ ਸਤਿਗੁਰੂ ਨਾਨਕ ਜੀ ਨੇ ਆਪਣੇ ਪਹਿਲੇ ਸਰੂਪ ਵਿਚ ਹੀ, ਪ੍ਰੇਮ ਦੀ ਖੇਡ ਖੇਡਣ ਲਈ ਆਉਣ ਵਾਲੇ ਸਿੱਖਾਂ ਨੂੰ ਇਹ ਫ਼ੁਰਮਾ ਦਿੱਤਾ ਸੀ:--

੪੪- **ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥ ੨੦ ॥** (ਪੰਨਾ-੧੪੧੨)

ਆਪਣੇ ਦਸਵੇਂ ਜਾਮੇ ਵਿਚ ਪਿਆਰ ਦੀ ਖੇਡ ਖੇਡਣ ਦੇ ਚਾਹ ਨਾਲ ਸਤਿਗੁਰੂ ਜੀ ਦੇ ਵਿਦਿਆਲੇ ਵਿਚ ਦਾਖ਼ਲ ਹੋਏ ਸਿੱਖਾਂ ਦੀ ਪਰਖ ਕੀਤੀ। ਸਤਿਗੁਰਾਂ ਨੇ ਤਸੱਲੀ ਕਰ ਲਈ ਕਿ ਉਸ ਦਾ ਵਿਦਿਆਰਥੀ ਸੱਚਾ ਮਨੁੱਖ ਬਣ ਚੁਕਾ ਸੀ। ਸਤਿਗੁਰਾਂ ਨੇ ੨੦੦ ਸਾਲ ਤੋਂ ਵੱਧ ਸਮੇਂ ਦੀ ਲੰਮੀ ਘਾਲਣਾ ਨਾਲ ਆਪਣੀ ਮਰਜ਼ੀ ਦਾ ਮਨੁੱਖ ਸਿਰਜ ਲਿਆ ਸੀ। ਸਤਿਗੁਰਾਂ ਨੇ ਦੁਨਿਆਵੀ ਅਤੇ ਪਰਮਾਰਥਕ, ਸਾਰੇ ਦਾ ਸਾਰਾ ਤੇਜ ਪ੍ਰਤਾਪ ਆਪਣੇ ਉਸ ਖ਼ਾਲਸੇ ਨੂੰ ਬਖ਼ਸ਼ ਦਿੱਤਾ।

ਪੰਥ, ਬਾਬਾ ਜੀ, ਸ੍ਰੀ ਬੁਢਾ ਜੀ, ਭਾਈ ਗੁਰਦਾਸ ਜੀ, ਭਾਈ ਮਨੀ ਸਿੰਘ ਜੀ ਜਿਹਾ ਧਰਮੀ-ਗੁਰਮੁਖਿ ਬਣ ਜਾਣਾ ਤਾਂ ਸੁਭਾਵਕ ਹੀ ਸੰਭਵ ਬਣ ਚੁਕਾ ਸੀ ਕਿਉਂਕਿ ਪ੍ਰਭੂ ਨਾਲ ਡੂੰਘੀ ਸਾਂਝ ਕ੍ਰੋੜਾਂ ਵਿਚੋਂ ਕਿਸੇ ਇੱਕ-ਅੱਧ ਦੀ ਹੀ ਪੈਂਦੀ ਹੈ-

ਜਨ ਨਾਨਕ ਕੋਟਨ ਮਹਿ ਕਿਨਹੂ ਗੁਰਮੁਖਿ ਹੋਇ ਪਛਾਨਾ ॥ (ਪੰਨਾ-੬੮੫)

ਨਾਨਕ ਪ੍ਰੀਤਮ ਕਿਰਪਾਲ ਸਦ ਹੂੰ ਕਿਨੈ ਕੋਟਿ ਮਧੇ ਜਾਤੇ ॥ (ਪੰਨਾ-੧੨੭੮)

ਕੋਟਬ ਮਹਿ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥ ੨੪ ॥ (ਪੰਨਾ-੧੪੨੭)

ਭਾਵ ਇਹ ਹੈ ਕਿ ਸਾਰੀ ਕੌਮ ਅਜਿਹੀ ਉਚੀ ਆਤਮਕ ਅਵਸਥਾ ਦੀ ਮਾਲਕ ਨਹੀਂ ਹੋ ਸਕਦੀ, ਸੱਚ ਨਾਲ ਜੁੜਿਆ ਅਜਿਹੇ ਧਰਮੀ ਮਹਾਂਪੁਰਖ ਕੋਈ ਵਿਰਲਾ ਹੀ ਹੁੰਦਾ ਹੈ-

ਹਉ ਢੂਢੇਦੀ ਜਗੁ ਸਬਾਇਆ, ਜਨ ਨਾਨਕ ਵਿਰਲੇ ਕੋਈ ॥ (ਪੰਨਾ-੫੨੦)

ਫ਼ਸਾਦਾਂ ਦੀ ਜੜ੍ਹ ਮਾਇਆ ਪਿਛੇ ਦੌੜਨ ਵਾਲੇ ਤਾਂ ਸਾਰੇ ਹੀ ਹਨ ਪਰ ਆਦਿ ਸਚੁ ਜੁਗਾਦਿ ਸਚੁ-ਦੀ ਪਛਾਣ ਕਰ ਸਕਣ ਵਾਲਾ ਕੋਈ ਵਿਰਲਾ ਹੀ ਹੋ ਸਕਦਾ ਹੈ:--

੪੫ **ਸਚੁ ਸੁਹਾਵਾ ਕਾਢੀਐ, ਕੂੜੈ ਕੂੜੀ ਸੋਇ ॥ ਨਾਨਕ ਵਿਰਲੇ ਜਾਣੀਅਹਿ, ਜਿਨ ਸਚੁ ਪਲੈ ਹੋਇ ॥ ੧ ॥ (ਪੰਨਾ-੧੧੦੦)**

ਪਦਅਰਥ:--ਸਚੁ--ਸਦਾ ਥਿਰ ਰਹਿਣ ਵਾਲਾ ਨਾਮ-ਧਨ। ਸੁਹਾਵਾ--ਸੁਖਾਂਵਾਂ , ਸੁਖ

ਦੇਣ ਵਾਲਾ। ਕਾਢੀਐ--ਆਖੀਦਾ ਹੈ, ਹਰ ਕੋਈ ਆਖਦਾ ਹੈ। ਕੂੜੈ--ਝੂਠਾ ਧਨ, ਨਾਸਵੰਤ ਪਦਾਰਥ। ਕੂੜੀ ਸੋਇ--ਮੰਦੀ ਸੋਇ, ਕਿਸੇ ਨ ਕਿਸੇ ਉਪਾਧੀ ਵਾਲੀ ਖ਼ਬਰ। ਜਾਣੀਅਹਿ--ਜਾਣੇ ਜਾਂਦੇ ਹਨ, ਪਤਾ ਲੱਗਦਾ ਹੈ। ੧ ।

ਅਰਥ:-ਹੇ ਨਾਨਕ! ਹਰ ਕੋਈ ਆਖਦਾ ਹੈ ਕਿ (ਪਰਮਾਤਮਾ ਦਾ) ਨਾਮ-ਧਨ ਸੁਖ ਦੇਣ ਵਾਲਾ ਹੈ ਤੇ ਦੁਨੀਆਵੀ ਧਨ (ਦੇ ਇਕੱਠਾ ਕਰਨ) ਵਿਚ ਕੋਈ ਨਾ ਕੋਈ ਝਗੜੇ-ਉਪਾਧੀ ਵਾਲੀ ਖ਼ਬਰ ਹੀ ਸੁਣੀਦੀ ਹੈ। ਫਿਰ ਵੀ, ਐਸੇ ਬੰਦੇ ਵਿਰਲੇ ਹੀ ਮਿਲਦੇ ਹਨ, ਜਿਨ੍ਹਾਂ ਨੇ ਨਾਮ-ਧਨ ਇਕੱਠਾ ਕੀਤਾ ਹੋਵੇ (ਹਰ ਕੋਈ ਉਪਾਧੀ-ਮੂਲ ਦੁਨਿਆਵੀ ਧਨ ਦੇ ਪਿਛੇ ਹੀ ਦੌੜ ਰਿਹਾ ਹੈ)।

ਪ੍ਰਭੂ ਦੀਆਂ ਵਡਿਆਈਆਂ ਦਾ ਗਿਆਨ ਕਰਾ ਕੇ ਉਨ੍ਹਾਂ ਦੀ ਵਿਚਾਰ ਸਹਿਕਰਨ ਦੀ ਪਰਪਾਟੀ ਪਾਈ। ਫਿਰ ਮਨੁੱਖੀ ਆਚਰਨ ਨੂੰ ਅਛੋਪਲੇ ਹੀ ਬਰਬਾਦ ਕਰ ਦੇਣ ਵਾਲੀ--**ਬਿੱਪ੍ਰਨ ਕੀ ਰੀਤ**--ਤੋਂ ਸਾਰੇ ਪੰਥ ਨੂੰ ਜਾਣੂੰ ਕਰਾਇਆ ਅਤੇ ਉਸ ਨੂੰ ਭੁਲਾ ਕੇ ਸਦਾ ਲਈ ਦੂਰ ਰਹਿਣ ਦੀ ਸਿਖਿਆ ਦਿੱਤੀ। ਸਤਿਗੁਰਾਂ ਦੀ ਪ੍ਰੀਖਿਆ ਵਿਚ ਪੂਰੇ ਉਤਰੇ ਸਿੱਖ ਪੰਥ ਨੇ ਇਹ ਸਾਬਤ ਕਰ ਦਿੱਤਾ ਸੀ ਕਿ ਸਤਿਗੁਰੂ ਜੀ ਦਾ ਖ਼ਾਲਸਾ ਆਪਣਾ ਸੀਸ ਤੱਕ ਵੀ ਭੇਟਾ ਕਰਨ ਜੋਗ ਹੋ ਚੁੱਕਾ ਹੈ ਉਥੇ ਉਹ ਪੂਰਨ ਤੌਰ ਤੇ **ਬਿੱਪ੍ਰਨ ਕੀ ਰੀਤ**, ਦਾ ਤਿਆਗ, ਗੁਰੂ ਦੀ ਦੱਸੀ ਮਰਯਾਦਾ ਦਾ ਧਾਰਨੀ ਬਣ ਕੇ ਨਿਆਰੇ ਆਚਰਨ ਦਾ ਮਾਲਕ ਹੋ ਚੁੱਕਾ ਹੈ। ਸਤਿਗੁਰਾਂ ਨੇ ਪ੍ਰਸੰਨ ਹੋ ਕੇ ਇਹ ਭਰੋਸਾ ਕਰਾ ਦਿੱਤਾ ਕਿ ਜੇ ਸਿੱਖ ਇਸ ਨਿਆਰੇ ਆਚਰਨ ਦਾ ਮਾਲਕ ਬਣਿਆ ਰਿਹਾ ਤਾਂ ਉਹ ਰਹਿੰਦੀ ਦੁਨੀਆਂ ਤੱਕ ਸਾਰੇ ਦੇ ਸਾਰੇ ਤੇਜ-ਪ੍ਰਤਾਪ ਦਾ ਮਾਲਕ ਬਣਿਆ ਰਹੇਗਾ।

੭

ਖ਼ਾਲਸੇ ਦਾ ਤੇਜ ਪ੍ਰਤਾਪ ਅਤੇ ਪੇਸ਼ਾਵਰ ਧਾਰਮਿਕ ਆਗੂ

ਗਿਣਤੀ ਦੇ ਹਿਸਾਬ ਨਾਲ ਭਾਰਤ ਦੀ ਜਨਤਾ ਵਿਚ ਸਿੱਖ ਆਟੇ ਵਿਚ ਲੂਣ ਦੇ ਬਰਾਬਰ ਸਮਝੇ ਜਾਂਦੇ ਸਨ। ਫਿਰ ਵੀ ਸਿੱਖ ਪੰਥ ਦਾ ਬੜਾ ਸ਼ਕਤੀਸ਼ਾਲੀ ਰਾਜ ਸਥਾਪਤ ਹੋ ਗਿਆ ਸੀ। ਸਤਲੁਜ ਦਰਿਆ ਤੋਂ ਲੈ ਕੇ ਅਫ਼ਗ਼ਾਨਿਸਤਾਨ ਤਾਈਂ ਅਤੇ ਸਾਰਾ ਜੰਮੂ ਕਸ਼ਮੀਰ ਖ਼ਾਲਸਾ ਰਾਜ ਵਿਚ ਸ਼ਾਮਲ ਸੀ। ਖ਼ਾਲਸੇ ਦਾ ਤੇਜ ਪ੍ਰਤਾਪ ਯੌਰਪ ਦੀਆਂ ਦੇਸ਼ਾਂ ਵਿਚ ਵੀ ਜਾਣਿਆ ਜਾਂਦਾ ਸੀ। ਏਸੇ ਕਰਕੇ ਹੀ ਫ਼ਰਾਂਸ ਦੇ ਸਮਰਾਟ, ਨਿਪੋਲੀਅਨ-ਬੋਨਾ-ਪਾਰਟ ਦੀ ਹਾਰ ਮਗਰੋਂ ਉਸ ਦੇ ਜਰਨੈਲਾਂ ਨੇ ਹੋਰ ਦੇਸ਼ਾਂ ਦੀਆਂ ਫੌਜਾਂ ਨਾਲੋਂ ਖ਼ਾਲਸਾ ਦਰਬਾਰ ਦੀਆਂ ਫੌਜਾਂ ਵਿਚ ਨੌਕਰੀ ਕਰ ਲੈਣੀ ਬੜੇ ਇੱਜ਼ਤ ਮਾਣ ਵਾਲੀ ਗੱਲ ਸਮਝੀ ਸੀ। ਅੰਗ੍ਰੇਜ਼ਾਂ ਨੇ ਸਾਰਾ ਭਾਰਤ ਫ਼ਤਹਿ ਕਰ ਲਿਆ ਸੀ ਪਰ ਸਤਲੁਜ ਦੇ ਕੰਢੇ ਤੇ ਆ ਕੇ ਖ਼ਾਲਸਾ

ਰਾਜ ਦੇ ਸਰਬਰਾਹ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨਾਲ ਸੁਲਾਹ ਕਰ ਲੈਣ ਲਈ ਬੜੇ ਕੀਮਤੀ ਉਪਹਾਰਾਂ ਨਾਲ ਲੱਦੇ ਹੋਏ ਸਿਆਣੇ ਵਿਚੋਲੇ ਭੇਜਣੇ ਆਰੰਭ ਕਰ ਦਿਤੇ ਸਨ। ੧੭੯੯ ਸੰਨ ਵਿਚ ਲਾਹੌਰ ਨੂੰ ਫ਼ਤਹਿ ਕਰ ਲੈਣ ਵਾਲੇ ਮਹਾਰਾਜਾ ਰਣਜੀਤ ਸਿੰਘ ਦਾ ਦਿਹਾਂਤ ਜੂਨ ੧੮੩੯ ਵਿਚ ਹੋ ਗਿਆ ਅਤੇ ਸਿਰਫ਼ ੧੦ ਸਾਲ ਪਿਛੋਂ ਹੀ ਖ਼ਾਲਸਾ ਰਾਜ ਦੇ ਆਖ਼ਰੀ ਵਾਰਸ, ਬਾਲਕ ਮਹਾਰਾਜੇ ਦਲੀਪ ਸਿੰਘ ਦਾ ਰਾਜ, ਅੰਗ੍ਰੇਜ਼ਾਂ ਨੇ ਜ਼ਬਤ ਕਰ ਲਿਆ। ਆਪਣੇ ਪਿਤਾ ਦੀ ਮੌਤ ਦੇ ੧੦ ਸਾਲ ਮਗਰੋਂ ਮਹਾਰਾਜਾ ਦਲੀਪ ਸਿੰਘ ਨੂੰ ੨੯ ਮਾਰਚ ੧੮੪੪ ਵਾਲੇ ਦਿਨ ਪੰਜਾਬ ਵਿਚੋਂ ਕੱਢ ਕੇ ਫ਼ਤਹਿਗੜ੍ਹ (ਯੂ ਪੀ. ਜ਼ਿਲਾ ਫ਼ਰੁਖ਼ਾਬਾਦ) ਵਿਖੇ ਭੇਜ ਦਿੱਤਾ। ਉਸ ਸਮੇਂ ਬਾਲਕ ਮਹਾਰਾਜੇ ਦਲੀਪ ਸਿੰਘ ਨੂੰ ਧਰਮ ਦੀ ਸਿਖਿਆ ਦੇਣ ਵਾਲਾ ਅਯੁਧਿਆਨਾਥ ਇੱਕ ਬ੍ਰਾਹਮਣ ਸੀ।

ਸਿਰਫ਼ ੫੦ ਸਾਲ ਹੀ ਲਾਹੌਰ ਦਰਬਾਰ ਵਿਚ ਸਿੰਘ ਮਹਾਰਾਜਾ ਰਹਿ ਸਕਿਆ। ਖ਼ਾਲਸੇ ਕੋਲੋਂ ਏਡੀ ਛੇਤੀ ਤੇਜ ਪ੍ਰਤਾਪ ਖੁੱਸ ਗਿਆ। ਗੁਰੂ ਮਹਾਰਾਜ ਦੇ ਇਸ ਬਚਨ ਨੂੰ ਕਿ--**ਜਬ ਲਗ ਖ਼ਾਲਸਾ ਰਹੇ ਨਿਆਰਾ, ਤਬ ਲਗ ਤੇਜ ਦੀਆ ਮੈਂ ਸਾਰਾ**--ਲਗ-ਪਗ ਸਾਰਿਆਂ ਪੰਥਕ ਦੀਵਾਨਾਂ ਵਿਚ ਪੜ੍ਹਿਆ ਅਤੇ ਸੁਣਿਆਂ ਜਾਂਦਾ ਹੈ। ਸਾਧ ਗੁਰੂ ਦੇ ਬਚਨਾਂ ਬਾਰੇ ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਇਸ ਪ੍ਰਕਾਰ ਹੈ:--

੪੬ ਨਿਸਿ ਬਾਸੁਰ ਨਿਖਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ॥ ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ॥ ੧ ॥ (ਪੰਨਾ-੧੨੦੪)

ਪਦ ਅਰਥ:--ਨਿਸਿ--ਰਾਤ। ਬਾਸੁਰ--ਦਿਨ। ਨਖਿਅਤ੍ਰ--ਤਾਰੇ। ਬਿਨਾਸੀ--ਨਾਸਵੰਤ। ਰਵਿ--ਸੂਰਜ। ਸਸੀਅਰ--ਚੰਦ੍ਰਮਾ। ਬੇਨਾਧਾ--ਨਾਸਵੰਤ। ਗਿਰਿ--ਪਹਾੜ। ਬਸੁਧਾ--ਧਰਤੀ। ਪਵਨ--ਹਵਾ। ਸਾਧ--ਗੁਰੂ ।

ਅਰਥ:-ਰਾਤ, ਦਿਨ, ਤਾਰੇ, ਸੂਰਜ, ਚੰਦ੍ਰਮਾ--ਇਹ ਸਾਰੇ ਨਾਸ਼ਵਰ ਹਨ। ਪਹਾੜ, ਧਰਤੀ, ਪਾਣੀ ਹਵਾ--ਹਰੇਕ ਚੀਜ਼ ਨਾਸ ਹੋ ਜਾਵੇਗੀ। ਸਿਰਫ਼ ਗੁਰੂ ਦੇ ਬਚਨ ਹੀ ਕਦੇ ਟਲ ਨਹੀਂ ਸਕਦੇ। ੧। ਸੰਸਾਰ ਵਿਚ ਜੇ ਕੋਈ ਚੀਜ਼ ਅਟੱਲ ਪਦਵੀ ਵਾਲੀ ਹੈ ਤਾਂ ਉਹ ਗੁਰੂ ਦਾ ਬਚਨ ਹੀ ਹੈ। ਸੋ ਜਿਸ ਗੱਲ ਨੂੰ ਅੱਜ ਦਾ ਧਾਰਮਿਕ ਆਗੂ ਸਿੱਖ ਸੁਣਨਾ ਹੀ ਨਹੀਂ ਚਾਹੁੰਦਾ ਉਹ ਇਹੀ ਹੈ ਕਿ ਖ਼ਾਲਸਾ ਹੀ ਆਪਣਾ ਨਿਆਰਾ ਆਚਰਨ ਗੁਆ ਚੁੱਕਾ ਸੀ ਜਿਸ ਕਰਕੇ ਤੇਜ ਪ੍ਰਤਾਪ ਖੁੱਸਾ।

੧੭੦੮ ਵਿਚ ਗੁਰੂ ਨਾਨਕ ਦੇਵ ਜੀ ਨੇ ਪੰਜਭੂਤਕ ਸਰੀਰ ਵਿਚ ਪੰਥ ਦੀ ਅਗਵਾਈ ਕਰਨੀ ਤਿਆਗ ਕੇ ਨਿਆਰੇ ਆਚਰਨ ਵਾਲੇ ਬਣ ਚੁੱਕੇ ਖ਼ਾਲਸੇ ਨੂੰ ਸ਼ਬਦ ਗੁਰੂ ਦੀ ਸਿਖਿਆ ਵਿਚ ਰਹਿਣ ਦਾ ਹੁਕਮ ਦੇ ਦਿੱਤਾ। ਮਹਾਨ ਕੋਸ਼ (ਸਫ਼ਾ ੫੮੦) ਅਨੁਸਾਰ ਸੰਮਤ

੧੭੯੧ (ਸੰਨ ੧੭੩੪) ਵਿਚ ਦਲ ਖ਼ਾਲਸੇ ਦੇ ਵਾਧੇ ਨੂੰ ਮੁੱਖ ਰੱਖ ਕੇ ਵਿਚਾਰਵਾਨ ਸਿੰਘਾਂ ਨੇ ਦਲ ਨੂੰ ਬੁਢਾ ਦਲ ਅਤੇ ਤਰੁਣਾ ਦਲ ਦੋ ਜਥਿਆਂ ਵਿਚ ਵੰਡ ਦਿੱਤਾ। ਬੁਢਾ ਦਲ ਵਿਚ ਹੀ ਬਹੁਰੂਪੀਆ ਧਾਰਮਿਕ ਆਗੂ ਜਾ ਵੜਿਆ ਅਤੇ ਦਲ ਵਿਚ ਅਖੰਡ-ਪਾਠ ਕਰਨ ਦੀ ਮਰਯਾਦਾ ਚਾਲੂ ਕਰ ਦਿੱਤੀ। ਬ੍ਰਾਹਮਣ ਦੇ ਤੰਤਰ-ਸ਼ਸਤਰ ਵਾਂਗ ਹੀ, ਅਖੰਡ ਪਾਠ ਵੀ ਆਪਣੀਆਂ ਕਥਿਤ ਕਰਾਮਾਤੀ ਸ਼ਕਤੀਆਂ ਦੇ ਨਾਲ ਸਾਰੇ ਪੰਥ ਦਾ ਸੱਭ ਤੋਂ ਪਵਿਤਰ ਮੰਤਰ ਪਾਠ ਬਣ ਗਿਆ। ਸਿੱਖਾਂ ਦੇ ਆਚਰਨ ਨੂੰ ਗੁਰਬਾਣੀ ਦੇ ਗਿਆਨ ਨੇ ਸਾਂਭੀ ਰਖਣਾ ਸੀ। ਅਖੰਡ ਪਾਠਾਂ ਨੇ ਗੁਰਮਤਿ ਸਮਝ ਕੇ ਉਸ ਅਨੁਸਾਰ ਜੀਵਨ ਜੁਗਤ ਸੁਆਰੀ ਰੱਖਣ ਦੀ ਲੋੜ ਦਾ ਭੋਗ ਪਾ ਦਿੱਤਾ। ਗੁਰਮਤਿ ਦੇ ਗਿਆਨ ਤੋਂ ਟੁਟ ਜਾਣ ਨਾਲ ਸਾਰਾ ਪੰਥ ਬਿੱਪ੍ਰਨ ਕੀ ਰੀਤ ਦਾ ਧਾਰਨੀ ਵੀ ਬਣ ਗਿਆ।

ਆਟੇ ਨਾਲੋਂ ਲੂਣ ਇੱਕ ਵਿਸ਼ੇਸ਼ ਗੁਣ ਦਾ ਮਾਲਕ ਹੈ। ਅਣਜਾਣ ਤੋਂ ਅਣਜਾਣ ਮਨੁੱਖ ਵੀ (ਚੱਖਣ ਨਾਲ) ਹਜ਼ਾਰ ਗੁਣਾ ਵੱਧ ਆਟੇ ਦੇ ਢੇਰ ਵਿਚ ਲੂਣ ਦੀ ਹੋਂਦ ਨੂੰ ਸਪੱਸ਼ਟ ਤੌਰ 'ਤੇ ਜਾਣ ਲੈਂਦਾ ਹੈ। ਪਰ ਜੇ ਲੂਣ ਆਪਣਾ ਵਿਸ਼ੇਸ਼ ਗੁਣ ਗੁਆ ਕੇ ਆਟੇ ਦਾ ਗੁਣ ਹੀ ਗ੍ਰਹਿਣ ਕਰ ਲਵੇ ਤਾਂ ਫਿਰ ਭਾਵੇਂ ਉਸ ਦੀ ਮਾਤਰਾ ਆਟੇ ਜਿੰਨੀ ਹੀ ਹੋਵੇ ਪਰ ਉਸ ਦੀ ਹੋਂਦ ਦਾ ਪਤਾ ਨਹੀਂ ਲਗੇਗਾ। ਜਿਸ ਭਾਰਤ ਦੇਸ਼ ਦੀ ਜਨਤਾ ਵਿਚ ਸਿੰਘ ਆਟੇ ਵਿਚ ਲੂਣ ਦੇ ਬਰਾਬਰ ਸਨ, ਉਸ ਭਾਰਤ ਦੀ ਤਾਂ ਗੱਲ ਹੀ ਕੀ ਸੀ ਉਸ ਤੋਂ ਬਾਹਰ ਕਈਆਂ ਦੇਸ਼ਾਂ ਵਿਚ ਵੀ ਸਿੰਘਾਂ ਨੇ ਆਪਣੀ ਹੋਂਦ ਦਾ ਬੜਾ ਅਸਰਦਾਰ ਅਨੁਭਵ ਖਿਲਾਰ ਦਿੱਤਾ ਸੀ। ਪਰ ਜਦ ਬਿੱਪ੍ਰਨ ਦਾ ਅਸਰ ਕਬੂਲ ਕਰਕੇ ਗੁਰਮਤਿ ਦੀ ਦੇਣ ਤੋਂ ਦੂਰ ਹੁੰਦਾ ਗਿਆ ਤਾਂ ਇਸ ਦੀ ਹੋਂਦ ਦਾ ਉਹ ਅਨੁਭਵ ਘਟਦਾ ਗਿਆ।

ਉਪਰ ਅਸੀਂ ਧਾਰਮਿਕ ਆਗੂਆਂ ਦੇ ਲੱਛਣ ਵਿਚਾਰ ਆਏ ਹਾਂ। ਪਰ ਇੱਕ ਵਾਰੀ ਫਿਰ ਯਾਦ ਕਰ ਲਈਏ ਕਿ ਨਿਰੋਲ ਸੁਆਰਥ ਸਿੱਧੀ ਦੀ ਭਾਵਨਾ ਨਾਲ ਧਰਮ ਦੀ ਵਰਤੋਂ ਕਰਨ ਵਾਲੇ, ਆਪਣੀ ਉੱਤਮਤਾਈ ਦਾ ਪ੍ਰਗਟਾਵਾ ਕਰਨ ਲਈ ਉਚੇਚੇ ਪਹਿਰਾਵੇ ਵਾਲੇ ਅਥਵਾ ਸਾਧ-ਬਾਣੇ ਵਾਲੇ, ਆਪਣਾ ਅੱਡਰਾ ਡੇਰਾ ਜਾਂ ਗੱਦੀ ਸਿਰਜ ਕੇ ਉਸ ਦੇ ਮੁਖੀ ਬਣ ਬੈਠਣ ਵਾਲੇ, ਧਰਮ ਦਾ ਉਪਦੇਸ਼ ਕਰਨ ਦੇ ਵੱਟੇ ਮਾਇਆ ਅਥਵਾ ਮਾਇਕ ਪਦਾਰਥਾਂ ਦੀ ਉਗਰਾਹੀ ਕਰ ਲੈਣ ਦੇ ਕਈ ਢੰਗ ਚਾਲੂ ਕਰ ਲੈਣ ਵਾਲੇ, ਆਪਣੀ ਪ੍ਰਭੁਤਾ ਦੀ ਮਸ਼ਹੂਰੀ ਕਰਨ ਲਈ ਪੱਕੇ ਦਲਾਲ ਅਥਵਾ ਵਿਹਲੜ ਸੇਵਾਦਾਰਾਂ ਦੀ ਧਾੜ ਭਰਤੀ ਕਰ ਲੈਣ ਵਾਲੇ, ਜਾਂ ਨਿਜ ਮਤ ਨਾਲ ਮਿਥੇ ਹੋਏ ਬ੍ਰਹਮ ਗਿਆਨ ਦੇ ਦਾਤੇ ਬਣ ਕੇ ਸ਼ਗਿਰਦ ਰੂਪੀ ਸੇਵਾਦਾਰ ਥਾਪ ਲੈਣ ਵਾਲੇ, ਅਜਿਹੇ ਸਾਰੇ ਦੇ ਸਾਰੇ ਧਾਰਮਿਕ ਆਗੂ ਧਰਮ ਦੀ ਕੁਵਰਤੋਂ ਕਰਦੇ ਹਨ। ਇਹ ਸੱਚ ਤੋਂ ਕੋਹਾਂ ਦੂਰ ਹੁੰਦੇ ਹਨ ਅਤੇ ਸੱਚ ਸੁਣਨਾ ਹੀ ਪਸੰਦ ਨਹੀਂ ਕਰਦੇ। ਧਰਮੀ ਹੋਣ ਦਾ ਪਖੰਡ ਕਰਦੇ ਹਨ।

--✲✲--

ਪੰਜਵਾਂ ਕਾਂਡ

੧

ਗੁਰੂ ਕਾ ਲੰਗਰ

ਮਹਾਨ ਕੋਸ਼ ਦੇ ੧੦੭੬ ਸਫ਼ੇ ਤੇ ਲੰਗਰ ਦੇ ਅਰਥ ਇਸ ਪ੍ਰਕਾਰ ਹਨ ਅਨਲਗ੍ਰਿਹ, ਪਾਕਸਾਲ। ੮-- **ਉਹ ਥਾਂ ਜਿੱਥੇ ਅਨਾਥ ਨੂੰ ਅੰਨ, ਦਾਨ ਮਿਲੇ।** ਆਮ ਗ਼ਰੀਬ ਲੋੜਵੰਦਾਂ ਲਈ ਨਿਸ਼ਕਾਮ ਸੇਵਾ-ਭਾਵਨਾ ਨਾਲ ਭੋਜਨ ਦਾ, ਯਥਾਸ਼ਕਤ ਬਸਤ੍ਰਾਂ ਦਾ ਅਥਵਾ ਮਾਇਕ ਸਹਾਇਤਾ ਦਾ ਪ੍ਰਬੰਧ, 'ਲੰਗਰ' ਅਖਵਾਉਂਦਾ ਹੈ।

ਮਾਇਆ-ਗ੍ਰਸਿਆ ਲੋਭੀ ਮਨ, ਬਿਨਾਂ ਕਿਸੇ ਲਾਭ ਦੀ ਆਸ ਦੇ, ਲੰਗਰ ਚਲਾਉਣ ਦੀ ਗੱਲ ਸੋਚ ਵੀ ਨਹੀਂ ਸਕਦਾ। ਹਿੰਦੂ ਧਰਮ ਦੇ ਤੀਰਥ ਆਦਿ ਤੇ ਹਜ਼ਾਰਾਂ ਮੀਲਾਂ ਤੋਂ ਲੋਕ ਆਇਆ ਕਰਦੇ ਸਨ, ਪਰ ਧਰਮ ਆਗੂਆਂ ਨੇ ਕਿਸੇ ਵੀ ਯਾਤਰੀਆਂ ਲਈ ਰਿਹਾਇਸ਼ ਦਾ ਅਤੇ ਰੋਟੀ ਪਾਣੀ ਦਾ ਪ੍ਰਬੰਧ ਕਿਸੇ ਤੀਰਥ ਅਸਥਾਨ 'ਤੇ ਨਹੀਂ ਸੀ। ਲੋਕਾਂ ਨੂੰ ਲੁੱਟ ਖਾਣ ਗਿੱਝੇ ਹੋਏ ਬ੍ਰਾਹਮਣ ਨੇ ਹਿੰਦੂ ਧਰਮ ਦੀ ਮਰਯਾਦਾ ਵਿਚ, ਲੋਕ ਭਲਾਈ ਲਈ ਨਿਸ਼ਕਾਮ ਸੇਵਾ ਵਾਲਾ ਕੋਈ ਵੀ ਵਿਧਾਨ ਬਣਾਇਆ ਹੀ ਨਹੀਂ ਸੀ। ਅਸੁਮੇਧ, ਗਊਮੇਧ, ਨਰ ਮੇਧ ਆਦਿ ਕਈ ਤਰ੍ਹਾਂ ਦੇ ਜੱਗ ਕੀਤੇ ਜਾਣ ਦੇ ਪਿੱਛੇ ਵੀ ਬੜੀ ਪ੍ਰਬਲ ਕਾਮਨਾ ਪ੍ਰਧਾਨ ਹੁੰਦੀ ਸੀ। ਹਿੰਦੂ ਧਰਮ ਦਾ ਕੋਈ ਵੀ ਭੋਜਨ ਭੰਡਾਰਾ ਅਜਿਹਾ ਨਹੀਂ ਸੀ ਜਿਸ ਵਿਚ ਉਚੇਚੀ ਸੁੱਚਮ ਅਤੇ ਛੂਤ ਛਾਤ ਦਾ ਕੋਝਾ ਭਰਮ ਨਹੀਂ ਸੀ ਜੁੜਿਆ ਹੁੰਦਾ। ਜੱਗ ਸੰਪੂਰਨ ਹੋ ਜਾਣ ਦੇ ਨਾਲ ਕੋਈ ਬੜੀ ਵੱਡੀ ਕਾਮਨਾ ਜ਼ਰੂਰ ਜੁੜੀ ਹੁੰਦੀ ਸੀ। ਸ਼ੂਦਰ ਵਿਚਾਰਾ ਤਾਂ ਕਿਸੇ ਜੱਗ ਜਾਂ ਕਥਿਤ ਭੋਜਨ-ਭੰਡਾਰੇ ਦੇ ਨੇੜੇ ਤੇੜੇ ਵੀ ਨਹੀਂ ਢੁੱਕ ਸਕਦਾ ਸੀ। ਉਸ ਗ਼ਰੀਬ ਦੀ ਤਾਂ ਰਿਹਾਇਸ਼ ਵੀ ਪਿੰਡ, ਨਗਰ ਤੋਂ ਦੂਰ ਹਟਵੀਂ ਹੋਇਆ ਕਰਦੀ ਸੀ।

ਸਤਿਗੁਰਾਂ ਦੀ ਕੀਰਤੀ ਫੈਲੀ ਤਾਂ ਉਨ੍ਹਾਂ ਦੇ ਦਰਸ਼ਨਾਂ ਨੂੰ ਬੜੀ ਦੂਰੋਂ-ਦੂਰੋਂ ਲੋਕ ਆਉਣੇ ਆਰੰਭ ਹੋ ਗਏ। ਧਨਵਾਨ ਲੋਕਾਂ ਕੋਲ ਵੱਧ ਤੋਂ ਵੱਧ ਊਠ ਘੋੜੇ ਜਾਂ ਬੈਲ ਗੱਡੀਆਂ ਸਵਾਰੀ ਦਾ ਸਾਧਨ ਸਨ। ਆਮ ਜਨਤਾ ਲਈ ਆਵਾਜਾਈ ਦੇ ਸਾਧਨ ਨਾ ਹੋਣ ਕਰਕੇ ਗੁਰੂ ਦਰਸ਼ਨਾਂ ਲਈ ਲੋਕ ਪੈਦਲ ਹੀ ਪੁਜਿਆ ਕਰਦੇ ਸਨ। ਸਤਿਗੁਰ ਦੀ ਮਨਸ਼ਾ ਅਨੁਸਾਰ, ਦੂਰੋਂ ਆਈ ਸੰਗਤ ਲਈ ਟਿਕਾਣੇ ਦਾ ਅਤੇ ਲੰਗਰ ਦਾ ਪ੍ਰਬੰਧ ਕਰਨਾ ਗੁਰੂ ਘਰ ਦੀ ਮਰਯਾਦਾ ਬਣ ਗਈ। ਜਾਤ ਪਾਤ ਅਤੇ ਅਮੀਰ ਗ਼ਰੀਬ ਦੇ ਵਿਤਕਰੇ ਤੋਂ ਬਿਨਾਂ, ਬੜੇ ਆਦਰ ਸਤਿਕਾਰ ਨਾਲ ਸੰਗਤ ਦੀ ਸੇਵਾ ਕਰਨੀ ਗੁਰਸਿੱਖੀ ਦਾ ਅੰਗ ਬਣ ਗਿਆ।

ਸੁਲਤਾਨਪੁਰ ਲੋਧੀ ਦੇ ਨਵਾਬ ਦੇ ਮੋਦੀਖ਼ਾਨੇ ਨੂੰ ਚਲਾਉਣ ਦੀ ਪਦਵੀ ਸੰਭਾਲਣ ਸਮੇਂ ਸਤਿਗੁਰੂ ਜੀ ਆਪਣੇ ਕੋਲ ਗੁਜ਼ਾਰੇ ਜੋਗੀ ਮਾਇਆ ਰੱਖਦੇ, ਬਾਕੀ ਸਾਰੀ ਆਮਦਨ ਗ਼ਰੀਬਾਂ ਲੋੜਵੰਦਾਂ ਨੂੰ ਅੰਨ, ਬਸਤਰ ਅਥਵਾ ਕਈ ਵਾਰੀ ਨਕਦ ਮਾਇਆ ਦੇ ਕੇ ਨਿਮਾਣਿਆਂ ਦਾ ਮਾਣ ਵਧਾਇਆ ਕਰਦੇ ਸਨ। ਇਹ ਨਾਨਕ ਪੰਥ ਦੇ ਲੰਗਰ ਚਲਾਉਣ ਦਾ ਨੀਂਹ ਪੱਥਰ ਸੀ।

ਸਤਿਗੁਰਾਂ ਨੇ "ਗੁਰੂ ਕੇ ਲੰਗਰ" ਦੇ ਜਿਹੜੇ ਸਰਬ-ਸਾਂਝੇ ਅਤੇ ਸਰਬ-ਪ੍ਰਵਾਣਤ ਨਿਯਮ ਬਣਾਏ ਸਨ, ਉਨ੍ਹਾਂ ਦੀ ਜਾਣਕਾਰੀ, ਅਤੇ ਜੋ ਹੁਣ ਗੁਰੂ ਘਰਾਂ ਵਿਚ ਪ੍ਰਚਲਤ ਹੋ ਗਿਆ ਹੈ ਬਾਰੇ ਗੁਰਮਤਿ ਵਿਚਾਰ ਕਰਕੇ ਲੋੜੀਂਦਾ ਸੁਧਾਰ ਕਰਨ ਦਾ ਯਤਨ ਕਰਨਾ, ਸੁਹਿਰਦ ਗੁਰਸਿੱਖਾਂ ਦਾ ਧਰਮ ਬਣਦਾ ਹੈ। ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਜੀ ਵਲੋਂ ਛਪਵਾਈ ਜਾ ਰਹੀ ਪੁਸਤਕ "ਗੁਰਮਤਿ ਮਾਰਤੰਡ" ਤੀਸਰੇ ਐਡੀਸ਼ਨ ਦੇ ੫੯੧ ਸਫ਼ੇ 'ਤੇ ਇਸ ਪ੍ਰਕਾਰ ਲਿਖਿਆ ਹੈ--"ਖ਼ਾਲਸਾ ਧਰਮ ਵਿੱਚ ਦੇਗ ਤੇਗ ਦੀ ਵੱਡੀ ਮਹਿਮਾ ਹੈ, ਇਸ ਤੋਂ ਭਾਵ ਹੈ, ਯਤੀਮ ਅਸਹਾਯ ਅਨਾਥਾਂ ਦਾ ਪਾਲਨ ਅਤੇ ਅਮਨ ਦੀ ਰੱਖਿਆ ਲਈ ਉਪੱਦ੍ਰਵੀਆਂ ਦਾ ਦਮਨ। ਗੁਰਮਤਿ ਮਾਰਤੰਡ ਵਿਚਲੇ (੫੯੧ ਤੋਂ ੫੯੪ ਤੱਕ) ਪੰਜ ਸਫ਼ਿਆਂ ਦੇ ਇਸ ਲੇਖ ਦਾ ਅਤੇ "ਸਿੱਖ ਰਹਿਤ ਮਰਯਾਦਾ" "ਸੇਵਾ" ਸਿਰਲੇਖ ਹੇਠ ਲਿਖੀ ਲੰਗਰ ਮਰਯਾਦਾ ਦੇ ਆਧਾਰ 'ਤੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਤੋਂ ਮਿਲਦੀ ਸੇਧ ਨੂੰ ਮੁੱਖ ਰਖ ਕੇ ਲੰਗਰ ਮਰਯਾਦਾ ਬਾਰੇ ਕਰਮਵਾਰ ਵਿਚਾਰ ਇਸ ਪ੍ਰਕਾਰ ਹੈ:-

(੧) ਅਤਿਥੀਆਂ ਲੋੜਵੰਦਾਂ ਲਈ ਬਣ ਰਹੇ ਲੰਗਰ ਦੇ ਰਿਜ਼ਕ ਦਾ ਦਾਤਾ ਸਦਾ ਪ੍ਰਭੂ ਨੂੰ ਮੰਨਣਾ ਹੈ ਅਤੇ ਲੰਗਰ ਨੂੰ ਚਲਾਉਣ ਵਾਲਾ ਸਦਾ ਉਸ ਲਾਸਾਨੀ ਸਤਿਗੁਰੂ ਜੀ ਨੂੰ ਮੰਨਣਾ ਹੈ ਜਿਨ੍ਹਾਂ ਨੇ "ਗ਼ਰੀਬ ਦਾ ਮੂੰਹ ਗੁਰੂ ਦੀ ਗੋਲਕ" ਵਾਲਾ ਸਿਧਾਂਤ ਖ਼ਾਲਸਾ ਜੀ ਨੂੰ ਦਿੱਤਾ ਸੀ। ਕਿਸੇ ਮਨੁੱਖ ਨੂੰ ਗੁਰਦੁਆਰੇ ਦਾ ਲੰਗਰ ਚਲਾਉਣ ਵਾਲਾ ਕਦੇ ਨਹੀਂ ਮਿਥਣਾ। ਲੰਗਰ ਦੀ ਤਿਆਰੀ ਦੇ ਸਮੇਂ ਤੋਂ ਆਰੰਭ ਹੋ ਕੇ, ਛਕਣਾ ਆਰੰਭ ਕਰਨ ਸਮੇਂ ਤੱਕ ਗੁਰਬਾਣੀ ਸ਼ਬਦ ਦਾ ਗਾਇਨ, ਜਾਂ 'ਸਤਿਨਾਮ ਵਾਹਿਗੁਰੂ' ਜਾਪ ਕਰਦੇ ਕਰਵਾਉਂਦੇ ਰਹਿਣਾ। ਭੋਜਨ ਗ਼ਰੀਬੀ ਦਾਅਵੇ ਵਾਲਾ ਸਾਦਾ ਬਣੇ, ਭਾਵ, ਦਾਲ ਫੁਲਕਾ, ਅਚਾਰ, ਗੰਡਾ ਆਦਿ (ਜੇ ਕਦੇ ਸ਼ਰਦਾ ਹੋਵੇ ਤਾਂ ਕੜਾਹ-ਪ੍ਰਸ਼ਾਦ ਅਥਵਾ ਦੁੱਧ ਘਿਉ ਵਾਲੀ ਖੀਰ ਆਦਿ ਪੌਸ਼ਟਿਕ ਪਦਾਰਥ ਵੀ ਬਣਾਏ ਜਾ ਸਕਦੇ ਹਨ-

੧- **ਲੰਗਰਿ ਦਉਲਤਿ ਵੰਡੀਐ, ਰਸੁ ਅੰਮ੍ਰਿਤੁ ਖੀਰਿ ਘਿਆਲੀ॥** (ਪੰਨਾ-੯੬੭)

ਇਸ ਮਰਯਾਦਾ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਆਪਾ ਫਰੋਲਦੇ ਹਾਂ :--

(੨) ਗੁਰੂ ਦੇ ਲੰਗਰ ਦੇ ਰਾਸ਼ਨ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ ਸੀ ਹੋਇਆ ਕਰਦਾ ਕਿ ਦਾਲ ਕੌਣ ਪੁਚਾ ਰਿਹਾ ਹੈ, ਘਿਉ, ਆਟਾ, ਮੈਦਾ, ਸਬਜ਼ੀ ਦੁੱਧ ਪੁਚਾਈ ਰਖਣ ਵਾਲੇ ਸ਼ਰਧਾਲੂ ਕਿਹੜੇ ਹਨ? ਅਰਦਾਸ ਵਿਚ ਸਦਾ ਏਹੀ ਸੁਣੀਦਾ ਸੀ--"ਦਾਤਾਰ ਦੀਆਂ ਬਖ਼ਸ਼ੀਆਂ ਦਾਤਾਂ ਵਿਚੋਂ ਆਪ ਜੀ ਦੀ ਮਿਹਰ ਦਾ ਸਦਕਾ ਲੰਗਰ ਤਿਆਰ ਹੈ, ਆਪ ਜੀ ਨੂੰ ਪਰਵਾਨ ਹੋਇਆ ਲੰਗਰ ਸੰਗਤ ਵਿਚ ਵਰਤੇ"। ਪਰ ਹੁਣ ਅਰਦਾਸ ਵਿਚ ਇਹ ਸੁਣਿਆ ਜਾਂਦਾ ਹੈ--ਅੱਜ ਲੰਗਰ ਦੀ ਸੇਵਾ,..........ਸਿੰਘ ਕਰਵਾ ਰਿਹਾ ਹੈ ਵਰਗੇ ਮਿੱਠੇ-ਬੋਲ-ਰੂਪ ਸੋਹਣੇ ਗਹਿਣਿਆਂ ਵਿਚ ਸਜਾਇਆਂ "**ਮੁਖਿ ਝੂਠ ਬਿਭੂਖਣ ਸਾਰੰ**"- ਜਿਹੜਾ ਝੂਠ ਬੋਲਿਆ ਜਾਂਦਾ ਹੈ, ਉਸ ਦਾ ਠੀਕ ਭਾਵ ਇਹ ਬਣਦਾ ਹੈ] "ਹੇ ਸਾਡੇ ਕਾਬੂ ਆਏ ਗੁਰੂ ਸਾਹਿਬ ਜੀਓ! ਪਹਿਲੀ ਗੱਲ ਤਾਂ ਇਹ ਹੈ ਕਿ ਬ੍ਰਾਹਮਣਾਂ ਦੇ ਦੇਵੀ ਦੇਵਤਿਆਂ ਵਾਂਗ ਸਾਹਮਣੇ ਰੱਖੀ ਭੋਜਨ ਪਕਵਾਨ ਦੀ ਥਾਲੀ ਨੂੰ ਭੋਗ ਲਉ ਅਤੇ ਫਿਰ ਅਜਿਹੇ ਬਚਨ ਕਿ--

ਅਣਮੰਗਿਆ ਦਾਨੁ ਦੇਵਣਾ ਕਹੁ ਨਾਨਕ ਸਚੁ ਸਮਾਲਿ ਜੀਉ ॥
ਜੋ ਮਾਗੈ ਸੋ ਭੂਖਾ ਰਹੈ ॥ ਅਥਵਾ--ਮਾਗਤ ਮਾਣੁ ਨਾ ਪਾਵੈ ॥

ਕਹਿ ਕੇ ਸਾਨੂੰ ਮਤਿ ਦੇਈ ਜਾਣ ਵਾਲੀ ਆਪਣੀ ਪੁਰਾਣੀ ਜ਼ਿਦ ਛਡੋ। ਸੱਚੇ ਪਾਤਸ਼ਾਹੋ! ਹੁਣ ਤੁਹਾਡਾ ਫ਼ਰਜ਼ ਇਹ ਬਣਦਾ ਹੈ ਕਿ ਜਿਸ ਤੁਹਾਡੇ ਨਿਰਾਲੇ ਸੇਵਕ ਨੇ ਲੰਗਰ ਕਰਾ ਕੇ ਤੁਹਾਡਾ ਅੱਜ ਦਾ ਬੁੱਤਾ ਸਾਰਿਆ ਹੈ ਉਸ ਦੇ ਇਸ ਉਪਕਾਰ ਦੇ ਬਦਲੇ ਉਸ ਦੀਆਂ ਮਨੋਕਾਮਨਾਵਾਂ ਪੂਰੀਆਂ ਕਰੋ। ਉਸ ਦੇ ਕਾਕੇ ਦੀ ਬਿਮਾਰੀ ਕੱਟ ਕੇ ਉਸ ਨੂੰ ਦੇਹ ਅਰੋਗਤਾ ਬਖ਼ਸ਼ੋ, ਨਾਲੇ ਤੁਹਾਡਾ ਏਹੀ ਸੇਵਕ ਗੁਰਦੁਆਰੇ ਦੀ ਕਮੇਟੀ ਦੀ ਪ੍ਰਧਾਨਗੀ ਲਈ ਖ਼ਲੋਤਾ ਹੈ, ਤੁਸੀ ਸਾਰੇ ਵੋਟਰਾਂ ਦੇ ਮਨ ਦੀ ਅਜਿਹੀ ਚਕਰੀ ਭੁਆਂਉ ਕਿ ਉਹ ਆਪਣੀ ਵੋਟ ਏਸੇ ਨਿਰਮਾਣ ਅਤੇ ਨਿਸ਼ਕਾਮ ਸੇਵਕ ਨੂੰ ਹੀ ਪਾਉਣ ਆਦਿ। ਜਿਸ ਵੀ ਅਜਿਹੇ ਸੇਵਕ ਨੇ ਲੰਗਰ ਕਰਾਉਣਾ ਹੁੰਦਾ ਹੈ ਉਹ ਪਿਛਲੀ ਰਾਤ ਆਪਣੇ ਸੱਜਣਾ ਮਿੱਤਰਾਂ ਸਾਕ ਸੰਬੰਧੀਆਂ ਨੂੰ ਫ਼ੂਨ ਕਰਦਾ ਰਿਹਾ ਹੁੰਦਾ ਕਿ, "ਕੱਲ੍ਹ ਲੰਗਰ ਮੇਰਾ ਹੈ, ਪਕਾਉਣ ਲਈ ਅਥਵਾ ਖਾਣ ਪੀਣ ਲਈ ਜ਼ਰੂਰ ਆਇਓ"। ਨਾਲੇ ਗੁਰੂ ਦਾ ਬੁੱਤਾ ਸਾਰ ਦਿੱਤਾ ਅਤੇ ਨਾਲੇ ਯਾਰਾਂ ਦੋਸਤਾਂ ਵਿਚ ਠੁੱਕ ਬੰਨ੍ਹ ਲਈ। ਅਖੇ ਨਾਲੇ ਪੁੰਨ ਨਾਲੇ ਫਲੀਆਂ। ਪੈਗ ਲਾਉਣ ਦੇ ਸ਼ੁਕੀਨ ਗੁਰੂ ਦੇ ਲਾਲ, ਕਾਰ ਵਿਚ ਰਖੀਆਂ ਬੋਤਲਾਂ ਵਿਚੋਂ ਡਰਮ ਦੋ ਡਰਮ ਅੰਦਰ ਸਿੱਟ ਕੇ, ਖਟੇ ਮਿੱਠੇ ਵਾਲਾ ਭੋਜਨ ਬੜੀ ਦਲੇਰੀ ਨਾਲ ਨਿੱਸਲ ਹੋ ਕੇ ਖਾਂਦੇ ਹਨ--"ਅੱਜ ਆਪਣੇ ਸਾਡੇ ਜੌਹਲ ਸਾਹਿਬ ਦਾ ਲੰਗਰ ਹੈ, ਕਮੇਟੀ ਵਾਲੇ ਮਾਮੇ ਲੱਗਦੇ ਆ ਸਾਨੂੰ ਰੋਕਣ ਵਾਲੇ"। ਕਮੇਟੀ ਵਾਲੇ ਜੇ ਅਜਿਹੇ ਸ਼ਰਾਬੀ ਨੂੰ ਲੰਗਰ ਵਿਚੋਂ ਬਾਹਰ ਕੱਢ ਦੇਣ ਤਾਂ

ਘਰ ਵਾਲੇ ਸਮੇਤ ਕਈ ਵੋਟਰਾਂ ਦੇ ਵਿਗੜ ਜਾਣ ਦਾ ਡਰ ਖਾ ਰਿਹਾ ਹੁੰਦਾ ਹੈ। ਅਗਲੀ ਚੋਣ ਵਿਚ ਗੋਲਕ ਦੀ ਅਯੋਗ ਵਰਤੋਂ ਕਰ ਸਕਣ ਵਾਲਾ ਸੁਨਹਿਰੀ ਮੌਕਾ ਹੱਥੋਂ ਖੁਸ ਜਾਣ ਦਾ ਡਰ ਮੂੰਹ ਪਾੜ ਕੇ ਸਾਹਮਣੇ ਆ ਖਲੋਂਦਾ ਹੈ, ਗੁਰੂ ਵਿਚਾਰੇ ਦਾ ਕੀ ਹੈ? ਅਖੇ "ਰੱਬ ਨੇੜੇ ਕਿ ਘਸੁੰਨ", ਕਰਨ ਦਿਉ ਮੌਜ] --ਗੁਰਦੁਆਰੇ ਕਰਵਾਇਆ ਅਜਿਹਾ ਲੰਗਰ ਗੁਰੂ-ਕਾ ਲੰਗਰ ਨਹੀਂ ਹੁੰਦਾ ਉਹ ਲੰਗਰ ਉਸ ਦਾ ਹੁੰਦਾ ਹੈ ਜਿਸ ਦਾ ਨਾਮ ਅਰਦਾਸ ਵਿਚ ਆ ਜਾਂਦਾ ਹੈ। ਪਰ ਜੇ ਕੇਸਕੀ ਬੰਨ੍ਹੀਆਂ ਗੁਰਮੁਖ ਬੱਚੀਆਂ ਆਪਣੇ ਘਰੀਂ ਗੁਰਬਾਣੀ ਪੜ੍ਹਦਿਆਂ ਜਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਿਆਂ ਰਸੋਈ ਤਿਆਰ ਕਰਕੇ ਪਰਵਾਰ ਸਹਿਤ ਅਰਦਾਸ ਕਰਦੇ ਹਨ ਕਿ-- "ਹੇ ਸੱਚੇ ਪਿਤਾ ਦਾਤਾਰ ਜੀਓ! ਤੁਹਾਡੀ ਬਖ਼ਸ਼ਸ਼ ਦੇ ਭੰਡਾਰੇ ਵਿਚੋਂ ਤੁਹਾਡੀ ਮਿਹਰ ਨਾਲ ਲੰਗਰ ਤਿਆਰ ਹੈ, ਕੋਈ ਅਤਿਥੀ ਤੁਸ ਅੱਜ ਭੇਜਿਆ ਨਹੀਂ। ਸੋ ਮਿਹਰ ਕਰੋ ਅਤੇ ਪਰਵਾਰ ਦੇ ਹਿਰਦਿਆਂ ਵਿਚ ਬੈਠ ਕੇ ਪ੍ਰਸ਼ਾਦਿ ਛਕਣ ਵਿਚ ਪਰਵਾਰ ਦੇ ਸਹਾਈ ਬਣੋ" ਤਾਂ ਘਰ ਬਣਿਆ ਲੰਗਰ ਨਿਸੰਦੇਹ **"ਗੁਰੂ ਕਾ ਲੰਗਰ"** ਹੈ, ਜਦ ਕਿ ਗੁਰਦੁਆਰੇ ਬਣਿਆ ਉਪਰੋਕਤ ਲੰਗਰ Picnic Party ਨਾਲੋਂ ਵੀ ਥੱਲੇ ਹੈ, ਕਿਉਂਕਿ-

੨- **ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥** (ਪੰਨਾ-੭੮੯)
ਵਾਲਾ ਭਾਣਾ ਨਾਲੋ ਨਾਲ ਵਰਤ ਰਿਹਾ ਹੁੰਦਾ ਹੈ।

(੩) ਗੁਰੂ ਦਾ ਲੰਗਰ ਤਾਂ ਦੂਰ ਦੁਰਾਡਿਉਂ ਆਈ ਸੰਗਤਿ ਲਈ ਜੋ ਸਾਧਨ ਨਾ ਹੋਣ ਕਰਕੇ ਆਪਣੇ ਘਰ ਵਿਚ ਨਹੀਂ ਸਨ ਪਰਤ ਸਕਦੇ, ਅਥਵਾ ਗੁਰੂ ਕਾ ਲੰਗਰ ਲੋੜਵੰਦ ਗ਼ਰੀਬ ਅਨਾਥਾਂ ਲਈ ਬਣਿਆ ਸੀ, ਪਰ ਅੱਜ ਅਸੀਂ ਆਪਣੇ ਘਰ ਖਾਣ ਦੀ ਥਾਂ ਗੁਰਦੁਆਰੇ ਕੇਵਲ ਰੋਟੀ ਖਾਣ ਦੇ ਲਾਲਚ ਨਾਲ ਪੁੱਜਦੇ ਹਾਂ ਅਤੇ ਲੰਗਰ ਪਕਾਉਣ ਵਾਲੇ ਸੇਵਾਦਾਰ ਵਿਚੋਂ ਅਥਵਾ ਕਮੇਟੀ ਦੇ ਕਈ ਮੈਂਬਰ ਹਫ਼ਤੇ ਦਾ ਰਾਸ਼ਨ ਘਰੀਂ ਪਏ ਫਰਿਜ ਵਿਚ ਜਾ ਟਿਕਾਉਂਦੇ ਹਨ। ਫਿਰ ਅੱਜ ਲੰਗਰ ਛਕਣ ਵਾਲਿਆਂ ਵਿਚ ਅਜਿਹਾ ਕੋਈ ਨਹੀਂ ਹੁੰਦਾ ਜਿਹੜੇ ਦੀਵਾਨ ਦਾ ਭੋਗ ਪੈਣ ਉਪ੍ਰੰਤ ੫/੧੦ ਮਿੰਟ ਵਿਚ ਕਾਰ 'ਤੇ ਆਪਣੇ ਘਰ ਨਹੀਂ ਪੁੱਜ ਸਕਦਾ। ਅੱਜ ਗੁਰੂ ਦਾ ਲੰਗਰ, ਕੁਝ ਲਈ ਗ੍ਰੋਸਰੀ 'ਤੇ ਕੀਤੇ ਜਾਂਦੇ ਖ਼ਰਚ ਵਿਚ ਬੱਚਤ ਦਾ, ਅਥਵਾ outgoing ਦਾ ਸਾਧਨ ਬਣ ਚੁੱਕਾ ਹੈ।

(੪) ਦਾਲ ਫੁਲਕੇ ਵਾਲਾ ਸਾਦਾ ਲੰਗਰ ਤਾਂ ਓਨਾ ਚਿਰ ਸੀ ਜਦ ਤੱਕ ਗ਼ਰੀਬਾਂ ਦੇ ਸਹਾਈ, ਗ਼ਰੀਬੀ, ਨਿਮਰਤਾ ਦੇ ਪ੍ਰਤੀਕ, ਗੁਰੂ ਨਾਨਕ ਜੀ ਦਾ ਲੰਗਰ ਹੁੰਦਾ ਸੀ। ਅੱਜ ਲੰਗਰ ਕਰਾਉਣ ਵਾਲੇ ਵੀ ਕਾਰਾਂ ਕੋਠੀਆਂ ਵਾਲੇ ਅਤੇ ਖਾਣ ਵਾਲੇ ਵੀ ਵੈਨਾਂ

ਕਾਰਾਂ ਵਾਲੇ। ਫਿਰ ਲੰਗਰ ਵਿਚ, ਖੱਟੇ ਮਿੱਠੇ ਅਤੇ ਲੂਣੇ ਕਈ ਪਰਕਾਰ ਦੇ ਭੋਜਨ ਅਤੇ ਮਠਿਆਈਆਂ ਕਿਵੇਂ ਨਾ ਬਣਨ? ਅਸਲ ਵਿਚ ਅੱਜ ਗੁਰੂ ਦਾ ਲੰਗਰ Picnic Party ਬਣ ਚੁੱਕੇ ਹਨ। ਘਰਾਂ ਦੀਆਂ ਜ਼ਰੂਰੀ ਗੱਲਾਂ ਅਥਵਾ ਚੁਗ਼ਲੀ ਨਿੰਦਿਆ ਕਰਨ ਦੇ ਰੁਝੇਵੇਂ ਵਿਚੋਂ ਵਿਹਲ ਕਿਥੇ ਮਿਲਦੀ ਹੈ ਜੋ ਲੰਗਰ ਵਿਚ ਗੁਰਬਾਣੀ ਦੇ ਸ਼ਬਦ ਪੜ੍ਹੇ ਜਾਣ ਅਥਵਾ ਸਤਿਨਾਮ ਵਹਿਗੁਰੂ ਦਾ ਜਾਪ ਕੀਤਾ ਕਰਾਇਆ ਜਾ ਸਕੇ? ਲੰਗਰ ਦੇ ਉਪ੍ਰੋਕਤ ਵਰਣਨ ਪੱਖ ਵਾਲੀ ਮਰਯਾਦਾ ਦੀ ਖਿਲੀ ਉਡਾਈ ਜਾ ਰਹੀ ਹੁੰਦੀ ਹੈ।

੫) ਕਿਸੇ ਪ੍ਰਕਾਰ ਦੀ ਭਿੱਟ ਅਤੇ ਛੂਤ ਛਾਤ ਦੇ ਭਰਮ ਦਾ ਨਾਸ ਕਰਨ ਲਈ ਲੰਗਰ ਦੀ ਤਿਆਰੀ ਵਿਚ ਹਿੱਸਾ ਪਾਉਣ ਸਮੇਂ, ਅਥਵਾ ਛਕਣ ਛਕਾਉਣ ਵਿਚ ਜਾਤ ਪਾਤ, ਊਚ ਨੀਚ, ਚੰਗੇ ਮਾੜੇ ਦਾ ਕੋਈ ਵਿਤਕਰਾ ਨਾ ਕੀਤਾ ਜਾਵੇ।-

੩- **ਏਕੁ ਪਿਤਾ ਏਕਸ ਕੇ ਹਮ ਬਾਰਿਕ--ਅਥਵਾ--ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥** (ਪੰਨਾ-੧੩੪੯)

ਗੁਰਮਤਿ ਸਿਧਾਂਤ ਦੀ ਖੰਡਨਾ ਨਹੀਂ ਹੋਣ ਦੇਣੀ, ਪਰ ਅਸੀਂ ਏਡੇ ਨੀਚ ਬਣ ਰਹੇ ਹਾਂ ਕਿ ਆਪਣੇ ਹੀ ਭਰਾਵਾਂ ਵਿਚ ਵਿਤਕਰੇ ਪਾ ਰਹੇ ਹਾਂ। ਕਿਸੇ ਦਾ ਦਿਲ **ਨਿਗੁਰਾ** ਕਹਿ ਕੇ ਅਤੇ ਕਿਸੇ ਨੂੰ **ਪਤਿਤ** ਕਹਿ ਕੇ ਦੁਖਾ ਰਹੇ ਹਾਂ। ਖ਼ਾਸ ਕਰਕੇ ਭਾਈ ਰਣਧੀਰ ਸਿੰਘੀਏ ਭਾਵ, ਬਿਬੇਕੀਏ ਅਤੇ ਭਿੰਡਰਾਂ ਵਾਲਿਆਂ ਦੀ ਅਥਵਾ ਡੇਰਾਵਾਦ ਦੀ ਮਰਯਾਦਾ ਨਾਲ ਬਣੇ ਅੰਮ੍ਰਿਤਧਾਰੀ, ਸਤਿਗੁਰਾਂ ਦੀ ਉਪ੍ਰੋਕਤ ਮਰਯਾਦਾ ਦੀ ਖੰਡਨਾ ਕਰਨੀ ਆਪਣਾ ਸਿੱਖੀ ਧਰਮ ਥਾਪ ਬੈਠੇ ਹਨ। ਹਾਲਾਂਕਿ ਗੁਰੂ ਗ੍ਰੰਥ ਸਾਹਿਬ ਜੀ, ਵਿਖਾਵੇ ਵਾਲੀ ਮਰਯਾਦਾ ਨੂੰ ਹੰਕਾਰ ਪੈਦਾ ਕਰਨ ਵਾਲੀ ਫ਼ੁਰਮਾਨ ਕਰਕੇ ਹੰਕਾਰੀ ਮਨੁੱਖ ਨੂੰ ਗੰਭੀਰ ਕਿਸਮ ਦਾ ਪਤਿਤ ਅਥਵਾ ਮਨੁਮੁੱਖ ਮੰਨਦੇ ਹਨ। ਅੰਮ੍ਰਿਤਧਾਰੀ ਅਖੰਡ-ਪਾਠੀ ਵੀ ਜੇ ਝੂਠ ਬੋਲਦਾ ਹੈ ਤਾਂ ਗੁਰੂ ਗ੍ਰੰਥ ਸਾਹਿਬ ਜੀ ਨੇ ਉਸ ਨੂੰ ਨਿਗੁਰਾ ਫ਼ੁਰਮਾਨ ਕੀਤਾ ਹੈ-

੪- **ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥** (ਪੰਨਾ-੧੦੧੩)

(੬) ਸਫ਼ਾਈ ਰੱਖਣ ਵਾਲੇ ਜ਼ਰੂਰੀ ਨਿਯਮ ਨੂੰ, ਉਸ ਉਚੇਚੀ ਸੁੱਚਮ ਦੇ ਦੁਖਦਾਈ ਕਰਮਕਾਂਡੀ-ਭਰਮ ਤੋਂ ਨਿਰਲੇਪ ਰੱਖਣਾ, ਜਿਹੜਾ ਕਈ ਸਦੀਆਂ ਤੋਂ ਲੁੱਟ-ਖਾਣੇ ਪ੍ਰੋਹਿਤ ਨੇ ਪਾਇਆ ਹੋਇਆ ਸੀ। ਯਾਦ ਰਹੇ ਕਿ ਬ੍ਰਾਹਮਣੀ ਭਰਮ ਵਾਲੀ 'ਸੁੱਚ' ਅਤੇ 'ਜੂਠ' ਲਫ਼ਜ਼ ਅਰਬੀ ਫ਼ਾਰਸੀ, ਅੰਗ੍ਰੇਜ਼ੀ, ਜਰਮਨੀ, ਆਦਿ ਕਿਸੇ ਜ਼ਬਾਨ ਦੇ ਸ਼ਬਦ ਕੋਸ਼ ਵਿਚ ਨਹੀਂ ਮਿਲਦੇ। ਬ੍ਰਾਹਮਣਾਂ ਵਾਲੀ, ਅਥਵਾ ਅਜੋਕੇ ਬਿਬੇਕੀਆਂ ਅਤੇ ਡੇਰਾਵਾਦੀ

ਸਾਧਾ ਸੰਤਾਂ ਵਾਲੀ 'ਸੁੱਚ' ਅਤੇ 'ਜੂਠ' ਸ਼ਾਇਦ ਹੀ ਹੈ ਜੋ ਸਾਰੇ ਸੰਸਾਰ ਦੇ ਕਿਸੇ ਧਰਮ ਵਿਚ ਹੋਵੇ। ਅਜਿਹੀ 'ਸੁੱਚ' ਦਾ ਅਤੇ 'ਜੂਠ' ਮੰਨਣ ਦਾ ਉਪਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਵੀ ਨਹੀਂ ਮਿਲਦਾ।

ਨਿਤ ਸਵੇਰੇ ਗੁਰੂ ਘਰਾਂ ਵਿਚ ਗਾਈ ਜਾਣ ਵਾਲੀ ਸ੍ਰੀ ਆਸਾ ਜੀ ਦੀ ਵਾਰ ਦੇ ਸਲੋਕ, ਜਿਸ ਵਿਚ ਉਚੇਚੀ ਸੁੱਚਮ ਦੇ ਪਖੰਡ-ਰੋਗ ਦਾ ਜ਼ਿਕਰ ਕਰਕੇ ਸਾਨੂੰ ਵਡਮੁੱਲਾ ਉਪਦੇਸ਼ ਦਿੱਤਾ ਹੈ। ਗੁਰਸਿੱਖਾਂ ਤੋਂ ਇਹ ਆਸ ਕਿਵੇਂ ਕੀਤੀ ਜਾਵੇ ਕਿ ਉਨ੍ਹਾਂ ਨੂੰ ਇਸ ਪਾਵਨ ਸਲੋਕ ਦੀ ਅਸਲ ਮਨਸ਼ਾ ਦਾ ਗਿਆਨ ਨਹੀਂ ਹੈ?

੫- ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥ ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ ॥ ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ ॥ ਕੁਹਥੀ ਜਾਈ ਸਟਿਆ, ਕਿਸੁ ਏਹੁ ਲਗਾ ਦੋਖੁ ॥ ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ ॥ ਤਾ ਹੋਆ ਪਾਕੁ ਪਵਿਤੁ ॥ ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ ॥ ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥ ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਇ ॥ ੧ ॥ (ਪੰਨਾ-੪੭੩)

ਅਤੇ ਹੋਰ ਵੀ ਵਡੇ ਸੂਚਾਚਾਰੀ ਲਈ ਸਤਿਗੁਰ ਦਾ ਫ਼ੁਰਮਾਨ:--

੬- ਸੁਇਨੇ ਕਾ ਚਉਕਾ ਕੰਚਨ ਕੁਆਰ ॥ ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ ॥ ਗੰਗਾ ਕਾ ਉਦਕੁ ਕਰੰਤੇ ਕੀ ਆਗਿ ਗਰੁੜਾ ਖਾਣਾ ਦੁਧ ਸਿਉ ਗਾਡਿ ॥ ੧ ॥ ਰੇ ਮਨ ਲੇਖੈ ਕਬਹੂ ਨ ਪਾਇ ॥ ਜਾਮਿ ਨ ਭੀਜੈ ਸਾਚ ਨਾਇ ॥ ੧ ॥ ਰਹਾਉ ॥ (ਪੰਨਾ-੧੧੬੮)

ਅਰਥ :- ਪ੍ਰਚਲਤ ਕਹਾਵਤ ਹੈ ਕਿ ਸੋਨਾ ਅਤੇ ਚਾਂਦੀ ਨਾ ਕਦੇ ਜੂਠੇ ਹੁੰਦੇ ਹਨ ਅਤੇ ਨਾ ਹੀ ਭਿੱਟੇ ਜਾ ਸਕਦੇ ਹਨ। (ਉਚੇਚੀ ਪਵਿਤ੍ਰਤਾ ਰੱਖਣ ਵਾਲਾ ਮਨੁੱਖ ਜੇ) ਸੋਨੇ ਦਾ ਚੌਕਾ (ਤਿਆਰ ਕਰੇ), ਸੋਨੇ ਦੇ ਹੀ (ਉਸ ਵਿਚ) ਭਾਂਡੇ ਵਰਤੇ, (ਚੌਂਕੇ ਨੂੰ ਸੁੱਚਾ ਰੱਖਣ ਲਈ ਉਸ ਦੁਆਲੇ) ਚਾਂਦੀ ਦੀਆਂ ਲਕੀਰਾਂ ਪਾਏ (ਤੇ ਸੁੱਚ ਵਾਸਤੇ) ਇਹੋ ਜਿਹੇ ਹੋਰ ਕਈ ਕੰਮਾਂ ਦਾ ਖਿਲਾਰਾ (ਖਿਲਾਰੇ), (ਭੋਜਨ ਤਿਆਰ ਕਰਨ ਲਈ ਜੇ ਉਹ) ਗੰਗਾ ਦਾ (ਪਵਿੱਤਰ) ਜਲ ਲਿਆਵੇ, ਅਤੇ (ਪਵਿੱਤਰ ਮੰਨੀ ਹੋਈ) ਅਰੁਣ ਦੀਆਂ ਲੱਕੜਾਂ ਦੀ ਅੱਗ (ਤਿਆਰ ਕਰੇ), ਜੇ ਉਹ (ਪਵਿੱਤਰ ਮੰਨੇ ਗਏ) ਦੁੱਧ ਵਿਚ ਰਲਾ ਕੇ ਰਿੱਝੇ ਹੋਏ ਚੌਲ ਦਾ ਭੋਜਨ ਕਰੇ, (ਤਾਂ ਵੀ) ਹੇ ਮਨ! ਅਜਿਹੇ ਸੁੱਚ ਦੇ ਕੋਈ ਵੀ ਅਡੰਬਰ ਸੱਚੀ ਦਰਗਾਹ ਵਿਚ ਪਰਵਾਨ ਨਹੀਂ ਹੁੰਦੇ। ਜਦੋਂ ਤੱਕ ਮਨੁੱਖ ਪ੍ਰਭੂ ਦੇ ਸੱਚੇ ਨਾਮ ਵਿਚ ਨਹੀਂ ਭਿੱਜਦਾ (ਪ੍ਰੀਤ ਨਹੀਂ ਪਾਉਂਦਾ)

ਉਸ ਦਾ ਕੋਈ ਵੀ ਉੱਦਮ ਪ੍ਰਭੂ ਨੂੰ ਪਸੰਦ ਨਹੀਂ। ੧।

ਜਜਮਾਨਾਂ ਵਲੋਂ ਰਸੋਈ ਵਿਚ ਰੱਖੀ ਉਚੇਚੀ "ਸੁੱਚਮ" 'ਤੇ ਵੀ ਭਰੋਸਾ ਨਾ ਕਰਕੇ ਸੂਚਾਚਾਰੀ ਬ੍ਰਾਹਮਣ ਨੇ ਭੋਜਨ ਛਕਣ ਲਈ ਚੌਂਕੇ ਵਿਚ ਬੈਠਣ ਲੱਗਿਆਂ, ਆਪਣੀ ਧੋਤੀ ਦਾ ਕੁਝ ਹਿੱਸਾ ਹੇਠਾਂ ਵਿਛਾ ਲਿਆ। ਪੰਚਮ ਗੁਰੂ ਨਾਨਕ ਸਾਹਿਬ ਨੇ ਉਸ ਕਥਿਤ ਸੁੱਚੇ ਪ੍ਰੋਹਿਤ ਜੀ ਨੂੰ ਗਰਧਪ ਭਾਵ ਗਧੇ (ਖੋਤੇ) ਵਾਂਗ ਢਿੱਡ ਭਰੀ ਜਾਣ ਵਾਲਾ ਕਹਿ ਕੇ ਸ਼ਬਦ ਉਚਾਰਨ ਕੀਤਾ-

੭- **ਧੋਤੀ ਖੋਲਿ ਵਿਛਾਏ ਹੇਠਿ ॥ ਗਰਧਪ ਵਾਂਗੂ ਲਾਹੇ ਪੇਟ ॥੧॥ ਬਿਨੁ ਕਰਤੂਤੀ ਮੁਕਤਿ ਨ ਪਾਈਐ ॥ ਮੁਕਤਿ ਪਦਾਰਥੁ ਨਾਮੁ ਧਿਆਈਐ ॥੧॥ ਰਹਾਉ ॥** (ਪੰਨਾ-੨੦੧)

ਸਾਰੇ ਸ਼ਬਦ ਵਿਚ ਉਚੇਚੀ ਸੁੱਚਮ ਰੱਖਣ ਵਾਲੇ ਪ੍ਰੋਹਿਤ ਦੀਆਂ ਨੀਚ ਕਰਤੂਤਾਂ ਨੰਗੀਆਂ ਕੀਤੀਆਂ ਹਨ।

ਸਤਿਗੁਰਾਂ ਦੇ ਬੇਅੰਤ ਉਪਕਾਰਾਂ ਦੀ ਅਤੇ ਉਨ੍ਹਾਂ ਦੀ ਤਾੜਨਾ [ਜਬ ਇਹ ਗਹੇ ਬਿੱਪ੍ਰਨ ਕੀ ਰੀਤ॥ ਮੈ ਨਾ ਕਰੋਂ ਇਨ ਕੀ ਪਰਤੀਤ] 'ਚ ਨਾ ਕਰਕੇ ਬਿੱਪ੍ਰਨ ਕੀ ਰੀਤ ਦੇ ਧਾਰਨੀ ਬਣ ਕੇ ਸਤਿਗੁਰਾਂ ਲਈ ਬੇਪ੍ਰਤੀਤੇ ਬਣ ਚੁੱਕੇ ਹਨ। ਪਰਤੀਤ ਜਿਤਣ ਲਈ ਬ੍ਰਾਹਮਣੀ ਰੀਤਾਂ ਦਾ ਤਿਆਗ ਕਰਨਾ ਹੋਵੇਗਾ। ਅੱਜ ਹਾਲਤ ਇਹ ਬਣ ਚੁੱਕੀ ਹੈ ਕਿ ਜੇ ਸਤਿਗੁਰ ਜੀ ਉਵੇਂ ਹੀ ਬੇਬੇ ਨਾਨਕੀ ਦੇ ਵੀਰ ਬਣ ਕੇ ਅਵਤਾਰੀ ਹੋ ਜਾਣ ਤਾਂ ਸਾਡੇ ਜਿਹੇ--ਧਰਤੀ ਲਈ ਭਾਰ ਬਣੇ ਹੋਏ ਵਡੇ ਅਕ੍ਰਿਤਘਣਾਂ [ਭਾਰੇ ਭੁਇੰ ਅਕ੍ਰਿਤਘਣ] ਵਿਚ ਇਕ ਸੁਆਸ ਲੈਣਾ ਵੀ ਪਸੰਦ ਨਾ ਕਰਨ। ਜੋ ਕੁਝ ਉਨ੍ਹਾਂ ਨੇ ਕਦੇ ਬ੍ਰਾਹਮਣ ਨੂੰ ਸੰਬੋਧਨ ਕਰਕੇ ਕਿਹਾ ਸੀ ਅੱਜ ਸਾਨੂੰ ਸੰਬੋਧਨ ਕਰਕੇ ਕਈ ਗੁਣਾ ਵੱਧ ਕਰੜੇ ਸ਼ਬਦਾਂ ਵਿਚ ਵੀ ਸਿਖਿਆ ਦੇਣੀ ਜੇ ਮੰਨ ਜਾਣ, ਤਾਂ ਸਮਝੋ ਕਿ ਅਜੇ ਵੀ ਸਾਡੀ ਕਿਸਮਤ ਚੰਗੀ ਹੈ। ਅਜ ਤਾਂ ਕਿਸੇ ਨਾਸਤਕ ਨਾਲ ਤਾਂ ਭਾਵੇਂ ਗੁਰਦੇਵ ਜੀ ਹੱਸ ਕੇ ਬੋਲ ਪੈਣ ਪਰ ਅਸੀਂ ਇਸ ਹੱਦ ਤੱਕ ਗਿਰ ਚੁੱਕੇ ਹਾਂ ਕਿ ਸਤਿਗੁਰੂ ਜੀ ਸਾਡਾ ਮੂੰਹ ਵੇਖਣਾ ਵੀ ਪਸੰਦ ਨਹੀਂ ਕਰਨ ਲੱਗੇ। ਅਸੀਂ ਇਸ ਦੂਸ਼ਨ ਤੋਂ ਕਿਸ ਦਲੀਲ ਨਾਲ ਮੁਕਤ ਹੋ ਸਕਦੇ ਹਾਂ ਕਿ--"ਗੁਰੂ ਦੇ ਲੰਗਰ ਦੀ ਮਰਯਾਦਾ ਦੇ ਉਪ੍ਰੋਕਤ ਪੱਖ ਦੀ ਵੀ ਖੰਡਨਾ ਕਰੀ ਜਾਣ ਨੂੰ ਅਸੀਂ ਆਪਣਾ ਹੱਕ ਮੰਨ ਚੁੱਕੇ ਹਾਂ"?

(੪) ਨਿਆਰੇ ਸਤਿਗੁਰਾਂ ਨੇ 'ਰਾਜਾ ਰੰਕ ਬਰਾਬਰੀ' ਵਾਲਾ ਨਿਆਰਾ ਸਿਧਾਂਤ ਕਾਇਮ ਕਰਨ ਲਈ ਲੰਗਰ ਵਿਚ ਸਾਂਝੀਵਾਲਤਾ ਦਾ ਅਤੇ ਸਾਰਿਆਂ ਨੇ ਰਲ-ਮਿਲ ਕੇ ਇੱਕ ਪੱਧਰ 'ਤੇ ਬੈਠ ਕੇ ਲੰਗਰ ਛਕਣ ਦੀ ਮਰਯਾਦਾ ਬਣਾਈ। ਜੇ ਰਾਜਾ ਤਖ਼ਤ 'ਤੇ ਬੈਠ ਕੇ ਖਾਣਾ ਚਾਹੁੰਦਾ ਹੈ ਤਾਂ ਗ਼ਰੀਬੜਾ ਕਿਰਤੀ ਵੀ ਉਸ ਦੇ ਨਾਲ ਹੀ ਤਖ਼ਤ 'ਤੇ ਬੈਠ

ਕੇ ਲੰਗਰ ਛਕੇ ਭਾਵ, ਸਮਾਨਤਾ ਦਾ ਸਿਧਾਂਤ ਕੇਵਲ ਸਿਖੀ ਦੇ ਧਰਮ ਅਸਥਾਨਾ ਤੱਕ ਹੀ ਸੀਮਤ ਰੱਖਣ ਦੀ ਗੱਲ ਨਹੀਂ ਸੀ ਸਗੋਂ ਜ਼ਿੰਦਗੀ ਦੇ ਹਰ ਪੱਖ ਵਿਚ ਇਸ ਸਿਧਾਂਤ ਦੀ ਪਾਲਣਾ ਦਾ ਹੁਕਮ ਹੈ।

ਅਸੀਂ ਪਿਛੇ ਸਮਝ ਆਏ ਹਾਂ ਕਿ ਕਿਸੇ ਕਾਮਨਾਂ ਦੇ ਅਧੀਨ ਕੀਤਾ ਧਰਮ-ਕਰਮ ਕੇਵਲ ਨਿਸਫ਼ਲ ਹੀ ਨਹੀਂ ਸਗੋਂ ਮਨੁੱਖ ਦੇ ਮਨ ਵਿਚ ਹੰਕਾਰ ਪੈਦਾ ਕਰਦਾ ਹੈ। ਸੋ ਜੇ ਕੇਵਲ ਹੰਕਾਰ ਦੀ ਪਰਦਰਸ਼ਨੀ ਕਰਨ ਲਈ ਕੋਈ ਧਰਮ-ਕਰਮ ਕੀਤਾ ਜਾਵੇ ਤਾਂ ਆਤਮਕ ਮੌਤ ਸਹੇੜਨ ਵਾਲੀ ਕਰਤੂਤ ਹੁੰਦੀ ਹੈ। ਸਮਾਨਤਾ ਅਥਵਾ ਬਰਾਬਰਤਾ ਵਾਲੇ ਗੁਰਮਤਿ ਸਿਧਾਂਤ ਦੇ ਅਸਲ ਮਨਸ਼ੇ ਨੂੰ ਭੁੱਲ ਭੁਲਾ ਕੇ ਗੁਰਦੁਆਰੇ ਲੰਗਰ ਛਕਣ ਲਗਿਆਂ **ਪੰਗਤ ਵਿਚ ਭੁੰਜੇ ਬਹਿਣ ਨੂੰ ਸਿੱਖੀ ਧਰਮ ਦਾ ਹਿੱਸਾ ਅਥਵਾ ਧਰਮ ਕਰਮ ਮੰਨਣਾ ਗੁਰਮਤਿ ਨਹੀਂ ਸਗੋਂ ਬ੍ਰਾਹਮਣੀ ਕਰਮ-ਕਾਂਡ ਹੈ**। ਵਿਖਾਵੇ ਵਾਲੇ ਧਰਮ-ਕਰਮ ਬਾਰੇ ਸਤਿਗੁਰ ਦਾ ਫ਼ੁਰਮਾਨ ਹੈ-

ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥ ੧॥ (ਪੰਨਾ-੬੪੧)

ਕਾਮ ਕ੍ਰੋਧ ਲੋਭ ਮੋਹ ਹੰਕਾਰ ਤੋਂ ਪਿੱਛਾ ਤਾਂ ਕੀ ਛੁਟਣਾ ਸੀ, ਸਗੋਂ ਅਜਿਹੇ ਕਾਮਨਾ ਗ੍ਰਸੇ ਕਰਮਾਂ ਨਾਲ ਹੰਕਾਰ ਹੋਰ ਵੀ ਵਧ ਜਾਂਦਾ ਹੈ। ਮਨ ਵਿਚ ਹਉਮੈ ਵਾਲੀ ਬੁਧ ਵਧਾਉਂਦਾ ਹੈ ਅਤੇ ਮਨੁੱਖ ਭਾਵੇਂ ਅੰਮ੍ਰਿਤਧਾਰੀ ਹੀ ਹੋਵੇ, ਜਿਥੇ ਹਉਮੈ ਹੈ ਉਸ ਹਿਰਦੇ ਵਿਚ ਵਾਹਿਗੁਰੂ ਦਾ ਵਾਸਾ ਨਹੀਂ ਹੋ ਸਕਦਾ-

ਹਉਮੈ ਨਾਵੈ ਨਾਲ ਵਿਰੋਧ ਹੈ ਦੋਇ ਨ ਵਸਹਿ ਇਕ ਠਾਇ ॥ (ਪੰਨਾ-੫੬੦)

ਜਿਥੇ ਰੱਬ ਦਾ ਵਾਸਾ ਨਹੀਂ ਉਥੇ ਵਿਕਾਰ ਦੀ ਰੌਣਕ ਵਧਦੀ ਹੈ ਅਤੇ ਰੱਬ ਤੋਂ ਟੁਟਿਆਂ ਲੋਭੀ ਹੰਕਾਰੀਆਂ ਨੂੰ ਗੁਰਮਤਿ ਨੇ **'ਸਾਕਤ'** ਕਿਹਾ ਹੈ-

ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ ॥ (ਪੰਨਾ-੧੩)

ਹਉਮੈ ਰੱਬ ਤੋਂ ਤੋੜ ਕੇ ਮਨੁੱਖ ਨੂੰ ਸਾਕਤ ਬਣਾ ਦਿੰਦੀ ਹੈ। ਸਾਕਤ ਮਨੁੱਖ ਝੂਠਾ ਹੁੰਦਾ ਹੈ ਅਤੇ ਉਸ ਨੂੰ ਸੱਚ ਚੰਗਾ ਨਹੀਂ ਲੱਗਦਾ-

ਸਾਕਤ ਕੂੜੇ ਸਚੁ ਨ ਭਾਵੈ ॥ (ਪੰਨਾ-੧੦੯)

ਸਤਿਗੁਰੂ ਗ੍ਰੰਥ ਸਾਹਿਬ ਨੇ ਹੰਕਾਰ ਗ੍ਰਸੇ ਸਾਕਤ ਮਨੁੱਖ ਨੂੰ ਅਜਿਹੀ ਕਾਲੀ ਕੰਬਲੀ ਕਿਹਾ ਹੈ ਜੋ ਧੋਤਿਆਂ ਕਦੇ ਚਿੱਟੀ ਨਹੀਂ ਹੋ ਸਕਦੀ-

ਸਾਕਤ ਕਾਰੀ ਕਾਂਬਰੀ ਧੋਏ ਹੋਇ ਨ ਸੇਤੁ ॥ (ਪੰਨਾ-੧੩੬੯)

ਅੰਗ ਸੰਗ ਹੁੰਦੇ ਸਿਰਜਣਹਾਰ ਨੂੰ ਲੋਭੀ ਸਾਕਤ ਨਰ ਉਸ ਨੂੰ ਸਦਾ ਦੂਰ ਹੀ ਸਮਝਦਾ ਹੈ ਅਤੇ ਨਿਰਭੈ ਹੋ ਕੇ ਝਗੜੇ ਸਹੇੜਦਾ ਹੈ-

ਏਕੋ ਏਕੁ ਰਹਿਆ ਭਰਪੂਰਿ ॥ ਸਾਕਤ ਨਰ ਲੋਭੀ ਜਾਣਹਿ ਦੂਰਿ ॥ ੩ ॥ (ਪੰਨਾ-੧੧੭੭)

ਹੰਕਾਰੀ-ਲੋਭੀ-ਕੁੱਤਾ-ਸਾਕਤ (ਬੇਸ਼ਕ ਅੰਮ੍ਰਿਤਧਾਰੀ ਹੀ ਹੋਵੇ), ਉਸ ਲਈ ਬੇਅੰਤ ਗੁਰੂਸ਼ਬਦਾਂ ਵਿਚੋਂ ਕੁਝ ਫ਼ੁਰਮਾਨ ਇਸ ਪ੍ਰਕਾਰ ਹਨ --

੮ **ਸਾਕਤ ਸੁਆਨ ਕਹੀਅਹਿ ਬਹੁ ਲੋਭੀ ਬਹੁ ਦੁਰਮਤਿ ਮੈਲੁ ਭਰੀਜੈ ॥ ਆਪਨ ਸੁਆਇ ਕਰਹਿ ਬਹੁ ਬਾਤਾ ਤਿਨ ਕਾ ਵਿਸਾਹੁ ਕਿਆ ਕੀਜੈ ॥ ੬ ॥ (ਪੰਨਾ-੧੩੨੬)**

ਅਰਥ:--ਪਰਮਾਤਮਾ ਨਾਲੋਂ ਟੁੱਟੇ ਹੋਏ ਮਨੁੱਖ ਬਹੁਤ ਲੋਭੀ ਹੁੰਦੇ ਹਨ, ਕੁੱਤੇ (ਦੇ ਸੁਭਾਵ ਵਾਲੇ) (ਕਹੇ ਜਾਂਦੇ ਹਨ, (ਉਨ੍ਹਾਂ ਦੇ ਅੰਦਰ) ਖੋਟੀ ਮਤਿ ਦੀ ਮੈਲ ਸਦਾ ਭਰੀ ਰਹਿੰਦੀ ਹੈ। (ਸਾਕਤ ਮਨੁੱਖ) ਆਪਣੀ ਗ਼ਰਜ਼ ਦੀ ਖ਼ਾਤਰ ਬਹੁਤ ਗੱਲਾਂ ਕਰਦੇ ਹਨ, ਪਰ ਉਨ੍ਹਾਂ ਦਾ ਇਤਬਾਰ ਨਹੀਂ ਕਰਨਾ ਚਾਹੀਦਾ।

ਗੁਰਮਤਿ ਦਾ ਇਹ ਅਟੱਲ ਸਿਧਾਂਤ ਹੈ ਕਿ ਜਿਥੇ ਹਉਮੈ ਹੈ ਉਥੇ ਰੱਬ ਦਾ ਨਾਮ ਕਦੇ ਨਹੀਂ ਟਿਕ ਸਕਦਾ। ਡੇਰਾਵਾਦੀ ਸਾਧਾਂ ਤੋਂ ਬਣਿਆ **ਹੰਕਾਰੀ ਅੰਮ੍ਰਿਤਧਾਰੀ**, ਦਾ ਕੀਤਾ ਬਾਣੀਆਂ ਦਾ ਪਾਠ ਵੀ ਕਰਮ-ਕਾਂਡ ਹੀ ਹੈ। ਆਪਾ ਭਾਵ ਮਾਰੇ ਬਿਨਾਂ, ਮਰਜੀਵਾ ਹੋਏ ਬਿਨਾਂ, ਪ੍ਰਭੂ ਦੇ ਨਾਮ ਨਾਲ ਪਿਆਰ ਨਹੀ ਬਣ ਸਕਦਾ। ਬਿਨਾਂ ਹਿਰਦੇ ਵਿਚ ਸੱਚੀ ਸ਼ਰਧਾ ਅਤੇ ਪਿਆਰ ਦੇ ਪ੍ਰਭੂ ਦੇ ਨਾਮ ਦਾ ਜਾਪ ਕਰਮਕਾਂਡੀ ਪਖੰਡ ਹੈ। ਕਿਉਂਕਿ-

ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥ ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ਹ ਪਾਇਆ ॥ ੮ ॥ (ਪੰਨਾ-੫੬੫)

ਸਾਕਤ ਬਣ ਚੁੱਕਾ ਮਨੁੱਖ, ਪੰਚਮ ਪਾਤਿਸ਼ਾਹ ਜੀ ਦੀਆਂ ਨਜ਼ਰਾਂ ਵਿਚ:--

੯ **ਬਿਨੁ ਸਿਮਰਨ ਜੈਸੇ ਸਰਪ ਆਰਜਾਰੀ ॥ ਤਿਉ ਜੀਵਹਿ ਸਾਕਤ ਨਾਮੁ ਬਿਸਾਰੀ ॥ ੧ ॥ (ਪੰਨਾ-੨੩੯)**

ਕੇਵਲ ਗੁਰਦੁਆਰੇ ਆ ਜਾਣਾ ਸਤਿਸੰਗਤ ਦਾ ਮਿਲਾਪ ਨਹੀਂ ਹੈ। ਸਤਿ ਪ੍ਰਭੂ ਹੈ, ਸਤਿ ਗੁਰਬਾਣੀ ਹੈ--

੧੦- ਗੁਰ ਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ ॥ ਨਾਨਕ ਸਤਿਗੁਰੁ ਤਾਂ ਮਿਲੈ ਜੇ ਮਨੁ ਰਹੈ ਹਦੂਰਿ ॥ (ਪੰਨਾ-੮੪)

ਜੇ ਗੁਰਦੁਆਰੇ ਆ ਕੇ ਗੁਰਬਾਣੀ ਵਿਚਾਰ ਤੋਂ ਗਿਆਨ ਦੀ ਸੋਝੀ ਲੈ ਕੇ ਆਪਣੀ ਜੀਵਨ-ਜੁਗਤ ਗੁਰਮਤਿ ਅਨੁਸਾਰ ਢਾਲ ਲੈਣ ਦੀ ਸੱਧਰ ਨਹੀਂ ਹੈ ਤਾਂ ਜੁੱਤੀ ਚੋਰ ਵੀ ਗੁਰਦੁਆਰੇ ਹੀ ਆਏ ਹੁੰਦੇ ਹਨ। ਫਿਰ ਤੱਪੜਾਂ 'ਤੇ ਬੈਠਣ ਲਈ ਮਜਬੂਰ ਕਰਨ ਵਾਲਿਆਂ ਜਿਨ੍ਹਾਂ ਨੇ ਸਰੀ ਦੇ ਗੁਰਦੁਆਰੇ ਵਿਚ ਸਤਿਗੁਰਾਂ ਦੇ ਬੱਚੇ ਬੱਚੀਆਂ (ਤਮ ਮਾਤ ਪਿਤਾ ਹਮ ਬਾਰਿਕ ਤੇਰੇ--ਗ਼ਰੀਬ ਅਮੀਰ, ਗੁਰੂ ਵਾਲੇ ਨਿਗੁਰੇ ਸਾਰੇ ਉਸੇ ਦੀ ਔਲਾਦ ਹਨ] ਨੂੰ ਕਿਰਪਾਨਾਂ ਆਦਿ ਨਾਲ ਜ਼ਖ਼ਮੀ ਕੀਤਾ ਸੀ ਉਹ ਵੀ ਤਾਂ ਘਰੋਂ ਗੁਰਦੁਆਰੇ ਹੀ ਆਏ ਸਨ। ਗੁਰਦੁਆਰੇ ਆਉਣ ਦੀ ਸ਼ਰਤ ਤਾਂ ਇਹ ਹੈ--

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥ ੧ ॥ (ਪੰਨਾ-੧੧੦੨)

ਸਰੀਰਕ ਮੌਤ ਦੀ ਗੱਲ ਨਹੀਂ ਹੈ, ਹਉਮੈ ਭਰਿਆ ਆਪਾ-ਭਾਵ ਛੱਡਣ ਦੀ ਗੱਲ ਹੈ। ਸਾਰਿਆਂ ਦੇ ਚਰਨਾਂ ਦੀ ਧੂੜ ਬਣਨਾ ਹੁੰਦਾ ਹੈ। ਸਭਨਾ ਅਥਵਾ ਸਰਬੱਤ ਵਿਚ ਉਹ ਵੀ ਆਉਂਦੇ ਹਨ ਜਿਹੜੇ ਗੁਰ ਦੇ ਲੰਗਰ ਵਿਚ ਕੁਰਸੀਆਂ ਮੇਜ਼ ਲਿਆ ਰਹੇ ਸਨ।

੧੧- ਨਾਮ ਬਿਨਾ ਨਕਟੇ ਨਰ ਦੇਖਹੁ ਤਿਨ ਘਸਿ ਘਸਿ ਨਾਕ ਵਢੀਜੈ ॥ ਸਾਕਤ ਨਰ ਅਹੰਕਾਰੀ ਕਹੀਅਹਿ ਬਿਨੁ ਨਾਵੈ ਧ੍ਰਿਗੁ ਜੀਵੀਜੈ ॥ ੭ ॥ (ਪੰਨਾ-੧੩੨੫)

ਹੰਕਾਰੀ ਮਨੁੱਖ ਦਾ ਪ੍ਰਭੂ ਨਾਲ ਨੇੜ ਕਦੇ ਨਹੀਂ ਬਣ ਸਕਦਾ। ਅਜਿਹੇ ਸਾਕਤ ਦਾ ਤਾਂ ਦਰਗਾਹੋਂ ਹੀ ਮਾਨੋਂ ਰਗੜ ਕੇ ਨੱਕ ਵਢਿਆ ਜਾ ਚੁੱਕਾ ਹੁੰਦਾ ਹੈ। ਭਾਵੇਂ ਪੰਜ ਕਕਾਰਾਂ ਦਾ ਰਹਿਤੀ ਹੀ ਹੈ ਪਰ ਹੰਕਾਰੀ ਸਾਕਤ ਦੀ ਜ਼ਿੰਦਗੀ ਨੂੰ ਸਤਿਗੁਰਾਂ ਫਿਟਕਾਰ-ਜੋਗ ਫ਼ੁਰਮਾਨ ਕੀਤਾ ਹੈ।

੧੨ ਸਾਕਤ ਸਿਉ ਮਨ ਮੇਲੁ ਨ ਕਰੀਅਹੁ ਜਿਨਿ ਹਰਿ ਹਰਿ ਨਾਮੁ ਬਿਸਾਰੇ ॥ ਸਾਕਤ ਬਚਨ ਬਿਛੂਆ ਜਿਉ ਡਸੀਐ ਤਜਿ ਸਾਕਤ ਪਰੈ ਪਰਾਰੇ ॥ ੫ ॥ (ਪੰਨਾ-੯੮੧)

ਅਰਥ:--ਹੇ ਮਨ! (ਹਉਮੈ ਗ੍ਰਸੇ) ਜਿਸ ਮਨੁੱਖ ਨੇ ਪਰਮਾਤਮਾ ਦਾ ਨਾਮ ਭੁਲਾ ਦਿੱਤਾ ਹੋਇਆ ਹੈ (ਉਹ ਸਾਕਤ ਹੈ, ਉਸ) ਸਾਕਤ ਨਾਲ ਕਦੇ ਸਾਂਝ ਨਹੀਂ ਪਾਣੀ ਚਾਹੀਦੀ। ਕਿਉਂਕਿ ਸਾਕਤ ਦੇ ਬਚਨਾਂ ਨਾਲ ਮਨ ਇਉਂ ਡੰਗਿਆ ਜਾਂਦਾ ਹੈ ਜਿਵੇਂ ਸੱਪ-ਠੂਹੇਂ ਦੇ ਡੰਗ ਨਾਲ। ਸਾਕਤ ਦਾ ਸੰਗ ਛੱਡ ਕੇ ਉਸ ਤੋਂ ਪਰੇ ਹੀ ਪਰੇ ਰਹਿਣਾ ਚਾਹੀਦਾ ਹੈ।

ਹੰਕਾਰੀ ਮਨੁੱਖ (ਭਾਵੇਂ ਅੰਮ੍ਰਿਤਧਾਰੀ ਹੀ ਹੈ) ਕਿਉਂਕਿ ਹਉਮੈ ਦੇ ਕਾਰਨ ਸਾਕਤ ਬਣ ਚੁੱਕਾ ਹੈ, ਇਸ ਲਈ ਉਸ ਦਾ ਸੰਗ ਕਰਨਾ ਤਾਂ ਕਿਤੇ ਰਿਹਾ (ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ, ਕਿ) ਉਸ ਤੋਂ ਦੂਰੋਂ ਹੀ ਦੌੜ ਜਾਣਾ ਚਾਹੀਦਾ ਹੈ। ਜਿਵੇਂ ਕਾਲੇ ਬਰਤਨ ਨੂੰ ਫੜਿਆਂ ਕੁਝ ਨਾ ਕੁਝ ਕਾਲਖ ਜ਼ਰੂਰ ਲੱਗ ਜਾਂਦੀ ਹੈ, ਏਸੇ ਤਰ੍ਹਾਂ ਬੇਦਲੀਲਾ ਸਾਕਤ, ਅਵੱਲ ਤਾਂ ਤੁਹਾਡੀ ਜਾਨ ਹੀ ਲੈ ਲੈਣ ਦਾ ਯਤਨ ਕਰੇਗਾ, ਨਹੀਂ ਤਾਂ ਤੁਹਾਡਾ ਮਨ ਦੁਖੀ ਕਰਨ ਵਾਲੀ ਹਰਕਤ ਕਰਨ ਤੋਂ ਕਦੇ ਨਹੀਂ ਰਹਿ ਸਕਦਾ।

੧੩ ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥ ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥੧੩੧॥ (ਪੰਨਾ-੧੩੭੧)

ਇਸ ਗੱਲ ਵਿਚ ਜ਼ਰਾ ਵੀ ਸ਼ੱਕ ਨਹੀਂ ਕਿ ਤੱਪੜ 'ਤੇ ਬੈਠ ਕੇ ਲੰਗਰ ਛਕਣ ਵਾਲੇ ਆਪਣੇ ਆਪ ਨੂੰ ਕੁਰਸੀਆਂ 'ਤੇ ਬੈਠ ਕੇ ਲੰਗਰ ਛਕ ਰਿਹਾਂ ਨਾਲੋਂ ਵਡੇ ਧਰਮੀ ਸਮਝਣ ਦੇ ਹੰਕਾਰ ਵਿਚ ਹੁੰਦੇ ਹਨ। ਜੇ ਕੁਰਸੀ ਤੇ ਬੈਠ ਕੇ ਲੰਗਰ ਛਕਣ ਵਾਲਾ ਆਪਣੇ ਮਨ ਅੰਦਰ ਸਤਿਗੁਰ ਦਾ ਭੈ ਰੱਖਦਾ ਹੋਇਆ ਇਹ ਮੰਨ ਰਿਹਾ ਹੈ ਕਿ ਸ਼ਾਇਦ ਭੁੰਜੇ ਤੱਪੜ 'ਤੇ ਬਹਿ ਕੇ ਲੰਗਰ ਛਕਣ ਵਾਲੇ ਮੈਥੋਂ ਉਚੇ ਹੀ ਹੋਣ, ਤਾਂ ਉਹ ਤੱਪੜਾਂ 'ਤੇ ਬੈਠੇ ਲੰਗਰ ਛਕ ਰਹਿਆਂ (ਭਾਵੇਂ ਉਹ ਅੰਮ੍ਰਿਤਧਾਰੀ ਅਤੇ ਬਾਣੀ ਬਾਣੇ ਦੇ ਧਾਰਨੀ ਵੀ ਹੋਣ ਫਿਰ ਵੀ ਉਨ੍ਹਾਂ) ਹੰਕਾਰੀਆਂ ਨਾਲੋਂ ਉਹ ਕਈ ਗੁਣਾਂ ਚੰਗਾ ਹੈ। ਮਨੁੱਖ ਲਈ ਸਤਿਗੁਰਾਂ ਦਾ ਉਪਦੇਸ਼ ਤਾਂ ਇਹ ਹੈ-

੧੪ ਨਾ ਹਮ ਚੰਗੇ ਆਖੀਅਹ ਬੁਰਾ ਨ ਦਿਸੈ ਕੋਇ॥ ਨਾਨਕ ਹਉਮੈ ਮਾਰੀਐ ਸਚੇ ਜੇਹੜਾ ਸੋਇ॥੮॥ (ਪੰਨਾ-੧੦੧੫)

ਭਾਵ, ਜਿਹੜੇ ਮਨੁੱਖਾਂ ਨੇ ਗੁਰੂ ਦੇ ਹੁਕਮ 'ਤੇ ਚਲ ਕੇ ਹਉਮੈ ਦੂਰ ਕਰ ਲਈ ਉਹ ਪ੍ਰਭੂ ਵਰਗੇ ਹੀ ਬਣ ਗਏ ਅਤੇ ਫਿਰ ਅਜਿਹੇ ਕਰਮਾਂ ਵਾਲਿਆਂ ਨੂੰ ਸਮਝ ਆ ਜਾਂਦੀ ਹੈ ਕਿ ਅਸੀਂ ਕਿਸੇ ਨਾਲੋਂ ਚੰਗੇ ਨਹੀਂ ਅਖਵਾ ਸਕਦੇ ਅਤੇ ਸੰਸਾਰ ਦਾ ਕੋਈ ਮਨੁੱਖ ਸਾਥੋਂ ਮਾੜਾ ਨਹੀਂ ਹੈ। ਯਥਾ--**ਹਮ ਨਹੀਂ ਚੰਗੇ ਬੁਰਾ ਨਹੀਂ ਕੋਇ॥** (੭੨੮]-੧-੨ ਨਿਮਰਤਾ, ਸਮਾਨਤਾ, ਰਾਜਾ-ਰੰਕ ਬਰਾਬਰੀ ਦੇ ਸਿਧਾਂਤ ਦੀ ਖੰਡਨਾ ਨਹੀਂ ਹੋਣੀ ਚਾਹੀਦੀ।

ਇਹ ਗੱਲ ਭੁੱਲ ਜਾਣੀ ਵਡੀ ਬਦਕਿਸਮਤੀ ਹੋਵੇਗੀ, ਅਥਵਾ ਇਹ ਸਮਝਣਾ ਮਨਮੁਖਤਾਈ ਹੈ, ਕਿ ਲੰਗਰ ਦੇ ਨਿਯਮ ਕੇਵਲ ਸਿਖੀ ਦੇ ਧਰਮ-ਅਸਥਾਨਾਂ (ਗੁਰਦੁਆਰਿਆਂ) ਤੱਕ ਹੀ ਸੀਮਤ ਹਨ। ਗੁਰ-ਸਿੱਖ ਦੀ ਸ਼ਖ਼ਸੀ ਰਹਿਣੀ ਵੀ ਓਸੇ ਅਨੁਸਾਰ ਹੋਣੀ ਚਾਹੀਦੀ ਹੈ। ਗੁਰਦੁਆਰੇ ਦਾ ਮੁਢਲਾ ਨਾਮ 'ਧਰਮਸ਼ਾਲਾ' ਭਾਵ, ਧਰਮ ਅਤੇ ਗੁਰਮਤਿ ਮਰਯਾਦਾ ਸਿੱਖਣ ਦਾ ਥਾਂ ਸੀ। ਗੁਰਦੁਆਰੇ ਸੁਖਣਾ ਪੂਰੀਆਂ ਕਰਨ ਦੇ ਸਾਧਨ ਨਹੀਂ ਹਨ, ਇਹ ਸਿੱਖੀ

ਦਾ ਮਹਾਂ ਵਿਦਿਆਲੇ ਹੋਣੇ ਚਾਹੀਦੇ ਹਨ। ਗੁਰਸਿੱਖਾਂ ਨੇ ਆਪਣਾ ਜੀਵਨ ਏਥੋਂ ਮਿਲਦੀ ਗੁਰਮਤਿ ਸਿਖਿਆ ਅਨੁਸਾਰ ਢਾਲਣਾ ਹੁੰਦਾ ਹੈ। ਜਿਸ ਘਰ ਵਿਚ ਬੀਬੀਆਂ ਘਰ ਦੀ ਰਸੋਈ ਵਿਚ ਬਣਾਏ ਭੋਜਨ ਨੂੰ 'ਗੁਰੂ ਦਾ ਲੰਗਰ' ਸਮਝ ਕੇ ਉਥੇ ਵੀ ਉਪ੍ਰੋਕਤ ਨਿਯਮ ਬਣਾਈ ਰਖਦੀਆਂ ਹਨ, ਅਤੇ ਉਨ੍ਹਾਂ ਦੇ ਇਸ ਉਦਮ ਵਿਚ ਜੇ ਪਤੀ ਵੀ ਉਨ੍ਹਾਂ ਦਾ ਸਾਥ ਦੇਣ ਦੀ ਤੀਬਰ ਰੁਚੀ ਵਾਲਾ ਹੋਵੇ, ਤਾਂ ਅਜਿਹੇ ਜੋੜੇ ਦੀ ਔਲਾਦ ਮਨਮੁਖ ਬਣ ਜਾਣ ਦੀ ਭੁੱਲ ਨਹੀਂ ਕਰਦੀ। ਅਜਿਹਾ ਘਰ ਸਵਰਗ ਹੁੰਦਾ, ਪਰ, ਨਿਤ ਦੇ ਲੜਾਈ ਝਗੜੇ ਦਾ ਅੱਡਾ ਬਣਿਆ ਗੁਰਦੁਆਰਾ....?

ਖ਼ੁਰਾਕ ਖਾਣ ਬਾਰੇ ਗੁਰਬਾਣੀ ਦੀ ਸਿਖਿਆ ਇਸ ਪ੍ਰਕਾਰ ਹੈ--

ਗੁਰਬਾਣੀ-ਸਿਧਾਂਤ ਸਰਬ-ਪ੍ਰਵਲਣਤ, ਸਦੀਵੀ ਸਚਾਈ ਵਾਲਾ ਸਦਾ ਲਈ ਅਟੱਲ ਹੁੰਦੀ ਹੈ। ਜਿਵੇਂ--

੧੫ ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥ (ਪੰਨਾ-੪੭੨)

ਅਰਥ:--(ਪਦਾਰਥਾਂ ਦਾ) ਖਾਣਾ ਪੀਣਾ ਵੀ ਪਵਿਤਰ ਹੈ (ਭਾਵ, ਮਾੜਾ ਨਹੀਂ, ਕਿਉਂਕਿ) ਪ੍ਰਭੂ ਨੇ ਆਪ ਇਕੱਠਾ ਕਰਕੇ ਰਿਜ਼ਕ ਜੀਵਾਂ ਨੂੰ ਦਿੱਤਾ ਹੈ।

੧੬ ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥ ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥ ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥ ....,੭ ॥ (ਪੰਨਾ-੪੬੬)

ਅਰਥ:--ਜਿਹੜੇ ਸੰਤੋਖੀ ਮਨੁੱਖ ਸਦਾ ਇੱਕ ਪ੍ਰਭੂ ਨੂੰ ਸਿਮਰਦੇ ਹਨ, (ਪ੍ਰਭੂ ਦੀ) ਸੇਵਾ ਉਹੀ ਕਰਦੇ ਹਨ। ਉਹ ਕਦੇ ਮੰਦੇ ਕੰਮ ਦੇ ਨੇੜੇ ਨਹੀਂ ਜਾਂਦੇ, ਭਲਾ ਕੰਮ ਕਰਦੇ ਹਨ ਅਤੇ ਧਰਮ-ਅਨੁਸਾਰ ਆਪਣਾ ਜੀਵਨ ਨਿਬਾਹੁੰਦੇ ਹਨ। ਦੁਨੀਆਂ ਦੇ ਧੰਦਿਆਂ ਵਿੱਚ ਖਚਤ ਕਰਨ ਵਾਲੇ ਮਾਇਆ ਦੇ ਮੋਹ ਦੀਆਂ ਜ਼ੰਜੀਰਾਂ ਉਨ੍ਹਾਂ ਨੇ ਤੋੜ ਦਿੱਤੀਆਂ ਹਨ, ਥੋੜ੍ਹਾ ਖਾਂਦੇ ਹਨ, ਤੇ ਥੋੜ੍ਹਾ ਹੀ ਪੀਂਦੇ ਹਨ (ਭਾਵ, ਖਾਣ ਪੀਣ, ਚਸਕੇ ਦੀ ਖ਼ਾਤਰ ਨਹੀਂ, ਸਰੀਰਕ ਨਿਰਬਾਹ ਵਾਸਤੇ ਹੈ)।

੧੭ ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ ॥ ਤਿਸੁ ਵਿਣੁ ਸਭੁ ਅਪਵਿਤ੍ਰੁ ਹੈ, ਜੇਤਾ ਪੈਨਣੁ ਖਾਣੁ ॥ ੪ ॥ (ਪੰਨਾ-੧੬)

੧੮ ਮ: ੫ ॥ ਖਾਂਦਿਆਂ ਖਾਂਦਿਆਂ ਮੁਹੁ ਘਠਾ, ਪੈਨੰਦਿਆ ਸਭੁ ਅੰਗੁ ॥ ਨਾਨਕ ਧ੍ਰਿਗੁ ਤਿਨਾ ਦਾ ਜੀਵਿਆ ਜਿਨ ਸਚਿ ਨ ਲਗੋ ਰੰਗੁ ॥ ੨ ॥ (ਪੰਨਾ-੫੨੩)

ਹਦੋਂ ਵਧ ਖ਼ਾਣ ਦਾ ਚਸਕਾ ਰੋਗ ਦਾ ਮੂਲ ਹੈ। ਫਿਰ ਖ਼ੁਰਾਕ ਠੀਕ ਕਰ ਲੈਣ ਨਾਲ ਹੀ ਸਰੀਰਕ ਰੋਗ ਦੂਰ ਹੋ ਜਾਂਦਾ ਹੈ--

੧੯- ਬਹੁ ਸਾਦਹੁ ਦੂਖੁ ਪਰਾਪਤਿ ਹੋਵੈ ॥ ਭੋਗਹੁ ਰੋਗ ਸੁ ਅੰਤਿ ਵਿਗੋਵੈ ॥ ਹਰਖਹੁ ਸੋਗੁ ਨ ਮਿਟਈ ਕਬਹੂ ਵਿਣੁ ਭਾਣੇ ਭਰਮਾਇਦਾ ॥ ੭ ॥(ਪੰਨਾ-੧੦੩੪)

ਅਰਥ:--ਬਹੁਤ (ਭੋਗਾਂ ਦੇ) ਸੁਆਦ ਤੋਂ ਦੁੱਖ ਹੀ ਮਿਲਦਾ ਹੈ (ਕਿਉਂਕਿ) ਭੋਗ ਤੋਂ ਆਖ਼ਰ ਰੋਗ ਪੈਦਾ ਹੁੰਦੇ ਹਨ ਤੇ ਮਨੁੱਖ ਅੰਤ ਨੂੰ ਖ਼ੁਆਰ ਹੁੰਦਾ ਹੈ। (ਮਾਇਆ ਦੀਆਂ) ਖ਼ੁਸ਼ੀਆਂ ਤੋਂ ਵੀ ਚਿੰਤਾ ਹੀ ਪੈਦਾ ਹੁੰਦੀ ਹੈ ਜੋ) ਕਦੇ ਮਿਟਦੀ ਹੀ ਨਹੀਂ। ਪਰਮਾਤਮਾ ਦੀ ਰਜ਼ਾ ਵਿਚ ਤੁਰਨ ਤੋਂ ਬਿਨਾਂ ਮਨੁੱਖ ਭਟਕਣਾ ਵਿਚ ਪਿਆ ਰਹਿੰਦਾ ਹੈ।੭।

ਇਹ ਖਾਣ ਬਾਰੇ ਉਪ੍ਰੋਕਤ ਗੁਰਮਤਿ ਨਿਯਮ ਸਦੀਵੀ ਸੇਧ ਦੇਣ ਵਾਲੇ ਹਨ ਪਰ ਗੁਰਮਤਿ ਦੇ ਸਿਧਾਂਤ ਲਾਗੂ ਕਰਨ ਲਈ ਬਣੇ ਵਿਧੀ ਵਿਧਾਨ ਸਮੇਂ ਅਤੇ ਦੇਸ਼ ਦੇ ਪੌਣ ਪਾਣੀ ਅਨੁਸਾਰ ਸਦਾ ਬਦਲਦੇ ਆ ਰਹੇ ਹਨ। ਉਦਾਹਰਣ ਵਜੋਂ:--

(੧) ਲੰਗਰ ਦੀ ਪ੍ਰਥਮ ਮਰਯਾਦਾ ਧਰਤੀ 'ਤੇ ਰੜੇ (ਕਈ ਵਾਰੀ ਸੜਦੀ ਧੁੱਪੇ ਹੀ) ਬੈਠ ਕੇ ਪ੍ਰਸ਼ਾਦਿਆਂ ਤੇ ਦਾਲ ਜਾਂ ਭਾਜੀ ਪ੍ਰਸ਼ਾਦ ਵਜੋਂ ਲੈ ਕੇ ਛਕਣ ਦੀ ਮਰਯਾਦਾ ਸੀ। ਜਲ ਵੀ ਜਾਂ ਉਥੇ ਬੈਠਿਆਂ ਬੁੱਕ ਨਾਲ ਪੀਤਾ ਜਾਂਦਾ ਸੀ, ਜਾਂ ਉਠ ਕੇ ਛਬੀਲਾਂ ਤੋਂ ਅਥਵਾ ਟੂਟੀਆਂ ਤੋਂ ਪੀਤਾ ਜਾਣ ਦੀ ਮਰਯਾਦਾ ਸੀ। ਫਿਰ ਪੱਤਲ ਅਤੇ ਡੂੰਨੇ ਆ ਗਏ ਅਤੇ ਫਿਰ ਥਾਲੀਆਂ ਗਲਾਸਾਂ ਨੇ ਲੰਗਰ ਦੀ ਰੌਣਕ ਵਧਾਈ। ਏਸੇ ਤਰ੍ਹਾਂ ਜ਼ਮੀਨ ਤੋਂ ਮਾਮੂਲੀ ਬੋਰੀਆਂ ਆਦਿ ਤੇ ਤੱਪੜ ਤੇ ਫਿਰ ਹੋਰ ਵੀ ਵਧੀਆ ਟਾਟ ਅਤੇ ਰੜੇ ਬਹਿਣ ਦੀ ਥਾਂ ਆਲੀਸ਼ਾਨ ਲੰਗਰ ਹਾਲ ਬਣ ਗਏ।

(੨) ਇਸ ਇਤਿਹਾਸਕ ਸਚਾਈ ਨੂੰ ਵੀ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਕਿ ਗੁਰੂ ਕਾ ਲੰਗਰ, ਪੰਜੇ ਸਾਹਿਬ ਦੇ ਸਟੇਸ਼ਨ 'ਤੇ ਗੱਡੀ ਵਿਚ ਹੀ ਵਰਤਾਇਆ ਜਾਣ ਲਈ ਸਟੇਸ਼ਨ 'ਤੇ ਪੁਚਾਇਆ ਜਾਂਦਾ ਰਿਹਾ ਸੀ। ਗੁਰੂ ਧਰਮ ਅਸਥਾਨ ਦੇ ਦਰਸ਼ਨ ਨੂੰ ਜਾ ਰਹੀਆਂ ਸੰਗਤਾਂ ਨੂੰ ਲਾਰੀਆਂ ਵਿਚ ਬੈਠਿਆਂ ਨੂੰ ਹੀ ਅੱਜ ਵੀ ਲੰਗਰ ਵਰਤਾਏ ਜਾਣ ਦੀ ਮਰਯਾਦਾ ਹੈ। ਅਜਿਹੇ ਹਾਲਾਤ ਵਿਚ ਵੀ ਗੁਰੂ ਕਾ ਲੰਗਰ ਛਕਿਆ ਗਿਆ ਜਦੋਂ ਪੰਗਤ ਵਿਚ ਬੈਠ ਸਕਣ ਦਾ ਸਮਾਂ ਹੀ ਨਹੀਂ ਸੀ ਹੁੰਦਾ।

(੨) ਲੰਗਰ ਹਾਲ ਵਿਚ ਬੈਠੀ ਪੰਗਤ ਵਿਚ ਧਰਤੀ 'ਤੇ ਬੈਠ ਕੇ ਗੁਰੂ ਕਾ ਲੰਗਰ ਛਕੇ ਜਾਣ ਦੀ ਗੁਰਮਤਿ ਮਰਯਾਦਾ ਦੀ ਪੁਸ਼ਟੀ ਲਈ ਉਦਾਹਰਣਾਂ ਤਾਂ ਇਹ ਦਿੱਤੀਆਂ ਜਾ ਰਹੀਆਂ ਹਨ ਕਿ, ਸਤਿਗੁਰੂ ਜੀ ਆਪ ਵੀ ਗ਼ਰੀਬ ਕਿਰਤੀਆਂ ਦੀ ਪੰਗਤ ਵਿਚ

ਬੈਠ ਕੇ ਪਰਸ਼ਾਦ ਛਕਿਆ ਕਰਦੇ ਸਨ। ਦਿੱਲੀ ਦਾ ਸਮਰਾਟ 'ਅਕਬਰ' ਜਦ ਸ੍ਰੀ ਗੋਇੰਦਵਾਲ ਸਾਹਿਬ ਆਇਆ ਤਾਂ ਉਸ ਦੇ ਵੀ ਸ਼ਾਹੀ ਖ਼ੇਮੇ ਵਿਚ ਭੋਜਨ ਨਹੀਂ ਸੀ ਪਹੁੰਚਾਇਆ ਗਿਆ। ਉਸ ਨੇ ਵੀ ਗੁਰੂ ਦੇ ਲੰਗਰ ਵਿਚ ਕਿਰਤੀ ਸਿੱਖਾਂ ਦੀ ਪੰਗਤ ਵਿਚ ਇੱਕ ਪੱਧਰ ਜ਼ਮੀਨ 'ਤੇ ਬੈਠ ਕੇ ਪਰਸ਼ਾਦ ਛਕਿਆ ਸੀ। ਪਰ ਅੱਜ ਇਸ ਸਚਾਈ ਨੂੰ ਕਿਹੜੇ ਯਤਨ ਨਾਲ ਝੂਠ ਬਣਾਇਆ ਜਾਵੇਗਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਾਹਿਬ ਤੋਂ ਆਰੰਭ ਹੋ ਕੇ S.G.P.C. ਦੇ ਲਗ ਪੱਗ ਸਾਰੇ ਮੈਂਬਰਾਂ ਲਈ (ਉਚੇਚੇ ਤੜਕੇ ਲੱਗ ਕੇ) ਲੰਗਰ ਉਨ੍ਹਾਂ ਦੇ ਦਫ਼ਤਰ ਵਿਚ, ਠਹਿਰਣ ਵਾਲੇ ਖ਼ਾਸ ਕਮਰਿਆਂ ਵਿਚ ਅਤੇ ਕਈ ਸੇਵਾਦਾਰਾਂ ਦੇ ਘਰ ਵਿਚ ਲੈ ਜਾ ਕੇ ਕੁਰਸੀਆਂ ਮੰਜਿਆਂ ਆਦਿ 'ਤੇ ਬੈਠ ਕੇ ਛਕਿਆ ਜਾਂਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਜਾਂ ਹੋਰ ਜਥੇਦਾਰ ਜਾਂ ਪ੍ਰਬੰਧਕ ਸਤਿਗੁਰ ਨੂੰ ਹਾਜ਼ਰ ਨਾਜ਼ਰ ਸਮਝ ਕੇ ਦੱਸਣ ਕਿ ਉਨ੍ਹਾਂ ਨੇ ਗੁਰੂ ਰਾਮਦਾਸ ਜੀ ਦੇ ਲੰਗਰ ਦੀ ਪੰਗਤ ਵਿਚ ਬੈਠ ਕੇ ਕਿੰਨੀ ਵਾਰੀ ਲੰਗਰ ਛਕਿਆ ਹੈ? ਜੇ ਹੋਟਲਾਂ ਤੋਂ ਲੈ ਕੇ ਆਪਣੀ ਮਰਜ਼ੀ ਵਾਲੀ ਥਾਂ 'ਤੇ ਖਾ ਸਕਣ ਵਾਲੀ ਖੁਲ੍ਹ ਵਾਂਗ, ਗੁਰੂ ਦੇ ਲੰਗਰ ਦੇ ਪ੍ਰਸ਼ਾਦੇ ਲੰਗਰ ਤੋਂ ਬਾਹਰ ਲੈ ਜਾ ਕੇ ਆਪਣੀ ਸਹੂਲਤ ਅਨੁਸਾਰ ਛਕੇ ਜਾਣਾ ਗੁਰੂ ਮਰਯਾਦਾ ਬਣ ਸਕਦੀ ਹੈ ਤਾਂ ਫਿਰ (ਅਜਿਹੇ ਰੌਲੇ ਵੀ ਕਈ ਸੁਣੇ ਜਾਂਦੇ ਹਨ ਕਿ) ਗੁਰੂ ਦੀ ਗੋਲਕ ਦੇ ਪੈਸੇ ਵੀ ਬਾਹਰ ਲੈ ਜਾ ਕੇ ਆਪਣੀ ਸਹੂਲਤ ਲਈ ਖ਼ਰਚਣ ਦੀ ਖੁਲ੍ਹ ਵਾਲੀ ਮਰਯਾਦਾ ਵੀ ਗੁਰਮਰਯਾਦਾ ਹੀ ਹੋਵੇਗੀ?

(੩) **ਬਾਬਾ ਜਰਨੈਲ ਸਿੰਘ ਜੀ** ਕੋਲ, ਦਾਸ ਕਰੀਬ ਛੇ ਮਹੀਨੇ ਉਸ ਸਮੇਂ (੧੯੮੩ ਵਿਚ) ਰਿਹਾ ਹੈ ਜਦ ਉਹ ਗੁਰੂ ਨਾਨਕ ਨਿਵਾਸ ਦੀ ਧੁਰ ਉਪਰਲੀ ਛਤ 'ਤੇ ਬੈਠਿਆ ਕਰਦੇ ਸਨ। ਛੱਤ ਉਤੇ ਲੰਗਰ ਤਿਆਰ ਕਰਨ ਦਾ ਸਾਧਨ ਵੀ ਸੀ। ਪਰ ਪਰਸ਼ਾਦੇ ਸਦਾ ਹੀ ਗੁਰੂ ਰਾਮਦਾਸ ਜੀ ਦੇ ਲੰਗਰ ਵਿਚੋਂ ਮੰਗਵਾਏ ਜਾਂਦੇ ਸਨ। ਕੁਰਸੀਆਂ ਦੀ ਸੀਟ ਤਾਂ ਧਰਤੀ ਨਾਲੋਂ ਵੱਧ ਤੋਂ ਵੱਧ ਮਸਾਂ ਦੋ ਫ਼ੁਟ ਹੀ ਉਚੀ ਹੁੰਦੀ ਹੈ, ਪਰ ਏਧਰ ਬਾਬਾ ਜਰਨੈਲ ਸਿੰਘ ਜੀ ਆਪਣੇ ਜਥੇ ਸਮੇਤ, ਗੁਰੂ ਰਾਮਦਾਸ ਜੀ ਦੇ ਲੰਗਰ ਵਿਚ ਤਿਆਰ ਹੋਏ ਪਰਸ਼ਾਦੇ, ਪਰਮ ਪਵਿੱਤਰ ਲੰਗਰ ਦੀ ਥਾਂ ਨਾਲੋਂ, ਅਥਵਾ ਹਰਿਮੰਦਰ ਸਾਹਿਬ ਦੇ ਪਰਮ ਪਵਿੱਤਰ ਗੁਰੂ ਦਰਬਾਰ ਨਾਲੋਂ, ਕਰੀਬ ੧੦੦ ਫ਼ੁਟ ਉਚੇ ਥਾਂ ਬੈਠ ਕੇ ਛਕੇ ਜਾਇਆ ਕਰਦੇ ਸਨ। ਰਾਜਾ ਰੰਕ ਬਰਾਬਰੀ ਅਥਵਾ ਸਮਾਨਤਾ ਦੇ ਅਸੂਲ ਨੂੰ ਭੁੱਲ ਕੇ ਕੇਵਲ ਧਰਤੀ 'ਤੇ ਬੈਠ ਕੇ ਲੰਗਰ ਛਕਣ ਨੂੰ ਧਰਮ ਦਾ ਅੰਗ ਬਣਾ ਲੈਣ ਵਰਗੇ ਫ਼ਜ਼ੂਲ ਦੇ ਝਗੜੇ, ਲੋਭੀ, ਸੁਆਰਥੀ, ਹੰਕਾਰੀ, ਸਾਕਤ ਅਥਵਾ ਬੇਮੁੱਖ ਬੰਦਾ ਹੀ ਖੜੇ ਕਰਦਾ ਹੈ।

ਲੰਗਰ ਬਾਰੇ ਗੁਰਮਤਿ-ਮਰਯਾਦਾ ਉਹ ਹੈ ਜੋ ਉੱਪਰ ਪੰਜਾਂ ਪੈਰਿਆਂ ਵਿਚ ਲਿਖੀ ਗਈ ਹੈ। ਬਾਕੀ ਪ੍ਰਸ਼ਾਦਾ ਕਿਵੇਂ ਛਕਿਆ ਜਾਣਾ ਹੈ, ਉਹ ਅਰੋਗਤਾ ਦੇ, ਸਮੇਂ ਅਤੇ ਦੇਸ਼ ਦੇ ਹਾਲਾਤ ਦੇ ਅਨੁਸਾਰ ਵਿਹਾਰ ਕਰਨ ਦੀ ਖੁੱਲ੍ਹ ਹੈ। ਤਦੇ ਹੀ ਪੰਥਕ ਸਿੱਖ ਰਹਿਤ ਮਰਯਾਦਾ ਵਿਚ ਧਰਤੀ 'ਤੇ ਬੈਠ ਕੇ ਲੰਗਰ ਛਕਣ ਦੀ ਪਾਬੰਦੀ ਨਹੀਂ ਲੱਗੀ ਹੋਈ। ੧੯੪੫ ਵਿਚ ਪ੍ਰਵਾਨ ਹੋ ਕੇ ਵੰਡੀ ਗਈ ਰਹਿਤ ਮਰਯਾਦਾ ਦੇ ਖਰੜੇ ਵਿਚ ਜੇ ਧਰਤੀ 'ਤੇ ਬੈਠ ਕੇ ਲੰਗਰ ਛਕੇ ਜਾਣ ਦੀ ਪਾਬੰਦੀ ਲਿਖ ਦਿੱਤੀ ਜਾਂਦੀ [ਖਰੜੇ ਦੇ ਸੇਵਾ ਸਿਰਲੇਖ ਦੇ (ਅ) ਭਾਗ ਵਿਚ ਇਉਂ ਲਿਖਿਆ ਹੈ--ਗੁਰੂ ਕੇ ਲੰਗਰ ਵਿਚ ਬੈਠ ਕੇ ਊਚ-ਨੀਚ, ਕਿਸੇ ਜਾਤ ਜਾਂ ਵਰਣ ਦਾ ਪ੍ਰਾਣੀ ਪ੍ਰਸ਼ਾਦ ਛਕ ਸਕਦਾ ਹੈ। ਪੰਗਤ (ਲਾਈਨ ਤੇ ਲਾਈਨ ਕੁਰਸੀਆਂ ਦੀ ਵੀ ਹੁੰਦੀ ਹੈ) ਵਿਚ ਬਿਠਾਣ ਲਗਿਆਂ ਕਿਸੇ ਦੇਸ਼, ਵਰਣ, ਜਾਤ ਜਾਂ ਮਜ਼ਹਬ ਦਾ ਵਿਤਕਰਾ ਨਹੀਂ ਕਰਨਾ]। ਉਸ ਵੇਲੇ ਭਾਰਤ ਦੇਸ਼ ਦੀ ਫੌਜ ਦਾ ਲਗਪਗ ਅੱਧ, ਸਿੱਖ ਪਲਟਣਾਂ ਸਨ। ਹਰ ਇੱਕ ਸਿੱਖ ਪਲਟਣ ਵਿਚ ਗੁਰਦੁਆਰਾ ਬਣਿਆਂ ਹੁੰਦਾ ਸੀ ਅਤੇ ਖ਼ਾਲਸਾ ਜੋਧਿਆਂ ਦਾ ਲੰਗਰ ਸਿੱਖੀ ਮਰਯਾਦਾ ਅਨੁਸਾਰ ਅਰਦਾਸ ਅਤੇ ਜੈਕਾਰੇ ਉਪਰੰਤ ਹੀ ਵਰਤਦਾ ਸੀ। ਸਾਰੇ ਸਿੱਖ ਫੌਜੀ ਲੰਗਰ ਸਦਾ ਬੂਟਾਂ ਸਮੇਤ ਬੈਂਚਾਂ 'ਤੇ ਬੈਠ ਕੇ ਹੀ ਛਕਿਆ ਕਰਦੇ ਸਨ। ਖ਼ਾਲਸਾ ਰਾਜ ਸਮੇਂ ਵੀ, ਖ਼ਾਲਸਾ ਫ਼ੌਜਾਂ ਅੰਗ੍ਰੇਜ਼ੀ ਤਰਜ਼ ਦੀ ਕਵਾਇਦ ਕਰਨ ਦੇ ਅਤੇ ਯੌਰਪੀ ਫੌਜਾਂ ਵਾਲੀ ਮਰਯਾਦਾ ਦੀ ਧਾਰਨੀ ਬਣ ਚੁੱਕੀਆਂ ਸਨ। ੮੦/੮੫ ਸਾਲਾਂ ਤੋਂ ਵੱਧ ਸਮਾਂ ਹੋ ਚੁੱਕਾ ਹੈ ਕਿ ਵਿਦੇਸ਼ਾਂ ਦੇ ਸਭਨਾਂ ਗੁਰੂ ਘਰਾਂ ਵਿਚ ਮੇਜ਼ ਕੁਰਸੀਆਂ ਆਦਿ 'ਤੇ ਬੈਠ ਕੇ ਹੀ ਲੰਗਰ ਖਾਧਾ ਜਾਣ ਦੀ ਰਸਮ ਬਣ ਚੁੱਕੀ ਹੈ। ਫਿਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਾਹਿਬ ਅਤੇ ਸਕੱਤਰ ਸਾਹਿਬਾਨ, ਉਨ੍ਹਾਂ ਗੁਰਦੁਆਰਿਆਂ ਵਿਚ ਕਈ ਵਾਰੀ ਭਾਸ਼ਨ ਦੇ ਗਏ ਹਨ ਜਿਨ੍ਹਾਂ ਵਿਚ ਲੰਗਰ ਕੁਰਸੀਆਂ-ਬੈਂਚਾਂ 'ਤੇ ਬੈਠ ਕੇ ਛਕਿਆ ਜਾਂਦਾ ਹੈ। ਉਨ੍ਹਾਂ ਵਲੋਂ ਇਤਰਾਜ਼ ਨਾ ਕਰਨ ਦਾ ਸਾਫ਼ ਅਰਥ ਹੈ ਕਿ ਕੁਰਸੀਆਂ 'ਤੇ ਬੈਠ ਕੇ ਲੰਗਰ ਛਕਣ ਵਿਚ ਉਨ੍ਹਾਂ ਦੀ ਸਹਿਮਤੀ ਸੀ।

(੪) ਅਜੇ ਸ਼ਾਇਦ ਇਹ ਗੱਲ ਵੀ ਸੰਗਤਾਂ ਤੋਂ ਭੁੱਲੀ ਹੋਈ ਨਹੀਂ ਕਿ ਸ਼੍ਰੋਮਣੀ ਕਮੇਟੀ ਵਲੋਂ ਪ੍ਰਕਾਸ਼ਤ ਕੀਤੀ ਜਾ ਰਹੀ ਪੁਸਤਕ 'ਗੁਰਮਤਿ ਮਾਰਤੰਡ ਭਾਗ ਪਹਿਲਾ' ਦੇ ੧੯੮੩ ਵਾਲੇ ਐਡੀਸ਼ਨ ਦੇ 'ਭ' ਸਫ਼ੇ 'ਤੋਂ ਹੇਠੋਂ ਪੰਜਵੀਂ ਸਤਰ ਇਸ ਪ੍ਰਕਾਰ ਆਰੰਭ ਹੁੰਦੀ ਹੈ--**"ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ" ਨੇ ਕਿਸੇ ਵਿਦੇਸ਼ ਗਏ ਸਿੱਖ ਦੇ ਪ੍ਰਸ਼ਨ ਦਾ ਉੱਤਰ ਦੇਂਦੇ ਹੋਏ ਰਾਇ ਦਿੱਤੀ ਸੀ ਕਿ ਗੁਰੂ ਗ੍ਰੰਥ ਸਾਹਿਬ ਦਾ ਸਿੰਘਾਸਨ ਉੱਚਾ ਰੱਖ ਕੇ ਗੁਰਦੁਆਰਾ ਬਣਾਉਣਾ ਅਤੇ ਕੁਰਸੀਆਂ 'ਤੇ ਬੈਠਣਾ ਨਾ ਮੁਨਾਸਬ ਨਹੀਂ"**। ਇਸ ਤੋਂ

ਯੂਬਾ ਸਿਟੀ U.S.A. ਗੁਰਦਆਰੇ ਦੀ ਸੰਗਤਿ ਕਈ ਸਾਲ ਗੁਰੂ ਦੇ ਦਰਬਾਰ ਵਿਚ ਕੁਰਸੀਆਂ 'ਤੇ ਬੈਠਦੀ ਰਹੀ ਹੈ ।

ਗੁਰੂ ਦਾ ਸੱਚਾ ਸਿੱਖ ਆਪਣੇ ਘਰ ਵਿਚ ਵੀ ਲੰਗਰ ਤਿਆਰ ਕਰਨ ਉਪਰੰਤ ਸਤਿਗੁਰ ਦੇ ਸ਼ੁਕਰਾਨੇ ਦੀ ਅਰਦਾਸ ਵਿਚ--"ਦਾਨਾ ਪਾਣੀ ਗੁਰੂ ਕਾ ਟਹਿਲ ਭਾਵਣੀ ਸਿੱਖ ਕੀ" ਬਚਨ ਕਹਿੰਦਾ ਹੈ। ਘਰ ਵਿਚ ਬਣਨ ਵਾਲਾ ਲੰਗਰ ਗੁਰੂ ਦਾ ਲੰਗਰ ਹੈ ਅਤੇ ਘਰ ਵਿਚ ਵੀ ਫਿਰ ਕੁਰਸੀਆਂ 'ਤੇ ਬੈਠਣ ਦੀ ਪਾਬੰਦੀ ਕਿਸ ਕਾਰਨ ਨਹੀਂ ਲਾਉਣੀ ਚਾਹੀਦੀ? ਨਿਆਰੇ ਪੰਥ ਵਿਚ ਕੋਈ ਵੀ ਕਰਮਕਾਂਡੀ ਭਰਮ ਨਹੀਂ ਸੀ। ਪਰ ਡੇਰਾਵਾਦੀਆਂ ਸਾਧਾਂ ਦੀ ਕਿਰਪਾ ਨਾਲ ਪੰਥ ਵਿਚ ਹਰ ਪੱਖ ਤੋਂ ਬਿੱਪ੍ਰਨ ਦੀਆਂ ਸਾਰੀਆਂ ਰੀਤਾਂ ਸ਼ਾਮਲ ਕਰਕੇ ਪੰਥ ਦੇ ਖ਼ਾਤਮੇ ਦੇ ਦਿਨ ਨੂੰ ਨੇੜੇ ਲਿਆਂਦਾ ਜਾ ਰਿਹਾ ਹੈ।

ਗੁਰਮਤਿ ਅਨੁਸਾਰ ਆਪਣਾ ਜੀਵਨ ਢਾਲਣਾ ਹੀ ਅਸਲ ਮਰਯਾਦਾ ਹੈ ਅਤੇ ਇਸ ਮਰਯਾਦਾ ਦਾ ਧਾਰਨੀ ਬਣਨ ਦੀ ਗੱਲ ਜਥੇਦਾਰਾਂ ਸਮੇਤ ਕੋਈ ਵੀ ਨਹੀਂ ਸੋਚਦਾ। ਵਾਹਿਗੁਰੂ ਨੂੰ ਸਦਾ ਅੰਗ ਸੰਗ ਜਾਣ ਕੇ ਸੁਕ੍ਰਿਤ ਕਰਨੀ, ਵੰਡ ਛਕਣਾ, ਕੇਵਲ ਅਕਾਲਪਰੁਖ ਨੂੰ ਦਾਤਾਰ ਮੰਨਣਾ, ਨੇਕ ਕਮਾਈ ਵਿਚੋਂ ਦਸਵੰਧ ਪੰਥਕ ਕਾਰਜ 'ਤੇ ਖ਼ਰਚਣਾ, ਗ਼ਰੀਬ ਲੋੜਵੰਦ ਦੇ ਮੂੰਹ ਨੂੰ ਗੁਰੂ ਦੀ ਗੋਲਕ ਸਮਝਣਾ, ਦੀਨ ਦੁਖੀ ਦੀ ਸਹਾਇਤਾ ਕਰਦਿਆਂ ਪੁਰਜਾ-ਪੁਰਜਾ ਕੱਟ ਕੇ ਮਰ ਜਾਣ ਤੋਂ ਪਿੱਛੇ ਨਹੀਂ ਹਟਣਾ, ਸਚਾਈ ਦੀ ਰਾਖੀ ਲਈ ਸਰਬੰਸ ਵਾਰ ਦੇਣ ਨੂੰ ਵੱਡੇ ਭਾਗ ਸਮਝਣਾ, ਬਚਨ ਕਰਕੇ ਕਦੇ ਨਾ ਖਿਸਕਣਾ, ਭਾਵ, ਕਹਿਣੀ ਅਤੇ ਕਰਨੀ ਦੇ ਸੂਰਮੇ ਹੋਣਾ, ਸਾਰਿਆਂ ਦਾ ਹਿਰਦਾ ਅਕਾਲਪੁਰਖ ਦਾ ਘਰ ਸਮਝ ਕੇ ਕਿਸੇ ਤਰ੍ਹਾਂ ਵੀ ਕਿਸੇ ਦਾ ਦਿਲ ਨਾ ਦੁਖਾਉਣਾ, ਸਤਿਗੁਰੂ ਜੀ ਤੋਂ ਬਿਨਾਂ ਕਿਸੇ ਅੱਗੇ ਮੱਥਾ ਨਹੀਂ ਟੇਕਣਾ, ਦੁਖਭੰਜਨੀ ਬੇਰੀ ਨੂੰ, ਸਰੋਵਰ ਦੇ ਜਲ ਨੂੰ, ਮਨੋਕਾਮਨਾ ਪੂਰੀਆਂ ਕਰਨ ਵਾਲਾ ਨਹੀਂ ਮੰਨਣਾ (ਬਦਕਿਸਮਤੀ ਹੈ ਕਿ ਅਜਿਹੀ ਗੁਰਮਤਿ-ਖੰਡਨ ਸ੍ਰੀ ਦਰਬਾਰ ਸਾਹਿਬ ਜੀ ਦੀਆਂ ਪਰਕਰਮਾ ਵਿਚ ਵੀ ਕੀਤੀ ਜਾ ਰਹੀ ਹੈ, ਪਰ ਉਸ ਪਾਸੇ ਕੋਈ ਧਿਆਨ ਨਹੀਂ ਦਿੰਦਾ)

ਮਾਨੁੱਖ ਕੀ ਟੇਕ ਬਿਰਥੀ ਸਭੁ ਜਾਨ ॥

ਗੁਰੂ ਵਾਕ ਅਨੁਸਾਰ ਕਿਸੇ ਮਨੁੱਖ **ਸਾਧ ਸੰਤ ਪੀਰ ਫ਼ਕੀਰ ਆਦਿ ਦਾ**) ਆਸਰਾ ਕਦੇ ਨਹੀਂ ਮੰਨਣਾ ਆਦਿ -- ਜਿਹੇ ਨਿਆਰੇ ਸਿਧਾਂਤ ਵਾਲੀ ਗੁਰਮਤਿ ਰਹਿਣੀ ਨੂੰ ਤਾਂ ਉਂਜ ਹੀ ਬੇਲੋੜਾ ਮੰਨ ਲਿਆ ਹੋਇਆ ਹੈ, ਬ੍ਰਾਹਮਣੀ ਕਰਮ ਕਾਂਡ ਨੂੰ ਗੁਰਮਤਿ ਬਣਾਈ ਤੁਰੇ ਜਾ ਰਹੇ ਹਾਂ।

ਕੇਂਦਰੀ ਜਥੇਦਾਰਾਂ ਨੇ ਇਹ ਸੋਚਣ ਦੀ ਕਦੇ ਲੋੜ ਹੀ ਨਹੀਂ ਸਮਝੀ ਕਿ ਗੁਰੂ ਘਰਾਂ ਵਿਚ ਨਿਤ ਲੜਾਈਆਂ ਝਗੜੇ ਅਤੇ ਮਾਰ ਕੁਟਾਈਆਂ ਦੇ "**ਸਾਕੇ**" ਕਿਸ ਕਾਰਨ ਵਧ ਰਹੇ

ਹਨ? ਧਰਮ ਵਿਚ ਆ ਵੜੀ ਅਜਿਹੀ ਰੁਚੀ ਨੂੰ ਕਿਵੇਂ ਮੋੜਾ ਦਿੱਤਾ ਜਾਵੇ? ਹੈਰਾਨੀ ਤਾਂ ਇਹ ਹੈ ਕਿ ਦਸਮੇਸ਼ ਜੀ ਦੇ ਖੰਡੇ ਬਾਟੇ ਦੀ ਪਾਹੁਲ ਵਾਲੀ ਮਰਯਾਦਾ ਵੀ ਪੂਰੀ ਤਰ੍ਹਾਂ ਖੰਡਨ ਹੋ ਚੁੱਕੀ ਹੈ, ਪਰ ਕੇਂਦਰ ਨੇ ਕਦੇ ਕੋਈ ਸੋਧ ਪੱਤਰ ਜਾਰੀ ਕਰਕੇ ਸੁਧਾਰ ਕਰਨ ਦੀ ਲੋੜ ਅਨੁਭਵ ਨਹੀਂ ਕੀਤੀ। ਲੋਭ ਗ੍ਰਸੇ ਡੇਰੇਦਾਰ ਸਾਧ ਨੇ ਖੰਡੇ-ਬਾਟੇ ਦੇ ਅੰਮ੍ਰਿਤ ਵਿਚ ਅਜਿਹੀਆਂ ਸ਼ਕਤੀਆਂ ਹੋਣ ਦੇ ਭਰਮ ਨੂੰ ਫੈਲਾਉਣ ਦੀ ਜ਼ੋਰਦਾਰ ਮੁਹਿੰਮ ਚਲਾਈ ਹੋਈ ਹੈ ਜਿਸ ਤੋਂ ਸੰਤ-ਸੂਰਮਾ ਬਣਨਾ ਤਾਂ ਕਿਤੇ ਰਿਹਾ, ਉਨ੍ਹਾਂ ਦੀ ਵਿਧੀ ਵਿਧਾਨ ਨਾਲ ਅੰਮ੍ਰਿਤ ਛਕਣ ਵਾਲਾ **ਚੰਗਾ ਮਨੁੱਖ ਵੀ ਨਹੀਂ ਰਹਿੰਦਾ**। ਜਿਸ ਅੰਮ੍ਰਿਤਧਾਰੀ ਨੂੰ ਇਹ ਤਸੱਲੀ ਕਰਾ ਦਿੱਤੀ ਜਾਂਦੀ ਹੈ--"**ਜਿਸ ਦੇ ਮੂੰਹ ਵਿਚ ਸਰਬ ਪਾਪ-ਨਾਸਕ ਖੰਡੇ ਬਾਟੇ ਦਾ ਅੰਮ੍ਰਿਤ ਪੈ ਗਿਆ ਉਹ ਭਾਵੇਂ ਗ਼ਲਤੀਆਂ ਕਰੀ ਜਾਏ, ਦਸਮੇਸ਼ ਜੀ ਉਸ ਨੂੰ ਦਸ ਹਜ਼ਾਰ ਸਾਲ ਤੱਕ ਨਰਕ ਵਿਚ ਨਹੀਂ ਪੈਣ ਦੇਣਗੇ, ਉਸ ਨੂੰ ਮੁੜ-ਮੁੜ ਸਿੱਖਾਂ ਦੇ ਘਰ ਹੀ ਜਨਮ ਦੇਣਗੇ।**"--- ਪੰਜ ਕਕਾਰਾਂ ਵਿਚ ਸਜਿਆ ਅਜਿਹਾ ਅੰਮ੍ਰਿਤਧਾਰੀ ਫਿਰ ਭਾਵੇਂ ਖੁਲ੍ਹੇਆਮ ਤਮਾਕੂ ਵੇਚੇ (ਸਗੀ ਦੇ ਉਸ ਹਾਲ ਵਿਚ ਜਿੱਥੇ ਹਜ਼ਾਰਾਂ ਸਿੱਖ ਜੁੜੇ ਹੋਏ ਸਨ ਸਗੀ ਨਿਵਾਸੀ ਗਿਆਨੀ ਦਰਸ਼ਨ ਸਿੰਘ ਨੇ ਸਪੱਸ਼ਟ ਸ਼ਬਦਾਂ ਵਿਚ ਅਜਿਹੇ ਡੇਰਾਵਾਦੀਏ ਅੰਮ੍ਰਿਤਧਾਰੀ ਦੀ ਨਿਸ਼ਾਨਦੇਹੀ ਕੀਤੀ ਸੀ), ਭਾਵੇਂ ਸ਼ਰਾਬ ਪੀਵੇ, ਭਾਵੇਂ ਗੁਰੂ ਘਰਾਂ ਵਿਚ ਫ਼ਸਾਦ ਖੜੇ ਕਰੇ, ਜਿਸ ਭਲੇ ਮਾਣਸ ਦੀ ਮਰਜ਼ੀ ਪਤ ਲਾਹੇ, ਬਲਾਤਕਾਰ ਕਰ ਲਵੇ, ਕੇਸ ਮੁਨਾ ਲਵੇ, ਸੱਚੀ ਗੱਲ ਕਹਿਣ ਵਾਲੇ ਦੇ ਸੀਨੇ ਵਿਚ ਗੋਲੀ ਮਾਰ ਕੇ ਜਿਸ ਨੂੰ ਦਿਲ ਕਰਦਾ ਗੱਡੀ ਚਾੜ੍ਹ ਦੇਵੇ, ਪੰਥਕ ਮਰਯਾਦਾ ਨੂੰ ਬੇਲੋੜਾ ਬਣਾਈ ਜਾਵੇ--ਗੱਲ ਕੀ ਜੋ ਉਪੱਦਰ ਮਰਜ਼ੀ ਕਰਦਾ ਮਨੁੱਖਤਾ ਦਾ ਹਿਰਦਾ ਵਲੂੰਦਰਦਾ ਫਿਰੇ, ਡੇਰਾਵਾਦੀ ਅੰਮ੍ਰਿਤਧਾਰੀ ਫਿਰ ਵੀ **ਗੁਰੂ ਵਾਲਾ ਹੀ ਹੈ**। ਦੂਜੇ ਭਾਵੇਂ ਕਿੱਡੇ ਵੀ ਸੱਚੇ-ਸੁੱਚੇ, ਗੁਰਮਤਿ ਸਿਧਾਂਤ ਦੇ ਗਿਆਤਾ ਅਤੇ ਗੁਰੂ ਦੀ ਮਤਿ ਅਨੁਸਾਰ ਜੀਵਨ ਢਾਲ ਕੇ ਦੇਸ਼ ਕੌਮ ਲਈ ਲਾਹੇਵੰਦ ਸਿੱਧ ਹੋ ਰਹੇ ਹੋਣ, ਉਹ ਡੇਰਾਵਾਦੀ ਅੰਮ੍ਰਿਤਧਾਰੀਆਂ ਨਾਲੋਂ ਫਿਰ ਵੀ ਮਾੜੇ ਅਤੇ ਨਿਗੁਰੇ ਹੀ ਹਨ? ਬਾਬਾ ਜਰਨੈਲ ਸਿੰਘ ਜੀ ਨੇ ਗੁਰੂ ਨਾਨਕ ਨਿਵਾਸ ਦੀ ਧੁਰ ਉਤਲੀ ਛੱਤ 'ਤੇ ਬੈਠਿਆਂ ਮਈ ੧੯੮੩ ਦੇ ਪਹਿਲੇ ਬੁਧਵਾਰ ਦੇ ਦਿਨ, ਬੜਾ ਸੱਚ ਫ਼ੁਰਮਾਨ ਕੀਤਾ ਸੀ--"ਇੰਦਰਾ ਕਹਿੰਦੀ ਆ ਮੈਂ ਬੰਬ ਬਣਾਉਂਦਾ ਹਾਂ। ਆਹ ਜਿਨ੍ਹਾਂ ਨੂੰ ਅਸੀਂ ਅੰਮ੍ਰਿਤ ਛਕਾਉਂਦੇ ਹਾਂ **ਉਹ ਬੰਬ ਹੀ ਤਾਂ ਬਣ ਰਹੇ ਹਨ**"। ਜਦ ਹੁਣ ਕਥਿਤ ਅੰਮ੍ਰਿਤਧਾਰੀ, **ਮਨੁੱਖਾਂ ਤੋਂ ਬੰਬ** ਬਣੀ ਜਾ ਰਹੇ ਹਨ ਤਾਂ ਖਿਮਾ ਗ਼ਰੀਬੀ, ਸਮਾਨਤਾ, ਅਤੇ

"ਫਿੱਕਾ ਬੋਲਿ ਵਿਗੁਚਣਾ"

ਪਾਠ ਪੜ੍ਹਾ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖੀ ਦੀ ਉਮਰ ਕਿੰਨੀ ਕੁ ਬਾਕੀ ਰਹਿ ਗਈ ਹੋਵੇਗੀ?

ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਜਿਨ੍ਹਾਂ ਨਾਨਕਸਰੀਏ ਡੇਰਾਵਾਦੀਆਂ ਨੇ ਸਤਿਗੁਰਾਂ ਦੇ ਲੰਗਰ ਦੀ ਮਰਯਾਦਾ ਉਂਜ ਹੀ ਖ਼ਤਮ ਕਰਕੇ ਘਰਾਂ ਤੋਂ ਰੋਟੀਆਂ ਨਾਲ ਹੀ ਲਿਆ ਕੇ ਸਾਧ-ਡੇਰਿਆਂ ਵਿਚ ਆਪਣੇ-ਆਪਣੇ ਪਸੰਦ ਦੇ ਟੋਲਿਆਂ ਵਿਚ ਬੈਠ ਕੇ ਛਕਣ ਨੂੰ ਗੁਰਮਤਿ ਬਣਾ ਲਿਆ ਹੋਇਆ ਹੈ, ਉਨ੍ਹਾਂ ਨੂੰ ਖੁੱਲ੍ਹਾ ਸਮਾਂ ਦੇ ਕੇ ਗੁਰੂ ਦੀ ਸਟੇਜ ਨੂੰ ਬਿੱਪ੍ਰਨ ਕੀ ਰੀਤ ਦੇ ਪਰਚਾਰ ਦਾ ਅੱਡਾ ਬਣਾਇਆ ਹੋਇਆ ਹੈ। ਡੇਰਾਦਾਰਾਂ ਕੋਲੋਂ ਉਨ੍ਹਾਂ ਦੀ ਵਿਧੀ ਨਾਲ ਬਣੇ ਨਿਹਕਲੰਕ-ਅੰਮ੍ਰਿਧਾਰੀਆਂ ਨੇ ਗੁਰੂ ਕੇ ਲੰਗਰ ਪ੍ਰਤੀ ਸਤਿਗੁਰਾਂ ਦੀ ਕਿਸੇ ਵੀ ਮਰਯਾਦਾ ਦੀ ਪਰਵਾਹ ਨਾ ਕਰਕੇ ਉਪਰੋਕਤ ੧ ਨੰਬਰ ਤੋਂ ੫ ਨੰਬਰ ਤਾਈਂ ਸਾਰੀ ਗੁਰਮਤਿ ਲੰਗਰ-ਮਰਯਾਦਾ ਮਿੱਟੀ ਵਿਚ ਮਿਲਾਈ ਹੋਈ ਹੈ ਪਰ ੧੦/੧੨ ਸਾਲ ਤੋਂ ਬੈਂਚਾਂ 'ਤੇ ਬੈਠ ਕੇ ਲੰਗਰ ਛਕਣ ਦੀ ਬਣੀ ਮਰਯਾਦਾ ਵਿਚ ਸਿੱਖ ਧਰਮ ਲਈ ਖ਼ਤਰਾ ਵੇਖ ਲਿਆ। ਹੰਕਾਰ ਗ੍ਰਸਿਆਂ ਨੇਂ ਨਿਰਦੋਸ਼ ਬਚੀਆਂ ਸਮੇਤ ਉਨ੍ਹਾਂ ਸੇਵਾਦਾਰਾਂ ਨੂੰ ਤਲਵਾਰਾਂ ਆਦਿ ਨਾਲ ਜ਼ਖ਼ਮੀ ਕੀਤਾ ਜਿਹੜੇ ਬਹੁਸਮਤੀ-ਸੰਗਤ ਦੇ ਕਹਿਣ 'ਤੇ ਲੰਗਰ ਹਾਲ ਵਿਚ ਮੇਜ਼ ਰੱਖਣ ਦੀ ਸੇਵਾ ਕਰਨ ਲਈ ਅੰਦਰ ਵੜੇ ਸਨ। ਜਬਰ ਦੇ ਸਾਹਮਣੇ ਝੁਕ ਜਾਣ ਨੂੰ ਸਤਿਗੁਰ ਨੇ ਆਤਮਕ ਮੌਤ ਮੰਨਿਆ ਅਤੇ ਹੰਕਾਰ ਦੇ ਕਾਰਨ ਲੜਾਈਆਂ ਸਹੇੜਨ ਵਾਲਿਆਂ ਨੂੰ ਸੂਰਮੇ ਨਹੀਂ ਮੰਨਿਆ :-

੨੦- ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ ॥ ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ ॥ ਅਤਿ ਕਰੋਧ ਸਿਉ ਲੂਝਦੇ ਅਗੈ ਪਿਛੈ ਦੁਖੁ ਪਾਵਹਿ ॥ ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥ ਅਹੰਕਾਰਿ ਮੁਏ ਸੇ ਵਿਗਤੀ ਗਏ ਮਰਿ ਜਨਮਹਿ ਫਿਰ ਆਵਹਿ ॥ ੯ ॥ (ਪੰਨਾ-੧੦੮੯)

ਅਰਥ:--ਜੋ ਮਨੁੱਖ ਅਹੰਕਾਰ ਵਿਚ ਮਰਦੇ (--ਖਪਦੇ ਹਨ) ਤੇ ਦੁੱਖ ਪਾਉਂਦੇ ਹਨ ਉਨ੍ਹਾਂ ਨੂੰ ਸੂਰਮੇ ਨਹੀਂ ਆਖੀਦਾ, ਉਹ (ਅਹੰਕਾਰੀ) ਅੰਨ੍ਹੇ ਆਪਣਾ ਅਸਲਾ ਨਹੀਂ ਪਛਾਣਦੇ ਤੇ ਮਾਇਆ ਦੇ ਮੋਹ ਵਿਚ ਖ਼ੁਆਰ ਹੁੰਦੇ ਹਨ, ਬੜੇ ਕ੍ਰੋਧ ਵਿਚ ਆ ਕੇ (ਦੂਜਿਆਂ ਨਾਲ) ਲੜਦੇ ਹਨ ਜਿਸ ਤੋਂ ਲੋਕ ਤੇ ਪਰਲੋਕ ਵਿਚ ਦੁੱਖ ਹੀ ਪਾਉਂਦੇ ਹਨ। ਵੇਦ ਆਦਿਕ ਧਰਮ-ਪੁਸਤਕਾਂ ਵੀ ਪੁਕਾਰ-ਪੁਕਾਰ ਕੇ ਕਹਿ ਰਹੇ ਹਨ ਕਿ ਰੱਬ ਨੂੰ ਅਹੰਕਾਰ ਚੰਗਾ ਨਹੀਂ ਲੱਗਦਾ। ਜੋ ਮਨੁੱਖ ਅਹੰਕਾਰ ਵਿਚ ਹੀ ਮਰਦੇ ਰਹੇ ਉਹ ਬੇ-ਗਤੇ ਹੀ ਗਏ (ਉਨ੍ਹਾਂ ਦਾ ਜੀਵਨ ਨਾ ਸੁਧਰਿਆ), ਉਹ ਮੁੜ-ਮੁੜ ਮਰਦੇ ਜੰਮਦੇ ਰਹਿੰਦੇ ਹਨ। ੯।

ਡੇਰਾਵਾਦ-ਰੋਗ ਦਾ ਇਲਾਜ ਇਸ ਦੇ ਵਿੱਰੁਧ ਜ਼ੋਰਦਾਰ ਮੁਹਿਮ ਚਲਾਉਣਾ ਹੀ ਹੈ। ਨਹੀਂ ਤਾਂ ਇਹ ਦਿਨੋ ਦਿਨ ਭਿਆਨਕ ਰੂਪ ਧਾਰੀ ਜਾ ਰਿਹਾ ਹੈ। ਗੁਰੂ ਦੀ ਗੋਲਕ 'ਤੇ ਕਬਜ਼ਾ ਕਰਕੇ ਉਸ ਦੀ ਦੁਰਵਰਤੋਂ ਕਰ ਸਕਣ ਦਾ ਵਡਾ ਲੋਭ ਅਤੇ ਡੇਰਾਵਾਦੀ ਸਿਖਿਆ, ਇਸ ਵੇਲੇ ਗੁਰੂ ਘਰ ਵਿਚ ਲੜਾਈ ਦਾ ਵਿਸ਼ੇਸ਼ ਕਾਰਨ ਹਨ। ਅਜਿਹਾ ਧਰਮੀ ਜਿਸ ਨੂੰ ਧਰਮ ਦੀ Definition ਦਾ ਹੀ ਪਤਾ ਨਹੀਂ ਉਸ ਨੇ ਧਰਮ ਦੇ ਵਾਧੇ ਲਈ ਸੇਵਾ ਕੀ ਕਰਨੀ ਹੈ?

ਹੇ ਸਥਾਨਕ ਗੁਰਸਿੱਖ ਵੀਰੋ! ਸਮਝੋ ਗੁਰਮਤਿ ਦੀ ਅਸਲੀਅਤ ਨੂੰ। ਬਚੋ ਸਰਬ ਨਾਸਣੀ ਲੋਭ-ਗ੍ਰਸੀ ਹਉਮੈ ਡੈਣ ਦੇ ਹੱਲੇ ਤੋਂ। ਆਪਣੀਆਂ ਭੁੱਲਾਂ ਵੱਲ ਝਾਤੀ ਮਾਰੋ ਅਤੇ ਰਲ ਮਿਲ ਬੈਠ ਕੇ ਸਾਰੀ ਦੁਬਿਧਾ ਦੂਰ ਕਰ ਕੇ ਪਿਆਰ ਲਦਿਆ ਮਿੱਠਾ ਗੁਰਮਤਿ-ਜੀਵਨ ਜੀਊਣਾ ਆਰੰਭ ਕਰੋ। ਸ਼ਬਦ ਵਿਚਾਰ ਦੇ ਖੁਲ੍ਹੇ ਪਰਬੰਧ ਕਰੋ। ਗੁਰੂ-ਸ਼ਬਦ-ਗਿਆਨ ਨਾਲ ਜੁੜੋ ਅਤੇ ਲੋਕਾਂ ਨੂੰ ਜੋੜੋ। ਦੂਜਿਆਂ ਨੂੰ ਸੁਖੀ ਕਰੋ ਅਤੇ ਆਪ ਸੁਖੀ ਰਹੋ--

੨੧- ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ ॥੩॥ (ਪੰਨਾ-੩੮੬)

੨੨- ਕਿਆ ਖਾਧੈ ਕਿਆ ਪੈਧੈ ਹੋਇ ॥ ਜਾ ਮਨਿ ਨਾਹੀ ਸਚਾ ਸੋਇ ॥ ਕਿਆ ਮੇਵਾ ਕਿਆ ਘਿਉ ਗੁੜੁ ਮਿਠਾ, ਕਿਆ ਮੈਦਾ ਕਿਆ ਮਾਸੁ ॥- -੨ ॥ (ਪੰਨਾ-੧੪੨)

ਇਸ ਪਾਵਨ ਸਲੋਕ ਵਿਚ ਵਿਸ਼ੇਸ਼ ਤੌਰ 'ਤੇ ਧਿਆਨ ਦੇਣ ਵਾਲੀ ਇਹ ਗੱਲ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੇਵਾ, ਘਿਉ ਮਿੱਠਾ ਗੁੜ, ਮੈਦਾ ਆਦਿ ਖਾਣ ਵਾਲੇ ਪਦਾਰਥਾਂ ਦੇ ਨਾਲ ਹੀ ਮਾਸ ਨੂੰ ਗਿਣਿਆ ਹੈ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਪ੍ਰਭੂ ਦੀ ਯਾਦ ਹਿਰਦੇ ਵਿਚ ਰਖਣ ਵਾਲੇ ਮਨੁੱਖ ਨੂੰ ਮਾਸ ਖਾਣ ਜਾਂ ਨਾ ਖਾਣ ਵਾਲੇ ਭਰਮ ਵਿਚ ਨਹੀਂ ਪੈਣਾ ਚਾਹੀਦਾ। ਅਸਾਂ ਵੇਦਕ ਕਾਲ ਦਾ ਹਾਲ ਵੀ ਪੜ੍ਹਿਆ ਹੈ। ਮੁਢ ਤੋਂ ਹੀ ਮਾਸ ਮਨੁੱਖ ਲਈ ਖਾਣ ਵਾਲਾ ਪਦਾਰਥ ਬਣਿਆ ਆ ਰਿਹਾ ਹੈ। ਸ਼ਰਾਬ ਅਤੇ ਨਸ਼ਿਆਂ ਵਾਲੇ ਕੋਈ ਵੀ ਪਦਾਰਥ ਤੋਂ ਛੁੱਟ ਛਕਣ ਵਾਲਾ ਕੋਈ ਪਦਾਰਥ ਵੀ ਅਪਿਵੱਤਰ ਨਹੀਂ ਹੈ। ਕਿਸੇ ਵੀ ਪਦਾਰਥ ਦਾ ਚਸਕਾ ਲਾ ਲੈਣਾ ਆਪਣੇ ਆਪ ਵਿਚ ਹੀ ਇੱਕ ਰੋਗ ਹੈ।

੨੩- ਸਚਾ ਭੋਜਨੁ ਭਾਉ, ਸਤਿਗੁਰਿ ਦਸਿਆ ॥ ਸਚੇ ਹੀ ਪਤੀਆਇ ਸਚਿ ਵਿਗਸਿਆ ॥ (ਪੰਨਾ-੧੪੬)

ਅਰਥ:--(ਜਿਸ ਭਾਗ ਵਾਲੇ ਨੂੰ) ਸਤਿਗੁਰੂ ਨੇ (ਆਤਮਾ ਲਈ) ਪ੍ਰਭੂ-ਪ੍ਰੇਮ-ਰੂਪ ਸੱਚਾ ਭੋਜਨ ਦੱਸਿਆ ਹੈ, ਉਹ ਮਨੁੱਖ ਸੱਚੇ ਪ੍ਰਭੂ ਵਿਚ ਹੀ ਪਰਚ ਜਾਂਦਾ ਹੈ, ਸੱਚੇ ਪ੍ਰਭੂ ਵਿਚ ਟਿਕ ਕੇ ਪ੍ਰਸੰਨ ਰਹਿੰਦਾ ਹੈ।

੨੪- ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥ (ਪੰਨਾ-੫੨੨)

ਅਰਥ:--ਗੁਰਦੇਵ ਜੀ ਦਾ ਫ਼ੁਰਮਾਨ ਹੈ, ਜੇ ਸਤਿਗੁਰ ਮਿਲ ਪਏ ਤਾਂ ਜੀਊਣ ਦੀ ਠੀਕ ਜਾਚ ਆ ਜਾਂਦੀ ਹੈ ਤੇ ਹੱਸਦਿਆਂ, ਖੇਡਦਿਆਂ, ਖਾਂਦਿਆਂ, ਪਹਿਨਦਿਆਂ (ਭਾਵ, ਦੁਨੀਆਂ ਦੇ ਸਾਰੇ ਕਾਰ ਵਿਹਾਰ ਕਰਦਿਆਂ) ਮਾਇਆ ਵਿਚ ਵਿਚਰਦਿਆਂ ਹੀ ਕਾਮਾਦਿਕ ਵਿਕਾਰਾਂ ਤੋਂ

ਬਚੇ ਰਹੀਦਾ ਹੈ। ੨।

ਪਰ ਨਾਲ ਹੀ ਇਹ ਵੀ ਨਹੀਂ ਭੁਲਣਾ ਚਾਹੀਦਾ ਕਿ ਖ਼ੁਰਾਕ ਵੀ ਸਰੀਰ ਦੀ ਪਾਲਣਾ ਕਰਨ ਵਾਸਤੇ ਹੀ ਖਾਣੀ ਹੈ। ਲੋੜ ਤੋਂ ਵਧ ਕੇਵਲ ਸੁਆਦ ਕਰਕੇ ਖ਼ੁਰਾਕ ਖਾਣੀ ਆਲਸ ਪੈਦਾ ਕਰਦੀ ਹੈ ਤੇ ਹੋਰ ਕਈ ਬੀਮਾਰੀਆਂ ਨੂੰ ਜਨਮ ਦਿੰਦੀ ਹੈ। ਪ੍ਰਭੂ ਦੇ ਸਿਮਰਨ ਲਈ-

ਖੰਡਿਤ ਨਿੰਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ॥੮॥ (ਪੰਨਾ-੯੩੯)

ਥੋੜੀ ਨੀਂਦ ਅਤੇ ਥੋੜੀ ਖ਼ੁਰਾਕ ਹੋਣੀ ਲੋੜੀਏ।

੨੫- **ਗੁਰਮੁਖਿ ਅੰਮ੍ਰਿਤੁ ਨਾਮੁ ਹੈ ਜਿਤੁ ਖਾਧੈ ਸਭ ਭੁਖ ਜਾਇ॥ ਤ੍ਰਿਸਨਾ ਮੂਲਿ ਨ ਹੋਵਈ, ਨਾਮੁ ਵਸੈ ਮਨਿ ਆਇ ॥ਬਿਨੁ ਨਾਵੈ ਜਿ ਹੋਰੁ ਖਾਣਾ, ਤਿਤੁ ਰੋਗੁ ਲਗੈ ਤਨਿ ਧਾਇ॥ ਨਾਨਕ ਰਸ ਕਸ ਸਬਦੁ ਸਲਾਹਣਾ, ਆਪੇ ਲਏ ਮਿਲਾਇ ॥੧॥ (ਪੰਨਾ-੧੨੫੦)**

ਅਰਥ:--ਗੁਰੂ ਦੇ ਪਾਸ ਪ੍ਰਭੂ ਦਾ ਨਾਮ ਇਕ ਐਸਾ ਪਵਿਤਰ ਭੋਜਨ ਹੈ ਜਿਸ ਦੇ ਖਾਣ ਨਾਲ (ਮਾਇਆ ਦੀ) ਭੁੱਖ ਦੂਰ ਹੋ ਜਾਂਦੀ ਹੈ, (ਮਾਇਆ ਦੀ) ਤ੍ਰਿਸ਼ਨਾ ਉੱਕਾ ਹੀ ਨਹੀਂ ਰਹਿੰਦੀ, ਮਨ ਵਿਚ ਪ੍ਰਭੂ ਦਾ ਨਾਮ ਆ ਵੱਸਦਾ ਹੈ। ਪ੍ਰਭੂ ਦਾ ਨਾਮ ਵਿਸਾਰ ਕੇ ਖਾਣ-ਪੀਣ ਦਾ ਜੋ ਵੀ ਕੋਈ ਹੋਰ ਚਸਕਾ (ਮਨੁੱਖ ਨੂੰ ਲੱਗਦਾ) ਹੈ ਉਸ ਰਾਹੀਂ (ਤ੍ਰਿਸ਼ਨਾ ਦਾ) ਰੋਗ ਸਰੀਰ ਵਿਚ ਬੜਾ ਡੂੰਘਾ ਅਸਰ ਪਾ ਕੇ ਆ ਗ੍ਰਸਦਾ ਹੈ। ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ, ਜੇ ਮਨੁੱਖ (ਮਾਇਆ ਦੇ) ਅਨੇਕ ਕਿਸਮ ਦੇ ਸੁਆਦਾਂ ਦੀ ਥਾਂ ਗੁਰੂ ਸ਼ਬਦ ਨੂੰ ਪ੍ਰਭੂ ਦੀ ਸਿਫ਼ਤਿ-ਸਾਲਾਹ ਨੂੰ ਗ੍ਰਹਿਣ ਕਰੇ ਤਾਂ ਪ੍ਰਭੂ ਆਪ ਹੀ ਉਸ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ। ੧।

੨
ਸੰਗਤਿ ਕੁਸੰਗਤ

੨੬- **ਕਬੀਰ ਰੈਨਾਇਰ ਬਿਛੋਰਿਆ ਰਹੁ ਰੇ ਸੰਖ ਮਝੂਰਿ॥**
ਦੇਵਲ ਦੇਵਲ ਧਾਹੜੀ ਦੇਸਹਿ ਉਗਵਤ ਸੂਰ ॥੧੨੬॥ (ਪੰਨਾ-੧੩੭੧)

੨੭ **ਕਬੀਰ ਸੂਤਾ ਕਿਆ ਕਰਹਿ ਜਾਗੁ ਰੋਇ ਭੈ ਦੁਖ ॥**
ਜਾ ਕਾ ਬਾਸਾ ਗੋਰ ਮਹਿ ਸੋ ਕਿਉ ਸੋਵੈ ਸੁਖ ॥੧੨੭॥ (ਪੰਨਾ-੧੩੭੧)

੨੮ **ਕਬੀਰ ਸੂਤਾ ਕਿਆ ਕਰਹਿ ਉਠਿ ਕਿ ਨ ਜਪਹਿ ਮੁਰਾਰਿ ॥**
ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ ॥੧੨੮॥ (ਪੰਨਾ-੧੩੭੧)

੨੯ ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ ॥ (ਪੰਨਾ-੧੩੭੧)
ਜਾ ਕੇ ਸੰਗ ਤੇ ਬੀਛੁਰਾ ਤਾ ਹੀ ਕੇ ਸੰਗਿ ਲਾਗੁ ॥੧੨੯॥

੩੦ ਕਬੀਰ ਸੰਤ ਕੀ ਗੈਲ ਨ ਛੋਡੀਐ ਮਾਰਗਿ ਲਾਗਾ ਜਾਉ ॥
ਪੇਖਤ ਹੀ ਪੁੰਨੀਤ ਹੋਇ ਭੇਟਤ ਜਪੀਐ ਨਾਉ ॥੧੩੦॥ (ਪੰਨਾ-੧੩੭੧)

੩੧ ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥੧੩੧॥ (ਪੰਨਾ-੧੩੭੧)

੩
ਸੰਗਤ ਦਾ ਅਸਰ

੩੨ ਗੰਗਾ ਕੈ ਸੰਗਿ ਸਲਿਤਾ ਬਿਗਰੀ ॥ ਸੋ ਸਲਿਤਾ ਗੰਗਾ ਹੋਇ ਨਿਬਰੀ ॥ ੧ ॥ ਬਿਗਰਿਓ ਕਬੀਰਾ ਰਾਮ ਦੁਹਾਈ ॥ ਸਾਚੁ ਭਇਓ ਅਨ ਕਾਹਿ ਨ ਜਾਈ ॥ ੧ ॥ ਰਹਾਉ ॥ ਚੰਦਨ ਕੈ ਸੰਗਿ ਤਰਵਰੁ ਬਿਗਰਿਓ ॥ ਸੋ ਤਰਵਰੁ ਚੰਦਨੁ ਹੋਇ ਨਿਬਰਿਓ ॥ ੨ ॥ ਪਾਰਸ ਕੈ ਸੰਗਿ ਤਾਂਬਾ ਬਿਗਰਿਓ ॥ ਸੋ ਤਾਂਬਾ ਕੰਚਨੁ ਹੋਇ ਨਿਬਰਿਓ ॥ ੩ ॥ ਸੰਤਨ ਸੰਗਿ ਕਬੀਰਾ ਬਿਗਰਿਓ ॥ ਸੋ ਕਬੀਰਾ ਰਾਮੈ ਹੋਇ ਨਿਬਰਿਓ ॥ ੪ ॥ ੫ ॥ (ਪੰਨਾ-੧੧੫੮)

ਅਰਥ:- ਕਬੀਰ ਆਪਣੇ ਪ੍ਰਭੂ ਦਾ ਸਿਮਰਨ ਹਰ ਵੇਲੇ ਕਰ ਰਿਹਾ ਹੈ (ਪਰ ਲੋਕਾਂ ਦੇ ਭਾਣੇ) ਕਬੀਰ ਵਿਗੜ ਗਿਆ ਹੈ (ਲੋਕ ਨਹੀਂ ਜਾਣਦੇ ਕਿ ਰਾਮ ਦੀ ਦੁਹਾਈ ਦੇ ਦੇ ਕੇ) ਕਬੀਰ ਰਾਮ ਦਾ ਰੂਪ ਹੋ ਗਿਆ ਹੈ, ਹੁਣ (ਰਾਮ ਨੂੰ ਛੱਡ ਕੇ) ਕਿਸੇ ਹੋਰ ਪਾਸੇ ਨਹੀਂ ਭਟਕਦਾ ।੧। ਰਹਾਉ।

(ਹੇ ਜਿੰਦ ਦੇ ਮਾਲਕ ਪ੍ਰਭੂ ਦੀ ਚਰਨੀਂ ਲੱਗਣਾ ਵਿਗੜਨਾ ਹੀ ਹੈ ਤਾਂ) ਨਦੀ ਭੀ ਗੰਗਾ ਨਾਲ ਰਲ ਕੇ ਵਿਗੜ ਜਾਂਦੀ ਹੈ, ਪਰ ਉਹ ਨਦੀ ਤਾਂ ਗੰਗਾ ਦਾ ਰੂਪ ਹੋ ਕੇ ਆਪਣਾ ਆਪ ਮੁਕਾ ਦੇਂਦੀ ਹੈ ।੧।

(ਸਧਾਰਨ) ਰੁੱਖ ਭੀ ਚੰਦਨ ਦੇ ਨਾਲ (ਲੱਗ ਕੇ) ਵਿਗੜ ਜਾਂਦਾ ਹੈ, ਪਰ ਉਹ ਰੁੱਖ ਚੰਦਨ ਦਾ ਰੂਪ ਹੋ ਕੇ ਆਪਣਾ ਆਪ ਮੁਕਾ ਲੈਂਦਾ ਹੈ ।੨।

ਤਾਂਬਾ ਭੀ ਪਾਰਸ ਨਾਲ ਛੋਹ ਕੇ ਰੂਪ ਵਟਾ ਲੈਂਦਾ ਹੈ, ਪਰ ਉਹ ਤਾਂਬਾ ਸੋਨਾ ਹੀ ਬਣ ਜਾਂਦਾ ਹੈ ਤੇ ਆਪਣਾ ਆਪ ਮੁਕਾ ਦੇਂਦਾ ਹੈ।੩।

(ਇਸੇ ਤਰ੍ਹਾਂ) ਕਬੀਰ ਭੀ ਸੰਤਾਂ ਦੀ ਸੰਗਤ ਵਿਚ ਰਹਿ ਕੇ ਵਿਗੜ ਗਿਆ ਹੈ। ਪਰ ਇਹ ਕਬੀਰ ਹੁਣ ਪ੍ਰਭੂ ਨਾਲ ਇੱਕ-ਮਿੱਕ ਹੋ ਗਿਆ ਹੈ, ਤੇ ਆਪਾ-ਭਾਵ ਮੁਕਾ ਚੁਕਿਆ ਹੈ।੪।੫।

੩੩ ਤੁਮ ਚੰਦਨ ਹਮ ਇਰੰਡ ਬਾਪੁਰੇ, ਸੰਗਿ ਤੁਮਾਰੇ ਬਾਸਾ ॥ ਨੀਚ ਰੂਖ ਤੇ ਊਚ ਭਣੇ ਹੈ, ਗੰਧ ਸੁਗੰਧ ਨਿਵਾਸਾ ॥ ੧ ॥ ਮਾਧਉ ਸਤ ਸੰਗਤਿ ਸਰਨਿ ਤੁਮਾਰੀ ॥ ਹਮ ਅਉਗਨ ਤੁਮ੍ਹ ਉਪਕਾਰੀ ॥ ੧ ॥ ਰਹਾਉ ॥ (੪੮੬)-੩

੩੪- ਰਾਮ ਗੁਰੁ ਪਾਰਸੁ ਪਰਸੁ ਕਰੀਜੈ ॥ ਹਮ ਨਿਗੁਣੀ ਮਨੂਰ ਅਤਿ ਫੀਕੇ ਮਿਲਿ ਸਤਿਗੁਰ ਪਾਰਸੁ ਕੀਜੈ ॥ ੧ ॥ (ਪੰਨਾ-੧੩੨੪)

ਅਰਥ:- ਹੇ ਹਰੀ! ਗੁਰੂ (ਹੀ ਅਸਲ) ਪਾਰਸ ਹੈ, (ਮੇਰੀ ਗੁਰੂ ਨਾਲ) ਛੁਹ ਕਰ ਦੇਹ (ਮੈਨੂੰ ਗੁਰੂ ਮਿਲਾ ਦੇਹ)। ਅਸੀ ਜੀਵ ਗੁਣ-ਹੀਨ ਹਾਂ, ਸੜਿਆ ਹੋਇਆ ਲੋਹਾ ਹਾਂ, ਬੜੇ ਰੁੱਖੇ ਜੀਵਨ ਵਾਲੇ ਹਾਂ। (ਇਹ ਮਿਹਰ) ਕਰ ਕਿ ਗੁਰੂ ਨੂੰ ਮਿਲ ਕੇ ਪਾਰਸ (ਹੋ ਜਾਈਏ) ।੧।

ਗੁਰੂ ਅਜੇਹਾ ਹੈ ਕਿ, ਉਸ ਦੀ ਦੱਸੀ ਕਰ ਕਰਨੀ ਆਪਣੇ ਜੀਵਨ ਦਾ ਨਿਸ਼ਾਨਾ ਬਣਾ ਲੈਣ ਵਾਲੇ ਮਨੁੱਖ ਨੂੰ, ਸੋਨਾ ਨਹੀਂ ਸਗੋਂ ਆਪਣੇ ਜਿਹਾ ਪਾਰਸ ਹੀ ਬਣਾ ਲੈਂਦਾ ਹੈ-

੪
ਧਾਰਮਿਕ ਆਗੂ

੩੫- ਰਾਮਕਲੀ ਮਹਲਾ ੧ ॥ ਜਗੁ ਪਰਬੋਧਹਿ ਮੜੀ ਬਧਾਵਹਿ ॥ ਆਸਣੁ ਤਿਆਗਿ ਕਾਹੇ ਸਚੁ ਪਾਵਹਿ ॥ ਮਮਤਾ ਮੋਹੁ ਕਾਮਣਿ ਹਿਤਕਾਰੀ ॥ ਨਾ ਅਉਧੂਤੀ ਨਾ ਸੰਸਾਰੀ ॥੧॥ ਜੋਗੀ ਬੈਸਿ ਰਹਹੁ ਦੁਬਿਧਾ ਦੁਖੁ ਭਾਗੈ ॥ ਘਰਿ ਘਰਿ ਮਾਗਤ ਲਾਜ ਨ ਲਾਗੈ ॥੧॥ ਰਹਾਉ ॥ ਗਾਵਹਿ ਗੀਤ ਨ ਚੀਨਹਿ ਆਪੁ ॥ ਕਿਉ ਲਾਗੀ ਨਿਵਰੈ ਪਰਤਾਪੁ ॥ ਗੁਰ ਕੈ ਸਬਦਿ ਰਚੈ ਮਨ ਭਾਇ ॥ ਭਿਖਿਆ ਸਹਜ ਵੀਚਾਰੀ ਖਾਇ ॥੨॥ ਭਸਮ ਚੜਾਇ ਕਰਹਿ ਪਾਖੰਡੁ ॥ ਮਾਇਆ ਮੋਹਿ ਸਹਹਿ ਜਮ ਡੰਡੁ ॥ ਫੂਟੈ ਖਾਪਰੁ ਭੀਖ ਨ ਭਾਇ ॥ ਬੰਧਨਿ ਬਾਧਿਆ ਆਵੈ ਜਾਇ ॥੩॥ ਬਿੰਦੁ ਨ ਰਾਖਹਿ ਜਤੀ ਕਹਾਵਹਿ ॥ ਮਾਈ ਮਾਗਤ ਤ੍ਰੈ ਲੋਭਾਵਹਿ ॥ ਨਿਰਦਇਆ ਨਹੀ ਜੋਤਿ ਉਜਾਲਾ ॥ ਬੂਡਤ ਬੂਡੇ ਸਰਬ ਜੰਜਾਲਾ ॥੪॥ ਭੇਖ ਕਰਹਿ ਖਿੰਥਾ ਬਹੁ ਥਟੂਆ ॥ ਝੂਠੋ ਖੇਲੁ ਖੇਲੈ ਬਹੁ ਨਟੂਆ ॥ ਅੰਤਰਿ ਅਗਨਿ ਚਿੰਤਾ ਬਹੁ ਜਾਰੇ ॥ ਵਿਣੁ ਕਰਮਾ ਕੈਸੇ ਉਤਰਸਿ ਪਾਰੇ ॥੫॥ ਮੁੰਦ੍ਰਾ ਫਟਕ ਬਨਾਈ ਕਾਨਿ ॥ ਮੁਕਤਿ ਨਹੀ ਬਿਦਿਆ ਬਿਗਿਆਨਿ ॥ ਜਿਹਵਾ ਇੰਦ੍ਰੀ ਸਾਦਿ ਲੋਭਾਨਾ ॥ ਪਸੂ ਭਏ ਨਹੀ ਮਿਟੈ ਨੀਸਾਨਾ ॥੬॥ ਤ੍ਰਿਬਿਧਿ ਲੋਗਾ ਤ੍ਰਿਬਿਧਿ ਜੋਗਾ ॥ ਸਬਦੁ ਵੀਚਾਰੈ ਚੂਕਸਿ ਸੋਗਾ ॥ ਊਜਲੁ ਸਾਚੁ ਸੁ ਸਬਦੁ ਹੋਇ ॥ ਜੋਗੀ ਜੁਗਤਿ ਵੀਚਾਰੇ ਸੋਇ ॥੭॥ ਤੁਝ ਪਹਿ ਨਉ ਨਿਧਿ ਤੂ ਕਰਣੈ ਜੋਗੁ ॥ ਥਾਪਿ ਉਥਾਪੇ ਕਰੇ ਸੁ

ਹੋਗੁ ॥ ਜਤੁ ਸਤੁ ਸੰਜਮੁ ਸਚੁ ਸੁਚੀਤੁ ॥ ਨਾਨਕ ਜੋਗੀ ਤ੍ਰਿਭਵਣ ਮੀਤੁ ॥੮॥੨॥(ਪੰਨਾ-੯੦੩)

ਅਰਥ:- ਹੇ ਜੋਗੀ! ਆਪਣੇ ਮਨ ਨੂੰ ਪ੍ਰਭੂ-ਚਰਨਾਂ ਵਿਚ ਜੋੜ (ਇਸ ਤਰ੍ਹਾਂ) ਹੋਰ-ਹੋਰ ਆਸਰਾ ਭਾਲਣ ਦੀ ਝਾਕ ਦਾ ਦੁੱਖ ਦੂਰ ਹੋ ਜਾਏਗਾ। ਘਰ-ਘਰ (ਮੰਗਣ ਦੀ) ਸ਼ਰਮ ਭੀ ਨਹੀਂ ਉਠਾਣੀ ਪਏਗੀ।੧।ਰਹਾਉ।

(ਹੇ ਜੋਗੀ!) ਤੂੰ ਜਗਤ ਨੂੰ ਉਪਦੇਸ਼ ਕਰਦਾ ਹੈਂ (ਇਸ ਉਪਦੇਸ਼ ਦੇ ਵੱਟੇ ਘਰ-ਘਰ ਭਿੱਛਿਆ ਮੰਗ ਕੇ ਆਪਣੇ) ਸਰੀਰ ਨੂੰ (ਪਾਲ-ਪਾਲ ਕੇ) ਮੋਟਾ ਕਰ ਰਿਹਾ ਹੈਂ। (ਦਰ-ਦਰ ਭਟਕਣ ਨਾਲ) ਮਨ ਦੀ ਅਡੋਲਤਾ ਗਵਾ ਕੇ ਤੂੰ ਸਦਾ-ਅਡੋਲ ਪਰਮਾਤਮਾ ਨੂੰ ਕਿਵੇਂ ਮਿਲ ਸਕਦਾ ਹੈਂ? ਜਿਸ ਮਨੁੱਖ ਨੂੰ ਮਾਇਆ ਦੀ ਮਮਤਾ ਲੱਗੀ ਹੋਵੇ ਮਾਇਆ ਦਾ ਮੋਹ ਚੰਬੜਿਆ ਹੋਵੇ ਜੋ ਇਸਤ੍ਰੀ ਦਾ ਭੀ ਪ੍ਰੇਮੀ ਹੋਵੇ ਉਹ ਨਾ ਤਿਆਗੀ ਰਿਹਾ ਨਾ ਗ੍ਰਿਹਸਤੀ ਬਣਿਆ।੧।

(ਹੇ ਜੋਗੀ! ਤੂੰ ਲੋਕਾਂ ਨੂੰ ਸੁਣਾਣ ਵਾਸਤੇ) ਭਜਨ ਗਾਉਂਦਾ ਹੈਂ ਪਰ ਆਪਣੇ ਆਤਮਕ ਜੀਵਨ ਨੂੰ ਨਹੀਂ ਵੇਖਦਾ। (ਤੇਰੇ ਅੰਦਰ ਮਾਇਆ ਦੀ) ਤਪਸ਼ ਲੱਗੀ ਹੋਈ ਹੈ (ਲੋਕਾਂ ਨੂੰ ਗੀਤ ਸੁਣਾਇਆਂ) ਇਹ ਕਿਵੇਂ ਦੂਰ ਹੋਵੇ? ਜਿਹੜਾ ਮਨੁੱਖ ਮਨ ਦੇ ਪਿਆਰ ਨਾਲ ਗੁਰੂ ਦੇ ਸ਼ਬਦ ਵਿਚ ਲੀਨ ਹੁੰਦਾ ਹੈ, ਉਹ ਅਡੋਲ ਆਤਮਕ ਅਵਸਥਾ ਦੀ ਸੂਝ ਵਾਲਾ ਹੋ ਕੇ (ਪਰਮਾਤਮਾ ਦੇ ਦਰ ਤੋਂ ਨਾਮ ਦੀ) ਭਿੱਛਿਆ (ਲੈ ਕੇ) ਖਾਂਦਾ ਹੈ।੨।

(ਹੇ ਜੋਗੀ!) ਤੂੰ (ਆਪਣੇ ਪਿੰਡੇ ਉਤੇ) ਸੁਆਹ ਮਲ ਕੇ (ਤਿਆਗੀ ਹੋਣ ਦਾ, ਪਖੰਡ ਕਰਦਾ ਹੈਂ (ਪਰ ਤੇਰੇ ਅੰਦਰ) ਮਾਇਆ ਦਾ ਮੋਹ (ਪ੍ਰਬਲ) ਹੈ (ਅੰਤਰ ਆਤਮੇ) ਤੂੰ ਜਮ ਦੀ ਸਜ਼ਾ ਭੁਗਤ ਰਿਹਾ ਹੈਂ । ਜਿਸ ਮਨੁੱਖ ਦਾ ਹਿਰਦਾ-ਖੱਪਰ ਟੁੱਟ ਜਾਂਦਾ ਹੈ (ਭਾਵ, ਮਾਇਆ ਦੇ ਮੋਹ ਦੇ ਕਾਰਨ ਜਿਸ ਦਾ ਹਿਰਦਾ ਅਡੋਲ ਨਹੀਂ ਰਹਿ ਜਾਂਦਾ) ਉਸ ਵਿਚ (ਨਾਮ ਦੀ) ਉਹ ਭਿੱਛਿਆ ਨਹੀਂ ਠਹਿਰ ਸਕਦੀ ਜੋ (ਪ੍ਰਭੂ-ਚਰਨਾਂ ਵਿਚ) ਪ੍ਰੇਮ ਦੀ ਰਾਹੀਂ ਮਿਲਦੀ ਹੈ। ਅਜਿਹਾ ਮਨੁੱਖ ਮਾਇਆ ਦੀ ਜੇਵੜੀ ਵਿਚ ਬੱਝਾ ਹੋਇਆ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ।੩।

ਹੇ ਜੋਗੀ! ਤੂੰ ਕਾਮ-ਵਾਸਨਾ ਤੋਂ ਆਪਣੇ ਆਪ ਨੂੰ ਨਹੀਂ ਬਚਾਂਦਾ, ਪਰ (ਫਿਰ ਭੀ ਲੋਕਾਂ ਪਾਸੋਂ) ਜਤੀ ਅਖਵਾ ਰਿਹਾ ਹੈਂ। ਮਾਇਆ ਮੰਗਦਾ-ਮੰਗਦਾ ਤੂੰ ਤ੍ਰੈਗੁਣੀ ਮਾਇਆ ਵਿਚ ਫਸ ਰਿਹਾ ਹੈਂ। ਜਿਸ ਮਨੁੱਖ ਦੇ ਅੰਦਰ ਕਠੋਰਤਾ ਹੋਵੇ ਉਸ ਦੇ ਹਿਰਦੇ ਵਿਚ ਪਰਮਾਤਮਾ ਦੀ ਜੋਤਿ ਦਾ ਚਾਨਣ ਨਹੀਂ ਹੋ ਸਕਦਾ, (ਸਹਿਜੇ-ਸਹਿਜੇ) ਡੁੱਬਦਾ-ਡੁੱਬਦਾ ਉਹ (ਮਾਇਆ ਦੇ) ਸਾਰੇ ਜੰਜਾਲਾਂ ਵਿਚ ਡੁੱਬ ਜਾਂਦਾ ਹੈ ।੪।

(ਹੇ ਜੋਗੀ!) ਗੋਦੜੀ ਆਦਿਕ ਦਾ ਬਹੁਤ ਅਡੰਬਰ ਰਚਾ ਕੇ ਤੂੰ (ਵਿਖਾਵੇ ਲਈ) ਧਾਰਮਿਕ ਪਹਿਰਾਵਾ ਕਰ ਰਿਹਾ ਹੈਂ, ਪਰ ਤੇਰਾ ਇਹ ਅਡੰਬਰ ਉਸ ਮਦਾਰੀ ਦੇ ਤਮਾਸ਼ੇ ਵਾਂਗ ਹੈ ਜੋ (ਲੋਕਾਂ ਪਾਸੋਂ ਮਾਇਆ ਕਮਾਣ ਲਈ) ਝੂਠਾ ਖੇਲ ਹੀ ਖੇਲਦਾ ਹੈ (ਭਾਵ, ਜੋ ਕੁਝ ਉਹ ਵਿਖਾਂਦਾ ਹੈ ਉਹ ਅਸਲ ਵਿਚ ਨਜ਼ਰ ਦਾ ਧੋਖਾ ਹੀ ਹੁੰਦਾ ਹੈ)। ਜਿਸ ਮਨੁੱਖ ਨੂੰ ਤ੍ਰਿਸ਼ਨਾ ਤੇ ਚਿੰਤਾ ਦੀ ਅੱਗ ਅੰਦਰੇ ਅੰਦਰ ਸਾੜ ਰਹੀ ਹੋਵੇ, ਉਹ ਪਰਮਾਤਮਾ ਦੀ ਮੇਹਰ ਤੋਂ ਬਿਨਾ (ਅੱਗ ਦੇ ਇਸ ਭਾਂਬੜ ਤੋਂ) ਪਾਰ ਨਹੀਂ ਲੰਘ ਸਕਦਾ।੫।

(ਹੇ ਜੋਗੀ!) ਤੂੰ ਕੱਚ ਦੀ ਮੁੰਦ੍ਰਾ ਬਣਾਈ ਹੋਈ ਹੈ ਤੇ ਹਰੇਕ ਕੰਨ ਵਿਚ ਪਾਈ ਹੋਈ ਹੈ, ਪਰ ਆਤਮਕ ਵਿੱਦਿਆ ਦੀ ਸੂਝ ਤੋਂ ਬਿਨਾ (ਅੰਦਰ ਵੱਸਦੇ ਮਾਇਆ ਦੇ ਮੋਹ ਤੋਂ ਖ਼ਲਾਸੀ ਨਹੀਂ ਹੋ ਸਕਦੀ। ਜੇਹੜਾ ਮਨੁੱਖ ਜੀਭ ਤੇ ਇੰਦ੍ਰੀ ਦੇ ਚਸਕੇ ਵਿਚ ਫਸਿਆ ਹੋਇਆ ਹੋਵੇ (ਉਹ ਵੇਖਣ ਨੂੰ ਤਾਂ ਮਨੁੱਖ ਹੈ, ਪਰ ਅਸਲ ਵਿਚ) ਪਸ਼ੂ ਹੈ, (ਬਾਹਰਲੇ ਤਿਆਗੀ ਭੇਖ ਨਾਲ) ਉਸ ਦਾ ਇਹ ਪਸ਼ੂ-ਪੁਣੇ ਦਾ (ਅੰਦਰਲਾ) ਲੱਛਣ ਮਿਟ ਨਹੀਂ ਸਕਦਾ।੬।

(ਹੇ ਜੋਗੀ! ਖਿੰਥਾ ਮੁੰਦ੍ਰਾ ਆਦਿਕ ਨਾਲ ਤਾਂ ਤਿਆਗੀ ਨਹੀਂ ਬਣ ਜਾਈਦਾ। ਸ਼ਬਦ ਤੋਂ ਬਿਨਾ ਜਿਵੇਂ) ਸਾਧਾਰਨ ਜਗਤ ਤ੍ਰੈਗੁਣੀ ਮਾਇਆ ਵਿਚ ਗ੍ਰਸਿਆ ਹੋਇਆ ਹੈ ਤਿਵੇਂ (ਭੇਖਧਾਰੀ) ਜੋਗੀ ਹੈ। ਜਿਹੜਾ ਮਨੁੱਖ ਗੁਰੂ ਦੇ ਸ਼ਬਦ ਨੂੰ ਆਪਣੇ ਸੋਚ-ਮੰਡਲ ਵਿਚ ਵਸਾਂਦਾ ਹੈ, (ਮਾਇਆ ਦੇ ਮੋਹ ਤੋਂ ਪੈਦਾ ਹੋਣ ਵਾਲੀ) ਉਸ ਦੀ ਚਿੰਤਾ ਮਿਟ ਜਾਂਦੀ ਹੈ। ਉਹੀ ਮਨੁੱਖ ਪਵਿਤ੍ਰ ਹੋ ਸਕਦਾ ਹੈ ਜਿਸ ਦੇ ਹਿਰਦੇ ਵਿਚ ਸਦਾ-ਥਿਰ ਪ੍ਰਭੂ ਤੇ ਉਸ ਦੀ ਸਿਫ਼ਤਿ-ਸਾਲਾਹ ਦਾ ਸ਼ਬਦ ਵੱਸਦਾ ਹੈ, ਉਹੀ ਅਸਲ ਜੋਗੀ ਹੈ ਉਹੀ ਜੀਵਨ ਦੀ ਜੁਗਤਿ ਨੂੰ ਸਮਝਦਾ ਹੈ ।੭।

(ਹੇ ਜੋਗੀ!) ਤੂੰ ਸਭ ਕੁਝ ਕਰਣ ਦੇ ਸਮਰੱਥ ਪਰਮਾਤਮਾ ਨੂੰ ਸਿਮਰ, ਸਾਰੀ ਦੁਨੀਆ ਦੀ ਮਾਇਆ ਦਾ ਮਾਲਕ ਉਹ ਪ੍ਰਭੂ ਤੇਰੇ ਅੰਦਰ ਵੱਸਦਾ ਹੈ। ਉਹ ਆਪ ਹੀ ਜਗਤ ਰਚਨਾ ਕਰ ਕੇ ਆਪ ਹੀ ਨਾਸ ਕਰਦਾ ਹੈ, ਜਗਤ ਵਿਚ ਉਹੀ ਕੁਝ ਹੁੰਦਾ ਹੈ ਜੋ ਉਹ ਪ੍ਰਭੂ ਕਰਦਾ ਹੈ।

ਹੇ ਨਾਨਕ! ਉਸੇ ਜੋਗੀ ਦੇ ਅੰਦਰ ਜਤ ਹੈ, ਸਤ ਹੈ, ਸੰਜਮ ਹੈ, ਉਸੇ ਦਾ ਹਿਰਦਾ ਪਵਿਤ੍ਰ ਹੈ ਜਿਸ ਦੇ ਅੰਦਰ ਸਦਾ-ਥਿਰ ਪ੍ਰਭੂ ਵੱਸਦਾ ਹੈ, ਉਹ ਜੋਗੀ ਤਿੰਨਾਂ ਭਵਨਾਂ ਦਾ ਮਿੱਤਰ ਹੈ (ਉਸ ਜੋਗੀ ਨੂੰ ਸਾਰਾ ਜਗਤ ਪਿਆਰ ਕਰਦਾ ਹੈ)।੮।੨।

੫

ਧਰਮੀ ਮਹਾਂ ਪੁਰਖ ਅਤੇ ਧਾਰਮਿਕ ਆਗੂ

ਸਿਵਾਏ ਇੱਕ ਹਿੰਦੂ ਧਰਮ ਦੇ ਸੰਸਾਰ ਦੇ ਸਾਰੇ ਧਰਮਾਂ ਨੂੰ ਚਲਾਇਆ ਧਰਮੀ ਮਹਾਂ ਪੁਰਖਾਂ ਨੇ ਹੈ ਅਤੇ ਉਸ ਧਰਮ ਨੂੰ ਅਗਾਂਹ ਤੋਂ ਅਗਾਂਹ ਧਾਰਮਿਕ ਆਗੂਆਂ ਨੇ ਤੋਰਿਆ।

ਹਜ਼ਰਤ ਈਸਾ ਜੀ ਧਰਮੀ ਮਹਾਂਪੁਰਖ ਸਨ ਪਰ ਪਾਦਰੀ ਅਤੇ ਪੋਪ ਆਦਿ ਧਾਰਮਿਕ ਆਗੂ, ਹਜ਼ਰਤ ਮੁਹੰਮਦ ਸਾਹਿਬ ਧਰਮੀ ਮਹਾਂਪੁਰਖ ਅਤੇ ਖ਼ਲੀਫ਼ੇ, ਮੌਲਾਣੇ ਕਾਜ਼ੀ, ਹਾਜੀ, ਪੀਰ-ਫ਼ਕੀਰ ਆਦਿ ਧਾਰਮਿਕ ਆਗੂ, ਮਹਾਤਮਾ ਬੁੱਧ ਧਰਮੀ ਮਹਾਂਪੁਰਖ ਸਨ, ਅਤੇ ਭਿਕਸ਼ੂ ਭਿਕਸ਼ਨੀਆਂ ਆਦਿ ਧਾਰਮਿਕ ਆਗੂ, ਗੁਰੂ ਨਾਨਕ ਸਾਹਿਬ ਜੀ ਧਰਮੀ ਮਹਾਂਪੁਰਖ, ਪੰਜ ਪਿਆਰੇ (ਜੋ ਸਤਿਗੁਰਾਂ ਨੇ ਪੰਜ ਪਿਆਰੇ ਸਾਜੇ ਸੀ ਉਨ੍ਹਾਂ ਦੀ ਗਲ ਨਹੀਂ), ਜਥੇਦਾਰ, ਗ੍ਰੰਥੀ, ਪਰਚਾਰਕ, ਡੇਰੇਦਾਰ ਸਾਧ ਸੰਤ ਆਦਿ ਸੱਭ ਧਾਰਮਿਕ ਆਗੂ ਹਨ। ਇਸਲਾਮ ਧਰਮ ਦੀਆਂ ਚੰਗਿਆਈਆਂ ਤੋਂ ਪ੍ਰਭਾਵਤ ਹੋ ਕੇ ਲੋਕ ਧੜਾ ਧੜ ਮੁਸਲਮਾਨ ਬਣਦੇ ਗਏ। ਪਰ ਮਗਰੋਂ ਧਾਰਮਿਕ ਆਗੂਆਂ ਨੇ ਉਸ ਹਰਮਨ ਪਿਆਰੇ ਬਣ ਰਹੇ ਧਰਮ ਵਿਚ ਕਈ ਅਜਿਹੇ ਬੇ-ਅਸੂਲੇ ਝਮੇਲੇ ਰਲਾ ਲਏ ਜਿਸ ਤੋਂ ਧਰਮ ਆਪਣੀ ਪਹਿਲੀ ਆਭਾ ਗੁਆ ਬੈਠਾ। ਇੱਕੋ ਅੱਲਾਹ ਨੂੰ ਮਨੰਣ ਵਾਲਾ, ਬਹੁਤੇ ਦੇਵਤਿਆਂ ਦੇ ਅਥਵਾ ਮੂਰਤੀਆਂ ਦੇ ਪੁਜਾਰੀ ਹਿੰਦੂਆਂ ਨੂੰ ਕਾਫ਼ਰ ਘੋਸ਼ਤ ਕਰਕੇ ਇਨ੍ਹਾਂ ਦਾ ਸਮੂਹਕ ਕਤਲ ਕਰਨ ਦਾ ਫ਼ਤਵਾ ਸੁਣਾਉਣ ਵਾਲਾ ਮੌਲਾਣਾ, ਆਪ ਕਬਰਾਂ ਅਤੇ ਮਜ਼ਾਰਾਂ ਦਾ ਪੁਜਾਰੀ ਬਣ ਗਿਆ।

ਧਾਰਮਿਕ ਆਗੂ ਲਈ ਜ਼ਰੂਰੀ ਹੈ ਕਿ ਉਹ ਧਰਮ ਚਲਾਉਣ ਵਾਲੇ ਧਰਮੀ ਮਹਾਂ ਪੁਰਖਾਂ ਦੀ ਗਿਆਨ ਜੋਤਿ ਤੋਂ, ਸੱਚੀ ਸੁਹਿਰਦਤਾ ਨਾਲ ਪੂਰੀ ਤਰ੍ਹਾਂ ਜਾਣੂੰ ਹੋ ਕੇ, ਆਪਣੀ ਜੀਵਨ ਜੁਗਤਿ ਉਸ ਅਨੁਸਾਰ ਪੂਰੀ ਤਰ੍ਹਾਂ ਢਾਲ ਲਵੇ। ਨਹੀਂ ਤਾਂ ਉਹੀ ਧਰਮ ਜਿਹੜਾ ਪਹਿਲਾਂ ਹਰਮਨ ਪਿਆਰਾ ਹੋ ਕੇ ਦਿਨੋ-ਦਿਨ ਵਾਧੇ 'ਤੇ ਸੀ, ਢਹਿੰਦੀਆਂ ਕਲਾਂ ਵੱਲ ਨੂੰ ਚਾਲੇ ਪਾ ਤੁਰਦਾ ਹੈ। ਇਸ ਪ੍ਰਥਾਇ ਸਤਿਗੁਰਾਂ ਦਾ ਸਪੱਸ਼ਟ ਫ਼ੁਰਮਾਨ ਹੈ ਕਿ ਆਪਣੇ ਸਤਿਗੁਰਾਂ ਦੇ ਉਪਦੇਸ਼ ਨੂੰ ਅਗਾਂਹ ਤੋਂ ਅਗਾਂਹ ਤੋਰਨ ਵਾਲਾ ਗੁਰਮੁਖ ਆਪਣੇ ਗੁਰੂ ਦਾ ਹੀ ਰੂਪ ਹੋਣਾ ਜ਼ਰੂਰੀ ਸ਼ਰਤ ਹੈ-

੩੬- ਗੁਰੂ ਸਿਖੁ, ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥
ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥ ੮ ॥ (ਪੰਨਾ-੪੪੪)

ਖ਼ਾਲਸਾ ਜੀ ਲਈ ਵੱਡੀ ਘਾਟ ਇਹ ਆ ਪਈ ਕਿ, ਜਿਨ੍ਹਾਂ ਗੁਰਮੁਖਾਂ ਨੇ ਸਤਿਗੁਰਾਂ ਦੇ ਬਚਨਾਂ ਅਨੁਸਾਰ ਆਪਣਾ ਜੀਵਨ ਢਾਲ ਲਿਆ ਹੋਇਆ ਸੀ, ਉਹ ਦਸਮੇਸ਼ ਜੀ ਦੇ ਨਿੱਜ-ਧਾਮ ਨੂੰ ਪਰਤਦਿਆਂ, (ਸੰਨ ੧੭੦੮ ਤੋਂ ਹੀ) ਅਜਿਹੀਆਂ ਜਾਨ ਲੇਵਾ ਔਕੜਾਂ ਵਿਚ ਘਿਰ ਗਏ ਕਿ, ਸਤਿਗੁਰਾਂ ਦੇ ਸ਼ੁੱਧ ਗਿਆਨ ਦੀ ਅਸਲੀਅਤ ਤੋਂ ਅਤੇ ਬਿੱਪ੍ਰ ਦੀਆਂ ਕੁਟਲ ਚਾਲਾਂ ਤੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪੂਰੀ ਤਰ੍ਹਾਂ ਸੁਚੇਤ ਨਾ ਕਰ ਸਕੇ। ਜਿਨ੍ਹਾਂ ਦਿਨਾਂ ਵਿਚ ਪੰਥ ਆਪਣੀ ਹੋਂਦ ਨੂੰ ਬਚਾਉਂਦਾ ਹੋਇਆ ਜ਼ੁਲਮੀ ਰਾਜ ਨੂੰ ਖ਼ਤਮ ਕਰਕੇ ਜਨਤਾ ਦੇ ਦੁਖਾਂ ਨੂੰ ਸੁਖਾਂ ਵਿਚ ਬਦਲ ਦੇਣ ਲਈ ਸੰਤ ਸੂਰਮੇ ਖ਼ਾਲਸਾ ਜੀ ਦਾ ਹਲੇਮੀ ਰਾਜ ਸਥਾਪਤ ਕਰਨ ਲਈ ਜੂਝ ਰਿਹਾ ਸੀ, ਸਾਡੇ ਧਰਮ ਅਸਥਾਨਾਂ ਦੇ ਸੰਚਾਲਕ

ਅਤੇ ਸਿੱਖ ਧਰਮ ਦੇ ਪਰਚਾਰਕ, ਸਾਡੇ ਧਰਮ ਆਗੂ, ਉਹ ਆ ਬਣੇ ਜਿਹੜੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ ਦੇ ਸੱਭ ਤੋਂ ਵਡੇ ਵੈਰੀ ਬਣੇ ਹੋਏ ਸਨ। ਉਦਾਸੀ, ਨਿਰਮਲੇ, ਸੰਪਰਦਾਈਏ [ਡੇਰੇਦਾਰ] ਰੂਪ ਬਿੱਪ੍ਰ ਨੂੰ ਹੀ ਅਸੀਂ ਆਪਣੇ ਧਰਮ ਦਾ ਸੱਚਾ ਪਰਚਾਰਕ ਅਤੇ ਆਪਣਾ ਧਾਰਮਿਕ ਆਗੂ ਮੰਨ ਲਿਆ। ਸਾਧ ਭੇਖ ਵਿਚ ਲਪੇਟੇ ਹੋਏ ਉਨ੍ਹਾਂ ਕਥਿਤ ਮਹਾਂ ਪੁਰਖਾਂ ਦਾ ਹਰ ਬਚਨ ਸਿੱਖਾਂ ਲਈ ਅਸਲੀ ਗੁਰਮਤਿ ਬਣਦਾ ਗਿਆ? ਪ੍ਰੋਹਿਤ ਜੀ, ਅਤੇ ਉਸੇ ਦਾ ਹੀ ਰੂਪ ਉਦਾਸੀਆਂ, ਨਿਰਮਲਿਆਂ ਆਦਿ ਦੀ ਚਤੁਰਾਈ ਅਤੇ ਦੂਰ-ਦ੍ਰਿਸ਼ਟੀ ਵੱਲ ਧਿਆਨ ਜਾਂਦਾ ਹੈ ਤਾਂ ਕੰਬਣੀ ਆ ਜਾਂਦੀ ਹੈ। ਅਖੰਡ-ਪਾਠ , ਸਹਿਜ ਪਾਠ ਤੇ ਰੈਣ ਸਬਾਈ ਕੀਰਤਨਾਂ ਤੋਂ ਕਈ ਤਰ੍ਹਾਂ ਦੇ ਫਲਾਂ ਦੇ ਪ੍ਰਾਪਤ ਹੋਣ ਦੇ, ਅਤੇ ਪਦਾਰਥਕ ਮੰਗਾਂ ਬਾਰੇ ਕੀਤੀਆਂ ਅਰਦਾਸਾਂ ਦੇ ਅਥਵਾ ਸੁੱਖਣਾ ਆਦਿ ਦੇ ਪੂਰੇ ਹੋਣ ਦੇ ਚੱਕਰ ਵਿਚ ਉਲਝਾ ਕੇ, ਲਗ-ਪਗ ਸਾਰੇ ਪੰਥ ਨੂੰ ਗੁਰਮਤਿ ਗਿਆਨ ਸਮਝਣ ਦੀ ਲੋੜ ਤੋਂ ਮੁਕਤ ਕਰ ਲਿਆ। ਪੰਥ ਦਾ ਧਰਮ ਆਗੂ ਬਣਨ ਉਪਰੰਤ ਲਗ-ਪਗ ਸਾਰੇ ਗੁਰ ਸਿੱਖਾਂ ਦੇ ਮਨਾਂ ਵਿਚ ਭਰਮ ਬਣਾ ਦਿੱਤਾ ਕਿ ਗੁਰੂ ਬਾਣੀ ਨੂੰ ਉਹੀ ਸਮਝ ਸਕਦਾ ਹੈ ਜਿਸ ਦੀ ਆਤਮਕ ਉੱਚਤਾ ਸਤਿਗੁਰਾਂ ਵਰਗੀ ਹੋਵੇ। ਸੋ ਕੇਵਲ (ਸਾਧ ਭੇਖ ਵਾਲੇ) ਧਰਮ ਆਗੂ ਹੀ ਗੁਰੂ ਬਾਣੀ ਦੇ ਅਰਥ ਸਮਝ ਸਕਦੇ ਮੰਨ ਲਏ ਗਏ। ਸਾਡੀ ਆਪਣੀ ਬੋਲੀ ਵਿਚ ਲਿਖੀ ਗੁਰੂ-ਬਾਣੀ, ਸਾਡੇ ਲਈ ਸੰਸਕ੍ਰਿਤ ਵਿਚ ਲਿਖੇ ਵੇਦਾਂ ਸ਼ਾਸਤਰਾਂ ਦੀ ਸ਼ਕਲ ਧਾਰ ਬੈਠੀ। ਏਹੀ ਕਾਰਨ ਹੈ ਕਿ ਅੱਜ ਤੱਕ ਵੀ ਪੰਥ ਵਿਚ (ਕਿਸੇ ਵਿਰਲੇ ਗੁਰਮੁਖ ਪਿਆਰੇ ਤੋਂ ਛੁੱਟ), ਸਮੁੱਚੀ ਗੁਰੂਬਾਣੀ-ਗਿਆਨ ਦੇ ਹਰ ਪੱਖ ਨੂੰ ਕੋਈ ਵੀ (ਸਿੰਘਣੀ ਜਾਂ ਸਿੰਘ, ਚੰਗੀ ਤਰ੍ਹਾਂ) ਨਹੀਂ ਸਮਝ ਸਕਿਆ। ਇਨ੍ਹਾਂ ਕੁਟਲ ਧਰਮ ਆਗੂਆਂ ਨੇ ਗੁਰੂ ਬਾਣੀ ਦੇ ਅਰਥ ਆਪਣੀ ਵਿਉਂਤ ਅਨੁਸਾਰ ਕਰਕੇ ਸੰਗਤਾਂ ਵਿਚ ਕਈ ਤਰ੍ਹਾਂ ਦੇ ਉਹੀ ਬ੍ਰਾਹਮਣੀ ਭਰਮ ਪ੍ਰਚਲਤ ਕਰ ਲਏ, ਜਿਨ੍ਹਾਂ (ਭਰਮਾਂ) ਦੀ ਗੁਰੂ ਬਾਣੀ ਖੰਡਨਾ ਕਰ ਰਹੀ ਹੈ। *

ਮਾਇਆ-ਦਾਨ ਨੂੰ ਵਡਾ ਫਲਦਾਇਕ ਘੋਸ਼ਤ ਕਰ ਕੇ, ਦਿਨਾਂ ਦੀ ਵੀ ਨਿਰਦਾਇਤਾਂ ਨਾਲ ਲੁੱਟੀ ਜਾ ਕੇ ਹਰ ਪ੍ਰਕਾਰ ਦੇ ਵਿਕਾਰ ਨਾਲ ਨਕਾ-ਨੱਕ ਭਰੀ ਹੋਈ, ਧਾਰਮਿਕ ਆਗੂਆਂ ਦੀ ਰਾਜਿਆਂ ਮਹਾਰਾਜਿਆਂ ਵਾਲੀ ਰਹਿਣੀ ਬਹਿਣੀ, ਸ਼ਰਧਾਲੂਆਂ ਲਈ ਪੂਜਨੀਕ ਤਦ ਹੀ ਬਣੀ ਰਹਿੰਦੀ ਹੈ, ਜਦੋਂ ਧਰਮੀ-ਮਹਾਂਪੁਰਖਾਂ ਦੀ ਚਲਾਈ ਉਸ ਮਰਯਾਦਾ ਤੋਂ (ਅਵੱਲ ਤਾਂ ਸਾਰੇ, ਨਹੀਂ ਤਾਂ ਘੱਟੋ ਘੱਟ ਬਹੁਗਿਣਤੀ) ਪੂਰੀ ਤਰ੍ਹਾਂ ਅਣਜਾਣ ਰਹੇ। ਸਾਡੀ ਬਦਕਿਸਮਤੀ ਇਹ ਹੈ ਕਿ ੧੯ਵੀਂ ਸਦੀ ਤੋਂ ਖ਼ਾਲਸਾ ਪੰਥ ਲਈ ਬਣ ਬੈਠਾ, ਧਾਰਮਿਕ

[*Footnote:--ਗੁਰੂ ਬਾਣੀ ਦੀਆਂ ਢੁਕਵੀਆਂ ਪੰਗਤੀਆਂ ਦੇ, ਸਲੋਕਾਂ ਦੇ ਅਥਵਾ ਪਾਵਨ ਗੁਰੂ-ਸ਼ਬਦਾਂ ਦੇ ਹਵਾਲਿਆਂ ਦੁਆਰਾ, ਪੰਥਕ ਰਹਿਤ ਮਰਯਾਦਾ ਵਿਚਲੀਆਂ ਉਹ ਗੱਲਾਂ ਜਿਨ੍ਹਾਂ ਤੋਂ ਪੰਥ ਬਿੱਪ੍ਰਵਾਦੀ ਰੀਤੀ-ਰਿਵਾਜਾਂ ਦਾ ਧਾਰਨੀ ਬਣਦਾ ਤੁਰਿਆ ਗਿਆ, ਅਥਵਾ ਹੋਰ ਉਨ੍ਹਾਂ ਰਸਤਿਆਂ ਦਾ ਵੇਰਵਾ, ਜਿਨ੍ਹਾਂ ਰਾਹੀਂ ਪੰਥ ਵਿਚ ਬਿੱਪ੍ਰਨ ਕੀ ਰੀਤ ਆ ਵੜੀ ਹੈ, ਦਾਸ ਨੇ ਪੁਸਤਕ 'ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ' ਦੇ ੧੦ ਭਾਗਾਂ ਵਿਚ ਬੜੇ ਵਿਸਥਾਰ ਨਾਲ ਖੋਲ੍ਹ ਕੇ ਵਰਣਨ ਕੀਤਾ ਹੈ। ਉਨ੍ਹਾਂ ੧੦ ਭਾਗਾਂ ਵਿਚੋਂ, ਸਿਵਾਇ ਇਸ ਨੌਵੇਂ ਭਾਗ ਤੋਂ ਛਪ ਕੇ ਗੁਰੂ ਸੰਗਤਾਂ ਦੇ ਦਰਬਾਰ ਵਿਚ ਪੁੱਜ ਚੁੱਕੇ ਹਨ।]

ਆਗੂ ਕੇਵਲ ਲੁੱਟ ਦੀ ਨੀਅਤ ਨਾਲ ਹੀ ਨਹੀਂ ਸੀ ਪੰਥ ਵਿਚ ਆ ਵੜਿਆ, ਉਸ ਦਾ ਅਸਲ ਮੰਤਵ ਖ਼ਾਲਸਾ ਜੀ ਨੂੰ ਮੁੜ ਉਨ੍ਹਾਂ ਮੰਦਰਾਂ ਵਿਚ ਹੀ ਟੱਲ ਖੜਕਾਉਂਦੇ ਵੇਖਣ ਦਾ ਸੀ, ਜਿਥੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਇਨ੍ਹਾਂ ਨੂੰ ਕੱਢ ਕੇ--ਇਸ਼ਟ ਸੁਹਿਰਦ, ਸੱਜਣ ਸੂਰਾ, ਏਥੋਂ ਤੱਕ ਕਿ, ਸਤਿਗੁਰ ਪੂਰਾ ਬਣਾ ਕੇ, ਸਾਰੇ ਦੇ ਸਾਰੇ ਤੇਜ ਪ੍ਰਤਾਪ ਦਾ ਮਾਲਕ ਬਣਾਇਆ ਸੀ। ਇਸ ਬਹੁਰੂਪੀਏ ਬਿੱਪ੍ਰ ਜੀ ਨੇ ਸਾਡੇ ਇਤਿਹਾਸ ਵਿਚ ਅਜਿਹਾ ਕੁਝ ਅਜਿਹੀ ਚਤੁਰਾਈ ਨਾਲ ਰਲਾਇਆ ਅਤੇ ਸਾਨੂੰ ਅਜਿਹੇ ਮਨਮੋਹਣੀ ਵਿਧੀ ਨਾਲ ਸੁਣਾਉਣਾ ਆਰੰਭਿਆ ਕਿ ਅਸੀਂ ਗੁਰਮਤਿ ਗਿਆਨ ਤੋਂ ਪੂਰੀ ਤਰ੍ਹਾਂ ਅਣਜਾਣ, ਅਤੇ ਹੰਕਾਰੀ ਅਤੇ ਜੰਗ ਯੁੱਧ ਨੂੰ ਹੀ ਧਰਮ-ਯੁੱਧ ਮੰਨਣ ਵਾਲੇ ਬਣਦੇ ਤੁਰੇ ਗਏ। ਧਰਮ ਆਗੂਆਂ-ਦੇ ਰੂਪ ਵਿਚ ਉਸੇ ਪ੍ਰੋਹਿਤ ਨੇ (ਜੋ ਜਨੇਊ ਪਾਉਣ ਵਾਲੇ ਦਿਨਾਂ ਤੋਂ ਸਾਡਾ ਵੈਰੀ ਬਣ ਬੈਠਾ ਸੀ) ਅਜਿਹੀ ਮਰਯਾਦਾ ਸਾਡੇ ਲਈ ਗੁਰਮਤਿ ਬਣਾ ਦਿੱਤੀ ਕਿ ਅਸੀਂ ਗੁਰੂਬਾਣੀ ਦੇ ਗਿਆਨ ਨੂੰ ਸਮਝਣ ਦੀ ਲੋੜ ਦਾ ਅਰਥ ਹੀ ਭੁੱਲ ਗਏ। ਗੁਰੂ ਬਾਣੀ ਦੇ ਅਰਥ ਕਰਨੇ ਸਾਡੇ ਵਾਸਤੇ ਸਤਿਗੁਰਾਂ ਨੂੰ ਨੰਗਾ ਕਰਨ ਦਾ ਭਰਮ ਪੈਦਾ ਕਰ ਦਿੱਤਾ। (੧੭੦੯ ਤੋਂ ੧੯੨੨ ਤੱਕ) ੨੦੦ ਸਾਲ ਤੋਂ ਵੱਧ ਸਮਾਂ ਧਾਰਮਿਕ ਆਗੂ ਦੀ ਹਰ ਗੱਲ ਨੂੰ ਗੁਰਮਤਿ ਸਮਝਣ ਦੇ ਸੰਸਕਾਰ ਸਾਡੇ ਆਚਰਨ ਵਿਚ ਏਡੇ ਡੂੰਘੇ ਉੱਕਰੇ ਗਏ ਕਿ ਅੱਜ ਤੱਕ ਵੀ ਅਸੀਂ (ਭੇਖੀ) ਧਾਰਮਿਕ-ਆਗੂਆਂ ਦੀਆਂ ਗੁਰਮਤਿ ਵਿਰੋਧੀ ਗੱਲਾਂ ਨੂੰ ਅਸਲੀ ਗੁਰਮਤਿ ਸਮਝਣ ਵਿਚ ਹੀ ਆਪਣੀ ਕਲਿਆਣ ਮੰਨੀ ਤੁਰੇ ਜਾ ਰਹੇ ਹਾਂ।

ਗੁਰੂ ਮਰਯਾਦਾ ਤੋਂ ਅਗਿਆਨਤਾ ਦਾ ਇਹ ਹਾਲ ਬਣ ਗਿਆ ਹੈ ਕਿ, ਆਮ ਸਿੱਖਾਂ ਦੀ ਗੱਲ ਤਾਂ ਕੀ ਕਰਨੀ ਹੈ, ਡੇਰੇ ਸਿਰਜੀ ਬੈਠੇ ਇਨ੍ਹਾਂ ਕਥਿਤ ਸੰਤ -ਮਹਾਂ ਪੁਰਖਾਂ ਤੋਂ ਆਰੰਭ ਹੋ ਕੇ, ਜਥੇਦਾਰ ਸਾਹਿਬਾਨ, ਗ੍ਰੰਥੀਆਂ, ਅਥਵਾ ਸਾਡੇ ਧਰਮ-ਪਰਚਾਰਕ ਵਿਚੋਂ ਵੀ ਬੜੇ ਘੱਟ ਗੁਰੂ ਸਿੱਖਾਂ ਨੂੰ ਪਤਾ ਹੈ ਕਿ, ਚੌਰ ਅਤੇ ਛਤਰ ਕਿਉਂ ਅਤੇ ਕਦੋਂ ਤੋਂ ਸਤਿਗੁਰ ਦੇ ਪਾਵਨ ਦਰਸ਼ਨਾਂ ਦਾ ਅੰਗ ਮੰਨਿਆਂ ਜਾਣਾ ਆਰੰਭ ਹੋਇਆ ਸੀ? ਇਹ ਗੱਲ ਤਾਂ ਲਗ-ਪਗ ਸਾਰੇ ਹੀ ਕਹੀ ਜਾਂਦੇ ਹਨ ਕਿ, ਬਾਬਾ ਬੁੱਢਾ ਜੀ ਨੇ, ਬਾਲਕ ਸਾਹਿਬਜ਼ਾਦੇ (ਸ੍ਰੀ ਗੁਰੂ) ਹਰਗੋਬਿੰਦ ਸਾਹਿਬ ਜੀ ਨੂੰ ਧਾਰਮਿਕ ਵਿਦਿਆ ਦੇ ਨਾਲ ਸ਼ਸਤਰ ਵਿਦਿਆ ਵੀ ਸਿਖਲਾਈ ਸੀ? ਇਹ ਵੀ ਕਹੀ ਜਾਂਦੇ ਹਾਂ ਕਿ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ **'ਪੀਰੀ'** ਦੀ ਕਿਰਪਾਨ ਦੇ ਨਾਲ **'ਮੀਰੀ'** ਦੀ ਤਲਵਾਰ ਵੀ ਪਹਿਨ ਲਈ ਸੀ--ਪਰ ਇਸ ਪਾਸੇ ਵਿਚਾਰ ਲੈ ਜਾਣ ਨੂੰ ਵੱਡੀ ਔਖ ਮੰਨ ਲਿਆ ਹੋਇਆ ਹੈ ਕਿ **'ਗੁਰਿਆਈ ਸੌਂਪਣ ਸਮੇਂ'** ਮੌਲੀ (ਲਾਲ ਧਾਗਾ) ਨਾਰੀਅਲ, ਪੰਜ ਪੈਸੇ, ਸੇਲੀ ਟੋਪੀ ਆਦਿ ਬ੍ਰਾਹਮਣੀ ਸਮੱਗਰੀ ਨਹੀਂ ਸੀ ਵਰਤੀ ਗਈ ਸਗੋਂ **'ਪੀਰੀ'** ਨਾਲ ਸੰਬੰਧਤ **ਕਿਰਪਾਨ ਪਹਿਨਾਉਣੀ, ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਤੋਂ ਹੀ ਆਰੰਭ ਕਰ ਦਿੱਤੀ ਹੋਈ ਸੀ।** ਏਸੇ ਲਈ ਛੇਵੇਂ ਪਾਤਿਸ਼ਾਹ ਜੀ ਨੇ, ਜਦ ਐਲਾਨੀਆਂ ਤੌਰ 'ਤੇ ਮੀਰੀ ਦਾ ਰਾਹ ਅਪਣਾਉਣਾ ਸੀ ਤਾਂ ਉਨ੍ਹਾਂ ਨੇ,

ਗੁਰਿਆਈ ਨਾਲ ਜੁੜੀ ਆ ਰਹੀ ਪੀਰੀ ਦੀ ਕਿਰਪਾਨ ਦੇ ਨਾਲ ਮੀਰੀ ਦੀ ਦੂਜੀ ਕਿਰਪਾਨ ਪ੍ਰਹਿਨੀ ਸੀ। ਨਿਮਰਤਾ ਰੂਪ ਗ਼ਰੀਬੀ ਅਤੇ ਗ਼ਰੀਬਾਂ ਦੀ ਰਖਿਆ ਰੂਪ ਸੂਰਬੀਰਤਾ, ਦੋਹ ਪੱਖ ਦੀ ਸਿਖਲਾਈ ਸਾਵੀਂ ਆਰੰਭ ਹੋ ਰਹੀ ਸੀ। ਗੁਰੂ ਬਾਣੀ ਵਿਚੋਂ ਵੀ ਗੁਰੂ ਅੰਗਦ ਸਾਹਿਬ ਦੀ ਗੁਰਿਆਈ ਨਾਲ ਖੜਕ ਦੇ ਆ ਜੁੜਨ ਦਾ ਸੰਕੇਤ ਮਿਲਦਾ ਹੈ-

੩੭- ਲਹਿਣੇ ਧਰਿਓਨੁ ਛਤੁ ਸਿਰਿ, ਕਰਿ ਸਿਫਤੀ ਅੰਮ੍ਰਿਤੁ ਪੀਵਦੈ ॥ ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ ॥ (ਪੰਨਾ-੯੬੬)

ਅਤੇ ਸਤਿਗੁਰੂ ਨਾਨਕ ਜੀ ਨੇ--

੩੮- ਕੁਲਹ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥ ਚੂਹਾ ਖਡ ਨ ਮਾਵਈ ਤਿਕਲਿ ਬੰਨੈਓ ਛਜ ॥ (ਪੰਨਾ-੧੨੮੬)

ਫ਼ੁਰਮਾ ਕੇ ਸੇਲੀ ਟੋਪੀ ਲੈਣ ਦੇਣ ਵਾਲੇ ਦੋਹ ਨੂੰ ਨਿਲੱਜ ਫ਼ੁਰਮਾ ਕੇ ਅਜਿਹੀ ਕਿਸੇ ਰਸਮ ਦਾ ਭਰਪੂਰ ਖੰਡਨਾ ਵੀ ਕਰ ਦਿੱਤੀ ਹੋਈ ਹੈ, ਪਰ ਧਰਮ ਆਗੂ ਆ ਬਣੇ ਕੁਟਲ ਵੈਰੀ ਨੇ ਅਜਿਹਾ ਮਾਇਆ ਜਾਲ ਖਿਲਾਰਿਆ ਕਿ, ਅਸੀਂ ਗੁਰੂ ਇਤਿਹਾਸ ਦੀ ਇਸ ਸਚਾਈ ਨੂੰ ਭੁੱਲ ਕੇ ਗੁਰਿਆਈ ਨਾਲ ਨਾਰੀਅਲ ਮੌਲੀ **ਸੇਲ੍ਹੀ ਟੋਪੀ** ਆਦਿ ਜੋੜਨੀ ਗੁਰਮਤਿ ਦਾ ਹਿੱਸਾ ਮੰਨ ਬੈਠੇ।

ਇਨ੍ਹਾਂ ਧਰਮ ਆਗੂਆਂ ਦੇ ਮਾਇਆ ਜਾਲ ਤੋਂ ਸੱਭ ਤੋਂ ਵੱਡਾ ਦੁਖਦਾਈ ਭਾਣਾ ਇਹ ਵਰਤਿਆ ਕਿ, ਅਸੀਂ ਗੁਰਮਤਿ ਤੋਂ ਅਗਿਆਨੀ ਹੁੰਦੇ ਹੋਏ ਵੀ, ਹਰ ਪੱਖੋਂ ਪਰਬੀਨ ਹੋਣ ਦੇ ਹੰਕਾਰੀ ਬਣ ਬੈਠੇ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਇਹ ਅਨਮੋਲ ਬਚਨ--

੩੯ ਹਮ ਨਹੀਂ ਚੰਗੇ ਬੁਰਾ ਨਹੀਂ ਕੋਇ ॥ ਪ੍ਰਣਵਤਿ ਨਾਨਕੁ ਤਾਰੇ ਸੋਇ ॥ ੪ ॥ (ਪੰਨਾ-੭੨੮)

੪੦ ਨਾਨਕ ਮੂਰਖ ਏਕੁ ਤੂ ਅਵਰ ਭਲਾ ਸੈਸਾਰੁ ॥ ਜਿਤੁ ਤਨਿ ਨਾਮੁ ਨ ਊਪਜੈ ਸੇ ਤਨ ਹੋਹਿ ਖੁਆਰ ॥੪ ॥ (ਪੰਨਾ-੧੩੨੮)

(ਏਸੇ ਸਿਖਿਆ ਵਾਲੇ ਹੋਰ ਕਈ ਗੁਰੂ-ਬਚਨ) ਸਾਡੇ ਲਈ ਵਿਅਰਥ ਬਣ ਗਏ। ਆਪਣੇ ਸਤਿਗੁਰਾਂ ਦੇ ਇਸ ਅਨਮੋਲ ਫ਼ੁਰਮਾਨ ਦੀ ਅਸਲ ਭਾਵਨਾ ਨੂੰ ਸਮਝ ਕੇ ਉਸ ਅਨੁਸਾਰ ਮੋੜਾ ਖਾਣ ਦੀ ਲੋੜ ਬਹੁਤ ਪਿੱਛੇ ਛੱਡ ਤੁਰੇ:-

੪੧- ਮ:੧ ॥ ਗਲੀ ਅਸੀਂ ਚੰਗੀਆਂ ਆਚਾਰੀ ਬੁਰੀਆਹ ॥
ਮਨੁਹ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥

ਗੇਸਾ ਕਰਹਿ ਤਿਨਾਛੀਆ ਜੋ ਸੇਵਹਿ ਦਰੁ ਖੜੀਆ ॥
ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥
ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ ॥
ਨਾਨਕ ਜਨਮ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ ॥ ੨

(ਪੰਨਾ-੮੫)

੬

ਧਾਰਮਿਕ ਆਗੂ ਅਤੇ ਸਿਆਸਤਦਾਨ

ਪੁਸਤਕ ਦੇ ਪਹਿਲੇ ਭਾਗ ਦੇ ਆਰੰਭ ਵਿਚ ਹੀ ਸਪੱਸ਼ਟ ਕਰ ਦੇਣ ਦਾ ਯਤਨ ਕੀਤਾ ਸੀ ਕਿ, ਇਸ ਪੁਸਤਕ ਦੇ ਲਿਖਣ ਦਾ ਮੰਤਵ ਬ੍ਰਾਹਮਣ ਨੂੰ, ਕਿਸੇ ਖ਼ਾਸ ਵਿਅਕਤੀ ਨੂੰ ਜਾਂ ਕਿਸੇ ਖ਼ਾਸ ਧਰਮ ਨੂੰ, ਬੁਰਾ ਕਹਿਣ ਦਾ ਅਥਵਾ ਕਿਸੇ ਦੀ ਨਿੰਦਿਆ ਕਰਨ ਦਾ ਨਹੀਂ ਹੈ। ਸਿਰਫ਼ ਬ੍ਰਾਹਮਣ ਅਥਵਾ ਮੁਢਲੇ ਧਾਰਮਿਕ ਆਗੂ ਦੀ, ਉਸ ਰੀਤ ਤੋਂ ਗੁਰਸਿੱਖਾਂ ਨੂੰ ਜਾਣੂੰ ਕਰਾਉਣਾ ਹੈ ਜਿਸ ਦੀ ਖੰਡਨਾਂ ਗੁਰੂ ਗ੍ਰੰਥ ਸਾਹਿਬ ਜੀ ਕਰਦੇ ਹਨ। ਫਿਰ ਵੀ ਕਈ ਵਿਦਵਾਨਾਂ ਨੇ ਇਹ ਪ੍ਰਭਾਵ ਲਿਆ ਹੈ ਕਿ ਅਸੀਂ ਬ੍ਰਾਹਮਣ ਅਥਵਾ ਪੰਡਿਤ ਦੀ ਬਦਨਾਮੀ ਕਰ ਰਹੇ ਹਾਂ। ਕਈ ਵਿਦਵਾਨਾਂ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਇਹ ਵੀ ਕਿਹਾ ਹੈ ਕਿ ਗੁਰਬਾਣੀ ਵਿਚ ਬ੍ਰਾਹਮਣ ਨੂੰ ਸੰਬੋਧਨ ਕਰਕੇ ਕੋਈ ਬਚਨ ਨਹੀਂ ਕਿਹਾ ਗਿਆ, ਸਿਰਫ਼ ਕਰਮਕਾਂਡੀ ਰੀਤ ਦੀ ਖੰਡਨਾਂ ਕੀਤੀ ਹੈ। ਉਨ੍ਹਾਂ ਦਾ ਇਹ ਇਤਰਾਜ਼ ਵੀ ਹੈ ਕਿ ਗੁਰਦੇਵ ਜੀ ਨੇ **ਪੰਡਿਤ** ਸ਼ਬਦ ਸਿਰਫ਼ **ਵਿਦਵਾਨ** ਅਤੇ ਜਾਂ ਗੁਰਮੁਖ ਵਾਸਤੇ ਹੀ ਵਰਤਿਆ ਹੈ ਅਥਵਾ **ਪੰਡਿਤ** ਦਾ ਅਰਥ ਹੰਦੇ-ਖਾਣਾ, **ਬ੍ਰਾਹਮਣ** ਕਿਤੇ ਨਹੀਂ ਕੀਤਾ। ਇਉਂ ਲੱਗਦਾ ਹੈ ਜਿਵੇਂ ਅਜਿਹੀਆਂ ਗੱਲਾਂ ਕਰਨ ਵਾਲੇ ਮਿਹਰਬਾਨ ਸੱਜਣਾਂ ਨੇ ਗਹੁ ਨਾਲ ਗੁਰੂ ਬਾਣੀ ਵਿਚਾਰ ਸਕਣ ਲਈ ਨਾ ਉਚੇਚਾ ਸਮਾਂ ਕੱਢਿਆ ਹੈ ਅਤੇ ਨਾ ਹੀ ਉਚੇਚੇ ਧਿਆਨ ਨਾਲ ਗੁਰੂ ਬਾਣੀ ਪੜ੍ਹ ਹੀ ਸਕੇ ਹਨ।

ਪੁਸਤਕ ਵਿਚ ਇਹ ਸਪੱਸ਼ਟ ਕੀਤਾ ਜਾ ਚੁੱਕਾ ਹੈ ਕਿ ਭਾਰਤੀ ਮਨੁੱਖ ਵਾਸਤੇ ਬਿਦੇਸ਼ੀ ਗ਼ੁਲਾਮੀ ਦਾ ਕਾਰਨ ਬਣਨ ਦੀ, ਅਥਵਾ ਦੇਸ਼ ਦੀ ਪੱਤ (ਧੀਅ -ਭੈਣ) ਨੂੰ ਅਤੇ ਅਰਬਾਂ ਖਰਬਾਂ ਦੇ ਧੰਨ ਨੂੰ, ਵਿਦੇਸ਼ ਪਹੁੰਚਾਉਣ ਦੀ ਸਿੱਧੀ ਜ਼ਿੰਮੇਵਾਰੀ, ਕੇਵਲ ਬ੍ਰਾਹਮਣ 'ਤੇ ਅਥਵਾ ਧਾਰਮਿਕ ਆਗੂ 'ਤੇ ਹੀ ਆਉਂਦੀ ਹੈ। ਜਿੰਨਾਂ ਲੰਮਾ ਸਮਾਂ ਅਤੇ ਜਿਹੋ ਜਿਹੀ ਮਾਰ ਵਿਦੇਸ਼ੀਆਂ ਕੋਲੋਂ ਦੁਖਦਾਈ ਮਾਰ, ਭਾਰਤੀਆਂ ਨੇ ਖਾਧੀ ਹੈ, ਇਸ ਦੀ ਤੁਲਨਾ ਹੋਰ ਕਿਤੋਂ ਨਹੀਂ ਮਿਲਦੀ। ਕਾਰਨ ਸਿਰਫ਼ ਇਹੀ ਹੈ ਕਿ **ਬ੍ਰਾਹਮਣੀ ਲੁੱਟ ਨੀਤੀ** ਨੇ ਭਾਰਤੀ ਮਨੁੱਖ ਨੂੰ ਡਰੂ, ਅਣਖ ਹੀਣ, ਅਤੇ ਇਸ ਹੱਦ ਤੱਕ ਨਿਤਾਣਾ ਕਰ ਦਿੱਤਾ ਹੋਇਆ ਸੀ ਕਿ, ਕਿਸੇ

ਦੂਜੇ ਦੀ ਰਖਿਆ ਤਾਂ ਕੀ ਕਰਨੀ ਸੀ ਆਪਣੇ ਪਰਵਾਰ ਦੀ ਅਥਵਾ ਆਪਣੇ ਜਾਨ-ਮਾਲ ਦੀ ਰਖਿਆ ਕਰ ਸਕਣ ਦੇ ਵੀ ਅਸਮਰੱਥ ਬਣਾ ਦਿੱਤਾ ਸੀ। ਅਤੇ ਫਿਰ, ਬ੍ਰਾਹਮਣ ਨੇ ਆਪਣਾ ਇਹ ਚੇਲਾ ਘਟੀਆ ਕਿਸਮ ਦਾ ਝੂਠਾ, ਬੇਇਤਬਾਰਾ, ਭਰਮੀ ਅਤੇ ਪਰਲੇ ਦਰਜੇ ਦਾ ਤੰਗ-ਦਿਲ ਬਣਾ ਦਿੱਤਾ ਹੋਇਆ ਸੀ। ਦੇਸ਼ 'ਤੇ ਜਦੋਂ ਵੀ ਬ੍ਰਾਹਮਣ ਦੇ ਚੇਲਿਆਂ ਦਾ ਰਾਜ ਕਾਇਮ ਹੋਇਆ, ਦੂਜੇ ਧਰਮ ਦੇ ਲੋਕ, ਕਦੇ ਸੁਖੀ ਨਹੀਂ ਰਹਿ ਸਕੇ। ਪੁਸਤਕ ਦੇ ਪਹਿਲੇ ਭਾਗ ਵਿਚ ਅਸੀਂ ਪੜ੍ਹਿਆ ਹੈ ਕਿ, ਜਿਸ ਰਾਮ ਜੀ ਨੂੰ ਬ੍ਰਾਹਮਣ ਨੇ ਮਰਯਾਦਾ ਪ੍ਰਸ਼ੋਤਮ ਦੇ ਰੂਪ ਵਿਚ ਲੋਕਾਂ ਸਾਹਮਣੇ ਪੇਸ਼ ਕੀਤਾ ਸੀ, ਉਸ ਤੋਂ ਵੀ ਇੱਕ ਸ਼ੂਦਰ ਨੂੰ ਸਿਰਫ਼ ਇਸ ਦੋਸ਼ ਵਿਚ ਕਤਲ ਕਰਵਾ ਦਿੱਤਾ ਕਿ ਉਹ ਧਰਮੀ-ਸ਼ੂਦਰ ਰੱਬ ਦੀ ਭਗਤੀ ਵਿਚ ਲੀਨ ਸੀ। ਏਸੇ ਬ੍ਰਾਹਮਣ ਦੇ ਧਰਮ ਵਿਚੋਂ ਹੀ ਜੈ ਚੰਦ ਜਿਹੇ ਕਈ ਕੌਮੀ ਗ਼ਦਾਰ ਪੈਦਾ ਹੁੰਦੇ ਰਹੇ, ਜਿਨ੍ਹਾਂ ਵਿਦੇਸ਼ੀ ਲੁਟੇਰਿਆਂ ਨੂੰ ਆਪ ਸੱਦਾ ਭੇਜ ਕੇ ਆਪਣੇ ਦੇਸ਼ ਵਾਸੀਆਂ ਦੀ ਪੱਤ ਖੇਹ ਵਿਚ ਰੁਲਵਾਈ। ਕੇਵਲ ਮਹਾਤਮਾਂ ਬੁੱਧ ਹੀ ਅਜਿਹਾ ਸੁਧਾਰਕ ਧਰਮਾਤਮਾ ਪੈਦਾ ਹੋਇਆ ਸੀ ਜਿਸ ਨੇ ਵੇਦਕ ਰੀਤੀ ਵਾਲੇ ਕਰਮ-ਕਾਂਡੀ ਬੰਧਨਾਂ ਤੋਂ ਲੋਕਾਂ ਨੂੰ ਛੁਡਾਇਆ ਸੀ। ਬੁੱਧ ਧਰਮ ਦੇ ਭਾਰਤ ਵਿਚੋਂ ਅਲੋਪ ਹੋ ਜਾਣ ਦਾ ਕਾਰਨ ਵੀ ਇਹੀ ਸੀ ਕਿ ਉਸ ਦਾ ਪਰਚਾਰ ਲੋਕਾਂ ਨੂੰ ਬ੍ਰਾਹਮਣੀ ਲੁੱਟ ਤੋਂ ਸੁਰਖ਼ਰੂ ਕਰਨ ਵਾਲਾ ਸੀ। ਧਾਰਮਿਕ ਜ਼ਿੰਦਗੀ ਤੇ ਰਾਜਸੀ ਸੱਤਾ ਵਿਚ ਸਦਾ ਬ੍ਰਾਹਮਣ ਦਾ ਹੁਕਮ ਸਰਬ ਸ੍ਰੇਸ਼ਟ ਟਿਕਿਆ ਆ ਰਿਹਾ ਹੈ। ਲੋਕਾਂ ਨੇ ਉਸ ਦੀ ਸਿਖਿਆ ਨੂੰ ਹੀ ਸਦਾ ਰੱਬੀ ਹੁਕਮ ਮੰਨਿਆ ਹੈ। ਇਸ ਲਈ ਭਾਰਤ ਦੀ ਗ਼ੁਲਾਮੀ ਦਾ ਜ਼ਿਮੇਵਾਰ ਵੀ ਬ੍ਰਾਹਮਣ ਹੀ ਸੀ। ਮਹਾਤਮਾ ਬੁੱਧ ਦੇ ਮਗਰੋਂ, ਸਿਵਾਏ ਸ੍ਰੀ ਗੁਰੂ ਨਾਨਕ ਜੀ ਦੇ ਹੋਰ ਕੋਈ ਵੀ ਅਜਿਹਾ ਵਿਦਵਾਨ ਅਥਵਾ ਸੁਧਾਰਕ ਭਾਰਤੀ ਧਰਤੀ 'ਤੇ ਪੈਦਾ ਨਹੀਂ ਸੀ ਹੋਇਆ, ਜਿਹੜਾ ਬ੍ਰਾਹਮਣ-ਵਾਦ ਦੇ ਵਿਰੁੱਧ ਕੋਈ ਜ਼ੋਰਦਾਰ ਲਹਿਰ ਚਲਾ ਸਕਿਆ ਹੋਵੇ।

ਹਿੰਦੂ ਪਰਵਾਰ ਵਿਚੋਂ ਪ੍ਰਗਟ ਹੋਏ ਗੁਰੂ ਨਾਨਕ ਦੇਵ ਜੀ ਦੇ ਸਮੇਂ (ਅਪ੍ਰੈਲ ੧੪੬੯) ਤੱਕ ਲੋਕਾਂ ਦੀ ਹਾਲਤ ਜਿਸ ਹੱਦ ਤਾਈਂ ਨਿੱਘਰ ਚੁੱਕੀ ਸੀ ਉਸ ਦਾ ਵੇਰਵਾ ਇਸ ਪੁਸਤਕ ਦੇ ਪਹਿਲੇ ਭਾਗ ਵਿਚ ਵਿਸਥਾਰ ਨਾਲ ਆ ਚੁੱਕਾ ਹੈ। ਇਹ ਵੀ ਵਿਸਥਾਰ ਨਾਲ ਲਿਖਿਆ ਜਾ ਚੁੱਕਾ ਹੈ ਕਿ ਲੋਕਾਂ ਦੀ ਹਾਲਤ ਸੁਧਾਰਨ ਲਈ ਦੇਸ਼ ਦੀ ਉਸ ਦੁਰਦਸ਼ਾ ਅਥਵਾ ਤਰਸ-ਜੋਗ ਹਾਲਤ ਵੱਲ (ਦਿਲੀ ਹਮਦਰਦੀ ਨਾਲ) ਝਾਤੀ ਸਿਰਫ਼ ਗੁਰੂ ਨਾਨਕ ਜੀ ਨੇ ਹੀ ਮਾਰੀ ਸੀ। **ਬਾਬਾ ਦੇਖੇ ਧਿਆਨ ਧਰਿ, ਜਲਤੀ ਸਭਿ ਪ੍ਰਿਥਵੀ ਦਿਸ ਆਈ॥** ਨਿਰਾ ਲੋਕਾਂ ਦੇ ਰੋਗ ਨੂੰ ਹੀ ਨਾ ਸੀ ਸਮਝਿਆ ਪਰ ਉਹ ਕੌਣ ਹੈ ਜਿਸ ਨੇ ਭਾਰਤੀ ਜਨਤਾ ਨੂੰ ਅਗਿਆਨਤਾ ਦੀ ਖੱਡ ਵਿਚ ਸੁਟ ਕੇ ਮਨੁੱਖ ਨੂੰ ਬੜੀ ਦੁਖਦਾਈ ਹੀਣਤਾ ਵਾਲੀ ਹਾਲਤ ਤੱਕ ਪੁਚਾ ਦਿੱਤਾ ਹੋਇਆ ਸੀ? ਜਨਤਾ ਦੇ ਉਸ ਅਸਲ ਵੈਰੀ ਦੀ ਪਛਾਣ ਸਤਿਗੁਰੂ ਗੁਰੂ ਨਾਨਕ ਸਾਹਿਬ ਜੀ ਦੀਆਂ ਦੈਵੀ ਅਤੇ ਪਾਰਖੂ ਨਜ਼ਰਾਂ ਨੇ ਚੰਗੀ ਤਰ੍ਹਾਂ ਕਰ ਲਈ ਹੋਈ ਸੀ। ਗੁਰੂ ਵਾਕ :-

੪੨ ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ॥ ਤ੍ਰੈ ਗੁਣ ਮਾਇਆ ਮੂਲੁ ਹੈ ਵਿਚਿ ਹਉਮੈ ਨਾਮੁ ਵਿਸਾਰਿ॥ ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ॥ ਅੰਤਰਿ ਤ੍ਰਿਸਨਾ ਭੁਖ ਹੈ ਮੂਰਖ ਭੁਖਿਆ ਮੁਏ ਗਵਾਰ॥ ਸਤਿਗੁਰਿ ਸੇਵਿਐ ਸੁਖੁ ਪਾਇਆ ਸਚੈ ਸਬਦਿ ਵੀਚਾਰਿ॥ ਅੰਦਰਹੁ ਤ੍ਰਿਸਨਾ ਭੁਖ ਗਈ ਸਚੈ ਨਾਇ ਪਿਆਰਿ॥ ਨਾਨਕ ਨਾਮਿ ਰਤੇ ਸਹਜੇ ਰਜੇ ਜਿਨਾ ਹਰਿ ਰਖਿਆ ਉਰਿਧਾਰਿ॥੧॥ (ਪੰਨਾ-੬੪੭)

ਆਉ ਇਸ ਸ਼ੰਕੇ ਦੀ ਨਿਵਿਰਤੀ ਵੀ ਸਰਬਕਾਲੀ, ਨਿਆਰੇ ਅਤੇ ਮਹਾਨ ਗੁਰੂ ਗ੍ਰੰਥ ਸਾਹਿਬ ਤੋਂ ਹੀ ਕਰਵਾਉਂਦੇ ਹਾਂ :--

੪੩ ਦਾਨੁ ਦੇਇ ਕਰਿ ਪੂਜਾ ਕਰਨਾ॥ ਲੈਤ ਦੇਤ ਉਨਓ ਮੂਕਰਿ ਪਰਨਾ॥ ਜਿਤੁ ਦਰਿ ਤੁਮ੍ ਹੈ ਬ੍ਰਾਹਮਣ ਜਾਣਾ॥ ਤਿਤੁ ਦਰਿ ਤੂੰਹੀ ਹੈ ਪਛੁਤਾਣਾ ॥੧॥ ਐਸੇ ਬ੍ਰਾਹਮਣ ਡੂਬੇ ਭਾਈ॥ ਨਿਰਾਪਰਾਧ ਚਿਤਵਹਿ ਬੁਰਿਆਈ ॥੧॥ ਰਹਾਉ ॥ ਅੰਤਰਿ ਲੋਭੁ ਫਿਰਹਿ ਹਲਕਾਏ॥ ਨਿੰਦਾ ਕਰਹਿ ਸਿਰਿ ਭਾਰੁ ਉਠਾਏ ॥ ਮਾਇਆ ਮੂਠਾ ਚੇਤੈ ਨਾਹੀ॥ ਭਰਮੇ ਭੂਲਾ ਬਹੁਤੀ ਰਾਹੀ॥ ੨॥ ਬਾਹਰਿ ਭੇਖ ਕਰਹਿ ਘਨੇਰੇ ॥ ਅੰਤਰਿ ਬਿਖਿਆ ਉਤਰੀ ਘੇਰੇ ॥ ਅਵਰ ਉਪਦੇਸੈ, ਆਪਿ ਨ ਬੂਝੈ ॥ ਐਸਾ ਬ੍ਰਾਹਮਣੁ ਕਹੀ ਨ ਸੀਝੈ॥ ੩॥ ਮੂਰਖ ਬਾਮਣ ਪ੍ਰਭੂ ਸਮਾਲਿ॥ ਦੇਖਤ ਸੁਨਤ ਤੇਰੈ ਹੈ ਨਾਲਿ॥ ਕਹੁ ਨਾਨਕ ਜੇ ਹੋਵੀ ਭਾਗੁ॥ ਮਾਨੁ ਛੋਡਿ ਗੁਰਚਰਣੀ ਲਾਗੁ॥ ੪॥ (ਪੰਨਾ-੩੭੨)

ਅਰਥ:--(ਅਜਿਹੇ ਬ੍ਰਾਹਮਣਾਂ ਦਾ ਹਾਲ ਵੇਖੋ! ਜਜਮਾਨ ਤਾਂ) ਉਨ੍ਹਾਂ ਨੂੰ ਦਾਨ ਦੇ ਕੇ ਉਨ੍ਹਾਂ ਦੀ ਪੂਜਾ-ਮਾਨਤਾ ਕਰਦੇ ਹਨ, ਪਰ ਉਹ ਬ੍ਰਾਹਮਣ ਲੈਂਦੇ ਦੇਂਦੇ ਵੀ (ਭਾਵ, ਸਭ ਕੁਝ ਹਾਸਲ ਕਰਦੇ ਹੋਏ ਵੀ) ਸਦਾ ਮੁੱਕਰੇ ਰਹਿੰਦੇ ਹਨ (ਕਦੇ ਆਪਣੇ ਜਜਮਾਨ ਦਾ ਧਨਵਾਦ, ਤਕ ਨਹੀਂ ਕਰਦੇ। ਸਗੋਂ ਦਾਨ ਲੈ ਕੇ ਵੀ ਇਹੀ ਜ਼ਾਹਿਰ ਕਰਦੇ ਹਨ ਕਿ ਅਸੀਂ ਜਜਮਾਨਾਂ ਦਾ ਪਰਲੋਕ ਸਵਾਰ ਰਹੇ ਹਾਂ)। ਪਰ, ਹੇ ਬ੍ਰਾਹਮਣ! (ਇਹ ਚੇਤੇ ਰੱਖ) ਜਿਸ ਪ੍ਰਭੂ-ਦਰ 'ਤੇ ਆਖ਼ਰ ਤੂੰ ਪਹੁੰਚਣਾ ਹੈ ਉਸ ਦਰ 'ਤੇ ਤੂੰ ਹੀ (ਆਪਣੀਆਂ ਕਰਤੂਤਾਂ ਦੇ ਕਾਰਨ) ਪਛਤਾਵੇਂਗਾ। ੧। ਇਹੋ ਜਿਹੇ ਬ੍ਰਾਹਮਣ ਨੂੰ (ਮਾਇਆ ਦੇ ਮੋਹ ਵਿਚ) ਡੁੱਬੇ ਹੋਏ ਜਾਣੋਂ, ਜਿਹੜੇ ਨਿਰਦੋਸ਼ੇ ਬੰਦਿਆਂ ਨੂੰ ਵੀ ਨੁਕਸਾਨ ਪਹੁੰਚਾਉਣ ਦੀਆਂ ਸੋਚਾਂ ਸੋਚਦੇ ਰਹਿੰਦੇ ਹਨ (ਉਚੀ ਜਾਤ ਦਾ ਹੋਣਾ, ਜਾਂ ਵੇਦ ਸ਼ਾਸਤਰ ਪੜ੍ਹੇ ਹੋਣਾ ਵੀ ਉਨ੍ਹਾਂ ਦੇ ਆਤਮਕ ਜੀਵਨ ਨੂੰ ਗ਼ਰਕ ਹੋਣੋਂ ਨਹੀਂ ਬਚਾ ਸਕਦਾ, ਜੇ ਉਹ ਦੂਜਿਆਂ ਦਾ ਬੁਰਾ ਤੱਕਦੇ ਰਹਿੰਦੇ ਹਨ।੧। **ਰਹਾਉ**। (ਹੇ ਭਾਈ! ਉਂਞ ਤਾਂ ਇਹ ਬ੍ਰਾਹਮਣ ਆਪਣੇ ਆਪ ਨੂੰ ਵੇਦ ਆਦਿਕ ਧਰਮ ਪੁਸਤਕਾਂ ਦੇ ਗਿਆਤਾ ਜ਼ਾਹਿਰ ਕਰਦੇ ਹਨ, ਪਰ ਇਨ੍ਹਾਂ ਦੇ) ਮਨ ਵਿਚ ਲੋਭ (ਠਾਠਾਂ ਮਾਰ

ਰਿਹਾ ਹੈ, ਇਹ ਲੋਭ ਨਾਲ) ਹਲਕੇ ਹੋਏ ਫਿਰਦੇ ਹਨ। ਆਪਣੇ ਆਪ ਨੂੰ ਵਿਦਵਾਨ ਜ਼ਾਹਿਰ ਕਰਦੇ ਹੋਏ ਵੀ) ਇਹ ਦੂਜਿਆਂ ਦੀ ਨਿੰਦਾ ਕਰਦੇ ਫਿਰਦੇ ਹਨ, ਆਪਣੇ ਸਿਰ ਉਤੇ ਨਿੰਦਾ ਦਾ ਭਾਰ ਚੁਕੀ ਫਿਰਦੇ ਹਨ। ਮਾਇਆ ਦੇ ਮੋਹ ਦੇ ਹੱਥੋਂ ਆਪਣੇ ਆਤਮਕ ਜੀਵਨ ਦੀ ਰਾਸ-ਪੂੰਜੀ ਲੁਟਾ ਬੈਠਾ ਇਹ ਬ੍ਰਾਹਮਣ ਪਰਮਾਤਮਾ ਨੂੰ ਚੇਤੇ ਨਹੀਂ ਕਰਦਾ (ਇਸ ਪਾਸੇ) ਧਿਆਨ ਨਹੀਂ ਦੇਂਦਾ। ਮਾਇਆ ਦੀ ਭਟਕਣਾ ਦੇ ਕਾਰਨ ਕੁਰਾਹੇ ਪਿਆ ਹੋਇਆ ਬ੍ਰਾਹਮਣ ਕਈ ਪਾਸੀਂ ਖ਼ੁਆਰ ਹੁੰਦਾ ਫਿਰਦਾ ਹੈ। ੨। ਅਜਿਹੇ ਬ੍ਰਾਹਮਣਾਂ ਦੇ ਆਪਣੇ ਅੰਦਰ ਤਾਂ ਮਾਇਆ ਘੇਰ ਕੇ ਡੇਰਾ ਪਾਈ ਬੈਠੀ ਹੈ ਪਰ ਬਾਹਰ (ਲੋਕਾਂ ਨੂੰ ਪਤਿਆਉਣ ਵਾਸਤੇ, ਆਪਣੇ ਆਪ ਨੂੰ ਲੋਕਾਂ ਦਾ ਧਾਰਮਿਕ ਆਗੂ ਜ਼ਾਹਿਰ ਕਰਨ ਵਾਸਤੇ) ਕਈ (ਧਾਰਮਿਕ) ਭੇਖ ਕਰਦੇ ਹਨ। ਇਹ ਬ੍ਰਾਹਮਣ ਹੋਰਨਾਂ ਨੂੰ ਤਾਂ ਧਰਮ ਦਾ ਉਪਦੇਸ਼ ਕਰਦਾ ਹੈ, ਪਰ ਆਪ (ਉਸ ਧਰਮ ਨੂੰ) ਨਹੀਂ ਸਮਝਦਾ, ਅਜਿਹਾ ਬ੍ਰਾਹਮਣ (ਲੋਕ ਪਰਲੋਕ) ਕਿਤੇ ਵੀ ਕਾਮਯਾਬ ਨਹੀਂ ਹੁੰਦਾ।੩। ਗੁਰੂ ਨਾਨਕ ਜੀ (ਅਜਿਹੇ ਬ੍ਰਾਹਮਣ ਨੂੰ ਫ਼ੁਰਮਾਨ ਕਰਦੇ ਹਨ) ਹੇ ਮੂਰਖ ਬ੍ਰਾਹਮਣ! ਪਰਮਾਤਮਾ ਨੂੰ (ਆਪਣੇ ਹਿਰਦੇ ਵਿਚ) ਯਾਦ ਕਰਿਆ ਕਰ, ਉਹ ਪਰਮਾਤਮਾ (ਤੇਰੇ ਸਾਰੇ ਕੰਮ) ਵੇਖਦਾ (ਤੇਰੀਆਂ ਸਾਰੀਆਂ ਗੱਲਾਂ) ਸੁਣਦਾ ਸਦਾ ਤੇਰੇ ਨਾਲ ਰਹਿੰਦਾ ਹੈ। ਜੇ ਤੇਰੇ ਭਾਗ ਜਾਗ ਪੈਣ ਤਾਂ (ਆਪਣੀ ਉਚੀ ਜਾਤ ਤੇ ਵਿਦਵਤਾ ਦਾ) ਮਾਣ ਛੱਡ ਕੇ ਗੁਰੂ ਦੀ ਸਰਨ ਪਉ।੪।੯।

ਅਗਲੇ ਸਲੋਕ ਵਿਚ ਏਸੇ ਬ੍ਰਾਹਮਣ ਨੂੰ ਹੀ ਪੰਡਿਤ ਕਹਿ ਕੇ ਸੰਬੋਧਨ ਕੀਤਾ ਹੈ । ਬਹੁਮੁੱਲਾ ਉਪਦੇਸ਼ ਸਰਬ ਸਾਂਝਾ ਹੈ:--

੪੪ **ਗੁਰਮੁਖਿ ਚਿਤੁ ਨ ਲਾਇਓ ਅੰਤਿ ਦੁਖੁ ਪਹੁਤਾ ਆਇ॥ ਅੰਦਰਹੁ ਬਾਹਰੁ ਅੰਧਿਆਂ ਸੁਧਿ ਨ ਕਾਈ ਪਾਇ॥ ਪੰਡਿਤ ਤਿਨ ਕੀ ਬਰਕਤੀ ਸਭੁ ਜਗਤੁ ਖਾਇ ਜੋ ਰਤੇ ਹਰਿ ਨਾਇ॥ ਜਿਨ ਗੁਰ ਕੈ ਸਬਦਿ ਸਲਾਹਿਆ ਹਰਿ ਸਿਉ ਰਹੇ ਸਮਾਇ॥ ਪੰਡਿਤ ਦੂਜੈ ਭਾਇ ਬਰਕਤਿ ਨ ਹੋਵਈ, ਨਾ ਧਨੁ ਪਲੈ ਪਾਇ॥ ਪੜਿ ਥਕੇ ਸੰਤੋਖੁ ਨ ਆਇਓ, ਅਨਦਿਨੁ ਜਲਤ ਵਿਹਾਇ॥ ਕੂਕ ਪੂਕਾਰ ਨ ਚੁਕਈ, ਨਾ ਸੰਸਾ ਵਿਚਹੁ ਜਾਇ॥ ਨਾਨਕ ਨਾਮੁ ਵਿਹੂਣਿਆ, ਮੁਹਿ ਕਾਲੈ ਉਠਿ ਜਾਇ॥੨॥** (ਪੰਨਾ-੬੪੭)

ਅਰਥ:--ਹੇ ਪੰਡਿਤ! ਜਿੰਨ੍ਹਾਂ ਮਨੁੱਖਾਂ ਨੇ ਸਤਿਗੁਰੂ ਦੇ ਸਨਮੁਖ ਹੋ ਕੇ (ਹਰੀ ਵਿਚ) ਮਨ ਨਹੀਂ ਜੋੜਿਆ, ਉਨ੍ਹਾਂ ਨੂੰ ਆਖ਼ਰ ਦੁੱਖ ਵਾਪਰਦਾ ਹੈ, ਉਨ੍ਹਾਂ ਅੰਦਰੋਂ ਤੇ ਬਾਹਰੋਂ ਅੰਨ੍ਹਿਆਂ ਨੂੰ ਕੋਈ ਸਮਝ ਨਹੀਂ ਆਉਂਦੀ। ਪਰ ਹੇ ਪੰਡਿਤ! ਜੋ ਮਨੁੱਖ ਹਰੀ ਦੇ ਨਾਮ ਵਿਚ ਰੱਤੇ ਹੋਏ ਹਨ, ਜਿੰਨ੍ਹਾਂ ਨੇ ਸਤਿਗੁਰੂ ਦੇ ਸ਼ਬਦ ਦੀ ਰਾਹੀਂ ਸਿਫ਼ਤਿ-ਸਾਲਾਹ ਕੀਤੀ ਹੈ ਤੇ ਹਰੀ ਵਿਚ ਲੀਨ ਹਨ, ਉਨ੍ਹਾਂ ਦੀ ਬਰਕਤ ਸਾਰਾ ਸੰਸਾਰ ਖਾਂਦਾ ਹੈ। ਹੇ ਪੰਡਿਤ! ਮਾਇਆ ਦੇ ਮੋਹ ਵਿਚ ਫ਼ਸੇ

ਇਹ ਬਰਕਤ ਨਹੀਂ ਹੋ ਸਕਦੀ (ਆਤਮਕ ਜੀਵਨ ਵਧਦਾ-ਫੁਲਦਾ ਨਹੀਂ), ਤੇ ਨਾ ਹੀ ਨਾਮ-ਧਨ ਮਿਲਦਾ ਹੈ, (ਧਰਮ ਪੁਸਤਕ) ਪੜ੍ਹ-ਪੜ੍ਹ ਕੇ ਥੱਕ ਜਾਂਦੇ ਹਨ, ਪਰ ਸੰਤੋਖ ਨਹੀਂ ਆਉਂਦਾ ਤੇ ਹਰ ਵੇਲੇ (ਉਮਰ) ਸੜਦਿਆਂ ਹੀ ਗੁਜ਼ਰਦੀ ਹੈ, ਉਨ੍ਹਾਂ ਦੀ ਗਿਲਾ-ਗੁਜ਼ਾਰੀ ਮੁੱਕਦੀ ਨਹੀਂ ਤੇ ਮਨ ਵਿਚੋਂ ਚਿੰਤਾ ਨਹੀਂ ਜਾਂਦੀ । ਗੁਰੂ ਨਾਨਕ ਜੀ ਦਾ ਫ਼ੁਰਮਾਨ ਹੈ ਕਿ ਨਾਮ ਤੋਂ ਸਖਣਾ ਰਹਿਣ ਕਰਕੇ ਮਨੁੱਖ ਕਾਲੇ-ਮੂੰਹ ਹੀ (ਸੰਸਾਰ ਤੋਂ) ਉਠ ਜਾਂਦਾ ਹੈ।੨। ਭਾਵ, ਪੰਡਿਤ ਦੀਆਂ ਦੱਸੀਆਂ ਕਰਮਕਾਂਡੀ ਵਿਧੀਆਂ, ਫੋਕੀਆਂ ਹਨ।

ਇਸ ਸ਼ਬਦ ਵਿਚ ਬ੍ਰਾਹਮਣ ਕਹਿ ਕੇ ਉਸ ਦੀਆਂ ਮਿਥੀਆਂ ਕਰਮਕਾਂਡੀ ਵਿਧੀਆਂ ਨੂੰ ਨਿਸਫ਼ਲ ਫ਼ੁਰਮਾਨ ਕੀਤਾ ਹੈ:--

੪੫- ਹਮ ਘਰਿ ਸੂਤ ਤਨਹਿ ਨਿਤ ਤਾਨਾ, ਕੰਠਿ ਜਨੇਊ ਤੁਮਾਰੇ ॥ ਤੁਮ ਤਉ ਬੇਦ ਪੜਹੁ ਗਾਇਤ੍ਰੀ, ਗੋਬਿੰਦ ਰਿਦੈ ਹਮਾਰੇ ॥ ੧ ॥ ਮੇਰੀ ਜਿਹਬਾ ਬਿਸਨੁ, ਨੈਨ ਨਾਰਾਇਨ, ਹਿਰਦੇ ਬਸਹਿ ਗੋਬਿੰਦਾ ॥ ਜਮ ਦੁਆਰਹਿ ਜਬ ਪੂਛਸਿ ਬਵਰੇ ਤਬ ਕਿਆ ਕਹਸਿ ਮੁਕੰਦਾ ॥ ੧ ॥ ਰਹਾਉ ॥ ਹਮ ਗੋਰੂ, ਤੁਮ ਗੁਆਰ ਗੁਸਾਈ, ਜਨਮ ਜਨਮ ਰਖਵਾਰੇ ॥ ਕਬਹੂੰ ਨ ਪਾਰਿ ਉਤਾਰਿ ਚਰਾਇਹੁ, ਕੈਸੇ ਖਸਮ ਹਮਾਰੇ ॥ ੨ ॥ ਤੂੰ ਬਾਮਨੁ, ਮੈ ਕਾਸੀਕਾ ਜੁਲਹਾ, ਬੂਝਹੁ ਮੋਰ ਗਿਆਨਾ ॥ ਤੁਮ੍ ਤਉ ਜਾਚੇ ਭੂਪਤਿ ਰਾਜੇ, ਹਰਿ ਸਉ ਮੋਰ ਧਿਆਨਾ ॥ ੩ ॥ (ਪੰਨਾ-੪੮੨)

(ਪੰਨਾ-੪੮੨)

ਅਰਥ:--(ਹੇ ਝੱਲੇ ਬ੍ਰਾਹਮਣ! ਜੇ ਤੈਨੂੰ ਇਸ ਕਰਕੇ ਆਪਣੀ ਉੱਚੀ ਜਾਤ ਦਾ ਮਾਣ ਹੈ ਕਿ) ਤੇਰੇ ਗਲ ਵਿਚ ਜਨੇਊ ਹੈ (ਜੋ ਸਾਡੇ ਗਲ ਨਹੀਂ ਹੈ, ਤਾਂ ਵੇਖ, ਉਹੋ ਜਿਹਾ ਹੀ) ਸਾਡੇ ਘਰ ਬਥੇਰਾ ਸੂਤਰ ਹੈ ਜਿਸ ਨਾਲ ਅਸੀ ਨਿੱਤ ਤਾਣਾ ਤਣਦੇ ਹਾਂ। (ਤੇਰਾ ਵੇਦ ਆਦਿਕ ਪੜ੍ਹਨ ਦਾ ਮਾਣ ਵੀ ਕੂੜਾ ਹੈ, ਕਿਉਂਕਿ) ਤੁਸੀਂ ਤਾਂ ਵੇਦ ਤੇ ਗਾਇਤ੍ਰੀ-ਮੰਤਰ ਨਿਰੇ ਜੀਭ ਨਾਲ ਹੀ ਉਚਾਰਦੇ ਹੋ, ਪਰ ਪਰਮਾਤਮਾ ਮੇਰੇ ਹਿਰਦੇ ਵਿਚ ਵੱਸਦਾ ਹੈ। ੧ । ਹੇ ਕਮਲੇ ਬ੍ਰਾਹਮਣ! ਪ੍ਰਭੂ ਜੀ ਮੇਰੀ ਤਾਂ ਜੀਭ ਉੱਤੇ, ਮੇਰੀਆਂ ਅੱਖਾਂ ਵਿਚ ਤੇ ਮੇਰੇ ਦਿਲ ਵਿਚ ਵੱਸਦੇ ਹਨ। ਪਰ ਤੈਨੂੰ ਜਦੋਂ ਧਰਮਰਾਜ ਦੀ ਹਜ਼ੂਰੀ ਵਿਚ ਪ੍ਰਭੂ ਵਲੋਂ ਪੁੱਛ ਹੋਵੇਗੀ ਤਾਂ ਕੀ ਉੱਤਰ ਦੇਵੇਂਗਾ (ਕਿ ਕੀ ਕਰਦਾ ਰਿਹਾ ਏਥੇ ਸਾਰੀ ਉਮਰ)।੧। **ਰਹਾਉ**। ਕਈ ਜਨਮ ਤੋਂ ਤੁਸੀਂ ਲੋਕ ਸਾਡੇ ਰਾਖੇ ਬਣੇ ਆ ਰਹੇ ਹੋ, ਅਸੀ ਤੁਹਾਡੀਆਂ ਗਾਈਆਂ ਬਣੇ ਰਹੇ, ਤੁਸੀਂ ਸਾਡੇ ਖਸਮ ਗੁਆਲੇ ਬਣੇ ਰਹੇ। ਪਰ ਹੁਣ ਤਕ ਨਕਾਰੇ ਹੀ ਸਾਬਤ ਹੋਏ, ਤੁਸਾਂ ਕਦੇ ਵੀ ਸਾਨੂੰ (ਨਦੀਓਂ) ਪਾਰ ਲੰਘਾ ਕੇ ਨਾ ਚਾਰਿਆ (ਭਾਵ, ਇਸ ਸੰਸਾਰ-ਸਮੁੰਦਰ ਤੋਂ ਪਾਰ ਲੰਘਣ ਵਾਲੀ ਕੋਈ ਮਤ ਨਾ ਦਿੱਤੀ)।੨। (ਇਹ ਠੀਕ ਹੈ ਕਿ) ਤੂੰ ਕਾਸ਼ੀ ਦਾ ਬ੍ਰਾਹਮਣ ਹੈ (ਭਾਵ, ਤੈਨੂੰ ਮਾਣ ਹੈ ਆਪਣੀ ਵਿਦਿਆ ਦਾ ਜੋ ਤੂੰ ਕਾਂਸੀ ਵਿਚ ਹਾਸਲ ਕੀਤੀ ਹੈ), ਤੇ ਮੈਂ (ਜਾਤ ਦਾ) ਜੁਲਾਹਾ

ਹਾਂ (ਜਿਸ ਨੂੰ ਤੁਹਾਡੀ ਵਿਦਿਆ ਪੜ੍ਹਨ ਦਾ ਹੱਕ ਨਹੀਂ ਹੈ)। ਪਰ ਮੇਰੀ ਵਿਚਾਰ ਦੀ ਇੱਕ ਗੱਲ ਸੋਚ (ਕਿ ਵਿੱਦਿਆ ਪੜ੍ਹ ਕੇ ਤੁਸੀ ਆਖ਼ਰ ਕਰਦੇ ਕੀ ਹੋ), ਤੁਸੀਂ ਤਾਂ ਰਾਜੇ ਰਾਣੀਆਂ ਦੇ ਦਰ 'ਤੇ ਮੰਗਦੇ ਫਿਰਦੇ ਹੋ, ਤੇ ਮੇਰੀ ਸੁਰਤ ਪ੍ਰਭੂ ਨਾਲ ਜੁੜੀ ਹੋਈ ਹੈ ।੩ ।

ਅਗਲੇ ਮਹਾਂ ਵਾਕ ਵਿਚ ਵੀ ਬ੍ਰਾਹਮਣ ਨੂੰ ਹੀ ਪੰਡਿਤ ਕਿਹਾ ਹੋਇਆ ਹੈ:--

੪੬ ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ॥ ਤ੍ਰੈ ਗੁਣ ਮਾਇਆ ਮੂਲੁ ਹੈ ਵਿਚਿ ਹਉਮੈ ਨਾਮੁ ਵਿਸਾਰਿ॥ ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ॥ ਅੰਤਰਿ ਤ੍ਰਿਸਨਾ ਭੁਖ ਹੈ, ਮੂਰਖ ਭੁਖਿਆ ਮੁਏ ਗਵਾਰ॥ (ਪੰਨਾ-੬੪੭)

ਅਰਥ:--ਪੰਡਿਤ ਦੀ ਵੀ ਮੈਲੁ ਦੂਰ ਨਹੀਂ ਹੁੰਦੀ, ਭਾਵੇਂ ਚਾਰੇ ਜੁਗ ਵੇਦ ਪੜ੍ਹਦਾ ਹੈ (ਕਿਉਂਕਿ) ਤਿੰਨ ਗੁਣਾਂ ਵਾਲੀ ਮਾਇਆ (ਇਸ ਮੈਲ ਦਾ) ਕਾਰਨ ਹੈ, (ਜਿਸ ਕਰਕੇ ਪੰਡਿਤ) ਹਉਮੈ ਵਿਚ ਨਾਮ ਵਿਸਾਰ ਦਿੰਦਾ ਹੈ, ਭੁਲੇ ਹੋਏ ਪੰਡਿਤ ਮਾਇਆ ਦੇ ਵਪਾਰ ਵਿਚ ਤੇ ਮਾਇਆ ਦੇ ਮੋਹ ਵਿਚ ਲੱਗੇ ਹੋਏ ਹਨ, ਉਨ੍ਹਾਂ ਦੇ ਅੰਦਰ ਤ੍ਰਿਸ਼ਨਾ ਹੈ, ਭੁੱਖ ਹੈ, (ਭਾਵੇਂ ਧਰਮ ਪੁਸਤਕਾਂ ਵੀ ਬੜੀਆਂ ਪੜ੍ਹਦੇ ਹਨ ਪਰ) ਗਵਾਰ ਮੂਰਖ ਭੁੱਲੇ ਹੀ (ਆਤਮਕ ਮੌਤ) ਮਰ ਗਏ ਹਨ।

ਗੁਰੂ ਗ੍ਰੰਥ ਸਾਹਿਬ ਜੀ ਦੇ ਅਗਲੇ ਫ਼ੁਰਮਾਨ ਵਿਚ ਬ੍ਰਾਹਮਣ ਨੂੰ ਪੰਡਿਤ ਅਤੇ ਬਾਮਹਨ ਵੀ ਕਹਿ ਕੇ ਉਨ੍ਹਾਂ ਅਲੋਚਕਾਂ ਦੀ ਤਸੱਲੀ ਕਰਾ ਦਿੱਤੀ ਹੈ ਜਿਹੜੇ ਇਹ ਦਲੀਲ ਬੜੇ ਜ਼ੋਰ ਨਾਲ ਦਿੰਦੇ ਹਨ ਕਿ ਗੁਰਬਾਣੀ ਵਿਚ ਪੰਡਿਤ ਸ਼ਬਦ ਕੇਵਲ ਵਿਦਵਾਨ ਵਾਸਤੇ ਹੀ ਵਰਤਿਆ ਹੋਇਆ ਹੈ। ਇਸ ਵਿਚ ਵੀ ਕੋਈ ਸ਼ੱਕ ਨਹੀਂ ਹੈ ਕਿ ਵਿਦਵਾਨ ਅਥਵਾ ਗੁਰਮੁਖ ਵਾਸਤੇ ਵੀ ਪੰਡਿਤ ਸ਼ਬਦ ਦੀ ਵਰਤੋਂ ਹੋਈ ਹੈ ਪਰ ਦੇਸ਼ ਦੀ ਪ੍ਰਚਲਤ ਭਾਸ਼ਾ ਦੇ ਆਧਾਰ 'ਤੇ ਬ੍ਰਾਹਮਣ ਨੂੰ ਪੰਡਿਤ ਅਤੇ ਪਾਂਡਾ ਵੀ ਕਈ ਵਾਰ ਲਿਖਿਆ ਮਿਲਦਾ ਹੈ:--

੪੭ ਜਿਹ ਮੁਖ ਬੇਦੁ ਗਾਇਤ੍ਰੀ ਨਿਕਸੈ, ਸੋ ਕਿਉ ਬ੍ਰਹਮਨੁ ਬਿਸਰੁ ਕਰੈ॥ ਜਾ ਕੈ ਪਾਇ ਜਗਤੁ ਸਭੁ ਲਾਗੈ, ਸੋ ਕਿਉ ਪੰਡਿਤ ਹਰਿ ਨ ਕਹੈ॥ ੧॥ ਕਾਹੇ ਮੇਰੇ ਬਾਮ੍ਹਨ, ਹਰਿ ਨ ਕਹਹਿ॥ ਰਾਮੁ ਨ ਬੋਲਹਿ ਪਾਡੇ ਦੋਜਕੁ ਭਰਹਿ॥੧॥ ਰਹਾਉ॥ ਆਪਨ ਊਚ, ਨੀਚ ਘਰਿ ਭੋਜਨੁ ਹਠੇ ਕਰਮ ਕਰਿ ਉਦਰੁ ਭਰਹਿ॥ ਚਉਦਸ ਅਮਾਵਸ ਰਚਿ ਰਚਿ ਮਾਂਗਹਿ, ਕਰ ਦੀਪਕੁ ਲੈ ਕੂਪਿ ਪਰਹਿ॥ ੨॥ (ਪੰਨਾ-੯੭੦)

ਅਰਥ:--ਬ੍ਰਾਹਮਣ ਉਸ ਪ੍ਰਭੂ ਨੂੰ ਕਿਉਂ ਵਿਸਾਰਦਾ ਹੈ, ਜਿਸ ਦੇ ਮੂੰਹ ਵਿਚੋਂ ਵੇਦ ਤੇ ਗਾਇਤ੍ਰੀ ਆਦਿਕ ਨਿਕਲੇ ਮੰਨਦਾ ਹੈ? ਪੰਡਿਤ ਉਸ ਪਰਮਾਤਮਾ ਨੂੰ ਕਿਉਂ ਨਹੀਂ ਸਿਮਰ,

ਜਿਸ ਦੇ ਚਰਨਾਂ 'ਤੇ ਸਾਰਾ ਸੰਸਾਰ ਪੈਂਦਾ ਹੈ।੧। ਹੇ ਮੇਰੇ ਬ੍ਰਾਹਮਣ! ਤੂੰ ਪਰਮਾਤਮਾ ਦਾ ਨਾਮ ਕਿਉਂ ਨਹੀਂ ਸਿਮਰਦਾ? ਹੇ ਪੰਡਿਤ! ਤੂੰ ਰਾਮ ਨਹੀਂ ਬੋਲਦਾ, ਤੇ ਦੋਜ਼ਕ ਦਾ ਦੁਖ ਸਹਾਰ ਰਿਹਾ ਹੈਂ। ੧। ਰਹਾਉ। ਹੇ ਬ੍ਰਾਹਮਣ! ਤੂੰ ਆਪਣੇ ਆਪ ਨੂੰ ਉੱਚੀ ਕੁਲ ਦਾ (ਸਮਝਦਾ ਹੈਂ) ਪਰ ਭੋਜਨ ਆਪਣੇ ਤੋਂ ਨੀਵੀਂ ਜਾਤ ਵਾਲਿਆਂ ਦਾ ਖਾਂਦਾ ਹੈਂ। ਤੂੰ ਹਠ ਵਾਲੇ ਕਰਮ ਕਰ ਕੇ (ਤੇ ਲੋਕਾਂ ਨੂੰ ਵਿਖਾ ਕੇ) ਆਪਣਾ ਪੇਟ ਪਾਲਦਾ ਹੈਂ, ਚੌਦੇਂ ਤੇ ਮੱਸਿਆ (ਆਦਿਕ ਥਿੱਤਾਂ ਬਨਾਵਟੀ) ਥਾਪ-ਥਾਪ ਕੇ ਤੂੰ ਜਜਮਾਨਾਂ ਪਾਸੋਂ ਮੰਗਦਾ ਹੈਂ, ਤੂੰ (ਆਪਣੇ ਆਪ ਨੂੰ ਵਿਦਵਾਨ ਸਮਝਦਾ ਹੈਂ ਪਰ ਇਹ ਵਿੱਦਿਆ-ਰੂਪ) ਦੀਵਾ ਹੱਥ ਉੱਤੇ ਰੱਖ ਕੇ ਖੂਹ ਵਿਚ ਡਿਗ ਰਿਹਾ ਹੈਂ। ੨ ।

੪੮ ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥ ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥ ੧ ॥ ਕਹੁ ਰੇ ਪੰਡਿਤ, ਬਾਮਨ ਕਬ ਕੇ ਹੋਏ ॥ ਬਾਮਨ ਕਹਿ ਕਹਿ ਜਨਮੁ ਮਤ ਖੋਏ ॥੧ ॥ ਰਹਾਉ ॥ ਜੌ ਤੂੰ ਬ੍ਰਾਹਮਣ ਬ੍ਰਹਮਣੀ ਜਾਇਆ ॥ ਤਉ ਆਨ ਬਾਟ ਕਾਹੇ ਨਹੀ ਆਇਆ ॥ ੨ ॥ ਤੁਮ ਕਤ ਬ੍ਰਾਹਮਣ, ਹਮ ਕਤ ਸੂਦ ॥ ਹਮ ਕਤ ਲੋਹੂ ਤੁਮ ਕਤ ਦੂਧ ॥ ੩ ॥ ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥ ਸੋ ਬ੍ਰਾਹਮਣ ਕਹੀਅਤੁ ਹੈ ਹਮਾਰੈ ॥ ੪ ॥ (ਪੰਨਾ-੩੨੪)

ਅਰਥ:--ਸਾਰੇ ਜੀਵ ਦੀ ਉਤਪੱਤੀ ਪਰਮਾਤਮਾ ਦੀ ਅੰਸ਼ ਤੋਂ ਹੋ ਰਹੀ ਹੈ (ਭਾਵ, ਸਭ ਦਾ ਮੂਲ ਕਾਰਨ ਪ੍ਰਭੂ ਆਪ ਹੈ), ਮਾਂ ਦੇ ਪੇਟ ਵਿਚ ਤਾਂ ਕਿਸੇ ਨੂੰ ਇਹ ਸਮਝ ਨਹੀਂ ਹੁੰਦੀ ਕਿ ਮੈਂ ਕਿਸ ਕੁਲ ਦਾ ਹਾਂ।੧। ਦੱਸ, ਹੇ ਪੰਡਿਤ! ਤੁਸੀ ਬ੍ਰਾਹਮਣ ਕਦੋਂ ਦੇ ਬਣ ਗਏ ਹੋ? ਇਹ ਆਖ-ਆਖ ਕੇ ਕਿ ਮੈ ਬ੍ਰਾਹਮਣ ਹਾਂ , ਮਨੁੱਖਾ ਜਨਮ (ਅਹੰਕਾਰ ਵਿਚ ਅਜਾਈਂ) ਨਾ ਗਵਾਓ।੧। ਰਹਾਉ। ਜੇ (ਹੇ ਪੰਡਿਤ) ਤੂੰ (ਸਚ-ਮੁਚ) ਬ੍ਰਾਹਮਣ ਹੈਂ ਤੇ ਬ੍ਰਾਹਮਣੀ ਦੇ ਪੇਟੋਂ ਜੰਮਿਆਂ ਹੈਂ, ਤਾਂ ਕਿਸੇ ਹੋਰ ਰਾਹੇ ਕਿਉਂ ਨਹੀਂ ਜੰਮ ਪਿਆ?। ੨। (ਹੇ ਪੰਡਿਤ!) ਤੁਸੀਂ ਕਿਵੇਂ ਬ੍ਰਾਹਮਣ ਬਣ ਗਏ? ਅਸੀਂ ਕਿਵੇਂ ਸ਼ੂਦਰ ਰਹਿ ਗਏ? ਅਸਾਡੇ ਸਰੀਰ ਵਿਚ ਕਿਵੇਂ ਨਿਰਾ ਲਹੂ ਹੀ ਹੈ? ਤੁਹਾਡੇ ਸਰੀਰ ਵਿਚ ਕਿਵੇਂ (ਲਹੂ ਦੀ ਥਾਂ) ਦੁਧ ਹੈ?। ੨। (ਭਾਵ, ਕੀ ਤੁਹਾਡੇ ਸਰੀਰ ਵਿਚ ਲਹੂ ਦੀ ਥਾਂ ਦੁਧ ਹੈ ਜੋ ਤੁਸੀਂ ਬ੍ਰਾਹਮਣ ਬਣ ਗਏ?)। ੩। ਕਬੀਰ ਸਾਹਿਬ ਫ਼ੁਰਮਾਨ ਕਰਦੇ ਹਨ ਕਿ ਅਸੀਂ ਤਾਂ ਉਸ ਮਨੁੱਖ ਨੂੰ ਬ੍ਰਾਹਮਣ ਸੱਦਦੇ ਹਾਂ ਜੋ ਪਰਮਾਤਮਾ (ਬ੍ਰਹਮ) ਨੂੰ ਸਮਝਦਾ ਹੈ।੪।

ਬ੍ਰਾਹਮਣ ਨੂੰ ਪਾਂਡਾ ਵੀ ਕਿਹਾ ਹੈ :--

੪੯ ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ ਨਾ ਇਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥

ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥ ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥ ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥ ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥੧ ॥ (ਪੰਨਾ-੪੭੧)

ਪਦਅਰਥ:--ਦਇਆ--ਪਿਆਰ, ਤਰਸ। ਜਤੁ--(ਆਪਣੇ ਆਪ ਨੂੰ) ਵੱਸ ਵਿਚ ਰੱਖਣਾ। ਗੰਢੀ--ਗੰਢ। ਸਤੁ--ਆਚਰਨ। ਜੀਅ ਕਾ--ਆਤਮਾ ਦੇ ਵਾਸਤੇ। ਨ ਜਾਇ--ਨਾ ਇਹ ਜਨੇਊ ਗੁਆਚਦਾ ਹੈ। ਚਉਕੜ--ਚਾਰ ਕੌਡ ਤੋਂ। ਅਣਾਇਆ--ਮੰਗਵਾਇਆ। ਸਿਖਾ--ਸਿਖਿਆ, ਉਪਦੇਸ਼। ਚੜਾਇਆ--ਦਿੱਤੀ, ਚਾੜ੍ਹੀ।

ਅਰਥ:--ਹੇ ਪੰਡਿਤ! ਜੇ ਤੇਰੇ ਪਾਸ ਇਹ ਆਤਮਾ ਦੇ ਕੰਮ ਆਉਣ ਵਾਲਾ ਜਨੇਊ ਹੈ ਤਾਂ ਮੇਰੇ ਗਲ ਪਾ ਦੇਹ। ਇਹ ਜਨੇਊ ਜਿਸ ਦੀ ਕਪਾਹ ਦਇਆ ਹੋਵੇ, ਜਿਸ ਦਾ ਸੂਤ ਸੰਤੋਖ ਹੋਵੇ, ਜਿਸ ਦੀਅ ਗੰਢ ਜਤ ਹੋਣ, ਅਤੇ ਜਿਸ ਦਾ ਵਾਟ ਉੱਚਾ ਆਚਰਨ ਹੋਵੇ। ਹੇ ਪੰਡਿਤ! ਇਹੋ ਜਿਹਾ ਜਨੇਊ ਨਾ ਟੁੱਟਦਾ ਹੈ, ਨਾ ਇਸ ਨੂੰ ਮੈਲ ਲੱਗਦੀ ਹੈ, ਨਾ ਇਹ ਸੜਦਾ ਹੈ ਅਤੇ ਨਾ ਹੀ ਇਹ ਗੁਆਚਦਾ ਹੈ। ਹੇ ਨਾਨਕ ! ਉਹ ਮਨੁੱਖ ਭਾਗ ਵਾਲੇ ਹਨ, ਜਿਨ੍ਹਾਂ ਨੇ ਇਹ ਜਨੇਊ ਆਪਣੇ ਗਲ ਪਾ ਲਿਆ ਹੈ ।

ਹੇ ਪੰਡਿਤ! ਇਹ ਜਨੇਊ ਜੋ ਤੂੰ ਪਾਉਂਦਾ ਫਿਰਦਾ ਹੈਂ, ਇਹ ਤਾਂ ਤੂੰ ਚਾਰ ਕੌਡਾਂ ਮੁੱਲ ਦੇ ਕੇ ਮੰਗਵਾ ਲਿਆ, ਆਪਣੇ ਜਜਮਾਨ ਦੇ ਚੌਂਕੇ ਵਿਚ ਬੈਠ ਕੇ ਉਸ ਦੇ ਗਲ ਪਾ ਦਿੱਤਾ, ਫੇਰ ਤੂੰ ਉਸ ਦੇ ਕੰਨ ਵਿਚ ਉਪਦੇਸ਼ ਦਿੱਤਾ ਕਿ ਅੱਜ ਤੋਂ ਤੇਰਾ ਗੁਰੂ ਬ੍ਰਾਹਮਣ ਹੋ ਗਿਆ। ਸਮਾਂ ਪੁਗਣ 'ਤੇ ਜਦੋਂ ਉਹ ਜਜਮਾਨ ਮਰ ਗਿਆ ਤਾਂ ਉਹ ਜਨੇਊ ਉਸ ਦੇ ਸਰੀਰ ਤੋਂ ਢਹਿ ਪਿਆ (ਭਾਵ, ਸੜ ਗਿਆ ਜਾਂ ਡਿੱਗ ਪਿਆ, ਪਰ ਆਤਮਾ ਦੇ ਨਾਲ ਨਾ ਨਿਭਿਆ, ਇਸ ਵਾਸਤੇ ਉਹ ਜਜਮਾਨ ਵਿਚਾਰਾ) ਜਨੇਊ ਤੋਂ ਬਿਨਾਂ ਹੀ ਸੰਸਾਰ ਤੋਂ ਗਿਆ।੧।

ਇਸ ਤਰ੍ਹਾਂ ਆਸਾ ਦੀ ਵਾਰ ਵਿਚ ਬ੍ਰਾਹਮਣ ਦੇ ਫੋਕਟ ਕਾਂਡੀ ਧਰਮ ਕਰਮ ਨੂੰ ਕਈ ਸਲੋਕਾਂ ਰਾਹੀਂ ਖੰਡਨ ਕੀਤਾ ਹੈ। ਕਈ ਥਾਈਂ ਪੰਡਿਤ ਅਥਵਾ ਬ੍ਰਾਹਮਣ ਨੂੰ ਸੰਬੋਧਨ ਕੀਤਾ ਹੈ, ਜਿਵੇਂ-

੫੦- **ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ ॥ ਕੁਹਿ ਬਕਰਾ ਰਿੰਨਿ ਖਾਇਆ ਸਭੁ ਕੋ ਆਖੈ ਪਾਇ ॥** (੪੭੧)

ਅਤੇ ਕਈਆਂ ਵਿਚ ਬਿਨਾਂ ਬ੍ਰਾਹਮਣ ਜਾਂ ਪੰਡਿਤ ਲਿਖਿਆਂ ਉਸ ਦੀ ਲੁੱਟ ਨੀਤੀ ਨੂੰ ਨੰਗਾ ਕਰਕੇ ਸੱਚ ਦਾ ਦਰਸ਼ਨ ਕਰਾਇਆ ਹੈ:-

੫੧- **ਮ:੧ ॥ ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ॥ ਅਗੈ ਵਸਤੁ ਸਿਞਾਣੀਐ**

ਪਿਤਰੀ ਚੋਰ ਕਰੇਇ ॥ ਵਢੀਅਹਿ ਹਥ ਦਲਾਲ ਕੇ ਮੁਸਫ਼ੀ ਏਹੁ ਕਰੇਇ ॥ ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥ ੧ ॥ (ਪੰਨਾ-੪੭੨)

ਜਿਵੇਂ ਬ੍ਰਾਹਮਣ ਦੇ ਇਸ ਕੋਝੀ ਰੀਤ ਦਾ ਜ਼ਿਕਰ ਕਰਕੇ ਪ੍ਰਭੂ ਭਗਤੀ ਦਾ ਉਪਦੇਸ਼ ਦਿੱਤਾ ਹੈ:--

੫੨- ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥ ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ ॥ ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕ ॥ ਕੁਹਥੀ ਜਾਈ ਸੁਟਿਆ ਕਿਸੁ ਏਹੁ ਲਗਾ ਦੋਸ ॥ ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ॥ ਪੰਜਵਾ ਪਾਇਆ ਘਿਰਤੁ ॥ ਤਾ ਹੋਆ ਪਾਕੁ ਪਵਿਤੁ ॥ ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ ॥ ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥ ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥੧ ॥ (ਪੰਨਾ-੪੭੩)

ਪਦਅਰਥ:--ਸੁਚੈ--ਸੁੱਚੇ ਚੌਂਕੇ ਵਿਚ। ਕੋਇ- - -ਜਾਇ--(ਜਿਸ ਭੋਜਨ ਨੂੰ) ਕਿਸੇ ਮਨੁੱਖ ਨੇ ਜਾ ਕੇ ਅਜੇ ਭਿੱਟਿਆ ਨਹੀਂ। ਸੁਚੇ ਅਗੇ ਰਖਿਓਨੁ--(ਉਹ ਭੋਜਨ) ਇਸ ਨ੍ਹਾ-ਧੋ ਕੇ ਆਏ ਬ੍ਰਾਹਮਨ ਅਥਵਾ ਮਨੁੱਖ) ਦੇ ਅੱਗੇ ਰੱਖ ਦਿੱਤਾ ਜਾਂਦਾ ਹੈ। ਜੇਵਿਆ--ਖਾਧਾ। ਲਗਾ ਪੜਣਿ--ਪੜ੍ਹਨ ਲੱਗ ਪੈਂਦਾ ਹੈ (ਅੱਜ ਜਿਵੇਂ ਲੋਕ ਦਿਖਾਵੇ ਲਈ ਅਜਿਹੇ ਮੌਕਿਆਂ 'ਤੇ ਪੜ੍ਹਨ ਲਈ ਭਾਈਆਂ ਨੇ ਗੁਰਬਾਣੀ ਦੇ ਸਲੋਕ ਯਾਦ ਕਰ ਰੱਖੇ ਹੁੰਦੇ ਹਨ)। ਕੁਹਥੀ ਜਾਈ--ਕੁਥਾਂ, ਗੰਦੇ ਥਾਂ ਵਿਚ। ਪਾਕੁ--ਪਵਿੱਤਰ। ਤਨ--(ਉਨ੍ਹਾਂ ਪੰਜ ਦੇਵਤਿਆਂ ਦਾ) ਸਰੀਰ। ਗਡਿਆ--ਰਲਾਇਆ। ਤਿਤੁ--ਉਸ (ਪਾਕ ਪਵਿੱਤਰ ਭੋਜਨ) ਤੇ। ਜਿਤ ਮੁਖਿ--ਜਿਸ ਮੂੰਹ ਨਾਲ। ਰਸ ਖਾਇ--ਸੁਆਦਲੇ ਪਦਾਰਥ ਖਾਂਦੇ ਹਨ। ਏਵੇ--ਏਸੇ ਤਰ੍ਹਾਂ (ਜਿਵੇਂ ਉਪਰ-ਲਿਖੇ ਪਵਿੱਤਰ ਪਦਾਰਥਾਂ ਉੱਥੱਕਾਂ ਪੈਂਦੀਆਂ ਹਨ)।

੫੩- ਸੁਣਿ ਪੰਡਿਤ ਕਰਮਾਕਾਰੀ ॥ ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ ॥ ਰਹਾਉ ॥ ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥ ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ ॥ ਇਨ ਬਿਧਿ ਡੂਬੀ ਮਾਕੁਰੀ ਭਾਈ ਊਡੀ ਸਿਰ ਕੈ ਭਾਰੀ ॥ ੨ ॥- - - -

ਪੰਡਿਤ ਦਹੀ ਵਿਰੋਲੀਐ ਭਾਈ ਵਿਚਹੁ ਨਿਕਲੈ ਤਥੁ ॥ ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ ॥ ਗੁਰ ਬਿਨੁ ਭਰਮਿ ਵਿਗੂਚੀਐ ਭਾਈ ਘਟਿ ਘਟਿ ਦੇਉ ਅਲਖੁ ॥੫ ॥ (ਪੰਨਾ-੫੩੫)

ਪਦਅਰਥ:--ਕਰਮਾਕਾਰੀ--ਕਰਮ ਕਾਂਡੀ, ਤੀਰਥ ਵਰਤ ਆਦਿਕ ਮਿਥੇ ਹੋਏ ਧਾਰਮਿਕ

ਕਰਮਾਂ ਦਾ ਵਿਸ਼ਵਾਸੀ। ਜਿਤੁ--ਜਿਸ ਦੀ ਰਾਹੀਂ। ਆਤਮ ਤਤੁ--ਆਤਮਾ ਦਾ ਮੂਲ॥ ਰਹਾਉ॥ ਬਕੈ ਖੜੋ--ਖਲੋਤਾ ਉਚਾਰਦਾ ਹੈਂ। ਕਰਹੁ--ਤੁਸੀਂ ਕਰਦੇ ਹੋ। ਸੰਸਾਰੀ--ਸੰਸਾਰ ਵਾਲੇ, ਮਾਇਆ ਵਿਚ ਹੀ ਪ੍ਰਵਿਰਤ ਕਰਨ ਵਾਲੇ। ਮਾਕੁਰੀ--ਮੱਕੜੀ, ਜਾਲਾ ਤਣਨ ਵਾਲਾ ਕਹਿਣਾ। ਊਂਡੀ--ਉਲਟੀ। ੨।

ਪੰਡਿਤ--ਹੇ ਬ੍ਰਾਹਮਣ ! ਵਿਰੋਲੀਐ--ਜੇ ਰਿੜਕੀਏ। ਤਥੁ--ਅਸਲ ਚੀਜ਼, ਮੱਖਣ। ਏਹਾ ਵਥੁ--ਇਹੀ ਚੀਜ਼ (ਪਾਣੀ ਹੀ ਪ੍ਰਾਪਤ ਕਰਦਾ ਹੈ) । ਵਿਗੂਚੀਐ--ਖ਼ੁਆਰ ਹੋਈਦਾ ਹੈ। ਦੇਉ--ਪ੍ਰਕਾਸ਼-ਰੂਪ ਪ੍ਰਭੂ। ਅਲਖੁ--ਜਿਸ ਦਾ ਸਰੂਪ ਸਮਝਿਆ ਨਹੀਂ ਜਾ ਸਕਦਾ । ੫ ।

ਅਰਥ:--ਹੇ ਪੰਡਿਤ ਜੀ! ਤੁਸੀਂ (ਲੋਕਾਂ ਨੂੰ ਸੁਣਾਉਣ ਵਾਸਤੇ) ਵੇਦ ਸ਼ਾਸਤਰ (ਆਦਿਕ ਧਰਮ ਪੁਸਤਕਾਂ) ਤਾਂ ਖੋਲ੍ਹ ਕੇ ਉਚਾਰਦੇ ਰਹਿੰਦੇ ਹੋ, ਪਰ ਆਪ ਉਹੀ ਕਰਮ ਕਰਦੇ ਹੋ ਜੋ ਮਾਇਆ ਦੇ ਮੋਹ ਵਿਚ ਫ਼ਸਾਈ ਰੱਖਣ। ਹੇ ਬ੍ਰਾਹਮਣ! ਇਸ ਪਖੰਡ ਨਾਲ ਮਨ ਦੀ ਮੈਲ ਦੂਰ ਨਹੀਂ ਹੋ ਸਕਦੀ, ਵਿਕਾਰ ਦੀ ਮੈਲ ਮਨ ਦੇ ਅੰਦਰ ਟਿਕੀ ਹੀ ਰਹਿੰਦੀ ਹੈ। (ਜਿਵੇਂ ਅੱਜ ਸਿਖਾਂ ਨੇ ਗੁਰਬਾਣੀ ਦੇ ਕਈ ਵਿਧੀਆਂ ਵਾਲੇ ਪਾਠਾਂ ਨੂੰ ਬੜਾ ਧਰਮ ਕਰਮ ਮੰਨ ਕੇ ਪਖੰਡ ਆਰੰਭਿਆ ਹੋਇਆ ਹੈ ਅਤੇ ਦਿਨੋਂ-ਦਿਨ ਨਿਆਰੇ ਆਚਰਨ ਵਾਲੀ ਰਹਿਣੀ ਅਲੋਪ ਹੁੰਦੀ ਜਾ ਰਹੀ ਹੈ) ਇਸ ਤਰ੍ਹਾਂ ਤਾਂ ਮੱਕੜੀ ਵੀ (ਆਪਣਾ ਜਾਲਾ ਆਪ ਤਣ ਕੇ ਉਸ ਜਾਲੇ ਵਿਚ) ਉਲਟੀ ਸਿਰ ਭਾਰ ਹੋ ਕੇ ਮਰਦੀ ਹੈ। ੨।

ਹੇ ਪੰਡਿਤ! ਜੇ ਦਹੀਂ ਰਿੜਕੀਏ ਤਾਂ ਉਸ ਵਿਚੋਂ ਮੱਖਣ ਨਿਕਲਦਾ ਹੈ, ਪਰ ਜੇ ਪਾਣੀ ਰਿੜਕੀਏ ਤਾਂ ਪਾਣੀ ਹੀ ਵੇਖਣ ਨੂੰ ਮਿਲਦਾ ਹੈ। ਇਹ ਮਾਇਆ ਮੋਹਿਆ ਜਗਤ (ਪਾਣੀ ਰਿੜਕ ਕੇ) ਪਾਣੀ ਹੀ ਹਾਸਲ ਕਰ ਰਿਹਾ ਹੈ। ਹੇ ਭਾਈ! ਗੁਰੂ ਦੀ ਸ਼ਰਨ ਪੈਣ ਤੋਂ ਬਿਨਾਂ (ਮਾਇਆ ਦੀ) ਭਟਕਣਾ ਵਿਚ ਹੀ ਖ਼ੁਆਰ ਹੋਈਦਾ ਹੈ, ਘਟ-ਘਟ ਵਿਚ ਵਿਆਪਕ ਪਰਮਾਤਮਾ ਤੋਂ ਖੁੰਝੇ ਰਹੀਦਾ ਹੈ। ੫ ।

ਹਿੰਦੂ ਧਰਮ ਦੇ ਕਾਨੂੰਨ ਦੇ ਗ੍ਰੰਥ ਮਨੂਸਿਮ੍ਰਿਤੀ ਅਨੁਸਾਰ ਵਿਦਿਆ ਦਾ ਮਾਲਕ ਅਤੇ ਦਾਨ ਲੈਣ ਦਾ ਅਧਿਕਾਰੀ ਕੇਵਲ ਬ੍ਰਾਹਮਣ ਹੀ ਹੈ। ਜਿਹੜੇ ਡੇਰੇ ਜਾਂ ਮੱਠ ਆਦਿ ਦਾਨ-ਪੁੰਨ ਨਾਲ ਆਉਂਦੀ ਮਾਇਆ ਦੇ ਆਸਰੇ ਚਲਦੇ ਸਨ ਉਨ੍ਹਾਂ ਨੂੰ ਚਲਾਉਣ ਵਾਲੇ ਸਾਰੇ ਡੇਰੇਦਾਰ ਬ੍ਰਾਹਮਣ ਹੀ ਸਨ। ਜੋਗੀ, ਜੰਗਮ, ਸਿਧ, ਸਰੇਵੜੇ, ਭਾਟੜੇ ਆਦਿ ਸਾਰੇ ਦੇ ਸਾਰੇ ਬ੍ਰਾਹਮਣ ਦੇ ਹੀ ਅੱਡ-ਅੱਡ ਰੂਪ ਚਲੇ ਆ ਰਹੇ ਹਨ। ਅਰਬ ਦੇਸ਼ ਵਿਚੋਂ ਵੱਖਰੀ ਨੁਹਾਰ ਲੈ ਕੇ ਤੁਰਿਆ ਮੌਲਾਣਾ ਵੀ ਹਿੰਦ ਵਿਚ ਆ ਕੇ ਬ੍ਰਾਹਮਣ ਦੇ ਮਾਇਆ ਜਾਲ ਦਾ ਅਸਰ ਕਬੂਲ ਕਰਨ ਤੋਂ ਨਹੀਂ ਸੀ ਬਚ ਸਕਿਆ। ਤੌਹੀਦ (ਇਕ ਦਾ ਪੁਜਾਰੀ) ਦਾ ਝੰਡਾ ਚੁੱਕੀ

ਫਿਰਦੇ ਇਸਲਾਮੀ ਦੀਨ ਦੇ ਆਗੂ ਮੌਲਵੀ ਨੇ ਵੀ ਕਈ ਤਰ੍ਹਾਂ ਦੇ ਕਰਮਕਾਂਡੀ ਧਰਮ-ਕਰਮ ਥਾਪ ਲਏ ਸਨ ਅਤੇ ਉਸ ਨੇ ਵੀ ਆਪਣੇ ਢੰਗ ਦੀ ਲੁੱਟ ਨੀਤੀ ਚਾਲੂ ਕਰ ਲਈ ਹੋਈ ਸੀ। ਸੋ ਗੁਰੂ ਨਾਨਕ ਦੇਵ ਜੀ ਨੇ ਹਿੰਦੂ ਧਰਮ ਦੇ ਲੁਟੇਰੇ ਆਗੂਆਂ ਦੇ ਨਾਲ ਇਸਲਾਮੀ ਧਰਮ ਦੇ ਆਗੂਆਂ ਨੂੰ ਵੀ ਸੰਬੋਧਨ ਕਰਕੇ ਰੱਬੀ ਗਿਆਨ ਦਾ ਛੱਟਾ ਦਿੱਤਾ ਸੀ। ਪਹਿਲਾਂ ਜੋਗੀਆਂ ਨੂੰ ਕੀਤੇ ਉਪਦੇਸ਼ ਵਾਲੇ ਗੁਰਬਾਣੀ ਸ਼ਬਦ ਵਿਚੋਂ, ਸੂਹੀ ਰਾਗ ਦਾ ਇੱਕ ਸ਼ਬਦ ਉਦਾਹਰਣ ਵਜੋਂ, (ਗੁਰੂ ਨਾਨਕ ਦੇਵ ਜੀ ਦਾ) ਇਸ ਪ੍ਰਕਾਰ ਹੈ :--

੫੪- ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥ ਜੋਗ ਨ ਮੁੰਦੀ ਮੂੰਡਿ ਮੁਡਾਇਐ ਜੋਗ ਨ ਸਿੰਙੀ ਵਾਈਐ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥ ੧॥ ਏਕ ਦ੍ਰਿਸਟਿ ਕਰਿ ਸਮਸਰਿ ਜਾਣੈ, ਜੋਗੀ ਕਹੀਐ ਸੋਈ॥ ੧॥ ਰਹਾਉ॥ ॥ ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ॥ ਜੋਗੁ ਨ ਦੇਸਿ ਦਿਸੰਤਰਿ ਭਵੀਐ ਜੋਗੁ ਨ ਤੀਥਿ ਨਾਈਐ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗੁ ਜੁਗਤਿ ਇਵ ਪਾਈਐ॥ ੨॥ ਸਤਿਗੁਰ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ॥ ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗੁ ਜੁਗਤਿ ਇਵ ਪਾਈਐ॥੩॥ ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ॥ ਵਾਜੈ ਬਾਜਹੁ ਸਿੰਙੀ ਵਾਜੈ ਤਉ ਨਿਰਭਉ ਪਦ ਪਾਈਐ॥ ਅੰਜਨ ਮਾਹਿ ਨਿਰੰਜਨ ਰਹੀਐ ਜੋਗ ਜੁਗਤਿ ਤਉ ਪਾਈਐ॥ ੪॥ (ਪੰਨਾ-੭੩੦)

ਪਦ ਅਰਥ--ਜੋਗ--ਜੋਗ ਸਾਧਨ ਦਾ ਅਭਿਆਸ, ਪਰਮਾਤਮਾ ਨਾਲ ਮਿਲਾਪ। ਖਿੰਥਾ--ਗੋਦੜੀ। ਡੰਡੈ--ਡੰਡੇ ਦੀ ਰਾਹੀਂ,(ਜੋਗੀ ਗਲ ਵਿਚ ਗੋਦੜੀ ਅਤੇ ਹੱਥ ਵਿਚ ਇਕ ਡੰਡਾ ਫੜੀ ਰਖਦੇ ਹਨ)। ਭਸਮ--ਸੁਆਹ (ਜੋ ਪਿੰਡੇ 'ਤੇ ਮਲੀ ਰੱਖਦੇ ਹਨ)। ਚੜਾਈਐ-ਸਰੀਰ ਉਤੇ ਮਲ ਲਈਏ। ਮੁੰਦਾ--ਮੁੰਦੀਂ, ਮੁੰਦਰਾਂ ਦੀ ਰਹੀਂ, ਕੰਨਾਂ ਵਿਚ ਮੁੰਦਰਾਂ ਪਾ ਕੇ। ਮੂੰਡ--ਸਿਰ। ਮੂੰਡਿ ਮੁਡਾਈਐ--ਜੇ ਸਿਰ ਮਨਾ ਲਈਏ। ਸਿੰਙੀ--ਸਿੰਙ ਦਾ ਵਾਜਾ, ਜੋਗੀਆਂ ਦੀ ਤੁਰੀ ਜੋ ਸਿੰਙ ਦੀ ਹੁੰਦੀ ਹੈ। ਵਾਈਐ--ਜੇ ਵਜਾਈਏ। ਅੰਜਨ--ਕਾਲਖ, ਸੁਰਮਾ, ਮਾਇਆ ਦੇ ਮੋਹ ਦੀ ਕਾਲਖ। ਨਿਰੰਜਨ--ਨਿਰੰਜਨ ਵਿਚ, ਉਸ ਪਰਮਾਤਮਾ ਵਿਚ ਜੋ ਮਾਇਆ ਦੇ ਪ੍ਰਭਾਵ ਤੋਂ ਰਹਿਤ ਹੈ। ਜੁਗਤਿ--ਤਰੀਕਾ ਜਾਚ। ਇਵ--ਇਸ ਤਰ੍ਹਾਂ। ੧ । ਗਲੀ--ਗੱਲ ਨਾਲ। ਦ੍ਰਿਸਟਿ--ਨਿਗਾਹ, ਨਜ਼ਰ। ਕਰਿ--ਕਰ ਕੇ । ਸਮਸਰਿ--ਬਰਾਬਰ, ਇਕੋ ਜਿਹੇ।੧। ਰਹਾਉ। ਤੜੀ--ਸਮਾਧੀ। ਦੇਸਿ ਦੇਸੰਤਰਿ--ਹੋਰ ਹੋਰ ਦੇਸਾਂ ਵਿਚ। ੨ । ਭੇਟੈ--ਮਿਲੇ । ਸਹਸਾ--ਸਹਮ, ਡਰ। ਧਾਵਤ--ਭਟਕਦਾ ਹੋਇਆ (ਮਨ)। ਵਰਜਿ--ਵਰਜ ਕੇ, ਰੋਕ ਕੇ। ਰਹਾਈਐ--ਰੱਖ ਲਈਦਾ ਹੈ। ਨਿਘਰੁ--ਚਸ਼ਮਾ, ਝਾਲ, ਪਹਾੜੀ ਨਦੀ, ਝਰਨਾ। ਝਰੈ-

-ਚਲ ਪੈਂਦਾ ਹੈ। ਸਹਜ--ਅਡੋਲ ਅਵਸਥਾ। ਧੁਨਿ--ਤਾਰ, ਰੌ। ਘਰਿ ਹੀ--ਹਿਰਦੇ-ਘਰ ਵਿਚ ਹੀ। ਪਰਚਾ--ਸਾਂਝ, ਜਾਣ-ਪਛਾਣ, ਮਿੱਤਰਤਾ। ੩। ਮਰਿ--ਵਿਕਾਰ ਵਲੋਂ ਮਰ ਕੇ। ਜੋਗੁ--ਜੋਗ ਦਾ ਅਭਿਆਸ। ਵਾਜੈ--ਵੱਜਦਾ ਹੈ। ਤਉ--ਤਦੋਂ। ਪਦੁ--ਆਤਮਕ ਦਰਜਾ। ਨਿਰਭਉ--ਜਿਥੇ ਡਰ ਨਹੀਂ। ੪।

ਅਰਥ:--ਗੋਦੜੀ ਪਹਿਨ ਲੈਣਾ ਪਰਮਾਤਮਾ ਨਾਲ ਮਿਲਾਪ ਦਾ ਸਾਧਨ ਨਹੀਂ ਹੈ, ਡੰਡਾ ਹੱਥ ਵਿਚ ਫੜ ਲਿਆਂ ਹਰੀ-ਮੇਲ ਨਹੀਂ ਹੋ ਜਾਂਦਾ, ਜੇ ਸਰੀਰ ਉਤੇ ਸੁਆਹ ਮਲ ਲਈਏ ਤਾਂ ਵੀ ਪ੍ਰਭੂ ਦਾ ਮਿਲਾਪ ਨਹੀਂ ਹੁੰਦਾ। (ਕੰਨ ਵਿਚ) ਮੁੰਦਰਾਂ ਪਾਇਆਂ ਰੱਬ ਦਾ ਮੇਲ ਨਹੀਂ, ਜੇ ਸਿਰ ਮੁਨਾ ਲਈਏ ਤਾਂ ਵੀ ਪ੍ਰਭ-ਮਿਲਾਪ ਨਹੀਂ ਹੋ ਸਕਦਾ, ਸਿੰਙੀ ਵਜਾਇਆਂ ਵੀ ਜੋਗ ਸਿੱਧ ਨਹੀਂ ਹੋ ਜਾਂਦਾ। ਪਰਮਾਤਮਾ ਦੇ ਮਿਲਾਪ ਦਾ ਢੰਗ ਸਿਰਫ਼ ਇਸ ਤਰ੍ਹਾਂ ਹੀ ਹਾਸਲ ਹੁੰਦਾ ਹੈ ਕਿ ਮਾਇਆ ਦੇ ਮੋਹ ਦੀ ਕਾਲਖ ਵਿਚ ਰਹਿੰਦਿਆਂ ਹੀ ਮਾਇਆ ਤੋਂ ਨਿਰਲੇਪ ਪ੍ਰਭੂ ਦੀ ਯਾਦ ਵਿਚ ਜੁੜੇ ਰਹੀਏ।੧। ਨਿਰੀਆਂ ਗੱਲਾਂ ਕਰਨ ਨਾਲ ਪ੍ਰਭੂ-ਮਿਲਾਪ ਨਹੀਂ ਹੁੰਦਾ। ਉਹੀ ਮਨੁੱਖ ਜੋਗੀ ਅਖਵਾ ਸਕਦਾ ਹੈ ਜੋ ਇਕੋ ਜੇਹੀ ਨਿਗਾਹ ਨਾਲ ਸਭ ਜੀਵਾਂ ਨੂੰ ਬਰਾਬਰ ਦੇ ਇਨਸਾਨ ਸਮਝੇ। ੧। ਰਹਾਉ। ਘਰੋਂ ਬਾਹਰ ਮੜ੍ਹੀਆਂ ਮਸਾਣਾਂ ਵਿਚ ਰਿਹਾਂ ਜੋਗ ਨਹੀਂ ਹੁੰਦਾ, ਸਮਾਧੀਆਂ ਲਾਇਆਂ ਵੀ ਰੱਬ ਨਹੀਂ ਮਿਲਦਾ। ਜੇ ਦੇਸ-ਪਰਦੇਸ ਵਿਚ ਭੌਂਦੇ ਫਿਰੀਏ ਤਾਂ ਵੀ ਪ੍ਰਭੂ-ਮਿਲਾਪ ਨਹੀਂ ਹੁੰਦਾ, ਜਦੋਂ ਗੁਰੂ ਮਿਲ ਪਏ ਤਾਂ ਮਨ ਦਾ ਸਹਿਮ ਮੁੱਕ ਜਾਂਦਾ ਹੈ, ਵਿਕਾਰ ਵਲ ਦੌੜਦੇ ਮਨ ਨੂੰ ਰੋਕ ਕੇ ਰੱਖ ਸਕੀਦਾ ਹੈ, (ਮਨ ਵਿਚ ਪ੍ਰਭੂ ਦੇ ਅੰਮ੍ਰਿਤ ਨਾਮ ਦਾ ਇਕ) ਝਰਨਾਂ ਚੱਲ ਪੈਂਦਾ ਹੈ, ਅਡੋਲ ਅਵਸਥਾ ਦੀ ਰੌਂ ਬਣ ਜਾਂਦੀ ਹੈ, ਹਿਰਦੇ ਦੇ ਅੰਦਰ ਹੀ ਪਰਮਾਤਮਾ ਨਾਲ ਸਾਂਝ ਬਣ ਜਾਂਦੀ ਹੈ। ਗੁਰੂ ਨਾਨਕ ਜੀ ਦਾ ਫ਼ੁਰਮਾਨ ਹੈ ਕਿ ਪ੍ਰਭੂ ਦੇ ਮਿਲਾਪ ਦਾ ਅਭਿਆਸ ਇਉਂ ਕਰਨਾ ਚਾਹੀਦਾ ਹੈ ਕਿ ਦੁਨੀਆਂ ਦੇ ਕਾਰ-ਵਿਹਾਰ ਕਰਦਿਆਂ ਹੀ ਵਿਕਾਰਾਂ ਵਲੋਂ ਪਰੇ ਹਟੇ ਰਹਿਣਾ ਚਾਹੀਦਾ ਹੈ। (ਜੋਗੀ ਤਾਂ ਸਿੰਙੀ ਵਜਾਉਂਦਾ ਹੈ, ਪਰ ਸਿਮਰਨ-ਅਭਿਆਸ ਕਰਨ ਵਾਲੇ ਦੇ ਅੰਦਰ ਇਕ ਅਜਿਹਾ ਸੁਰੀਲਾ ਅਨੰਦ ਬਣਦਾ ਹੈ ਕਿ, ਮਾਨੋਂ) ਬਿਨਾ ਵਜਾਇਆਂ ਸਿੰਙ ਦਾ ਵਾਜਾ ਵੱਜ ਰਿਹਾ ਹੈ। (ਜਦੋਂ ਮਨੁੱਖ ਇਸ ਆਤਮਕ ਅਵਸਥਾ ਦਾ ਅਨੰਦ ਮਾਣਨ ਲੱਗ ਪੈਂਦਾ ਹੈ) ਤਦੋਂ ਉਹ ਐਸੀ ਆਤਮਕ ਅਵਸਥਾ ਪ੍ਰਾਪਤ ਕਰ ਲੈਂਦਾ ਹੈ ਜਿਸ ਵਿਚ ਕਿਸੇ ਦਾ ਕੋਈ ਡਰ ਨਹੀਂ ਰਹਿ ਜਾਂਦਾ। ਜਦੋਂ ਮਾਇਆ ਦੇ ਮੋਹ ਦੀ ਕਾਲਖ ਵਿਚ ਰਹਿੰਦਿਆਂ ਹੀ ਮਾਇਆ ਤੋਂ ਨਿਰਲੇਪ ਪ੍ਰਭੂ ਵਿਚ ਜੁੜ ਸਕੀਏ, ਤਦੋਂ ਪ੍ਰਭੂ-ਮਿਲਾਪ ਦੀ ਜਾਚ ਆ ਜਾਂਦੀ ਹੈ।੪।

ਮੁਸਲਮਾਨ ਨੂੰ ਉਪਦੇਸ਼:--

੫੫- ਮੁਸਲਮਾਣੁ ਕਹਾਵਣੁ ਮੁਸਕਲੁ, ਜਾ ਹੋਇ ਤਾ ਮੁਸਲਮਾਣੁ ਕਹਾਵੈ ॥ ਅਵਲਿ ਅਉਲ ਦੀਨੁ ਕਰਿ ਮਿਠਾ, ਮਸਕਲ ਮਾਨਾ ਮਾਲੁ ਮੁਸਾਵੈ ॥ ਹੋਇ ਮੁਸਲਿਮੁ ਦੀਨ

ਮੁਹਾਣੈ, ਮਰਣ ਜੀਵਣ ਕਾ ਭਰਮੁ ਚੁਕਾਵੈ ॥ ਰਬੁ ਕੀ ਰਜਾਇ ਮੰਨੇ ਸਿਰ ਉਪਰਿ, ਕਰਤਾ ਮੰਨੇ ਆਪੁ ਗਵਾਵੈ ॥ ਤਉ ਨਾਨਕੁ ਸਰਬ ਜੀਆ ਮਿਹਰੰਮਤਿ, ਹੋਇ ਤ ਮੁਸਲਮਾਣੁ ਕਹਾਵੈ ॥ (ਪੰਨਾ-੧੪੧)

ਪਦ ਅਰਥ:--ਅਵਲਿ ਅਉਲਿ--ਅਵਲਿ ਅਵਲਿ, ਪਹਿਲਾਂ ਪਹਿਲ, ਸਭ ਤੋਂ ਪਹਿਲਾਂ। ਮਸਲਕ--ਮਿਸਕਲਾ, ਜੰਗਾਲ ਲਾਹੁਣ ਵਾਲਾ ਹਥਿਆਰ। ਮਾਨਾ--ਮਾਨਿੰਦ, ਵਾਂਗ। ਮੁਸਾਵੈ--ਠਗਾਵੈ, ਲੁਟਾਏ, ਵੰਡੇ। ਮਰਣ ਜੀਵਣ--ਸਾਰੀ ਉਮਰ। ਆਪੁ--ਆਪਾ-ਭਾਵ, ਹਉਮੈ, ਖ਼ੁਦੀ। ਮਿਰੰਮਤਿ--ਮਿਹਰ, ਤਰਸ।

ਮੁਸਲਮਾਨ ਆਗੂ, ਬ੍ਰਾਹਮਣ, ਅਤੇ ਜੋਗੀ ਤਿੰਨਾਂ ਦਾ ਜ਼ਿਕਰ ਕਰਕੇ ਗੁਰੂ ਨਾਨਕ ਦੇਵ ਜੀ ਦਾ ਵਡਮੁੱਲਾ ਉਪਦੇਸ਼:--

੫੬- ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥ ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥ ੨ ॥ ਸੋ ਜੋਗੀ ਜੋ ਜੁਗਤਿ ਪਛਾਣੈ ॥ ਗੁਰ ਪਰਸਾਦੀ ਏਕੋ ਜਾਣੈ ॥ ਕਾਜੀ ਸੋ ਜੋ ਉਲਟੀ ਕਰੈ ॥ ਗੁਰ ਪਰਸਾਦੀ ਜੀਵਤੁ ਮਰੈ ॥ ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥ ੩ ॥ ਦਾਨਸਬੰਦੁ ਸੋਈ ਮਲੁ ਧੋਵੈ ॥ ਪੜਿਆ ਬੂਝੈ ਸੋ ਪਰਵਾਣੁ ॥ ਜਿਸੁ ਸਿਰਿ ਦਰਗਹ ਕਾ ਨੀਸਾਣੁ ॥ ੪ ॥ (ਪੰਨਾ-੬੬੨)

ਅਰਥ:--ਕਾਜ਼ੀ (ਜੋ ਇਕ ਪਾਸੇ ਤਾਂ ਇਸਲਾਮੀ ਧਰਮ ਦਾ ਨੇਤਾ ਹੈ ਤੇ ਦੂਜੇ ਪਾਸੇ ਹਾਕਮ ਵੀ ਹੈ, ਰਿਸ਼ਵਤ ਦੀ ਖ਼ਾਤਰ ਸ਼ਰਈ ਕਾਨੂੰਨ ਬਾਰੇ) ਝੂਠ ਬੋਲ ਕੇ ਹਰਾਮ ਦਾ ਮਾਲ (ਰਿਸ਼ਵਤ) ਖਾਂਦਾ ਹੈ। ਬ੍ਰਾਹਮਣ (ਕ੍ਰੋੜ ਸ਼ੂਦਰ-ਬਣਾਏ) ਬੰਦਿਆਂ ਨੂੰ ਦੁਖੀ ਕਰ-ਕਰ ਕੇ ਤੀਰਥ-ਇਸ਼ਨਾਨ ਵੀ ਕਰਦਾ ਹੈ। ਜੋਗੀ ਵੀ ਅੰਨ੍ਹਾਂ ਹੈ ਤੇ ਜੀਵਨ ਜਾਚ ਨਹੀਂ ਜਾਣਦਾ। (ਇਹ ਤਿੰਨੇ ਆਪਣੇ ਵਲੋਂ ਧਰਮ-ਨੇਤਾ ਹਨ, ਪਰ) ਇਨ੍ਹਾਂ ਦੇ ਹੀ ਅੰਦਰ ਆਤਮਕ ਜੀਵਨ ਵਲੋਂ ਸੁੰਞ ਹੀ ਸੁੰਞ ਹੈ। ੨ ।ਅਸਲ ਜੋਗੀ ਉਹ ਹੈ ਜੋ ਜੀਵਨ ਦੀ ਸਹੀ ਜਾਚ ਸਮਝਦਾ ਹੈ ਤੇ ਗੁਰੂ ਦੀ ਕਿਰਪਾ ਨਾਲ ਇਕ ਪਰਮਾਤਮਾ ਨਾਲ ਡੂੰਘੀ ਸਾਂਝ ਪਾਉਂਦਾ ਹੈ। ਕਾਜ਼ੀ ਉਹ ਹੈ ਜੋ ਸੁਰਤਿ ਨੂੰ ਹਰਾਮ ਦੇ ਮਾਲ ਵਲੋਂ ਮੋੜਦਾ ਹੈ ਜੋ ਗੁਰੂ ਦੀ ਕਿਰਪਾ ਨਾਲ ਦੁਨੀਆਂ ਵਿਚ ਰਹਿੰਦਾ ਹੋਇਆ ਵੀ ਦੁਨਿਆਵੀ ਖ਼ਾਹਿਸ਼ਾਂ ਵਲੋਂ ਪਰਤਦਾ ਹੈ। ਬ੍ਰਾਹਮਣ ਉਹ ਹੈ ਜੋ ਸਰਬ-ਵਿਆਪਕ ਵਿਚ ਸੁਰਤਿ ਜੋੜਦਾ ਹੈ, ਇਸ ਤਰ੍ਹਾਂ ਆਪ ਵੀ ਸੰਸਾਰ-ਸਮੁੰਦਰ ਵਿਚੋਂ ਪਾਰ ਲੰਘਦਾ ਹੈ ਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਵੀ ਲੰਘਾ ਲੈਂਦਾ ਹੈ। ੩। ਉਹੀ ਮਨੁੱਖ ਅਕਲਮੰਦ ਹੈ ਜੋ ਆਪਣੇ ਦਿਲ ਵਿਚ ਟਿਕੀ ਹੋਈ ਬੁਰਾਈ ਨੂੰ ਦੂਰ ਕਰਦਾ ਹੈ। ਉਹੀ ਮੁਸਲਮਾਨ ਹੈ ਜੋ ਮਨ ਵਿਚੋਂ ਵਿਕਾਰ ਦੀ ਮੈਲ ਨਾਸ ਕਰਦਾ ਹੈ। ਉਹੀ ਵਿਦਵਾਨ ਹੈ ਜੋ

ਜੀਵਨ ਦਾ ਸਹੀ ਰਸਤਾ ਸਮਝਦਾ ਹੈ, ਉਸ ਦੇ ਮੱਥੇ ਉਤੇ ਦਰਗਾਹ ਦਾ ਟਿੱਕਾ ਲੱਗਦਾ ਹੈ ਉਹੀ ਪ੍ਰਭੂ ਦੀ ਹਜ਼ੂਰੀ ਵਿਚ ਕਬੂਲ ਹੈ।੪।

੫੭ ਪਾਇਆ ਵੇੜੁ ਮਾਇਆ ਸਰਬ ਭੁਇਅੰਗਾ ॥ ਹਉਮੈ ਪਚੇ ਦੀਪਕ ਦੇਖਿ ਪਤੰਗਾ ॥ ਸਗਲ ਸੀਗਾਰ ਕਰੇ ਨਹੀ ਪਾਵੈ ॥ ਜਾ ਹੋਇ ਕ੍ਰਿਪਾਲ ਤਾ ਗੁਰੂ ਮਿਲਾਵੈ ॥ ੩ ॥ (ਪੰਨਾ-੮੦੧)

ਅਰਥ:--੩੪/੩੫/੬ ਛੇਵੀਂ ਪੁਸਤਕ ਵਿਚ ਸਪਸ਼ਟ ਕੀਤਾ ਹੈ ਮਾਇਆ ਦੀ ਖ਼ਾਤਰ ਧਾਰਮਿਕ ਸ਼ਿੰਗਾਰ ਨਿਸਫ਼ਲ ਹੈ

ਧਾਰਮਿਕ ਆਗੂਆਂ ਨੂੰ ਸੰਬੋਧਨ ਕਰਕੇ ਉਚਾਰੇ ਹੋਏ ਬੇਅੰਤ ਸ਼ਬਦਾਂ ਵਿਚੋਂ ਕੁਝ ਦੀ ਸੂਚੀ ਅੱਗੇ ਦਿੱਤੀ ਗਈ ਹੈ। ਗੁਰਮਤਿ ਸਿਧਾਂਤਾਂ ਨੂੰ ਸੁਹਿਰਦਤਾ ਨਾਲ ਸਮਝਣ ਦੀ ਇਛਿਆ ਵਾਲੇ ਸੱਜਣ ਹੇਠ ਲਿਖੇ ਸ਼ਬਦ ਪੜ੍ਹ ਕੇ ਹੋਰ ਵੱਧ ਤਸੱਲੀ ਕਰ ਸਕਦੇ ਹਨ ਕਿ ਗੁਰਦੇਵ ਜੀ ਨੇ ਪੰਡਿਤ-ਬ੍ਰਾਹਮਣ ਨੂੰ ਅਥਵਾ ਦੂਜੇ ਧਾਰਮਿਕ ਆਗੂਆਂ ਨੂੰ ਸੰਬੋਧਨ ਕਿਸ ਕਾਰਨ ਕੀਤਾ ਹੈ। ਪਰਥਾਇ ਸਾਖੀ ਕਹਿਣ ਵਾਲੇ ਸਿਧਾਂਤ ਨੂੰ ਵਰਤ ਕੇ ਗੁਰੂ ਨਾਨਕ ਨਿਰੰਕੀਰੀ ਜੀ ਨੇ ਉਨ੍ਹਾਂ ਲੋਕਾਂ ਦੀਆਂ ਕਰਤੂਤਾਂ ਦਲੇਰੀ ਨਾਲ ਵੰਗਾਰ ਕੇ ਨੰਗੀਆਂ ਕੀਤੀਆਂ ਸਨ ਜਿਹੜੇ ਦੇਸ਼ ਦੇ ਧਰਮ ਦੇ ਗੁਰੂ ਪੀਰ ਬਣੇ ਹੋਏ ਸਨ ਅਤੇ ਰਾਜਸੀ ਸੱਤਾ ਦੇ ਮਾਲਕ ਹੋਣ ਕਾਰਨ ਲੋਕਾਂ ਲਈ ਹਊਆ ਬਣੇ ਬੈਠੇ ਸਨ। ਗੁਰਬਾਣੀ ਦੀ ਲਾਸਾਨੀ ਵਿਸ਼ੇਸ਼ਤਾ ਇਹ ਹੈ ਕਿ ਹਰ ਸ਼ਬਦ ਵਿਚੋਂ ਵਡਮੁੱਲਾ ਸਰਬ ਸਾਂਝਾ ਉਪਦੇਸ਼ ਮਿਲਦਾ ਹੈ :--

ਪੰਡਿਤ ਨੂੰ ਸੰਬੋਧਨ ਕਰਕੇ ਲਿਖੇ ਸ਼ਬਦ

੧=(੩੨੯)-੨੯੨=(੩੪੩)-੪੫੩=[੧੦੦੩]-੭-੧੬

੪=(੧੧੭੧)-੩--੧੧ ੫=(੧੧੭੦)-੧--੯

੬=(੧੧੫੯)--੭ ੭=(੯੨)-੩

੮=(੩੯੩)-੩੯--੯੦ ੯=(੩੨੫)--੭

੧੦=(੨੭੪)-੯ ੧੧=(੩੫੫)-੨੦

੧੨=(੪੩੫)-ਪੱਟੀ-੬ ੧੩=(੬੩੫)ਅਸਟ-੨

੧੪=(੬੬੨)-੧-੬-੮ ੧੫=(੪੭੧)-ਵਾਰ-੧੬

੧੬=(੪੭੦) ਵਾਰ--੧੪ ੧੭=(੪੭੨)-ਵਾਰ-੧੭

੧੮=(੧੨੮੯)-ਵਾਰ--੨੫	੧੯=(੬੩੫)--੨
੨੦=(੬੫੩)-ਵਾਰ-੨੪	੨੧=(੫੧੨)-ਵਾਰ-੨੦
੨੨=(੫੧੫)-ਵਾਰ--੧੨	੨੩=(੮੫੦)-ਵਾਰ-੩
੨੪=(੮੮੭)-੬-੧੭	੨੫=(੯੦੪))-ਅਸਟ-੪
੨੬=(੯੦੫)--ਅਸਟ-੬	੨੭=(੮੯੧)-੧੭--੨੮
੨੮=(੯੦੨)-ਅਸਟ-੧	੨੯=(੯੯੪)-ਅਸਟ--੪
੩੦=(੯੫੧)-ਵਬਾਰ-੧੧	੩੧=(੯੫੨)-ਵਾਰ--੧੨
੩੨=(੯੫੦)-ਵਾਰ-੯੫੦	੩੩=(੯੫੫)-ਵਾਰ-੧੯
੩੪=(੯੬੦)-ਵਾਰ--੭	੩੫=(੯੭੦)--੭
੩੬=(੯੯੨)--੧੧	੩੭=(੧੧੭੫]--੯
੩੮=(੧੧੬੮)--੩	੩੯=(੧੧੭੧)--੩
੪੦=(੧੧੯੩)--੨	੪੧=(੧੧੯੫)-੧-੭
੪੨=(੧੧੦੨]--੧	੪੩=(੯੬੦)-ਵਾਰ--੭
੪੪=(੧੩੪੫]--੬	੪੫=(੨੨੯]--੧
੪੬=(੧੨੯੨]-੨	੪੭=(੧੩੩੭੩]--੧੬੫
੪੮=(੧੨੩੭]-੨੩੭	੪੯=(੧੨੬੯]-੧--੧੦
੫੦=(੧੨੮੯)ਵਾਰ--੨੫	੫੧=(੧੨੪੫]-ਵਾਰ-੮
੫੨=(੧੪੧੧)--੧੬-੧੭	੫੩=(੧੪੨੪]--੪
੫੪=(੧੩੭੦]--੧੦੪	੫੫=(੧੩੭੧]-੧੩੭
੫੬=(੧੩੭੭)--੨੩੭	

ਅੰਕ ੪੩੪ ਅਤੇ ੪੩੫ ਆਸਾ ਰਾਗ ਵਿਚ ਗੁਰੂ ਨਾਨਕ ਜੀ (ਤੀਸਰਾ ਸਰੂਪ) ਦੀ

ਲਿਖੀ ਪੱਟੀ ਬਾਣੀ ਵਿਚ ਬ੍ਰਾਹਮਣ ਨੂੰ ਸੰਬੋਧਨ ਕਰਕੇ ਬੜਾ ਕੀਮਤੀ ਉਪਦੇਸ਼ ਦਿੱਤਾ ਹੋਇਆ ਹੈ। ਏਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਆਪਣੇ ਪ੍ਰਥਮ ਸਰੂਪ ਵਿਚ ਓਅੰਕਾਰਿ ਬਾਣੀ ਪਾਂਡੇ ਨੂੰ ਹੀ ਸੰਬੋਧਨ ਕਰਕੇ ਉਚਾਰੀ ਸੀ। ਸਰਬ-ਸਾਂਝੇ ਉਪਦੇਸ਼ ਵਾਲੀ ਇਹ ਮਹਾਨ ਬਾਣੀ ਰਾਮਕਲੀ ਰਾਗ ਵਿਚ ਅੰਕ ੯੨੯ ਤੋਂ ੯੩੮ ਤੱਕ ਹੈ ।

ਜੋਗੀ ਸੰਨਿਆਸੀ ਭਗਉਤੀ ਆਦਿ ਦੇ ਰੂਪ ਵਿਚਲੇ ਬ੍ਰਾਹਮਣ ਨੂੰ ਸੰਬੋਧਨ ਕੀਤੇ ਸ਼ਬਦ

੧= [੮੫੬]--੮	੨= [੭੧]--੨-੨੭	੩= [੮੮]-ਵਾਰ-੧੪
੪= [੮੮]-ਵਾਰ-੧੫	੫= [੧੫੫]-੩--੧੫	੬= [੩੫੬]--੨੫
੭= [੩੬੦]-੪--੩੮	੮= [੪੭੭]--੭	੯= [੩੬੦]-੪--੩੮
੧੦=[੩੬੮]-੯--੬੧	੧੧=[੪੧੧]--੭	੧੨=[੧੫੫]-੩--੧੫
੧੩=[੨੨੩]--੬	੧੪=[੨੨੪]--੭	੧੫=[੫੨੫]--੧
੧੬=[੬੬੨]-੧--੬--੮	੧੭=[੭੩੦]-੧--੮	੧੮=[੮੭੯]--੧੧
੧੯=[੯੦੩]-੨	੨੦=[੯੦੭]--੮	੨੧=[੯੫੦]-ਵਾਰ--੧
੨੨=[੯੫੨]-ਵਾਰ--੧੨	੨੩=[੯੭੦]-੭	੨੪=[੯੯੨]--੧੧
੨੫=[੯੫੩]-ਵਾਰ--੧੨	੨੬=[੮੭੭]--੪	੨੭=[੮੭੭]-੫
੨੮=[੧੩੩੨]--੧੬	੨੯=[੧੦੮੯]-ਵਾਰ--੯	

ਗੁਰਬਾਣੀ ਦੇ ਪਾਠ ਕਰਨ ਵਾਲੇ ਪਿਆਰਿਆਂ ਨੂੰ ਪਤਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਰਾਮਕਲੀ ਰਾਗ ਵਿਚ ਸਿੱਧ ਗੋਸਟ ਬਾਣੀ ਉਚਾਰੀ ਹੈ ਜਿਥੇ ਸਿਧਾਂ ਦਾ ਨਾਮ ਲੈ ਕੇ ਸੰਬੋਧਨ ਵੀ ਕੀਤਾ ਹੋਇਆ ਹੈ। ਬੜੇ ਉਚੇ ਗਿਆਨ ਦਾ ਇਹ ਸਾਗਰ ਅੰਕ ੯੩੮ ਤੋਂ ੯੪੭ ਤੱਕ ਹੈ ।

ਮੁਸਲਮਾਨੀ ਧਰਮ ਦੇ ਆਗੂਆਂ ਨੂੰ

੧= [੧੦੮੩]-ਸੋ-੮	੨= [੨੩]--੨੭	੩= [੪੬੫]-ਵਾਰ-੬
੪= [੪੭੭]--੮	੫= [੧੪੧]-ਵਾਰ-੮	੬= [੪੮੦]-੪-੧੭
੭= [੪੮੩]-੭-੨੯	੮= [੪੬੬]-ਵਾਰ-੬	੯= [੨੪]-੨੮

੧੦=[੬੬੨]-੫-੭ ੧੧=[੪੭੭]-੮ ੧੨=[੧੧੫੯]-੩-੧੧

੧੩=[੧੦੮੪]-੩-੧੨ ੧੪=[੧੦੮੩]-੩-੧੨ ੧੫=[੧੩੮੦]-੫੦

੧੬=[੧੩੭੪]੧੮੪-੧੮੫

ਇਹ ਸਾਰੇ ਗੁਰਬਾਣੀ ਸ਼ਬਦ ਉਹ ਹਨ, ਜਿਨ੍ਹਾਂ ਵਿਚ ਧਾਰਮਿਕ ਆਗੂਆਂ ਨੂੰ ਸੰਬੋਧਨ ਕੀਤਾ ਹੋਇਆ ਹੈ। ਪਰ ਪੁਸਤਕ ਦੇ ਪਹਿਲੇ ਭਾਗ ਵਿਚ ਅਸਾਂ ਜਿਹੜੇ ਸੌ (੧੦੦) ਤੋਂ ਵੱਧ ਵਿਸ਼ਿਆਂ ਦੀ ਵਿਚਾਰ ਕੀਤੀ ਹੈ, ਉਨ੍ਹਾਂ ਵਿਚੋਂ ਲਗ-ਪਗ ਸਾਰੇ ਵਿਸ਼ੇ ਬ੍ਰਾਹਮਣ ਦੀਆਂ ਹੀ ਲਿਖੀਆਂ ਵੇਦਕ-ਰੀਤਾਂ ਦਾ ਖੰਡਨ ਕਰਦੇ ਸਿੱਧ ਹੋਏ ਸਨ। ਪੁਸਤਕ ਦੇ ਇਸ ਭਾਗ ਵਿਚ ਵੀ ਅਸੀਂ ਵੇਖਾਂਗੇ ਕਿ ਹੋਰ ਬੇਅੰਤ ਵਿਸ਼ੇ ਵੀ, ਬਿੱਪ੍ਰਨ ਕੀ ਰੀਤ ਦਾ ਹੀ ਖੰਡਨ ਕਰਦੇ ਹਨ। ਭਾਵ ਇਹ ਕਿ ਬ੍ਰਾਹਮਣ ਹੀ ਸਾਰੀਆਂ ਫੋਕਟ ਕਰਮਕਾਂਡੀ ਰੀਤਾਂ ਦਾ ਜਨਮ ਦਾਤਾ ਹੈ।

ਪਰ ਬਿਨਾਂ ਸੰਬੋਧਨ ਕੀਤਿਆਂ ਵੀ ਜਿਵੇਂ ਧਰਮ ਆਗੂਆਂ ਦਾ ਪਾਜ ਉਧੇੜਿਆ ਹੈ ਉਸ ਦਾ ਨਮੂਨਾ:--

੫੮ ਹਰਿ ਜੀਉ ਅੰਤਰਜਾਮੀ ਜਾਨ ॥ ਕਰਤ ਬੁਰਾਈ ਮਾਨੁਖ ਤੇ ਛਪਾਈ ਸਾਖੀ ਭੂਤ ਪਵਾਨ ॥ ੧ ॥ ਰਹਾਉ ॥ ਬੈਸਨੋ ਨਾਮੁ ਕਰਤ ਖਟ ਕਰਮਾ ਅੰਤਰਿ ਲੋਭ ਜੂਠਾਨ ॥ ਸੰਤ ਸਭਾ ਕੀ ਨਿੰਦਾ ਕਰਤੇ ਡੂਬੇ ਸਭ ਅਗਿਆਨ ॥ ੧ ॥ ਕਰਹਿ ਸੋਮਪਾਕੁ ਹਿਰਹਿ ਪਰ ਦਰਬਾ ਅੰਤਰਿ ਝੂਠ ਗੁਮਾਨ ॥ ਸਾਸਤ੍ਰ ਬੇਦ ਕੀ ਬਿਧਿ ਨਹੀ ਜਾਣਹਿ ਬਿਆਪੇ ਮਨ ਕੈ ਮਾਨ ॥ ੨ ॥ ਸੰਧਿਆ ਕਾਲ ਕਰਹਿ ਸਭਿ ਵਰਤਾ ਜਿਉ ਸਫਰੀ ਦੰਫਾਨ ॥ ਪ੍ਰਭੂ ਭੁਲਾਏ ਊਝੜਿ ਪਾਏ ਨਿਹਜਲ ਸਭਿ ਕਰਮਾਨ ॥ ੩ ॥ ਸੋ ਗਿਆਨੀ ਸੋ ਬੈਸਨੋ ਪੜ੍ਹਿਆ ਜਿਸੁ ਕਰੀ ਕ੍ਰਿਪਾ ਭਗਵਾਨ ॥ ਓਨਿ ਸਤਿਗੁਰੁ ਸੇਵਿ ਪਰਮ ਪਦੁ ਪਾਇਆ ਉਧਰਿਆ ਸਗਲ ਬਿਸ੍ਵਾਨ ॥ ੪ ॥ ਕਿਆ ਹਮ ਕਥਹ ਕਿਛੁ ਕਥਿ ਨਹੀ ਜਾਣਹਿ ਪ੍ਰਭ ਭਾਵੈ ਤਿਵੈ ਬੋਲਾਨ ॥ ਸਾਧ ਸੰਗਤਿ ਕੀ ਧੂਰਿ ਇਕ ਮ ਗਉ ਜਨ ਨਾਨਕ ਪਇਓ ਸਰਾਨ ॥ ੫ ॥ ੨ ॥ (ਪੰਨਾ-੧੨੦੨)

ਅਰਥ:- ਹੇ ਭਾਈ! ਪ੍ਰਭੂ ਜੀ ਹਰੇਕ ਦੇ ਦਿਲ ਦੀ ਜਾਣਨ ਵਾਲੇ ਹਨ ਅਤੇ ਸੁਜਾਨ ਹਨ। (ਜਿਹੜਾ ਮਨੁੱਖ) ਹੋਰਨਾਂ ਮਨੁੱਖਾਂ ਪਾਸੋਂ ਲੁਕਾ ਕੇ ਕੋਈ ਭੈੜਾ ਕੰਮ ਕਰਦਾ ਹੈ (ਉਹ ਇਹ ਨਹੀਂ ਜਾਣਦਾ ਕਿ) ਪਰਮਾਤਮਾ ਤਾਂ ਪਿਛਲੇ ਬੀਤੇ ਸਮੇ ਦੇ ਕਰਮਾਂ ਤੋਂ ਲੈ ਕੇ ਅਗਾਂਹ ਭਵਿੱਖ ਦੇ ਕੀਤੇ ਜਾਣ ਵਾਲੇ ਸਾਰੇ ਕੰਮਾਂ ਦਾ ਵੇਖਣ ਵਾਲਾ ਹੈ।੧।ਰਹਾਉ।

ਹੇ ਭਾਈ! (ਜਿਹੜੇ ਮਨੁੱਖ) ਆਪਣੇ ਆਪ ਨੂੰ ਵੈਸ਼ਨੋ ਅਖਵਾਂਦੇ ਹਨ, (ਸ਼ਾਸਤ੍ਰਾਂ ਦੇ ਦੱਸੇ

ਹੋਏ) ਛੇ ਕਰਮ ਭੀ ਕਰਦੇ ਹਨ, (ਪਰ ਜੇ ਉਹਨਾਂ ਦੇ) ਅੰਦਰ (ਮਨ ਨੂੰ) ਮੈਲਾ ਕਰਨ ਵਾਲਾ ਲੋਭ ਵੱਸ ਰਿਹਾ ਹੈ (ਜੇ ਉਹ) ਸਾਧ ਸੰਗਤਿ ਦੀ ਨਿੰਦਾ ਕਰਦੇ ਹਨ (ਤਾਂ ਉਹ ਸਾਰੇ ਮਨੁੱਖ) ਆਤਮਕ ਜੀਵਨ ਵਲੋਂ ਬੇ-ਸਮਝੀ ਦੇ ਕਾਰਨ (ਸੰਸਾਰ-ਸਮੁੰਦਰ ਵਿਚ) ਡੁੱਬ ਜਾਂਦੇ ਹਨ।੧।

ਹੇ ਭਾਈ! (ਇਹੋ ਜਿਹੇ ਵੈਸ਼ਨੋ ਅਖਵਾਣ ਵਾਲੇ ਮਨੁੱਖ) ਆਪਣੀ ਹੱਥੀਂ ਆਪਣਾ ਭੋਜਨ ਤਿਆਰ ਕਰਦੇ ਹਨ ਪਰ ਪਰਾਇਆ ਧਨ ਚੁਰਾਂਦੇ ਹਨ, ਉਹਨਾਂ ਦੇ ਅੰਦਰ ਝੂਠ ਵੱਸਦਾ ਹੈ ਅਹੰਕਾਰ ਵੱਸਦਾ ਹੈ। ਉਹ ਮਨੁੱਖ (ਆਪਣੇ ਧਰਮ-ਪੁਸਤਕਾਂ) ਵੇਦ ਸ਼ਾਸਤ੍ਰਾਂ ਦੀ ਆਤਮਕ ਮਰਯਾਦਾ ਨਹੀਂ ਸਮਝਦੇ, ਉਹ ਤਾਂ ਆਪਣੇ ਮਨ ਦੇ ਅਹੰਕਾਰ ਵਿਚ ਹੀ ਫਸੇ ਰਹਿੰਦੇ ਹਨ।੨।

ਹੇ ਭਾਈ! (ਇਹੋ ਜਿਹੇ ਵੈਸ਼ਨੋ ਅਖਵਾਣ ਵਾਲੇ ਉਂਵ ਤਾਂ) ਤਿੰਨੇ ਵੇਲੇ ਸੰਧਿਆ ਕਰਦੇ ਹਨ, ਸਾਰੇ ਵਰਤ ਭੀ ਰੱਖਦੇ ਹਨ (ਪਰ ਉਹਨਾਂ ਦਾ ਇਹ ਸਾਰਾ ਉੱਦਮ ਇਉਂ ਹੀ ਹੈ) ਜਿਵੇਂ ਕਿਸੇ ਮਦਾਰੀ ਦਾ ਤਮਾਸ਼ਾ (ਰੋਟੀ ਕਮਾਣ ਲਈ ਹੀ)। (ਪਰ ਉਹਨਾਂ ਦੇ ਭੀ ਕੀਹ ਵੱਸ?) ਪ੍ਰਭੂ ਨੇ ਆਪ ਹੀ ਉਹਨਾਂ ਨੂੰ ਸਹੀ ਰਾਹ ਤੋਂ ਖੁੰਝਾਇਆ ਹੈ, ਗ਼ਲਤ ਰਸਤੇ ਪਾਇਆ ਹੋਇਆ ਹੈ, ਉਹਨਾਂ ਦੇ ਸਾਰੇ (ਕੀਤੇ ਹੋਏ ਧਾਰਮਿਕ) ਕਰਮ ਵਿਅਰਥ ਜਾਂਦੇ ਹਨ।੩।

ਹੇ ਭਾਈ! ਅਸਲ ਗਿਆਨਵਾਨ ਉਹ ਮਨੁੱਖ ਹੈ, ਅਸਲ ਵੈਸ਼ਨੋ ਉਹ ਹੈ, ਅਸਲ ਵਿਦਵਾਨ ਉਹ ਹੈ, ਜਿਸ ਉਤੇ ਪਰਮਾਤਮਾ ਨੇ ਮਿਹਰ ਕੀਤੀ ਹੈ, (ਜਿਸ ਦੀ ਬਰਕਤਿ ਨਾਲ) ਉਸ ਨੇ ਗੁਰੂ ਦੀ ਸਰਨ ਪੈ ਕੇ ਸਭ ਤੋਂ ਉੱਚਾ ਆਤਮਕ ਦਰਜਾ ਹਾਸਲ ਕੀਤਾ ਹੈ, (ਅਜਿਹੇ ਮਨੁੱਖ ਦੀ ਸੰਗਤਿ ਵਿਚ) ਸਾਰਾ ਜਗਤ ਹੀ (ਸੰਸਾਰ-ਸਮੁੰਦਰ ਤੋਂ) ਪਾਰ ਲੰਘ ਜਾਂਦਾ ਹੈ ।੪।

ਪਰ, ਹੇ ਭਾਈ! ਅਸੀਂ ਜੀਵ (ਪਰਮਾਤਮਾ ਦੀ ਰਜ਼ਾ ਬਾਰੇ) ਕੀ ਆਖ ਸਕਦੇ ਹਾਂ? ਅਸੀਂ ਕੁਝ ਆਖਣਾ ਜਾਣਦੇ ਨਹੀਂ ਹਾਂ । ਜਿਵੇਂ ਪ੍ਰਭੂ ਨੂੰ ਚੰਗਾ ਲੱਗਦਾ ਹੈ ਤਿਵੇਂ ਉਹ ਸਾਨੂੰ ਜੀਵਾਂ ਨੂੰ ਬੋਲਣ ਲਈ ਪ੍ਰੇਰਦਾ ਹੈ । ਹੇ ਦਾਸ ਨਾਨਕ! (ਆਖ—ਹੇ ਭਾਈ! ਮੈਂ ਤਾਂ ਪ੍ਰਭੂ ਦੀ ਸਰਨ ਪਿਆ ਹਾਂ (ਅਤੇ ਉਸ ਦੇ ਦਰ ਤੋਂ) ਸਿਰਫ਼ ਸਾਧ ਸੰਗਤਿ (ਦੇ ਚਰਨਾਂ) ਦੀ ਧੂੜ ਹੀ ਮੰਗਦਾ ਹਾਂ ।੫।੨।

ਆਪਾ ਭਾਵ ਤਿਆਗ ਕੇ, ਗੁਰੂ ਦੀ ਮੱਤ ਅਨੁਸਾਰ ਗੁਰੂ ਦੀ ਬਾਣੀ ਦੀ ਵਿਚਾਰ ਵਿਚ ਮਨ ਜੋੜੀਏ ਤਾਂ ਸਤਿਗੁਰਾਂ ਦੀ ਦਇਆ ਜ਼ਰੂਰ ਹੋ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਿਹਰ ਨਾਲ ਗੁਰਮਤਿ ਦੀ ਸੋਝੀ ਆਉਣੀ ਆਰੰਭ ਹੋ ਜਾਂਦੀ ਹੈ। ਗੁਰਬਾਣੀ ਵਿਚਾਰ ਤੋਂ ਸਿੱਧ ਹੋ ਜਾਣ ਵਿਚ ਕੋਈ ਕਸਰ ਨਹੀਂ ਰਹਿ ਜਾਂਦੀ ਕਿ ਸਤਿਗੁਰਾਂ ਨੇ ਧਾਰਮਿਕ ਆਗੂਆਂ ਨੂੰ ਹੀ ਮਨੁੱਖੀ ਆਚਰਨ ਵਿਚ ਗਿਰਾਵਟ ਲਿਆਉਣ ਦਾ ਕੇਵਲ ਮਾਤਰ ਜ਼ਿਮੇਵਾਰ ਸਮਝਿਆ ਹੈ। ਆਉ ਸਤਿਗੁਰਾਂ ਦੀ ਓਟ ਲੈ ਕੇ ਧਾਰਮਿਕ ਆਗੂਆਂ ਬਾਰੇ ਖੁੱਲ੍ਹੀ ਵਿਚਾਰ ਕਰੀਏ।

੭

ਧਰਮੀ ਮਹਾਂਪੁਰਖ, ਧਾਰਮਿਕ ਆਗੂ ਅਤੇ ਰਾਜਸੀ ਆਗੂ

ਧਾਰਮਿਕ ਆਗੂ ਅਤੇ ਸਿਆਸੀ ਮਨੁੱਖ ਧਰਮੀ ਕਦੇ ਨਹੀਂ ਹੋ ਸਕਦਾ। ਧਰਮੀ ਮਹਾਂਪੁਰਖ ਉਹ ਹੁੰਦਾ ਹੈ ਜਿਹੜਾ ਗਿਰਾਵਟ ਦੇ ਹਨੇਰੇ ਖੂਹ ਵਿਚ ਡਿੱਗ ਚੁੱਕੇ ਮਨੁੱਖ ਨੂੰ ਇਨਸਾਨੀਅਤ ਦੇ ਸੱਚੇ ਸੇਵਾਦਾਰ, ਕੁਰਬਾਨੀ ਦਾ ਪੁਤਲੇ ਅਥਵਾ ਸੰਤ-ਸੂਰਮੇ ਬਣਾਉਣ ਲਈ ਜਨਮ ਲੈਂਦਾ ਹੈ। ਅਜਿਹਾ ਤਿਆਗ ਮੂਰਤੀ ਮਹਾਨ-ਪੁਰਖ, ਉਚੀ ਆਤਮਕ ਅਵਸਥਾ ਬਣਾਉਣ ਵਾਲੇ ਸਿਧਾਂਤ ਲੋਕਾਂ ਨੂੰ ਸਮਝਾਉਂਦਾ ਹੈ। ਸੱਚ ਦੀ ਪਛਾਣ ਕਰਾ ਕੇ ਸਤਿ ਸਰੂਪ ਪਰਮਾਤਮਾ ਨਾਲ ਜੋੜਦਾ ਹੈ। ਪਰ **ਧਾਰਮਿਕ ਆਗੂ** ਧਰਮੀ ਮਹਾਂਪੁਰਖਾਂ ਦੇ ਬਣਾਏ ਸਿਧਾਂਤਾਂ ਨੂੰ ਗ਼ਲਤ ਰੰਗ ਵਿਚ ਪੇਸ਼ ਕਰਕੇ ਲੋਕਾਂ ਨੂੰ ਲੁੱਟਦਾ ਹੈ। ਧਰਮੀ ਮਨੁੱਖ ਲੋਕਾਂ ਨੂੰ ਭਰਮਾਂ ਤੋਂ ਰਹਿਤ ਕਰਕੇ ਨਿਰਭਉ ਬਣਾਉਂਦਾ ਹੈ ਜਦ ਕਿ **ਧਾਰਮਿਕ-ਆਗੂ** ਲੋਕਾਂ ਨੂੰ ਕਈ ਢੰਗਾਂ ਦੇ ਭਰਮਾਂ ਵਿਚ ਫਸਾ ਕੇ ਭੈਭੀਤ ਕਰੀ ਰੱਖਦਾ ਹੈ ਅਤੇ ਨਿਰੋਲ ਆਪਣੀ ਸੁਆਰਥ ਸਿੱਧੀ ਲਈ ਧਰਮ ਦੀ ਗੁਣਕਾਰੀ ਨੁਹਾਰ ਨੂੰ ਵਿਗਾੜ ਕੇ ਲੋਕਾਂ ਨੂੰ ਕੁਰਾਹੇ ਪਾਉਂਦਾ ਹੈ। ਧਰਮੀ ਮਹਾਂਪੁਰਖ ਪੂਰਨ ਤੌਰ 'ਤੇ ਤਿਆਗੀ ਅਤੇ ਕੁਰਬਾਨੀ ਦਾ ਪੁਤਲਾ ਹੁੰਦਾ ਹੈ, ਜਦ ਕਿ ਧਾਰਮਿਕ ਆਗੂ ਪਰਲੇ ਦਰਜੇ ਦਾ ਭੇਖੀ, ਪਖੰਡੀ ਅਤੇ ਤ੍ਰਿਸ਼ਨਾ-ਗ੍ਰਸਿਆ ਹੁੰਦਾ ਹੈ। **ਧਰਮੀ** ਮਨੁੱਖ ਲੋਕਾਂ ਨੂੰ ਬ੍ਰਹਮ ਦੇ ਗਿਆਨ ਤੋਂ ਜਾਣੂੰ ਕਰਾਉਂਦੇ ਹਨ, ਅਤੇ ਫੋਕਟ ਕਰਮਕਾਂਡੀ ਬੰਧਨਾਂ ਤੋਂ ਮੁਕਤੀ ਦਿਵਾਉਂਦੇ ਹਨ, ਪਰ **ਧਾਰਮਿਕ ਆਗੂ** (ਬ੍ਰਾਹਮਣ, ਸਾਧ-ਬਾਣਿਆਂ ਵਾਲੇ ਭੇਖੀ ਡੇਰੇਦਾਰ ਅਥਵਾ ਅਜੋਕਾ ਪੰਥਕ ਜਥੇਦਾਰ) ਲੋਕਾਂ ਨੂੰ ਧਰਮ ਦੇ ਅਸਲੀ ਨਿਯਮਾਂ ਤੋਂ ਅਣਜਾਣ ਰੱਖਣ ਵਿਚ ਸੁਖ ਅਨੁਭਵ ਕਰਦਾ ਹੈ, ਅਤੇ ਲੋਕਾਂ ਦੀ ਲਹੂ ਪਸੀਨੇ ਦੀ ਕਮਾਈ ਨੂੰ ਕੰਧਾਂ ਕੋਠਿਆਂ ਵਿਚ ਥੁਪੀ ਜਾਣ ਨੂੰ ਹੀ ਪੁੰਨ ਕਰਮ ਬਣਾ ਦਿੰਦਾ ਹੈ। ਅਰਬਾਂ ਖਰਬਾਂ ਦੇ ਧਨ ਨੂੰ ਲੁਟ ਦਾ ਮਾਲ ਸਮਝ ਕੇ ਖ਼ੁਰਦ ਬੁਰਦ ਕਰਦਾ ਹੈ ਪਰ ਧਰਮ ਦੇ ਅਸਲੀ ਅਸੂਲਾਂ ਤੋਂ ਜਨਤਾ ਨੂੰ ਜਾਣੂੰ ਕਰਵਾਉਣ ਦੇ ਪ੍ਰਬੰਧ ਕਰਨ ਦੀ ਗੱਲ ਕਰਨ ਵਾਲਿਆਂ ਲਈ, ਇਹ ਜਥੇਦਾਰ ਸਦਾ ਦਿਵਾਲੀਆ ਹੀ ਬਣਿਆ ਦਿਸਦਾ ਹੈ।

ਧਰਮੀ ਆਤਮਾ ਸੱਚ ਦੀ ਪੁਜਾਰੀ ਹੈ ਜਦ ਕਿ **ਧਾਰਮਿਕ ਆਗੂ** ਝੂਠ ਦਾ ਅਨਿਨ ਭਗਤ ਹੁੰਦਾ ਹੈ ਅਤੇ ਪਰਲੇ ਦਰਜੇ ਦਾ ਪਖੰਡੀ ਅਤੇ ਭੇਖੀ ਹੁੰਦਾ ਹੈ। ਧਰਮੀ ਮਨੁੱਖ ਲੋਕਾਂ ਦੇ ਸਰੀਰ ਵਿਚ ਨਰੋਈ ਜ਼ਿੰਦਗੀ ਭਰਦਾ ਹੈ, ਜਦ ਕਿ **ਧਾਰਮਿਕ ਆਗੂ** ਦਾਨ ਦੇ ਬਹਾਨੇ ਲੋਕਾਂ ਦੀਆਂ ਨਾੜਾਂ ਵਿਚੋਂ ਖ਼ੂਨ ਚੂਸ ਕੇ ਉਨ੍ਹਾਂ ਨੂੰ ਪੀਲੇ ਭੂਕ ਕਰੀ ਰੱਖਦਾ ਹੈ। ਧਰਮੀ ਆਤਮਾ ਅਤੇ ਪਰਮਾਤਮਾ ਵਿਚ ਭਿੰਨ ਭੇਤ ਨਹੀਂ ਹੁੰਦਾ ਪਰ **ਧਾਰਮਿਕ ਆਗੂ** ਸ਼ੈਤਾਨ ਨਾਲ ਇੱਕ ਮਿੱਕ ਹੋ ਚੁੱਕਾ ਹੁੰਦਾ ਹੈ। ਧਰਮੀ ਪੁਰਖ ਦੇ ਹਿਰਦੇ ਵਿਚ ਪ੍ਰਭੂ-ਕੀਰਤੀ ਦਾ ਕੀਰਤਨ ਨਿਰੰਤਰ

ਜਾਗੀ ਰਹਿੰਦਾ ਹੈ ਅਤੇ ਉਹ ਕਿਸੇ ਵਿਖਾਵੇ ਵਾਲੇ ਧਰਮ-ਕਰਮ ਦੇ ਵਿਰੁੱਧ ਹੁੰਦਾ ਹੈ, ਜਦ ਕਿ ਧਾਰਮਿਕ ਆਗੂ ਮਨੋਰੰਜਨ ਵਾਲੇ ਰਾਗ ਗਾਣੇ ਤੋਂ ਮਿਲਦੇ ਕੰਨ-ਰਸ ਨੂੰ ਹੀ ਮੁਕਤੀ ਦਾ ਸਾਧਨ ਦੱਸ ਕੇ ਲੋਕਾਂ ਨੂੰ ਲੁੱਟਦਾ ਹੈ ਅਤੇ ਵਿਖਾਵੇ ਵਾਲੇ ਧਰਮ-ਕਰਮ ਅਥਵਾ ਜਪ-ਤਪ ਦੇ ਗੇੜ ਵਿਚ ਪਾਉਂਦਾ ਹੈ। **ਧਰਮੀ** ਨੂੰ ਚੇਲਿਆਂ ਦੀ ਜਾਂ ਦਲਾਲਾਂ ਦੀ ਕੋਈ ਪ੍ਰਵਾਹ ਨਹੀਂ ਹੁੰਦੀ ਜਦ ਕਿ **ਧਾਰਮਿਕ ਆਗੂ** ਦੀ ਪ੍ਰਭੁਤਾ ਦਾ ਆਸਰਾ ਉਸ ਦੇ ਚੇਲੇ ਹਨ ਅਤੇ ਉਸ ਨੂੰ ਆਪਣੇ ਚੇਲਿਆਂ ਵਿਚ ਵਾਧਾ ਕਰ ਲੈਣ ਦੀ ਲਾਲਸਾ ਚੰਬੜੀ ਹੁੰਦੀ ਹੈ। ਜਿੰਨੇ ਬਹੁਤੇ ਚੇਲੇ ਉਨਾ ਬਹੁਤਾ ਚੜ੍ਹਤ-ਚੜ੍ਹਾਵਾ। ਨਿਆਰੇ ਭੇਖ-ਧਾਰੀਆਂ, ਹੱਠ-ਕਰਮੀ ਅਥਵਾ ਉਚੇਚੇ ਪਹਿਰਾਵਿਆਂ ਵਾਲੇ, ਗਿਆਨ-ਧਿਆਨ ਦੀਆਂ ਗੱਲਾਂ ਕਰਨ ਵਾਲੇ ਚਾਤੁਰ ਅਤੇ ਤ੍ਰਿਸ਼ਨਾਲੂ ਧਰਮ-ਆਗੂਆਂ ਦੇ ਬਾਰੇ, **ਧਰਮੀ ਸਤਿ-ਪੁਰਖ** ਦਾ ਫ਼ੁਰਮਨ ਇਉਂ ਹੈ-

ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹਦਿਸਿ ਧਾਵੈ ॥ (ਪੰਨਾ-੭੩੨-੪)

ਮਹਾਤਮਾ ਬੁਧ ਧਰਮੀ ਸੀ, ਪਰ ਭਿਕਸ਼ੂ ਧਰਮ ਆਗੂ ਬਣ ਗਏ। ਹਜ਼ਰਤ ਮੁਹੰਮਦ ਸਾਹਿਬ ਧਰਮੀ ਸਨ, ਖ਼ਲੀਫ਼ੇ, ਪੀਰ, ਮੌਲਾਣੇ, ਕਾਜ਼ੀ ਆਦਿ ਧਾਰਮਿਕ ਆਗੂ ਬਣ ਗਏ, ਹਜ਼ਰਤ ਈਸਾ ਧਰਮੀ ਸਨ, ਪਾਦਰੀ ਅਥਵਾ ਪੋਪ ਧਰਮ ਆਗੂ ਬਣ ਗਏ, ਸ੍ਰੀ ਗੁਰੂ ਨਾਨਕ ਨਿਰੰਕਾਰੀ ਜੀ ਅਥਵਾ ਉਨ੍ਹਾਂ ਦੇ ਬਾਕੀ ਨੌਂ ਸਰੂਪ **ਧਰਮੀ ਪਰਮ-ਪੁਰਖ** ਸਨ ਪਰ, (ਉਨ੍ਹਾਂ ਦੇ ਕੁਝ ਸਮੇਂ ਮਗਰੋਂ ਹੀ), ਪੇਸ਼ਾਵਰ ਜਥੇਦਾਰ, ਸਾਧ-ਬਾਣਿਆਂ ਵਾਲੇ ਅਥਵਾ ਉਚੇਚੇ ਬਾਣਿਆਂ ਵਿਚ ਸੋਭਦੇ, ਗੱਦੀਆਂ ਦੇ ਮਾਲਕ ਡੇਰੇਦਾਰ, ਪੇਸ਼ਾਵਰ ਗ੍ਰੰਥੀ, ਪੇਸ਼ਾਵਰ ਪਰਚਾਰਕ, ਪੇਸ਼ਾਵਰ ਰਾਗੀ ਢਾਡੀ ਸਾਰੇ ਧਾਰਮਿਕ ਆਗੂ ਬਣ ਗਏ।

ਦੁਨੀਆਂ ਵਿਚ ਬ੍ਰਾਹਮਣ ਇੱਕ ਅਜਿਹਾ ਧਾਰਮਿਕ ਆਗੂ ਹੈ ਜਿਹੜਾ ਵਰਨ ਵੰਡ ਦੇ ਸਮੇਂ (ਕਰੀਬ ੫ ਹਜ਼ਾਰ ਸਾਲ) ਤੋਂ ਹੀ ਧਾਰਮਿਕ ਆਗੂ ਬਣ ਗਿਆ ਸੀ ਅਤੇ ਫਿਰ ਉਸ ਨੇ ਆਪ ਆਪਣੀ **ਮਰਜ਼ੀ ਦੇ ਭਗਵਾਨ (ਰਾਮ ਚੰਦਰ, ਕ੍ਰਿਸ਼ਨ ਜੀ) ਪੈਦਾ ਕੀਤੇ** ਅਤੇ ਉਨ੍ਹਾਂ ਦੀਆਂ ਪੱਥਰ-ਮੂਰਤੀਆਂ ਦੀ ਪੂਜਾ ਕਰਵਾਈ ਅਤੇ ਆਪਣੀ ਲੁੱਟ ਦੇ ਸਾਧਨ ਵਧਾਏ। ਪੰਡਤ ਅਥਵਾ ਬ੍ਰਾਹਮਣ ਪ੍ਰੋਹਿਤ ਦੇ ਆਚਰਨ ਦੇ ਬਾਰੇ ਓਸ਼ੋ ਰਜਨੀਸ਼ ਦੇ ਵਿਚਾਰ ਇਸ ਤਰ੍ਹਾਂ ਲਿਖੇ ਹਨ--ਇੱਕ ਨੌਜਵਾਨ ਸ਼ੈਤਾਨ ਦੌੜਦਾ ਹੋਇਆ ਆਪਣੇ ਮਾਲਕ ਬੁੱਢੇ ਸ਼ੈਤਾਨ ਕੋਲ ਆਉਂਦਾ ਹੈ। ਉਹ ਡਰ ਨਾਲ ਕੰਬ ਰਿਹਾ ਸੀ। ਉਸ ਨੇ ਬੁੱਢੇ ਸ਼ੈਤਾਨ ਨੂੰ ਕਿਹਾ ਕਿ ਕੁਝ ਛੇਤੀ ਕਰਨਾ ਹੋਵੇਗਾ ਕਿਉਂਕਿ ਧਰਤੀ ਤੇ ਇੱਕ ਵਿਅਕਤੀ ਸੱਚ ਨੂੰ ਪ੍ਰਾਪਤ ਹੋ ਗਿਆ ਹੈ ਅਤੇ ਜੇ ਇੱਕ ਵਾਰੀ ਲੋਕਾਂ ਨੂੰ ਸਚ ਦਾ ਪਤਾ ਲੱਗ ਗਿਆ ਤਾਂ ਫਿਰ ਸਾਡੇ ਧੰਦੇ ਦਾ ਕੀ ਹੋਵੇਗਾ?

ਬੁੱਢੇ ਸ਼ੈਤਾਨ ਨੇ ਹੱਸ ਕੇ ਆਖਿਆ ਕਿ ਚਿੰਤਾ ਨਾ ਕਰੋ ਸਾਰਾ ਇੰਤਜ਼ਾਮ ਹੋ

ਚੁਕਿਆ ਹੈ। ਸਾਡੇ ਲੋਕ ਧਰਤੀ 'ਤੇ ਪਹੁੰਚ ਚੁੱਕੇ ਹਨ। ਜਵਾਨ ਸ਼ੈਤਾਨ ਨੇ ਕਿਹਾ ਕਿ ਉਹ ਧਰਤੀ ਤੋਂ ਹੀ ਆ ਰਿਹਾ ਹੈ, ਉਸ ਨੇ ਇੱਕ ਵੀ ਆਪਣਾ ਸ਼ੈਤਾਨ ਨਹੀਂ ਵੇਖਿਆ। ਬੁੱਢੇ ਸ਼ੈਤਾਨ ਨੇ ਕਿਹਾ ਕਿ-ਪੰਡਿਤ ਪ੍ਰੋਹਿਤ ਹੀ ਮੇਰੇ ਲੋਕ ਹਨ। ਉਨ੍ਹਾਂ ਨੇ ਉਸ ਵਿਅਕਤੀ ਨੂੰ ਘੇਰਾ ਪਾ ਲਿਆ ਹੈ ਜਿਸ ਨੇ ਸੱਚ ਨੂੰ ਜਾਣਿਆ ਹੈ। ਹੁਣ ਉਹ ਹੀ ਸੱਚੇ ਆਦਮੀ ਅਤੇ ਭੀੜ ਦੇ ਵਿੱਚ ਵਿਚੋਲੇ ਬਣ ਜਾਣਗੇ। ਉਹ ਮੰਦਰਾਂ ਨੂੰ ਬਣਾਉਣਗੇ, ਉਹ ਹੀ ਸ਼ਾਸਤਰ ਲਿਖਣਗੇ, ਉਹ ਹੀ ਵਿਆਖਿਆ ਕਰਨਗੇ ਅਤੇ ਉਹ ਸਭ ਸਚੀਆਂ ਗੱਲਾਂ ਨੂੰ ਖ਼ਤਮ ਕਰ ਦੇਣਗੇ। ਇਹ ਲੋਕਾਂ ਨੂੰ ਪੂਜਾ ਕਰਨ ਵਾਸਤੇ ਕਹਿਣਗੇ ਅਤੇ (ਲੋੜਾਂ ਪੂਰੀਆਂ ਕਰਵਾਉਣ ਲਈ) ਪ੍ਰਾਰਥਨਾ ਕਰਨ ਵਾਸਤੇ ਕਹਿਣਗੇ ਅਤੇ ਇਨ੍ਹਾਂ ਸਾਰੇ ਚੱਕਰਾਂ ਵਿਚ ਸੱਚ ਗੁਆਚ ਜਾਵੇਗਾ।

ਪੰਡਿਤ ਪ੍ਰੋਹਿਤ (ਅਤੇ ਹੋਰ ਸਾਰੇ ਧਾਰਮਿਕ ਆਗੂ) ਜਿਸ ਧਰਮ ਦੀ ਪ੍ਰਤੀਨਿਧਤਾ ਕਰਦੇ ਹਨ, ਇਹ ਉਸਦੇ ਮਿੱਤਰ ਨਹੀਂ ਹਨ। ਇਹ ਧਾਰਮਿਕ ਆਗੂ ਹੀ ਉਸ ਧਰਮ ਦੇ ਸਭ ਤੋਂ ਵੱਡੇ ਆਗੂ ਹਨ। ਇਹ ਪੰਡਿਤ ਪ੍ਰੋਹਿਤ ਵਿਖਾਵਾ ਇਹ ਕਰਦੇ ਹਨ ਕਿ ਉਨ੍ਹਾਂ ਦੇ ਪਵਿਤੱਰ ਗ੍ਰੰਥ ਈਸ਼ਵਰ ਨੇ ਆਪ ਲਿਖੇ ਹਨ। ਇਹ ਵਿਚਾਰ ਹੀ ਮੂਰਖਤਾਪੂਰਨ ਹੈ। ਕਿਸੇ ਹੋਰ ਦੀ ਬਜਾਏ ਪੰਡਿਤ-ਪ੍ਰੋਹਿਤ ਮਨੁੱਖਤਾ ਨੂੰ ਸਭ ਤੋਂ ਵੱਧ ਧੋਖਾ ਦੇ ਰਹੇ ਹਨ। ਸੰਸਾਰ ਵਿਚ ਇਹ ਸਭ ਤੋਂ ਬੁਰਾ ਧੰਦਾ ਹੈ। ਵੇਸਵਾ ਦੇ ਧੰਦੇ ਤੋਂ ਵੀ ਬੁਰਾ। ਜਦ ਤੱਕ ਧਰਮ ਨੂੰ ਇਨ੍ਹਾਂ ਪੰਡਤਾਂ ਪ੍ਰੋਹਿਤਾਂ (ਪੇਸ਼ਾਵਰ ਧਾਰਮਿਕ ਆਗੂਆਂ) ਦੇ ਹੱਥ ਵਿਚੋਂ ਆਜ਼ਾਦ ਨਹੀਂ ਕਰਾਇਆ ਜਾਂਦਾ, ਦੁਨੀਆਂ ਬੱਸ ਇੱਕ ਮਿਥਿਅਕ ਧਰਮ ਦੇ ਨਾਲ ਹੀ ਜੀਊਂਦੀ ਰਹੇਗੀ। - -ਪੰਡਿਤ ਪ੍ਰੋਹਿਤਾਂ ਨੇ ਲੋਕਾਂ ਨੂੰ ਦੁਖੀ ਬਣਾ ਦਿੱਤਾ ਹੈ, ਕਿਉਂਕਿ ਇਹ ਦੁਨੀਆਂ ਦੇ ਸਭ ਤਰ੍ਹਾਂ ਦੇ ਸੁਖਾਂ ਦੀ ਨਿੰਦਾ ਕਰਦੇ ਹਨ, ਤਾਂ ਕਿ ਉਹ ਪ੍ਰਲੋਕ ਦੇ ਸੁਖਾਂ ਦੀ ਪ੍ਰਸ਼ੰਸਾ ਕਰ ਸਕੇ। - - - - ਪੰਡਿਤ ਪ੍ਰੋਹਿਤ ਉਨ੍ਹਾਂ ਸਾਰਿਆਂ ਦੇ ਦੁਸ਼ਮਣ ਹਨ ਜੋ ਵੀ ਸੱਚ ਨੂੰ ਪ੍ਰੇਮ ਕਰਦੇ ਹਨ। ਜੋ ਵੀ ਸੱਚ ਦੀ ਖੋਜ ਵਿਚ ਹੈ ਜਾਂ ਜਿਨ੍ਹਾਂ ਨੇ ਸੱਚ ਨੂੰ ਪਾ ਲਿਆ ਹੈ (ਜਿਵੇਂ ਇਹ ਬ੍ਰਾਹਮਣ ਸ੍ਰੀ ਗੁਰੂ ਨਾਨਕ ਨਿਰੰਕਾਰੀ ਜੀ ਦਾ ਜਾਨੀ ਦੁਸ਼ਮਣ ਬਣ ਖਲੋਤਾ ਸੀ) ਪੰਡਤ ਪ੍ਰੋਹਿਤ (ਪੇਸ਼ਾਵਰ ਧਾਰਮਿਕ ਆਗੂ) ਬੜੇ ਨਮਰ (ਨਿਮਰਤਾ ਵਾਲੇ) ਹੋਣ ਦਾ ਦਿਖਾਵਾ ਕਰਦੇ ਹਨ, ਪਰ ਅਸਲ ਵਿਚ ਇਹ ਬੜੇ ਪ੍ਰਤਿਸ਼ੋਧਪੂਰਣ (ਬਦਲੇ ਦੀ ਭਾਵਨਾ ਰੱਖਣ ਵਾਲੇ) ਹਨ। ਪੰਡਿਤ ਪ੍ਰੋਹਿਤ ਨੇ ਸਿਰਫ਼ ਯੁੱਧ ਹੀ ਕਰਵਾਏ ਹਨ। ਉਹ ਉਨ੍ਹਾਂ ਨੂੰ ਧਰਮ-ਯੁੱਧ ਕਹਿੰਦੇ ਹਨ।

ਧਾਰਮਿਕ ਆਗੂ ਦੇ ਵਾਂਗ ਹੀ ਰਾਜਸੀ ਆਦਮੀ ਵੀ ਧਰਮੀ ਕਦੇ ਨਹੀਂ ਹੋ ਸਕਦਾ। ਕਿਉਂਕਿ ਸਿਆਸੀ ਆਦਮੀ ਧਾਰਮਿਕ ਆਗੂ ਵਾਂਗ ਪਰਲੇ ਦਰਜੇ ਦਾ ਤ੍ਰਿਸ਼ਨਾਲੂ ਅਤੇ ਸੁਆਰਥੀ ਹੁੰਦਾ ਹੈ। ਧਾਰਮਿਕ ਆਗੂ ਪਾਪ-ਕਰਮ ਨਾਲ ਮਿਲਣ ਵਾਲੇ ਕੁੰਭੀ ਨਰਕ ਦੇ ਦੁਖ ਦਾ ਡਰ ਪਾ ਕੇ ਲੋਕਾਂ ਨੂੰ ਪਹਿਲਾਂ ਭੈਭੀਤ ਕਰਦਾ ਹੈ। ਫਿਰ ਦਾਨ-ਪੁੰਨ ਨੂੰ ਵੱਡਾ ਪਾਪ-ਨਾਸਕ ਕਰਮ ਦੱਸ ਕੇ ਬੇਅੰਤ ਧੰਨ ਲੁੱਟਦਾ ਹੈ। ਏਸੇ ਤਰ੍ਹਾਂ ਸਿਆਸੀ ਆਗੂ ਵੀ

ਝੂਠੀਆਂ ਖ਼ਬਰਾਂ ਫੈਲਾ ਕੇ (ਸਰਹੱਦ 'ਤੇ ਦੁਸ਼ਮਣ ਦੀਆਂ ਫੌਜਾਂ ਇਕੱਠੀਆਂ ਹੋ ਰਹੀਆਂ ਹਨ, ਦੇਸ ਵਿੱਚ ਭਿਆਨਕ ਬਿਮਾਰੀ ਪੈ ਗਈ ਹੈ, ਆਦਿ) ਲੋਕਾਂ ਨੂੰ ਭੈ-ਭੀਤ ਕਰਦਾ ਹੈ ਅਤੇ ਗ਼ਰੀਬ ਜਨਤਾ ਦਾ ਲਹੂ ਨਿਚੋੜਦਾ ਹੈ। ਰਾਜਸੀ ਮਨੁੱਖ ਨੂੰ ਸਦਾ ਹੀ ਆਪਣੀ ਰਾਜ ਸੱਤਾ ਵਧਾਉਣ ਦੀ ਜਾਂ ਆਪਣੀ ਪਦਵੀ ਨੂੰ ਸਦੀਵੀ ਬਣਾਈ ਰੱਖਣ ਦੀ ਲਾਲਸਾ ਚੰਬੜੀ ਰਹਿੰਦੀ ਹੈ। ਧਾਰਮਿਕ ਆਗੂ ਵਾਂਗ ਹੀ ਲੋਭ ਦੇ ਕਾਰਨ ਰਾਜਸੀ ਮਨੁੱਖ ਵੀ ਧਰਮ ਨੂੰ ਆਪਣੇ ਮਤਲਬ ਲਈ ਵਰਤਨ ਵਾਲਾ, ਬੇਜ਼ਬਾਨ, ਬੇਇਤਬਾਰਾ, ਜ਼ਾਲਮ ਅਤੇ ਬੇਅਸੂਲਾ ਹੁੰਦਾ ਹੈ।

ਇੱਕ ਪੇਂਡੂ ਕਹਾਣੀ ਇਸ ਤਰ੍ਹਾਂ ਹੈ ਕਿ--ਇੱਕ ਜੱਟ ਆਪਣੇ ਤਿੰਨ ਸਾਲ ਦੇ ਲੜਕੇ ਨੂੰ ਕਿਸੇ ਭਲੇ ਮਨੁੱਖ ਕੋਲ ਲੈ ਗਿਆ ਅਤੇ ਪੁਛਿਆ ਕਿ ਉਸ ਦਾ ਲੜਕਾ ਵੱਡਾ ਹੋ ਕੇ ਕੀ ਬਣੇਗਾ? ਉਸ ਭਲੇ ਪੁਰਸ਼ ਨੇ ਮੇਜ਼ ਉਤੇ ਇੱਕ ਸੋਨੇ ਦੀ ਅਸ਼ਰਫੀ, ਇੱਕ ਸ਼ਰਾਬ ਦੀ ਬੋਤਲ ਅਤੇ ਕੁਰਾਨ ਸ਼ਰੀਫ਼ ਰੱਖ ਦਿੱਤਾ ਅਤੇ ਕਾਕੇ ਨੂੰ ਕਿਹਾ ਕਿ ਤਿੰਨਾਂ ਵਿਚੋਂ ਕਿਹੜੀ ਚੀਜ਼ ਉਸ ਨੂੰ ਚੰਗੀ ਲੱਗੇ ਉਹ ਚੁੱਕ ਲਿਆਏ। ਕਾਕਾ ਜੀ ਸ਼ਰਾਬ ਦੀ ਬੋਤਲ, ਅਸ਼ਰਫ਼ੀ ਅਤੇ ਕੁਰਾਨ ਸ਼ਰੀਫ਼, ਤਿੰਨੇ ਹੀ ਚੁੱਕ ਲਿਆਇਆ। ਭਲੇ ਆਦਮੀ ਦਾ ਮੂੰਹ ਢਿੱਲਾ ਪੈ ਗਿਆ। ਜੱਟ ਨੇ ਕਿਹਾ ਕਿ ਕੋਈ ਗੱਲ ਨਹੀਂ। ਤੁਸੀਂ ਨਿਸੰਗ ਹੋ ਕੇ ਆਪਣੀ ਰਾਏ ਦੇ ਦਿਉ। ਤਾਂ ਉਸ ਸ਼ਰੀਫ਼ ਆਦਮੀ ਨੇ ਕਿਹਾ ਕਿ, ਜੇ ਕਾਕਾ ਸ਼ਰਾਬ ਚੁੱਕ ਲਿਆਉਂਦਾ ਤਾਂ ਮੈਂ ਕਹਿਣਾ ਸੀ ਕਿ ਇਹ ਵੱਡਾ ਹੋ ਕੇ ਵਿਭਚਾਰੀ ਬਣੇਗਾ, ਜੇ ਸੋਨੇ ਦੀ ਅਸ਼ਰਫ਼ੀ ਲੈ ਆਉਂਦਾ ਤਾਂ ਮੈਂ ਸਮਝਣਾ ਸੀ ਕਿ ਇਹ ਕੋਈ ਵਪਾਰੀ ਬਣ ਕੇ ਮਾਇਆ ਕਮਾਏਗਾ, ਅਤੇ ਜੇ ਕੁਰਾਨ ਸ਼ਰੀਫ਼ ਨੂੰ ਹੱਥ ਪਾ ਲੈਂਦਾ ਤਾਂ ਇਸ ਦਾ ਸਿੱਧਾ ਅਰਥ ਸੀ ਕਿ ਇਹ ਭਗਤ ਬਣੇਗਾ। ਪਰ ਤਿੰਨੇ ਚੀਜ਼ਾਂ ਨੂੰ ਹੱਥ ਪਾਉਣ ਵਾਲਾ ਇਹ ਕਾਕਾ ਕੋਈ ਸਿਆਸਤਦਾਨ ਬਣੇਗਾ। ਸਮੱਗਲਰਾਂ, ਚੋਰਾਂ, ਡਾਕੂਆਂ, ਕਾਤਲਾਂ, ਰਿਸ਼ਵਤ-ਖ਼ੋਰਾਂ, ਬਲੈਕ ਮਾਰਕਿਟੀਆਂ, ਠੱਗਾਂ, ਵੇਸਵਾਵਾਂ ਆਦਿ ਦੀ ਪਾਲਣਾ ਕਰਕੇ ਖ਼ੂਬ ਹੱਥ ਰੰਗਿਆ ਕਰੇਗਾ ਅਤੇ ਜਿਥੇ ਕੋਈ ਧਰਮ-ਕਰਮ ਹੋਇਆ ਉਸ ਵਿਚ ਵੀ ਖੁਲ੍ਹ ਕੇ ਹਿੱਸਾ ਪਾਇਆ ਕਰੇਗਾ। ਬਸ ਧਰਮੀਆਂ ਵਿਚ ਧਰਮੀ, ਲੁਟੇਰਿਆਂ ਵਿਚ ਲੁਟੇਰਾ ਬਣਿਆ ਹੋਇਆ ਇਹ ਨੌ-ਨਿਹਾਲ, ਇੱਕ ਪੱਕਾ ਰਾਜਸੀ ਨੇਤਾ ਬਣੇਗਾ।

ਈਰਾਨ ਦੇਸ਼ ਦੇ ਜਾਣੇ-ਪਛਾਣੇ ਸ਼ਹਿਰ **ਸ਼ੀਰਾਜ਼** ਦੇ ਨਿਵਾਸੀ ਫ਼ਾਰਸੀ ਦੇ ਪ੍ਰਸਿੱਧ ਕਵੀ ਅਤੇ ਦਾਰਸ਼ਨਿਕ (ਸੰਨ: ੧੧੭੫ ਤੋਂ੧੨੯੨) **ਸ਼ੇਖ਼ ਸਾਅਦੀ** ਨੇ ਪਰਮਾਤਮਾ ਨਾਲ ਆਪਣੀ ਮੁਲਾਕਾਤ ਦੀ ਗਾਥਾ ਲਿਖੀ ਹੈ ਜੋ ਇਸ ਪ੍ਰਕਾਰ ਹੈ:---

ਇੱਕ ਵਾਰੀ ਮੈਂ ਖ਼ੁਦਾ ਨੂੰ ਮਿਲਣ ਲਈ ਚਲਾ ਗਿਆ। ਅੱਲਾ ਮੈਨੂੰ ਵੇਖ ਕੇ ਬੜਾ ਪ੍ਰਸੰਨ ਹੋਇਆ ਅਤੇ ਉਸ ਨੇ ਕਿਹਾ ਕਿ ਉਹ ਮੇਰੀ ਹਰ ਮੰਗ ਪੂਰੀ ਕਰਨ ਨੂੰ ਤਿਆਰ ਹੈ

ਇਸ ਲਈ ਜੋ ਦਿਲ ਕਰਦਾ ਹੈ ਉਸ ਤੋਂ ਮੰਗ ਸਕਦਾ ਹਾਂ। ਮੈਂ ਕਿਹਾ ਕਿ--ਹੇ ਅੱਲਾ! ਜੇ ਦਿਆਲ ਹੋਇਆ ਹੀ ਹੈਂ ਤਾਂ ਫਿਰ ਮੇਰੀ ਮੰਗ ਸੁਣ ਕੇ ਕਿਤੇ ਆਪਣੇ ਇਸ ਬਚਨ ਤੋਂ ਮੁੱਕਰ ਨਾ ਜਾਈਂ। ਅੱਲਾ ਨੇ ਬੜੇ ਰੋਹ ਵਿਚ ਆ ਕੇ ਕਿਹਾ---ਐ ਸ਼ੇਖ਼ ਸਾਅਦੀ! ਤੈਨੂੰ ਸਮਝ ਹੋਣੀ ਚਾਹੀਦੀ ਹੈ ਕਿ ਮੈਂ ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਹਾਂ, ਮੇਰੇ ਕੋਲ ਕਿਸੇ ਤਰ੍ਹਾਂ ਦੀ ਕੋਈ ਕਮੀ ਹੈ ਜੋ ਮੈਂ ਕਹਿ ਕੇ ਮੁੱਕਰ ਜਾਵਾਂਗਾ? ਜੋ ਦਿਲ ਕਰਦਾ ਹੈ ਦਲੇਰੀ ਨਾਲ ਮੰਗ, ਮੈਂ ਤੇਰੀ ਹਰ ਮੰਗ ਅੱਖ ਦੇ ਫ਼ੋਰ ਵਿਚ ਪੂਰੀ ਕਰ ਦਿਆਂਗਾ। ਜਦ ਰੱਬ ਜੀ ਨੇ ਮੇਰੀ ਤਸੱਲੀ ਕਰਾ ਦਿੱਤੀ ਕਿ ਉਹ ਮੇਰੀ ਹਰ ਮੰਗ ਪੂਰੀ ਕਰਨ ਤੋਂ ਬਿਲਕੁਲ ਨਹੀਂ ਮੁੱਕਰੇ ਗਾ ਤਾਂ ਮੈਂ ਕਿਹਾ--ਹੇ ਪਰਵਰਦਗਾਰ! ਹੇ ਅੱਲਾ! ਹੇ ਖ਼ੁਦਾ! ਹੇ ਕਰੀਮ ਤੇ ਰਹੀਮ! ਜੇ ਤੁੱਠਾ ਹੀ ਹੈਂ ਤਾਂ ਮੇਰੀ ਇਹ ਮੰਗ ਪੂਰੀ ਕਰ ਦੇ ਕਿ, ਕਿਸੇ, ਜ਼ਾਲਮ, ਲੋਭੀ ਤੇ ਲਾਲਚੀ, ਬੇਦੀਨੇ, ਬੇਅਸੂਲੇ, ਝੂਠੇ, ਬੇਈਮਾਨ, ਬਦਚਲਨ ਅਤੇ ਤਾਕਤ ਦੇ ਭੁੱਖੇ, ਹੰਕਾਰੀ ਅਥਵਾ ਹੰਕਾਰ ਦੇ ਨਸ਼ੇ ਵਿਚ ਆਪ ਹੀ ਰੱਬ ਬਣ ਬੈਠਣ ਵਾਲੇ ਮਨੁੱਖ ਨੂੰ ਕਦੇ ਰਾਜਸੀ ਤਾਕਤ ਨਾ ਦੇਵੀਂ। ਪਰ ਖ਼ੁਦਾ ਨੇ ਜਿਉਂ ਹੀ ਮੇਰੀ ਇਹ ਮੰਗ ਸੁਣੀ ਉਸ ਨੇ ਆਪਣੇ ਮਹਿਲ ਦੀ ਬਾਰੀ ਹੀ ਬੰਦ ਕਰ ਲਈ। ਸਾਫ਼ ਸੰਕੇਤ ਸੀ ਕਿ, ਇਨ੍ਹਾਂ ਔਗੁਣਾਂ ਤੋਂ ਖ਼ਾਲੀ ਮਨੁੱਖ, ਕਦੇ ਸਿਆਸਤਦਾਨ ਬਣ ਹੀ ਨਹੀਂ ਸਕਦਾ।

ਧਰਮੀ ਮਨੁੱਖ ਦੇ ਹਿਰਦੇ ਵਿਚ ਸਾਰੀ ਮਨੁੱਖਤਾ ਲਈ ਰਹਿਮ ਤੇ ਤਰਸ ਨਕਾ-ਨਕ ਭਰਿਆ ਹੁੰਦਾ ਹੈ। ਧਰਮੀ ਮਨੁੱਖ ਦਾ ਮਨ ਸੰਤੋਖੀ ਅਤੇ ਤਿਆਗੀ ਹੁੰਦਾ ਹੈ। ਰਾਜ, ਭਾਗ, ਸੋਨਾ, ਹੀਰੇ ਮੋਤੀ ਆਦਿ ਇਨ੍ਹਾਂ ਪਦਾਰਥਾਂ ਦੀ ਕਦੇ ਧਰਮੀ ਪੁਰਸ਼ ਨੂੰ ਕੋਈ ਲਾਲਸਾ ਨਹੀਂ ਹੁੰਦੀ। ਧਰਮੀ ਮਨੁੱਖ ਦੀ ਮੰਗ ਦਾ ਜ਼ਿਕਰ ਕਰਦਿਆਂ ਸਤਿਗੁਰ ਦਾ ਫ਼ੁਰਮਾਨ ਹੈ ਕਿ--

੫੯- ਓਹਾ ਪ੍ਰੇਮ ਪਿਰੀ ॥੧॥ ਰਹਾਉ ॥ ਕਨਿਕ ਮਾਣਿਕ ਗਜ ਮੋਤੀਅਨ ਲਾਲਨ ਨਹ ਨਾਹ ਨਹੀ ॥੧॥ ਰਾਜ ਨ ਭਾਗ ਨ ਹੁਕਮ ਨ ਸਾਦ ਨ॥ ਕਿਛੁ ਕਿਛੁ ਨ ਚਾਹੀ ॥੨॥ ਚਰਨਨ ਸਰਨਨ ਸੰਤਨ ਬੰਦਨ॥ ਸੁਖੋ ਸੁਖ ਪਾਹੀ॥ ਨਾਨਕ ਤਪਤਿ ਹਰੀ॥ ਮਿਲੇ ਪ੍ਰੇਮ ਪਿਰੀ ॥੩॥ (ਪੰਨਾ-੪੦੬)

ਅਰਥਾਤ--ਮੈਨੂੰ ਤਾਂ ਪਿਆਰੇ ਪ੍ਰਭੂ ਦਾ ਪ੍ਰੇਮ ਹੀ ਚਾਹੀਦਾ ਹੈ। ਪ੍ਰਭੂ ਦੇ ਪਿਆਰ ਦੇ ਟਾਕਰੇ 'ਤੇ, ਸੋਨਾ, ਮਾਣਿਕ, ਵਡੇ-ਵਡੇ ਮੋਤੀ, ਹੀਰੇ, ਲਾਲ--ਮੈਨੂੰ ਇਨ੍ਹਾਂ ਵਿਚੋਂ ਕੋਈ ਵੀ ਚੀਜ਼ ਨਹੀਂ ਚਾਹੀਦੀ, ਨਾ ਰਾਜ, ਨਾ ਧਨ-ਪਦਾਰਥ, ਨਾ ਹਕੂਮਤ, ਨਾ ਸੁਆਦਲੇ ਖਾਣੇ, ਮੈਨੂੰ ਕਿਸੇ ਵੀ ਪਦਾਰਥ ਦੀ ਕੋਈ ਲੋੜ ਨਹੀਂ ਹੈ। ਮੈਨੂੰ ਤਾਂ ਪਿਆਰੇ ਪ੍ਰਭੂ ਦਾ ਪ੍ਰੇਮ ਮਿਲ ਜਾਏ ਤਾਂ ਉਹ ਮਨ ਵਿਚੋਂ ਤ੍ਰਿਸ਼ਨਾ ਦੀ ਸੜਨ ਦੂਰ ਕਰ ਦਿੰਦਾ ਹੈ, ਸੰਤ ਜਨ ਦੀ ਸੰਗਤ ਵਿਚ ਮੈਨੂੰ ਸਦਾ ਸੁਖ ਹੀ ਸੁਖ ਹੈ।

ਏਧਰ ਰਾਜ ਭਾਗ ਦਾ ਮਾਲਕ ਵੀ ਅਜਿਹਾ ਤ੍ਰਿਸ਼ਨਾਲੂ ਹੈ ਕਿ ਉਹ ਕਦੇ ਰੱਜਦਾ ਹੀ ਨਹੀਂ। ਉਸ ਦੀ ਤ੍ਰਿਸ਼ਨ-ਅੱਗ ਕਦੇ ਨਹੀਂ ਬੁੱਝਦੀ--

੬੦ **ਵਡੇ ਵਡੇ ਰਾਜਨ ਅਰੁ ਭੂਮਨ ਤਾ ਕੀ ਤ੍ਰਿਸਨ ਨ ਬੂਝੀ ॥** (ਪੰਨਾ-੬੭੨-੬)

ਸਗੋਂ ਅਜਿਹੀ ਪ੍ਰਭਤਾ ਮਿਲ ਜਾਣ ਨਾਲ ਤ੍ਰਿਸ਼ਨ ਹੋਰ ਭਟਕਦੀ ਹੈ।

੬੧ **ਨੇਜੇ ਵਾਜੇ ਤਖਤਿ ਸਲਾਮੁ ॥ ਅਧਕੀ ਤ੍ਰਿਸਨਾ ਵਿਆਪੈ ਕਾਮੁ ॥** (ਪੰਨਾ-੨੨੬)

ਧਰਮੀ ਮਹਾਂਪੁਰਖ ਜੀਊਂਦਾ ਹੀ ਲੋਕਾਂ ਦੀ ਭਲਾਈ ਵਾਸਤੇ ਹੈ। ਏਧਰ ਸਿਆਸਤ ਦਾਨ ਆਪਣੀ ਲਾਲਸਾ ਪੂਰੀ ਕਰਨ ਵਾਸਤੇ ਲੱਖ ਕ੍ਰੋੜ ਮਨੁੱਖ ਨੂੰ ਮਾਰ ਮੁਕਾਉਣ ਵਿਚ ਜ਼ਰਾ ਢਿੱਲ ਨਹੀਂ ਕਰਦਾ। ਧਰਮੀ ਸਚਾਈ ਦੀ ਰਖਿਆ ਵਾਸਤੇ ਕੁਰਬਾਨ ਹੋ ਜਾਂਦਾ ਹੈ ਸਿਆਸੀ ਆਦਮੀ ਜਾਂ ਧਾਰਮਿਕ ਆਗੂ, ਸੱਚ, ਸੁਣ ਹੀ ਨਹੀਂ ਸਕਦਾ। ਸੋ ਸਿਆਸੀ ਆਦਮੀ ਕਦੇ ਧਰਮੀ ਨਹੀਂ ਹੋ ਸਕਦਾ। ਉਹ ਸਦਾ ਧਰਮੀ ਹੋਣ ਦੇ ਵਿਖਾਵੇ ਕਰਦਾ ਹੈ। ਸਿਆਸੀ ਆਦਮੀ ਦੇ ਦਾਨ, ਪੁੰਨ, ਤੀਰਥ-ਯਾਤਰਾ, ਪੂਜਾ ਪਾਠ ਸਭ ਕੁਝ ਲੋਕ ਵਿਖਾਵਾ ਹੁੰਦਾ ਹੈ। ਤਾਂ ਜੋ ਉਸ ਦੀ ਸਿਆਸੀ ਸ਼ਕਤੀ ਵਿਚ ਵਾਧਾ ਹੁੰਦਾ ਰਹੇ ਅਤੇ ਜਾਂ ਉਸ ਦੀ ਪਦਵੀ ਸਦਾ ਬਣੀ ਰਹੇ। ਲੋਕਾਂ ਨੂੰ ਧੋਖਾ ਦੇਣ ਵਾਸਤੇ ਸਿਆਸੀ ਆਦਮੀ ਧਰਮੀ ਹੋਣ ਦਾ ਸੁਆਂਗ ਬਣਾਉਂਦਾ। ਧਰਮੀ ਕਦੇ ਵੋਟ ਨਹੀਂ ਮੰਗਦਾ ਪਰ ਸਿਆਸੀ ਮਨੁੱਖ ਦੀ, ਇੱਜ਼ਤ, ਮਾਣ, ਅਣਖ ਆਦਿ ਸਾਰਾ ਕੁਝ ਵੋਟਰ ਹੀ ਹਨ।

ਸਿਆਸਤ ਦਾ ਰਸਤਾ ਲਹਿੰਦੇ ਵਲ ਨੂੰ ਜਾਂਦਾ ਹੈ ਜਦ ਕਿ ਧਰਮ ਦਾ ਰਸਤਾ ਚੜ੍ਹਦੇ ਨੂੰ ਜਾਂਦਾ ਹੈ। ਰਾਜੋਂ ਨਰਕ ਦੀ ਪ੍ਰਾਪਤੀ ਹੈ ਪਰ ਧਰਮ ਅਬਚਲ ਰਾਜ ਦਾ ਭਾਈਵਾਲ ਬਣਾਉਂਦਾ ਹੈ। ਸਿਆਸਤ ਮਿਥਿਆ ਹੈ--**ਮਿਥਿਆ ਰਾਜ ਜੋਬਨ ਧਨ ਮਾਲ ॥** (੨੬੯) ਸਿਆਸਤ ਝੂਠ ਦੀ ਪ੍ਰਾਪਤੀ ਲਈ ਭੜਕਦੀ ਤ੍ਰਿਸ਼ਨ-ਅੱਗ ਹੈ, ਧਰਮ ਨਿਰੋਲ ਸੱਚ ਹੀ ਸੱਚ ਹੈ। ਧਰਮੀ ਮਨੁੱਖ ਕੌਣ ਹੈ? ਉਤਰ:---

੬੨ **ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ ॥ ਸਚਾ ਸਬਦੁ ਮਨਿ ਵਸਿਆ ਸਤਿਗੁਰ ਮਾਂਹਿ ਸਮਾਂਹਿ ॥ ਸਚੀ ਰਾਸੀ ਸਚੁ ਧਨੁ ਉਤਮ ਪਦਵੀ ਪਾਂਹਿ ॥ ਸਚੁ ਸੁਣਹਿ ਸਚੁ ਮੰਨਿ ਲੈਨਿ ਸਚੀ ਕਾਰ ਕਮਾਹਿ ॥ ਸਚੀ ਦਰਗਹਿ ਬੈਸਣਾ ਸਚੇ ਮਾਹਿ ਸਮਾਹਿ ॥ ਨਾਨਕ ਵਿਣੁ ਸਤਿਗੁਰ ਸਚੁ ਨ ਪਾਈਐ ਮਨਮੁਖਿ ਭੂਲੈ ਜਾਂਹਿ ॥੫੩ ॥** (ਪੰਨਾ-੧੪੧੯)

੮

ਜੂਠ

੬੩ ਬਸੰਤੁ ਹਿੰਡੋਲੁ ਘਰੁ ੨ ..॥ ਮਾਤਾ ਜੂਠੀ ਪਿਤਾ ਭੀ ਜੂਠਾ ਜੂਠੇ ਹੀ ਫਲ ਲਾਗੇ ॥ ਆਵਹਿ ਜੂਠੇ ਜਾਹਿ ਭੀ ਜੂਠੇ ਜੂਠੇ ਮਰਹਿ ਅਭਾਗੇ ॥੧॥ ਕਹੁ ਪੰਡਿਤ ਸੂਚਾ ਕਵਨੁ ਠਾਉ ॥ ਜਹਾਂ ਬੈਸਿ ਹਉ ਭੋਜਨੁ ਖਾਉ ॥੧॥ ਰਹਾਉ ॥ ਜਿਹਬਾ ਜੂਠੀ ਬੋਲਤ ਜੂਠਾ ਕਰਨ ਨੇਤ੍ਰ ਸਭਿ ਜੂਠੇ ॥ ਇੰਦ੍ਰੀ ਕੀ ਜੂਠਿ ਉਤਰਸਿ ਨਾਹੀ ਬ੍ਰਹਮ ਅਗਨਿ ਕੇ ਲੂਠੇ ॥੨॥ ਅਗਨਿ ਭੀ ਜੂਠੀ ਪਾਨੀ ਜੂਠਾ ਜੂਠੀ ਬੈਸਿ ਪਕਾਇਆ ॥ ਜੂਠੀ ਕਰਛੀ ਪਰੋਸਨ ਲਾਗਾ ਜੂਠੇ ਹੀ ਬੈਠਿ ਖਾਇਆ ॥੩॥ ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ ॥ ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ ॥੪॥੧॥੭॥ (ਪੰਨਾ-੧੧੯੫)

੬੪ ਸਿਰੀਰਾਗੁ ਮਹਲਾ ੧ ॥ ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥ ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥ ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥੧॥ ਮੁੰਧੇ ਗੁਣਹੀਣੀ ਸੁਖੁ ਕੇਹਿ ॥ ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ ॥੧॥ ਰਹਾਉ ॥...੮॥੫॥ (ਪੰਨਾ-੫੫-੫੬)

੬੫- ਗਉੜੀ ਮਹਲਾ ੫ ॥ ਜੋ ਇਸੁ ਮਾਰੇ ਸੋਈ ਸੂਰਾ ॥ ਜੋ ਇਸੁ ਮਾਰੇ ਸੋਈ ਪੂਰਾ ॥ ਜੋ ਇਸੁ ਮਾਰੇ ਤਿਸਹਿ ਵਡਿਆਈ ॥ ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ ॥੧॥ ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥ ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ ਰਹਾਉ ॥ ਜੋ ਇਸੁ ਮਾਰੇ ਤਿਸ ਕਉ ਭਉ ਨਾਹਿ ॥ ਜੋ ਇਸੁ ਮਾਰੇ ਸੁ ਨਾਮਿ ਸਮਾਹਿ ॥ ਜੋ ਇਸੁ ਮਾਰੇ ਤਿਸ ਕੀ ਤ੍ਰਿਸਨਾ ਬੁਝੈ ॥ ਜੋ ਇਸੁ ਮਾਰੇ ਸੁ ਦਰਗਹ ਸਿਝੈ ॥੨॥ ਜੋ ਇਸੁ ਮਾਰੇ ਸੋ ਧਨਵੰਤਾ ॥ ਜੋ ਇਸੁ ਮਾਰੇ ਸੋ ਪਤਿਵੰਤਾ ॥ ਜੋ ਇਸੁ ਮਾਰੇ ਸੋਈ ਜਤੀ ॥ ਜੋ ਇਸੁ ਮਾਰੇ ਤਿਸੁ ਹੋਵੈ ਗਤੀ ॥੩॥ ਜੋ ਇਸੁ ਮਾਰੇ ਤਿਸ ਕਾ ਆਇਆ ਗਨੀ ॥ ਜੋ ਇਸੁ ਮਾਰੇ ਸੁ ਨਿਹਚਲੁ ਧਨੀ ॥ ਜੋ ਇਸੁ ਮਾਰੇ ਸੋ ਵਡਭਾਗਾ ॥ ਜੋ ਇਸੁ ਮਾਰੇ ਸੁ ਅਨਦਿਨੁ ਜਾਗਾ ॥੪॥ ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥ ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ ॥ ਜੋ ਇਸੁ ਮਾਰੇ ਸੋਈ ਸੁਗਿਆਨੀ ॥ ਜੋ ਇਸੁ ਮਾਰੇ ਸੁ ਸਹਜ ਧਿਆਨੀ ॥੫॥ ਇਸੁ ਮਾਰੀ ਬਿਨੁ ਥਾਇ ਨ ਪਰੈ ॥ ਕੋਟਿ ਕਰਮ ਜਾਪ ਤਪ ਕਰੈ ॥ ਇਸੁ ਮਾਰੀ ਬਿਨੁ ਜਨਮੁ ਨ ਮਿਟੈ ॥ ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ ॥੬॥ ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥ ਇਸੁ ਮਾਰੀ ਬਿਨੁ ਜੂਠਿ ਨ ਧੋਈ ॥ ਇਸੁ ਮਾਰੀ ਬਿਨੁ ਸਭੁ ਕਿਛੁ

ਮੈਲਾ ॥ ਇਸੁ ਮਾਰੀ ਬਿਨੁ ਸਭੁ ਕਿਛੁ ਜਊਲਾ ॥੭॥ ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥ ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥ ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੮॥੫॥ (ਪੰਨਾ-੨੩੭)

ਪਦ ਅਰਥ:-ਕੋਇ—ਕੋਈ ਵਿਰਲਾ। ਦੁਬਿਧਾ—ਮੇਰ-ਤੇਰ। ਮਾਰਿ—ਮਾਰ ਕੇ। ਰਾਜ ਜੋਗੁ—ਰਾਜ ਕਮਾਂਦਿਆਂ ਪ੍ਰਭੂ ਨਾਲ ਮਿਲਾਪ, ਗ੍ਰਿਹਸਤ ਵਿਚ ਰਹਿੰਦਿਆਂ ਪ੍ਰਭੂ ਨਾਲ ਮੇਲ । ਇਸਹਿ—ਇਸ (ਦੁਬਿਧਾ) ਨੂੰ।੧। ਰਹਾਉ।

੬੬ ਰਾਗੁ ਗੂਜਰੀ ਮਹਲਾ ੧...॥ ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥ ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥੧॥ ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ ॥੧॥ ਰਹਾਉ ॥ ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ ॥ ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ ॥੨॥ ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ ॥ ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥੩॥ ਨੇੜਾ ਹੈ ਦੂਰਿ ਨ ਜਾਣਿਅਹੁ ਨਿਤ ਸਾਰੇ ਸੰਮ੍ਹਾਲੇ ॥ ਜੋ ਦੇਵੈ ਸੋ ਖਾਵਣਾ ਕਹੁ ਨਾਨਕ ਸਾਚਾ ਹੇ ॥੪॥੧॥ (ਪੰਨਾ-੪੮੯)

੬੭ ਮਾਰੂ ਮਹਲਾ ੩ ॥...ਅਉਗਣਿਆਰੀ ਕੰਤ ਨ ਭਾਵੈ ॥ ਮਨ ਕੀ ਜੂਠੀ ਜੂਠੁ ਕਮਾਵੈ ॥ ਪਿਰ ਕਾ ਸਾਉ ਨ ਜਾਣੈ ਮੂਰਖਿ ਬਿਨੁ ਗੁਰ ਬੂਝ ਨ ਪਾਈ ਹੇ ॥੬॥ ਦੁਰਮਤਿ ਖੋਟੀ ਖੋਟੁ ਕਮਾਵੈ ॥ ਸੀਗਾਰੁ ਕਰੇ ਪਿਰ ਖਸਮ ਨ ਭਾਵੈ ॥ ਗੁਣਵੰਤੀ ਸਦਾ ਪਿਰੁ ਰਾਵੈ ਸਤਿਗੁਰਿ ਮੇਲਿ ਮਿਲਾਈ ਹੇ ॥੭॥ ਆਪੇ ਹੁਕਮੁ ਕਰੇ ਸਭੁ ਵੇਖੈ ॥ ਇਕਨਾ ਬਖਸਿ ਲਏ ਧੁਰਿ ਲੇਖੈ ॥ ਅਨਦਿਨੁ ਨਾਮਿ ਰਤੇ ਸਚੁ ਪਾਇਆ ਆਪੇ ਮੇਲਿ ਮਿਲਾਈ ਹੇ ॥੮॥...੧੬॥ ੪॥ (ਪੰਨਾ-੧੦੪੭)

੯
ਰਾਗ ਕੀਰਤਨ ਅਤੇ ਗੁਰਬਾਣੀ

੬੮- ਰਾਮਕਲੀ ਮਹਲਾ ੫ ॥ ਕਰ ਕਰਿ ਤਾਲ ਪਖਾਵਜੁ ਨੈਨਹੁ ਮਾਥੈ ਵਜਹਿ ਰਬਾਬਾ ॥ ਕਰਨਹੁ ਮਧੁ ਬਾਸੁਰੀ ਬਾਜੈ ਜਿਹਵਾ ਧੁਨਿ ਆਗਾਜਾ ॥ ਨਿਰਤਿ ਕਰੇ ਕਰਿ ਮਨੂਆ ਨਾਚੈ ਆਣੇ ਘੂਘਰ ਸਾਜਾ ॥ ੧ ॥ ਰਾਮ ਕੋ ਨਿਰਤਿਕਾਰੀ ॥ ਪੇਖੈ ਪੇਖਨਹਾਰੁ ਦਇਆਲਾ ਜੇਤਾ ਸਾਜੁ ਸੀਗਾਰੀ ॥੧॥ ਰਹਾਉ ॥ ਆਖਾਰ ਮੰਡਲੀ ਧਰਣਿ ਸਬਾਈ ਊਪਰਿ ਗਗਨੁ ਚੰਦੋਆ ॥ ਪਵਨੁ ਵਿਚੋਲਾ ਕਰਤ ਇਕੇਲਾ ਜਲ ਤੇ ਓਪਤਿ ਹੋਆ ॥ ਪੰਚ ਤਤੁ ਕਰਿ ਪੁਤਰਾ ਕੀਨਾ ਕਿਰਤ ਮਿਲਾਵਾ ਹੋਆ ॥੨॥ ਚੰਦੁ ਸੂਰਜੁ

ਦੁਇ ਜਰੇ ਚਰਾਗਾ ਚਹੁ ਕੁੰਟ ਭੀਤਰਿ ਰਾਖੇ॥ ਦਸ ਪਾਤਉ ਪੰਚ ਸੰਗੀਤਾ ਏਕੈ ਭੀਤਰਿ ਸਾਥੇ ॥ ਭਿੰਨ ਭਿੰਨ ਹੋਇ ਭਾਵ ਦਿਖਾਵਹਿ ਸਭਹੁ ਨਿਰਾਰੀ ਭਾਖੇ ॥੩॥ ਘਰਿ ਘਰਿ ਨਿਰਤਿ ਹੋਵੈ ਦਿਨੁ ਰਾਤੀ ਘਟਿ ਘਟਿ ਵਾਜੈ ਤੂਰਾ ਏਕਿ ਨਚਾਵਹਿ ਏਕਿ ਭਵਾਵਹਿ ਇਕਿ ਆਇ ਜਾਇ ਹੋਇ ਧੂਰਾ॥ ਕਹੁ ਨਾਨਕ ਸੋ ਬਹੁਰਿ ਨ ਨਾਚੈ ਜਿਸੁ ਗੁਰੁ ਭੇਟੈ ਪੂਰਾ॥੪॥੭॥ (ਪੰਨਾ-੮੮੪)

੬੯ ਸਲੋਕ ਮ: ੪॥ ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ॥ ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ ॥ ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ॥ ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ॥ ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ॥ ਜਨੁ ਨਾਨਕੁ ਜੀਵੈ ਦੇਖਿ ਹਰਿ ਇਕ ਨਿਮਖ ਘੜੀ ਮੁਖਿ ਲਾਗੁ॥੧॥ (ਪੰਨਾ-੮੪੯)

ਅਰਥ : ਹੇ ਭਾਈ! (ਪਿਛਲੇ ਕੀਤੇ ਕਰਮਾਂ ਅਨੁਸਾਰ) ਜਿਸ ਮਨੁੱਖ ਦੇ ਮੱਥੇ ਉਤੇ ਧੁਰ ਤੋਂ ਹੀ ਪੂਰਨ ਭਾਗ ਹੈ (ਜਿਸ ਦੇ ਹਿਰਦੇ ਵਿਚ ਪੂਰਨ ਭਲੇ ਸੰਸਕਾਰਾਂ ਦਾ ਲੇਖ ਉੱਘੜਦਾ ਹੈ) ਉਸ ਨੇ ਗੁਰੂ ਦਾ ਸ਼ਬਦ-ਰੂਪ ਬਿਲਾਵਲ ਰਾਗ ਉਚਾਰ ਕੇ ਸਭ ਤੋਂ ਸ੍ਰੇਸ਼ਟ ਪਰਮਾਤਮਾ ਦੇ ਗੁਣ ਗਾਏ ਹਨ, ਉਸ ਨੇ ਸਤਿਗੁਰੂ ਦਾ ਉਪਦੇਸ਼ ਸੁਣ ਕੇ ਹਿਰਦੇ ਵਿਚ ਵਸਾਇਆ ਹੈ।

ਉਹ ਮਨੁੱਖ ਸਾਰਾ ਦਿਨ ਤੇ ਸਾਰੀ ਰਾਤ (ਅੱਠੇ ਪਹਿਰ) ਪਰਮਾਤਮਾ ਦੇ ਗੁਣ ਗਾਂਦਾ ਹੈ (ਕਿਉਂਕਿ ਉਸ ਦੇ) ਹਿਰਦੇ ਵਿਚ ਪਰਮਾਤਮਾ ਦੀ ਯਾਦ ਦੀ ਲਗਨ ਲੱਗੀ ਰਹਿੰਦੀ ਹੈ। ਉਸ ਦਾ ਸਾਰਾ ਤਨ ਸਾਰਾ ਮਨ ਹਰਾ-ਭਰਾ ਹੋ ਜਾਂਦਾ ਹੈ (ਆਤਮਕ ਜੀਵਨ ਦੇ ਰਸ ਨਾਲ ਭਰ ਜਾਂਦਾ ਹੈ), ਉਸ ਦਾ ਮਨ (ਇਉਂ) ਖਿੜ ਪੈਂਦਾ ਹੈ (ਜਿਵੇਂ) ਹਰਾ ਹੋਇਆ ਬਾਗ਼ ਹੈ।

ਗੁਰੂ ਦੀ ਦਿੱਤੀ ਹੋਈ ਆਤਮਕ ਜੀਵਨ ਦੀ ਸੂਝ (ਉਸ ਦੇ ਅੰਦਰ, ਮਾਨੋ) ਦੀਵਾ ਰੌਸ਼ਨੀ ਕਰ ਦੇਂਦਾ ਹੈ (ਜਿਸ ਦੀ ਬਰਕਤ ਨਾਲ ਉਸ ਦੇ ਅੰਦਰੋਂ) ਆਤਮਕ ਜੀਵਨ ਵਲੋਂ ਬੇ-ਸਮਝੀ (ਦਾ) ਹਨੇਰਾ ਮਿਟ ਜਾਂਦਾ ਹੈ। ਹੇ ਹਰੀ! (ਤੇਰਾ) ਦਾਸ ਨਾਨਕ (ਅਜਿਹੇ ਗੁਰਮੁਖਿ ਮਨੁੱਖ ਨੂੰ) ਵੇਖ ਕੇ ਆਤਮਕ ਜੀਵਨ ਹਾਸਲ ਕਰਦਾ ਹੈ (ਤੇ, ਚਾਹੁੰਦਾ ਹੈ ਕਿ) ਭਾਵੇਂ ਇਕ ਪਲ-ਭਰ ਹੀ ਉਸ ਦਾ ਦਰਸ਼ਨ ਹੋਵੇ।੧।

੭੦ ਰਾਮਕਲੀ ਮਹਲਾ ੫ ॥ ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ ॥ ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ ॥ ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ॥੧॥ ਭਲੋ ਭਲੋ ਰੇ ਕੀਰਤਨੀਆ ॥ ਰਾਮ ਰਮਾ ਰਾਮਾ ਗੁਨ ਗਾਉ॥ ਛੋਡਿ ਮਾਇਆ ਕੇ ਧੰਧ ਸੁਆਉ॥੧॥ ਰਹਾਉ॥ ਪੰਚ ਬਜਿਤ੍ਰ ਕਰੇ

ਸੰਤੋਖਾ ਸਾਤ ਸੁਰਾ ਲੈ ਚਾਲੈ ॥ ਬਾਜਾ ਮਾਣੁ ਤਾਣੁ ਤਜਿ ਤਾਨਾ ਪਾਉ ਨ ਬੀਗਾ ਘਾਲੈ ॥ ਫੇਰੀ ਫੇਰੁ ਨ ਹੋਵੈ ਕਬ ਹੀ ਏਕੁ ਸਬਦੁ ਬੰਧਿ ਪਾਲੈ ॥੨॥ ਨਾਰਦੀ ਨਰਹਰ ਜਾਣਿ ਹਦੂਰੇ ॥ ਘੂੰਘਰ ਖੜਕੁ ਤਿਆਗਿ ਵਿਸੂਰੇ ॥ ਸਹਜ ਅਨੰਦ ਦਿਖਾਵੈ ਭਾਵੈ ॥ ਏਹੁ ਨਿਰਤਿਕਾਰੀ ਜਨਮਿ ਨ ਆਵੈ ॥੩॥ ਜੇ ਕੋ ਅਪਨੇ ਠਾਕੁਰ ਭਾਵੈ ॥ ਕੋਟਿ ਮਧਿ ਏਹੁ ਕੀਰਤਨੁ ਗਾਵੈ ॥ ਸਾਧਸੰਗਤਿ ਕੀ ਜਾਵਉ ਟੇਕ ॥ ਕਹੁ ਨਾਨਕਤਿਸੁ ਕੀਰਤਨੁ ਏਕ ॥੪॥੮॥ (ਪੰਨਾ-੪੮੭)

੭੧ ਹਰਿ ਧਨੁ ਬਨਜਹੁ ਹਰਿ ਧਨੁ ਸੰਚਹੁ ਜਿਸੁ ਲਾਗਤ ਹੈ ਨਹੀ ਚੋਰ ॥੧॥ ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ ਸੁਨਿ ਘਨਿਹਰ ਕੀ ਘੋਰ ॥੨॥ ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥੩॥ ਨਾਨਕ ਜਨ ਹਰਿ ਕੀਰਤਿ ਗਾਈ ਛੂਟਿ ਗਇਓ ਜਮ ਕਾ ਸਭ ਸੋਰ ॥੪॥੧॥੮॥ (ਪੰਨਾ-੧੨੬੫)

ਅਰਥ:- ਹੇ ਹਰੀ! ਤੇਰੇ ਭਗਤ ਤੇਰੀ ਸਾਧ ਸੰਗਤਿ ਵਿਚ ਮਿਲ ਕੇ ਤੇਰਾ ਨਾਮ ਜਪਦੇ ਹਨ।੧।ਰਹਾਉ।

ਹੇ ਭਾਈ! (ਤੁਸੀਂ ਭੀ ਸਾਧ ਸੰਗਤਿ ਵਿਚ) ਪਰਮਾਤਮਾ ਦਾ ਨਾਮ-ਧਨ ਵਣਜੋ, ਪ੍ਰਭੂ ਦਾ ਨਾਮ-ਧਨ ਇਕੱਠਾ ਕਰੋ, (ਇਹ ਧਨ ਐਸਾ ਹੈ) ਕਿ ਇਸ ਨੂੰ ਚੋਰ ਚੁਰਾ ਨਹੀਂ ਸਕਦੇ।੧।

ਹੇ ਭਾਈ! (ਜਿਵੇਂ) ਪਪੀਹੇ ਤੇ ਮੋਰ ਬੱਦਲਾਂ ਦੀ ਗੜਗੱਜ ਸੁਣ ਕੇ ਦਿਨ ਰਾਤ ਬੋਲਦੇ ਹਨ, (ਤਿਵੇਂ ਤੁਸੀ ਭੀ ਸਾਧ ਸੰਗਤਿ ਵਿਚ ਮਿਲ ਕੇ ਹਰੀ ਦਾ ਨਾਮ ਜਪਿਆ ਕਰੋ)।੨।

ਹੇ ਭਾਈ! (ਉਹ ਪਰਮਾਤਮਾ ਐਸਾ ਹੈ ਕਿ) ਪਸ਼ੂ, ਪੰਛੀ, ਮੱਛੀਆਂ ਆਦਿਕ (ਧਰਤੀ ਉਤੇ ਤੁਰਨ ਫਿਰਨ ਵਾਲੇ, ਪਾਣੀ ਵਿਚ ਰਹਿਣ ਵਾਲੇ, ਆਕਾਸ਼ ਵਿਚ ਉੱਡਣ ਵਾਲੇ ਸਾਰੇ ਹੀ) ਜੋ ਬੋਲਦੇ ਹਨ, ਪਰਮਾਤਮਾ (ਦੀ ਦਿੱਤੀ ਸੱਤਿਆ) ਤੋਂ ਬਿਨਾ (ਕਿਸੇ) ਹੋਰ (ਦੀ ਸੱਤਿਆ ਨਾਲ) ਨਹੀਂ ਬੋਲਦੇ।੩।

ਹੇ ਨਾਨਕ! ਜਿਨ੍ਹਾਂ ਭੀ ਹਰਿ-ਸੇਵਕਾਂ ਨੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਦਾ ਗੀਤ ਗਾਣਾ ਸ਼ੁਰੂ ਕਰ ਦਿੱਤਾ, (ਉਹਨਾਂ ਵਾਸਤੇ) ਜਮਦੂਤਾਂ ਦਾ ਸਾਰਾ ਰੌਲਾ ਮੁੱਕ ਗਿਆ (ਉਹਨਾਂ ਨੂੰ ਜਮਦੂਤਾਂ ਦਾ ਕੋਈ ਡਰ ਨਾਹ ਰਹਿ ਗਿਆ)।੪।੧।੮।

ਨੋਟ:- ਪੜਤਾਲ—ਉਹ ਸ਼ਬਦ ਜਿਨ੍ਹਾਂ ਨੂੰ ਗਾਵਣ ਵੇਲੇ ਲਈ ਤਾਲ ਪਰਤਾਣੇ ਪੈਂਦੇ ਹਨ।

੭੨- ਰਾਮਕਲੀ ਮਹਲਾ ੫ ॥ ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ ॥ ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ ॥ ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ ॥੧॥ ਭਲੋ ਭਲੋ ਰੇ ਕੀਰਤਨੀਆ ॥ ਰਾਮ ਰਮਾ ਰਾਮਾ ਗੁਨ

ਗਾਉ ॥ ਛੋਡਿ ਮਾਇਆ ਕੇ ਧੰਧ ਸੁਆਉ ॥੧॥ ਰਹਾਉ ॥ ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ ॥ ਬਾਜਾ ਮਾਣੁ ਤਾਣੁ ਤਜਿ ਤਾਨਾ ਪਾਉ ਨ ਬੀਗਾ ਘਾਲੈ ॥ ਫੇਰੀ ਫੇਰੁ ਨ ਹੋਵੈ ਕਬ ਹੀ ਏਕੁ ਸਬਦੁ ਬੰਧਿ ਪਾਲੈ ॥੨॥ ਨਾਰਦੀ ਨਰਹਰ ਜਾਣਿ ਹਦੂਰੇ ॥ ਘੂੰਘਰ ਖੜਕੁ ਤਿਆਗਿ ਵਿਸੂਰੇ ॥ ਸਹਜ ਅਨੰਦ ਦਿਖਾਵੈ ਭਾਵੈ ॥ ਏਹੁ ਨਿਰਤਿਕਾਰੀ ਜਨਮਿ ਨ ਆਵੈ ॥੩॥ ਜੇ ਕੋ ਅਪਨੇ ਠਾਕੁਰ ਭਾਵੈ ॥ ਕੋਟਿ ਮਧਿ ਏਹੁ ਕੀਰਤਨੁ ਗਾਵੈ ॥ ਸਾਧਸੰਗਤਿ ਕੀ ਜਾਵਉ ਟੇਕ ॥ ਕਹੁ ਨਾਨਕ ਤਿਸੁ ਕੀਰਤਨੁ ਏਕ ॥੪॥੮॥ (ਪੰਨਾ-੪੮੫)

੭੩- ਰਾਮਕਲੀ ਮਹਲਾ ੫ ॥ ਰਤਨ ਜਵੇਹਰ ਨਾਮ ॥ ਸਤੁ ਸੰਤੋਖੁ ਗਿਆਨ ॥ ਸੂਖ ਸਹਜ ਦਇਆ ਕਾ ਪੋਤਾ ॥ ਹਰਿ ਭਗਤਾ ਹਵਾਲੈ ਹੋਤਾ ॥੧॥ ਮੇਰੇ ਰਾਮ ਕੋ ਭੰਡਾਰੁ ॥ ਖਾਤ ਖਰਚਿ ਕਛੁ ਤੋਟਿ ਨ ਆਵੈ ਅੰਤੁ ਨਹੀ ਹਰਿ ਪਾਰਾਵਾਰੁ ॥੧॥ ਰਹਾਉ ॥ ਕੀਰਤਨੁ ਨਿਰਮੋਲਕ ਹੀਰਾ ॥ ਆਨੰਦ ਗੁਣੀ ਗਹੀਰਾ ॥ ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥੨॥ ਸੁੰਨ ਸਮਾਧਿ ਗੁਫਾ ਤਹ ਆਸਨੁ ॥ ਕੇਵਲ ਬ੍ਰਹਮ ਪੂਰਨ ਤਹ ਬਾਸਨੁ ॥ ਭਗਤ ਸੰਗਿ ਪ੍ਰਭੁ ਗੋਸਟਿ ਕਰਤ ॥ ਤਹ ਹਰਖ ਨ ਸੋਗ ਨ ਜਨਮ ਨ ਮਰਤ ॥੩॥ ਕਰਿ ਕਿਰਪਾ ਜਿਸੁ ਆਪਿ ਦਿਵਾਇਆ ॥ ਸਾਧਸੰਗਿ ਤਿਨਿ ਹਰਿ ਧਨੁ ਪਾਇਆ ॥ ਦਇਆਲ ਪੁਰਖ ਨਾਨਕ ਅਰਦਾਸਿ ॥ ਹਰਿ ਮੇਰੀ ਵਰਤਣਿ ਹਰਿ ਮੇਰੀ ਰਾਸਿ ॥੪॥੨੪॥ ੩੫॥ (ਪੰਨਾ-੮੯੩)

ਅਰਥ : (ਹੇ ਭਾਈ!) ਪਿਆਰੇ ਪ੍ਰਭੂ ਦਾ ਖ਼ਜ਼ਾਨਾ (ਐਸਾ ਹੈ ਕਿ ਉਸ ਨੂੰ) ਆਪ ਵਰਤਦਿਆਂ ਤੇ ਹੋਰਨਾਂ ਨੂੰ ਵੰਡਦਿਆਂ (ਉਸ ਵਿਚ) ਕਮੀ ਨਹੀਂ ਆਉਂਦੀ। ਉਸ ਪਰਮਾਤਮਾ ਦੇ ਖ਼ਜ਼ਾਨੇ ਦਾ ਅੰਤ ਨਹੀਂ ਲੱਭਦਾ, ਉਸ ਦੀ ਹਸਤੀ ਦਾ ਉਰਲਾ-ਪਾਰਲਾ ਬੰਨਾ ਨਹੀਂ ਲੱਭਦਾ।੧। ਰਹਾਉ।

(ਹੇ ਭਾਈ! ਪਿਆਰੇ ਪ੍ਰਭੂ ਦਾ ਖ਼ਜ਼ਾਨਾ ਐਸਾ ਹੈ ਜਿਸ ਵਿਚ ਉਸ ਦਾ) ਨਾਮ (ਹੀ) ਰਤਨ ਤੇ ਜਵਾਹਰਾਤ ਹਨ, ਉਸ ਵਿਚ ਸਤ ਸੰਤੋਖ ਤੇ ਉੱਚੇ ਆਤਮਕ ਜੀਵਨ ਦੀ ਸੂਝ ਕੀਮਤੀ ਪਦਾਰਥ ਹਨ। ਉਹ ਖ਼ਜ਼ਾਨਾ ਸੁਖ, ਆਤਮਕ ਅਡੋਲਤਾ ਤੇ ਦਇਆ ਦਾ ਸੋਮਾ ਹੈ। ਪਰ ਉਹ ਖ਼ਜ਼ਾਨਾ ਪਰਮਾਤਮਾ ਦੇ ਭਗਤਾਂ ਦੇ ਸਪੁਰਦ ਹੋਇਆ ਹੈ।੧।

(ਹੇ ਭਾਈ! ਪਿਆਰੇ ਪ੍ਰਭੂ ਦਾ ਖ਼ਜ਼ਾਨਾ ਐਸਾ ਹੈ ਜਿਸ ਵਿਚ ਉਸ ਦਾ) ਕੀਰਤਨ ਇਕ ਅਜਿਹਾ ਹੀਰਾ ਹੈ ਜਿਸ ਦਾ ਮੁੱਲ ਨਹੀਂ ਪੈ ਸਕਦਾ (ਉਸ ਕੀਰਤਨ ਦੀ ਬਰਕਤ ਨਾਲ) ਗੁਣਾਂ ਦੇ ਮਾਲਕ ਸਮੁੰਦਰ-ਪ੍ਰਭੂ (ਦੇ ਮਿਲਾਪ) ਦਾ ਅਨੰਦ (ਪ੍ਰਾਪਤ ਹੁੰਦਾ ਹੈ)। (ਕੀਰਤਨ ਦੀ ਬਰਕਤ ਨਾਲ ਪੈਦਾ ਹੋਈ) ਇੱਕ-ਰਸ ਜਾਰੀ ਰਹਿਣ ਵਾਲੀ ਸਿਫ਼ਤਿ-ਸਾਲਾਹ ਦੀ ਰੌ

(ਉਸ ਖ਼ਜ਼ਾਨੇ ਵਿਚ ਮਨੁੱਖ ਲਈ) ਸਰਮਾਇਆ ਹੈ। (ਪਰ ਪਰਮਾਤਮਾ ਨੇ ਇਸ ਖ਼ਜ਼ਾਨੇ ਦੀ) ਕੁੰਜੀ ਸੰਤਾਂ ਦੇ ਹੱਥ ਵਿਚ ਰੱਖੀ ਹੋਈ ਹੈ।੨।

(ਹੇ ਭਾਈ! ਜਿਸ ਹਿਰਦੇ-ਘਰ ਵਿਚ ਉਹ ਖ਼ਜ਼ਾਨਾ ਆ ਵੱਸਦਾ ਹੈ) ਉਥੇ ਐਸੀ ਸਮਾਧੀ ਬਣੀ ਰਹਿੰਦੀ ਹੈ ਜਿਸ ਵਿਚ ਕੋਈ ਮਾਇਕ ਫੁਰਨਾ ਨਹੀਂ ਉੱਠਦਾ, (ਪਹਾੜਾਂ ਦੀਆਂ ਕੁੰਦਰਾਂ ਦੇ ਥਾਂ ਉਸ ਹਿਰਦੇ-) ਗੁਫ਼ਾ ਵਿਚ ਮਨੁੱਖ ਦੀ ਸੁਰਤੀ ਟਿਕੀ ਰਹਿੰਦੀ ਹੈ, ਉਸ ਹਿਰਦੇ-ਘਰ ਵਿਚ ਸਿਰਫ਼ ਪੂਰਨ ਪਰਮਾਤਮਾ ਦਾ ਨਿਵਾਸ ਬਣਿਆ ਰਹਿੰਦਾ ਹੈ। (ਜਿਸ ਭਗਤ ਦੇ ਹਿਰਦੇ ਵਿਚ ਉਹ ਖ਼ਜ਼ਾਨਾ ਪਰਗਟ ਹੋ ਪੈਂਦਾ ਹੈ ਉਸ) ਭਗਤ ਨਾਲ ਪ੍ਰਭੂ ਮਿਲਾਪ ਬਣਾ ਲੈਂਦਾ ਹੈ, ਉਸ ਹਿਰਦੇ ਵਿਚ ਖੁਸ਼ੀ-ਗ਼ਮੀ ਜਨਮ-ਮਰਨ (ਦੇ ਗੇੜ ਦੇ ਡਰ) ਦਾ ਕੋਈ ਅਸਰ ਨਹੀਂ ਹੁੰਦਾ।੩।

(ਪਰ, ਹੇ ਭਾਈ! ਸਿਰਫ਼) ਉਸ ਮਨੁੱਖ ਨੇ ਗੁਰੂ ਦੀ ਸੰਗਤਿ ਵਿਚ ਰਹਿ ਕੇ ਉਹ ਨਾਮ-ਧਨ ਲੱਭਾ ਹੈ ਜਿਸ ਨੂੰ ਪ੍ਰਭੂ ਨੇ ਆਪ ਕਿਰਪਾ ਕਰ ਕੇ ਇਹ ਧਨ ਦਿਵਾਇਆ ਹੈ। ਹੇ ਦਇਆ ਦੇ ਸੋਮੇ ਅਕਾਲ ਪੁਰਖ! (ਤੇਰੇ ਸੇਵਕ) ਨਾਨਕ ਦੀ ਭੀ ਇਹੀ ਅਰਜ਼ੋਈ ਹੈ ਕਿ ਤੇਰਾ ਨਾਮ ਮੇਰਾ ਸਰਮਾਇਆ ਬਣਿਆ ਰਹੇ, ਤੇਰਾ ਨਾਮ ਮੇਰੀ ਹਰ ਵੇਲੇ ਦੀ ਵਰਤਣ ਵਾਲੀ ਸ਼ੈਅ ਬਣੀ ਰਹੇ।੪।੨੪।੩੫।

੭੪ ਪਉੜੀ॥ ਸਚਾ ਅਲਖ ਅਭੇਉ ਹਠਿ ਨ ਪਤੀਜਈ॥ ਇਕਿ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ॥ ਇਕਿ ਨਚਿ ਨਚਿ ਪੂਰਹਿ ਤਾਲ ਭਗਤਿ ਨ ਕੀਜਈ॥ ਇਕਿ ਅੰਨੁ ਨ ਖਾਹਿ ਮੂਰਖ ਤਿਨਾ ਕਿਆ ਕੀਜਈ॥ ਤ੍ਰਿਸਨਾ ਹੋਈ ਬਹੁਤੁ ਕਿਵੈ ਨ ਧੀਜਈ॥ ਕਰਮ ਵਧਹਿ ਕੈ ਲੋਅ ਖਪਿ ਮਰੀਜਈ॥ ਲਾਹਾ ਨਾਮੁ ਸੰਸਾਰਿ ਅੰਮ੍ਰਿਤੁ ਪੀਜਈ॥ ਹਰਿ ਭਗਤੀ ਅਸਨੇਹਿ ਗੁਰਮੁਖਿ ਘੀਜਈ॥੧੭॥ (ਪੰਨਾ ੧੨੮੫)

ਅਰਥ:- (ਜੀਵਾਂ ਦੇ) ਹਠ ਨਾਲ (ਭਾਵ, ਕਿਸੇ ਹਠ-ਕਰਮ ਨਾਲ) ਉਹ ਸੱਚਾ ਪ੍ਰਭੂ ਰਾਜ਼ੀ ਨਹੀਂ ਹੁੰਦਾ ਜੋ ਅਦ੍ਰਿਸ਼ਟ ਹੈ ਤੇ ਜਿਸ ਦਾ ਭੇਤ ਨਹੀਂ ਪਾਇਆ ਜਾ ਸਕਦਾ। ਕਈ ਲੋਕ ਰਾਗ ਰਾਗਣੀਆਂ ਗਾਂਦੇ ਹਨ, ਪਰ ਪ੍ਰਭੂ ਰਾਗ ਨਾਲ ਭੀ ਨਹੀਂ ਪ੍ਰਸੰਨ ਹੁੰਦਾ; ਕਈ ਬੰਦੇ ਨੱਚ-ਨੱਚ ਕੇ ਤਾਲ ਪੂਰਦੇ ਹਨ, ਪਰ (ਇਸ ਤਰ੍ਹਾਂ ਭੀ ਭਗਤੀ ਨਹੀਂ ਕੀਤੀ ਜਾ ਸਕਦੀ; ਕਈ ਮੂਰਖ ਬੰਦੇ ਅੰਨ ਨਹੀਂ ਖਾਂਦੇ, ਪਰ (ਦੱਸੋ) ਇਹਨਾਂ ਦਾ ਕੀ ਕੀਤਾ ਜਾਏ? (ਇਹਨਾਂ ਨੂੰ ਕਿਵੇਂ ਸਮਝਾਈਏ ਕਿ ਇਸ ਤਰ੍ਹਾਂ ਪ੍ਰਭੂ ਖ਼ੁਸ਼ ਨਹੀਂ ਕੀਤਾ ਜਾ ਸਕਦਾ)। (ਜੀਵ ਦੀ) ਵਧੀ ਹੋਈ ਤ੍ਰਿਸ਼ਨਾ (ਇਹਨਾਂ ਹਠ-ਕਰਮਾਂ ਨਾਲ) ਕਿਸੇ ਤਰ੍ਹਾਂ ਭੀ ਸ਼ਾਂਤ ਨਹੀਂ ਕੀਤੀ ਜਾ ਸਕਦੀ; ਭਾਵੇਂ ਕਈ ਹੋਰ ਧਰਤੀਆਂ (ਦੇ ਬੰਦਿਆਂ ਦੇ) ਕਰਮ-ਕਾਂਡ (ਇਥੇ) ਵਧ ਜਾਣ (ਤਾਂ ਭੀ) ਖਪ ਕੇ ਹੀ ਮਰੀਦਾ ਹੈ।

ਜਗਤ ਵਿਚ ਪ੍ਰਭੂ ਦਾ ਨਾਮ ਹੀ ਖੱਟੀ ਹੈ, ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਹੀ ਪੀਣਾ ਚਾਹੀਦਾ ਹੈ। ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਪ੍ਰਭੂ ਦੀ ਬੰਦਗੀ ਨਾਲ ਤੇ ਪ੍ਰਭੂ ਦੇ ਪਿਆਰ ਨਾਲ ਭਿੱਜਦਾ ਹੈ।੧੨।

੭੫ ਕੀਚਹਿ ਰਸ ਭੋਗ ਖੁਸੀਆ ਮਨ ਕੇਰੀ ॥ ਧਨੁ ਲੋਕਾਂ ਤਨੁ ਭਸਮੈ ਢੇਰੀ ॥ ਖਾਕੂ ਖਾਕੁ ਰਲੈ ਸਭੁ ਫੈਲੁ ॥ ਬਿਨੁ ਸਬਦੈ ਨਹੀ ਉਤਰੈ ਮੈਲੁ ॥੨॥ ਗੀਤ ਰਾਗ ਘਨ ਤਾਲ ਸਿ ਕੂਰੇ ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥ ਦੂਜੀ ਦੁਰਮਤਿ ਦਰਦੁ ਨ ਜਾਇ ॥ ਛੂਟੈ ਗੁਰਮੁਖਿ ਦਾਰੂ ਗੁਣ ਗਾਇ ॥੩॥ (ਪੰਨਾ-੧੯੩)

੭੬ ਗਾਵਹਿ ਰਾਗ ਭਾਤਿ ਬਹੁ ਬੋਲਹਿ ਇਹੁ ਮਨੂਆ ਖੇਲੈ ਖੇਲ ॥ ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿ ਬੇਲ ॥੨॥ ਕਾਇਆ ਨਗਰ ਮਹਿ ਕਰਮ ਹਰਿ ਬੋਵਹੁ ਹਰਿ ਜਾਮੈ ਹਰਿਆ ਖੇਤੁ ॥ ਮਨੂਆ ਅਸਥਿਰੁ ਬੈਲੁ ਮਨੁ ਜੋਵਹੁ ਹਰਿ ਸਿੰਚਹੁ ਗੁਰਮਤਿ ਜੇਤੁ ॥੩॥ ਜੋਗੀ ਜੰਗਮ ਸ੍ਰਿਸਟਿ ਸਭ ਤੁਮਰੀ ਜੋ ਦੇਹੁ ਮਤੀ ਤਿਤੁ ਚੇਲ ॥ ਜਨ ਨਾਨਕ ਕੇ ਪ੍ਰਭ ਅੰਤਰਜਾਮੀ ਹਰਿ ਲਾਵਹੁ ਮਨੂਆ ਪੇਲ ॥੪॥੯॥੬੧॥ (ਪੰਨਾ-੧੧੪)

੭੭ ਮਃ ੩ ॥ ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ ॥ ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿਧਿਆਨੁ ॥ ਰਾਗ ਨਾਦ ਛੋਡਿ ਹਰਿ ਸੇਵੀਐ ਤਾ ਦਰਗਹ ਪਾਈਐ ਮਾਨੁ ॥ ਨਾਨਕ ਗੁਰਮੁਖਿ ਬ੍ਰਹਮ ਬੀਚਾਰੀਐ ਚੂਕੈ ਮਨਿ ਅਭਿਮਾਨੁ ॥੨॥ (ਪੰਨਾ-੮੪੯)

੭੮ ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ (ਪੰਨਾ-੪੫੦)

"ਗਾਵੈ ਪਦ ਗੁਰਬਾਣੀ ਵਿਚ ਕੇਵਲ ਗਾਉਣ ਵਜਾਉਣ ਵਾਸਤੇ ਨਹੀਂ ਵਰਤਿਆ ਸਗੋਂ ਦਲੀਲ ਵਾਲੀ ਗਲ ਜਾਂ ਕਥਨ ਕਰਨ ਵਾਲੇ ਲਈ ਵੀ ਇਹ ਪਦ ਵਰਤਿਆ ਗਿਆ ਹੈ। ਜਿਵੇਂ ਕਿ ਜਪੁ ਬਾਣੀ ਦੀ ੩ ਪਾਉੜੀ ਉਦਾਹਰਣ ਵਜੋਂ ਪੜ੍ਹੋ -

ਗਾਵੈ ਕੋ ਤਾਣ ਹੋਵੈ ਕਿਸੈ ਤਾਣ

....

....

ਕਥਨਾ ਕਥੀ ਨਾ ਆਵੈ ਤੋਟ ॥
ਦਥ ਕਥੀ.................. (ਪੰਨਾ-੧)

੧੦
ਰਾਗ

ਸੋ ਗੁਰਬਾਣੀ ਵਿਚ ਜਿੱਥੇ ਵੀ 'ਗਾਵੈ ਪਦ ਅਇਆ ਹੈ, ਸਮਝੋ ਕਿ, ਡੂੰਘੇ ਪਿਆਰ ਅਤੇ ਅਪਾਰ ਸ਼ਰਧਾ ਤੋਂ ਵਹਿ ਤੁਰਦੇ ਕਥਨ-ਪ੍ਰਵਾਹ ਵਾਲੀ ਅਵਸਥਾ ਦਾ ਵਡਮੁੱਲਾ ਅਰਥ ਭਰਪੂਰ ਸੰਕੇਤ ਹੈ, ਜੋੜੀ ਵਾਜੇ ਨਾਲ ਰਾਗ-ਅਲਾਪ ਛੇੜ ਬਹਿਣ ਦੀ ਗੱਲ ਸਮਝ ਬਹਿਣੀ ਠੀਕ ਨਹੀਂ ਹੈ-ਜਿਵੇਂ ਆਸਾ ਰਾਗ ਵਿਚ ਪੰਚਮ ਪਾਤਿਸ਼ਾਹ ਜੀ ਦਾ ਫ਼ੁਰਮਾਨ:-

੭੯- ਅੰਤਰਿ ਗਾਵਉ ਬਾਹਰਿ ਗਾਵਉ, ਗਾਵਉ ਜਾਗਿ ਸਵਾਰੀ ॥ ਸੰਗਿ ਚਲਨ ਕਉ ਤੋਸਾ ਦੀਨ੍ਹਾ ਗੋਬਿੰਦ ਨਾਮ ਕੇ ਬਿਉਹਾਰੀ ॥੧ ॥ ਅਵਰ ਬਿਸਾਰੀ ਬਿਸਾਰੀ ॥ ਨਾਮ ਦਾਨੁ ਗੁਰਿ ਪੂਰੈ ਦੀਓ ਮੈ ਏਹੋ ਆਧਾਰੀ ॥੧ ॥

ਰਹਾਉ ॥ ਦੂਖਨਿ ਗਾਵਉ ਸੁਖਿ ਭੀ ਗਾਵਉ ਮਾਰਗਿ ਪੰਥਿ ਸਮ੍ਹਾਰੀ ॥ ਨਾਮ ਦ੍ਰਿੜੁ ਗੁਰਿ ਮਨ ਮਹਿ ਦੀਆ ਮੋਰੀ ਤਿਸਾ ਬੁਝਾਰੀ ॥੨ ॥ ਦਿਨੁ ਭੀ ਗਾਵਉ ਰੂਨੀ ਗਾਵਉ, ਗਾਵਉ ਸਾਸਿ ਸਾਸਿ ਰਸਨਾਰੀ ॥ ਸਤਸੰਗਤਿ ਮਹਿ ਬਿਸਾਸੁ ਹੋਇ ਹਰਿ ਜੀਵਤ ਮਰਤ ਸੰਗਾਰੀ ॥ ੩ ॥ ਜਨ ਨਾਨਕ ਕਉ ਇਹੁ ਦਾਨੁ ਦੇਹੁ ਪ੍ਰਭ ਪਾਵਉ ਸੰਤ ਰੇਨ ਉਰਿ ਧਾਰੀ ॥ ਸ੍ਰਵਨੀ ਕਥਾ ਨੈਨ ਦਰਸ ਪੇਖਉ ਮਸਤਕੁ ਗੁਰ ਚਰਨਾਰੀ ॥੪ ॥੨ ॥੧੨੨ ॥ (ਪੰਨਾ-੪੦੧)

ਅਰਥ:-(ਪਰਮਾਤਮਾ ਤੋਂ ਬਿਨਾਂ) ਕੋਈ ਹੋਰ ਓਟ ਮੈਂ ਉੱਕਾ ਹੀ ਭੁਲਾ ਦਿੱਤੀ ਹੈ। ਪੂਰੇ ਗੁਰੂ ਨੇ ਮੈਨੂੰ ਪਰਮਾਤਮਾ ਦੇ ਨਾਮ ਦੀ ਦਾਤਿ ਦਿੱਤੀ ਹੈ, ਮੈਂ ਏਸੇ ਨੂੰ (ਆਪਣੀ ਜ਼ਿੰਦਗੀ ਦਾ) ਆਸਰਾ ਬਣਾ ਲਿਆ ਹੈ।੧। ਰਹਾਉ।

ਪਰਮਾਤਮਾ ਦੇ ਨਾਮ ਦੇ ਵਣਜਾਰੇ ਸਤਸੰਗੀਆਂ ਨੇ ਮੇਰੇ ਨਾਲ ਸਾਥ ਕਰਨ ਵਾਸਤੇ ਮੈਨੂੰ (ਪ੍ਰਭੂ ਦਾ ਨਾਮ) ਸਫ਼ਰ-ਖ਼ਰਚ (ਵਜੋਂ) ਦਿੱਤਾ ਹੈ। ਹੁਣ ਮੈਂ ਆਪਣੇ ਹਿਰਦੇ ਵਿਚ ਪਰਮਾਤਮਾ ਦੇ ਗੁਣ ਗਾਉਂਦਾ ਹਾਂ, ਬਾਹਰ ਦੁਨੀਆਂ ਨਾਲ ਵਰਤਨ-ਵਿਹਾਰ ਕਰਦਾ ਵੀ ਪਰਮਾਤਮਾ ਦੀ ਸਿਫ਼ਤਿ-ਸਾਲਾਹ ਚੇਤੇ ਰੱਖਦਾ ਹਾਂ, ਸੌਣ ਵੇਲੇ ਵੀ ਜਾਗਦਿਆਂ ਵੀ ਮੈਂ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰਦਾ ਹਾਂ। ੧ ।(ਹੇ ਭਾਈ !) ਗੁਰੂ ਨੇ ਮੇਰੇ ਮਨ ਵਿਚ ਪ੍ਰਭੂ-ਨਾਮ ਦੀ ਦ੍ਰਿੜਤਾ ਕਰ ਦਿੱਤੀ ਹੈ (ਉਸ ਨਾਮ ਨੇ) ਮੇਰੀ ਤ੍ਰਿਸ਼ਨਾ ਮਿਟਾ ਦਿੱਤੀ ਹੈ। ਹੁਣ ਮੈਂ ਦੁੱਖਾਂ ਅਤੇ ਸੁਖਾਂ ਵਿਚ (ਅਥਵਾ) ਰਸਤੇ ਤੁਰਦਾ (ਵੀ ਸਦਾ ਪਰਮਾਤਮਾ ਦੀ ਯਾਦ ਨੂੰ ਆਪਣੇ ਹਿਰਦੇ ਵਿਚ) ਸੰਭਾਲੀ ਰੱਖਦਾ ਹਾਂ। ੨ ।ਹੁਣ ਮੈਂ ਦਿਨ ਵੇਲੇ, ਰਾਤ ਸਮੇਂ ਹਰੇਕ ਸੁਆਸ ਨਾਲ (ਹਿਰਦੇ ਦੀ) ਜ਼ਬਾਨ ਦੁਆਰਾ ਪਰਮਾਤਮਾ ਦੇ ਗੁਣ ਗਾਉਂਦਾ ਹਾਂ (ਭਾਵ,

ਹਰ ਸਮੇਂ, ਸੁਆਸ-ਸੁਆਸ ਮੈਂ ਉਸ ਦੀ ਯਾਦ ਵਿਚ ਜੁੜਿਆ ਰਹਿੰਦਾ ਹਾਂ)। ਇਹ ਸਾਰੀ ਬਰਕਤ ਸਾਧ (ਗੁਰੂ ਗ੍ਰੰਥ ਸਾਹਿਬ ਜੀ ਦੀ) ਸੰਗਤਿ ਦੀ ਹੈ। ਸਾਧ (ਗੁਰੂ ਦੀ) ਸੰਗਤਿ ਵਿਚ ਟਿਕਿਆਂ (ਗੁਰੂ ਸ਼ਬਦ-ਵਿਚਾਰ ਵਿਚ ਜੁੜਿਆਂ) ਇਹ ਨਿਸਚਾ ਬਣ ਜਾਂਦਾ ਹੈ ਕਿ ਪਰਮਾਤਮਾ ਜਿਉਂਦਿਆਂ ਮਰਦਿਆਂ ਹਰ ਵੇਲੇ ਸਾਡੇ ਨਾਲ ਰਹਿੰਦਾ ਹੈ। ੩ । ਹੇ ਪ੍ਰਭੂ! ਆਪਣੇ ਦਾਸ ਨਾਨਕ ਨੂੰ ਇਹ ਦਾਨ ਦਿਉ ਕਿ, ਮੈਂ ਤੇਰੇ ਸੰਤ ਜਨਾਂ (ਗੁਰਮੁਖਾਂ) ਦੀ ਚਰਨ-ਧੂੜ ਪ੍ਰਾਪਤ ਕਰਾਂ (ਭਾਵ, ਆਦਰ ਸਤਿਕਾਰ ਨਾਲ ਗੁਰਮੁਖਾਂ ਤੋਂ ਤੇਰੀਆਂ ਅਪਾਰ ਵਡਿਆਈਆਂ ਦੀ ਸੋਝੀ ਲੈਂਦਾ ਰਹਾਂ, ਤੇਰੇ ਗੁਣਾਂ ਦੀ ਵਿਚਾਰ ਵਿਚ ਜੁੜਿਆ ਰਹਾਂ) ਅਤੇ, ਤੇਰੀ ਯਾਦ ਨੂੰ ਆਪਣੇ ਹਿਰਦੇ ਵਿਚ ਟਿਕਾਈ ਰੱਖਾਂ, ਤੇਰੀ ਸਿਫ਼ਤਿ-ਸਾਲਾਹ ਅਪਣੇ ਕੰਨਾਂ ਨਾਲ ਸੁਣਦਾ ਰਹਾਂ, ਤੇਰਾ ਦਰਸ਼ਨ ਆਪਣੀ ਅੱਖਾਂ ਨਾਲ ਕਰਦਾ ਰਹਾਂ, ਤੇ ਆਪਣਾ ਮੱਥਾ ਗੁਰੂ ਦੇ ਚਰਨਾਂ ਤੇ ਟਿਕਾਈ ਰੱਖਾਂ। ੪ ।

ਗੁਰੂ ਸ਼ਬਦ ਵਿਚ, ਅੰਦਰ ਬਾਹਰ, ਸੌਂਦਿਆਂ, ਜਾਗਦਿਆਂ, ਦੁਖੀ, ਸੁਖੀ, ਤੁਰਦਿਆਂ ਫਿਰਦਿਆਂ, ਗੱਲ ਕੀ, ਸਾਰੇ ਕਾਰਵਿਹਾਰ ਕਰਦਿਆਂ ਪ੍ਰਭੂ ਦਾ ਨਾਮ 'ਗਾਉਣ' ਦੀ ਹੀ ਗੱਲ ਕੀਤੀ ਹੈ। ਕੀ ਅਜਿਹੀਆਂ ਹਾਲਤਾਂ ਵਿਚ ਸਾਜ਼ਾਂ ਦੀ ਸਹਾਇਤਾ ਨਾਲ ਗਾਉਣ ਤਾਂ ਸੰਭਵ ਹੀ ਨਹੀਂ ਹੈ। ਸਪੱਸ਼ਟ ਹੈ ਕਿ, ਇਹ ਗਾਉਣਾ ਜੋੜੀਆਂ ਵਾਜਿਆਂ ਵਾਲਾ ਨਹੀਂ ਹੈ, ਹਿਰਦੇ ਦੀ ਯਾਦ ਦੀ ਗੱਲ ਸਮਝਾਈ ਹੈ। ਹਿਰਦੇ ਤੋਂ ਉਸ ਪ੍ਰਭੂ ਦੀਆਂ ਵਡਿਆਈਆਂ ਦੀ ਵਿਚਾਰ ਵਿਚ ਲੀਨ ਰਹਿਣ ਦਾ ਉਪਦੇਸ਼ ਹੈ। ਗੁਣੀ ਦੇ ਗੁਣਾਂ ਵਿਚ ਸਮਾ ਕੇ ਉਸੇ ਦਾ ਹੀ ਰੂਪ ਹੋ ਜਾਣ ਦੀ ਰਮਜ਼ ਸਮਝਾਈ ਹੈ।

੧੧

ਮਨਮੁਖ

੮੦ ਮੈ ਮੈਲੋ ਊਜਲੁ ਸਚੁ ਸੋਇ ॥ ਊਤਮੁ ਆਖਿ ਨ ਊਚਾ ਹੋਇ ॥ ਮਨਮੁਖੁ ਖੂਲਿ ਮਹਾ ਬਿਖੁ ਖਾਇ ॥ ਗੁਰਮੁਖਿ ਹੋਇ ਸੁ ਰਾਚੈ ਨਾਇ ॥ ੩ ॥ ਅਠਵੀ ਪੁਸਤਕ ਦੂਜਾ ਕਾਂਡ---ਅੰਧ ਬੋਲ ਮੁਗਧੁ ਗਵਾਰੁ ॥ ਜੀਣੌ ਨੀਚੁ ਬੁਰੌ ਬੁਰਿਆਰੁ ॥ ਨੀਧਨ ਕੌ ਧਨੁ ਨਾਮ ਪਿਆਰੁ ॥ ਇਹੁ ਧਨੁ ਸਾਰੁ ਹੋਰੁ ਬਿਖਿਆ ਛਾਰੁ ॥ ੪ ॥

ਸਾਰਾ ਸ਼ਬਦ ਅਰਥ ਸਮੇਤ- (ਪੰਨਾ-੧੩੩੦)

ਅਰਥ:--ਮਾਇਆ ਦੇ ਮੋਹ ਵਿਚ ਅੰਨ੍ਹਾ ਹੋਇਆ, ਪ੍ਰਭੂ ਦੀ ਸਿਫ਼ਤਿ-ਸਾਲਾਹ ਤੋਂ ਕੰਨ ਬੰਦ ਰੱਖਣ ਵਾਲਾ ਮਨੁੱਖ ਮੂਰਖ ਹੈ, ਆਤਮਕ ਜੀਵਨ ਤੋਂ ਸੱਖਣਾ ਹੈ, ਨੀਵੇਂ ਪਾਸੇ ਜਾ ਰਿਹਾ ਉਹ ਮੰਦੇ ਤੋਂ ਮੰਦਾ ਹੈ। ਪਰਮਾਤਮਾ ਦਾ ਨਾਮ ਤੇ ਉਸ ਦੇ ਚਰਨਾਂ ਦਾ ਪਿਆਰ (ਆਤਮਕ ਜੀਵਨ ਵਲੋਂ) ਕੰਗਾਲਾਂ ਵਾਸਤੇ ਧਨ ਹੈ। ਇਹੀ ਧਨ ਸ੍ਰੇਸ਼ਟ ਧਨ ਹੈ, ਇਸ ਤੋਂ ਬਿਨਾਂ

ਦੁਨੀਆਂ ਦੀ ਮਾਇਆ ਸੁਆਹ ਹੈ। ੪।

੮੧ ਬਿਲਾਵਲੁ ਮਹਲਾ ੧ ॥ ਮਨ ਕਾ ਕਹਿਆ ਮਨਸਾ ਕਰੈ ॥ ਇਹੁ ਮਨੁ ਪੁੰਨੁ ਪਾਪੁ ਉਚਰੈ ॥...ਨਾਨਕ ਸਾਚੇ ਸਾਚਿ ਸਮਾਇ ॥੮ ॥੨ ॥ (ਪੰਨਾ ੮੩੨)

ਅਰਥ : ਹੇ ਅਭਿਮਾਨੀ ਜੀਵ! ਵੇਖ, ਇਹ ਸਰੀਰ, ਇਹ ਧਨ, ਇਹ ਇਸਤਰੀ-ਇਹ ਸਭ (ਸਦਾ ਨਾਲ ਨਿਭਣ ਵਾਲੇ ਨਹੀਂ ਹਨ) ਪਰਮਾਤਮਾ ਦੇ ਨਾਮ ਤੋਂ ਬਿਨਾਂ ਕੋਈ ਚੀਜ਼ (ਜੀਵ ਦੇ) ਨਾਲ ਨਹੀਂ ਜਾਂਦੀ।੧। ਰਹਾਉ।

(ਪ੍ਰਭੂ-ਨਾਮ ਤੋਂ ਖੁੰਝੇ ਹੋਏ ਮਨੁੱਖ ਦੀ) ਬੁੱਧੀ (ਭੀ) ਮਨ ਦੇ ਕਹੇ ਵਿਚ ਤੁਰਦੀ ਹੈ, ਤੇ, ਇਹ ਮਨ ਨਿਰੀਆਂ ਇਹੀ ਗੱਲਾਂ ਸੋਚਦਾ ਹੈ ਕਿ (ਸ਼ਾਸਤਰਾਂ ਦੀ ਮਰਯਾਦਾ ਅਨੁਸਾਰ) ਪੁੰਨ ਕੀ ਹੈ ਤੇ ਪਾਪ ਕੀ ਹੈ? ਮਾਇਆ ਦੇ ਨਸ਼ੇ ਵਿਚ ਮਸਤ ਹੋਏ ਮਨੁੱਖ ਨੂੰ (ਮਾਇਆ ਵਲੋਂ ਰਜੇਵਾਂ ਨਹੀਂ ਹੁੰਦਾ।) ਮਾਇਆ ਵਲੋਂ ਰਜੇਵਾਂ ਤੇ ਮਾਇਆ ਦੇ ਮੋਹ ਤੋਂ ਖ਼ਲਾਸੀ ਤਦੋਂ ਹੀ ਹੁੰਦੀ ਹੈ ਜਦੋਂ ਮਨੁੱਖ ਨੂੰ ਸਦਾ-ਥਿਰ ਰਹਿਣ ਵਾਲਾ ਪ੍ਰਭੂ ਮਨ ਵਿਚ ਪਿਆਰਾ ਲੱਗਣ ਲੱਗ ਪਏ।੧।

ਮਾਇਕ ਰਸਾਂ ਦੇ ਭੋਗ ਕਰੀਦੇ ਹਨ, ਮਨ ਦੀਆਂ ਮੌਜਾਂ ਮਾਣਦੀਆਂ ਹਨ, (ਪਰ ਮੌਤ ਆਉਣ 'ਤੇ) ਧਨ (ਹੋਰ) ਲੋਕਾਂ ਦਾ ਬਣ ਜਾਂਦਾ ਹੈ ਤੇ ਇਹ ਸਰੀਰ ਮਿੱਟੀ ਦੀ ਢੇਰੀ ਹੋ ਜਾਂਦਾ ਹੈ। ਇਹ ਸਾਰਾ ਹੀ ਪਸਾਰਾ (ਅੰਤ) ਖ਼ਾਕ ਵਿਚ ਹੀ ਰਲ ਜਾਂਦਾ ਹੈ (ਮਨ ਉਤੇ ਵਿਸ਼ੇ ਵਿਕਾਰਾਂ ਦੀ ਮੈਲ ਇਕੱਠੀ ਹੁੰਦੀ ਜਾਂਦੀ ਹੈ, ਉਹ) ਮੈਲ ਗੁਰੂ ਦੇ ਸ਼ਬਦ ਤੋਂ ਬਿਨਾਂ ਨਹੀਂ ਲਹਿੰਦੀ।੨।

(ਪ੍ਰਭੂ-ਨਾਮ ਤੋਂ ਖੁੰਝ ਕੇ) ਮਨੁੱਖ ਅਨੇਕਾਂ ਕਿਸਮਾਂ ਦੇ ਗੀਤ, ਰਾਗ ਤੇ ਤਾਲ ਆਦਿਕਾਂ ਨਾਲ ਮਨ ਪਰਚਾਂਦਾ ਹੈ ਪਰ ਇਹ ਸਭ ਝੂਠੇ ਉੱਦਮ ਹਨ (ਕਿਉਂਕਿ ਨਾਮ ਤੋਂ ਬਿਨਾਂ ਜੀਵ) ਤਿੰਨਾਂ ਗੁਣਾਂ ਦੇ ਅਸਰ ਹੇਠ ਜੰਮਦਾ ਮਰਦਾ ਰਹਿੰਦਾ ਹੈ ਤੇ (ਪ੍ਰਭੂ-ਚਰਨਾਂ ਤੋਂ) ਵਿਛੜਿਆ ਰਹਿੰਦਾ ਹੈ। (ਇਨ੍ਹਾਂ ਗੀਤਾਂ ਤੇ ਰਾਗਾਂ ਦੀ ਸਹਾਇਤਾ ਨਾਲ ਜੀਵ ਦੀ) ਹੋਰ ਝਾਕ ਤੇ ਭੈੜੀ ਮਤਿ ਦੂਰ ਨਹੀਂ ਹੁੰਦੀ, ਆਤਮਕ ਰੋਗ ਨਹੀਂ ਜਾਂਦਾ। (ਇਸ ਦੂਜੀ ਝਾਕ ਤੋਂ, ਦੁਰਮਤਿ ਤੋਂ, ਆਤਮਕ ਰੋਗ ਤੋਂ ਉਹ ਮਨੁੱਖ) ਖ਼ਲਾਸੀ ਪਾਂਦਾ ਹੈ ਜੋ ਗੁਰੂ ਦੇ ਸਨਮੁਖ ਹੋ ਕੇ ਪਰਮਾਤਮਾ ਦੇ ਗੁਣ ਗਾਂਦਾ ਹੈ (ਇਹ ਸਿਫ਼ਤਿ-ਸਾਲਾਹ ਹੀ ਇਹਨਾਂ ਰੋਗਾਂ ਦਾ) ਦਾਰੂ ਹੈ।

ਜਿਹੜੇ ਮਨੁੱਖ ਚਿੱਟੀ ਧੋਤੀ ਪਹਿਨਦੇ ਹਨ (ਮੱਥੇ ਉਤੇ) ਤਿਲਕ ਲਾਂਦੇ ਹਨ, ਗਲ ਵਿਚ ਮਾਲਾ ਪਾਂਦੇ ਹਨ ਤੇ (ਵੇਦ ਆਦਿਕਾਂ ਦੇ ਮੰਤਰ) ਪੜ੍ਹਦੇ ਹਨ ਪਰ ਉਹਨਾਂ ਦੇ ਅੰਦਰ ਕ੍ਰੋਧ ਪ੍ਰਬਲ ਹੈ ਉਹਨਾਂ ਦਾ ਉੱਦਮ ਇਉਂ ਹੀ ਹੈ ਜਿਵੇਂ ਕਿਸੇ ਨਾਟ-ਘਰ ਵਿਚ (ਨਾਟ-ਵਿੱਦਿਆ ਦੀ ਸਿਖਲਾਈ ਕਰ ਕਰਾ ਰਹੇ ਹਨ)।

ਜਿਨ੍ਹਾਂ ਮਨੁੱਖਾਂ ਨੇ ਪਰਮਾਤਮਾ ਦਾ ਨਾਮ ਭੁਲਾ ਕੇ ਮਾਇਆ (ਦੇ ਮੋਹ) ਦੀ ਸ਼ਰਾਬ ਪੀਤੀ ਹੋਈ ਹੋਵੇ, (ਉਹਨਾਂ ਨੂੰ ਸੁਖ ਨਹੀਂ ਹੋ ਸਕਦਾ)। ਗੁਰੂ ਤੋਂ ਬਿਨਾ ਪ੍ਰਭੂ ਦੀ ਭਗਤੀ ਨਹੀਂ ਹੋ ਸਕਦੀ, ਤੇ ਭਗਤੀ ਤੋਂ ਬਿਨਾਂ ਆਤਮਕ ਅਨੰਦ ਨਹੀਂ ਮਿਲਦਾ।੪।

ਜਿਨ੍ਹਾਂ ਬੰਦਿਆਂ ਨੇ ਆਪਣਾ ਮੂੰਹ ਗੁਰੂ ਵਲੋਂ ਮੋੜਿਆ ਹੋਇਆ ਹੈ ਉਹਨਾਂ ਨੂੰ ਸੂਰ, ਕੁੱਤੇ, ਖੋਤੇ, ਬਿੱਲੇ, ਪਸ਼ੂ, ਮਲੇਛ, ਨੀਚ ਤੇ ਚੰਡਾਲ ਆਦਿ ਦੀਆਂ ਜੂਨਾਂ ਵਿਚ ਭਵਾਇਆ ਜਾਂਦਾ ਹੈ। ਮਾਇਆ ਦੇ ਮੋਹ ਦੇ ਬੰਧਨ ਵਿਚ ਬੱਝਾ ਹੋਇਆ ਮਨੁੱਖ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ। ੫।

ਗੁਰੂ ਦੀ ਦੱਸੀ ਸੇਵਾ ਰਾਹੀਂ ਹੀ ਮਨੁੱਖ ਨਾਮ-ਸਰਮਾਇਆ ਪ੍ਰਾਪਤ ਕਰਦਾ ਹੈ। ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਸਦਾ ਵੱਸਦਾ ਹੈ ਉਹ (ਜੀਵਨ-ਯਾਤਰਾ ਵਿਚ) ਸਫ਼ਲ ਹੋ ਗਿਆ ਹੈ। ਪਰਮਾਤਮਾ ਦੀ ਦਰਗਾਹ ਵਿਚ ਉਸ ਪਾਸੋਂ ਲੇਖਾ ਨਹੀਂ ਮੰਗਿਆ ਜਾਂਦਾ (ਕਿਉਂਕਿ ਉਸ ਦੇ ਜ਼ਿੰਮੇ ਕੋਈ ਬਾਕੀ ਨਹੀਂ ਨਿਕਲਦੀ)। ਜਿਹੜਾ ਮਨੁੱਖ ਪਰਮਾਤਮਾ ਦੀ ਰਜ਼ਾ ਨੂੰ (ਸਿਰ ਮੱਥੇ) ਮੰਨਦਾ ਹੈ ਉਹ ਪਰਮਾਤਮਾ ਦੇ ਦਰ 'ਤੇ ਕਾਮਯਾਬ ਹੋ ਜਾਂਦਾ ਹੈ।੬।

ਜਦੋਂ ਮਨੁੱਖ ਨੂੰ ਗੁਰੂ ਮਿਲ ਪੈਂਦਾ ਹੈ ਤਾਂ ਇਹ ਉਹ ਪਰਮਾਤਮਾ ਨਾਲ ਡੂੰਘੀ ਸਾਂਝ ਪਾ ਲੈਂਦਾ ਹੈ, ਪਰਮਾਤਮਾ ਦੀ ਰਜ਼ਾ ਨੂੰ ਸਮਝਦਾ ਹੈ ਤੇ ਰਜ਼ਾ ਵਿਚ (ਰਾਜ਼ੀ) ਰਹਿੰਦਾ ਹੈ। ਸਦਾ-ਥਿਰ ਪ੍ਰਭੂ ਦੀ ਰਜ਼ਾ ਨੂੰ ਸਮਝ ਕੇ ਉਸ ਦੇ ਦਰ 'ਤੇ ਥਾਂ ਪ੍ਰਾਪਤ ਕਰ ਲੈਂਦਾ ਹੈ। ਗੁਰੂ ਦੇ ਸ਼ਬਦ ਰਾਹੀਂ ਉਸ ਦੇ ਜਨਮ ਮਰਨ (ਦੇ ਗੇੜ) ਮੁੱਕ ਜਾਂਦੇ ਹਨ।੭।

(ਸਿਮਰਨ ਦੀ ਬਰਕਤ ਨਾਲ) ਜਿਹੜਾ ਮਨੁੱਖ (ਅੰਤਰ ਆਤਮੇ ਮਾਇਆ ਦੇ ਮੋਹ ਵਲੋਂ) ਉਪਰਾਮ ਰਹਿੰਦਾ ਹੈ ਉਹ ਹਰੇਕ ਚੀਜ਼ ਨੂੰ ਪਰਮਾਤਮਾ ਦੀ (ਦਿੱਤੀ ਹੋਈ) ਹੀ ਸਮਝਦਾ ਹੈ। ਜਿਸ ਪਰਮਾਤਮਾ ਨੇ ਇਹ ਸਰੀਰ ਤੇ ਮਨ ਦਿੱਤਾ ਹੈ ਉਸ ਦੇ ਹਵਾਲੇ ਕਰਦਾ ਹੈ।੧।

ਹੇ ਨਾਨਕ! ਉਹ ਮਨੁੱਖ ਜਨਮ ਮਰਨ ਦੇ ਗੇੜ ਵਿਚੋਂ ਬਚ ਜਾਂਦਾ ਹੈ, ਉਹ ਸਦਾ-ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਵਿਚ ਲੀਨ ਰਹਿੰਦਾ ਹੈ।੮।੨।

ਵਿਦਵਾਨ ਬ੍ਰਾਹਮਣ ਦੇ ਅਣਮਨੁੱਖੀ ਕਾਰਿਆਂ ਦਾ ਲੰਮਾ ਚੌੜਾ ਇਤਿਹਾਸ ਅਸੀਂ ਇਸ ਵਿਸ਼ਾਲ-ਪੁਸਤਕ ਦੇ ਪਹਿਲੇ ਭਾਗ ਤੋਂ ਹੀ ਪੜ੍ਹਦੇ ਆ ਰਹੇ ਹਾਂ। ਮਨ ਵਿਚ ਸਹਿਜ-ਸੁਭਾਅ ਹੀ ਪ੍ਰਸ਼ਨ ਉਠਦਾ ਹੈ ਕਿ, ਸਿਆਣਾ ਅਤੇ ਵਿਦਵਾਨ ਮਨੁੱਖ ਏਸ ਤਰ੍ਹਾਂ ਦੇ ਪਾਪ ਕਰਮ ਕਿਸ ਕਾਰਨ ਕਰਦਾ ਹੈ? ਇਸ ਗੰਭੀਰ ਪ੍ਰਸ਼ਨ ਨੂੰ ਸਮਝਾਉਂਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ ਕਿ ਅਜਿਹੇ ਮਨੁੱਖ ਨੂੰ ਆਪਣੀ ਬੁੱਧੀ ਅਤੇ ਵਿਦਿਆ ਦਾ

ਹੰਕਾਰ ਹੋ ਜਾਣ ਦੇ ਨਾਲ ਜਦ ਮਾਇਆ ਦਾ ਮੋਹ ਪਰਬਲ ਹੋ ਕੇ ਚੰਬੜ ਜਾਂਦਾ ਹੈ ਤਾਂ ਉਸ ਦੇ ਅੰਦਰੋਂ ਪਰਮਾਤਮਾ ਦਾ ਭੈ ਮੁੱਕ ਜਾਂਦਾ ਹੈ। ਫਿਰ ਮਾਇਆ ਦੀ ਭੁੱਖ ਮਿਟਾਉਣ ਦੇ ਲਾਲਚ ਵਿੱਚ ਨੀਚ ਕਰਮੀ ਬਣ ਜਾਂਦਾ ਹੈ। ਮਿਹਰ ਦੇ ਮਾਲਕ ਸਤਿਗੁਰੂ ਜੀ ਇਹ ਵੀ ਫ਼ੁਰਮਾਉਂਦੇ ਹਨ ਕਿ, ਜੇ ਅਜਿਹੇ ਮਨੁੱਖ ਦੀ ਕਲਿਆਣ ਪਰਮਾਤਮਾ ਨੂੰ ਮਨਜ਼ੂਰ ਹੋਵੇ ਤਾਂ ਪ੍ਰਭੂ ਉਸ ਨੂੰ ਸੱਚੇ ਅਤੇ ਪੂਰਨ ਗੁਰੂ ਦੇ ਸ਼ਬਦ ਦੇ ਅਥਵਾ ਪੂਰਨ ਗੁਰੂ ਦੇ ਉਪਦੇਸ਼ ਦੇ ਲੜ ਲਾ ਦਿੰਦਾ ਹੈ।

ਜਿਸ ਸਮੇ ਤੋਂ ਗੱਲ ਆਰੰਭ ਹੋਈ ਹੈ ਓਦੋਂ ਬ੍ਰਾਹਮਣ ਆਪ ਹੀ ਜਗਤ-ਗੁਰੂ ਬਣ ਬੈਠਾ ਹੋਇਆ ਸੀ। ਸੁਮੱਤ ਦੇਣ ਵਾਲਾ ਪੂਰਨ ਅਤੇ ਸੱਚਾ ਗੁਰੂ ਵੀ ਉਹ ਆਪ ਹੀ। ਇਸ ਦੇ ਮਾਇਆ ਜਾਲ ਦੀਆਂ ਗੰਢਾਂ ਢਿੱਲੀਆਂ ਕਰਨ ਲਈ ਦੇਵ ਨੇਤ ਨਾਲ ਜੇ ਕੋਈ ਮਹਾਤਮਾ ਬੁੱਧ ਜਿਹਾ ਪੈਦਾ ਹੋਇਆ ਵੀ ਤਾਂ ਬ੍ਰਾਹਮਣ ਸਮਾਜ ਉਸ ਦਾ ਵੈਰੀ ਬਣ ਖਲੋਤਾ ਅਤੇ ਓਨਾ ਚਿਰ ਚੈਨ ਨਾਲ ਨਾ ਬੈਠਾ ਜਿੰਨਾ ਚਿਰ ਬੁੱਧ ਧਰਮ ਨੂੰ ਸਮੁੰਦਰੋਂ ਪਾਰ ਨਾ ਕਰ ਦਿੱਤਾ। ਬ੍ਰਾਹਮਣ ਵਰਗੇ ਮਾਇਆ ਧਾਰੀ ਮਨਮਤੀਆਂ ਨੂੰ ਗੁਰਦੇਵ ਜੀ ਨੇ ਮਨਮੁਖ ਕਿਹਾ ਹੈ। ਆਉ ਅਸੀਂ ਵੀ ਗੁਰਦੇਵ ਜੀ ਦੇ ਉਸ ਮਨਮੁਖ ਦੇ ਦਰਸ਼ਨ ਕਰ ਲਈਏ ਅਤੇ ਆਪਾ ਪਰਖੀਏ ਕਿ, ਕੀ ਅੱਜ ਅਸੀਂ ਕਿਤੇ ਮਨਮੁੱਖ ਹੀ ਤਾਂ ਨਹੀਂ ਬਣ ਚੁੱਕੇ?

੯੨- ਮਨਮੁਖ ਮੂਲਹੁ ਭੁਲਾਇਅਨੁ, ਵਿਚਿ ਲਬੁ ਲੋਭੁ ਅਹੰਕਾਰੁ ॥
ਝਗੜਾ ਕਰਦਿਆ ਅਨਦਿਨੁ ਗੁਦਰੈ, ਸਬਦਿ ਨ ਕਰਹਿ ਵੀਚਾਰੁ ॥
ਸੁਧਿ ਮਤਿ ਕਰਤੇ ਹਿਰਿ ਲਈ ਬੋਲਨਿ ਸਭੁ ਵਿਕਾਰੁ ॥
ਦਿਤੈ ਕਿਤੈ ਨ ਸੰਤੋਖੀਅਨਿ ਅੰਤਰਿ ਤ੍ਰਿਸਨਾ ਬਹੁਤੁ ਅਗ੍ਯਾਨੁ ਅੰਧਾਰੁ ॥
ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ ਜਿਨਾ ਮਾਇਆ ਮੋਹਿ ਪਿਆਰੁ ॥੧ ॥
(ਪੰਨਾ-੫੪੯)

ਅਰਥ:--ਮਨ ਦੇ ਪਿਛੇ ਤੁਰਨ ਵਾਲੇ ਮਨੁੱਖ ਪ੍ਰਭੂ ਤੋਂ ਭੁੱਲੇ ਹੋਏ ਹਨ, ਕਿਉਂਕਿ ਉਨ੍ਹਾਂ ਦੇ ਅੰਦਰ ਲਬ, ਲੋਭ ਤੇ ਅਹੰਕਾਰ ਹੈ। ਉਨ੍ਹਾਂ ਦਾ ਹਰੇਕ ਦਿਨ (ਲਬ ਲੋਭ ਆਦਿਕ ਸੰਬੰਧੀ) ਝਗੜਾ ਕਰਦਿਆਂ ਗੁਜ਼ਰਦਾ ਹੈ, ਉਹ ਗੁਰੂ ਦੇ ਸ਼ਬਦ ਦੀ ਵਿਚਾਰ ਨਹੀਂ ਕਰਦੇ। (ਇਸ ਤਰ੍ਹਾਂ ਮਾਲੂਮ ਹੋ ਰਿਹਾ ਹੁੰਦਾ ਹੈ ਜਿਵੇਂ) ਕਰਤਾਰ ਨੇ ਉਨ੍ਹਾਂ ਮਨਮੁਖਾਂ ਦੀ ਹੋਸ਼ ਤੇ ਅਕਲ ਖੋਹ ਲਈ ਹੁੰਦੀ ਹੈ। ਉਹ ਨਿਰੇ ਵਿਕਾਰਾਂ ਦੇ ਬਚਨ ਹੀ ਬੋਲਦੇ ਹਨ, ਉਹ ਕਿਸੇ ਵੀ ਦਾਤ ਦੇ ਮਿਲਣ 'ਤੇ ਰੱਜਦੇ ਨਹੀਂ ਕਿਉਂਕਿ ਉਨ੍ਹਾਂ ਦੇ ਮਨ ਵਿਚ ਬੜੀ ਤ੍ਰਿਸ਼ਨਾ, ਅਗਿਆਨ ਤੇ ਹਨੇਰਾ ਹੈ। (ਅਜਿਹੇ) ਮਨਮੁਖਾਂ ਨਾਲੋਂ ਸੰਬੰਧ ਟੁੱਟਾ ਹੋਇਆ ਹੀ ਚੰਗਾ ਹੈ, ਕਿਉਂਕਿ ਉਨ੍ਹਾਂ ਦੀ ਲਗਨ ਤਾਂ ਮਾਇਆ ਦੇ ਮੋਹ ਵਿਚ ਹੈ। ੧ ।

੮੩ ਅੰਦਰਿ ਸਹਸਾ ਦੁਖੁ ਹੈ, ਆਪੈ ਸਿਰਿ ਧੰਧੈ ਮਾਰ॥ ਦੂਜੈ ਭਾਇ ਸੁਤੇ ਕਬਹਿ ਨਾ ਜਾਗਹਿ ਮਾਇਆ ਮੋਹ ਪਿਆਰ॥ ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਆਚਾਰੁ॥ ਹਰਿ ਨਾਮੁ ਨ ਪਾਇਆ ਜਨਮੁ ਬਿਰਥਾ ਗਵਾਇਆ ਨਾਨਕ ਜਮੁ ਮਾਰਿ ਕਰੇ ਖੁਆਰ॥੨॥ (ਪੰਨਾ-੫੦੮)

ਅਰਥ:- ਜਿਨ੍ਹਾਂ ਮਨੁੱਖਾਂ ਦਾ ਮਾਇਆ ਨਾਲ ਮੋਹ ਪਿਆਰ ਹੈ, ਜੋ ਮਾਇਆ ਦੇ ਪਿਆਰ ਵਿਚ ਮਸਤ ਹੋ ਰਹੇ ਹਨ ਉਹ (ਇਸ ਗ਼ਫ਼ਲਤ ਵਿਚੋਂ) ਕਦੇ ਜਾਗਦੇ ਨਹੀਂ, ਉਨ੍ਹਾਂ ਦੇ ਮਨ ਵਿੱਚ ਤੌਖਲਾ ਤੇ ਕਲੇਸ਼ ਟਿਕਿਆ ਰਹਿੰਦਾ ਹੈ, ਉਨ੍ਹਾਂ ਨੇ ਦੁਨੀਆ ਦੇ ਝੰਮੇਲਿਆਂ ਦਾ ਇਹ ਖਪਣਾ ਆਪਣੇ ਸਿਰ ਉਤੇ ਆਪ ਸਹੇੜਿਆ ਹੋਇਆ ਹੈ। ਆਪਣੇ ਮਨ ਦੇ ਪਿਛੇ ਤੁਰਨ ਵਾਲਿਆਂ ਦੀ ਰਹਿਣੀ ਇਹ ਹੈ ਕਿ ਉਹ ਕਦੇ ਗੁਰ-ਸ਼ਬਦ ਨਹੀਂ ਵਿਚਾਰਦੇ। ਹੇ ਨਾਨਕ! ਉਨ੍ਹਾਂ ਨੂੰ ਪਰਮਾਤਮਾ ਦਾ ਨਾਮ ਨਸੀਬ ਨਹੀਂ ਹੋਇਆ, ਉਹ ਜਨਮ ਅਜਾਈਂ ਗਵਾਂਦੇ ਹਨ ਤੇ ਜਮ ਉਨ੍ਹਾਂ ਨੂੰ ਮਾਰ ਕੇ ਖ਼ੁਆਰ ਕਰਦਾ ਹੈ (ਭਾਵ, ਮੌਤ ਦਾ ਸਹਿਮ ਸਤਾਂਦਾ ਰਹਿੰਦਾ)।੨।

੮੪ ਅੰਤਰਿ ਕਪਟੁ ਮਨਮੁਖ ਅਗਿਆਨੀ ਰਸਨਾ ਝੂਠੁ ਬੋਲਾਇ॥ ਕਪਟਿ ਕੀਤੈ ਹਰਿ ਪੁਰਖੁ ਨ ਭੀਜੈ ਨਿਤ ਵੇਖੈ ਸੁਣੈ ਸੁਭਾਇ॥ ਦੂਜੈ ਭਾਇ ਜਾਇ ਜਗੁ ਪਰਬੋਧੈ ਬਿਖੁ ਮਾਇਆ ਮੋਹ ਸੁਆਇ॥ ਇਤੁ ਕਮਾਣੈ ਸਦਾ ਦੁਖੁ ਪਾਵੈ ਜੰਮੈ ਮਰੈ ਫਿਰਿ ਆਵੈ ਜਾਇ॥ ਸਹਸਾ ਮੂਲਿ ਨ ਚੁਕਈ, ਵਿਚਿ ਵਿਸਟਾ ਪਚੈ ਪਚਾਇ॥ ਜਿਸ ਨੋ ਕ੍ਰਿਪਾ ਕਰੇ ਮੇਰਾ ਸੁਆਮੀ ਤਿਸੁ ਗੁਰ ਕੀ ਸਿਖ ਸੁਣਾਇ॥ ਹਰਿ ਨਾਮੁ ਧਿਆਵੈ ਹਰਿ ਨਾਮੋ ਗਾਵੈ ਹਰਿ ਨਾਮੋ ਅੰਤਿ ਛਡਾਇ॥ ੨॥ (ਪੰਨਾ-੫੧੨)

ਅਰਥ:--ਆਪਣੇ ਮਨ ਦੇ ਪਿਛੇ ਤੁਰਨ ਵਾਲਾ ਮਨੁੱਖ ਅਗਿਆਨੀ (ਮੂਰਖ) ਹੈ, ਉਸ ਦੇ ਅੰਦਰ ਖੋਟ ਹੈ ਤੇ ਜੀਭ ਨਾਲ ਝੂਠ (ਭਾਵ, ਅੰਦਰਲੇ ਖੋਟ ਦੇ ਉਲਟ) ਬੋਲਦਾ ਹੈ (ਭਾਵ, ਅੰਦਰੋਂ ਹੋਰ ਹੈ ਤੇ ਬਾਹਰੋਂ ਹੋਰ), (ਇਸ ਤਰ੍ਹਾਂ) ਠੱਗੀ ਕੀਤਿਆਂ ਪਰਮਾਤਮਾ ਪ੍ਰਸੰਨ ਨਹੀਂ ਹੁੰਦਾ, ਕਿਉਂਕਿ ਉਹ ਸਹਜ-ਸੁਭਾਇ (ਸੁਤੇ ਸਿਧ) ਅਸਾਡਾ ਹਰੇਕ ਲੁਕਵਾਂ ਕੰਮ ਵੀ ਵੇਖਦਾ ਹੈ ਤੇ (ਲੁਕਵੇਂ ਬੋਲ 'ਤੇ ਖ਼ਿਆਲ ਵੀ) ਜਾਣਦਾ ਹੈ। ਮਨਮੁਖ ਆਪ ਮਾਇਆ ਦੇ ਮੋਹ ਵਿਚ ਹੈ ਪਰ ਜਾ ਕੇ ਲੋਕਾਂ ਨੂੰ ਉਪਦੇਸ਼ ਕਰਦਾ ਹੈ, ਇਹ ਕਰਤੂਤਾਂ ਕੀਤਿਆਂ ਉਹ ਸਦਾ ਦੁੱਖ ਪਾਉਂਦਾ ਹੈ, ਜੀਂਦਾ ਹੈ, ਮੁੜ ਮਰਦਾ ਹੈ, ਉਸ ਦਾ ਅੰਦਰਲਾ ਤੌਖਲਾ ਕਦੇ ਮਿਟਦਾ ਹੀ ਨਹੀਂ, ਉਹ ਮਾਨੋਂ ਵਿਸ਼ਟਾ (ਗੰਦ, ਮੈਲੇ) ਵਿਚ ਪਿਆ ਸੜਦਾ ਰਹਿੰਦਾ ਹੈ। ਪਰ ਜਿਸ ਮਨੁੱਖ ਉਤੇ ਮੇਰਾ ਮਾਲਕ ਮਿਹਰ ਕਰਦਾ ਹੈ ਉਸ ਨੂੰ ਗੁਰੂ ਦਾ ਉਪਦੇਸ਼ ਸੁਣਾਉਂਦਾ ਹੈ, ਉਹ ਮਨੁੱਖ ਪ੍ਰਭੂ ਦਾ ਨਾਮ ਸਿਮਰਦਾ ਹੈ, ਨਾਮ ਹੀ ਗਾਉਂਦਾ ਹੈ, ਨਾਮ ਹੀ ਆਖ਼ਰ ਉਸ ਨੂੰ ਇਸ ਸਹਿਸੇ ਤੋਂ ਛੁਡਾਂਦਾ ਹੈ। ੨।

੯੫- ਮ: ੨ ॥ ਦੇਂਦੇ ਥਾਵਹੁ ਦਿਤਾ ਚੰਗਾ, ਮਨੁਮੁਖਿ ਐਸਾ ਜਾਣੀਐ ॥ ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ ॥ ਅੰਤਰਿ ਬਹਿ ਕੈ ਕਰਮ ਕਮਾਵੈ, ਸੋ ਚਹੁ ਕੁੰਡੀ ਜਾਣੀਐ ॥ ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ, ਪਾਪਿ ਕਮਾਣੈ ਪਾਪੀ ਜਾਣੀਐ ॥ ੨ ॥ (ਪੰਨਾ-੧੩੮)

ਅਰਥ :- ਮਨ ਦੇ ਪਿਛੇ ਤੁਰਨ ਵਾਲਾ ਮਨੁੱਖ ਇਹੋ ਜਿਹਾ ਸਮਝ ਲਵੋ (ਕਿ ਉਸ ਨੂੰ) ਦੇਣ ਵਾਲੇ (ਪਰਮਾਤਮਾ) ਨਾਲੋਂ (ਉਸ ਦਾ ਦਿੱਤਾ ਹੋਇਆ (ਪਦਾਰਥ) ਚੰਗਾ ਲਗਦਾ ਹੈ। ਉਸ ਮਨੁੱਖ ਦੀ ਸੂਝ ਅਕਲ ਤੇ ਸਿਆਣਪ (ਅਜਿਹੀ ਨੀਂਵੀਂ ਹੈ ਕਿ) ਲਫ਼ਜ਼ਾਂ ਨਾਲ ਬਿਆਨ ਨਹੀਂ ਕੀਤੀ ਜਾ ਸਕਦੀ। (ਉਹ ਆਪਣੇ ਵਲੋਂ) ਲੋਕਾਂ ਦੇ (ਮੰਦੇ) ਕੰਮ ਕਰਦਾ ਹੈ, (ਪਰ ਜੋ ਕੁਝ ਉਹ ਕਰਦਾ ਹੈ) ਉਹ ਹਰ ਥਾਂ ਨਸ਼ਰ ਹੋ ਜਾਂਦਾ ਹੈ। (ਕੁਦਰਤ ਦਾ ਨੇਮ ਹੀ ਐਸਾ ਹੈ ਕਿ) ਜੋ ਮਨੁੱਖ ਭਲਾ ਕੰਮ ਕਰਦਾ ਹੈ, ਉਸਦਾ ਨਾਮ ਧਰਮੀ ਪੈ ਜਾਂਦਾ ਹੈ, ਮੰਦੇ ਕੰਮ ਕੀਤਿਆਂ ਮਨੁੱਖ ਮੰਦਾ ਹੀ ਸਮਝਿਆ ਜਾਂਦਾ ਹੈ।

੯੬- ਮਨਮੁਖ ਮਾਇਆ ਮੋਹੁ ਹੈ, ਨਾਮਿ ਨ ਲਗੋ ਪਿਆਰੁ ॥ ਕੂੜੁ ਕਮਾਵੈ ਕੂੜੁ ਸੰਗ੍ਰਹੈ ਕੂੜੁ ਕਰੇ ਆਹਾਰੁ ॥ ਬਿਖੁ ਮਾਇਆ ਧਨੁ ਸੰਚਿ ਮਰਹਿ, ਅੰਤੇ ਹੋਇ ਸਭੁ ਛਾਰੁ ॥ ਕਰਮ ਧਰਮ ਸੁਚ ਸੰਜਮ ਕਰਹਿ ਅੰਤਰਿ ਲੋਭੁ ਵਿਕਾਰੁ ॥ ਨਾਨਕ ਜਿ ਮਨਮੁਖੁ ਕਮਾਵੈ ਸੁ ਥਾਇ ਨਾ ਪਵੈ, ਦਰਗਹਿ ਹੋਇ ਖੁਆਰੁ ॥ ੨ ॥ (ਪੰਨਾ-੫੫੧)

ਅਰਥ :- ਮਨਮੁਖ ਦਾ ਮਾਇਆ ਵਿਚ ਮੋਹ ਹੈ (ਇਸ ਕਰ ਕੇ) ਨਾਮ ਵਿਚ ਉਸਦਾ ਪਿਆਰ ਨਹੀਂ ਬਣਦਾ, ਉਹ ਮਾਇਆ ਰੂਪ ਕੂੜ ਕਮਾਉਂਦਾ ਹੈ, ਕੂੜ ਇੱਕਠਾ ਕਰਦਾ ਹੈ ਤੇ ਕੂੜ ਨੂੰ ਹੀ ਆਪਣੀ ਖ਼ੁਰਾਕ ਬਣਾਉਂਦਾ ਹੈ (ਭਾਵ, ਜ਼ਿੰਦਗੀ ਦਾ ਆਸਰਾ ਸਮਝਦਾ)। (ਮਨ ਦੇ ਅਧੀਨ ਹੋਏ ਮਨੁੱਖ) ਵਿਹੁ ਰੂਪ ਮਾਇਆ-ਧਨ ਨੂੰ ਇੱਕਠਾ ਕਰ-ਕਰ ਕੇ ਖਪਦੇ ਮਰਦੇ ਹਨ ਤੇ ਉਹ ਸਾਰਾ ਧਨ ਅਖ਼ੀਰ ਵੇਲੇ ਸੁਆਹ ਹੋ ਜਾਂਦਾ ਹੈ (ਭਾਵ, ਸੁਆਹ ਵਾਂਗ ਵਿਅਰਥ ਹੋ ਜਾਂਦਾ ਹੈ)। (ਉਹ ਆਪਣੇ ਵਲੋਂ ਆਤਮਕ ਕੰਮ ਭੀ ਕਰਦੇ ਹਨ) ਕਰਮ ਧਰਮ ਪਵਿਤਰਤਾ ਤੇ ਹੋਰ ਸੰਜਮ ਭੀ ਕਰਦੇ ਹਨ ਪਰ ਉਨ੍ਹਾਂ ਦੇ ਹਿਰਦੇ ਵਿਚ ਲੋਭ ਤੇ ਵਿਕਾਰ ਹੈ। ਹੇ ਨਾਨਕ! ਮਨ ਦੇ ਅਧੀਨ ਹੋਇਆ ਮਨੁੱਖ ਜੋ ਕੁਝ ਭੀ ਕਰਦਾ ਹੈ ਉਹ ਕਬੂਲ ਨਹੀਂ ਹੁੰਦਾ ਤੇ ਪ੍ਰਭੂ ਦੀ ਹਜ਼ੂਰੀ ਵਿੱਚ ਉਹ ਖ਼ੁਆਰ ਹੁੰਦਾ ਹੈ।੨।

੯੭ ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ ॥ ਅੰਤਰਿ ਕ੍ਰੋਧੁ ਜੂਐ ਮਤਿ ਮਾਰੀ ॥ ਕੂੜੁ ਕੁਸਤੁ ਓਹੁ ਪਾਪ ਕਮਾਵੈ ॥ ਕਿਆ ਓਹੁ ਸੁਣੈ ਕਿਆ ਆਖਿ ਸੁਣਾਵੈ ॥ ਅੰਨਾ ਬੋਲਾ ਖੁਇ ਉਝੜਿ ਪਾਇ ॥ ਮਨਮੁਖੁ ਅੰਧਾ ਆਵੈ ਜਾਇ ॥ ਬਿਨੁ ਸਤਿਗੁਰ ਭੇਟੇ ਥਾਇ ਨ ਪਾਇ ॥ ਨਾਨਕ ਪੂਰਬਿ ਲਿਖਿਆ ਕਮਾਇ ॥ ੨ ॥ (ਪੰਨਾ-੩੧੪)

ਅਰਥ :- ਮਨਮੁਖ ਵਿਚਾਰ-ਹੀਣ, ਖੋਟੀ ਬੁੱਧਿ ਵਾਲਾ (ਭਾਵ, ਮੰਦ ਸੋਚਣੀ ਵਾਲਾ) ਤੇ ਅਹੰਕਾਰੀ ਹੁੰਦਾ ਹੈ, ਉਸ ਦੇ ਮਨ ਵਿੱਚ ਕ੍ਰੋਧ ਹੈ ਤੇ ਉਹ (ਵਿਸ਼ਿਆਂ ਦੇ) ਜੂਏ ਵਿਚ ਅਕਲ ਗਵਾ ਲੈਂਦਾ ਹੈ। ਉਹ ਸਦਾ ਝੂਠ, ਫ਼ਰੇਬ ਤੇ ਪਾਪ ਦੇ ਕੰਮ ਕਰਦਾ ਹੈ (ਇਸ ਵਾਸਤੇ) ਉਹ ਸੁਣੇ ਕੀ ਤੇ (ਕਿਸੇ ਨੂੰ) ਆਖ ਕੇ ਸੁਣਾਵੇ ਕੀ? (ਭਾਵ, ਕੂੜ-ਕੁਸੱਤ ਦੇ ਕੰਮ ਕਰਨ ਨਾਲ ਉਸ ਦਾ ਮਨ ਤਾਂ ਪਾਪੀ ਹੋਇਆ ਪਿਆ ਹੈ, ਨਾ ਉਹ ਪ੍ਰਭੂ ਦੀ ਬੰਦਗੀ ਦੀ ਗੱਲ ਸੁਣਦਾ ਹੈ ਨਾ ਕਿਸੇ ਨੂੰ ਸੁਣਾਂਦਾ ਹੈ)। (ਸਤਿਗੁਰ ਦੇ ਦਰਸ਼ਨ ਵਲੋਂ) ਅੰਨ੍ਹਾ (ਤੇ ਉਪਦੇਸ਼ ਵਲੋਂ) ਬੋਲਾ ਹੋਇਆ ਕਰਕੇ ਅੰਨ੍ਹਾ ਮਨਮੁੱਖ ਕੁਰਾਹੇ ਪਿਆ ਹੋਇਆ ਹੈ ਤੇ ਨਿੱਤ ਜੰਮਦਾ ਮਰਦਾ ਹੈ। ਸਤਿਗੁਰੂ ਨੂੰ ਮਿਲਣ ਤੋਂ ਬਿਨਾਂ (ਦਰਗਾਹ ਵਿੱਚ) ਕਬੂਲ ਨਹੀਂ ਹੁੰਦਾ, ਕਿਉਂਕਿ ਹੇ ਨਾਨਕ! ਮੁੱਢ ਤੋਂ (ਕੀਤੇ ਮੰਦੇ ਕਰਮ ਦੇ ਅਨੁਸਾਰ ਜੋ ਸੰਸਕਾਰ ਉਸ ਦੇ ਮਨ ਵਿਚ) ਲਿਖੇ ਗਏ ਹਨ (ਉਨ੍ਹਾਂ ਦੇ ਅਨੁਸਾਰ ਹੁਣ ਭੀ ਮੰਦੇ ਕੰਮ ਹੀ) ਕਰੀ ਜਾਂਦਾ ਹੈ।

ਅੱਗੇ ਪਉੜੀ ਵਿੱਚ ਗੁਰਦੇਵ ਜੀ ਅਜਿਹੇ ਮਨਮੁਖਾਂ ਦੇ ਬਾਰੇ ਲਿਖਦੇ ਹਨ ਕਿ ਉਹ ਮਨ ਦੇ ਨਿਰਦਈ ਹੁੰਦੇ ਹਨ ਅਤੇ ਸਤਿਗੁਰ ਕੋਲ ਬੈਠ ਹੀ ਨਹੀਂ ਸਕਦੇ। ਜੇ ਕਿਤੇ ਗੁਰਸ਼ਬਦ ਵਿਚਾਰ ਵਾਲੀ ਸਤਿਸੰਗਤ ਵਿੱਚ ਭੁਲੇਖੇ ਨਾਲ ਆ ਵੀ ਬੈਠਣ ਤਾਂ ਉਨ੍ਹਾਂ ਦਾ ਮਨ ਉਦਾਸ ਹੋ ਜਾਂਦਾ ਹੈ ਅਤੇ ਵਲ ਛਲ ਕਰਕੇ ਮਸਾਂ ਥੋੜਾ ਚਿਰ ਹੀ ਬੈਠ ਕੇ ਖਿਸਕ ਜਾਂਦੇ ਹਨ। ਸਤਿ--ਬਾਣੀ ਨੂੰ ਸੁਣ ਹੀ ਨਹੀਂ ਸਕਦੇ, ਝੂਠੇ ਅਥਵਾ ਮਾਇਆ ਧਾਰੀ ਗੱਪੀਆਂ ਕੋਲ ਜਾ ਬੈਠਣ ਗੇ। ਸੁਚੇ ਹਿਰਦੇ ਵਾਲੇ ਗੁਰਮੁਖ ਹੀ ਸਤਿਗੁਰ ਅਥਵਾ ਸਤਿਸੰਗਤ ਵਿੱਚ ਬੈਠਦੇ ਹਨ।

੯੮- ਪਉੜੀ॥

ਜਿਨ ਕੇ ਚਿਤ ਕਠੋਰ ਹਹਿ ਸੇ ਬਹਹਿ ਨ ਸਤਿਗੁਰ ਪਾਸਿ ॥
ਓਥੈ ਸਚੁ ਵਰਤਦਾ ਕੂੜਿਆਰਾ[੧] ਚਿਤ ਉਦਾਸਿ ॥ ੧=ਝੂਠ ਦੇ ਵਪਾਰੀ, ਮਾਇਆ ਧਾਰੀ।
ਓਇ ਵਲੁ ਛਲੁ ਕਰਿ ਝਤਿ ਕਢਦੇ, ਫਿਰਿ ਜਾਇ ਬਹਹਿ ਕੂੜਿਆਰਾ ਪਾਸਿ ॥
ਵਿਚਿ ਸਚੇ ਕੂੜੁ ਨ ਗਡਈ[੧] ਮਨਿ ਵੇਖਹੁ ਕੋ ਨਿਰਜਾਸਿ[੨] ॥

੧ = ਰਲਦਾ। ੨= ਨਿਖੇੜਾ ਕਰ ਕੇ ॥

ਕੂੜਿਆਰ ਕੂੜਿਆਰੀ ਜਾਇ ਰਲੇ ਸਚਿਆਰ ਸਿਖ ਬੈਠੇ ਸਤਿਗੁਰ ਪਾਸਿ ॥
੨੬ ॥ (ਪੰਨਾ-੩੧੪)

ਸਤਿਸੰਗਤ ਦੇ ਵਿੱਚ ਬੈਠੇ ਹੋਏ ਵੀ ਜੋ ਮਨਮੁਖ ਗੁਰੂ ਦੇ ਉਪਦੇਸ਼ ਤੋਂ ਵਾਂਝੇ ਰਹਿ ਕੇ ਹੋਰ-ਹੋਰ ਮੰਦ ਵਿਚਾਰਾਂ ਵਿੱਚ ਸਮਾਂ ਗਵਾ ਲੈਂਦੇ ਹਨ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਉਸ ਡੱਡੂ ਵਰਗੇ ਕਿਹਾ ਹੈ ਜੋ ਨਿਰਮਲ ਜਲ ਦੇ ਸਰੋਵਰ ਵਿੱਚ ਰਹਿੰਦਾ ਹੋਇਆ ਵੀ ਪਾਣੀ ਦੇ ਉਤਲਾ ਗੰਦਾ ਜਾਲਾ ਹੀ ਖਾਂਦਾ ਰਹਿੰਦਾ ਹੈ, ਭੌਰਾ ਭਾਵੇਂ ਪਾਣੀ ਦੇ ਵਿੱਚ ਨਹੀਂ ਰਹਿੰਦਾ

ਪਰ ਫੁੱਲਾਂ ਦੀ ਉਸ ਨੂੰ ਕਦਰ ਹੈ। ਉਹ ਫੁੱਲ ਦੀ ਸੁਗੰਧੀ ਦਾ ਰਸ ਮਾਣਦਾ ਹੈ। ਕੰਮੀ ਜਿਸ ਦਾ ਵਾਸ ਭਾਵੇਂ ਗੰਦੇ ਪਾਣੀਆਂ ਵਿੱਚ ਹੈ ਪਰ ਉਸ ਦੇ ਅੰਦਰ ਆਸਮਾਨੀ ਵਸਦੇ ਚੰਦ ਦੀ ਕਦਰ ਅਤੇ ਉਸ ਵਾਸਤੇ ਪਿਆਰ ਹੈ ਉਹ ਚੰਦ ਨੂੰ ਦੇਖ ਕੇ ਖਿੜਦੀ ਹੈ। ਏਸੇ ਤਰ੍ਹਾਂ ਚਿਚੜ ਭਾਵੇਂ ਅੰਮ੍ਰਿਤ ਮਈ ਦੁੱਧ ਨਾਲ ਭਰੇ ਥਣਾਂ ਨੂੰ ਹੀ ਚੰਬੜਿਆ ਹੁੰਦਾ ਹੈ ਪਰ ਉਹ ਦੁੱਧ ਨਹੀਂ ਸਗੋਂ ਲਹੂ ਹੀ ਪੀਂਦਾ ਰਹਿੰਦਾ ਹੈ। ਮੂਰਖ ਮਨਮੁਖ ਨੂੰ ਕੋਈ ਵਿਦਵਾਨ ਜਿੰਨੀਆਂ ਮਰਜ਼ੀ ਧਰਮ ਪੁਤਸਕਾਂ ਪੜ੍ਹ-ਪੜ੍ਹ ਸੁਣਾਏ, ਪਰ ਕੁੱਤੇ ਦੀ ਪੂਛਲ ਵਾਂਗ ਉਸ ਦਾ ਮਨ ਵਿੰਗੇ ਦਾ ਵਿੰਗਾ ਰਹਿੰਦਾ ਹੈ, ਭਾਵ, ਕਦੇ ਸਿੱਧੇ ਰਾਹ ਨਹੀਂ ਆਉਂਦਾ :-

੩੦- ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ ॥
ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀ ਰੇ ॥ ੧ ॥
ਦਾਦਰ ਤੂ ਕਬਹਿ ਨ ਜਾਨਸਿ ਰੇ ॥
ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ ॥ ੧ ॥ ਰਹਾਉ ॥
ਬਸੁ ਜਲ ਨਿਤ, ਨ ਵਸਤ ਅਲੀਅਲ, ਮੇਰ ਚਚਾ ਗੁਨ ਰੇ ॥
ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ ॥ ੨ ॥
ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂ ਬਨ ਚਾਤੁਰ ਰੇ ॥
ਅਪਨਾ ਆਪੁ ਤੂ ਕਬਹੁ ਨ ਛੋਡਸਿ ਪਿਸਨਿ ਪ੍ਰੀਤਿ ਜਿਉ ਰੇ ॥ ੩ ॥
ਪੰਡਿਤ ਸੰਗਿ ਵਸਹਿ ਜਨ ਮੂਰਖ ਆਗਮ ਸਾਸ ਸੁਨੇ ॥
ਅਪਨਾ ਆਪੁ ਤੂ ਕਬਹੁ ਨ ਛੋਡਸਿ ਸੁਆਨ ਪੂਛਿ ਜਿਉ ਰੇ ॥ ੪ ॥
ਇਕਿ ਪਾਖੰਡੀ ਨਾਮਿ ਨ ਰਾਚਹਿ ਇਕਿ ਹਰਿ ਹਰਿ ਚਰਣੀ ਰੇ ॥
ਪੂਰਬਿ ਲਿਖਿਆ ਪਾਵਸਿ ਨਾਨਕ ਰਸਨਾ ਨਾਮੁ ਜਪਿ ਰੇ ॥ ੫ ॥
(੯੯੦)-੪

ਪਦ ਅਰਥ:--ਬਿਮਲ- - -ਜਲ--(ਸਰੋਵਰ ਦੇ) ਨਿਰਮਲ ਜਲ ਮਝਾਰਿ ਬਸਸਿ ਬਿਮਲ-- ਮਲ ਰਹਿਤ, ਸਾਫ਼। ਮਝਾਰਿ--ਵਿੱਚ ਹੈ ॥ ਪਦਮਨਿ--ਕਮਲ, ਕੌਲ ਫੁੱਲ। ਜਾਵਲ -- ਜਾਲਾ (ਜੋ ਤਲਾਵਾਂ ਦੇ ਪਾਣੀ ਉੱਤੇ ਹੁੰਦਾ ਹੈ)। ਰੇ--ਹੇ (ਡੱਡੂ!) ਸੰਗਿ--ਸੰਗ ਵਿੱਚ, ਸਾਥ ਕਰਨ ਵਿੱਚ। ਦੋਖ--ਐਬ । ੧ । ਰੇ ਦਾਦਰ - ਹੇ ਡੱਡੂ! ਭਖਸਿ--ਤੂੰ ਖਾਂਦਾ ਹੈਂ । ਸਿਬਾਲ--ਜਾਲਾ। ਨ ਲਖਸਿ--ਤੂੰ ਕਦਰ ਨਹੀਂ ਸਮਝਦਾ। ੧ । ਰਹਾਉ। ਬਸੁ--ਬਾਸੁ, ਵਾਸ। ਅਲੀਅਲ--ਭੌਰਾ। ਮੇਰ--ਚੋਟੀ, ਕੌਲ ਫੁੱਲ ਦੀ ਚੋਟੀ। ਚਚਾ--ਚੂਸਦਾ । ਗੁਨ-- -ਰਸ। ਚੰਦ--ਚੰਦ ਨੂੰ। ਕਮਦਨੀ--ਕੰਮੀ (ਨੋਟ ! ਕੌਲ ਫੁੱਲ ਸੂਰਜ ਦੀ ਰੌਸ਼ਨੀ ਵਿਚ ਖਿੜਦਾ ਹੈ, ਕੰਮੀ ਚੰਦ ਦੀ ਚਾਨਣੀ ਵਿੱਚ ਖਿੜਦੀ ਹੈ)। ਨਿਵਸਸਿ--ਨਿਊਂਦੀ ਹੈ, (ਖਿੜ ਕੇ) ਸਿਰ ਨਿਵਾਂਦੀ ਹੈ। ਅਨਭਉ--ਦਿਲੀ ਖਿੱਚ। ੨ । ਦੂਧਿ--ਦਧਿ ਵਿੱਚ । ਮਧ--

ਸ਼ਹਿਦ, ਮਿਠਾਸ। ਅੰਮ੍ਰਿਤ--ਉੱਤਮ । ਸੰਚਸਿ--(ਪਰਮਾਤਮਾ) ਇਕੱਠੀ ਕਰਦਾ ਹੈ । ਤੂ ਰੇ--ਹੇ ਡਡੂ! ਬਨ ਚਾਤੁਰ--ਹੇ ਪਾਣੀ ਦੇ ਵਾਸ ਦੇ ਚਤੁਰ ਡੱਡੂ! ਆਪੁ--ਆਪ ਨੂੰ । ਪਿਸਨ--ਚਿੱਚੜ। ਪਿਸਨ ਪ੍ਰੀਤਿ--ਚਿੱਚੜ ਦੀ ਪ੍ਰੀਤ (ਲਹੂ ਨਾਲ)। ਅਪਨਾ ਆਪੁ-ਆਪਣੇ ਸੁਭਾਵ ਨੂੰ। ੩ । ਪੰਡਿਤ ਸੰਗਿ--ਵਿਦਵਾਨ ਦੀ ਸੰਗਤ ਵਿੱਚ। ਵਸਹਿ--ਵਸਦੇ ਹਨ। ਜਨ--ਬੰਦੇ । ਆਗਮ--ਵੇਦ। ਸਾਸ--ਸ਼ਾਸਤ੍ਰ (ਧਰਮ ਪੁਸਤਕਾਂ , ਗੁਰ-ਸ਼ਬਦ ਵਿਚਾਰ)। ਨ ਛੋਡਸਿ-- ਤੂੰ ਨਹੀਂ ਛੱਡਦਾ। ਸੁਆਨ ਪੂਛਿ--ਕੁੱਤੇ ਦੀ ਪੂਛਲ। ੪ । ਇਕਿ--ਕਈ। ਪੁਰਬਿ--ਪਿਛਲੇ ਜੀਵਨ-(ਸਮੇਂ ਵਿੱਚ ਕੀਤੇ ਕੰਮਾਂ ਦੇ ਬਣੇ ਸੰਸਕਾਰ)। ੫।

੩੧- ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ ॥
ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ ॥ ੧੬ ॥ (੭੫੫)-੧-੩

ਅਰਥ:--ਆਪਣੇ ਮਨ ਦੇ ਪਿੱਛੇ ਤੁਰਨ ਵਾਲਿਆਂ ਮਨੁੱਖਾਂ ਦਾ ਨਾਮ ਪਰਮਾਤਮਾ ਦੇ ਨਾਮ ਵਿੱਚ ਨਹੀਂ ਭਿਜਦਾ (ਹਰਿ-ਨਾਮ ਨਾਲ ਪਿਆਰ ਨਹੀਂ ਪਾਂਦਾ) । ਉਹ ਮਨੁੱਖ ਆਪਣੇ ਮਨ ਵਿੱਚ ਮੈਲੇ ਅਤੇ ਕਠੋਰ ਰਹਿੰਦੇ ਹਨ। ਜੇ ਸੱਪ ਨੂੰ ਦੁੱਧ ਵੀ ਪਿਲਾਇਆ ਜਾਏ, ਤਾਂ ਵੀ ਉਸਦੇ ਅਦੰਰ ਨਿਰੋਲ ਜ਼ਹਿਰ ਹੀ ਟਿਕਿਆ ਰਹਿੰਦਾ ਹੈ । ੧੬ ।

੩੨- ਨਿੰਮੁ ਬਿਰਖੁ ਬਹੁ ਸੰਚੀਐ ਅੰਮ੍ਰਿਤੁ ਰਸੁ ਪਾਇਆ ॥
ਬਿਸੀਅਰੁ ਮੰਤ੍ਰਿ ਬਹੁ ਦੂਧੁ ਪੀਆਇਆ ॥
ਮਨਮੁਖੁ ਅਭਿੰਨੁ ਨ ਭਿਜਈ ਪਥਰੁ ਨਾਵਾਇਆ ॥
ਬਿਖੁ ਮਹਿ ਅੰਮ੍ਰਿਤੁ ਸਿੰਚੀਐ ਬਿਖੁ ਕਾ ਫਲੁ ਪਾਇਆ ॥
ਨਾਨਕ ਸੰਗਤਿ ਮੇਲਿ ਹਰਿ ਸਭ ਬਿਖੁ ਲਹਿ ਜਾਇਆ ॥ ੧੬ ॥

(੧੨੪੪)-ਵਾਰ

ਅਰਥ:--ਜੇ ਨਿੰਮ ਦੇ ਰੁੱਖ ਨੂੰ ਅੰਮ੍ਰਿਤ-ਰਸ ਪਾ ਕੇ ਵੀ ਬਹੁਤ ਸਿੰਜੀਏ (ਤਾਂ ਵੀ ਨਿੰਮ ਦੀ ਕੁੜਿੱਤਣ ਨਹੀਂ ਜਾਂਦੀ), ਜੇ ਬਹੁਤ ਦੁੱਧ ਪਿਆਲ ਕੇ ਮੰਤਰ ਦੀ ਰਾਹੀਂ ਸੱਪ ਨੂੰ ਇਤਬਾਰੀ ਬਣਾਈਏ (ਭਾਵ, ਸੱਪ ਦਾ ਵਿਸਾਹ ਕਰੀਏ), ਫਿਰ ਵੀ ਉਹ ਡੰਗ ਮਾਰਨ ਵਾਲਾ ਸੁਭਾਵ ਨਹੀਂ ਛੱਡਦਾ), ਜਿਵੇਂ ਪੱਥਰ ਨੂੰ ਇਸ਼ਨਾਨ ਕਰਾਈਏ (ਤਾਂ ਵੀ ਅੰਦਰੋਂ ਸੁੱਕੇ ਦਾ ਸੁੱਕਾ ਹੀ ਰਹਿੰਦਾ ਹੈ। ਏਵੇਂ ਹੀ ਮਨਮੁੱਖ (ਗੁਰੂ ਦੀ ਮਤਿ ਦੇ ਥਾਂ ਆਪਣੇ ਹੀ ਮਨ ਦੇ ਪਿੱਛੇ ਤੁਰਨ ਵਾਲਾ) ਕੋਰਾ ਹੀ ਰਹਿੰਦਾ ਹੈ (ਉਸ ਦਾ ਹਿਰਦਾ ਕਦੇ ਪ੍ਰਭੂ ਦੇ ਪਿਆਰ ਰੰਗ ਵਿਚ) ਭਿੱਜਦਾ ਨਹੀਂ, ਜੇ ਜ਼ਹਿਰ ਵਿਚ ਅੰਮ੍ਰਿਤ ਸਿੰਜੀਏ (ਤਾਂ ਵੀ ਉਹ ਅੰਮ੍ਰਿਤ ਨਹੀਂ ਬਣਦਾ) ਜ਼ਹਿਰ ਦਾ ਹੀ ਫਲ ਪਾਈਦਾ ਹੈ। (ਪਰ ਜੇ) ਪ੍ਰਭੂ ਗੁਰਮੁਖਾਂ ਦੀ ਸੰਗਤਿ ਮੇਲੇ (ਗੁਰਮੁਖਾਂ ਦੀ ਸੰਗਤਿ ਵਿਚ ਬੈਠਣ ਦੀ ਚੇਟਕ ਲਾ ਦੇਵੇ) ਤਾਂ (ਮਨ ਵਿਚੋਂ ਮਾਇਆ ਦੇ ਮੋਹ ਵਾਲੀ) ਸਾਰੀ ਜ਼ਹਿਰ ਲਹਿ ਜਾਂਦੀ ਹੈ। ੧੬।

੩੩- ਮਨਮੁਖ ਸੇਤੀ ਦੋਸਤੀ ਥੋੜੜਿਆ ਦਿਨ ਚਾਰਿ ॥
ਇਸੁ ਪਰੀਤੀ ਤੁਟਦੀ ਵਿਲਮੁ ਨ ਹੋਵਈ ਇਤੁ ਦੋਸਤੀ ਚਲਨਿ ਵਿਕਾਰ ॥

(੫੮੭)-੫

ਅਰਥ:- ਮਨਮੁਖ ਨਾਲ ਮਿਤਰਤਾ ਥੋੜੇ ਭਾਵ ਦੋ ਚਾਰ ਦਿਨਾਂ ਲਈ ਹੀ ਰਹਿ ਸਕਦੀ ਹੈ, ਇਸ ਮਿਤਰਤਾ ਦੇ ਟੁੱਟਦਿਆਂ ਚਿਰ ਨਹੀਂ ਲਗਦਾ, (ਉਂਞ ਵੀ) ਇਸ ਮਿਤਰਤਾ ਵਿਚੋਂ ਬੁਰਿਆਈਆਂ ਹੀ ਨਿਕਲਦੀਆਂ ਹਨ।

੩੪- ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ ॥
ਵੇਖਦਿਆਂ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ ॥
ਜਿਚਰੁ ਪੈਨਨਿ ਖਾਵਨੇ ਤਿਚਰੁ ਰਖਨਿ ਗੰਢੁ ॥
ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧ ॥
ਜੀਅ ਕੀ ਸਾਰ ਨ ਜਾਨਣੀ ਮਨਮੁਖ ਅਗਿਆਨੀ ਅੰਧੁ ॥
ਕੂੜਾ ਗੰਢੁ ਨ ਚਲਈ ਚਿਕੜਿ ਪਥਰ ਬੰਧੁ ॥
ਅੰਧੇ ਆਪੁ ਨ ਜਾਣਨੀ ਫਕੜੁ ਪਿਟਨਿ ਧੰਧੁ ॥
ਝੂਠੈ ਮੋਹਿ ਲਪਟਾਇਆ ਹਉ ਹਉ ਕਰਤ ਬਿਹੰਢੁ ॥
ਕ੍ਰਿਪਾ ਕਰੇ ਜਿਸੁ ਆਪਣੀ ਧੁਰਿ ਪੂਰਾ ਕਰਮੁ ਕਰੇਇ ॥
ਜਨ ਨਾਨਕ ਸੇ ਜਨ ਉਬਰੇ ਜੋ ਸਤਿਗੁਰ ਸਰਣਿ ਪਰੇ ॥੨॥

(੯੫੯)-ਵਾਰ-੫

ਅਰਥ:--ਮਨਮੁਖਾਂ ਨਾਲ ਮਿਤਰਤਾ ਨਿਰੀ ਮਾਇਆ ਖ਼ਾਤਰ ਹੀ ਗਾਂਢਾ-ਤੋਪਾ ਹੁੰਦਾ ਹੈ, ਉਹ ਕਦੇ (ਮਿਤਰਤਾ ਦੀ) ਪੱਕੀ ਗੰਢ ਨਹੀਂ ਪਾਉਂਦੇ ਛੇਤੀ ਹੀ ਸਾਥ ਛੱਡ ਜਾਂਦੇ ਹਨ। ਮਨਮੁਖ ਨੂੰ ਜਿਤਨਾ ਚਿਰ ਪਹਿਨਣ ਤੇ ਖਾਣ ਨੂੰ ਮਿਲਦਾ ਰਹੇ ਉਤਨਾ ਚਿਰ ਜੋੜ ਰੱਖਦੇ ਹਨ, ਜਿਸ ਦਿਨ ਉਨ੍ਹਾਂ ਦੇ ਖਾਣ-ਹੰਢਾਣ ਦੀ ਕੋਈ ਗੱਲ ਪੁੱਜ ਨ ਆਵੇ, ਉਸੇ ਦਿਨ ਉਹ ਫਿੱਕਾ ਬੋਲ ਬੋਲਣ ਲੱਗ ਪੈਂਦੇ ਹਨ, ਅੰਨ੍ਹੇ ਗਿਆਨ-ਹੀਣ ਮਨਮੁਖਾਂ ਨੂੰ (ਨਿਰਾ ਸਰੀਰ ਦਾ ਹੀ ਝੁਲਕਾ ਰਹਿੰਦਾ ਹੈ) ਆਤਮਾ ਦੀ ਕੋਈ ਸੂਝ ਨਹੀਂ ਹੁੰਦੀ।

ਮਨਮੁਖਾਂ ਦਾ ਕੱਚਾ ਗਾਂਢਾ-ਤੋਪਾ (ਬਹੁਤ ਚਿਰ) ਨਹੀਂ ਤੱਗਦਾ ਜਿਵੇਂ ਚਿੱਕੜ ਨਾਲ ਬੱਝਾ ਹੋਇਆ ਪੱਥਰ ਦਾ ਬੰਨ੍ਹ (ਛੇਤੀ ਢਹਿ ਪੈਂਦਾ ਹੈ), ਅੰਨ੍ਹੇ ਮਨੁੱਖ ਆਪਣੇ ਅਸਲੇ ਨੂੰ ਨਹੀਂ ਸਮਝਦੇ (ਨਿਰਾ ਬਾਹਰਲਾ) ਵਿਅਰਥ ਪਿਟਣਾ ਪਿੱਟਦੇ ਰਹਿੰਦੇ ਹਨ, ਨਿਕੰਮੇ ਮੋਹ ਵਿੱਚ ਫਸੇ ਮਨਮੁਖ ਦੀ ਉਮਰ ਮੈਂ-ਮੈਂ ਕਰਦਿਆਂ ਹੀ ਗੁਜ਼ਰ ਜਾਂਦੀ ਹੈ।

ਹੇ ਨਾਨਕ! ਜਿਸ-ਜਿਸ ਮਨੁੱਖ ਉਤੇ ਪ੍ਰਭੂ ਆਪਣੀ ਕਿਰਪਾ ਕਰਦਾ ਹੈ, ਧੁਰੋਂ ਹੀ ਪੂਰੀ ਬਖ਼ਸ਼ਸ਼ ਕਰਦਾ ਹੈ ਉਹ ਬੰਦੇ (ਕੂੜੇ ਮੋਹ ਵਿਚੋਂ) ਬਚ ਜਾਂਦੇ ਹਨ, ਉਹ ਸਤਿਗੁਰ ਜੀ ਦੀ ਸ਼ਰਨ ਜਾ ਪੈਂਦੇ ਹਨ।੨।

ਗੁਰਦੇਵ ਜੀ ਨੇ ਮਨਮੁਖਤਾ ਰੋਗ ਤੋਂ ਬਚੇ ਰਹਿਣ ਦਾ ਗਿਆਨ ਕਈ ਢੰਗਾਂ ਨਾਲ ਹੋਰ ਵੀ ਬੇਅੰਤ ਸ਼ਬਦਾਂ ਰਾਹੀਂ ਦਿੱਤਾ ਹੈ। ਸ਼ਬਦ ਵਿਚਾਰ ਤੋਂ ਲਾਭ ਲੈਣ ਦੇ ਚਾਹਵਾਨ ਗੁਰਮੁਖਾਂ ਵਾਸਤੇ ਅਜਿਹੇ ਕੁਝ ਹੋਰ ਸ਼ਬਦਾਂ ਦੀ ਸੂਚੀ ਇਸ ਪ੍ਰਕਾਰ ਹੈ :--

੧= [੧੪੪]-ਵਾ-੧੩	੨= [੧੫੧]-੧-(੧)	੩= [੧੭੧]-੭-੨੧-੫੯(੩)
੪= [੨੧੪] ੧੬-੧੩੭(੧)	੫= [੨੩੪]-੧-੯(੧)	੬= [੬੦੪]-੧੨(ਰਹਾ)
੭= [੯੮੫]-੪(੨)	੮=[੨੮]-੫-੩੮(੨)	੯=[੨੯]-੮-੪੧(੧)
੧੦=[੩੦]-੧੦-੪੩(੨)	੧੧=[੬੨]-੧੫(੩)	੧੨=[੮੭]-ਵਾ-੧੨(੨)
੧੩=[੩੦੪]-ਵਾ-੯(੨)	੧੪=[੩੦੫]-ਵਾ-੧੦(੧)	੧੫=[੩੦੯]-ਵਾ-੧੫(੨)
੧੬=[੩੧੧]-ਵਾ-੨੦(੩)	੧੭=[੧੧੪]-੮-੯(੩)	੧੮=[੧੭੧]-੯-੨੩-੬੧(੩)
੧੯=[੩੦੪]-ਵਾ-੯(੨)	੨੦=[੩੧੩]-ਵਾ-੨੩(੧)	੨੧=[੩੧੧੬]-ਵਾ-੩੧(੧)
੨੨=[੩੬੩]-੮-੪੭(੧)	੨੩=[੪੧੯]-੧੫(੭)	੨੪=[੪੨੦]-੧੮(੫)
੨੫=[੪੨੧]-੧੯(੬)	੨੬=[੪੬੩]-ਵਾ-੧(੩)	੨੭=[੪੯੧]-੬-੮(੩)
੨੮=[੫੧੩]-ਵਾ-੧੩(੧)	੨੯=[੫੧੧]-ਵਾ-੮(੨)	੩੦=[੫੩੮]-੨(੩)
੩੧=[੨੩੦]-੩(੬)	੩੨=[੫੧੩]-ਵਾ-੧੩(੧)	੩੩=[੫੪੦]-੫(੧)
੩੪=[੫੭੦]-੪(੩)	੩੫=[੫੫੨]-ਵਾ-੯(੨)	੩੬=[੫੯੧]-ਵਾ-੧੪(੧)
੩੭=[੬੦੧]-੬(੩)	੩੮=[੬੦੨]-੮(੨)	੩੯=[੫੧੨]-੪-੧੫(੩)
੪੦=[੬੪੭]-ਵਾ-੧੩(੨)	੪੧=[੬੫੨]-ਵਾ-੨੬(੨)	੪੨=[੭੫੩ਚ-੨(੧)
੩੩=[੫੮੭]-ਵਾ-੫(੧)	੪੪=[੬੪੩]-ਵਾ-੩(੧)	੪੫=[੬੪੩]-ਵਾ-੪(੧)
੪੬=[੬੪੪]-ਵਾ-੬(੨)	੪੭=[੬੫੧]-ਵਾ-੨੩	੪੮=[੬੪੩]-ਵਾ-੩(੨)

੪੯=[੭੫੫]-੧-੩(੬ ਫ੧੬)	੫੦=[੭੫੯]-੧(੧)	੫੧=[੭੬੮]-੧-੨(੩)
੫੨=[੭੭੬]-੧-੫(੩)	੫੩=[੭੭੯]-੧-੪(੩)	੫੪=[੭੮੭]-ਵਾ-੫
੫੫=[੮੩੧]-੧(੩)	੫੬=[੮੪੨]-ਵਾ-੨(੮)	੫੭=[੮੫੧]-ਵਾ-੭(੧)
੫੮=[੮੫੪]-ਵਾ-੧੩(੧)	੫੯=[੧੪੧੫]-੩੧	੬੦=[੧੪੧੬]-੩੧
੬੧=[੧੬੨]-੩-੧੭-੩੭(੪)	੬੨=[੯੩੭]-ੳ-੫੩	੬੩=[੯੪੨]-ਸਿਧ-੨੬
੬੪=[੯੪੭]-ਵਾ-੧(੨)	੬੫=[੯੫੦]-ਵਾ-੯(੨)	੬੬=[੧੦੧੨]-੭(੯)
੬੭=[੯੯੦]-੪(੫)	੬੮=[ਵ੧੦੬੪]-੬-੨੦(੫)	੬੯=[੩੦੩]-ਵਾ-੮(੨)
੭੦=[੧੦੫੮]-੫-੧੪(੧੪)	੭੧=[੧੦੬੭]-੧-੨੩(੬)	੭੨=[੧੦੬੮]-੨-੨੪(੪)
੭੩=[੧੦੭੩]-੧-੨(੧੨)	੭੪=[੧੦੮੯]-੧੨	੭੫=[੧੦੩੨]-੬-੧੨(੩)
੭੬=[੧੦੪੫]-੨(੯)	੭੭=[੧੦੫੪]-੨-੧੧(੬)	੭੮=[੧੧੨੬]-੩-੪(੧)
੭੯=[੧੧੩੦]-੩-੧੩(ਗਹਾ)	੮੦=[੧੦੯੧]-ਵਾ-੧੬(੧)	੮੧=[੧੦੯੨]-ਵਾ-੧੭(੧)
੮੨=[੧੦੯੯]-ਵਾ-੧੫	੮੩=[੧੦੧੬]-੧(੯)	੮੪[=੧੦੨੪]-੫(੧੫)
੮੫=[੧੦੩੪]-੨-੧੪(੫)	੮੬=[੧੦੫੭]-੪-੧੩(੧੩)	੮੭=[੧੦੬੬]-੮-੨੨(੯)
੮੮=[੧੧੨੬]-੪-੫(੨)	੮੯=[੧੧੫੫]-੨-੩(੬)	੯੦=[੧੧੭੨]-੩(੧)
੯੧=[੧੧੯੯]-੩(੪)	੯੨=[੧੨੩੮]-ਵਾ-੩	੯੩=[੧੨੪੪]-ਵਾ-੧੬
੯੪=[੧੧੩੧]-੫(੧)	੯੫=[੧੧੩੨]-੯-੧੯(ਗਹਾ)	੯੬=[੧੨੪੮]-ਵਾ-੩੦(੧)
੯੭=[੧੨੮੪]-ਵਾ-੧੪	੯੮=[੧੪੧੦]-੧੯	੯੯=[੧੨੭੮]-ਵਾ-੧(੧)
੧੦੦=[੩੧]-੧੨-੪੫(੧)	੧੦੧=[੩੧]-੧੩-੪੬(੧)	੧੦੨=[੮੫]-ਵਾ-੮(੨)
੧੦੩=[੯੦]-ਵਾ-੧੭(੧)	੧੦੪=[੩੦੬]-ਵਾ-੧੨(੧)	੧੦੫=[੬੦੨]-੨(੧)
੧੦੬=[੮੨੧]-੨-੮੮(੪)	੧੦੭=[੮੨੬]-੨੪-੧੧੦(੨)	
੧੦੮=[੧੨੭੭]-੧-੩-੫-੮(੨)		

੧੦੯=[੧੪੧੭]-੪੦	੧੧੦=[੧੪੧੮]-੪੫	੧੧੧=[੧੪੧੯]-੪੯
੧੧੨=[੧੪੨੩]-੨੩	੧੧੩=[੧੪੨੩]-੧੯	੧੧੪=[੧੧੫੪]-੨੦
੧੧੫=[੧੪੧੫]-੨੧	੧੧੬=[੧੪੧੪]-੧੯	੧੧੭=[੧੪੧੭]-੩੪
੧੧੮=[੧੩੫੭]-੪੨	੧੧੯-੩੬੨]-੬-੪੫	

ਪਿਉ ਦਾਦੇ ਦੇ ਇਸ ਖਜ਼ਾਨੇ ਵਿਚ ਰਤਨਾਂ ਰੂਪੀ ਸ਼ਬਦਾਂ ਦੀ ਥਾਹ ਨਹੀਂ ਹੈ। ਅਜੇ ਹੋਰ ਵੀ ਅਜਿਹੇ ਸ਼ਬਦ ਹਨ। ਜ਼ਰਾ ਅੰਦਰ ਝਾਤੀ ਮਾਰ ਕੇ ਸਤਿਗੁਰਾਂ ਦੇ ਅੰਦਰ ਦੀ ਸੱਧਰ ਨੂੰ ਅਨੁਭਵ ਕਰਨ ਦਾ ਯਤਨ ਕਰੀਏ। ਸਾਰੇ ਭਰਮਾਂ ਭਲੇਖਿਆਂ ਵਿਚੋਂ ਕੱਢ ਕੇ ਮਨੁੱਖ ਨੂੰ ਗਿਆਨਵਾਨ ਕਰਕੇ ਸਦੀਵੀ ਸੁਖਾਂ ਦਾ ਮਾਲਕ ਬਣਾਉਣ ਲਈ, ਕਿਡੀ ਪਰਬਲ ਇੱਛਾ ਸੀ। ਆਪਣੇ ਸਿਧਾਂਤ ਦੇ ਹਰ ਪੱਖ ਨੂੰ ਸਮਝਾਉਣ ਵਾਸਤੇ ਗੁਰਦੇਵ ਜੀ ਦੀ ਮਹਾਨ ਖ਼ੇਚਲ ਦੀ ਅਸਾਂ ਅਕ੍ਰਿਤਘਣਾ ਨੇ ਕੋਈ ਕੀਮਤ ਨਹੀਂ ਪਾਈ। ਉਨ੍ਹਾਂ ਦੇ ਉਪਦੇਸ਼ ਨੂੰ ਸਮਝ ਕੇ ਉਸ ਅਨੁਸਾਰ ਜੀਵਨ ਢਾਲ ਲੈਣ ਦੇ ਥਾਂ ਨਿਰੇ ਵਿਧੀਆਂ ਵਾਲੇ ਪਾਠਾਂ 'ਤੇ ਹੀ ਜ਼ੋਰ ਪਾ ਦਿੱਤਾ ਅਤੇ ਆਪਣਾ ਨਿਆਰਾ ਆਚਰਨ ਗੁਆ ਲਿਆ।

--✵✵--

Printed at : JPC Pvt. Ltd., D-12, Indl. Area, Phase-1, Mohali, Punjab
Phones: 0172-3047673, 3047674, 3047671, 3047672
E-mail : jagjit.ltd@gmail.com, Website : www.jagjitpublishing.com